ਜਸਵੰਤ ਸਿੰਘ ਕੰਵਲ

ਸਿਵਲ ਲਾਈਨਜ਼

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸਿਵਲ ਲਾਈਨਜ਼

[ਨਾਵਲ]

Sri Satguru Jagjit Singh Ji eLibrary NamdhariElibrary@gmail.com

ਏਸੇ ਕਲਮ ਤੋਂ :

ਨਾਵਲ : ਸੱਚ ਨੂੰ ਫ਼ਾਂਸੀ, ਪਾਲੀ, ਪੂਰਨਮਾਸ਼ੀ, ਰਾਤ ਬਾਕੀ ਹੈ, ਰੂਪਧਾਰਾ, ਹਾਣੀ, ਭਵਾਨੀ, ਜੇਰਾ, ਮਨੁੱਖਤਾ, ਸੁਰ ਸਾਂਝ, ਮਿੱਤਰ ਪਿਆਰੇ ਨੂੰ, ਮੂਮਲ, ਬਰਫ ਦੀ ਅੱਗ, ਲਹੂ ਦੀ ਲੋਅ, ਐਨਿਆਂ 'ਚ ਉਠੋ ਸੂਰਮਾ, ਅਹਿਸਾਸ, ਜੰਗਲ ਦੇ ਸ਼ੇਰ, ਸੂਰਮੇ, ਨਵਾਂ ਸਨਿਆਸ, ਕਾਲਾ ਹੰਸ, ਰੂਪਮਤੀ, ਤੋਸ਼ਾਲੀ ਦੀ ਹੰਸੋ, ਖ਼ੂਨ ਕੇ ਸੋਹਿਲੇ ਗਾਵੀਏ ਨਾਨਕ, ਮਨੁੱਖਤਾ, ਖ਼ੂਬਸੂਰਤ ਦੁਸ਼ਮਣ, ਮੋੜਾ, ਹੁਨਰ ਦੀ ਜਿੱਤ, ਦੇਵਦਾਸ, ਤਾਰੀਖ ਵੇਖਦੀ ਹੈ।

ਕਹਾਣੀਆਂ : ਕੰਡੇ, ਸੰਧੂਰ, ਜ਼ਿੰਦਗੀ ਦੂਰ ਨਹੀਂ, ਰੂਪ ਦੇ ਰਾਖੇ, ਗਵਾਚੀ ਪੱਗ, ਫੁੱਲਾਂ ਦਾ ਮਾਲੀ, ਲੰਮੇ ਵਾਲਾਂ ਦੀ ਲੰਮੀ ਪੀੜ, ਜੰਡ ਪੰਜਾਬ ਦਾ।

ਰੇਖਾ ਚਿਤਰ : ਜੂਹੂ ਦਾ ਮੋਤੀ, ਗੋਰਾ ਮੁੱਖ ਸਜਣਾ ਦਾ।

ਹੋਰ : ਜੀਵਨ ਕਣੀਆਂ, ਭਾਵਨਾ।

ਲੇਖ : ਸਿੱਖ ਜਦੋਂ ਜਿਹਦ, ਜਦੋਂ ਜਿਹਦ ਜਾਰੀ ਰਹੇ, ਜਿੱਤਨਾਮਾ।

Sri Satguru Jagjit Singh Ji eLibrary NamdhariElibrary@gmail.com

ਸਿਵਲ ਲਾਈਨਜ਼

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ. ....
ਅਲਮਾਰੀ ....
ਸ੍ਰੀ ਭੈਣੀ ਸਾਹਿਬ

ਜਸਵੰਤ ਸਿੰਘ ਕੰਵਲ

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

Sri Satguru Jagjit Singh Ji eLibrary NamdhariElibrary@gmail.com

CIVIL LINES

by

JASWANT SINGH KANWAL

© 2000

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ-6
ਫੋਨ : 3280657

ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ,
ਚਾਂਦਨੀ ਚੌਕ, ਦਿੱਲੀ-6
ਸੈਟਿੰਗ : (ਤੇਗ਼ ਕੰਪਿਊਟਰ) ਦਿੱਲੀ-੭

ਕੀਮਤ : 145/- ਰੁਪਏ

Sri Satguru Jagjit Singh Ji eLibrary NamdhariElibrary@gmail.com

"ਤੂੰ ਆਪਣੀ ਆਖ਼ਰੀ ਖ਼ਾਹਸ਼ ਵੀ ਪੂਰੀ ਕਰ ਸਕਦੀ ਏਂ।"

"ਬਸ ਪਿਆਰੇ !" ਦਰਸ਼ਨ ਨੇ ਲੰਮਾ ਹਾਉਕਾ ਲਿਆ, "ਹੁਣ ਮੈਂ ਬਹੁਤ ਹੀ ਸੁਖਾਲਿਆਂ ਮਰਾਂਗੀ..........

.........."ਦਰਸ਼ਨ ਜੇ ਤੂੰ ਆਗਿਆ ਦੇਵੇਂ, ਤੈਨੂੰ ਆਖ਼ਰੀ ਪਿਆਰ ਕਰ ਲਵਾਂ?"

ਪ੍ਰਕਾਸ਼ ਨੇ ਪਿਛੋਂ ਦੀ ਦਰਸ਼ਨ ਦੇ ਗਲ ਬਾਹਾਂ ਪਾ ਦਿੱਤੀਆਂ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਕੁਝ ਵਿਚਾਰਾਂ

ਸਾਹਿੱਤ ਰਚਨਾ ਕੋਈ ਸ਼ੁਗਲ ਨਹੀਂ। ਭਾਵੇਂ ਸਾਹਿੱਤਕ ਦੌਰ ਦੇ ਮੁੱਢ ਵਿਚ ਮੈਂ ਇਸ ਨੂੰ ਪਰਸੰਸਾ ਦੀ ਭੁੱਖ ਨਾਲ ਹੀ ਛੋਹਿਆ ਸੀ। ਕਿਸੇ ਵਸਤੂ ਦੀ ਵਿਸ਼ੇਸ਼ਤਾ ਕੇਵਲ ਉਸ ਦੇ ਦੇਖਣ ਤੋਂ ਹੀ ਨਹੀਂ ਜਾਣੀ ਜਾ ਸਕਦੀ, ਉਸ ਦੇ ਗਿਆਨ ਨੂੰ ਕਰਮ-ਖੇਤਰ ਵਿਚ ਪਲਟਿਆਂ ਹੀ ਅਸਲੀਅਤ ਨਿਖਰਦੀ ਹੈ। ਪਹਿਲੀ ਗੱਲ ਇਹ ਸਾਬਤ ਹੁੰਦੀ ਹੈ ਕਿ ਸਮਾਜੀ ਜ਼ਿੰਦਗੀ ਦੀਆਂ ਲੋੜਾਂ ਬਾਰੇ ਸਾਡਾ ਗਿਆਨ ਬੜਾ ਹੀ ਘਟ ਹੁੰਦਾ ਹੈ ਜਾਂ ਅਸਲ ਗਿਆਨ, ਵਸਤੂ ਵਿਚ ਦੀ ਗੁਜ਼ਰਿਆ ਹੁੰਦਾ ਹੈ। ਦੂਜੇ ਕਿਸੇ ਵੀ ਉਤਸ਼ਾਹੀ ਤੇ ਕਿਰਤੀ ਨੌਜਵਾਨ ਨੂੰ ਆਪਣੇ ਉਤੇ ਮੁਕੰਮਲ ਯਕੀਨ ਨਹੀਂ ਕਿ ਉਹਦਾ ਏਨ੍ਹਾਂ ਸਮਾਜੀ ਹਾਲਤਾਂ ਵਿਚ ਕੀ ਬਣੇਗਾ। ਇਹ ਸਿੱਟਾ, ਸਮਾਜ ਦੀਆਂ ਉਖੜੀਆਂ ਤੇ ਪਤਲੀਆਂ ਕੀਮਤਾਂ, ਨਿੱਗਰ ਤੇ ਸਾਰਥਕ ਬਣਾਣ ਲਈ ਮਹਾਨ ਤਬਦੀਲੀ ਦੀ ਮੰਗ ਕਰਦਾ ਹੈ। ਹੋਇਆ ਇਉਂ, ਮੈਂ ਆਪਣੀ ਪਹਿਲੀ ਕਵਿਤਾ ਮਲਾਇਆ ਦੇ ਇਕ ਸ਼ਹਿਰ ਅਲੋਰਸਟਾਰ ਵਿਚ ਪੜ੍ਹੀ ਤੇ ਸਰੋਤਿਆਂ ਦੀ ਪਰਸੰਸਾ ਨਾਲ ਚੌੜਾ ਹੋ ਗਿਆ। ਜਦੋਂ ਮੈਂ 'ਜੀਵਨ ਕਣੀਆਂ' ਦਾ ਖਰੜਾ (ਜਿਸ ਵਿਚ ਜ਼ਿੰਦਗੀ ਬਾਰੇ ਖ਼ਿਆਲ ਹਨ) ਸ: ਹਰਨਾਮ ਸਿੰਘ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਵਾਲੇ ਨੂੰ ਵਿਖਾਇਆ, ਉਸ ਮੇਰੀ ਵਾਰਤਕ ਵੇਖ ਕੇ ਮੈਨੂੰ ਨਾਵਲ ਲਿਖਣ ਦੀ ਪ੍ਰੇਰਨਾ ਦਿਤੀ। ਉਨ੍ਹਾਂ ਦੇ ਆਖਣ ਤੇ ਮੈਂ ਛੋਟਾ ਜਿਹਾ 'ਸੱਚ ਨੂੰ ਫਾਂਸੀ' ਨਾਂ ਦਾ ਨਾਵਲ ਲਿਖਿਆ। ਸ: ਹਰਨਾਮ ਸਿੰਘ ਨੇ ਤਰੁਟੀਆਂ ਹੋਣ ਦੇ ਬਾਵਜੂਦ ਵੀ ਸਲਾਹਿਆ। 'ਪਾਲੀ' ਲਿਖੇ ਜਾਣ ਪਿਛੋਂ ਮੇਰੀ ਸਾਹਿੱਤ ਵਿਚ ਥਾਂ ਬਣ ਗਈ, ਪਰ ਅਸਲੀਅਤ ਇਹ ਸੀ ਕਿ ਸਾਹਿੱਤ, ਜ਼ਿੰਦਗੀ ਤੇ ਸਮਾਜ ਬਾਰੇ ਮੇਰਾ ਗਿਆਨ ਹਾਲੇ ਬੇਹੱਦ ਅਧੂਰਾ ਸੀ। ਭਾਵੇਂ ਮੈਂ ਓਦੋਂ ਤੱਕ ਵੇਦਾਂਤ ਤੇ ਨਿਆਏਂ ਦੇ ਪੱਖਾਂ ਤੋਂ ਜਾਣੂ ਹੋ ਚੁਕਾ ਸੀ। 1947 ਦੀ ਦੇਸ਼-ਵੰਡ ਸਮੇਂ ਮੇਰੇ ਆਪਣੇ ਵਿਚ, ਖ਼ਾਸ ਤੇ ਨਵੀਂ ਤਬਦੀਲੀ ਆਈ। ਨਿਰਦੋਸ਼ ਮਨੁੱਖਤਾ ਤੇ ਕਤਲਾਮ ਨੇ ਮੈਨੂੰ ਲੋਕਾਂ ਨਾਲ ਜੋੜ ਦਿਤਾ। ਵੇਦਾਂਤ ਤੇ ਨਿਆਏਂ ਨੇ ਕਿਸੇ ਵੀ ਵਸਤੂ ਦੇ ਗਿਆਨ ਨੂੰ ਦਲੀਲ ਤੇ ਜੁਗਤੀ ਦੇ ਪੱਖਾਂ ਤੋਂ ਗ੍ਰਹਿਣ ਕਰਨ ਦੀ ਮਹੱਤਤਾ ਮੈਨੂੰ ਪਹਿਲੋਂ ਹੀ ਸਿਖਾ ਦਿਤੀ ਸੀ, ਜਿਸ ਦਾ ਵਿਰੋਧ-ਵਿਕਾਸ ਤੇ ਇਤਿਹਾਸਕ ਪਦਾਰਥਵਾਦ ਦੇ ਅਧਿਐਨ ਸਮੇਂ ਬੜਾ ਲਾਭ ਹੋਇਆ। ਵਿਰੋਧ-ਵਿਕਾਸ ਦੇ ਸਿਧਾਂਤ ਨੇ ਕਿਸੇ ਵੀ ਵਸਤੂ ਦੇ ਗਿਆਨ ਨੂੰ ਸਾਇੰਸੀ ਅਸੂਲਾਂ ਦੇ ਪੱਖਾਂ ਤੋਂ ਸਮਝਾ ਦਿਤਾ। ਵਿਰੋਧ-ਵਿਕਾਸ ਨੇ ਸਮਾਜ ਦੀਆਂ ਆਰਥਕ ਹਾਲਤਾਂ ਦਾ ਨਿਰਣਾ ਤੇ ਨਿਖੇੜਾ ਕਰ ਦਿਤਾ। ਇਸ ਤਰ੍ਹਾਂ ਸਮਾਜ ਦਾ ਅੰਦਰੋਂ ਬਾਹਰੋਂ ਕੋਝਾ ਤੇ ਦੁਖਾਂਤ ਰੂਪ ਦੇਖ ਕੇ ਮੇਰੇ ਲਈ ਸਾਹਿਤ ਸ਼ੁਗਲ ਨਹੀਂ ਰਿਹਾ, ਸਗੋਂ ਲੋਕਾਂ ਦੀ ਅਵੱਸ਼ ਲੋੜ, ਮਹਾਨ ਤਬਦੀਲੀ ਲਈ ਬੁਨਿਆਦੀ ਬਣ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

'ਸੱਚ ਨੂੰ ਫ਼ਾਂਸੀ' ਮੇਰਾ ਪਹਿਲਾ ਸੁਧਾਰਵਾਦੀ ਨਾਵਲ ਹੈ। 'ਪਾਲੀ' ਨਿਰੋਲ ਪਿਆਰ ਦਾ, ਜਿਸ ਨੂੰ ਵੇਦਾਂਤਕ ਉਦਗਾਰਾਂ ਨੇ ਭਾਰਾ ਤੇ ਨਿੱਗਰ ਬਣਾ ਦਿਤਾ। ਇਸ ਦੇ ਬਾਵਜੂਦ 'ਪਾਲੀ' ਨਾਵਲ ਨੇ ਪੰਜਾਬੀ ਸਾਹਿੱਤ ਵਿਚ ਆਪਣੇ ਵਖਰੇ ਹੋਣ ਦੀ ਥਾਂ ਮੱਲ ਲਈ । ਮੇਰਾ 'ਪੂਰਨਮਾਸ਼ੀ' ਨਾਵਲ ਪੰਜਾਬ ਦੇ ਸਭਿਆਚਾਰ ਦੀ ਤਸਵੀਰ ਪੇਸ਼ ਕਰਦਾ ਹੈ, ਜਿਸ ਬਾਰੇ ਕਈ ਪਾਠਕ ਇਹ ਆਮ ਆਖਦੇ ਹਨ, ਜਸਵੰਤ ਇਸ ਤੋਂ ਚੰਗਾ ਨਾਵਲ ਨਹੀਂ ਲਿਖ ਸਕੇਗਾ। ਇਹ ਉਨ੍ਹਾਂ ਦਾ ਭੁਲੇਖਾ ਹੈ ਤੇ ਇਸ ਭੁਲੇਖੇ ਦਾ ਅਸਲ ਕਾਰਨ ਪੰਜਾਬ ਦੇ ਪੇਂਡੂ ਵਾਤਾਵਰਨ ਨੂੰ ਉਸ ਦੇ ਸਭਿਆਚਾਰਕ ਪਹਿਲੂਆਂ ਤੋਂ ਹੁਣ ਤੱਕ ਸਾਹਿੱਤ ਵਿਚ ਏਨੇ ਵਿਸਥਾਰ ਨਾਲ ਨਾ ਲਿਖਿਆ ਜਾਣਾ ਸੀ। ਪੰਜਾਬ ਵਿਚ ਪਿੰਡਤਵ ਪ੍ਰਧਾਨ ਹੈ, ਤੇ ਉਸ ਬਾਰੇ ਲਿਖਿਆ ਬਹੁਤ ਹੀ ਥੋੜਾ ਗਿਆ ਹੈ। ਪੰਜਾਬ ਦਾ ਪਿੰਡਤਵ ਨਿਰੋਲ ਕਿਸਾਨੀ ਵਰਗ ਹੈ; ਜਿਸ ਦੀ ਜ਼ਿੰਦਗੀ ਨੂੰ ਨੇੜਿਓਂ ਹੋ ਕੇ ਜਾਂ ਨਾਲ ਰਹਿ ਕੇ ਅਸਲਵਾਦੀ ਨਹੀਂ ਸੀ ਚਿਤਰਿਆ ਗਿਆ। 'ਪੂਰਨਮਾਸ਼ੀ' ਲੋਕਾਂ ਦੀ ਆਪਣੀ ਕਹਾਣੀ, ਆਪਣੀ ਬੋਲੀ ਵਿਚ ਹੋਣ ਕਰ ਕੇ ਜ਼ਿਆਦਾ ਸਤਿਕਾਰੀ ਗਈ ਹੈ। ਇਸ ਵਿਚ ਸ਼ੱਕ ਨਹੀਂ ਕਿ 'ਪੂਰਨਮਾਸ਼ੀ' ਨੇ ਇਕ ਖੱਪੇ ਨੂੰ ਹੀ ਨਹੀਂ ਪੂਰਿਆ, ਸਗੋਂ ਪਿੰਡਾਂ ਤੇ ਕਿਰਤੀਆਂ ਬਾਰੇ ਲਿਖਿਆ ਜਾਣ ਲਈ ਉਤਸ਼ਾਹ ਤੇ ਪ੍ਰੇਰਨਾ ਵੀ ਦਿਤੀ ਹੈ। ਤੇ 'ਰਾਤ ਬਾਕੀ ਹੈ' ਨਾਵਲ ਉਤੇ ਮੈਨੂੰ ਮਾਣ ਕਰਨ ਦਾ ਹੱਕ ਹੈ। ਇਹ ਸਮਾਜਵਾਦੀ ਨਾਵਲ ਪਿਆਰ ਦੀ ਟ੍ਰੈਜਿੱਡੀ, ਉਸ ਦੇ ਕਾਰਨ, ਸ਼੍ਰੇਣੀ-ਘੋਲ ਤੇ ਸਮਾਜ ਦੀਆਂ ਆਰਥਕ ਹਾਲਤਾਂ ਦੀ ਤਰਜਮਾਨੀ ਕਰਦਾ ਹੋਇਆ, ਲੋਕ-ਇਨਕਲਾਬ ਦੀ ਅਵੱਸ਼ ਲੋੜ ਨੂੰ ਦਰਸਾਂਦਾ ਹੈ, ਜਿਊਂਦੇ-ਜਾਗਦੇ ਪਾਤਰਾਂ ਨੂੰ ਅੱਗੇ ਵਧਣ ਲਈ ਪ੍ਰੇਰਨਾਵਾਂ ਦੇ ਨਾਲ ਰਾਹਨੁਮਾਈ ਵੀ ਦੇਂਦਾ ਹੈ। ਤੇ ਰਾਜਸੀ ਪਾਰਟੀਆਂ ਦੇ ਰੋਲ ਨੂੰ ਨੰਗਿਆਂ ਕਰਦਾ ਹੈ। 'ਰਾਤ ਬਾਕੀ ਹੈ' ਨਾਵਲ ਦਾ ਪਿਛਵਾੜਾ ਵੀ ਪੇਂਡੂ ਹੀ ਹੈ, ਭਾਵੇਂ ਉਸ ਦੀ ਕਹਾਣੀ ਇਕ ਦੋ ਵਾਰ ਸ਼ਹਿਰਾਂ ਵਿਚ ਤੇ ਪੰਜਾਬ ਤੋਂ ਬਾਹਰ ਵੀ ਜਾਂਦੀ ਹੈ।

ਮੇਰਾ ਇਹ 'ਸਿਵਲ ਲਾਈਨਜ਼' ਨਾਵਲ ਨਿਰੋਲ ਸ਼ਹਿਰੀ ਹੋਣ ਨਾਲ ਅੱਪਰ-ਮਿਡਲ ਕਲਾਸ ਦੀ ਵਧੇਰੇ ਕਰਕੇ ਤਰਜਮਾਨੀ ਕਰਦਾ ਹੈ। ਮੈਂ ਇਸ ਜਮਾਤ ਦੀ ਲਿੱਸੀ, ਪਤਲੀ, ਓਪਰੀ, ਗੰਦੀ, ਬਨਾਉਟੀ ਤੇ ਦਿਨੋਂ ਦਿਨ ਆਰਥਕ ਤੌਰ ਤੇ ਵੀ ਨਿੱਘਰਦੀ ਜਾ ਰਹੀ ਜ਼ਿੰਦਗੀ ਨੂੰ ਉਲੀਕਿਆ ਹੈ। ਮੈਂ ਇਸ ਜਮਾਤ ਬਾਰੇ ਬਹੁਤਾ ਕੁਝ ਲਿਖਣ ਦੇ ਹੱਕ ਵਿਚ ਨਹੀਂ, ਕਿਉਂਕਿ ਹੀਜੜੇ ਪਾਤਰਾਂ ਤੋਂ ਨਰੋਏ ਸਮਾਜ ਦੀ ਉਸਾਰੀ ਲਈ ਜਦੋ-ਜਹਿਦ ਦੀ ਆਸ ਰਖਣੀ ਬੁਨਿਆਦੀ ਤੌਰ ਤੇ ਗ਼ਲਤ ਹੈ। ਪਰ ਮੈਂ ਇਸ ਨਾਵਲ ਵਿਚ "ਪਿਆਰ ਦੀ ਗੰਦੀ ਦਲਦਲ ਵਿਚ ਖੁਭੀ ਤੇ ਆਰਥਕ ਲਿਹਾਜ਼ ਨਾਲ ਵੀ ਕੜਾਕੜ ਟੁੱਟਦੀ ਜਾ ਰਹੀ ਉਚ-ਮਧ ਜਮਾਤ ਦੀ ਕਲਿਆਣ ਕੇਵਲ ਮਧ ਸ਼੍ਰੇਣੀ ਨਾਲ ਹੀ ਮਿਲ ਕੇ ਤੁਰਨ ਵਿਚ ਹੈ' ਦੱਸਣ ਦੀ ਕੋਸ਼ਸ਼ ਕੀਤੀ ਹੈ। ਮਨਚਲੇ ਪਾਤਰਾਂ, ਮਾਹੌਲ ਦੀ ਬੇਰਸ ਬੋਲੀ,

Sri Satguru Jagjit Singh Ji eLibrary NamdhariElibrary@gmail.com

ਨੀਵੇਂ ਇਖ਼ਲਾਕ ਤੇ ਚੈਂਚਲ ਸੁਭਾਵਾਂ ਨੂੰ ਨੇੜੇ ਹੋ ਕੇ ਚਿਤਰਨ ਦਾ ਯਤਨ ਕੀਤਾ ਹੈ। ਕਿਵੇਂ ਇਹ ਲੋਕ ਇਕ ਦੂਜੇ ਨਾਲ ਦੋਸਤੀਆਂ ਤੇ ਪਿਆਰ ਪਾਉਂਦੇ ਹਨ, ਫਿਰ ਆਪਣੇ ਪਿਆਰਿਆਂ ਨੂੰ ਠੱਗੀਆਂ, ਲਾਰੇ, ਧੋਖੇ ਤੇ ਬੇਵਫ਼ਾਈ ਦੇਂਦੇ ਹਨ। ਇਹ ਤਬਕਾ ਹਾਲਾਤ ਦੀਆਂ ਤਲਖ਼ੀਆਂ, ਜਿਹੜੀਆਂ ਅਵੱਸ਼ ਵਾਪਰਨੀਆਂ ਹੁੰਦੀਆਂ ਹਨ, ਤੋਂ ਘਬਰਾ ਕੇ ਧਾਰੋ-ਧਾਰ ਰੋਂਦਾ ਹੈ, ਖ਼ੁਦਕਸ਼ੀ ਵਲ ਦੌੜਦਾ ਹੈ, ਏਥੋਂ ਤਕ ਕਿ ਆਪਣੇ ਨਿੱਜਤਵ ਨੂੰ ਵੀ ਨਫ਼ਰਤ ਕਰਨ ਲੱਗ ਪੈਂਦਾ ਹੈ ਤੇ ਇਸ ਦੇ ਪਾਤਰ ਏਨੇ ਜਜ਼ਬਾਤੀ ਕਿ ਕਿਸੇ ਖ਼ੁਸ਼ੀ ਦੀ ਮਮੂਲੀ ਲਹਿਰ ਵਿਚ ਬਾਵਲੇ ਹੋ ਹੋ ਜਾਂਦੇ ਹਨ। ਸਮਾਜੀ ਜਦੋ-ਜਹਿਦ ਵਿਚ ਇਹ ਲੋਕ ਕਿਰਤੀ ਨਾ ਹੋਣ ਕਰ ਕੇ ਵਿਸ਼ਵਾਸ ਤੇ ਭਰੋਸੇ ਦੀ ਥਾਂ ਨਹੀਂ ਪੂਰਦੇ। ਪਰ ਏਨ੍ਹਾਂ ਦੇ ਜਜ਼ਬਾਤੀ ਉਭਾਰ ਦਾ ਉਪਰੇਸ਼ਨ ਕਰਕੇ ਅਸਲ ਤੱਤ-ਕਰਮ ਨੂੰ ਲੱਭਣਾ ਚਾਹੀਦਾ ਹੈ। ਮੈਂ ਇਸ ਜਮਾਤ ਨੂੰ ਨਫ਼ਰਤ ਕਰਨ ਦੀ ਪ੍ਰੇਰਨਾ ਨਹੀਂ ਦੇਂਦਾ, ਸਗੋਂ ਇਸ ਵਿਚਲੇ ਵਫ਼ਾਦਾਰ ਤੱਤ ਦੀ ਵਰਤੋਂ ਨੂੰ ਸਮੁੱਚੇ ਸਮਾਜ ਦੀ ਉਸਾਰੀ ਲਈ ਹਰਜ ਵਾਲੀ ਗੱਲ ਵੀ ਨਹੀਂ ਸਮਝਦਾ। ਪਰ ਇਕ ਯਾਦ ਰਖਣ ਵਾਲੀ ਗੱਲ ! ਟੁੱਟੀਆਂ ਤੇ ਮਧ ਸ਼੍ਰੇਣੀਆਂ ਦੇ ਆਮ ਮੇਲ-ਮੌਕਿਆਂ ਨੂੰ ਛਡ ਕੇ ਉੱਚ-ਮਧ ਸ਼੍ਰੇਣੀਆਂ ਨਾਲ ਮੇਲ-ਮਿਲਾਪ ਦੀ ਮੈਂ ਕਦੇ ਵੀ ਸਫ਼ਾਰਸ਼ ਨਹੀਂ ਕਰ ਸਕਦਾ। ਕਿਉਂਕਿ ਟੁੱਟੀਆਂ ਜਮਾਤਾਂ ਵਰਗੇ ਨਿੱਗਰ, ਅਣਥੱਕ ਤੇ ਵਫ਼ਾਦਾਰ ਪਾਤਰ ਸਾਨੂੰ ਉਚ ਜਮਾਤਾਂ ਵਿਚੋਂ ਆਮ ਨਹੀਂ ਮਿਲ ਸਕਦੇ, ਜਿਨ੍ਹਾਂ ਦੀ ਸਾਡੇ ਸਮਾਜ ਨੂੰ ਅਵੱਸ਼ ਤੇ ਫ਼ੌਰੀ ਲੋੜ ਹੈ। ਫਿਰ ਵੀ ਇਹ ਕਹਾਣੀ ਮੇਰੇ ਸਾਹਿੱਤਕ ਵਿਕਾਸ ਦਾ ਰਾਹ ਰੋਕ ਕੇ ਖਲੋ ਗਈ ਸੀ, ਮੈਂ ਇਸ ਨੂੰ ਉਲੰਘਣਾ ਠੀਕ ਨਾ ਸਮਝਿਆ। ਇਸ ਦੇ ਨਾ ਲਿਖਣ ਨਾਲ ਆਉਣ ਵਾਲੀਆਂ ਲਿਖਤਾਂ ਵਿਚ ਇਸ ਦੀਆਂ ਅੰਸਾਂ ਦੇ ਆਂਟ ਹੋ ਹੋ ਲਗਣ ਦਾ ਡਰ ਸੀ। ਇਸ ਨਾਵਲ ਵਿਚ ਮੈਂ ਉਚ-ਮਧ ਜਮਾਤ ਨੂੰ ਉਚਿਆਂ ਉਛਾਲ ਕੇ ਧੌਣ ਪਰਨੇ ਮਾਰਿਆ ਹੈ ਤੇ ਕਾਮਿਡੀ ਦੇ ਰੂਪ ਵਿਚ ਮੇਰਾ ਅਸਲ ਨਿਸ਼ਾਨਾ ਧਰੂ ਵਾਂਗ ਚਮਕਦਾ ਅੱਖੋਂ ਓਹਲੇ ਨਹੀਂ।

ਅੱਜ ਦੀਆਂ ਸਮਾਜੀ ਹਾਲਤਾਂ ਵਿਚ ਲਿਖਾਰੀਆਂ ਦਾ ਵਾਹ ਇਸ ਤਬਕੇ ਨਾਲ ਆਮ ਪੈਂਦਾ ਹੈ। ਦੂਜੇ ਲਿਖਾਰੀ ਬਹੁਤਾ ਏਸੇ ਜਮਾਤ ਵਿਚੋਂ ਹਨ। ਮਾਨਸਿਕ ਤ੍ਰਿਪਤੀ ਲਈ ਏਸ ਜਮਾਤ ਦੇ ਨੇੜੇ ਹੋਣ ਲਈ ਮਜਬੂਰ ਹੁੰਦੇ ਹਨ। ਪਰ ਇਸ ਦਾ ਅਸਰ ਉਲਟਾ ਹੁੰਦਾ ਹੈ, ਏਨ੍ਹਾਂ ਦੀ ਸੰਗਤ ਕਲਾਕਾਰ ਦੇ ਜ਼ਿਹਨ ਦੀ ਇਨਕਲਾਬੀ ਧਾਰ ਨੂੰ ਕੁੰਦ ਕਰ ਕੇ ਰਖ ਦੇਂਦੀ ਹੈ, ਜਿਵੇਂ ਇਸ ਨਾਵਲ ਵਿਚ ਪਿਆਰੇ ਨਾਲ ਪਪੀਹੇ ਦਾ ਰੋਲ ਆਉਂਦਾ ਹੈ। ਮੈਂ ਆਮ ਲਿਖਾਰੀਆਂ ਤੇ ਸੂਝਵਾਨ ਵਰਕਰਾਂ ਨੂੰ ਇਸ ਜਮਾਤ ਨਾਲ ਨਾ-ਮਿਲਵਰਤਣ ਦੇ ਸੁਝਾ ਵੀ ਨਹੀਂ ਦੇਂਦਾ, ਪਰ ਖ਼ਬਰਦਾਰ ਰਹਿਣ ਦੀ ਮੰਗ ਜ਼ਰੂਰ ਕਰਦਾ ਹਾਂ। ਪੰਜਾਬੀ ਸਾਹਿੱਤ ਪੜ੍ਹਨ ਤੇ ਆਮ ਲਿਖਾਰੀਆਂ ਨੂੰ ਮਿਲਣ ਪਿਛੋਂ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਲੇਖਕ ਆਪਣੀ ਕੀਮਤ ਦਾ ਅੰਦਾਜ਼ਾ ਬੜਾ ਘਟ ਲਾਉਂਦੇ ਹਨ। ਏਸੇ ਕਾਰਨ

Sri Satguru Jagjit Singh Ji eLibrary NamdhariElibrary@gmail.com

ਆਪਣੀਆਂ ਰਚਨਾਵਾਂ ਵਿਚ ਗ਼ੈਰ-ਜ਼ਿਮੇਵਾਰੀ ਤੋਂ ਕੰਮ ਲੈਂਦੇ ਹਨ ਜਾਂ ਲੋਕ-ਲਾਭ ਦੀ ਥਾਂ ਮਾਇਕ ਲਾਭਾਂ ਨੂੰ ਮੁਖ ਰਖਦੇ ਹਨ। ਵਰਤਮਾਨ ਰਚਨਾ ਦਾ ਫਰਜ਼ ਪੜ੍ਹੀ ਲਿਖੀ ਸ਼੍ਰੇਣੀ ਵਿਚ ਅਜਿਹਾ ਪਾਠਕ-ਤਬਕਾ ਪੈਦਾ ਕਰਨਾ ਹੈ, ਜਿਹੜਾ ਸੂਝ ਤੇ ਕਰਮ ਦੇ ਪਹਿਲੂਆਂ ਤੋਂ ਲੋਕ-ਇਨਕਲਾਬ ਲਈ ਸਹਾਇਕ ਦਸਤੇ ਦਾ ਕੰਮ ਦੇ ਸਕੇ, ਤੇ ਕਮਜ਼ੋਰ ਥਾਵਾਂ ਤੇ ਵੀ ਅਗਵਾਈ ਕਰ ਸਕੇ।

ਨਿਰੀ ਕਲਪਨਾ ਤੇ ਜ਼ੋਰ ਦੇ ਕੇ ਲਿਖੀਆਂ ਰਚਨਾਵਾਂ ਕਦੇ ਵੀ ਮਹਾਨ ਤੇ ਅਮਰ ਨਹੀਂ ਹੁੰਦੀਆਂ। ਢੇਰ ਚਿਰ ਦੀ ਗ਼ੁਲਾਮੀ ਨੇ ਸਾਡੀ ਸੋਚ-ਸ਼ਕਤੀ ਨੂੰ ਹੁਣ ਤਕ ਕੁਰਾਹੇ ਪਾਈ ਰਖਿਆ ਹੈ। ਅਨ-ਸਾਇੰਟੇਫ਼ਿਕ ਨਜ਼ਰੀਆ ਸਾਹਿੱਤ ਦੇ ਅਸਲ ਰੂਪ ਨੂੰ ਨਾ ਪਛਾਣ ਸਕਿਆ। ਪਰਚੱਲਤ ਸਮਾਜੀ ਮਿਹਨਤ ਦੀ ਕਸਵੱਟੀ ਉਤੇ ਜਿਸ ਰਚਨਾ ਦਾ ਅੱਖਰ ਅੱਖਰ ਕਿਰਤੀ ਲੋਕ-ਜ਼ਿੰਦਗੀ ਦੀ ਵਫ਼ਾ ਦੇ ਠੋਸ ਰੂਪ ਵਿਚ ਨਹੀਂ ਮੁਸਕਰਾਂਦਾ, ਉਸ ਨੂੰ ਮਹਾਨ ਤੇ ਅਮਰ ਸਾਹਿੱਤ ਕਿਵੇਂ ਮੰਨਿਆ ਜਾ ਸਕਦਾ ਹੈ। ਹਿੰਦੁਸਤਾਨ ਦੀਆਂ ਉਖੜੀਆਂ ਸਮਾਜੀ ਕਦਰਾਂ ਲਈ ਲੋਕ-ਇਨਕਲਾਬ ਇਕ ਕੁਦਰਤੀ-ਫ਼ੌਰੀ-ਲੋੜ ਹੈ। ਜਿਹੜਾ ਸਾਹਿੱਤ ਅੱਜ ਇਸ ਕੁਦਰਤੀ ਲੋੜ ਨੂੰ ਪੂਰਿਆਂ ਕਰਦਾ ਹੈ, ਉਸ ਦੀ ਮਹਾਨਤਾ ਤੇ ਸ਼ੱਕ ਦੀ ਗੁੰਜ਼ਾਇਸ਼ ਫ਼ਜ਼ੂਲ ਹੈ। ਜ਼ਿੰਦਗੀ ਦੀ ਰੂਪ-ਰੇਖਾ ਨੂੰ ਮੁਖ ਰਖ ਕੇ ਮੈਂ ਲੇਖਕ-ਸਾਥੀਆਂ ਅਗੇ ਦੋ ਸੁਝਾ ਰਖੇ ਹਨ, ਤੇ ਇਹ ਵਰਨਣ ਮੈਂ ਸੂਝ ਤੇ ਤਜਰਬੇ ਦੇ ਆਧਾਰ ਤੇ ਵੀ ਕਰ ਰਿਹਾ ਹਾਂ। ਏਨ੍ਹਾਂ ਉਤੇ ਡਟ ਕੇ ਸਾਥੀ-ਲਿਖਾਰੀਆਂ ਨੂੰ ਪਹਿਰਾ ਦੇਣ ਦੀ ਅਪੀਲ ਕਰਦਾ ਹਾਂ। ਵਿੰਗੇ ਟੇਢੇ ਤਰੀਕੇ ਨਾਲ ਲਿਖੇ ਸਾਹਿੱਤ ਦੀ ਲੋਕ-ਕਸਵੱਟੀ ਦੇ ਆਧਾਰ ਤੇ ਕੋਈ ਕੀਮਤ ਨਹੀਂ। ਜਦ ਬੁਨਿਆਦੀ ਪੈਦਾਵਾਰ ਵਿਚ ਸਾਡੀ ਮਿਹਨਤ ਸਾਂਝੀ ਹੋ ਚੁਕੀ ਹੈ, ਤਦ ਕਲਮ ਦੇ ਨਿੱਜੀ ਲਾਭਾਂ ਲਈ ਜਿਊਣ ਦਾ ਮਤਲਬ ਗ਼ੱਦਾਰੀ ਹੀ ਸਾਬਤ ਹੁੰਦਾ ਹੈ।

ਹੁਣ ਮੈਂ ਆਪਣੇ ਪਾਠਕਾਂ ਨਾਲ ਇਕ ਜ਼ਰੂਰੀ ਗੱਲ ਨਿਖਾਰਨਾ ਚਾਹੁੰਦਾ ਹਾਂ। ਇਸ ਵਿਚ ਸ਼ੱਕ ਨਹੀਂ ਦੋਸਤੋ, ਸਾਡੀ ਮੰਜ਼ਲ ਇਕ ਹੈ। ਮੈਨੂੰ ਇਸ ਗੱਲ ਦਾ ਪੂਰਨ ਅਹਿਸਾਸ ਹੈ, ਜਿੰਨਾ ਚਿਰ ਜ਼ਿੰਦਗੀ ਵਿਚ ਤੁਹਾਡੀ ਤਸੱਲੀ ਨਹੀਂ ਹੁੰਦੀ, ਮੇਰੀ ਤੁਹਾਡੇ ਨਾਲੋਂ ਪਹਿਲੋਂ ਨਹੀਂ ਹੋ ਸਕਦੀ। ਸਾਡੇ ਸਾਰਿਆਂ ਦੀ ਮਿਹਨਤ ਦੇ ਜੁੜਵੇਂ ਰਿਸ਼ਤਿਆਂ ਦਾ ਨਾਂ ਸਮਾਜ ਤੇ ਕੋਈ ਇਕ-ਇਕੱਲੇ ਦੇ ਤੌਰ ਤੇ ਸੋਚ ਕੇ ਆਪਣੀ ਅਹਿਮੀਅਤ ਵੀ ਕਾਇਮ ਨਹੀਂ ਰਖ ਸਕਦਾ। ਇਸ ਵਿਚ ਸ਼ੱਕ ਨਹੀਂ ਅਸਾਂ ਮੰਜ਼ਲ ਤੈਅ ਕਰਨੀ ਹੈ, ਸਮਾਜੀ ਲੁੱਟ ਤੋਂ ਆਜ਼ਾਦ ਹੋਣਾ ਹੈ। ਸਾਹਿੱਤ ਇਕ ਚੇਤਨਾ ਹੈ, ਜਿਹੜੀ ਜਦੋ-ਜਹਿਦ ਨੂੰ ਤਾਕਤ ਦੇਣ ਨਾਲ ਖ਼ਤਰਨਾਕ ਮੋੜਾਂ ਤੋਂ ਵੀ ਖ਼ਬਰਦਾਰ ਕਰਦੀ ਹੈ, ਨਵੇਂ ਤੇ ਸਹੀ ਨੂੰ ਉਘਾੜਦੀ ਹੈ। ਆਪਣੇ ਫ਼ਰਜ਼ਾਂ ਤੇ ਕੰਮ ਨੂੰ ਮੈਂ ਚੰਗੀ ਤਰ੍ਹਾਂ ਪਛਾਣਦਾ ਹਾਂ ਤੇ ਤੁਹਾਡੇ ਕੋਲੋਂ ਪਛਾਨਣ ਦੀ ਮੰਗ ਕਰਦਾ ਹਾਂ। ਜ਼ੇਕਰ ਮੈਂ ਗ਼ਲਤ ਜਾ ਰਿਹਾ ਹਾਂ, ਤੁਸੀਂ ਅਗੇ ਵਧ ਕੇ

Sri Satguru Jagjit Singh Ji eLibrary NamdhariElibrary@gmail.com

ਮੇਰੇ ਕਦਮ ਰੋਕ ਸਕਦੇ ਹੋ ਤੇ ਸਾਂਝੇ ਵਿਚਾਰ 'ਚੋਂ ਨਿਕਲੇ ਸਹੀ ਰਾਹ ਵਲ ਮੇਰਾ ਧਿਆਨ ਦੁਆ ਸਕਦੇ ਹੋ। ਸਾਡਾ ਅਹਿਸਾਸ ਬਲਵਾਨ ਹੈ, ਪੈਰਾਂ 'ਚ ਸ਼ਕਤੀ ਹੈ, ਅਸੀਂ ਯਕੀਨਨ ਮੰਜ਼ਲ ਨੂੰ ਫ਼ਤਹ ਕਰਾਂਗੇ। ਕਲਪਨਾ ਸਿਰਫ਼ ਰੰਗੀਨ ਸੁਪਨਾ ਹੈ, ਤੇ ਯਾਦ ਹੀਜੜਾ ਅਨੁਭਵ, ਅਸਲੀਅਤ ਵਿਚ ਏਨ੍ਹਾਂ ਦੀ ਅਹਿਮੀਅਤ ਦੁਖਾਂਤ ਹੈ। ਇਨ੍ਹਾਂ ਤੋਂ ਉੱਚਿਆਂ ਉਠ ਕੇ ਠੋਸ ਕਦਮ ਪੁੱਟੋ; ਜਿੰਨੇ ਕਦਮ ਪੁਟੋਗੇ, ਓਨੀਆਂ ਹੀ ਮੁਸ਼ਕਲਾਂ ਨੂੰ ਉਲੰਘ ਕੇ ਮੰਜ਼ਲ ਦੇ ਨੇੜੇ ਹੋਵੋਗੇ। ਦੁਚਿੱਤੀ ਸੋਚ, ਰੰਗੀਨ ਕਲਪਨਾ, ਮਿੱਠੀ ਯਾਦ ਤੁਹਾਡੇ ਰਾਹ ਦੀਆਂ ਵਡੀਆਂ ਖਾਈਆਂ ਹਨ। ਜੇ ਆਪੂੰ ਕੁਝ ਕਰਨਾ ਅਥਵਾ ਜਦੋ-ਜਹਿਦ ਵਿਚ ਯਕੀਨ ਨਹੀਂ ਰਖਦੇ, ਤਦ ਤੁਸੀਂ ਵੀ ਇਸ ਭੈੜੇ ਸਮਾਜ ਨਾਲ ਜ਼ਿੰਦਗੀ ਨੂੰ ਕਤਲ ਕਰਨ ਦੇ ਜ਼ਿਮੇਵਾਰ ਦੋਸ਼ੀ ਬਣਦੇ ਹੋ। ਯਾਦ ਰਖੋ, ਜਦ ਮੰਜ਼ਲ ਇਕ ਹੈ, ਰਾਹ ਦੋ ਨਹੀਂ ਹੋ ਸਕਦੇ। ਰਾਹ ਦੇ ਖ਼ਤਰਿਆਂ ਦਾ ਮੂੰਹ ਭੰਨਣ ਲਈ ਖਿਲਰੀਆਂ ਤਾਕਤਾਂ ਨੂੰ ਇਕ ਥਾਂ ਗੁੰਦੋ, ਤੇ ਆਪਣੀ ਸਾਰੀ ਲੋਕ-ਸ਼ਕਤੀ ਨੂੰ ਖ਼ਾਸ ਤਰਤੀਬ ਵਿਚ ਅਗੇ ਵਧਾਓ, ਕੋਈ ਟੋਆ ਟਿੱਬਾ ਸਾਡੇ ਅਗੇ ਨਹੀਂ ਅੜੇਗਾ।

ਗੁਰੂ ਗੋਬਿੰਦ ਸਿੰਘ ਦੇ ਵਿਸ਼ਵਾਸ ਦੀ ਤਲਵਾਰ 'ਤੇ ਇਹ ਸ਼ਬਦ ਉਕਰੇ ਹੋਏ ਸਨ : 'ਮੈਂ ਹਾਰਨ ਨਹੀਂ ਜਾਣਦਾ।'

ਢੁੱਡੀਕੇ
ਜ਼ਿਲਾ ਫ਼ੀਰੋਜ਼ਪੁਰ

ਸਾਥੀਆਂ ਦਾ ਸਾਥੀ,
ਜਸਵੰਤ ਸਿੰਘ ਕੰਵਲ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

1

ਸ਼ੁਰੂ ਦਸੰਬਰ ਦੀ ਗੁਲਾਬੀ ਠੰਢ ਸੀ। ਸਾਢੇ ਨੌਂ ਵਜ ਜਾਣ ਤੇ ਵੀ ਜੀ. ਟੀ. ਰੋਡ ਸੁੱਤੀ ਪਈ ਜਾਪਦੀ ਸੀ, ਜਿਸ ਨੂੰ ਕੋਈ ਟਰੱਕ ਜਾਂ ਬੱਸ ਪਾਸਾ ਪਰਤਾਣ ਦਾ ਯਤਨ ਕਰਦੇ। ਦੋਵੇਂ ਦੋਸਤ ਬਹਾਲ ਅਤੇ ਪਿਆਰੇ ਲਾਲ ਪਪੀਹਾ, ਟੁੱਟੀਆਂ ਫੁੱਟੀਆਂ ਗੱਲਾਂ ਕਰਦੇ ਰੇਡੀਓ ਸਟੇਸ਼ਨ ਨੂੰ ਜਾ ਰਹੇ ਸਨ। ਭਾਵੇਂ ਉਹ ਸਵੇਰ ਦੀ ਚਾਹ ਪੀ ਚੁਕੇ ਸਨ ਅਤੇ ਉਨ੍ਹਾਂ ਨੂੰ ਉਠਿਆਂ ਵੀ ਦੋ ਘੰਟੇ ਹੋ ਚੁਕੇ ਸਨ, ਪਰ ਇਉਂ ਜਾਪਦਾ ਸੀ, ਹਾਲੇ ਵੀ ਉੱਘਲਾੱ ਰਹੇ ਹਨ। ਬਹਾਲ ਥਾਣੇਦਾਰ ਹੋਣ ਨਾਲ ਸ਼ਾਇਰ ਵੀ ਸੀ ਅਤੇ ਪਪੀਹਾ ਪੰਜਾਬੀ ਗੀਤਾਂ ਦਾ ਬਾਦਸ਼ਾਹ ਮੰਨਿਆ ਜਾਂਦਾ ਸੀ। ਉਹ ਰੇਡੀਓ ਸਟੇਸ਼ਨ ਤੋਂ ਰਾਤ ਦੇ ਭੁਗਤਾ ਚੁੱਕੇ ਕਵੀ ਦਰਬਾਰ ਦੇ ਪੈਸੇ ਲੈਣ ਜਾ ਰਹੇ ਸਨ।

ਹਰ ਦੇਖਣ ਵਾਲਾ ਉਨ੍ਹਾਂ ਦੋਹਾਂ ਵਿਚਕਾਰ ਪੂਰੀ ਇਕ ਮੰਜ਼ਲ ਦਾ ਜਮਾਤੀ ਫ਼ਰਕ ਸੁਖਾਲਿਆਂ ਹੀ ਸਮਝ ਸਕਦਾ ਸੀ। ਬਹਾਲ ਦਾ ਗਰਮ ਸੂਟ ਅਤੇ ਪਪੀਹੇ ਦਾ ਬਿਨਾਂ ਲੋਹਾ ਕੀਤੇ ਕੁੜਤਾ ਪਜਾਮਾ, ਇਸ ਫ਼ਰਕ ਦੀ ਮੂੰਹ-ਬੋਲਦੀ ਗਵਾਹੀ ਸਨ। ਪਪੀਹਾ ਕਿਸੇ ਟਾਹਲੀ ਦੀ ਛਾਵੇਂ ਹਵਾ ਦੇ ਤੇਜ਼ ਬੁੱਲੇ ਦਾ ਮੱਥੇ ਵੱਟ ਪਾ ਕੇ ਸੁਆਗਤ ਕਰਦਾ। ਹਿੱਕ ਉਤੇ ਉਸ ਦੀਆਂ ਦੋਵੇਂ ਬਾਹਾਂ ਇਕ ਦੂਜੀ ਵਿਚ ਲੁਕਣ ਦਾ ਯਤਨ ਕਰ ਰਹੀਆਂ ਸਨ। ਉਸ ਦੀ ਬਿਨਾਂ-ਮਾਏ ਬੱਝੀ ਪੱਗ 'ਖੁਲ੍ਹ ਜਾਣ, ਖੁਲ੍ਹ ਜਾਣ' ਕਰ ਰਹੀ ਸੀ। ਬਿਨਾਂ-ਪਾਲਸ਼ ਗੁਰਗਾਬੀ 'ਚੋਂ ਉਸ ਦਾ ਹਰ ਕਦਮ ਉਤੇ ਇਕ ਪੈਰ ਬਾਹਰ ਨਿਕਲ ਆਉਂਦਾ। ਕੰਨ ਦੇ ਪਿਛਵਾੜੇ ਖੁਰਕਦਿਆਂ ਉਹ ਬੋਲਿਆ :

"ਯਾਰ, ਦਿਮਾਗ਼ 'ਚੋਂ ਰਾਤ ਦੀ ਤਲਖ਼ੀ ਨਹੀਂ ਗਈ ਹਾਲੇ ਤਾਈਂ।"

"ਅਸਲ ਵਜਾਹ ਇਹ ਹੈ ਕਿ ਨਹਾਤੇ ਨਹੀਂ।" ਬਹਾਲ ਨੇ ਮੂੰਹ ਪਾਸੇ ਕਰ ਕੇ ਥੁੱਕ ਦਿਤਾ। ਉਸ ਦੀ ਖ਼ਾਕੀ ਪੱਗ ਹੇਠ ਲਾਲ ਫਿਫਟੀ ਰੇਲਵੇ ਸਿਗਨਲ ਦੀ ਬੱਤੀ ਵਾਂਗ ਚਮਕ ਰਹੀ ਸੀ। ਦਾੜ੍ਹੀ ਭਾਵੇਂ ਅੱਜ ਉਸ ਬੰਨ੍ਹੀ ਨਹੀਂ ਸੀ, ਪਰ ਖ਼ੂਬਸੂਰਤ ਕੁੰਡਲ ਦਸਦੇ ਸਨ, ਉਸ ਨੂੰ ਆਪਾ ਬਣਾ ਕੇ ਰਖਣ ਦਾ ਸ਼ੌਕ ਹੈ। ਠੰਢੀ ਹਵਾ ਦੇ ਬੁੱਲੇ ਉਸ ਦੇ ਅੰਗਾਂ ਨੂੰ ਖੇੜੇ ਤੋਂ ਅਕੜੇਵੇਂ ਵਿਚ ਬਦਲ ਰਹੇ ਸਨ। ਦੋਹਾਂ ਵਿਚਕਾਰ ਅਠਾਈ ਅਤੇ ਅਠਤਾਲੀ ਸਾਲ ਦੀ ਉਮਰ ਦਾ ਫ਼ਰਕ ਇਕ ਵੱਡਾ ਕਾਰਨ ਸੀ, ਜਿਸ ਸਦਕਾ ਇਕ ਨੂੰ ਸਵੇਰ ਦੀ ਠੰਢੀ ਹਵਾ ਨਸ਼ਿਆਂਦੀ ਅਤੇ ਦੂਜੇ ਨੂੰ ਉਬਾਸੀਆਂ ਦੀ ਤਰੋਟ ਨਾਲ ਬੇਹਾਲ ਕਰ ਰਹੀ ਸੀ।

Sri Satguru Jagjit Singh Ji eLibrary NamdhariElibrary@gmail.com

"ਮੇਰੇ ਸਿਰ ਨੂੰ ਹਾਲੇ ਵੀ ਚੱਕਰ ਆ ਰਹੇ ਹਨ।" ਪਪੀਹੇ ਨੇ ਆਪਣੇ ਮੋਟੇ ਬੁੱਲ੍ਹਾਂ ਨੂੰ ਥੋੜਾ ਉਚਿਆਂ ਚੁਕ ਕੇ ਘਸੁੰਨ ਜਿਹਾ ਬਣਾ ਲਿਆ।

"ਜਦੋਂ ਤੈਨੂੰ ਕਿਤੋਂ ਪੀਣ ਨੂੰ ਮਿਲ ਜਾਵੇ ਨਾ " ਬਹਾਲ ਨੇ ਪੈਂਟ ਦੀ ਜੇਬ ਵਿਚੋਂ ਨਿੱਘਾ ਹੱਥ ਬਾਹਰ ਕੱਢਦਿਆਂ ਇਕ ਨਹੋਰਾ ਜਣਾਇਆ। "ਬਸ ਤੇਰਾ ਬੰਨ੍ਹ ਟੁੱਟ ਜਾਂਦਾ ਹੈ। ਜੇ ਬੋਤਲ 'ਚੋ ਰਾਤੀਂ ਬਚਾ ਲੈਂਦੇ, ਹੁਣ ਘੁੱਟ ਘੁੱਟ ਪੀ ਕੇ ਸੈਰ ਦਾ ਸੁਆਦ ਲੈਂਦੇ।"

ਪਪੀਹਾ ਓਥੇ ਈ ਪੈਰ ਰੋਕ ਕੇ ਖਲੋ ਗਿਆ। ਉਸ ਅੱਖਾਂ ਚੌੜੀਆਂ ਕੀਤੀਆਂ, ਜਿਨ੍ਹਾਂ ਵਿਚ ਲਾਲ ਡੋਰਿਆਂ ਨਾਲ ਰੋਹੇ ਵੀ ਸਾਫ਼ ਉਭਰੇ ਹੋਏ ਸਨ। ਉਸ ਦੇ ਅੱਧ-ਖੁੱਲ੍ਹੇ ਮੂੰਹ ਕਾਰਨ ਇਕ ਅਗਲਾ ਦੰਦ ਟੁਟਿਆ ਦਿਸਿਆ। ਉਸ ਦਾ ਵੱਟਿਆ ਮੂੰਹ ਤੱਕ ਕੇ ਪਰਤੀਤ ਹੁੰਦਾ ਸੀ, ਜਿਵੇਂ ਹੁਣੇ ਤੱਤੀ ਤੱਤੀ ਗਾਲ੍ਹ ਕਢ ਦੇਵੇਗਾ। ਬਹਾਲ ਥੋੜਾ ਝਿਜਕ ਗਿਆ। ਉਸ ਅੰਗੂਰੀ ਰੰਗ ਦੀ ਸਵੈਟਰ ਨੂੰ ਦੋਹਾਂ ਹੱਥਾਂ ਨਾਲ ਖਿੱਚ ਕੇ ਮੋਢੇ ਉਤਾਂਹ ਚੜ੍ਹਾਏ। ਸਵੈਟਰ ਉਤੇ ਇਕ ਅਜਿਹੀ ਬਿੱਲੀ ਦੀ ਸ਼ਕਲ ਉਣੀ ਹੋਈ ਸੀ, ਜਿਹੜੀ ਇਕੋ ਸਮੇਂ ਕੁੱਤਾ, ਬਘਿਆੜ ਅਤੇ ਲੂੰਬੜ ਵੀ ਬਣ ਜਾਂਦੀ ਸੀ। ਪਪੀਹੇ ਦੇ ਅੰਦਰ ਜਿਹੜਾ ਥੁੱਕ ਇਕੱਠਾ ਹੋ ਰਿਹਾ ਸੀ, ਉਹ ਗੰਦੀ ਹਵਾੜ੍ਹ ਬਣ ਕੇ ਬਾਹਰ ਆ ਗਿਆ।

"ਤੂੰ ਬੜਾ ਹਰਾਮ ਦਾ ਏਂ।"

"ਵੇਖ ਓਏ ਪਪੀਹੇ ਫ਼ਿਆ ਪੁੱਤਰਾ, ਅੱਜ ਤੇਰੀ ਵਾਰੀ ਏ ਤੇ ਤੂੰ ਇਸ ਤਰ੍ਹਾਂ ਚੁਸਤੀਆਂ ਨਾਲ ਨਹੀਂ ਬਚ ਸਕਦਾ। ਤੇਰੇ ਪੱਚੀ ਜਲੰਧਰ ਮੁਕ ਜਾਣੇ ਚਾਹੀਦੇ ਨੇ, ਮੈਂ ਲੁਧਿਆਣੇ ਜਾ ਕੇ ਵਿਸਕੀ ਦੀ ਬੋਤਲ ਲੈ ਲਵਾਂਗਾ।" ਬਹਾਲ ਨੇ ਪਪੀਹੇ ਦੇ ਉਭਾਰ ਨੂੰ ਇਕ ਗ਼ਲਤ ਮੋੜ ਦੇ ਕੇ ਉਸ ਦੇ ਦਿਲ ਦੇ ਨਾਸੂਰ ਨੂੰ ਛੇੜ ਦਿਤਾ।

"ਕਾਸ਼ ! ਮੈਂ ਬੱਚੜਵਾਲ ਨਾ ਹੁੰਦਾ।" ਪਪੀਹੇ ਨੇ ਇਕ ਲੰਮਾ ਸਾਹ ਖਿਚਿਆ। ਗ਼ਰੀਬੀ ਦੇ ਅਹਿਸਾਸ ਸਦਕਾ ਉਸ ਦੀ ਅਣਖ ਦੇ ਪਰ ਸੁਕੜ ਗਏ।

"ਜੇ ਬੱਚੜਵਾਲ ਨਾ ਹੁੰਦਾ, ਫੇਰ ਕੀ ਕਰਦਾ ?"

"ਤੇਰੇ ਗਲ ਵਾਲਾ ਪਸਤੌਲ ਮੇਰੇ ਹੱਥ ਹੁੰਦਾ ਤੇ ਜਿੰਨਾ ਚਿਰ ਇਸ ਦੀ ਨਾਲੀ ਲਾਲ ਹੋ ਕੇ ਪਾਟ ਨਾ ਜਾਂਦੀ, ਮੈਂ ਕਦੇ ਘੋੜੇ ਵਿਚੋਂ ਉਂਗਲ ਨਾ ਖਿਚਦਾ।" ਸਾਹਮਣੇ ਖਲੋਤਾ ਥਾਣੇਦਾਰ ਪਪੀਹੇ ਨੂੰ ਸਮਾਜ-ਦੁਸ਼ਮਣ ਦੀ ਸ਼ਕਲ ਵਿਚ ਪਰਤੀਤ ਹੋ ਰਿਹਾ ਸੀ।

"ਸ਼ੇਖ਼ੀ ਦੀ ਲੋੜ ਨਹੀਂ, ਤੇਰੀ ਰਾਤ ਵਾਲੀ 'ਸ਼ਾਂਤੀ' ਕਵਿਤਾ ਹੀ ਤੇਰੇ ਇਨਕਲਾਬੀ ਹੋਣ ਦਾ ਸਬੂਤ ਸੀ।" ਬਹਾਲ ਸਿੰਘ ਨੇ ਪਪੀਹੇ ਦੇ ਗੰਜੇ ਸਿਰ ਵਿਚ ਚੋਟ ਖਿਚ ਮਾਰੀ।

"ਮਜਬੂਰੀ !" ਪਪੀਹੇ ਨੇ ਫਿਰ ਸਾਹ ਖਿਚਿਆ। "ਰੱਬ ਜਾਣਦਾ ਏ ਬਹਾਲੇ, ਕਿੰਨੇ ਲੋਕ ਹਨ, ਜਿਨ੍ਹਾਂ ਦੇ ਹੱਥ ਮਜਬੂਰੀਆਂ ਨੇ ਬੰਨ੍ਹੇ ਹੋਏ ਹਨ। ਨਹੀਂ ਤਾਂ ਇਸ ਗੰਦੇ ਸਮਾਜ ਦੀਆਂ ਬੇਜੋੜ ਆਂਦਰਾਂ ਕਦੋਂ ਦੀਆਂ ਖਿੱਚ ਸੁਟੀਆਂ ਹੁੰਦੀਆਂ।" ਆਖ਼ਰੀ ਗੱਲ ਕਹਿ ਕੇ ਪਪੀਹਾ ਆਕੜ ਗਿਆ।

"ਔਹ ਸੋਕੜ ਕਿੱਕਰ ਉਤੇ ਬੈਠੀਆਂ ਗਿਰਝਾਂ ਏਸੇ ਉਡੀਕ ਵਿਚ ਹਨ। ਸਾਲਿਆ, ਪੀਣੀ ਆਥਣ ਨੂੰ ਨਿੱਤ ਸ਼ਰਾਬ ਤੇ ਸੁਪਨੇ ਲੈਣੇ ਇਨਕਲਾਬ ਦੇ।" ਇਉਂ ਪਰਤੀਤ ਹੁੰਦਾ ਸੀ, ਜਿਵੇਂ ਬਹਾਲ ਨੇ ਐਤਕੀਂ ਪਪੀਹੇ ਦੇ ਮੂੰਹ ਉਤੇ ਥੱਪੜ ਵੀ ਮਾਰ ਦਿਤਾ ਹੋਵੇ।

ਪਪੀਹਾ ਇਕ ਤਰ੍ਹਾਂ ਨਿਰਉੱਤਰ ਹੋਣ ਨਾਲ ਸਤ ਵੀ ਗਿਆ।

Sri Satguru Jagjit Singh Ji eLibrary NamdhariElibrary@gmail.com

"ਦੇਖ ਬਹਾਲ ! ਹੋਰ ਭਾਵੇਂ ਮੈਂ ਕੁਝ ਨਹੀਂ ਹਾਂ, ਪਰ ਤੇਰੀ ਮਾਂ ਦਾ ਯਾਰ ਜ਼ਰੂਰ ਹਾਂ।"

ਬਹਾਲ ਨੇ ਬਾਂਹ ਉਤੋਂ ਦੀ ਸੁੱਟ, ਪਪੀਹੇ ਨੂੰ ਕੱਛ ਵਿਚ ਲੈ ਕੇ ਮਰੋੜਨਾ ਸ਼ੁਰੂ ਕਰ ਦਿਤਾ।

"ਓਏ ਬਹਾਲੇ, ਮੈਂ ਮਰਦਾ ਆਂ, ਕੋਈ ਦੇਖ ਲਏਗਾ। ਓ ਤੇਰੀ ਮਾਂ......ਮੈਂ ਔਖਾ ਆਂ।" ਗਲ ਘੁਟਣ ਸਮੇਂ ਪਪੀਹੇ ਦੀਆਂ ਲਾਲ੍ਹਾਂ ਬਹਾਲ ਦੇ ਹੱਥ ਉਤੇ ਡਿਗ ਪਈਆਂ। ਉਸ ਝਟ ਹੀ ਪਪੀਹੇ ਨੂੰ ਛੱਡਦਿਆਂ ਆਖਿਆ :

"ਏਨ੍ਹਾਂ ਲੱਗਦੀਆਂ ਨੂੰ ਪੂੰਝ ਪਹਿਲਾਂ।" ਉਸ ਆਪਣਾ ਹੱਥ ਪਪੀਹੇ ਅਗੇ ਕਰ ਦਿਤਾ।

ਪਪੀਹੇ ਨੇ ਮੁੜ ਉਸ ਦੇ ਹੱਥ ਉਤੇ ਥੁੱਕ ਦਿਤਾ। ਜਦੋਂ ਬਹਾਲ ਉਸ ਨੂੰ ਫੜਨ ਲਈ ਅਗੇ ਵਧਿਆ, ਉਸ ਪਿਛੇ ਹਟ ਕੇ ਪੈਰੋਂ ਨਿਕਲਦੀ ਗੁਰਗਾਬੀ ਨੂੰ ਹੱਥ ਪਾ ਲਿਆ ਅਤੇ ਮੁਕਾਬਲੇ ਲਈ ਅੜ ਗਿਆ। ਬਹਾਲ ਰੋਹ ਵਿਚ ਆਏ ਪਪੀਹੇ ਨੂੰ ਦੇਖ ਕੇ ਢਿੱਲਾ ਪੈ ਗਿਆ।

"ਤੁਸੀਂ ਸਾਲਿਆ, ਜੁੱਤੀ ਬਿਨਾਂ ਸੂਤ ਈ ਨਹੀਂ ਆਉਂਦੇ।" ਪਪੀਹੇ ਨੇ ਆਪਣੀ ਜਿੱਤ ਵਿਚ ਫੁੰਕਾਰਾ ਮਾਰਿਆ। ਬਹਾਲ ਮੁਸਕਾ ਕੇ ਅਗੇ ਤੁਰ ਪਿਆ। ਪਪੀਹੇ ਨੇ ਫਿਰ ਆਖਣਾ ਸ਼ੁਰੂ ਕੀਤਾ :

"ਲੈ ਤੈਨੂੰ ਦਲੀਲ ਨਾਲ ਦਸਦਾ ਹਾਂ ਕਿ ਮੈਂ ਕਿਵੇਂ ਤੇਰੀ ਮਾਂ ਦਾ ਯਾਰ ਹਾਂ।"

ਬਹਾਲ ਨੇ ਟੇਢੀਆਂ ਕੌੜੀਆਂ ਨਜ਼ਰਾਂ ਨਾਲ ਪਪੀਹੇ ਨੂੰ ਤਾੜਿਆ, ਉਂਜ ਉਹ ਦਿਲੋਂ ਗਾਲ੍ਹਾਂ ਖਾ ਕੇ ਬੜਾ ਖ਼ੁਸ਼ ਸੀ। ਪਪੀਹੇ ਨੇ ਗੱਲ ਫਿਰ ਅਗੇ ਵਧਾਈ :

"ਤੁਹਾਡੀ ਜਮਾਤ ਤੁਹਾਡੀ ਮਾਂ ਹੈ ਤੇ ਉਸ ਇਨਕਲਾਬੀ ਬਣਨ ਵਾਲੇ ਕੰਮ ਦੇ ਬੰਦਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦੇ ਕੇ ਆਪਣੇ ਯਾਰ ਬਣਾ ਲਿਆ ਹੈ, ਇਸ ਤਰ੍ਹਾਂ ਮੈਂ ਤੇਰੀ ਮਾਂ ਦਾ ਸੱਕਾ ਯਾਰ ਲੱਗਾ ਕਿ ਨਾ ?" ਉਸ ਗੁਰਗਾਬੀ ਨਿਕਲਦੇ ਪੈਰ ਨੂੰ ਜ਼ੋਰ ਨਾਲ ਜ਼ਮੀਨ ਉਤੇ ਮਾਰਿਆ।

"ਤਾਂ ਫਿਰ ਤੂੰ ਆਪਣੀ ਜਮਾਤ ਲਈ ਤਾਂ ਹਰਾਮ ਦਾ ਹੋਇਆ ਨਾ ?" ਬਹਾਲ ਨੂੰ ਵੱਟਾ ਲਾਹੁਣ ਲਈ ਮਸੀਂ ਮੌਕਾ ਮਿਲਿਆ ਸੀ, ਉਹ ਏਨੀ ਆਖਦਾ ਹੀ ਦੋ ਕਦਮਾਂ ਅਗਾਂਹ ਵਧ ਗਿਆ। ਪਿਆਰੇ ਲਾਲ ਪਪੀਹਾ ਜ਼ਖ਼ਮੀ ਜ਼ਮੀਰ ਦੀ ਪੀੜ ਵਿਚ ਵਟ ਖਾ ਕੇ ਰਹਿ ਗਿਆ "ਵੇਖ ਓ ਪਪੀਹੇ, ਰੇਡੀਓ ਸਟੇਸ਼ਨ ਆ ਗਿਆ ਏ, ਹੁਣ ਮੂੰਹ ਨੂੰ ਲਗਾਮ ਦੇ।"

ਉਹ ਦੋਵੇਂ ਖੱਬਿਉਂ ਅੰਦਰ ਵੜ ਕੇ ਲਾਅਨ ਵਿਚ ਆ ਗਏ। ਕੱਟੇ ਹੋਏ ਘਾਹ ਵਿਚ ਸਿੱਲ੍ਹੇ ਥਾਂ ਹਾਲੇ ਵੀ ਤ੍ਰੇਲ ਡਲ੍ਹਕਾਂ ਮਾਰ ਰਹੀ ਸੀ। ਖ਼ੁਸ਼ਕੀ ਮਾਰੇ ਵੇਲ ਬੂਟਿਆਂ ਉਤੇ ਗਰਦ ਦੀ ਮੋਟੀ ਤਹਿ ਚੜ੍ਹੀ ਹੋਈ ਸੀ। ਗਮਲਿਆਂ ਦੇ ਫੁੱਲਾਂ ਵਿਚ ਕਿਤੇ ਕਿਤੇ ਜਾਨ ਟਹਿਕ ਰਹੀ ਸੀ। ਰੇਡੀਓ-ਬਿਲਡਿੰਗ ਵੀ ਸੁੱਤੀ ਸੁੱਤੀ ਜਾਪਦੀ ਸੀ।

"ਕਲਰਕ ਤਾਂ ਆ ਗਏ ਹੋਣੇ ਐਂ, ਬਹਾਲ ਜਾਹ ਪਤਾ ਤਾਂ ਕਰ।" ਪਪੀਹੇ ਨੇ ਇਕ ਵਾਰ ਹੋਰ ਮੂੰਹ ਧੋਣ ਲਈ ਏਧਰ ਓਧਰ ਪਾਣੀ ਮਿਲ ਜਾਣ ਦੀ ਆਸ ਵਿਚ ਤੱਕਿਆ।

ਬਹਾਲ ਕਵਿਤਾ-ਸੈਕਸ਼ਨ ਦੇ ਦਫ਼ਤਰ ਚਲਿਆ ਗਿਆ। ਕਲਰਕ ਉਸ ਨੂੰ ਬਾਹਰ ਦਰਵਾਜ਼ੇ ਵਿਚ ਖਲੋਤਾ ਮਿਲ ਪਿਆ। ਚਪੜਾਸੀ ਅੰਦਰ ਮੇਜ਼ ਕੁਰਸੀਆਂ ਝਾੜ ਰਿਹਾ ਸੀ ਅਤੇ ਗਰਦ ਵਰੋਲੇ ਬਣ ਬਣ ਬਾਹਰ ਆ ਰਹੀ ਸੀ। ਬਹਾਲ ਨੇ ਜਾਣੇ ਪਛਾਣੇ

Sri Satguru Jagjit Singh Ji eLibrary NamdhariElibrary@gmail.com

ਕਲਰਕ ਨਾਲ ਹੱਥ ਮਿਲਾਉਂਦਿਆਂ ਕਿਹਾ :

"ਸੁਣਾਓ ਸਰਕਾਰ !"

"ਸਰਕਾਰ ਭੁੱਖ ਨੰਗ ਦੀ।" ਕਲਰਕ ਨੇ ਸੁੱਕੇ ਮੂੰਹ ਨਾਲ ਮੁਸਕਰਾਉਣ ਦਾ ਯਤਨ ਕੀਤਾ। "ਮਜਬੂਰੀਆਂ-ਮੂੰਹ ਆਏ ਕੁਸਕਣ ਜੋਗੇ ਵੀ ਨਹੀਂ।"

"ਯਾਰ, ਤੁਸੀਂ ਰੇਡੀਓ ਵਰਗੀ ਕਲਾਵੰਤ ਥਾਂ ਲੱਗ ਕੇ ਵੀ ਰੋਣ ਡਹੇ ਓ।"

"ਭਾ ਜੀ, ਕਲਾ ਨਾਂ ਹੈ ਜ਼ਿੰਦਗੀ ਦੀ ਆਰਥਕ ਚੇਤਨਾ ਦੇ ਵਿਕਾਸ ਦਾ, ਮਨ ਦੀ ਤ੍ਰਿਪਤੀ ਦਾ। ਪਰ ਏਥੇ ਕਲਾ ਪ੍ਰਫੁਲਤ ਹੋਣ ਦੀ ਥਾਂ ਦਮ ਤੋੜ ਰਹੀ ਹੈ।" ਕਲਰਕ ਨੇ ਇਕ ਤਰ੍ਹਾਂ ਅੱਖਾਂ ਮੀਟ ਲਈਆਂ।

ਬਹਾਲ ਨੂੰ ਇਸ ਫ਼ਜ਼ੂਲ ਬਹਿਸ ਨਾਲ ਕੋਈ ਹਮਦਰਦੀ ਨਹੀਂ ਸੀ। ਉਸ ਗੱਲ ਦਾ ਵਿਸ਼ਾ ਕੱਟਦਿਆਂ ਆਪਣੇ ਮਕਸਦ ਵਲ ਇਸ਼ਾਰਾ ਕੀਤਾ :

"ਹੁਣ ਫੇਰ ਮੂੰਹ ਵਖਾਈ ਦੇ ਛੱਡੋ।"

"ਕਵਿਤਾ ਦਾ ਮੁੱਲ ਚਾਹੀਦਾ ਹੈ; ਮੈਂ ਆਪਣੀ ਵਲੋਂ ਹੁਣੇ ਵਊਚਰ ਭਰ ਕੇ ਖ਼ਜ਼ਾਨਚੀ ਨੂੰ ਦੇ ਦੇਂਦਾ ਹਾਂ।"

ਮੇਰੇ ਨਾਲ ਪਪੀਹਾ ਵੀ ਹੈ, ਉਸ ਦਾ ਵੀ ਵਾਊਚਰ ਭਰ ਦੇਣਾ; ਮਿਹਰਬਾਨੀ !"

"ਨੌਕਰ ਆਂ ਬਾਦਸ਼ਾਹੋ ! ਕੋਈ ਹੋਰ ਸੇਵਾ ਦਸੋ ?"

"ਬਸ ਜੀ ਸ਼ੁਕਰੀਆ।" ਬਹਾਲ ਪਪੀਹੇ ਨੂੰ ਦੇਖਣ ਲਈ ਮੁੜ ਪਿਆ।

ਪਪੀਹਾ ਰਾਤਰਾਣੀ ਕੋਲ ਖਲੋਤਾ ਦਿਲ ਦੇ ਜ਼ਖ਼ਮ ਨੂੰ ਪਲੋਸ ਰਿਹਾ ਸੀ, "ਮੈਂ ਰਾਤ ਦੀਆਂ ਭੁੱਲ ਭੁਲੱਈਆਂ 'ਚ ਕਿੰਨਾ ਕੁ ਚਿਰ ਭਟਕਦਾ ਰਹਾਂਗਾ ਅਤੇ ਸ਼ਰਾਬ ਦੀ ਪਿਆਲੀ ਵਿਚ ਗ਼ੋਤੇ ਮਾਰਦਾ। ਮੈਂ ਕਵਿਤਾ ਨਹੀਂ ਆਖੀ, ਸੱਚੀ ਗੱਲ ਤਾਂ ਇਹ ਹੈ ਕਿ ਸ਼ਰਾਬ ਦੀ ਚੂਲੀ ਕੀਤੀ ਹੈ। ਮੇਰੇ ਹੀਜੜੇ ਪਿਆਰ ਦੇ ਗੀਤ ਥਾਂ ਥਾਂ ਗਾਏ ਜਾ ਰਹੇ ਹਨ, ਪਰ ਜਾਪਦਾ ਇਉਂ ਏ ਜਿਵੇਂ ਮਨੁੱਖ ਦਾ ਸਾਹਸ ਆਤਮਘਾਤ ਕਰ ਰਿਹਾ ਹੈ ਤੇ ਜ਼ਿੰਦਗੀ ਗੁਨਾਹਾਂ ਦੀ ਜਿੱਲ੍ਹਣ ਵਿਚ ਮੂਧੇ ਮੂੰਹ ਜਾ ਪਈ ਹੈ। ਕਾਸ਼ ! ਮੈਂ ਸਸਤੀ ਸ਼ੁਹਰਤ ਤੋਂ ਆਪਾ ਨਾ ਵੇਚਦਾ। ਮੈਂ ਲੋਕਾਂ ਦੇ ਬੱਚਿਆਂ ਨਾਲ ਆਪਣੇ ਬੱਚਿਆਂ ਨੂੰ ਵੀ ਜ਼ਹਿਰ ਦਿਤੀ ਹੈ। ਬਹਾਲ ਸੱਚ ਆਖਦਾ ਸੀ.....।

"ਸੁਆਮੀ ਜੀ ! ਜ਼ਰਾ ਆਓ ਨਾ।" ਬਹਾਲ ਨੇ ਉਸ ਨੂੰ ਮੋਢੇ ਤੋਂ ਹਲੂਣਿਆ। "ਕੀ ਗੱਲਾਂ ਕਰਦਾ ਸੀ ਰਾਤਰਾਣੀ ਨਾਲ ?"

"ਮੈਂ ਸੋਚ ਰਿਹਾ ਸੀ, ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਦਾ ਹੀ ਅਸਰ ਸੀ ਕਿ ਕਮਜ਼ੋਰ ਬਾਹਾਂ ਫ਼ੌਲਾਦ ਬਣ ਕੇ ਤਣ ਗਈਆਂ, ਇੱਲ੍ਹਾਂ ਦੇ ਪਰ ਖੰਡਿਆਂ ਵਿਚ ਲਿਸ਼ਕ ਉਠੇ।" ਪਪੀਹਾ ਆਪਣੀ ਭਾਵੁਕਤਾ ਵਿਚੋਂ ਬੋਲਿਆ, "ਪਰ ਅਫ਼ਸੋਸ ਇਸ ਗੱਲ ਦਾ ਏ ਕਿ ਮੈਂ ਆਪਣੇ ਹੱਥ ਆਏ ਚੰਗੇ ਭਲੇ ਹਥਿਆਰ ਨੂੰ ਚਿੜੀ ਦਾ ਪਰ ਬਣਾ ਬੈਠਾ ਹਾਂ !"

"ਇਨਕਲਾਬ ਦੇ ਬੱਚੇ ! ਸ਼ਰਾਬ ਤਾਂ ਰਾਤ ਪੀਤੀ ਸੀ, ਪਰ ਬਕਵਾਸ ਹੁਣ ਕਰਨ ਲੱਗਾ ਏਂ।" ਬਹਾਲ ਹਾਸਾ ਜ਼ਬਤ ਕਰ ਕੇ ਪਿਛੇ ਹਟ ਗਿਆ।

ਪਪੀਹੇ ਤੋਂ ਆਪਣਾ ਆਪ ਰੋਕਿਆ ਨਾ ਗਿਆ।

"ਮੈਂ ਤੇਰੀ ਮਾਂ ਨਾਲ ਦੂਜੀ ਵਾਰ ਅਨੰਦ ਕਾਰਜ ਕਰੂੰਗਾ।"

"ਓਏ ਬੇਵਕੂਫ਼ਾ ! ਕੋਈ ਸ਼ਰੀਫ਼ ਆਦਮੀ ਸੁਣੇਗਾ।" ਬਹਾਲ ਨੇ ਨਾਲ ਹੀ ਹੱਥ ਦਾ ਇਸ਼ਾਰਾ ਕਰ ਕੇ ਉਸ ਨੂੰ ਸਮਝੌਤੀ ਦਿੱਤੀ।

Sri Satguru Jagjit Singh Ji eLibrary NamdhariElibrary@gmail.com

"ਨਾਲ ਵਾਜਾ ਵੀ ਵਜੇਗਾ।" ਪਪੀਹੇ ਨੇ ਚੌੜੀਆਂ ਅੱਖਾਂ ਨਾਲ ਬੁੱਲ੍ਹਾਂ ਨੂੰ ਫਿਰ ਉਤਾਂਹ ਚੜ੍ਹਾਇਆ।

"ਰੁਕਨਦੀਨਾ ! ਤੂੰ ਚਾਚਾ ਵੀ ਬਾਪੂ ਵੀ; ਪਰ ਰੱਬ ਦੇ ਵਾਸਤੇ ਉੱਚੀ ਨਾ ਬੋਲ।" ਬਹਾਲ ਨੇ ਆਪਣਾ ਆਪ ਮਿੰਨਤ-ਮੂਰਤੀ ਬਣਾ ਲਿਆ। ਫਿਰ ਉਸ ਭਰੇ ਪੀਤੇ ਪਪੀਹੇ ਨੂੰ ਅਗੇ ਵਧ ਕੇ ਜੱਫੀ ਵਿਚ ਲੈ ਲਿਆ। "ਬਸ ਚਾਚਾ, ਤੇਰੀਆਂ ਆਹ ਗੱਲਾਂ ਹੀ ਸਾਨੂੰ ਖੁਆਰ ਹੋਣ ਲਈ ਮਜਬੂਰ ਕਰਦੀਆਂ ਹਨ, ਵਰਨਾ......।"

"ਵਰਨਾ ਕੀ ?"

"ਵਰਨਾ ਤੇਰੇ ਵਰਗਾ ਸੌ ਲਫ਼ੰਗਾ ਬਜ਼ਾਰਾਂ 'ਚੋਂ ਫੜ ਕੇ ਹਵਾਲਾਤ ਦੇ ਛੱਡਦੇ ਆਂ।" ਬਹਾਲ ਨੇ ਮੁੜ ਜਾਣ ਕੇ ਛੇੜਦਿਆਂ ਜੱਫੀ ਨੂੰ ਕੱਸ ਲਿਆ।

"ਬੱਚੂ, ਤੈਨੂੰ ਹੱਥੀਂ ਉਡਾਰ ਕਰ ਕੇ ਸ਼ਰੀਕ ਬਣਾ ਲਿਆ।" ਪਪੀਹੇ ਨੇ ਇਕ ਤਰ੍ਹਾਂ ਹਾਰ ਮੰਨ ਲਈ।

ਦਫ਼ਤਰ ਤੋਂ ਬਾਹਰ ਉਹ ਟਹਿਲਦੇ ਰਹੇ ਅਤੇ ਇਕ ਦੂਜੇ ਨੂੰ ਅਣੀਚੋਭਾਂ ਨਾਲ ਛੇੜਦੇ ਵੀ ਰਹੇ। ਕੁਝ ਸਮੇਂ ਪਿਛੋਂ ਚਪੜਾਸੀ ਨੇ ਉਨ੍ਹਾਂ ਨੂੰ ਆਵਾਜ਼ ਦਿਤੀ। ਫਿਰ ਉਨ੍ਹਾਂ ਨੇ ਵਾਊਚਰ ਤੇ ਦਸਖ਼ਤ ਕਰ ਕੇ ਪੰਜੀ ਪੰਜੀ ਰੁਪਏ ਦੇ ਚੈੱਕ ਵਸੂਲ ਕਰ ਲਏ। ਬਾਹਰ ਨਿਕਲਦਿਆਂ ਹੀ ਬਹਾਲ ਨੇ ਹਲਕੀ ਜਿਹੀ ਭੁੱਖ ਮਹਿਸੂਸ ਕੀਤੀ।

"ਇਕ ਇਕ ਪਿਆਲਾ ਕੌਫ਼ੀ ਨਾ ਪੀ ਲਈਏ ਕੈਨਟੀਨ 'ਚੋਂ, ਨਾਲੇ ਕੁਝ ਹੋਰ ਖਾ ਲਵਾਂਗੇ ?"

"ਮੈਨੂੰ ਤਾਂ ਐਨੀ ਲੋੜ ਨਹੀਂ, ਪਰ ਤੇਰੀ ਮਰਜ਼ੀ।" ਪਪੀਹੇ ਨੂੰ ਆਪੂੰ ਭੁੱਖ ਲੱਗੀ ਹੋਈ ਸੀ। ਜ਼ਿਆਦਾ ਪੀਤੀ ਜਾਣ ਕਾਰਨ ਰਾਤੀਂ ਰੋਟੀ ਵੀ ਨਹੀਂ ਖਾਧੀ ਗਈ ਸੀ, ਪਰ ਬਿੱਲ ਦੇਣ ਦੇ ਡਰੋਂ ਨਾਂਹ-ਨੁੱਕਰ ਕਰਦਿਆਂ ਰਜ਼ਾਮੰਦੀ ਜ਼ਾਹਰ ਕਰ ਦਿਤੀ। ਬਹਾਲ ਨੇ ਆਪਣੀ ਖ਼ਾਹਸ਼ ਦਾ ਪ੍ਰਤਿਬਿੰਬ ਪਪੀਹੇ ਦੇ ਚਿਹਰੇ ਉਤੇ ਪੜ੍ਹ ਲਿਆ ਅਤੇ ਅੰਤਰੀਵ ਮੁਸਕ੍ਰਾ ਕੇ ਰੇਡੀਓ-ਬਿਲਡਿੰਗ ਦੇ ਪਿਛਵਾੜੇ ਦੀ ਕੈਨਟੀਨ ਨੂੰ ਤੁਰ ਪਿਆ।

ਬਰਾਂਡੇ ਦੇ ਥੰਮ੍ਹ ਕੋਲ ਇਕ ਵੇਲ-ਨੁਮਾ ਬੂਟਾ ਉੱਚਿਆਂ ਉੱਠਣ ਦਾ ਯਤਨ ਕਰ ਰਿਹਾ ਸੀ। ਉਸ ਦੇ ਚੌੜੇ, ਪਰ ਖ਼ੂਬਸੂਰਤ ਪੱਤਿਆਂ ਉਤੇ ਹਲਕੀ ਜਿਹੀ ਗਰਦ ਪਈ ਹੋਈ ਸੀ। ਜਿਉਂ ਹੀ ਦੋਵੇਂ ਦੋਸਤ ਬਰਾਂਡੇ ਅਗੇ ਆਏ, ਉਨ੍ਹਾਂ ਬੈਂਚ ਉਤੇ ਹਲਕੇ ਸਾਂਵਲੇ ਰੰਗ ਦੀ ਕੁੜੀ ਅਤੇ ਕੋਲ ਹੀ ਦਸ ਬਾਰਾਂ ਸਾਲ ਦੇ ਮੁੰਡੇ ਨੂੰ ਤੱਕਿਆ, ਜਿਹੜਾ ਨੁਹਾਰ ਵਲੋਂ ਉਸ ਦਾ ਛੋਟਾ ਭਰਾ ਜਾਪਦਾ ਸੀ। ਕੁੜੀ ਬਹਾਲ ਨੂੰ ਤੱਕ ਕੇ ਇਕ ਭੁਲੇਖੇ 'ਚ ਉੱਠ ਕੇ ਖਲੋ ਗਈ। ਉਸ ਖ਼ਿਆਲ ਕੀਤਾ, ਸ਼ਾਇਦ ਰੇਡੀਓ ਦਾ ਕੋਈ ਜ਼ਿੰਮੇਵਾਰ ਅਫ਼ਸਰ ਹੈ। ਫੇਰ ਉਸ ਖ਼ਿਆਲ ਕੀਤਾ, ਮੈਨੂੰ ਖਲੋ ਕੇ ਆਪਣਾ ਆਪ ਛੋਟਿਆਂ ਨਹੀਂ ਸੀ ਜ਼ਾਹਰ ਕਰਨਾ ਚਾਹੀਦਾ ਅਤੇ ਉਸ ਮਾਣ ਨਾਲ ਥੋੜਾ ਪਾਸਾ ਪਰਤ ਲਿਆ।

ਬਹਾਲ ਨੇ ਬਰਾਂਡੇ ਦੀਆਂ ਦੋ ਪੌੜੀਆਂ ਚੜ੍ਹਦਿਆਂ ਕੁੜੀ ਨੂੰ ਸਰਸਰੀ ਨਜ਼ਰਾਂ ਨਾਲ ਤੱਕਿਆ। ਉਸ ਨੂੰ ਕੁੜੀ ਵਿਚ ਕੋਈ ਖ਼ਾਸ ਖਿੱਚ ਨਾ ਜਾਪੀ। ਪਰ ਹਾਂ, ਉਸ ਦੀ ਸੋਲ੍ਹਾਂ ਸਤਾਰ੍ਹਾਂ ਸਾਲ ਦੀ ਉਮਰ ਤੋਂ ਇਨਕਾਰ ਨਹੀਂ ਸੀ, ਜਿਹੜੀ ਕਦੇ ਵੀ ਹੁਸਨ ਜਵਾਨੀ ਦੇ ਨਖ਼ਾਰ ਵਿਚ ਵਟ ਸਕਦੀ ਸੀ। ਉਸ ਦੀਆਂ ਅੱਖਾਂ ਜ਼ਰੂਰ ਹਰਨੋਟੀਆਂ ਸਨ : ਜੇ ਇਹਨਾਂ ਨੂੰ ਤੱਕਣਾ ਆ ਜਾਵੇ, ਜ਼ਿੰਦਗੀ ਲਰਜ਼ ਸਕਦੀ ਹੈ। ਨਕਸ਼ਾਂ ਦਾ ਮਧੁਰ ਰੂਪ ਅਲ੍ਹੜ ਚਾਨਣੀ ਵਿਚ ਹਾਲੇ ਸੁੱਤਾ ਪਿਆ ਹੈ। ਬਹਾਲ ਦੀਆਂ ਤੇਜ਼ ਨਜ਼ਰਾਂ ਆਪਣੀ

Sri Satguru Jagjit Singh Ji eLibrary NamdhariElibrary@gmail.com

ਰਫ਼ਤਾਰ ਵਾਂਗ ਹੀ ਸੋਚ ਗਈਆਂ। ਅਸਲ ਵਿਚ ਜਿੰਨਾ ਚਿਰ ਸਵਿੱਚ ਨਾ ਦਬਾਈ ਜਾਵੇ, ਹਜ਼ਾਰ ਕੈਂਡਲ ਪਾਵਰ ਦੇ ਬਲਬ ਦੀ ਵੀ ਕੋਈ ਅਹਿਮੀਅਤ ਨਹੀਂ।

ਕੁੜੀ ਨੇ ਫ਼ਾਖ਼ਤਾਈ ਰੰਗ ਦਾ ਓਵਰ-ਕੋਟ ਪਾਇਆ ਹੋਇਆ ਸੀ। ਉਸ ਦਾ ਚਿਹਰਾ ਸਫ਼ੈਦ ਚੁੰਨੀ ਵਿਚ ਨੀਲ-ਕੰਵਲ ਵਾਂਗ ਖਿੜ ਰਿਹਾ ਸੀ। ਚਿੱਟੀ ਸਲਵਾਰ ਹੇਠਾਂ, ਸੈਂਡਲਾਂ ਵਿਚੋਂ ਉਸ ਦੀਆਂ ਮੈਲੀਆਂ ਅੱਡੀਆਂ ਦਿਸ ਰਹੀਆਂ ਸਨ। ਬਹਾਲ ਦੀਆਂ ਨਜ਼ਰਾਂ ਮੂੰਹ ਤੋਂ ਉੱਤਰ ਕੇ ਪੈਰਾਂ 'ਤੇ ਆ ਗਈਆਂ। ਉਸ ਸਮਝਿਆ, 'ਕੁੜੀ ਰੇਡੀਓ ਤੇ ਨਵੀਂ ਨਵੀਂ ਆਉਣ ਲੱਗੀ ਏ।' ਕੋਲੋਂ ਦੀ ਲੰਘਦਿਆਂ ਉਸ ਤੋਂ ਸ਼ਰਾਰਤ ਕਰਨੋਂ ਨਾ ਰਿਹਾ ਗਿਆ; ਪਪੀਹੇ ਨੂੰ ਬਾਹੋਂ ਫੜ ਕੇ ਹਲੂਣਦਿਆਂ ਕਿਹਾ :

"ਜੇ ਰੇਡੀਓ ਤੇ ਆਉਣਾ ਹੁੰਦਾ ਏ, ਅੱਡੀਆਂ ਤਾਂ ਧੋ ਕੇ ਆਇਆ ਕਰ।"

ਕੁੜੀ ਨੇ ਇਕ-ਦਮ ਆਪਾ ਤਾਣਦਿਆਂ ਮੋਢੇ ਉਤੋਂ ਦੀ ਭਉਂ ਕੇ ਦੇਖਿਆ। ਉਸ ਦੀਆਂ ਅੱਖਾਂ ਵਿਚ ਚੰਗਿਆੜੇ ਉਠ ਖਲੋਤੇ, ਜਿਵੇਂ ਲੁਹਾਰ ਦੀ ਤਾਅ-ਖਾਧੀ ਭੱਠੀ ਵਿਚ ਕੋਈ ਵਿਸਰ ਭੋਲ ਫੂਕ ਲਾ ਦੇਵੇ, ਜਾਂ ਬਿਜਲੀ ਦੀ ਚੇਤ ਅਚੇਤ ਧਾਰਾ ਵਿਚ ਵਿਰੋਧ ਜਾਗ ਪਿਆ ਹੋਵੇ। ਉਸ ਦੇ ਬੁੱਲ੍ਹ ਖੁਲ੍ਹ ਕੇ ਰਹਿ ਗਏ। ਰੋਹ-ਖਾਧੇ ਚਿਹਰੇ ਵਿਚ ਦੰਦਾਂ ਦੀ ਸਫ਼ੈਦ ਸੁੰਦਰਤਾ ਹਾਰਮੋਨੀਅਮ ਦੀਆਂ ਸੁਰਾਂ ਵਾਂਗ ਹੱਸ ਰਹੀ ਸੀ। ਮੁੜ ਉਸ ਦਾ ਬੋਲ ਬੇਜਜ਼ਬ ਕਵਾਰੇਪਣ ਦੀ ਬਰਫ਼ ਵਿਚ ਠੰਢਾ ਪੈਣ ਲਈ ਮਜਬੂਰ ਹੋ ਗਿਆ।

ਬਹਾਲ ਨੇ ਬਰਾਂਡੇ ਦਾ ਮੋੜ ਮੁੜਦਿਆਂ ਜਾਣ ਕੇ ਨੱਕ ਦਾ ਸੁੜ੍ਹਾਕਾ ਮਾਰਿਆ। ਪਪੀਹੇ ਤੋਂ ਆਖਣੋਂ ਨਾ ਰਿਹਾ ਗਿਆ :

"ਇਹ ਗੁੰਡਿਆਂ ਦੀ ਪੱਕੀ ਪਛਾਣ ਹੈ, ਜਿਨ੍ਹਾਂ ਦੀ ਨਜ਼ਰ ਹੋਰਨਾਂ ਥਾਵਾਂ ਨਾਲੋਂ ਸੈਂਡਲਾਂ ਉਤੇ ਜਾ ਕੇ ਖਲੋ ਜਾਵੇ।"

"ਓ ! ਮਰੋਂ ਤੂੰ।" ਬਹਾਲ ਨੇ ਕੈਨਟੀਨ ਦੇ ਨੌਕਰ ਵਲ ਇਸ਼ਾਰਾ ਕਰਦਿਆਂ ਤਾੜਨਾ ਕੀਤੀ।

ਓਹ ਦੋਵੇਂ ਕੈਨਟੀਨ ਵਿਚ ਮੇਜ਼ ਦੇ ਦੁਆਲੇ ਆ ਬੈਠੇ। ਪਪੀਹੇ ਨੇ ਮੁਸਕੜੀਆਂ ਹੱਸਦੇ ਨੇ ਆਖਿਆ :

"ਮੈਨੂੰ ਸੁਆਦ ਆ ਜਾਣਾ ਸੀ, ਜੇ ਥਾਣੇਦਾਰੀ ਦਾ ਮੁੱਲ ਪੈ ਜਾਂਦਾ।"

"ਤੂੰ ਗਧਾ ਏਂ ?" ਬਹਾਲ ਨੇ ਮੇਜ਼ ਹੇਠਾਂ ਪੈਰ ਠਕੋਰ ਕੇ ਉਸ ਨੂੰ ਮੁੜ ਚੇਤੰਨ ਕੀਤਾ।

"ਯੈਸ ਅਰ।" ਪਪੀਹੇ ਦੇ ਪਿਛੇ ਆਰਡਰ ਲੈਣ ਆਉਂਦੇ ਨੌਕਰ ਦੇ ਮੂੰਹੋਂ ਸੁਤੇ-ਸਿੱਧ ਨਿਕਲ ਗਿਆ।

2

ਲੁਧਿਆਣੇ ਦੇ ਰੇਲਵੇ-ਜੰਕਸ਼ਨ ਤੋਂ ਲਹਿੰਦੀ ਵਲ, ਤਕਰੀਬਨ ਕਚਹਿਰੀਆਂ ਦੇ ਪਿਛਵਾੜੇ, ਕੈਂਚੀ-ਕਾਟਵੀਆਂ ਕਈ ਸੜਕਾਂ ਵਿਚਕਾਰ, ਸਿਵਲ ਲਾਈਨਜ਼ ਵਸੀ ਹੋਈ ਸੀ। ਜੇਕਰ ਰੇਲਵੇ ਪੁਲ ਤੋਂ ਵੇਖੀਏ ਤਦ ਹੁਸੀਨ ਕੋਠੀਆਂ ਦੇ ਮਾਣ ਨੂੰ ਉੱਚੇ ਯੂਕਲਿਪਟਸ

Sri Satguru Jagjit Singh Ji eLibrary NamdhariElibrary@gmail.com

ਭਾਰੇ ਬਿੰਬੜ ਅਤੇ ਟਾਹਲੀਆਂ ਦੇ ਦਰੱਖ਼ਤਾਂ ਦੀ ਹਰਿਆਵਲ ਬੁੱਕਲ ਵਿਚ ਲੈ ਕੇ ਲਡਿਆਰ ਰਹੀ ਸੀ। ਦੁੱਧ-ਚਿੱਟੀਆਂ ਕੋਠੀਆਂ ਅਤੇ ਹਰਿਆਵਲ ਸਦਕਾ ਕੁਦਰਤ ਚਿੱਤਕਬਰੀ ਮੁਸਕਾਣ ਬਣੀ ਹੋਈ ਸੀ। ਇਉਂ ਜਾਪਦਾ ਸੀ, ਜਿਵੇਂ ਕੋਈ ਰੂਪ-ਰਾਣੀ ਇੰਤਜ਼ਾਰ ਦੀਆਂ ਘੜੀਆਂ ਵਿਚ ਜਾਪਾਨੀ ਬਾਵਿਆਂ ਨਾਲ ਦਿਲਪਰਚਾਵਾ ਸ਼ੁਰੂ ਕਰ ਦੇਵੇਗੀ। ਸਿਵਲ ਲਾਈਨਜ਼ ਦੇ ਅੰਦਰ ਫਿਰਦਿਆਂ ਅਸੀਂ ਦੇਖ ਸਕਦੇ ਹਾਂ, ਤਕਰੀਬਨ ਹਰ ਕੋਠੀ ਅਗੇ ਥੋੜਾ ਬਹੁਤਾ ਲਾਅਨ, ਗਮਲਿਆਂ ਵਿਚ ਲੱਗੇ ਫੁੱਲ ਅਤੇ ਦੀਵਾਰਾਂ ਉਤੇ ਚੜ੍ਹੀਆਂ ਵੇਲਾਂ, ਖਾਂਦੇ-ਪੀਂਦੇ ਮਨੁੱਖ ਦੇ ਸ਼ੌਕ-ਸ਼ਿੰਗਾਰ ਦਾ ਹਿੱਸਾ ਬਣੀਆਂ ਹੋਈਆਂ ਸਨ। ਚੌੜੀਆਂ ਸੁਰਮਈ ਸੜਕਾਂ, ਫ਼ੁੱਵਾਰੇ ਵਾਲੇ ਚੌਕ ਤੋਂ ਨਿਕਲ ਕੇ ਗੋਰੀ ਦੇ ਵਾਹੇ ਕੇਸਾਂ ਦੀਆਂ ਲਿਟਾਂ ਵਾਂਗ ਲੰਮੀਆਂ ਲੰਮੀਆਂ ਫੈਲ ਗਈਆਂ ਸਨ।

ਇਸ ਤਰ੍ਹਾਂ ਦੀ ਹਾਈ-ਜੈਂਟਰੀ ਦੀ ਇਹ ਵਸਤੀ ਸੀ, ਜਿਸ ਵਿਚ ਪ੍ਰੋਫ਼ੈਸਰ, ਐਡਵੋਕੇਟ, ਰੀਟਾਇਰਡ ਆਫ਼ੀਸਰ, ਸ਼ਹਿਰ ਦੇ ਵਿਰਲੇ ਵਿਰਲੇ ਸੇਠ ਅਤੇ ਕੋਈ ਕੋਈ ਪਿੰਡਾਂ ਨੂੰ ਨਫ਼ਰਤ ਕਰਨ ਵਾਲਾ ਜ਼ਿਮੀਂਦਾਰ ਰਹਿੰਦਾ ਸੀ। ਹਰ ਵੱਡੇ ਸ਼ਹਿਰ ਦੇ ਕਿਸੇ ਹਰਿਆਵਲੇ, ਸਾਫ਼ ਸੁਥਰੇ ਅਤੇ ਖ਼ੂਬਸੂਰਤ ਪਾਸੇ ਅਜਿਹੀ ਵਸਤੀ ਸਿਵਲ ਲਾਈਨਜ਼, ਮਾਲ ਰੋਡ ਅਥਵਾ ਮਾਡਲ ਟਾਊਨ ਦੇ ਨਾਂਵਾਂ ਨਾਲ ਵਸੀ ਹੁੰਦੀ ਹੈ। ਏਨ੍ਹਾਂ ਵਿਚਲੀਆਂ ਕੋਠੀਆਂ ਦੇ ਵੀ ਕਈ ਤਰ੍ਹਾਂ ਦੇ ਨਾਂ ਰਖੇ ਹੁੰਦੇ ਹਨ। ਸਿਵਲ ਲਾਈਨਜ਼ ਦੀਆਂ ਆਮ ਕੋਠੀਆਂ ਵਰਗੀ ਇਕ ਕੋਠੀ 'ਗਰੇਵਾਲ ਕਾਟੇਜ' ਸੀ, ਜਿਹੜੀ ਸੜਕ ਤੋਂ ਪੰਦਰਾਂ ਵੀਹ ਕਦਮਾਂ ਪਿਛਾਂਹ ਹਟਵੀਂ ਬਣੀ ਸੀ। ਉਸ ਦੇ ਅਗੇ ਅਤੇ ਦੋਹੀਂ ਪਾਸੀਂ ਖਟੀਆਂ ਦੀ ਵਾੜ ਸੀ, ਜਿਸ ਵਿਚ ਦੀ ਕੰਡਿਆਲੀ ਤਾਰ ਖਿੱਚੀ ਹੋਈ ਸੀ। ਲਾਅਨ ਥੋੜਾ ਅਤੇ ਸਬਜ਼ੀਆਂ ਦੀਆਂ ਕਿਆਰੀਆਂ ਬਹੁਤੀਆਂ ਸਨ, ਜਿਨ੍ਹਾਂ ਵਿਚ ਗ਼ੁਸਲਖਾਨੇ ਦਾ ਪਾਣੀ ਆ ਕੇ ਪੈਂਦਾ ਸੀ। ਇਕ ਖੂੰਜੇ ਕਾਰ ਦੇ ਗਰਾਜ ਵਿਚ ਮੱਝ ਬੱਝੀ ਹੋਈ ਸੀ। ਕਦੇ ਇਹ ਕੋਠੀ ਸੱਟੇ ਦੇ ਇਕ ਵਪਾਰੀ ਕੋਲ ਸੀ। ਕੋਠੀ ਨੀਲਾਮੀ ਸਮੇਂ ਸਰਦਾਰ ਗੁਰਬਚਨ ਸਿੰਘ ਗਰੇਵਾਲ ਨੇ ਖ਼ਰੀਦ ਲਈ ਅਤੇ ਸੇਠ ਦੀ ਕਾਰ ਇਕ ਡਾਕਟਰ ਬੋਲੀ ਦੇ ਕੇ ਲੈ ਗਿਆ ਸੀ। ਕੋਠੀ ਦੇ ਖੱਬੇ ਪਾਸੇ ਦੋ ਕਨਾਲ ਦਾ ਇਕ ਪਲਾਟ ਖਾਲੀ ਪਿਆ ਸੀ, ਜਿਸ ਵਿਚ ਜੰਗਲੀ ਕਿਸਮ ਦਾ ਘਾਹ-ਬਰੂਟ ਉੱਗ ਆਇਆ ਸੀ।

ਸ਼ਾਮ ਦੇ ਪੰਜ ਵਜ ਚੁੱਕੇ ਸਨ। ਭਾਵੇਂ ਸੂਰਜ ਨਹੀਂ ਛਿਪਿਆ ਸੀ, ਪਰ ਉਸ ਦੇ ਤੇਜ ਨੂੰ ਗੇਟ ਲਾਗਲੇ ਬਿੰਬੜ ਨੇ ਰੋਕ ਲਿਆ ਸੀ। ਸਰਦੀਆਂ ਦੀ ਸ਼ਾਮ ਹਰ ਪਲ ਵਧਦੀ ਜਾ ਰਹੀ ਸੀ। ਇਕ ਅੱਧਖੜ ਜ਼ਨਾਨੀ 'ਗਰੇਵਾਲ ਕਾਟੇਜ' ਦਾ ਗੇਟ ਵੜਦਿਆਂ ਹੀ ਸਾਈਕਲ ਤੋਂ ਉੱਤਰ ਪਈ। ਉਸ ਸਾਈਕਲ ਦੀ ਘੰਟੀ ਨੂੰ ਵਜਾ ਕੇ ਕੋਠੀ ਵਾਲਿਆਂ ਨੂੰ ਆਪਣਾ ਆਉਣਾ ਜਣਾਇਆ। ਘੰਟੀ ਦੀ ਆਵਾਜ਼ ਸੁਣਦਿਆਂ ਹੀ ਅਲਸੇਸ਼ਨ ਭੌਂਕਿਆ ਅਤੇ ਕੋਠੀ ਦੇ ਮਾਲਕ ਸਰਦਾਰ ਨੇ ਜਾਣਿਆਂ, ਕੋਈ ਬਾਹਰ ਆਇਆ ਹੈ। ਸਰਦਾਰ ਗੁਰਬਚਨ ਸਿੰਘ ਨੇ ਬਾਹਰ ਨਿਕਲਦਿਆਂ ਹੀ ਕੁੱਤੇ ਨੂੰ ਚੁਟਕੀ ਮਾਰ ਕੇ ਰੋਕਿਆ। ਜ਼ਨਾਨੀ ਨੇ ਬਰਾਂਡੇ ਕੋਲ ਆ ਕੇ 'ਸਤਿ ਸ੍ਰੀ ਅਕਾਲ' ਬੁਲਾਈ ਅਤੇ ਫਿਰ ਚਿੱਟ ਫੜਾਂਦਿਆਂ ਆਖਿਆ :

"ਮੈਂ ਤੁਹਾਡੀ ਹੈੱਡਮਿਸਟ੍ਰੈੱਸ ਦੀ ਚਪੜਾਸਣ ਹਾਂ। ਇਹ ਚਿੱਟ ਉਨ੍ਹਾਂ ਤੁਹਾਡੀ ਵਲ ਭੇਜੀ ਹੈ।"

"ਕੀ ਕਿਹਾ ਏ ਉਨ੍ਹਾਂ ?" ਸਰਦਾਰ ਨੇ ਚਿੱਟ ਖੋਲ੍ਹਦਿਆਂ ਪੁੱਛਿਆ।

Sri Satguru Jagjit Singh Ji eLibrary NamdhariElibrary@gmail.com

''ਦਰਸ਼ਨ ਦੇ ਦਾਖਲੇ ਬਾਰੇ ਹੈ ਜੀ। ਉਹ ਆਖਦੇ ਸਨ ਕਿ ਦਾਖ਼ਲਾ ਇਸ਼ ਸ਼ਰਤ ਤੇ ਭੇਜਦੇ ਹਾਂ, ਜੇਕਰ ਤੁਸੀਂ ਇਮਤਿਹਾਨ ਤੱਕ ਟਿਊਟਰ ਰਖਣ ਦੀ ਜ਼ਿੰਮੇਵਾਰੀ ਲਵੋ।''

ਨੇੜੇ ਹੀ ਡਰਾਇੰਗ ਰੂਮ ਵਿਚ ਕੋਈ ਸਤਾਰ ਦੀਆਂ ਤਾਰਾਂ 'ਚੋਂ ਟੁਣਕਾਰਾਂ ਪੈਦਾ ਕਰ ਰਿਹਾ ਸੀ ਅਤੇ ਨਾਲ੍ਹ ਨਾਲ ਧੀਰੇ ਧੀਰੇ ਗਾਉਣ ਦੀ ਆਵਾਜ਼ ਸਰਗਮ ਬਣਨ ਦਾ ਯਤਨ ਕਰ ਰਹੀ ਸੀ।

ਚਿੱਟ ਪੜ੍ਹੇ ਜਾਣ ਪਿਛੋਂ ਸਰਦਾਰ ਨੇ ਸਿਰ ਹਿਲਾਇਆ।

''ਟਿਊਟਰ ਕਲ੍ਹ ਤੋਂ ਹੀ ਰਖ ਦਿਆਂਗੇ, ਉਨ੍ਹਾਂ ਨੂੰ ਕਹਿਣਾ, ਬੇਫ਼ਿਕਰ ਹੋ ਕੇ ਦਾਖ਼ਲਾ ਭੇਜ ਦੇਣ।''

ਚਪੜਾਸਣ 'ਸਤਿ ਸ੍ਰੀ ਅਕਾਲ' ਬੁਲਾ ਕੇ ਚਲੀ ਗਈ। ਸਰਦਾਰ ਚਿੱਟ ਫੜੀ ਡਰਾਇੰਗ-ਰੂਮ ਵਿਚ ਆ ਗਿਆ। ਦਰਸ਼ਨ ਨੇ ਪਿਤਾ ਜੀ ਦੇ ਆਉਣ ਤੇ ਹੀ ਉਂਗਲਾਂ ਸਤਾਰ ਵਿਚੋਂ ਵੱਖ ਕਰ ਲਈਆਂ। ਦਰਸ਼ਨ ਦਾ ਹਲਕਾ ਸਾਂਵਲਾ ਰੰਗ ਇੰਨ ਬਿੰਨ ਆਪਣੇ ਪਿਤਾ ਜੀ ਨਾਲ ਮਿਲਦਾ ਜੁਲਦਾ ਸੀ। ਪਿਤਾ ਨੇ ਹੱਸਦਿਆਂ ਕਿਹਾ :

''ਤੇਰੇ ਬਾਰੇ ਸਕੂਲੋਂ ਵਾਰਨਿੰਗ ਆਈ ਏ ਕਿ ਇਸ ਐਤਕੀਂ ਵੀ ਪਾਸ ਨਹੀਂ ਹੋਣਾ, ਇਸ ਦਾ ਦਾਖ਼ਲਾ ਰੋਕ ਲਿਆ ਜਾਵੇ।''

''ਇਹ ਇਕ ਚਾਨਸ ਹੁੰਦਾ ਏ ਪਿਤਾ ਜੀ, ਪਿਛਲੇ ਸਾਲ ਮੇਰੇ ਨਾਲੋਂ ਕਈ ਕਮਜ਼ੋਰ ਕੁੜੀਆਂ ਮੈਟ੍ਰਿਕ ਕਰ ਗਈਆਂ।'' ਉਸ ਸੱਜੇ ਹੱਥ ਦੀ ਉਂਗਲ ਵਿਚੋਂ ਮਿਜ਼ਰਾਬ ਨੂੰ ਲਾਹੁੰਦਿਆਂ ਉੱਤਰ ਦਿਤਾ।

''ਮੈਂ ਕਿਹਾ, ਕੁਝ ਸੁਣਿਆ ਈ ?'' ਸਰਦਾਰ ਨੇ ਕੁਝ ਯਾਦ ਆ ਜਾਣ ਵਾਂਗ ਦਰਵਾਜ਼ੇ 'ਚ ਹੁੰਦਿਆਂ ਰਸੋਈ ਵਲ ਨੂੰ ਅਵਾਜ਼ ਮਾਰੀ। ''ਤੂੰ ਜ਼ਰੂਰ ਕੜਛੀ ਪਤੀਲੇ ਵਿਚ-ਦੀ ਕੱਢ ਦੇਣੀ ਏਂ।''

''ਮੈਨੂੰ ਸੁਣਨ ਦੀ ਕੀ ਲੋੜ, ਮਰਜੀ ਤਾਂ ਤੁਸੀਂ ਪਿਓ ਧੀ ਨੇ ਆਪਣੀ ਕਰਨੀ ਹੈ।'' ਦਰਸ਼ਨ ਦੇ ਬੀ ਜੀ ਨੇ ਰਸੋਈ ਵਿਚੋਂ ਹੀ ਬਿਨਾਂ-ਸੁਣੇ ਉੱਤਰ ਦੇ ਮਾਰਿਆ।

''ਲੈ ਬੀ ਜੀ, ਮੈਨੂੰ ਵਿਚ ਐਵੇਂ ਈ ਲੈ ਬਹਿੰਦੇ ਓ, ਝਗੜਾ ਤੁਹਾਡਾ ਆਪਣਾ ਦੋਹਾਂ ਦਾ ਹੁੰਦਾ ਏ,।'' ਦਰਸ਼ਨ ਨੇ ਜਾਣ ਕੇ ਮਾਤਾ ਪਿਤਾ ਵਿਚਕਾਰ ਧੁਖਦੀ ਸੁਆਦਲੀ ਅੱਗ ਨੂੰ ਫੂਕ ਮਾਰ ਦਿਤੀ।

''ਮੈਂ ਸਭ ਕੁਝ ਸਮਝਦੀ ਹਾਂ ਦਰਸ਼ਨ, ਤੁਸੀਂ ਪਿਉ ਧੀ ਚਾਰ ਅੱਖਰ ਪੜ੍ਹ ਗਏ ਓ, ਕੁੱਤੇ ਨੂੰ ਲੇਲਾ ਤੇ ਲੇਲੇ ਨੂੰ ਕੁੱਤਾ ਬਣਾਈ ਜਾਵੋ।''

''ਮੈਂ ਕਿਹਾ, ਗੁਰਦਰਸ਼ਨ ਕਿਥੇ ਗਿਆ ਏ ?'' ਗੁਰਬਚਨ ਸਿੰਘ ਨੇ ਪਰਤਾਪ ਕੌਰ ਤੋਂ ਪੁਛਿਆ।

''ਉਹ ਤਾਂ ਪਿਤਾ ਜੀ ਖੇਡਣ ਗਿਆ ਏ ?'' ਦਰਸ਼ਨ ਨੇ ਆਪਣੀ ਬੀ ਜੀ ਦੀ ਥਾਂ ਉੱਤਰ ਦਿਤਾ।

''ਹੱਛਾ ਫਿਰ ਤੂੰ ਹੀ ਪ੍ਰਕਾਸ਼ ਨੂੰ ਬੁਲਾ ਲਿਆ।''

''ਕਿਉਂ ?'' ਦਰਸ਼ਨ ਨੇ ਅੰਦਰੋਂ ਉਠ੍ਹੀ ਖ਼ੁਸ਼ੀ ਨੂੰ ਮਿੱਠੇ ਸਾਂਵਲੇ ਰੰਗ ਵਿਚ ਹੀ ਜ਼ਬਤ ਕਰ ਲਿਆ।

''ਜੇ ਐਤਕੀਂ ਦਸਵੀਂ ਕਰਨੀ ਏਂ ਤਾ ਟਿਊਟਰ ਰਖਦੇ ਹਾਂ ਨਹੀਂ ਤਾਂ ਕੋਈ ਲੋੜ ਨਹੀਂ।''

Sri Satguru Jagjit Singh Ji eLibrary NamdhariElibrary@gmail.com

"ਤੁਹਾਡਾ ਕੀ ਖ਼ਿਆਲ ਹੈ ਅਗੇ ਮੈਂ ਜਾਣ ਕੇ ਫ਼ੇਲ੍ਹ ਹੋ ਗਈ ਸਾਂ।"

"ਨਹੀਂ, ਮੇਰਾ ਮਤਲਬ ਹੈ ਜੇ ਤੂੰ ਦਸਵੀਂ ਕਰ ਲਵੇਂ, ਫਿਰ ਤੈਨੂੰ ਕਿਸੇ ਸੰਗੀਤ ਵਿਦਿਆਲੇ ਭੇਜ ਦੇਵਾਂ। ਖ਼ੈਰ ਤੂੰ ਪ੍ਰਕਾਸ਼ ਨੂੰ ਲਿਆ ਸੱਦ ਕੇ।" ਗਰੇਵਾਲ ਦੇ ਧੁੰਦਲੇ ਦਿਮਾਗ਼ ਨੇ ਕਈ ਉਤਰਾ ਚੜ੍ਹਾ ਲਏ।

ਦਰਸ਼ਨ ਨੇ ਸਟੋਰ 'ਚੋਂ ਸਾਈਕਲ ਕਢਿਆ ਅਤੇ ਬਰਾਂਡੇ ਦੀ ਹੇਠਲੀ ਪੌੜੀ ਤੋਂ ਹੀ ਸਵਾਰ ਹੋ ਗਈ। ਉਨ੍ਹਾਂ ਦਾ ਕੁੱਤਾ ਗੇਟ ਤੱਕ ਨਾਲ ਗਿਆ, ਪਰ ਦਰਸ਼ਨ ਦੇ ਘੂਰ ਦੇਣ ਕਾਰਨ ਵਾਪਸ ਮੁੜ ਗਿਆ। ਸੰਗੀਤ ਦੀ ਵਧਦੀ ਦਿਲਚਸਪੀ ਨੇ ਦਰਸ਼ਨ ਦੀ ਪੜ੍ਹਾਈ ਵਿਚੋਂ ਰੁਚੀ ਮਾਰੀ ਨਹੀਂ ਤਾਂ ਘਟਾ ਜ਼ਰੂਰ ਦਿਤੀ ਸੀ। ਜਦ ਤੋਂ ਉਸ ਨੂੰ ਰੇਡੀਓ-ਪ੍ਰੋਗਰਾਮ ਮਿਲਣੇ ਸ਼ੁਰੂ ਹੋਏ ਸਨ, ਉਸ ਵਿਚ ਬਿਲਕੁਲ ਹੀ ਨਵੀਂ ਤਬਦੀਲੀ ਆ ਗਈ ਸੀ। ਉਸ ਨੂੰ ਇਉਂ ਮਹਿਸੂਸ ਹੋ ਰਿਹਾ ਸੀ, ਜਿਵੇਂ ਉਸ ਦੇ ਪਰ ਫੁਟ ਪਏ ਹਨ ਅਤੇ ਉਹ ਤੁਰਨ ਦੀ ਥਾਂ ਉੱਡ ਰਹੀ ਹੈ। ਪ੍ਰਸੰਸਾ ਅਤੇ ਸਤਿਕਾਰ ਕਾਰਨ ਉਸ ਅੰਦਰਲਾ ਰੂਪ ਨਕਸ਼-ਕਲਾ ਵਿਚ ਨਸ਼ਿਆ ਨਸ਼ਿਆ ਮੁਸਕਾ ਰਿਹਾ ਸੀ। ਹੁਣ ਉਹ ਅਗਲੇ ਮਹੀਨੇ ਪੂਰੇ ਸਤਾਰ੍ਹਾਂ ਸਾਲ ਦੀ ਹੋ ਰਹੀ ਸੀ। ਉਸ ਆਪਣੇ ਬਰਾਬਰੋਂ ਅਤੇ ਪਿੱਛਿਓਂ ਕਈ ਵਾਰ ਆਵਾਜ਼ਾਂ ਸੁਣੀਆਂ ਸਨ, 'ਅਹੁ ਮਿਸ ਗਰੇਵਾਲ ਜਾ ਰਹੀ ਹੈ।" ਪ੍ਰਕਾਸ਼ ਹੀ ਇਕ ਅਜਿਹਾ ਖ਼ੁਸ਼ਕ ਨੌਜਵਾਨ ਸੀ, ਜਿਸ ਉਸ ਦੀ ਕਦੇ ਪ੍ਰਸੰਸਾ ਨਹੀਂ ਕੀਤੀ ਸੀ ਅਤੇ ਨਾ ਹੀ ਸੰਗੀਤ ਨੂੰ ਸਲਾਹਿਆ ਸੀ। ਦਰਸ਼ਨ ਦੇ ਖ਼ਿਆਲ ਵਿਚ ਪ੍ਰਕਾਸ਼ ਚੰਗਾ ਮੁੰਡਾ ਸੀ, ਪੜ੍ਹਾਈ ਵਿਚ ਹੁਸ਼ਿਆਰ, ਰੀਜ਼ਰਵ ਸੁਭਾ ਅਤੇ ਹਮੇਸ਼ਾ ਸੱਚ-ਬੋਲਾ। ਪਰ ਉਸ ਨੂੰ ਪ੍ਰਕਾਸ਼ ਦੀ ਚੰਗਿਆਈ ਚੁਭਦੀ ਵੀ ਸੀ, ਜਿਵੇਂ ਗੁਲਾਬ ਦੀ ਰੁਪਾਂਤਰ ਵਡਿਆਈ ਨਾਲ ਕੰਡੇ। ਬਹੁਤੀ ਵਾਰ ਪ੍ਰਕਾਸ਼ ਉਸ ਨੂੰ ਚਿੜਾਉਣ ਵਿਚ ਜ਼ਿਆਦਾ ਸੁਆਦ ਲੈਂਦਾ ਸੀ।

ਪ੍ਰਕਾਸ਼ ਅਤੇ ਦਰਸ਼ਨ ਦੇ ਪਿਤਾ ਜੀ ਮਿਲਟਰੀ ਦੀ ਇਕੋ ਯੂਨਿਟ ਵਿਚ ਬੜੇ ਗੂੜ੍ਹੇ ਦੋਸਤ ਬਣ ਗਏ ਸਨ। ਉਨ੍ਹਾਂ ਸ਼ਰਾਬੀ ਹੋਇਆਂ ਨੇ ਕੈਨਟੀਨ ਵਿਚ ਪੱਗਾਂ ਵੀ ਵਟਾਈਆਂ ਸਨ। ਦਰਸ਼ਨ ਦਾ ਪਿਤਾ ਕਪਤਾਨ ਸੀ ਅਤੇ ਉਸ ਦਾ ਜ਼ਿਲ੍ਹਾ ਲੁਧਿਆਣਾ ਹੀ ਸੀ। ਪੈਨਸ਼ਨ ਆ ਕੇ ਬੱਚਿਆਂ ਨੂੰ ਪੜ੍ਹਾਉਣ ਖ਼ਾਤਰ ਉਸ ਪਿੰਡ ਛੱਡ ਕੇ ਸਿਵਿਲ ਲਾਈਨਜ਼ ਵਿਚ ਕੋਠੀ ਖ਼ਰੀਦ ਲਈ ਅਤੇ ਬਾਕੀ ਜ਼ਿੰਦਗੀ ਸਭਿਅਕ ਵਾਤਾਵਰਨ ਵਿਚ ਗੁਜ਼ਾਰਨ ਦਾ ਪ੍ਰੋਗਰਾਮ ਬਣਾ ਲਿਆ ਸੀ। ਪ੍ਰਕਾਸ਼ ਦਾ ਪਿਤਾ ਵੀ ਸੂਬੇਦਾਰੀ ਪੈਨਸ਼ਨ ਆਇਆ ਸੀ ਅਤੇ ਉਸ ਦਾ ਜ਼ਿਲ੍ਹਾ ਸਿਆਲਕੋਟ ਸੀ। ਪਾਕਿਸਤਾਨ ਬਣ ਜਾਣ ਪਿਛੋਂ ਉਸ ਆਪਣੀ ਜ਼ਮੀਨ ਗੁਰਬਚਨ ਸਿੰਘ ਦੀ ਦੋਸਤੀ ਦੇ ਕਾਰਨ ਹੀ ਲੁਧਿਆਣੇ ਵਿਚ ਉਸ ਦੇ ਪਿੰਡ ਤੋਂ ਚਾਰ ਮੀਲ ਦੀ ਵਿੱਥ ਤੇ ਹਲਵਾਰੇ ਕਟਵਾਈ ਸੀ। ਭਾਵੇਂ ਪ੍ਰਕਾਸ਼ ਦੇ ਪਿਤਾ ਕੋਲ ਬਹੁਤੀ ਪੂੰਜੀ ਨਹੀਂ ਸੀ, ਪਰ ਦੋਹ ਬੱਚਿਆਂ ਨੂੰ ਪੜ੍ਹਾਉਣ ਜੋਗਾ ਪੰਜ ਕੁ ਹਜ਼ਾਰ ਰੁਪਿਆ ਜ਼ਰੂਰ ਸੀ, ਜਿਹੜਾ ਉਸ ਆਪਣੇ ਦੋਸਤ ਕੋਲ ਅਮਾਨਤ ਰਖ ਛੱਡਿਆ ਸੀ। ਪਿੰਡਾਂ ਦੇ ਹਾਲਾਤ ਵਿਗੜੇ ਦੇਖ ਕੇ ਉਸ ਗਹਿਣਾ ਵੀ ਗਰੇਵਾਲ ਕੋਲ ਲਿਆ ਰਖਿਆ।

ਪਾਕਿਸਤਾਨ ਬਣ ਜਾਣ ਤੋਂ ਦੋ ਸਾਲ ਪਿਛੋਂ ਹੀ ਪ੍ਰਕਾਸ਼ ਦਾ ਪਿਤਾ ਸੁਰਗਵਾਸ ਹੋ ਗਿਆ। ਮਰਨ ਤੋਂ ਪਹਿਲਾਂ ਇਕ ਪ੍ਰਾਈਵੇਟ ਹਸਪਤਾਲ ਵਿਚ ਉਸ ਆਪਣੇ ਗਰੇਵਾਲ ਦੋਸਤ ਦਾ ਹੱਥ ਘੁੱਟਿਆ। ਉਸ ਦੀ ਮੌਤ ਬਿਲਕੁਲ ਹੀ ਆਸ ਤੋਂ ਪਹਿਲਾਂ ਹੋ ਗਈ ਸੀ। ਉਸ ਰਾਤ ਹਸਪਤਾਲ ਵਿਚ ਪ੍ਰਕਾਸ਼ ਅਤੇ ਗੁਰਬਚਨ ਸਿੰਘ ਤੋਂ ਬਿਨਾਂ ਕੋਈ ਨਹੀਂ

Sri Satguru Jagjit Singh Ji eLibrary NamdhariElibrary@gmail.com

ਸੀ। ਪ੍ਰਕਾਸ਼ ਤੋਂ ਛੋਟਾ ਹਰਪਾਲ ਪਿਛਲੇ ਸਾਲ ਦਸਵੀਂ ਕਰ ਕੇ ਮਿਲਟਰੀ 'ਚ ਭਰਤੀ ਹੋ ਗਿਆ ਸੀ। ਪ੍ਰਕਾਸ਼ ਦੀ ਮਾਤਾ ਉਸ ਦੇ ਚਾਚੇ ਦੇ ਪਰਵਾਰ ਨਾਲ ਹਲਵਾਰੇ ਪਿੰਡ ਹੀ ਰਹਿੰਦੀ ਸੀ ਅਤੇ ਹੁਣ ਉਹ ਬੀ.ਏ. ਦੇ ਆਖ਼ਰੀ ਸਾਲ ਵਿਚ ਸੀ। ਪਿਤਾ ਦੀ ਮੌਤ ਨੇ ਉਸ ਨੂੰ ਵਿਰਸੇ ਵਿਚ ਅਨੇਕਾਂ ਜ਼ਿੰਮੇਵਾਰੀਆਂ ਸੌਂਪ ਦਿਤੀਆਂ ਸਨ ਅਤੇ ਏਨ੍ਹਾਂ ਜ਼ਿੰਮੇਵਾਰਿਆਂ ਨੇ ਉਸ ਨੂੰ ਮੁੱਢ ਉਮਰ ਵਿਚ ਹੀ ਚੁਸਤ, ਮਿਹਨਤੀ ਅਤੇ ਸਿਦਕਵਾਨ ਬਣਾ ਦਿਤਾ ਸੀ।

ਸਿਵਲ ਲਾਈਨਜ਼ ਦੀ ਇਕ ਚੌੜੀ ਸੜਕ 'ਚੋਂ ਇਕ ਟੇਢੀ ਸੜਕ ਨਿਕਲਦੀ ਸੀ, ਜਿਸ ਉਤੇ ਸ਼ਾਨਦਾਰ ਕੋਠੀਆਂ ਦੀ ਥਾਂ ਕੁਝ ਸਸਤੀ ਕਿਸਮ ਦੇ ਕੁਆਟਰ ਪਏ ਹੋਏ ਸਨ, ਜਿਹੜੇ ਕੁਝ ਦੁਕਾਨਾਂ ਹੋਣ ਨਾਲ ਧੋਬੀਆਂ ਅਤੇ ਬੱਚਤ-ਲੋੜਦੇ ਵਿਦਿਆਰਥੀਆਂ ਦੀ ਰਿਹਾਇਸ਼ ਬਣੇ ਹੋਏ ਸਨ। ਦਰਸ਼ਨ ਸਾਈਕਲ ਉਤੇ ਸਵਾਰ ਪਹਿਲੇ ਕਵਾਟਰ ਦੀ ਬਾਰੀ ਹੇਠ ਕੰਧ ਨਾਲ ਲੱਤ ਲਾ ਕੇ ਖਲੋ ਗਈ ਅਤੇ ਸਹਿਜ ਨਾਲ ਪੁਕਾਰਿਆ :

"ਪ੍ਰਕਾਸ਼ !"

ਸ਼ੀਸ਼ੇ ਦੀ ਪਲੇਟ ਵਿਚ-ਦੀ ਪ੍ਰਕਾਸ਼ ਤੋਂ ਪਹਿਲਾਂ ਉਸ ਦੇ ਇਕ ਹੋਰ ਦੋਸਤ ਨੇ ਮਿਸ ਗਰੇਵਾਲ ਨੂੰ ਦੇਖ ਲਿਆ, ਜਿਹੜਾ ਉਸ ਦੇ ਕਵਾਟਰ ਵਿਚ ਅਖ਼ਰੋਟ ਤੋੜ ਤੋੜ ਖਾ ਰਿਹਾ ਸੀ। ਉਸ ਪ੍ਰਕਾਸ਼ ਨੂੰ ਅਖਰੋਟ ਦੀ ਛਿੱਲੜ ਮਾਰ ਕੇ ਛੇੜਿਆ। ਪ੍ਰਕਾਸ਼ ਨੇ ਛੇੜ ਦੀ ਪਰਵਾਹ ਕਰੇ ਬਿਨਾਂ ਸੰਜੀਦਗੀ ਨਾਲ ਬਾਰੀ ਵਿਚੋਂ ਦੇਖਿਆ। ਫਿਰ ਦਰਸ਼ਨ ਦੇ ਚਿਹਰੇ ਤੋਂ ਬੁਲਾਏ ਜਾਣਾ ਪੜ੍ਹ ਕੇ ਉਠ ਖਲੋਤਾ। ਦਾਲਚੀਨੀ ਰੰਗ ਦੀ ਬੰਨ੍ਹੀ ਹੋਈ ਪੱਗ ਨੂੰ ਸਿਰ ਉਤੇ ਰਖਿਆ ਅਤੇ ਸ਼ੀਸ਼ੇ ਅਗੇ ਉਸ ਨੂੰ ਹਿਲਾ-ਜੁਲਾ ਕੇ ਠੀਕ ਕੀਤਾ। ਉਹ ਕਣਕ-ਵੰਨੇ ਰੰਗ ਵਿਚ ਸਾਧਾਰਨ ਨੌਜਵਾਨ ਦਿਸਦਾ ਸੀ। ਕਾਲਜੀਏਟਾਂ ਵਾਲੀ ਸ਼ੋਅ ਅਤੇ ਭੜਕ ਉਸ ਵਿਚ ਉੱਕੀ ਨਹੀਂ ਸੀ। ਸਾਦਗੀ ਨਾਲ ਉਸ ਨੂੰ ਖ਼ਾਸ ਇਸ਼ਕ ਸੀ। ਦਰਮਿਆਨੀ ਜਮਾਤ ਦੀਆਂ ਖ਼ਾਸੀਅਤਾਂ ਨਾਲ ਉਸ ਦਾ ਕੱਦ ਵੀ ਦਰਮਿਆਨਾ ਹੀ ਸੀ। ਜ਼ਬਤ ਅਤੇ ਸ਼ੀਲਤਾ ਉਸ ਦਾ ਹੁਸੀਨ ਸਰਮਾਇਆ ਸਨ। ਉਸ ਬਾਹਰ ਔਉਂਦਿਆਂ ਪੁੱਛਿਆ :

"ਕੀ ਗੱਲ ਏ ਦਰਸ਼ਨ, ਅੱਜ ਤੂੰ ਆਈ ਏਂ ?" ਦਰਸ਼ਨ ਦਾ ਆਉਣਾ ਉਸ ਨੂੰ ਅੰਤਰੀਵ ਚੁਭ ਰਿਹਾ ਸੀ।

"ਤੁਹਾਨੂੰ ਪਿਤਾ ਜੀ ਨੇ ਸੱਦਿਆ ਏ, ਤੁਸੀਂ ਸਾਈਕਲ ਲੈ ਕੇ ਬਾਹਰ ਆਵੋ।"

"ਮੇਰੀ ਸਾਈਕਲ ਬਜ਼ਾਰ ਗਈ ਏ; ਪਰ ਪਿਤਾ ਜੀ ਨੇ ਕਿਉਂ ਸੱਦਿਆ ਏ ?" ਪ੍ਰਕਾਸ਼ ਨੇ ਦਰਸ਼ਨ ਨਾਲ ਤੁਰਦਿਆਂ ਇਕ ਰੋੜੀ ਨੂੰ ਬੂਟ ਦੀ ਠੋਕਰ ਮਾਰੀ।

"ਮੈਨੂੰ ਕੀ ਪਤਾ ਏ।" ਏਨੀ ਕਹਿ ਕੇ ਦਰਸ਼ਨ ਨੂੰ ਨਾਜ਼ ਚੜ੍ਹ ਆਇਆ। ਉਸ ਹਾਸੇ ਨੂੰ ਰੋਕਦਿਆਂ ਪ੍ਰਕਾਸ਼ ਦੀ ਖ਼ਾਕੀ ਜ਼ੀਨ ਦੀ ਪੈਂਟ ਵਲ ਇਸ਼ਾਰਾ ਕੀਤਾ, "ਕਿੰਨੀ ਵਾਰ ਵੈਲਡਿੰਗ ਕਰਵਾ ਚੁਕੇ ਓ ?"

ਪ੍ਰਕਾਸ਼ ਵੀ ਹੱਸਣੋਂ ਨਾ ਰੁਕ ਸਕਿਆ।

"ਤੇਰੇ ਵਸ ਦੀ ਗੱਲ ਨਹੀਂ ਦਰਸ਼ੋ, ਜਦੋਂ ਦੀ ਤੂੰ ਰੇਡੀਓ-ਆਰਟਿਸਟ ਬਣੀ ਏਂ, ਤੈਨੂੰ ਇਹ ਦੁਨੀਆ ਪੁਰਾਣੀ ਲੱਗਣ ਲਗ ਪਈ ਏ। ਹਾਂ, ਇਹ ਹੋਣਾ ਵੀ ਕੁਦਰਤੀ ਸੀ।"

Sri Satguru Jagjit Singh Ji eLibrary NamdhariElibrary@gmail.com

"ਤੈਨੂੰ ਮੇਰੇ ਰੇਡਿਓ ਤੇ ਗਾਣ ਦਾ ਬਹੁਤ ਦੁੱਖ ਏ ?" ਦਰਸ਼ਨ ਨੇ ਪਲ-ਕੁ ਮੱਥ ਸਕੋੜਿਆ।

"ਦੁੱਖ ਨਹੀਂ ਅਫ਼ਸੋਸ ਹੈ।"

ਇਕ ਮਿੰਟ ਉਹ ਦੋਵੇਂ ਚੁੱਪ ਤੁਰਦੇ ਗਏ। ਦਰਸ਼ਨ ਦੀ ਪਰਸੰਸਾ-ਭੁੱਖ ਨੂੰ ਫਿਰ ਕਰੜੀ ਸੱਟ ਵਜੀ। ਉਸ ਦਾ ਖ਼ਿਆਲ ਸੀ, ਪ੍ਰਕਾਸ਼ ਉਸ ਤੇ ਖਿੱਝਦਾ ਏ ਕਿਉਂਕਿ ਇਹ ਆਪਣੇ ਸਾਥੀਆਂ ਵਿਚ ਚੰਗਾ ਲੈਕਚਰ ਵੀ ਨਹੀਂ ਕਰ ਸਕਦਾ। ਇਹ ਗੱਲ ਵੱਖਰੀ ਹੈ ਕਿ ਹੁਸ਼ਿਆਰ ਹੈ, ਪਰ ਇਹ ਪਾਪੂਲਰ ਕਦੇ ਵੀ ਨਹੀਂ ਹੋ ਸਕੇਗਾ। ਉਸ ਨੂੰ ਆਪਣੇ ਖ਼ਿਆਲ ਨਾਲ ਅਜਿਹਾ ਵਿਸ਼ਵਾਸ ਹੁੰਦਾ ਜਾ ਰਿਹਾ ਸੀ।

"ਮੇਰਾ ਖ਼ਿਆਲ ਹੈ", ਪ੍ਰਕਾਸ਼ ਨੇ ਦਰਸ਼ਨ ਦੇ ਅੰਤਰੀਵ ਵਿਚਾਰਾਂ ਨੂੰ ਜੱਜ ਕਰਦਿਆਂ ਫਿਰ ਆਖਣਾ ਸ਼ੁਰੂ ਕੀਤਾ, "ਜਦੋਂ ਵੀ ਕਦੇ ਇਸ ਮਸਲੇ ਤੇ ਗੱਲ ਛਿੜੀ ਹੈ, ਤੈਨੂੰ ਮੇਰੀ ਆਖੀ ਗੱਲ ਹਮੇਸ਼ਾ ਬੁਰੀ ਲਗੀ ਹੈ, ਪਰ ਇਹ ਬੁਰੀ ਹੈ ਨਹੀਂ। ਗਾਉਣ ਨੂੰ ਹੌਬੀ ਦੇ ਤੌਰ ਤੇ ਅਪਨਾਉਣਾ ਚੰਗਾ ਹੈ, ਪਰ ਫ਼ੰਕਸ਼ਨ ਅਟੈਂਡ ਕਰਨ ਨਾਲ ਜਿੰਨੀ ਉਚੀ ਉਠੇਂਗੀ ਦੂਜੇ ਬੰਨੇ ਓਨੀ ਹੀ ਸੋਸਾਇਟੀ ਦੀਆਂ ਨਜ਼ਰਾਂ ਵਿਚ ਨੀਵੀਂ ਡਿੱਗੇਂਗੀ। ਇਹ ਸਸਤੀ ਸ਼ੁਹਰਤ ਬੱਚਿਆਂ ਦੇ ਗ਼ੁਬਾਰੇ 'ਚ ਭਰੀ ਜਾ ਰਹੀ ਫੂਕ ਹੈ ਤੇ ਅਖ਼ੀਰ ਪਤਾ ਏ......।"

ਦਰਸ਼ਨ ਨੇ ਵਿਚੋਂ ਹੀ ਖਿੱਝ ਕੇ ਆਖਿਆ :

"ਪ੍ਰਕਾਸ਼ ! ਤੈਨੂੰ ਹੋਰ ਕੋਈ ਗੱਲ ਨਹੀਂ ਆਉਂਦੀ, ਐਵੇਂ ਬੋਰ ਕਰਨ ਡਿਹਾ ਏਂ।"

"ਭਾਵੇਂ ਤੈਨੂੰ ਮੇਰੀ ਨੇਕ ਸਲਾਹ ਅੱਜ ਜ਼ਹਿਰ ਜਾਪਦੀ ਹੈ ਹਮਦਰਦੀ ਕਾਰਨ ਕਹੇ ਬਿਨਾਂ ਮੈਂ ਵੀ ਨਹੀਂ ਰਹਿ ਸਕਦਾ। ਜਿਥੋਂ ਤਕ ਮੈਂ ਸਮਾਜੀ ਕੀਮਤਾਂ ਨੂੰ ਸਟੱਡੀ ਕੀਤਾ ਏ ਤੇ ਹਾਲਾਤ ਵੀ ਇਸ ਤਰ੍ਹਾਂ ਹੀ ਵਾਪਰਦੇ, ਗਏ, ਤੂੰ ਮੇਰੀਆਂ ਗੱਲਾਂ ਨੂੰ ਯਾਦ ਕਰੇਂਗੀ, ਸ਼ਾਇਦ ਰੋ ਕੇ ਵੀ ਯਾਦ ਕਰੇਂ।" ਪ੍ਰਕਾਸ਼ ਦਾ ਅਨੁਭਵ ਦਰਸ਼ਨ ਦੇ ਨੇੜੇ-ਭਵਿਸ਼ ਨੂੰ ਤਾੜ ਰਿਹਾ ਸੀ।

"ਤੈਨੂੰ ਪਤਾ ਏ 'ਸੰਧੂ ਲਾਅਜ਼' ਵਾਲਿਆਂ ਦਾ ਮੁੰਡਾ ਕਿਉਂ ਪਾਗਲ ਹੋਇਆ ਸੀ ?" ਦਰਸ਼ਨ ਦਾ ਰੋਕਦਿਆਂ ਵੀ ਹਾਸਾ ਨਿਕਲ ਗਿਆ।

ਪ੍ਰਕਾਸ਼ ਨੇ ਵੀ ਹੱਸਦਿਆਂ ਗੱਲ ਦਾ ਟਾਪਕ ਬਦਲਣਾ ਹੀ ਚੰਗਾ ਸਮਝਿਆ। ਉਹ ਜਾਣ ਗਿਆ ਸੀ, ਇਸ ਨੂੰ ਹੋਰ ਕੁਝ ਕਹਿਣਾ ਉਲਟ ਜਾਵੇਗਾ।

"ਹੱਛਾ ਪਿਤਾ ਜੀ ਨੇ ਕਿਉਂ ਸੱਦਿਆ ਏ, ਤੂੰ ਦੱਸਿਆ ਨਾ ?" ਪ੍ਰਕਾਸ਼ ਵੀ ਦਰਸ਼ਨ ਨਾਲ ਪਿਤਾ ਜੀ ਹੀ ਆਖਣ ਲਗ ਪਿਆ ਸੀ।

"ਮੈਨੂੰ ਦਸਵੀਂ ਕਰਵਾਉਣੀ ਏਂ ਕਿ ਨਹੀਂ ?" ਉਹ ਤੁਰਨਾ ਛੱਡ ਤੇ ਸਾਈਕਲ ਦੇ ਡੰਡੇ ਨਾਲ ਲਗ ਕੇ ਖਲੋ ਗਈ। ਇਉਂ ਜਾਪਦਾ ਸੀ, ਜਿਵੇਂ ਦਸਵੀਂ ਕਰੇ ਬਿਨਾਂ ਉਹ ਅਗੇ ਇਕ ਪੈਰ ਵੀ ਨਹੀਂ ਪੁੱਟੇਗੀ।

"ਮੈਂ ਕਦੋਂ ਮੈਟ੍ਰਿਕ ਦਾ ਹੈੱਡ ਐਗਜ਼ਾਮੀਨਰ ਲਗਾ ਹੋਇਆ ਸੀ, ਜਿਹੜਾ ਤੈਨੂੰ ਪੇਪਰ ਵਖਾ ਦੇਂਦਾ। ਦਰਸ਼ੋ ! ਦੋਂਹ ਗੱਲਾਂ 'ਚੋਂ ਇਕ ਈ ਹੋਵੇਗੀ, ਪੜ੍ਹਾਈ ਜਾਂ ਟੂੰ ਟਾਂ।"

"ਬਸ ਤੂੰ ਨਾ ਇਹ ਗੱਲ ਛੱਡੀਂ।" ਦਰਸ਼ਨ ਨੇ ਮੂੰਹ ਵਟ ਲਿਆ।

' ਸੌਰੀ !" ਪ੍ਰਕਾਸ਼ ਨੇ ਜਾਣ ਕੇ ਦਰਸ਼ਨ ਨੂੰ ਹਸਾਉਣ ਲਈ ਕਹਿ ਦਿਤਾ। ਭਾਵੇਂ

Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਨੇ ਮੂੰਹ ਢਿੱਲਾ ਛਡਦਿਆਂ ਚਿਹਰੇ ਤੇ ਮੁਸਕਾਣ ਲੈ ਆਂਦੀ, ਪਰ ਜਿਸ ਪਹਿਲੂ ਤੋਂ ਉਹ ਖ਼ੁਸ਼ ਹੋਣਾ ਚਾਹੁੰਦੀ ਸੀ, ਉਸ ਕਦੇ ਤੋਰਿਆ ਹੀ ਨਹੀਂ ਸੀ। ਅਸਲ ਵਿਚ ਪ੍ਰਕਾਸ਼ ਹਵਾਈ ਗੱਲਾਂ 'ਚ ਯਕੀਨ ਨਹੀਂ ਰਖਦਾ ਸੀ ਅਤੇ ਕਿਸੇ ਨੂੰ ਫ਼ਜ਼ੂਲ ਫੂਕ ਦੇਣੀ ਉਹ ਉਸ ਨੂੰ ਗੁਮਰਾਹ ਕਰਨਾ ਸਮਝਦਾ ਸੀ, ਪਰ ਦਰਸ਼ਨ ਨੂੰ ਆਪਣੀ ਤਾਰੀਫ਼ ਨਾਲ ਬੜਾ ਅਨੰਦ ਆਉਂਦਾ ਸੀ।

ਕੋਠੀ ਆ ਜਾਣ ਤੇ ਉਹ ਦੋਵੇਂ ਸੰਜੀਦਾ ਹੋ ਗਏ। ਕੁੱਤਾ ਵਰਾਂਡੇ ਵਿਚੋਂ ਛਾਲ ਮਾਰ ਕੇ ਉਨ੍ਹਾਂ ਵਲ ਵਧਿਆ, ਉਸ ਆਉਂਦਿਆਂ ਹੀ ਦਰਸ਼ਨ 'ਤੇ ਪੌਂਚੇ ਲਾ ਲਏ।

"ਜੈਕ !" ਦਰਸ਼ਨ ਨੇ ਉਸ ਨੂੰ ਪੋਲੀ ਜਿਹੀ ਚੱਪਤ ਨਾਲ ਪਾਸੇ ਕਰ ਦਿਤਾ। ਪ੍ਰਕਾਸ਼ ਇਸ ਤਰ੍ਹਾਂ ਦੀ ਪੱਛਮਤਾ ਨੂੰ ਬਹੁਤਾ ਚੰਗਾ ਨਹੀਂ ਸਮਝਦਾ ਸੀ, ਪਰ ਗਰੇਵਾਲ ਫ਼ੈਮਲੀ ਵਿਚ ਉਸ ਆਪੇ ਨੂੰ ਇਸ ਪਹਿਲੂ ਤੋਂ ਜ਼ਾਹਰ ਨਹੀਂ ਕੀਤਾ ਸੀ।

"ਮੁਲਜ਼ਮ ਹਾਜ਼ਰ ਹੈ ਪਿਤਾ ਜੀ !" ਦਰਸ਼ਨ ਦੇ ਏਨੀ ਆਖਣ ਨਾਲ ਸਾਰੇ ਹੱਸ ਪਏ।

"ਸਤਿ ਸ੍ਰੀ ਅਕਾਲ ਪਿਤਾ ਜੀ !" ਪ੍ਰਕਾਸ਼ ਨੇ ਹੱਸਦਿਆਂ ਗਰੇਵਾਲ ਵਲ ਹੱਥ ਜੋੜੇ।

"ਸਤਿ ਸ੍ਰੀ ਅਕਾਲ। ਸੁਣਾ ਬਈ ਗੱਲ ਕੀ ਏ, ਤੂੰ ਹੁਣ ਘਰ ਈ ਨਹੀਂ ਬਹੁੜਦਾ। ਜੇ ਤੇਰੀ ਇਹ ਹਾਲਤ ਰਹਿਣੀ ਏਂ, ਜੁੱਲੀ ਬਿਸਤਰਾ ਚੁਕ ਲਿਆ ਏਥੇ। ਤੈਨੂੰ ਏਸ ਲਈ ਤਾਂ ਕਵਾਟਰ ਵਿਚ ਨਹੀਂ ਭੇਜਿਆ ਕਿ ਮਿਲਣ ਤਕ ਨਾ ਆਇਆ ਕਰੇਂ।" ਗੁਰਬਚਨ ਸਿੰਘ ਨੇ ਚੰਗੇ ਖ਼ਾਸੇ ਰੋਹਬ ਵਿਚ ਪ੍ਰਕਾਸ਼ ਨੂੰ ਝੰਜੋੜਿਆ।

"ਨਹੀਂ ਪਿਤਾ ਜੀ, ਮੈਂ ਆਉਂਦਾ ਤਾਂ ਰਹਿੰਦਾ ਹਾਂ, ਮੈਨੂੰ ਐਵੇਂ ਜਰਕਾਉਣ ਡਹੇ ਓ।" ਪ੍ਰਕਾਸ਼ ਗਰੇਵਾਲ ਦੀ ਆਦਤ ਤੋਂ ਜਾਣੂ ਸੀ, ਉਹ ਹਮੇਸ਼ਾ ਕਿਸੇ ਤੇ ਭਾਰੂ ਹੋ ਕੇ ਗੱਲ ਕਰਦਾ ਸੀ।

"ਸਵਾਏ ਖ਼ਰਚ ਲੈਣ ਦੇ ਤੂੰ ਕਦੇ ਆਇਆ ਈ ਨਹੀਂ, ਪਤਾ ਨਹੀਂ ਕੀ ਕਰਦਾ ਰਹਿੰਦਾ ਏਂ, ਸੁਣਿਆ ਏ ਫ਼ਿਲਮਾਂ ਦਾ ਸ਼ੌਕੀਨ ਹੋ ਗਿਆ ਏਂ।"

"ਲਓ ਹੋਰ ਸੁਣ ਲਵੋ; ਮੇਰੀ ਇਮਤਿਹਾਨ ਸਦਕਾ ਜਾਨ ਨੂੰ ਬਣੀ ਹੋਈ ਏ।" ਪ੍ਰਕਾਸ਼ ਨੇ ਬਰਾਂਡੇ ਵਿਚ ਬੈਂਤ ਦੀ ਆਰਾਮ-ਕੁਰਸੀ ਵਿਚ ਬੈਠਦਿਆਂ ਉੱਤਰ ਦਿਤਾ।

"ਹਛਾ ਬਈ, ਗੱਲ ਇਹ ਐ, ਦਰਸ਼ਨ ਨੂੰ ਥੋੜਾ ਬਹੁਤ ਪੜ੍ਹਾਇਆ ਕਰ, ਤਾਂ ਜੁ ਇਹ ਦਸਵੀਂ 'ਚੋਂ ਲੰਘ ਜਾਵੇ।"

"ਏਨ੍ਹੇ ਕਿਤੇ ਪਾਸ ਹੋਣਾ ਏਂ ਜੀ, ਸਗੋਂ ਮੈਨੂੰ ਬੀ.ਏ. 'ਚੋਂ ਫ਼ੇਲ੍ਹ ਕਰਾਵੇਗੀ।" ਪ੍ਰਕਾਸ਼ ਨੇ ਦਰਸ਼ਨ ਨੂੰ ਚਿੜਾਉਣ ਲਈ ਆਖਿਆ।

" ਨਾ ਬਈ ਇਉਂ ਨਾ ਆਖ, ਇਹ ਐਨੀ ਕਮਜ਼ੋਰ ਤਾਂ ਨਹੀਂ ਕਿ ਪਾਸ ਈ ਨਾ ਹੋ ਸਕੇ।"

"ਮੈਂ ਕਦੋਂ ਆਖਦਾ ਹਾਂ ਪਾਸ ਨਾ ਹੋਵੇ, ਬੀ.ਏ. ਕਰੇ, ਪਰ ਮੇਰੇ ਕੋਲੋਂ ਲਿਖਾ ਲਵੋ, ਦਰਸ਼ਨ ਸਾਰੀ ਉਮਰ ਇਮਤਿਹਾਨ ਦੇਈ ਜਾਵੇ, ਮੈਟ੍ਰਿਕ 'ਚੋਂ ਨਹੀਂ ਲੰਘ ਸਕਦੀ।" ਪ੍ਰਕਾਸ਼ ਨੇ ਆਪਣੇ ਹੱਥ ਉਤੇ ਹੱਥ ਮਾਰਿਆ।

"ਬਸ ਏਨ੍ਹਾਂ ਤਾਂ ਮੋਹਰ ਲਾ ਦਿਤੀ। ਪੜ੍ਹਾਉਣ ਦੀ ਮਰਜ਼ੀ ਆਪਣੀ ਨਹੀਂ, ਦੋਸ਼ ਹਮਾਤੜ ਨੂੰ।" ਦਰਸ਼ਨ ਨੂੰ ਆਪ ਵੀ ਵਿਸ਼ਵਾਸ ਸੀ ਕਿ ਦਸਵੀਂ ਵਿਚੋਂ ਨਹੀਂ ਲੰਘ ਸਕਦੀ,

Sri Satguru Jagjit Singh Ji eLibrary NamdhariElibrary@gmail.com

ਪਰ ਉਹ ਝੂਠੀ ਹਿੰਡ ਨਾਲ ਪ੍ਰਕਾਸ਼ ਦਾ ਸਾਥ ਛੱਡਣ ਨੂੰ ਤਿਆਰ ਨਹੀਂ ਸੀ।

"ਤੂੰ ਦੱਸ, ਵਕਤ ਦੇ ਸਕਦਾ ਏਂ ਕਿ ਨਹੀਂ ?" ਗਰੇਵਾਲ ਨੇ ਸੀਰੀਅਸ ਹੋ ਕੇ ਪੁੱਛਿਆ।

"ਗੱਲ ਇਹ ਜੇ ਪਿਤਾ ਜੀ ! ਮੇਰੇ ਕੋਲ ਟਾਈਮ ਬਿਲਕੁਲ ਨਹੀਂ, ਜੇ ਮੇਰਾ ਬੀ. ਏ. ਦਾ ਪਹਿਲਾ ਸਾਲ ਹੁੰਦਾ, ਤਾਂ ਮੈਂ ਪਿਛਲੇ ਸਾਲ ਵਾਂਗ ਪੜ੍ਹਾ ਦੇਂਦਾ। ਹੁਣ ਮੈਨੂੰ ਫ਼ਿਕਰ ਪਿਆ ਐ ਕਿ ਥਰਡ ਡਵੀਯਨ ਨਾ ਆ ਜਾਵੇ। ਏਸੇ ਗੱਲ ਦਾ ਮਾਰਿਆ ਮੈਂ ਏਥੋਂ ਗਿਆ ਹਾਂ।" ਪ੍ਰਕਾਸ਼ ਨੇ ਆਪਣਾ ਆਪ ਪਰਗਟ ਕਰ ਦਿਤਾ।

ਗੁਰਬਚਨ ਸਿੰਘ ਪ੍ਰਕਾਸ਼ ਦੇ ਭਵਿਸ਼ ਨੂੰ ਚੰਗਿਆਂ ਦੇਖਣਾ ਚਾਹੁੰਦਾ ਸੀ ਅਤੇ ਨਹੀਂ ਸੀ ਚਾਹੁੰਦਾ ਉਹ ਥਰਡ ਡਵੀਯਨ ਲਵੇ ਜਾਂ ਫ਼ੇਲ੍ਹ ਹੋ ਜਾਵੇ। ਉਸ ਮਨ ਵਿਚ ਮਿਥੀ ਹੋਈ ਸੀ ਕਿ ਦਰਸ਼ਨ ਤੇ ਪ੍ਰਕਾਸ਼ ਦੀ ਜੋੜੀ ਚੰਗੀ ਰਹੇਗੀ ਅਤੇ ਇਸ ਤਰ੍ਹਾਂ ਉਹ ਆਪਣੇ ਦੋਸਤ ਦੀ ਰੂਹ ਨੂੰ ਨਿੱਗਰ ਵਫ਼ਾ ਪਾਲ ਕੇ ਹੋਰ ਸ਼ਾਂਤ ਕਰ ਸਕੇਗਾ। ਉਸ ਨੂੰ ਮਰਨ ਸਮੇਂ ਦੋਸਤ ਦਾ ਘੁਟਿਆ ਹੱਥ ਯਾਦ ਸੀ। ਇਸ ਗੱਲ ਉਤੇ ਇਕ ਦੋ ਵਾਰ ਕੋਠੀ ਵਿਚ ਪ੍ਰਕਾਸ਼ ਤੋਂ ਚੋਰੀ ਵਿਚਾਰ ਵੀ ਹੋ ਚੁਕੀ ਸੀ। ਪਰ ਪ੍ਰਕਾਸ਼ ਨੂੰ ਅਨੁਮਾਨਾਂ ਤੋਂ ਅਤੇ ਕੁਝ ਦਰਸ਼ਨ ਤੋਂ ਖੁੜਕ ਗਈ ਸੀ ਅਤੇ ਉਸ ਓਦੋਂ ਤੋਂ ਹੀ ਦਰਸ਼ਨ ਨੂੰ ਭੈਣ ਕਹਿਣਾ ਛੱਡ ਦਿਤਾ ਸੀ। ਦਰਸ਼ਨ ਵੀ ਗੱਲ ਚੰਗੀ ਤਰ੍ਹਾਂ ਸਮਝਦੀ ਸੀ ਅਤੇ ਚਾਹੁੰਦੀ ਸੀ ਪ੍ਰਕਾਸ਼ ਉਸ ਨਾਲ ਹੋਰ ਹੋਰ ਤਰ੍ਹਾਂ ਦੀਆਂ ਗੱਲਾਂ ਕਰਿਆ ਕਰੇ, ਜਿਸ ਨਾਲ ਉਹ ਹਮੇਸ਼ਾ ਖਿੜੀ ਖਿੜੀ ਰਿਹਾ ਕਰੇ। ਪ੍ਰਕਾਸ਼ ਵੀ ਏਸੇ ਕਾਰਨ ਉਸ ਨੂੰ ਗਾਉਣ ਵਜਾਉਣ ਦੀਆਂ ਮਹਿਫ਼ਲਾਂ ਵਿਚ ਜਾਣੋਂ ਵਜ੍ਹਾ ਵਜ੍ਹਾ ਨਾਲ ਟੋਕਦਾ ਰਹਿੰਦਾ ਸੀ।

"ਹੱਛਾ ਫਿਰ ਕੁਝ ਹੋਰ ਬੰਦੋਬਸਤ ਕਰੀਏ ?" ਗੁਰਬਚਨ ਸਿੰਘ ਨੇ ਲੰਮੀ ਸੋਚਦਿਆਂ ਆਖਿਆ।

" ਮੈਂ ਨਹੀਂ ਹੋਰ ਕਿਸੇ ਤੋਂ ਪੜ੍ਹਨਾ।" ਦਰਸ਼ਨ ਨੇ ਨਾਂਹ ਕਰ ਦਿੱਤੀ। ਪ੍ਰਕਾਸ਼ ਸਭ ਸਮਝਦਾ ਸੀ, ਉਸ ਮੂੰਹ ਦੂਜੇ ਬੰਨੇ ਕਰ ਲਿਆ। ਦਰਸ਼ਨ ਨੂੰ ਉਸ ਦੇ ਇਸ ਵਰਤੋਂ ਨਾਲ ਵਿਚੇ ਵਿਚ ਵੱਟ ਚੜ੍ਹ ਗਿਆ।

"ਫਿਰ ਦਾਖ਼ਲਾ ਭੇਜਣ ਦੀ ਕੀ ਲੋੜ ਏ ?" ਪਿਤਾ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ।

ਦਰਸ਼ਨ ਚੁੱਪ ਚਾਪ ਉਠ ਕੇ ਆਪਣੇ ਡਰਾਇੰਗ-ਰੂਮ ਨੂੰ ਚਲੀ ਗਈ। ਪੰਜ ਚਾਰ ਮਿੰਟ ਪਿਛੋਂ ਪ੍ਰਕਾਸ਼ ਵੀ ਜਾਣ ਲਈ ਉਠ ਖਲੋਤਾ। ਉਸ ਨੂੰ ਉਠਦਿਆਂ ਦੇਖ ਕੇ ਗਰੇਵਾਲ ਨੇ ਪੁੱਛਿਆ :

"ਤੂੰ ਹੁਣ ?"

"ਮੈਂ ਜਾਂਦਾ ਹਾਂ ਪਿਤਾ ਜੀ !"

"ਨਹੀਂ, ਰੋਟੀ ਖਾ ਕੇ ਜਾਵੀਂ।" ਫਿਰ ਉਸ ਰਸੋਈ ਵਲ ਆਵਾਜ਼ ਮਾਰੀ, "ਮੈਂ ਕਿਹਾ, ਅੱਜ ਰੋਟੀ ਮਿਲੇਗੀ ਕਿ ਨਹੀਂ ?"

"ਬਸ ਦਸ ਮਿੰਟ ਜਰੈਂਦ ਕਰੋ।" ਦਰਸ਼ਨ ਦੀ ਬੇ ਜੀ ਨੇ ਰਸੋਈ ਵਿਚੋਂ ਹੀ ਉੱਤਰ ਦਿਤਾ।

ਪ੍ਰਕਾਸ਼ ਨੇ ਡਰਾਇੰਗ-ਰੂਮ ਵਿਚ ਜਾਣਾ ਆਪਣਾ ਫ਼ਰਜ ਸਮਝਿਆ। ਉਸ ਸੁੱਜੇ-ਮੂੰਹ ਬੈਠੀ ਦਰਸ਼ਨ ਨੂੰ ਤੱਕਿਆ। ਦਰਸ਼ਨ ਨੇ ਉਸ ਨੂੰ ਵੇਖ ਕੇ ਥੋੜਾ ਮੂੰਹ ਫੇਰ ਲਿਆ। ਪ੍ਰਕਾਸ਼ ਨੂੰ ਇਕ ਸ਼ਰਾਰਤ ਸੁਝੀ। ਉਸ ਨੇ ਖੂੰਜੇ ਪਈ ਸਤਾਰ ਨੂੰ ਚੁਕ ਕੇ ਉਸ ਦੇ

Sri Satguru Jagjit Singh Ji eLibrary NamdhariElibrary@gmail.com

ਪੱਟਾਂ ਵਿਚ ਰਖ ਦਿਤਾ। ਦਰਸ਼ਨ ਨੇ ਦੰਦੀਆਂ ਕੱਢਦਿਆਂ ਜ਼ੋਰ ਨਾਲ ਉਸ ਦੇ ਇਕ ਮੁੱਕੀ ਜੜ੍ਹ ਦਿਤੀ।

3

ਬਹਾਲ ਸਿੰਘ ਥਾਣੇਦਾਰ ਲੁਧਿਆਣੇ ਤਿੰਨ ਨੰਬਰ ਡਵੀਯਨ ਦੀ ਪੁਲੀਸ-ਪੋਸਟ ਦਾ ਇੰਚਾਰਜ ਸੀ। ਦੁਆਬੀਆ ਹੋਣ ਤੇ ਵੀ ਉਸ ਬੀ.ਏ. ਅੰਮ੍ਰਿਤਸਰ ਖ਼ਾਲਸਾ ਕਾਲਜ ਵਿਚੋਂ ਕੀਤੀ ਸੀ। ਕਾਲਜ ਵਿਚ ਪੰਜਾਬੀ ਕਵੀ ਦਰਬਾਰਾਂ ਕਾਰਨ ਉਸ ਨੂੰ ਪੰਜਾਬ ਦੇ ਚੋਣਵੇਂ ਸ਼ਾਇਰਾਂ ਨਾਲ ਵਾਕਫ਼ੀਅਤ ਹੋ ਗਈ ਸੀ ਅਤੇ ਨਾਲ ਹੀ ਪੰਜਾਬੀ ਜ਼ਬਾਨ ਨਾਲ ਦਿਲਚਸਪੀ। ਉਸ ਵੀ ਕਵਿਤਾ ਨੂੰ ਮੂੰਹ ਮਾਰਨਾ ਸ਼ੁਰੂ ਕਰ ਦਿਤਾ ਅਤੇ ਇਕ ਵਾਰ ਦੋ ਤਿੰਨ ਸ਼ਾਇਰਾਂ ਨੂੰ ਪਾਰਟੀ ਦੇ ਕੇ ਆਪਣੀਆਂ ਕਵਿਤਾਵਾਂ ਵੀ ਸੁਣਾਈਆਂ। ਸ਼ਾਇਰਾਂ ਅਜਿਹੀ ਫੂਕ ਦਿਤੀ ਕਿ ਬਹਾਲ ਕਵੀ ਨਾ ਹੋਣ ਤੇ ਵੀ ਤੁਕਬੰਦੀ ਜੋੜ ਕੇ ਕਵੀਆਂ ਦੀ ਕਤਾਰ ਵਿਚ ਆਕੜ ਕੇ ਤੁਰਨ ਲੱਗਾ। ਟੁਟੇ ਫੁਟੇ ਸ਼ਾਇਰਾਂ ਦਾ ਉਹ ਵੇਲੇ ਕੁਵੇਲੇ ਆਸਰਾ ਵੀ ਸੀ।

ਬੀ.ਏ. ਕਰ ਜਾਣ ਪਿਛੋਂ ਉਹ ਛੇਤੀ ਹੀ ਏ. ਐਸ. ਆਈ. ਵਿੱਚ ਲੈ ਲਿਆ ਗਿਆ। ਉਸ ਦੇ ਪਿਤਾ ਜੀ ਨੇ ਇਲਾਕੇ ਵਿਚ ਇਕ ਅਜਿਹੇ ਅਸੈਂਬਲੀ ਦੇ ਉਮੈਦਵਾਰ ਨੂੰ ਕਾਮਯਾਬ ਕਰਵਾਇਆ, ਜਿਹੜਾ ਜਿਥੇ ਵੀ ਗਿਆ, ਉਸ ਦਾ ਲੋਕਾਂ ਨੇ ਕਾਲੀਆਂ ਝੰਡੀਆਂ ਨਾਲ ਸਵਾਗਤ ਕੀਤਾ ਸੀ। ਬਹਾਲ ਦਾ ਖ਼ਾਨਦਾਨ ਪੁਰਾਣੇ ਨਿਮਕ-ਹਲਾਲ ਟੋਡੀਆਂ ਵਿਚੋਂ ਸੀ, ਜਿਨ੍ਹਾਂ ਲੋਕਾਂ ਦਾ ਕਦੇ ਭੁੱਲ ਕੇ ਵੀ ਸਾਥ ਨਹੀਂ ਦਿੱਤਾ ਸੀ। ਉਮੈਦਵਾਰ ਕਾਮਯਾਬ ਹੋਣ ਪਿਛੋਂ ਵਜ਼ੀਰ ਵੀ ਬਣ ਗਿਆ; ਉਸ ਬਹਾਲ ਨੂੰ ਥਾਣੇਦਾਰੀ ਸਲੈਕਸ਼ਨ ਵਿਚ ਲੈ ਕੇ ਆਪਣੀ ਵਫ਼ਾਦਾਰੀ ਦਾ ਸਬੂਤ ਦੇ ਦਿੱਤਾ। ਇਸ ਤਰ੍ਹਾਂ ਹੀ ਸਪੈਸ਼ਲ ਤਰੱਕੀ ਨਾਲ ਐਸ. ਆਈ. ਬਣ ਗਿਆ। ਉਸ ਦੀ ਹਰ ਖ਼ਾਹਸ਼ ਬਿਨਾਂ ਕਿਸੇ ਜਦੋ-ਜਹਿਦ ਦੇ ਪੂਰੀ ਹੋ ਰਹੀ ਸੀ। ਉਹ ਜ਼ਿੰਦਗੀ ਨੂੰ ਰੱਜ ਕੇ ਮਾਨਣ ਦੀਆਂ ਆਸਾਂ ਪਰਵਾਨ ਚੜ੍ਹਾ ਰਿਹਾ ਸੀ।

ਬਹਾਲ ਨੂੰ ਕਵਿਤਾ ਦੀ ਚੇਟਕ ਥਾਣੇਦਾਰ ਹੋਣ ਤੇ ਵੀ ਨਹੀਂ ਗਈ ਸੀ ਅਤੇ ਉਸ ਦੇ ਦੋਸਤਾਂ ਦਾ ਆਸਰਾ ਹੋਰ ਮਜ਼ਬੂਤ ਹੋ ਗਿਆ ਸੀ। ਤਿੰਨ ਚਾਰ ਸਾਲ ਦੀ ਮਗ਼ਜ਼-ਮਾਰੀ ਪਿਛੋਂ ਉਸ ਦਾ ਅਜਿਹੇ ਸ਼ਾਇਰਾਂ ਵਿਚ ਸ਼ੁਮਾਰ ਹੋ ਗਿਆ ਸੀ, ਜਿਹੜੇ ਮਹੀਨੇ ਵੀਹੀਂ ਦਿਨੀਂ ਰੇਡੀਓ ਅਤੇ ਹੋਰ ਕਵੀ-ਦਰਬਾਰਾਂ ਵਿਚ ਚਟਪਟੀ ਤੇ ਊਲ ਜਲੂਲ ਕਿਸਮ ਦੀ ਕਾਵਿ-ਬਕਵਾਸ ਕਰ ਸਕਦੇ ਸਨ। ਉਨ੍ਹਾਂ ਦੇ ਸਰੋਤੇ ਵੀ ਬਾਹਾਂ ਚੁਕ ਚੁਕ ਦਾਦ ਦੇਂਦੇ ਅਤੇ ਕੁਝ ਸੰਜੀਦਾ ਸੀਰਤ ਬੰਦੇ ਉਥੋਂ ਉਠ ਕੇ ਚਲੇ ਜਾਂਦੇ। ਇਸ ਤਰ੍ਹਾਂ ਦੇ ਸ਼ਾਇਰ-ਗੁੱਟ ਨੂੰ ਪਰਸੰਸਾ ਦੀ ਫੁਲਵਾੜੀ ਅਤੇ ਗਾਲ੍ਹਾਂ ਦੀ ਵਾਛੜ ਨੇ ਅੱਛੇ ਖ਼ਾਸੇ ਢੀਠ ਬਣਾ ਦਿਤਾ ਸੀ, ਕਿਉਂਕਿ ਹਰ ਆਉਣ ਵਾਲੇ ਕਵੀ-ਦਰਬਾਰ ਵਿਚ ਉਨ੍ਹਾਂ ਦੀ ਕਵਿਤਾ ਦਾ ਮਿਆਰ ਹੋਰ ਨੀਵਾਂ ਹੋ ਜਾਂਦਾ। ਉਹ ਸਮਝਦਾਰ ਤਬਕੇ ਨੂੰ ਬੇਵਕੂਫ਼ ਸਮਝਦੇ ਸਨ, ਕਿਉਂਕਿ ਰੇਡਿਓ ਆਦਿ ਥਾਵਾਂ ਤੇ ਉਨ੍ਹਾਂ ਦੀ ਬਕਵਾਸ ਦਾ ਮੁੱਲ ਪੈ ਰਿਹਾ ਸੀ।

ਉਸ ਦੇ ਸਾਥੀਆਂ ਨੂੰ ਜਿਥੋਂ ਵੀ ਸੱਦੇ-ਪੱਤਰ ਮਿਲਦੇ, ਉਹ ਬਹਾਲ ਨੂੰ ਨਾ ਬੁਲਾਉਣ

Sri Satguru Jagjit Singh Ji eLibrary NamdhariElibrary@gmail.com

ਤੇ ਵੀ ਨਾਲ ਲੈ ਜਾਂਦੇ; ਕਿਉਂਕਿ ਉਸ ਦੀ ਕਵਿਤਾ ਦਾ ਮੁੱਲ ਸ਼ਰਾਬ ਦੀ ਸੂਰਤ ਵਿਚ ਸਾਰਿਆਂ ਦਾ ਸਾਂਝਾ ਹੁੰਦਾ ਸੀ। ਇਸ ਗੱਲ ਨੂੰ ਸਾਰੇ ਚੰਗੀ ਤਰ੍ਹਾਂ ਜਾਣਦੇ ਸਨ। ਪਿਛਲੇ ਸਾਲ ਤੋਂ ਗੌਰਮਿੰਟ ਨੇ ਇਕ ਸਰਕੂਲਰ ਕੱਢ ਦਿਤਾ ਸੀ, ਜਿਸ ਨਾਲ ਕੋਈ ਸਰਕਾਰੀ ਮੁਲਾਜ਼ਮ ਜਾਂ ਅਫ਼ਸਰ ਲਿਖਤੀ ਇਜਾਜ਼ਤ ਬਿਨਾਂ ਕਿਸੇ ਫ਼ੰਕਸ਼ਨ ਵਿਚ ਹਿੱਸਾ ਨਹੀਂ ਸੀ ਲੈ ਸਕਦਾ। ਇਸ ਸਰਕੂਲਰ ਰਾਹੀਂ ਬਹਾਲ ਨੂੰ ਇਕ ਤਰ੍ਹਾਂ ਜ਼ੰਜੀਰ ਪੈ ਗਈ। ਹੁਣ ਉਹ ਨੇੜ-ਤੇੜ ਦੀਆਂ ਮਹਿਫ਼ਲਾਂ ਵਿਚ ਬਿਨਾਂ ਬੋਲੇ ਹੀ ਸੁਆਦ ਮਾਣਦਾ ਜਾਂ ਕਿਸੇ ਖ਼ਾਸ ਥਾਂ ਲਈ ਆਗਿਆ ਲੈ ਲੈਂਦਾ।

ਇਸ ਤਰ੍ਹਾਂ ਦਾ ਹੀ ਇਕ ਫ਼ੰਕਸ਼ਨ ਬਹਾਰ ਦੇ ਦਿਨਾਂ ਵਿਚ ਆਰੀਆ ਹਾਈ ਸਕੂਲ ਦੇ ਹਾਲ ਵਿਚ ਏ. ਡੀ. ਐਮ. ਸਾਹਿਬ ਦੀ ਪ੍ਰਧਾਨਗੀ ਹੇਠ ਹੋ ਰਿਹਾ ਸੀ। ਇਸ ਬਹਾਰ-ਕਨਸਰਟ ਵਿਚ ਤਕਰੀਬਨ ਪੰਜਾਬ ਦੇ ਸਾਰੇ ਸਟੇਜੀ ਕਵੀਆਂ ਨੂੰ ਬੁਲਾਇਆ ਗਿਆ। ਬਹਾਲ ਨਾਲ ਉਸ ਦੇ ਦੋ ਮਿੱਤਰ ਪਿਆਰੇ ਲਾਲ ਪਪੀਹਾ ਅਤੇ ਹਰਦੇਵ ਸਿੰਘ ਕਟਾਰ, ਕਵੀ-ਦਰਬਾਰ ਦੀ ਤਿਆਰੀ ਵਿਚ ਪੀ ਰਹੇ ਸਨ। ਪੀਣ ਦੀਆਂ ਮਹਿਫ਼ਲਾਂ ਬਹਾਲ ਦੇ ਘਰ ਓਦੋਂ ਹੀ ਜੁੜਦੀਆਂ ਸਨ, ਜਦ ਉਸ ਦੀ ਪਤਨੀ ਪੇਕੇ ਜਾਂ ਬਹਾਲ ਦੇ ਆਪਣੇ ਪਿੰਡ ਗਈ ਹੁੰਦੀ। ਉਸ ਦੀ ਪਤਨੀ ਦੇ ਖ਼ਿਆਲ ਕੁਝ ਜ਼ਿਆਦਾ ਹੀ ਧਾਰਮਕ ਸਨ। ਉਹ ਹਮੇਸ਼ਾ ਵਿਹਲੇ ਸਮੇਂ ਵਿਚ ਪਾਠ ਕਰਦੀ ਰਹਿੰਦੀ। ਉਹ ਸ਼ਰਾਬ ਅਤੇ ਸ਼ਰਾਬ ਪੀਣ ਵਾਲਿਆਂ ਨੂੰ ਬੜੀ ਨਫ਼ਰਤ ਕਰਦੀ ਸੀ। ਬਹਾਲ ਉਸ ਦੀ ਗ਼ੈਰਹਾਜ਼ਰੀ ਵਿਚ ਹੀ ਸ਼ਰਾਬ ਦਾ ਝੱਸ ਪੂਰਾ ਕਰਿਆ ਕਰਦਾ। ਉਹ ਆਪਣੀ ਪਤਨੀ ਤੋਂ ਪੁਜ ਕੇ ਤੰਗ ਸੀ। ਨਫ਼ਰਤ ਕਰਨ ਦੇ ਬਾਵਜੂਦ ਵੀ ਉਸ ਨੂੰ ਛੱਡ ਨਹੀਂ ਸਕਦਾ ਸੀ, ਕਿਉਂਕਿ ਉਸ ਦੇ ਮਾਪੇ ਬਹਾਲ ਦੇ ਖ਼ਾਨਦਾਨ ਨਾਲੋਂ ਵੀ ਅੰਗਰੇਜ਼-ਹਕੂਮਤ ਦੇ ਜ਼ਿਆਦਾ ਪਿੱਠੂ ਰਹਿ ਚੁਕੇ ਸਨ ਅਤੇ ਅੱਜ ਵੀ ਉਨ੍ਹਾਂ ਦੀ ਸਰਕਾਰੇ ਦਰਬਾਰੇ ਭੱਲ ਸੀ। ਬਹਾਲ ਅਤੇ ਪ੍ਰੀਤਮ ਕੌਰ ਦਾ ਵਿਆਹ ਕਰ ਕੇ ਦੋ ਝੋਲੀ-ਚੁੱਕਾਂ ਨੇ ਆਪੇ ਨੂੰ ਤਸੱਲੀ ਦੇ ਲਈ ਸੀ, ਪਰ ਪਤੀ ਪਤਨੀ ਵਿਚਕਾਰ ਇਕ ਵਿਰੋਧ ਧੁਖਦਾ ਧੁਖਦਾ ਜਵਾਨ ਹੋ ਚੁਕਾ ਸੀ; ਜਿਹੜਾ ਇਕ ਨੂੰ ਦੂਜੇ ਕੋਲੋਂ ਦੂਰ ਰੱਖਣ ਲਈ ਮਜਬੂਰ ਸੀ। ਇਸ ਘਰੋਗੀ ਖਿੱਚੋ-ਤਾਣ ਦਾ ਪਪੀਹੇ ਅਤੇ ਕਟਾਰ ਤੋਂ ਬਿਨਾਂ ਕਿਸੇ ਵੀ ਦੋਸਤ ਸ਼ਾਇਰ ਨੂੰ ਨਹੀਂ ਪਤਾ ਸੀ। ਕੋਈ ਇਹ ਵੀ ਨਹੀਂ ਜਾਣਦਾ ਸੀ ਕਿ ਬਹਾਲ ਵਿਆਹਿਆ ਹੋਇਆ ਹੈ, ਕਿਉਂਕਿ ਉਹ ਆਮ ਕਰਕੇ ਪਤਨੀ ਨੂੰ ਕੋਲ ਨਹੀਂ ਰਖਦਾ ਸੀ। ਹਰ ਨਵੇਂ ਦੋਸਤ ਨੂੰ ਉਹ ਕੰਵਾਰਾ ਦਸਿਆ ਕਰਦਾ ਸੀ।

ਬਹਾਲ ਨੇ ਦੂਜਾ ਪੈੱਗ ਪਾ ਕੇ ਘੜੀ ਵੇਖੀ।

"ਛੇ ਹੋਣ ਲਗੇ ਨੇ, ਆਪਾਂ ਨੂੰ ਚੱਲਣਾ ਵੀ ਚਾਹੀਦਾ ਏ; ਬਾਕੀ ਆ ਕੇ ਰੋਟੀ ਤੋਂ ਅਗੋਂ ਸਹੀ।"

ਉਨ੍ਹਾਂ ਤਿੰਨਾਂ ਪਿਆਲੇ ਮੂੰਹ ਨੂੰ ਲਾ ਲਏ। ਕਟਾਰ ਨੇ ਮੁੱਛਾਂ ਨਾਲੋਂ ਸ਼ਰਾਬ ਚੂਸਦਿਆਂ ਕਿਹਾ :

"ਦੋਸਤੋ ! ਮੈਂ ਤੁਹਾਨੂੰ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਕਮਜ਼ੋਰੀ ਦਸਦਾ ਹਾਂ । ਮੈਂ ਜਦੋਂ ਪੀ ਲੈਂਦਾ ਹਾਂ, ਜਾਂਗਲਿਆਣੀ ਕੁੜੀ ਸਰਦਾਰਾਂ ਮੇਰੇ ਸਾਹਮਣੇ ਆ ਕੇ ਖਲੋ ਜਾਂਦੀ ਏ।" ਪਾਕਿਸਤਾਨ ਬਣਨ ਤੋਂ ਪਹਿਲਾਂ ਕਟਾਰ ਦੇ ਮੁੱਲ ਖ਼ਰੀਦੇ ਦੋ ਤਿੰਨ ਮੁਰੱਬੇ ਸਨ। ਉਥੇ ਉਹ ਅੱਛਾ ਖ਼ਾਸਾ ਸਰਦਾਰ ਸੀ, ਪਰ ਉਸ ਦਾ ਪੱਕਾ ਕਾਲਾ ਰੰਗ

Sri Satguru Jagjit Singh Ji eLibrary NamdhariElibrary@gmail.com

ਵੇਖ ਕੇ ਮਜ਼੍ਹਬੀ ਸਿੱਖ ਹੋਣ ਦਾ ਭੁਲੇਖਾ ਵੀ ਪੈਂਦਾ ਸੀ। ਉਸ ਇਕ ਹਉਕਾ ਲੈ ਕੇ ਫਿਰ ਆਖਣਾ ਸ਼ੁਰੂ ਕੀਤਾ : "ਉਹ ਮੇਰੇ ਗਾਹਕ ਦੀ ਲੜਕੀ ਸੀ। ਜਦੋਂ ਮੇਰੀ ਘੁਟ ਪੀਤੀ ਹੋਣੀ, ਉਸ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਆਖਣਾ, 'ਕਟਾਰਾ, ਤੂੰ ਮੈਂਡੇ ਸੀਨੇ ਕਟਾਰ ਬਣ ਬੈਠੋਂ।' ਖ਼ਤਮ ਦੋਸਤੋ।" ਉਸ ਅੱਖਾਂ ਮੀਟਦਿਆਂ ਸਿਰ ਝੂਣਿਆ। "ਉਸ ਕੁੜੀ ਦੀਆਂ ਅੱਖਾਂ ਨੇ ਮੈਨੂੰ ਸ਼ਾਇਰੀ ਦਾਨ ਦਿਤੀ ਏ। ਬਹਾਲ ! ਇਸ਼ਕ ਅੱਲੜ੍ਹ ਕੁੜੀ ਤੇ ਅਣਜਾਣ ਕੁੜੀ ਦਾ, ਤੁਹਾਡੇ ਕੰਡਾ ਵੱਜੇ, ਸੌ ਵਾਰ ਕੁਰਬਾਨ ਹੋਵੇਗੀ।"

"ਯਾਰ ਬੜਾ ਵਧੀਆ ਸਵਾਲ ਪੈਦਾ ਹੋਇਆ ਏ।" ਬਹਾਲ ਨੇ ਪਪੀਹੇ ਨੂੰ ਪੈੱਗ ਪਾਉਣ ਤੋਂ ਰੋਕਿਆ, "ਓ ਫੇਰ ਮਰ ਲਵੀਂ ਆ ਕੇ, ਇਹਨੂੰ ਪੀਣੀ ਵੀ ਨਹੀਂ ਆਉਂਦੀ।"

"ਕੁਝ ਬੋਲਣ ਜੋਗੇ ਤਾਂ ਹੋ ਜਾਈਏ।" ਪਪੀਹੇ ਨੇ ਅੱਖਾਂ ਵਿਖਾਈਆਂ।

"ਤੂੰ ਮਰ ਲੈ, ਸਾਨੂੰ ਨਾ ਪਾਈਂ।"

"ਬਹਾਲ ! ਜਦੋਂ ਮੈਂ ਪਾਕਿਸਤਾਨ ਬਣਨ ਵੇਲੇ ਆਪਣੇ ਗਾਹਕਾਂ ਤੋਂ ਵਿਦਾ ਹੋਣ ਲਗਾ, ਉਫ਼ ! ਮੈਂ ਉਹ ਘੜੀ ਕਦੇ ਵੀ ਨਹੀਂ ਭੁੱਲ ਸਕਦਾ, ਸਰਦਾਰਾਂ ਸਾਰਿਆਂ ਦੇ ਖੜਿਆਂ ਤੇ ਭੁੱਬਾਂ ਮਾਰ ਕੇ ਮੇਰੇ ਗਲ ਨੂੰ ਚੰਬੜ ਗਈ। ਆਖੇ, ਕਟਾਰਾ, ਮਾਂਹ ਇਥਾਈਂ ਮਾਰ ਘੱਤ।" ਕਟਾਰ ਨੇ ਅੱਖਾਂ ਭਰ ਲਈਆਂ।

ਪਪੀਹੇ ਤੋਂ ਸੁਣ ਕੇ ਬੋਲਣੋਂ ਨਾ ਰਿਹਾ ਗਿਆ :

"ਆਹ ਸਾਲੇ ਹਰਾਮੀ ਦਾ ਇਸ਼ਕ ਵੇਖੋ- ਘਰ ਵਾਲੀ ਹੈ, ਪੰਜ ਬੱਚਿਆਂ ਦਾ ਬਾਪ ਹੈ। ਸਾਲਾ ਸ਼ਰਮ ਨਹੀਂ ਖਾਂਦਾ, ਗਾਹਕਾਂ ਦੀਆਂ ਧੀਆਂ ਨਾਲ ਬਦਫ਼ੈਲੀਆਂ ਕਰਦਾ ਆਇਆ ਏ ਤੇ ਸ਼ਾਇਰ ਬਣਦਾ ਏ ਲੋਕਤਾ ਦਾ।"

"ਏਨੂੰ ਸਾਲੇ ਨੂੰ ਹਮੇਸ਼ਾ ਪੀ ਕੇ ਇਨਕਲਾਬ ਚੜ੍ਹਦਾ ਏ। ਤੈਨੂੰ ਆਏ ਨੂੰ ਕਤਰਾ ਨਹੀਂ ਦੇਣੀ।" ਬਹਾਲ ਨੇ ਉਠਦਿਆਂ ਪੁਕਾਰਿਆ। ਉਸ ਕਟਾਰ ਨੂੰ ਵੀ ਮੋਢਾ ਟੁੰਬ ਕੇ ਉਠਾ ਲਿਆ।

ਉਹ ਤਿੰਨੇ ਆਰੀਆ ਹਾਈ ਸਕੂਲ ਨੂੰ ਤੁਰ ਪਏ। ਬਹਾਲ ਨੇ ਜਾਣ ਕੇ ਓਹੀ ਟਾਪਕ ਤੋਰ ਦਿਤਾ :

"ਤੁਸੀਂ ਦੋਵੇਂ ਬਹੁਤ ਬਡੇ ਸ਼ਾਇਰ ਕਹੌਂਦੇ ਓ, ਦਸੋ ਇਸ਼ਕ ਕਿਸ ਤਰ੍ਹਾਂ ਦੀ ਕੁੜੀ ਨਾਲ ਕਰਨਾ ਚਾਹੀਦਾ ਹੈ।"

"ਮੇਰੀ ਰਾਏ ਤਾਂ ਅੱਲ੍ਹੜ ਤੇ ਅਨਜਾਣ ਬਾਰੇ ਹੈ, ਜੇ ਅਨਪੜ੍ਹ ਮਿਲ ਸਕੇ ਤਾਂ ਹੋਰ ਵੀ ਚੰਗਾ।" ਕਟਾਰ ਨੇ ਆਪਣੇ ਤਜਰਬੇ ਵਿਚ ਆਈ ਸਿਆਣਪ ਨੂੰ ਕਹਿ ਸੁਣਾਇਆ।

"ਤੇਰਾ ਕੀ ਖ਼ਿਆਲ ਐ ਰੁਕਣਦੀਨਾ !" ਬਹਾਲ ਨੇ ਪਪੀਹੇ ਨੂੰ ਛੇੜਿਆ।

"ਮੈਂ ਠੀਕ ਕੁਝ ਨਹੀਂ ਕਹਿ ਸਕਦਾ।" ਪਪੀਹਾ ਥੋੜਾ ਗੰਭੀਰ ਹੋ ਗਿਆ। "ਪਿਆਰ ਦਾ ਅਹਿਸਾਸ ਜ਼ਰੂਰ ਜਾਗਿਆ ਸੀ, ਜਿਹੜਾ ਮਿਲ ਨਹੀਂ ਸਕਿਆ ਅਤੇ ਅੰਦਰਲਾ ਦਰਦ ਕਵਿਤਾ ਦੀ 'ਹਾਇ ਬੂ' ਬਣ ਗਿਆ। ਪਰ ਮੇਰਾ ਵਿਚਾਰ ਹੈ, ਪਿਆਰ ਓਦੋਂ ਆਉਂਦਾ ਹੈ, ਜਦੋਂ ਸਾਨੂੰ ਜ਼ਿੰਦਗੀ ਦਾ ਅਹਿਸਾਸ ਨਹੀਂ ਹੁੰਦਾ। ਜਦੋਂ ਅਹਿਸਾਸ ਜਵਾਨ ਹੁੰਦਾ ਹੈ, ਉਸ ਤੋਂ ਕਿਤੇ ਪਹਿਲਾਂ ਭੈੜੇ ਸਮਾਜ ਦਾ ਵਤੀਰਾ ਪਿਆਰ ਦੇ ਖੰਭ ਖੋਹ ਚੁਕਾ ਹੁੰਦਾ ਹੈ।"

"ਗੱਲ ਤਾਂ ਤੇਰੀ ਰੁਕਣਦੀਨਾ ਕਿਸੇ ਹੱਦ ਤਕ ਠੀਕ ਹੈ, ਪਰ ਤੂੰ ਆਦਰਸ਼ਵਾਦੀ ਪਿਆਰ ਦੀਆਂ ਗੱਲਾਂ ਕਰਦਾ ਏਂ।" ਇਕ ਸੱਚਾਈ ਨੂੰ ਅਨੁਭਵ ਕਰਦਿਆਂ ਬਹਾਲ ਨੇ

Sri Satguru Jagjit Singh Ji eLibrary NamdhariElibrary@gmail.com

ਆਪਣੇ ਹੱਥ ਚੈਸਟਰ ਵਿਚ ਦੇ ਲਏ।

"ਹਾਂ ਤੇਰਾ ਕਿੱਦਾਂ ਵਿਚਾਰ ਐ ਭਾਅ ਜੀ ?" ਕਟਾਰ ਨੇ ਦੁਆਬੇ ਦੀ ਸਾਂਗ ਲਾਈ।

"ਜਿਹੜੀ ਕੁੜੀ ਤੁਹਾਡੇ ਆਪਣੇ ਗੀਤਾਂ ਨੂੰ ਗਾ ਸਕੇ, ਸ਼ਾਇਦ ਉਸ ਤੋਂ ਵਧ ਤੁਹਾਨੂੰ ਕੋਈ ਹੋਰ ਤਸੱਲੀ ਨਾ ਦੇ ਸਕੇ।"

"ਉਹ ਕਲਾ ਨੂੰ ਪਿਆਰ ਕਰੇਗੀ, ਕਿਸੇ ਬਹਾਲੇ ਦੇ ਪੁੱਤ ਨੂੰ ਨਹੀਂ।" ਪਪੀਹੇ ਨੇ ਇਕ ਚੋਟ ਕਰ ਦਿਤੀ।

"ਨਹੀਂ, ਇਹ ਵੀ ਗ਼ਲਤ ਹੈ। ਮੇਰਾ ਤਜਰਬਾ ਦਸਦਾ ਹੈ, ਖਾਂਦੇ ਪੀਂਦੇ ਘਰ ਦੀ ਜਜ਼ਬਾਤੀ ਕੁੜੀ ਕਦੇ ਬੇਵਫ਼ਾ ਨਹੀਂ ਹੋ ਸਕਦੀ, ਭਾਵੇਂ ਉਸ ਨੂੰ ਕਿਵੇਂ ਮਰੋੜ ਤਰੋੜ ਲਵੋ। ਪਰ ਮੇਰੀ ਇਕ ਗੱਲ ਜ਼ਰੂਰ ਯਾਦ ਰਖਿਓ, ਕਿਸੇ ਕਮਿਊਨਿਸਟ ਕੁੜੀ ਨਾਲ ਕਦੇ ਵਾਹ ਨਾ ਪਾਇਓ। ਤੋਬਾ ! ਉਸ ਦੀ ਸਭ ਤੋਂ ਵਡੀ ਨਿਸ਼ਾਨੀ ਉਸ ਦਾ ਪੀਡਾ ਮੂੰਹ ਹੁੰਦਾ ਹੈ। ਆਪਣੀ ਲਾਈਫ਼ ਦਾ ਤੱਤ ਕੱਢਿਆ ਏ, ਯਾਰ ਕਮਿਊਨਿਸਟ ਮੁੰਡਾ ਅਤੇ ਪਿਆਰ ਲਈ ਸਰਦੇ ਘਰ ਦੀ ਜਜ਼ਬਾਤੀ ਕੁੜੀ।" ਬਹਾਲ ਨੇ ਆਪਣਾ ਤਜਰਬਾ ਇਸ ਤਰ੍ਹਾਂ ਦਸਿਆ ਜਿਵੇਂ ਛੋਟੀ ਉਮਰ ਵਿਚ ਹੀ ਉਹ ਉਨ੍ਹਾਂ ਨਾਲੋਂ ਬਹੁਤਾ ਕੁਝ ਜਾਣਦਾ ਸੀ।

"ਮੇਰੀ ਇੱਕ ਪੇਸ਼ੀਨਗੋਈ ਏ", ਪਪੀਹੇ ਨੇ ਬਹਾਲ ਦੀ ਬੁੱਕਲ ਵਿਚੋਂ ਦੂਰ ਹੁੰਦਿਆਂ ਕਿਹਾ, "ਤੂੰ ਮਰੇਂਗਾ ਵੀ ਕਿਸੇ ਕਮਿਊਨਿਸਟ ਦੀ ਗੋਲੀ ਨਾਲ, ਸ਼ਾਇਦ ਉਸ ਦਾ ਕਾਰਨ ਵੀ ਕੋਈ ਅਜਿਹੀ ਕੁੜੀ ਹੀ ਹੋਵੇ। ਸਾਲਿਆ ! ਤੈਨੂੰ ਕੁੜੀਆਂ ਤੋਂ ਬਿਨਾਂ ਕੋਈ ਗੱਲ ਈ ਨਹੀਂ ਸੁੱਝਦੀ।" ਉਹ ਤਿੰਨੇ ਇਕੋ ਵਾਰ ਹੀ ਹੱਸ ਕੇ ਰਹਿ ਗਏ।

ਜਿਉਂ ਹੀ ਉਹ ਇਕ ਮੋੜ ਮੁੜੇ, ਉਨ੍ਹਾਂ ਨੇ ਇਕ ਬਹੁਤ ਲੰਮੇ ਅਤੇ ਲੰਙੇ ਆਦਮੀ ਨੂੰ ਜਾਂਦਿਆਂ ਤੱਕਿਆ।

"ਓਏ ਨਾਰਦ ਜਾਂਦਾ ਈ !" ਕਟਾਰ ਨੇ ਤੱਕਦਿਆਂ ਹੀ ਲੰਮੇ ਆਦਮੀ ਨੂੰ ਪਛਾਣ ਲਿਆ।

"ਓਹੀ ਹੈ ਸਾਲਾ ਕੈਦੋਂ ! ਏਨੂੰ ਆਵਾਜ਼ ਮਾਰ ਕੇ ਰੋਕ, ਕੋਈ ਨਵੀਂ ਖ਼ਬਰ ਦਸੇਗਾ।" ਬਹਾਲ ਨੇ ਦਿਲਚਸਪੀ ਜ਼ਾਹਰ ਕਰਦਿਆਂ ਆਖਿਆ, "ਬਈ ਵੀਹਵੀ ਸਦੀ ਦਾ ਗੋਬਲਜ਼ ਐ।"

"ਦੁਖੀ ਸਾਹਿਬ !" ਕਟਾਰ ਦੀ ਆਵਾਜ਼ ਸੁਣ ਕੇ ਲੰਙਾ ਆਦਮੀ ਰੁਕ ਗਿਆ।

ਨਵੇਂ ਆਦਮੀ ਦਾ ਨਾਂ ਸੰਤਾ ਸਿੰਘ ਅਤੇ 'ਦੁਖੀ' ਉਸ ਦਾ ਉਪ-ਨਾਂ ਸੀ। ਉਹ ਪੁਰਾਣੇ ਸ਼ਾਇਰਾਂ ਦੀ ਲੀਹ ਨਾ ਤਿਆਗਦਾ ਹੋਇਆ ਬੈਂਤ ਤੇ ਕੋਰੜਾ ਛੰਦ ਹੀ ਆਖਿਆ ਕਰਦਾ ਸੀ। ਕੱਦ ਲੰਮਾ ਅਤੇ ਖੱਬੀ ਲੱਤੋਂ ਲੰਙ ਮਾਰਨ ਕਰ ਕੇ ਉਸ ਦੀ ਚਾਲ ਵਿਚ ਅਜਿਹੀ ਲਚਕ ਆ ਗਈ ਸੀ, ਜਿਹੜੀ ਸਾਰੇ ਲੁਧਿਆਣੇ ਵਿਚ ਕਿਸੇ ਨਾਲ ਨਹੀਂ ਮਿਲਦੀ ਸੀ। ਉਪ-ਨਾਂ ਤੋਂ ਬਿਨਾਂ ਉਸ ਨੂੰ ਨਾਰਦ ਅਤੇ ਕੈਦੋਂ ਦੀਆਂ ਵਿਸ਼ੇਸ਼ਤਾਈਆਂ ਨਾਲ ਵੀ ਯਾਦ ਕੀਤਾ ਜਾਂਦਾ ਸੀ। ਕਿਸੇ ਦੀ ਸਿਫ਼ਤ ਕਰਨ ਅਤੇ ਭੰਡਣ ਵਿਚ ਹਦੋਂ ਵਧ ਮਾਹਰ ਸੀ। ਜਿਥੋਂ ਕਿਸੇ ਤਰ੍ਹਾਂ ਵੀ ਸੂੰਹ ਨਾ ਨਿਕਲਦੀ ਹੋਵੇ ਓਥੋਂ ਮੱਖਣ ਦੇ ਵਾਲ ਵਾਂਗ ਧੂਹ ਲਿਆਉਣੀ ਉਹ ਮਾਮੂਲੀ ਗੱਲ ਸਮਝਦਾ ਸੀ। ਸਾਰੀਆਂ ਸਿੱਫ਼ਤਾਂ-ਕੁਸਿੱਫ਼ਤਾਂ ਦੇ ਹੁੰਦਿਆਂ ਹੋਇਆਂ ਉਹ ਯਾਰਾਂ ਦਾ ਯਾਰ ਸੀ। ਸਭ ਤੋਂ ਬਹੁਤਾ ਦੁੱਖ ਇਸ ਗੱਲ ਦਾ ਸੀ ਕਿ ਜਿਨ੍ਹਾਂ ਯਾਰਾਂ ਦੀ ਖ਼ਾਤਰ ਉਹ ਪਾਪੜ ਵੇਲਦਾ, ਓਹੀ ਉਸ ਨੂੰ ਝੁੱਡੂ ਸਮਝਦੇ ਸਨ।

Sri Satguru Jagjit Singh Ji eLibrary NamdhariElibrary@gmail.com

"ਸੁਣਾ ਫੇਰ ਦੁੱਖੀ, ਅਜ ਗੱਜੇਂਗਾ ਸਟੇਜ ਤੇ।" ਬਹਾਲ ਨੇ ਉਸ ਨੂੰ ਚਾਬੀ ਲਾਈ।

"ਤੁਹਾਡੀ ਕਿਰਪਾ ਚਾਹੀਦੀ ਐ।" ਦੁੱਖੀ ਨੇ ਸਾਰਿਆਂ ਨਾਲ ਹੱਥ ਮਿਲਾਇਆ।

"ਚਾਹ ਦਾ ਪਿਆਲਾ ਪੀਏਂਗਾ ?"

"ਬੁੜ੍ਹਿਆ, ਤੇਰੀ ਦਾਲ 'ਚ ਘਿਉ ਪਾ ਦੇਈਏ, ਭਲਾ ਪੁੱਛਣ ਵਾਲੀ ਗੱਲ ਏ।"

"ਜ਼ਰੂਰ, ਆਪਾਂ ਪਿਆਲਾ ਪਿਆਲਾ ਪੀ ਕੇ ਕਵੀ ਦਰਵਾਰ ਵਿਚ ਚਲਾਂਗੇ।"

ਥੋੜੀ ਦੂਰ ਅਗਾਂਹ ਜਾ ਕੇ ਉਹ ਚਾਰੇ ਇਕ ਟੀ-ਸਟਾਲ ਵਿਚ ਵੜ ਗਏ। ਕਟਾਰ ਨੇ ਦੁਕਾਨਦਾਰ ਨੂੰ ਕਾਹਲੀ ਕਰਨ ਲਈ ਕਿਹਾ।

"ਲੈ ਬਈ ਦੋਸਤ, ਪਿਆਲਾ ਪਿਆਲਾ ਚਾਹ ਪੀਣੀ ਏਂ ਤੇ ਪੀਣੀ ਵੀ ਇਕ ਮਿੰਟ 'ਚ ਏ।"

"ਬਾਦਸ਼ਾਹੋ, ਤੁਹਾਨੂੰ ਬੈਠਣ ਨਹੀਂ ਦੇਂਦਾ," ਟੀ ਸਟਾਲ ਵਾਲੇ ਨੇ ਓਨ੍ਹਾਂ ਤੋਂ ਵੀ ਜਲਦੀ ਵਿਖਾਈ।

"ਦੁੱਖੀ ਸਾਹਿਬ ! ਮੈਂ ਹਮ-ਉਮਰ ਹੋਣ ਕਰ ਕੇ ਤੁਹਾਡੇ ਨਾਲ ਇਕ ਖ਼ਾਸ ਗੱਲ ਕਰਨੀ ਚਾਹੁੰਦਾ ਹਾਂ।" ਪਪੀਹੇ ਨੇ ਦੁੱਖੀ ਦਾ ਇਸ਼ਾਰਾ ਸਮਝਦਿਆਂ ਅਗਾਂਹ ਆਖਿਆ, "ਸੱਚੀ ਗੱਲ ਇਹ ਹੈ ਕਿ ਇਹ ਦੋਵੇਂ ਲਫ਼ੰਗੇ ਤੈਨੂੰ ਝੁੱਡੂ ਸਮਝਦੇ ਐ।"

ਦੁੱਖੀ ਨੇ ਬਹਾਲ ਦਾ ਇਸ਼ਾਰਾ ਪਾਉਂਦਿਆਂ ਹੀ ਪਪੀਹੇ ਦੇ ਸਿਰ ਵਿਚ ਇਕ ਧਰ ਦਿਤੀ।

"ਤੂੰ ਮੈਨੂੰ ਲੜਾਉਣਾ ਏਂ ਏਨ੍ਹਾਂ ਨਾਲ।"

"ਇਕ ਹੋਰ ਮਾਰੀਂ।" ਬਹਾਲ ਨੇ ਪੁਕਾਰਿਆ।

"ਪਾਸੇ ਹੋ- ਜੀਂ, ਮੈਨੂੰ ਵੀ ਠੋਕ ਲੈਣ ਦੇ।" ਕਟਾਰ ਦੇ ਹੱਥ ਚੁੱਕਣ ਤੋਂ ਪਹਿਲਾਂ ਹੀ ਪਪੀਹਾ ਟੀ-ਸਟਾਲ 'ਚੋਂ ਬਾਹਰ ਜਾ ਖਲੋਤਾ, "ਮਾਂ ਦਾ ਰੁਕਣਦੀਨ।"

"ਬਸ ਜੁੱਤੀਆਂ ਦੇ ਲਾਇਕ ਸੀ, ਜੁੱਤੀਆਂ ਵਿਚ ਜਾ ਖਲੋਤਾ।" ਬਹਾਲ ਨੇ ਪਪੀਹੇ ਨੂੰ 'ਗੂਠਾ ਦਿਖਾਇਆ।

"ਇਹ ਤੈਨੂੰ ਝੁੱਡੂ ਹੀ ਨਹੀਂ, ਉੱਲੂ ਵੀ ਸਮਝਦੇ ਐ।" ਪਪੀਹੇ ਨੇ ਚਾਬੀ ਤਾਂ ਬੁਰੀ ਲਾਈ ਸੀ, ਪਰ ਉਲਟੀ ਪੈ ਗਈ। ਏਨ੍ਹਾਂ ਦੀ ਜੁੰਡੀ ਵਿਚ ਜਦੋਂ ਕਿਸੇ ਦੇ ਇਕ ਵਾਰ ਪੈਰ ਉਖੜ ਜਾਂਦੇ, ਫਿਰ ਉਸ ਉਤੇ ਮੀਂਹ ਵਾਂਗ ਵਰ੍ਹਦੀਆਂ ਸਨ। ਪਪੀਹੇ ਨੂੰ ਵੀ ਚਾਹ ਸੜਕ-ਕਿਨਾਰੇ ਖਲੋ ਕੇ ਪੀਣੀ ਪਈ।

"ਜਦੋਂ ਉਹ ਹਾਲ ਵਿਚ ਪੁੱਜੇ, ਕਵੀ ਦਰਵਾਰ ਸ਼ੁਰੂ ਹੋ ਚੁੱਕਾ ਸੀ, ਅਤੇ ਉਨ੍ਹਾਂ ਦੀ ਹਾਜ਼ਰੀ ਨੂੰ ਪ੍ਰਬੰਧਕ ਬੜੀ ਤਰੋਟ ਨਾਲ ਮਹਿਸੂਸ ਕਰ ਰਹੇ ਸਨ। ਹਾਲ ਖਚਾ-ਖਚ ਭਰਿਆ ਪਿਆ ਸੀ। ਸਟੇਜ ਦੇ ਲਾਗੇ ਹੀ ਉਨ੍ਹਾਂ ਨੂੰ ਔਰਤਾਂ ਦੀ ਇਕ ਲਾਈਨ ਦੇ ਪਿਛੇ ਬਹਾਇਆ ਗਿਆ। ਅੰਨ੍ਹਾਂ ਕੀ ਭਾਲੇ ਦੋ ਅੱਖਾਂ। ਉਹ ਇਨ੍ਹਾਂ ਸੀਟਾਂ ਤੇ ਬੈਠ ਕੇ ਬੜੀ ਤਸੱਲੀ ਅਨੁਭਵ ਕਰ ਰਹੇ ਸਨ। ਸਟੇਜ ਉਤੇ ਬਹਿ ਕੇ ਆਪੋ ਵਿਚੀਂ ਖੱਪ ਨਹੀਂ ਪਾ ਸਕਦੇ ਸੀ। ਉਹ ਛੇੜ-ਛਾੜ ਅਤੇ ਚੁੰਝ-ਪੌਂਚੇ ਅੜਾਉਣ ਵਿਚ ਜ਼ਿੰਦਾ-ਦਿਲੀ ਸਮਝਦੇ ਸਨ।

ਪਪੀਹੇ ਨੇ ਬਹਾਲ ਦੀ ਵੱਖੀ ਛੇੜਦਿਆਂ ਸਹਿਜ ਨਾਲ ਆਖਿਆ :

"ਅਗੇ ਵੇਖ ਪੁੱਤਰਾ, ਜੇ ਤੈਨੂੰ ਉੱਚੀ ਅੱਡੀ ਦੇ ਸੈਂਡਲ ਚਾਹੀਦੇ ਐ।"

ਜਦੋਂ ਬਹਾਲ ਨੇ ਅਗੇ ਬੈਠੀਆਂ ਕੁੜੀਆਂ ਵਲ ਪਾਸਿਉਂ ਧਿਆਨ ਨਾਲ ਵੇਖਿਆ, ਉਸ ਦੀਆਂ ਅੱਖਾਂ ਫੁੱਲ ਕੇ ਰਹਿ ਗਈਆਂ।

Sri Satguru Jagjit Singh Ji eLibrary NamdhariElibrary@gmail.com

"ਬਿਲਕੁਲ ਓਹੀ ਕੁੜੀ ਏ, ਜਿਹੜੀ ਰੇਡਿਓ ਤੇ ਮਿਲੀ ਸੀ, ਪਰ ਅੱਜ ਇਹਨੂੰ ਹੁਸਨ ਦਾ ਲੋਹੜ ਕਿਥੋਂ ਚੜ੍ਹ ਆਇਆ। ਮੈਂ ਤਾਂ ਮਰ ਗਿਆ।" ਬਹਾਲ ਪਪੀਹੇ ਉਤੇ ਡਿੱਗ ਪਿਆ।

ਬਹਾਲ ਦਾ ਮਰਨਾ ਕੁਦਰਤੀ ਸੀ, ਕਿਉਂਕਿ ਜਿਹੜੀ ਦਰਸ਼ਨ ਉਸ ਨੂੰ ਰੇਡਿਓ ਸਟੇਸ਼ਨ ਤੇ ਮਿਲੀ ਸੀ, ਉਹ ਦੋ ਪੈਸੇ ਦੀ ਵੀ ਨਹੀਂ ਸੀ। ਅਤੇ ਜਿਸ ਦਰਸ਼ਨ ਨੂੰ ਉਹ ਹੁਣ ਵੇਖ ਰਿਹਾ ਸੀ, ਉਸ ਦੀ ਕੀਮਤ ਮਨੁੱਖੀ ਜ਼ਿਹਨ ਵਿਚ ਨਹੀਂ ਆ ਸਕਦੀ ਸੀ। ਪਿਛਲੇ ਦੋ ਤਿੰਨ ਮਹੀਨੇ ਵਿਚ ਦਰਸ਼ਨ ਦਾ ਹੁਸਨ ਪ੍ਰਸੰਸਾ ਦੀ ਰਗੜ ਨਾਲ ਗੁਲਾਬੀ ਭਾਹ ਵਿਚ ਭਬੂਕਾ ਬਣ ਗਿਆ ਸੀ, ਜਿਸ ਨੂੰ ਸੰਗੀਤ ਦੇ ਮਾਣ ਨੇ ਬੇਪਰਵਾਹ ਮਲਿਕਾ ਬਣਾ ਕੇ ਰਖ ਦਿਤਾ ਸੀ। ਉਸ ਦਾ ਸਾਥਣ ਨਾਲ ਹੁੰਗਾਰਾ ਭਰਨਾ ਵੀ ਆਰਟ ਦੀ ਨੁਮਾਇਸ਼ ਜਾਪ ਰਿਹਾ ਸੀ। ਏਨੇ ਥੋੜੇ ਸਮੇਂ ਵਿਚ ਉਸ ਦੇ ਰੂਪ ਦਾ ਦਿਲ ਚਕਰਾ ਦੇਣ ਦੀ ਸੀਮਾ ਤੱਕ ਨਿਖ਼ਾਰ, ਕੁਦਰਤ ਦਾ ਕ੍ਰਿਸ਼ਮਾ ਜਾਪਦਾ ਸੀ। ਦੇਖਿਆਂ ਇਉਂ ਪਰਤੀਤ ਹੋ ਰਿਹਾ ਸੀ, ਜਿਵੇਂ ਉਸ ਦੇ ਨਕਸ਼ ਆਪਣੀ ਆਪਣੀ ਥਾਂ ਮਧੁਰ ਮਧੁਰ ਤਾਲ ਦੇ ਰਹੇ ਹਨ ਅਤੇ ਉਹ ਪਿਆਰ ਦੀ ਰਾਗਣੀ ਵਿਚ ਸਾਰੀ ਮਹਿਫ਼ਲ ਨੂੰ ਵਿਸਮਾਦ ਵਿਚ ਡੋਬ ਦੇਵੇਗੀ। ਬਹਾਲ ਉਤੇ ਇਕ ਪੂਰਨ ਵਜਦ ਛਾ ਗਿਆ। ਉਸ ਦੀਆਂ ਗਟਾਰੇ ਲਗੀਆਂ ਅੱਖਾਂ ਦਰਸ਼ਨ ਦਾ ਰੂਪ ਪੀ ਰਹੀਆਂ ਸਨ। ਉਸ ਦਾ ਦਿਲ ਦਰਸ਼ਨ ਦੀਆਂ ਰਿੰਗ-ਨੁਮਾ ਵਾਲੀਆਂ ਵਿਚ ਝੂਲ ਰਿਹਾ ਸੀ। ਪਰਵਾਨਾ ਆਪਣੀ ਸ਼ਮ੍ਹਾਂ ਦੀ ਪਰਕਰਮਾ ਪਾ ਰਿਹਾ ਸੀ। ਉਸ ਦੇ ਜਵਾਨ ਲਹੂ ਵਿਚ ਨਸ਼ਾ ਉਬਾਲੇ ਖਾਣ ਲਗਾ।

ਓਦੋਂ ਹੀ ਅਨਾਊਂਸਰ ਨੇ ਪੁਕਾਰਿਆ :

"ਹੁਣ ਤੁਹਾਨੂੰ ਦਰਸ਼ਨ ਗਰੇਵਾਲ ਇਕ ਗੀਤ ਸੁਣਾਵੇਗੀ।"

ਬਹਾਲ ਦੇ ਅਗੋਂ ਜਦ ਕੁੜੀ ਉਠੀ, ਉਸ ਨੂੰ ਪਹਿਲੀ ਵਾਰ ਦਰਸ਼ਨ ਨਾਂ ਦੀ ਜਾਣਕਾਰੀ ਹੋਈ। ਜਦੋਂ ਉਹ ਸਟੇਜ ਤੇ ਲੋਕਾਂ ਦੀਆਂ ਜੋਸ਼-ਲਹਿਰਾਂ ਤੋਂ ਉੱਚੀ ਉਠੀ, ਉਹ ਕੰਵਲ ਦਾ ਸੱਜਰਾ ਤੇ ਸੂਹਾ ਫੁੱਲ ਖਿੜੀ ਹੋਈ ਸੀ। ਜ਼ਾਲਮ ਪ੍ਰਬੰਧਕਾਂ ਬਿਜਲੀ ਵੀ ਕੁਝ ਇਸ ਤਰ੍ਹਾਂ ਫ਼ਿੱਟ ਕੀਤੀ ਹੋਈ ਸੀ ਕਿ ਉਸ ਦਾ ਚਿਹਰਾ ਹੀ ਹਜ਼ਾਰ ਕੈਂਡਲ ਪਾਵਰ ਦਾ ਬਲਬ ਹੋ ਕੇ ਰਹਿ ਗਿਆ। ਉਸ ਦੇ ਨਵੇਂ ਓਵਰਕੋਟ ਦੇ ਖਬੇ ਪਾਸੇ ਗੁਲਾਬ ਦਾ ਫੁੱਲ ਪੂਰੇ ਗੁਮਾਨ ਨਾਲ ਛਾਤੀ ਉਭਾਰ ਰਿਹਾ ਸੀ। ਉਸ ਦੇ ਹਰਕਤ ਕਰਦੇ ਕੋਮਲ ਬੁੱਲ੍ਹਾਂ ਵਿਚੋਂ ਸੰਗੀਤ ਕਿਰਨਾ ਸ਼ੁਰੂ ਹੋਇਆ :

"ਬਹਾਰ......ਆ ਗਈ ਮਾਹੀ ਵੇ!
ਬਹਾਰ ਆ ਗਈ।........।"

ਯਕੀਨਨ ਦਰਸ਼ਨ ਦੀ ਮਿੱਠੀ ਆਵਾਜ਼ ਬਹਾਰ ਦੇ ਫੁੱਲਾਂ ਵਿਚ ਨਸੀਮ ਬਣ ਕੇ ਫਿਰ ਗਈ। ਉਹ ਇਕ-ਦਮ ਸਾਰੇ ਹਾਲ ਵਿਚ ਜਾਦੂ ਬਣ ਕੇ ਛਾ ਗਈ। ਸਭ ਅੱਖਾਂ ਇਕ-ਟੱਕ ਖਲੋਤੀਆਂ, ਬੁੱਲ੍ਹ ਖੁੱਲ੍ਹੇ ਅਤੇ ਲੋਕ ਪਰਤੱਖ ਬਹਾਰ-ਦੇਵੀ ਦੇ ਦਰਸ਼ਨ ਵਿਚ ਅਸਤ-ਵਿਅੱਸਤ ਹੋਏ ਹੋਏ ਸਨ। ਇਕ ਮਧੁਰ ਹੇਕ ਸੀ, ਜਿਹੜੀ ਸਰੋਤਿਆਂ ਦੀਆਂ ਸੁਰਤੀਆਂ ਨੂੰ ਬੱਚੇ ਦੇ ਪੰਘੂੜੇ ਵਾਂਗ ਏਧਰ ਓਧਰ ਹਿਲਾ ਰਹੀ ਸੀ। ਕੁਲ ਧੜਕਣਾਂ ਸਾਹ ਰੋਕੀ ਹਉਕੇ ਦੀ ਦਾਰ ਉਤੇ ਲਟਕ ਰਹੀਆਂ ਸਨ।

"ਬਹਾਰ ਆ ਗਈ,
ਮਾਹੀ ਵੇ! ਮਾਹੀ ਵੇ!!"

Sri Satguru Jagjit Singh Ji eLibrary NamdhariElibrary@gmail.com

ਲਿਰਕ ਇਕ ਵਾਰ ਹੀ ਉੱਚੀ ਉਠ ਕੇ ਨੀਵੀਂ ਹੋਈ ਅਤੇ ਆਪਣੇ ਬਿਸਰਾਮ ਉਤੇ ਆ ਕੇ ਖ਼ਤਮ ਹੋ ਗਈ। ਦਰਸ਼ਨ ਨੇ ਨਾਲ ਹੀ ਆਪਣਾ ਸਿਰ ਥੋੜਾ ਨੀਵਾਂ ਕਰ ਦਿਤਾ। ਲੋਕਾਂ ਦੀ ਬੌਰੀ ਹੋਈ ਲਗਨ ਨੂੰ ਪਤਾ ਤਕ ਨਾ ਲੱਗਾ ਕਿ ਗੀਤ ਕਦੋਂ ਦਾ ਖ਼ਤਮ ਹੋ ਗਿਆ ਹੈ। ਜਾਦੂ-ਅਸਰ ਹੇਠ ਲੋਕਾਂ ਨੂੰ ਢੇਰ ਸਮਾਂ ਪਿਛੋਂ ਮਹਿਸੂਸ ਹੋਇਆ ਕਿ ਅਸਾਂ ਤਾੜੀ ਮਾਰਨੀ ਹੈ। ਫਿਰ ਏਨੀ ਲੰਮੀ ਤਾੜੀ ਗੂੰਜੀ ਕਿ ਹਾਲ ਦੇ ਬਾਰ-ਬਾਰੀਆਂ ਚੌੜੇ ਹੋ ਗਏ।

ਦਰਸ਼ਨ ਆਪਣੀ ਸੀਟ ਤੇ ਆ ਗਈ। ਜਦੋਂ ਉਹ ਬੈਠ ਰਹੀ ਸੀ, ਬਹਾਲ ਨੇ ਤਿੰਨ ਵਾਰ ਹੱਥ ਉਤੇ ਹੱਥ ਮਾਰਿਆ। ਦਰਸ਼ਨ ਨੇ ਗਿਲੇ ਨਾਲ ਭਉਂ ਕੇ ਤੱਕਿਆ। ਉਸ ਦੇ ਇੰਤਹਾ ਹੁਲਾਸ ਵਿਚ ਆਏ ਦਿਲ ਨੂੰ ਧੱਕਾ ਲੱਗਾ। ਬਹਾਲ ਨੇ ਮੌਕਾ ਸਾਂਭਦਿਆਂ ਪਪੀਹੇ ਨੂੰ ਆਖਿਆ :

"ਮੈਂ ਲੋਕਾਂ ਨਾਲ ਤਾੜੀ ਮਾਰ ਕੇ ਅਹਿਮੀਅਤ ਨਹੀਂ ਘਟਾਉਣੀ ਚਾਹੁੰਦਾ ਸੀ, ਸੰਗੀਤ ਖ਼ਤਮ ਹੈ ਬਸ !"

ਦਰਸ਼ਨ ਬਹਾਲ ਨੂੰ ਇਕ ਗੁੰਡਾ ਸਮਝਦੀ ਸੀ ਅਤੇ ਉਸ ਦੀ ਇਹ ਹਰਕਤ ਵੀ ਸ਼ਰੀਫ਼ਾਂ ਵਾਲੀ ਨਹੀਂ ਸੀ। ਉਹ ਉਸ ਦੀ ਭੁਗਤ ਸਵਾਰਨਾ ਤਾਂ ਚਾਹੁੰਦੀ ਸੀ, ਪਰ ਮਾਹੌਲ ਕੁਝ ਅਜਿਹਾ ਸੀ ਕਿ ਉਹ ਫਿਰ ਗੱਲ ਨੂੰ ਪੀ ਗਈ। ਕੁਝ ਬਹਾਲ ਦੀ ਸੰਗੀਤ-ਤਾਰੀਫ਼ ਨੇ ਉਸ ਦੇ ਮਨ ਵਿਚ ਬਣਦੇ ਵਿਰੋਧ ਨੂੰ ਠਾਰ ਦਿਤਾ। ਉਹ ਬੁੱਲ੍ਹ ਕਢ ਕੇ ਬਹਿ ਗਈ। ਬਹਿ ਜਾਣ ਪਿਛੋਂ ਉਸ ਆਪਣੇਂ ਮੋਢਿਆਂ ਨੂੰ ਗਿਲੇ ਨਾਲ ਸਕੋੜ ਕੇ ਉਚਿਆਂ ਚੁਕਿਆ।

"ਓਏ ਹੋਏ ! ਮੈਨੂੰ ਫੜ ਲੈ।" ਬਹਾਲ ਦੇ ਦਿਲ ਵਿਚੋਂ ਉਠੀ ਲਾਟ ਦਿਮਾਗ਼ ਵਿਚ ਦੀ ਧੂੰਆਂ ਬਣ ਕੇ ਨਿਕਲ ਗਈ।

"ਓਏ ਕੀ ਹੋਇਆ ਮਰ ਜੇਂ ?" ਦੁਖੀ ਨੇ ਸ਼ਰਾਰਤ ਨਾਲ ਬਹਾਲ ਦੇ ਉਤੇ ਹੱਥ ਰਖ ਦਿਤਾ।

"ਬਸ ਪੁੱਛ ਨਾ, ਜੇ ਕੁਝ ਕਰ ਨਹੀਂ ਸਕਦਾ।" ਬਹਾਲ ਨੇ ਜਾਣ ਕੇ ਅੱਖਾਂ ਚੜ੍ਹਾ ਲਈਆਂ। "ਇਸ ਤਰ੍ਹਾਂ ਹੀ ਸਾਬਤੇ ਨੂੰ ਚੁਕ ਕੇ ਲੈ ਜਾਇਓ ਏਥੋਂ। ਜੇ ਤੂੰ ਬਾਬਾ ਵੈਦ ਰੋਗੀਆਂ ਦਾ ਏਂ, ਤਾਂ ਦਸ ਇਹ ਕੌਣ ਏਂ ?"

"ਮਰਦਾ ਕਿਉਂ ਜਾਨਾ ਏਂ, ਇਹਨੂੰ ਜਾਣਦਾ ਹਾਂ, ਇਹਦੇ ਪਿਉ ਨੂੰ ਵੀ, ਆਹ ਨਾਲ ਦੀ ਨੂੰ ਵੀ ਜਾਣਦਾ ਆਂ, ਤੂੰ ਗੱਲ ਕਰ।"

ਦੁਖੀ ਨੇ ਮੁੱਛਾਂ ਤੋਂ ਦੀ ਹੱਥ ਫੇਰਿਆ, ਜਿਵੇਂ ਉਹ ਲੁਧਿਆਣੇ ਦੀ ਨਸ ਨਸ ਤੋਂ ਜਾਣੂੰ ਹੈ।

"ਇਹਦਾ ਸਜਰਾ-ਨਸਬ ਕੀ ਏ ? ਉਹ ਕਿੰਨਾ ਖ਼ੁਸ਼-ਕਿਸਮਤ ਹੋਵੇਗਾ, ਜਿਹੜਾ ਦਰਸ਼ਨ ਨਾਲ ਇਕ ਮਿੰਟ ਗੱਲ ਵੀ ਕਰ ਲਵੇਗਾ।" ਬਹਾਲ ਦਾ ਆਪਾ ਹਸਰਤ ਬਣਿਆ ਖ਼ਤਮ ਹੋ ਰਿਹਾ ਸੀ।

"ਇਸ ਦਾ ਨਾਂ ਦਰਸ਼ਨ ਜਾਂ ਮਿਸ ਗਰੇਵਾਲ, ਪਿਤਾ ਗੁਰਬਚਨ ਸਿੰਘ ਗਰੇਵਾਲ, ਟਿਕਾਣਾ ਸਿਵਲ ਲਾਈਨਜ਼ ਲੁਧਿਆਣਾ ਹੈ। ਗਾਉਣ ਦਾ ਪੇਸ਼ਾ ਨਵਾਂ ਨਵਾਂ ਅਖ਼ਤਿਆਰ ਕੀਤਾ ਏ। ਇਸ ਦੇ ਨਾਲ ਦੀ ਕੁਸ਼ਲ ਕੁਮਾਰੀ ਰੇਡਿਓ ਆਰਟਿਸਟ, ਟਿਕਾਣਾ ਪਾਣੀ ਵਾਲੀ ਟੈਂਕੀ ਲੁਧਿਆਣਾ। ਜਦੋਂ ਕੁਮਾਰੀ ਨੂੰ ਸੁਣੋਗੇ, ਤਦ ਦੀਵਾਨੇ ਹੋ ਕੇ ਮਹਿਫ਼ਲ 'ਚੋਂ ਉਠ ਜਾਓਗੇ।"

Sri Satguru Jagjit Singh Ji eLibrary NamdhariElibrary@gmail.com

ਦੁਖੀ ਸ਼ੇਖੀ 'ਚ ਆਇਆ ਹੋਇਆ ਸੀ।

"ਹੋਰ ਸਭ ਨੂੰ ਮਾਰ ਗੋਲੀ, ਬਾਪੂ ! ਜੇ ਦਰਸ਼ਨ ਨਾਲ ਇਕ ਵਾਰ ਵੀ ਗੱਲ ਕਰਵਾ ਦੇਵੇਂ, ਕਿਸੇ ਸ਼ਰਤ ਉਤੇ; ਮੈਂ ਤੇਰਾ ਹੱਥ-ਬੰਨ ਗ਼ੁਲਾਮ, ਸਾਰੀ ਉਮਰ ਦਾ।" ਬਹਾਲ ਨੇ ਅਤਿ ਨਿਮਰਤਾ ਨਾਲ ਦੁਖੀ ਦੀ ਦਾੜ੍ਹੀ ਨੂੰ ਹੱਥ ਲਾਇਆ।

ਉਦੋਂ ਹੀ ਫਿਰ ਕਵਿਤਾਵਾਂ ਦੀ ਵਾਰੀ ਸ਼ੁਰੂ ਹੋਈ। ਬਹਾਲ ਦੇ ਸਾਰੇ ਸਾਥੀ ਕਵਿਤਾਵਾਂ ਬੋਲਦੇ ਗਏ, ਪਰ ਉਸ ਕੁਝ ਵੀ ਨਹੀਂ ਸੁਣਿਆ ਸੀ। ਉਹ ਦਰਸ਼ਨ ਦੇ ਵਾਲਾਂ 'ਚ ਉਲਝਿਆ ਰਿਹਾ ਅਤੇ ਉਸ ਦੀਆਂ ਵਾਲੀਆਂ ਵਿਚ ਪੁੱਠਿਆਂ ਸਿੱਧਿਆਂ ਲਟਕਦਾ ਰਿਹਾ। ਕਵਿਤਾਵਾਂ ਪਿਛੋਂ ਸੰਗੀਤ ਪਰੋਗਰਾਮ ਦੀ ਮੁੜ ਰੌਲ ਸ਼ੁਰੂ ਹੋਣੀ ਸੀ। ਉਸ ਵਿਚ ਕੁਮਾਰੀ ਦਾ ਗੀਤ ਅਵੱਸ਼ ਆਉਣਾ ਸੀ। ਉਸ ਦੇ ਬੋਲ ਨੇ ਵੀ ਤਰਾਟਾਂ ਪਾ ਦਿਤੀਆਂ, ਪਰ ਬਹਾਲ ਦਰਸ਼ਨ ਵਿਚ ਹੀ ਖੀਵਾ ਰਿਹਾ। ਲਗ ਪਗ ਸਾਰੇ ਸ਼ਾਇਰ ਬੋਲ ਗਏ ਸਨ, ਪਰ ਬਹਾਲ ਨਹੀਂ ਬੋਲਿਆ ਸੀ। ਉਸ ਦਾ ਬੋਲਣ ਦਾ ਮਨ ਵੀ ਨਹੀਂ ਸੀ। ਉਸ ਨੂੰ ਧੜਕਾ ਸੀ, ਮੈਂ ਦਾਦ ਨਹੀਂ ਲੈ ਸਕਾਂਗਾ ਅਤੇ ਬਣਿਆ ਪ੍ਰਭਾਵ ਵੀ ਗਵਾ ਬੈਠਾਂਗਾ। ਪਰ ਏ. ਡੀ. ਐਮ. ਸਾਹਿਬ ਨੇ ਆਪ ਉਠ ਕੇ ਉਸ ਦਾ ਨਾਂ ਲੈ ਦਿਤਾ। ਬਹਾਲ ਨੂੰ ਸ਼ਰਮੇ-ਸ਼ਰਮਾਏ ਨੂੰ ਸਟੇਜ ਉਤੇ ਜਾਣਾ ਪੈ ਗਿਆ। ਸਟੇਜ ਤੇ ਚੜ੍ਹਦਿਆਂ ਹੀ ਉਸ ਦੀ ਨਜ਼ਰ ਨੇ ਦਰਸ਼ਨ ਨੂੰ ਇਕ ਵਾਰ ਫਿਰ ਤੱਕਿਆ। ਉਹ ਸਰੂਰ ਵਿਚ ਲਹਿਰਾਇਆ ਗਿਆ ਅਤੇ ਸੱਜੇ ਹੱਥ ਨੂੰ ਉਤਾਂਹ ਚੁਕਦਿਆਂ ਬੋਲਿਆ :

"ਤੇਰੇ ਬਿਨਾਂ ਬਹਾਰ ਨੂੰ,
ਮੈਂ ਕੀ ਕਰਾਂ, ਮੈਂ ਕੀ ਕਰਾਂ।
ਤੇਰੇ ਬਿਨਾਂ.........।"

ਉਸ ਦੀ ਮੂਡ ਬਣ ਗਈ ਸੀ। ਉਹ ਸਾਰਾ ਗੀਤ ਅਜਿਹੀ ਦਰਦ ਭਰੀ ਲੈਅ ਵਿਚ ਕਹਿ ਗਿਆ, ਜਿਹੜੀ ਕਦੇ ਉਸ ਦੀ ਖ਼ਾਮੋਸ਼ੀ ਨੇ ਵੀ ਨਹੀਂ ਅਲਾਪੀ ਸੀ। ਬਹੁਤ ਹੀ ਕਾਮਯਾਬੀ ਨਾਲ ਗੀਤ ਖ਼ਤਮ ਕਰਦਿਆਂ ਉਸ ਦਰਸ਼ਨ ਦੀਆਂ ਅੱਖਾਂ ਨਾਲ ਅੱਖਾਂ ਮਿਲਾਈਆਂ :

"ਤੇਰੇ ਬਿਨਾਂ ਬਹਾਰ ਨੂੰ, ਮੈਂ ਕੀ ਕਰਾਂ।
ਤੇਰੇ ਬਿਨਾਂ.........।"

"ਤੇਰੇ ਬਿਨਾਂ" ਆਖਦਿਆਂ ਉਸ ਦੀ ਆਵਾਜ਼ ਨਾਲ ਬਾਂਹ ਵੀ ਉੱਚੀ ਉਠ ਖਲੋਤੀ ਅਤੇ ਨਾਲ ਹੀ ਤਾੜੀਆਂ ਨੇ ਦਾਦ-ਦੁਹਾਈ ਚੁਕ ਲਈ। ਉਸ ਦੇ ਯਾਰਾਂ ਰੱਜ ਕੇ ਤਾੜੀਆਂ ਮਾਰੀਆਂ। ਜਦੋਂ ਉਹ ਆਪਣੀ ਸੀਟ ਤੇ ਆਇਆ, ਉਸ ਮਾਣ ਭਰ ਕੇ ਦਰਸ਼ਨ ਨੂੰ ਤੱਕਿਆ। ਐਤਕੀਂ ਦਰਸ਼ਨ ਦੀਆਂ ਅੱਖਾਂ ਵਿਚ ਨਫ਼ਰਤ ਦੀ ਥਾਂ ਹਲਕੀ ਜਿਹੀ ਚਮਕ ਸੀ। ਕੁਮਾਰੀ ਗੀਤ ਦੇ ਬੋਲ ਦੋਹਰਾ ਦੋਹਰਾ ਸਿਰ ਹਿਲਾ ਰਹੀ ਸੀ। ਐਤਕੀਂ ਕਟਾਰ ਨੇ ਜਾਣ ਕੇ ਤਿੰਨ ਵਾਰ ਤਾੜੀ ਮਾਰੀ ਅਤੇ ਆਖਿਆ :

"ਪਠਿਆ ! ਅੱਜ ਸਾਡੀ ਰਖ ਲੀ ਤੂੰ।"

"ਅਸੀਂ ਕਿਸੇ ਦੀ ਨੂੰਹ ਧੀ ਨਾਲੋਂ ਘਟ ਕਦੋਂ ਸੀ।" ਬਹਾਲ ਥੋੜਾ ਆਕੜ ਗਿਆ।

ਦਰਸ਼ਨ ਦੇ ਪਤਲੇ ਕੰਨ ਕਨਸਰਟ ਦੇ ਖ਼ਾਤਮੇ ਤਕ ਉਨ੍ਹਾਂ ਦੀਆਂ ਹਰਕਤਾਂ ਨੋਟ ਕਰਦੇ ਰਹੇ। ਬਹਾਲ ਦੀ ਬੇਕਰਾਰੀ ਤੜਪ ਤੋਂ ਜਲਨ ਅਤੇ ਜਲਨ ਤੋਂ ਜਨੂੰਨ ਬਣਦੀ ਜਾ ਰਹੀ ਸੀ।

Sri Satguru Jagjit Singh Ji eLibrary NamdhariElibrary@gmail.com

4

ਪ੍ਰਕਾਸ਼ ਕਿਤਾਬਾਂ ਦੀ ਦੁਕਾਨ ਵਿਚੋਂ ਨਿਕਲਿਆ ਹੀ ਸੀ, ਜਦ ਉਸ ਦਰਸ਼ਨ ਨੂੰ ਚੌੜੇ ਬਜ਼ਾਰ ਵਿਚ ਜਾਂਦਿਆਂ ਤੱਕਿਆ। ਉਹ ਬਣੀ ਠਣੀ ਰੂਪ-ਰੇਖਾ ਵਿਚ ਜਾਪਾਨੀ ਗੁੱਡੀ ਲਗ ਰਹੀ ਸੀ। ਪਰ ਬਾਜ਼ਾਰ ਦੀਆਂ ਜਵਾਨ, ਖਾਸ ਕਰ ਕਾਲਜੀਏਟ ਨਜ਼ਰਾਂ ਮਿੰਨ੍ਹੀਆਂ ਮੁਸਕਾ ਰਹੀਆਂ ਸਨ ਅਤੇ ਕੁਝ ਹਉਕੇ ਵੀ ਖਿੱਚ ਰਹੀਆਂ ਸਨ। ਪ੍ਰਕਾਸ਼ ਨੇ ਦੇਖਦਿਆਂ ਸਾਰ ਦਿਲ ਵਿਚ ਵਟ ਖਾਧਾ, ਫਿਰ ਕੁਝ ਕਦਮਾਂ ਕਾਹਲੀਆਂ ਪੁਟ ਕੇ ਉਸ ਦੇ ਨਾਲ ਰਲ ਗਿਆ।

"ਨੁਮਾਇਸ਼ ਮੀਨਾ ਬਜ਼ਾਰ ਏ ਕਿ......।" ਪ੍ਰਕਾਸ਼ ਨੇ ਆਪਣੇ ਜ਼ਬਤ ਨੂੰ ਚੰਗੀ ਤਰ੍ਹਾਂ ਸਾਂਭਿਆ ਹੋਇਆ ਸੀ।

ਦਰਸ਼ਨ ਨੇ ਪ੍ਰਕਾਸ਼ ਨੂੰ ਭਾਵਕ ਖ਼ਾਮੋਸ਼ੀ ਨਾਲ ਵੇਖਣਾ ਸ਼ੁਰੂ ਕਰ ਦਿਤਾ। ਉਸ ਦੀਆਂ ਤੱਕਾਂ ਕਹਿ ਰਹੀਆਂ ਸਨ, ਤੂੰ ਮੈਨੂੰ ਵੇਖ ਕੇ ਜਰ ਨਹੀਂ ਸਕਦਾ। ਉਸ ਆਪਣੇ ਗਿਲੇ ਨੂੰ ਕਾਟਵੀਂ ਮੁਸਕਾਣ ਵਿਚ ਸਮੋ ਲਿਆ। ਮੁੜ ਬੁੱਲ੍ਹ ਕੱਢਦਿਆਂ ਉਸ ਦੀ ਕੱਛ ਵਿਚੋਂ ਖ਼ਰੀਦੀ ਕਿਤਾਬ ਖਿੱਚ ਲਈ। ਕਿਤਾਬ ਦਾ ਨਾਂ 'ਸਿਨ ਐਂਡ ਸਾਇੰਸ' ਪੜ੍ਹ ਕੇ ਦਰਸ਼ਨ ਨੇ ਨੱਕ ਚੜ੍ਹਾਇਆ ਅਤੇ ਵਾਪਸ ਕਰਦਿਆਂ ਬੋਲੀ :

"ਥੈਂਕ ਯੂ !"

"ਜੇ ਨਾਵਲ ਹੁੰਦੀ ਫਿਰ ਤਾਂ ਤੂੰ ਜ਼ਬਤ ਵੀ ਕਰ ਲੈਣੀ ਸੀ।" ਪ੍ਰਕਾਸ਼ ਨੇ ਸਾਹਮਣਿਓਂ ਆਉਂਦੀ ਕਾਰ ਵਿਚ ਵਜਦੀ ਦਰਸ਼ਨ ਨੂੰ ਬਾਂਹ ਖਿੱਚ ਕੇ ਬਚਾ ਲਿਆ।

"ਹਰਾਮਜ਼ਾਦਾ, ਕਿੰਨੀ ਰੈਸ਼ ਚਲਾ ਰਿਹਾ ਏ ਬਾਜ਼ਾਰ 'ਚ।" ਲੰਘ ਚੁਕੀ ਕਾਰ ਵਲ ਉਸ ਗ਼ੁਸੇ ਨਾਲ ਭਉਂ ਕੇ ਵੇਖਿਆ।

"ਇਹ ਬਾਜ਼ਾਰ ਹੈ, ਕੁਝ ਆਪ ਵੀ ਧਿਆਨ ਨਾਲ ਤੁਰਨ ਦੀ ਲੋੜ ਹੈ।" ਪ੍ਰਕਾਸ਼ ਨੇ ਆਪਣੀ ਤਰ੍ਹਾਂ ਧੀਰਜ ਵਿਚੋਂ ਦਰਸ਼ਨ ਨੂੰ ਸਿਖਿਆ ਦਿਤੀ।

"ਮੈਂ ਆਪਣੇ ਹੱਥ ਤਾਂ ਜਾ ਰਹੀ ਆਂ, ਉਹ ਤਾਂ ਅੰਨ੍ਹਾਂ ਈ ਹੋਇਆ ਹੋਇਆ ਏ।"

"ਕਈ ਵਾਰ ਮਨਚਲੇ ਅਮੀਰ ਕਿਸੇ ਸੁਣੱਖੀ ਕੁੜੀ ਨਾਲ ਕਾਰ ਦਾ ਪਾਸਾ ਲਾ ਕੇ ਚੋਜ ਕਰ ਲਿਆ ਕਰਦੇ ਐ।" ਪ੍ਰਕਾਸ਼ ਦੀਆਂ ਅੱਖਾਂ ਵਿਚ ਸਿਆਣੀ ਸ਼ਰਾਰਤ ਲੁਕਣ-ਮੀਟੀ ਖੇਡ ਰਹੀ ਸੀ।

ਦਰਸ਼ਨ ਦਾ ਅੰਦਰ ਹੱਸ ਰਿਹਾ ਸੀ, ਬਾਹਰੋਂ ਉਸ ਚਿਹਰਾ ਇਕ ਪਲ ਲਈ ਪੀਡਾ ਕਰ ਲਿਆ। ਬਾਜ਼ਾਰ ਦੀ ਰੌਣਕ ਬਸੰਤ ਦੇ ਦਿਨਾਂ ਕਾਰਨ ਭਰੀ ਭਰੀ ਜਾਪ ਰਹੀ ਸੀ, ਸ਼ਾਮ ਹਰ ਪਲ ਰੰਗਲੀ ਹੁੰਦੀ ਜਾ ਰਹੀ ਸੀ। ਬਾਜ਼ਾਰ ਦਾ ਹਲਕਾ ਹਲਕਾ ਸ਼ੋਰ ਦਿਲ ਦੇ ਉਦਗਾਰਾਂ ਨੂੰ ਤਾਲ ਦੇ ਰਿਹਾ ਸੀ। ਪ੍ਰਕਾਸ਼ ਨੇ ਐਤਕੀਂ ਸੰਜੀਦਗੀ ਨਾਲ ਤਾੜਦਿਆਂ ਪੁੱਛਿਆ :

"ਹੱਛਾ ਫਿਰ ਤਿਆਰੀ ਅੱਜ ?"

Sri Satguru Jagjit Singh Ji eLibrary NamdhariElibrary@gmail.com

"ਨਾਵਲਾਂ ਖ਼ਰੀਦਣ।" ਦਰਸ਼ਨ ਜਵਾਬ ਦੇ ਕੇ ਇਕ-ਦਮ ਖਿੜ ਪਈ, ਜਿਵੇਂ ਉਸ ਸਾਰੇ ਵੱਟੇ ਲਾਹ ਲਏ ਸਨ।

"ਕੋਈ ਨਾਵਲ ਤੇਰੇ ਆਪਣੇ ਨਾਲੋਂ ਨਾ ਖ਼ੂਬਸੂਰਤ, ਨਾ ਦਿਲਚਸਪ ਹੋ ਸਕਦੀ ਹੈ।" ਪ੍ਰਕਾਸ਼ ਨੇ ਏਨੀ ਕਹਿ ਕੇ ਮੂੰਹ ਥੋੜਾ ਦੂਜੇ ਬੰਨੇ ਨੂੰ ਫੇਰ ਲਿਆ। ਉਸ ਕਦੇ ਦਰਸ਼ਨ ਨੂੰ ਆਪਣੇ ਅਗੇ ਅੜਨ ਨਹੀਂ ਦਿਤਾ ਸੀ।

ਦਰਸ਼ਨ ਜਾਣ ਕੇ ਪ੍ਰਕਾਸ਼ ਦੇ ਮੋਢੇ ਨਾਲ ਖਹਿ ਗਈ ਤੇ ਦੂਜੇ ਪਲ ਲੋਕਾਂ ਦੀਆਂ ਨਜ਼ਰਾਂ ਬਚਾਂਦਿਆਂ ਉਸ ਪ੍ਰਕਾਸ਼ ਦੀ ਵੱਖੀ ਵਿਚ ਮੁੱਕੀ ਮਾਰ ਦਿੱਤੀ। ਪ੍ਰਕਾਸ਼ ਨੇ ਅੱਖਾਂ ਕੈਲ੍ਰੀਆਂ ਨਾਲ ਉਸ ਨੂੰ ਅਜਿਹੀ ਹਰਕਤ ਕਰਦਿਆਂ ਘੂਰਿਆ। ਦਰਸ਼ਨ ਏਨੀ ਨਾਲ ਹੀ ਗਲ ਤਕ ਭਰ ਗਈ ਅਤੇ ਚੁੱਪ ਚੁੱਪ ਤੁਰਨ ਲੱਗੀ। ਪ੍ਰਕਾਸ਼ ਉਸ ਦੀ ਇਸ ਆਦਤ ਤੋਂ ਬੜਾ ਤੰਗ ਸੀ, ਕਿਉਂਕਿ ਉਸ ਦਾ ਗ਼ੁੱਸਾ ਹਾਸੇ ਵਿਚ ਹੰਝੂਹਾਰ ਸੀ। ਫਿਰ ਉਹ ਮਨ ਮਾਰ ਕੇ ਦਰਸ਼ਨ ਨੂੰ ਮਨਾਣ ਦੀ ਵਿਉਂਤ ਸੋਚਣ ਲੱਗ ਪਿਆ। ਉਹ ਦੋਵੇਂ ਚਰਚ-ਚੌਕ ਵਿਚ ਆ ਕੇ ਟ੍ਰੈਫ਼ਿਕ ਕਾਰਨ ਰੁਕ ਗਏ।

"ਦਰਸ਼ਨ, ਤੈਨੂੰ ਤੇਰੀ ਭੈਣ ਵਿਖਾਵਾਂ ?"

ਦਰਸ਼ਨ ਨੇ ਗ਼ੁਸੈਲੀਆਂ ਨਜ਼ਰਾਂ ਨਾਲ ਆਪਣੇ ਸਾਥੀ ਵਲ ਤੱਕਿਆ, ਉਸ ਇਸ਼ਾਰੇ ਨਾਲ ਹੀ ਦਰਸ਼ਨ ਦਾ ਧਿਆਨ ਸਾਹਮਣੇ ਹਲਵਾਈ ਦੀ ਦੁਕਾਨ ਦੇ ਛੱਜੇ ਉਤੇ ਟੰਗੇ ਇਕ ਫ਼ਿਲਮੀ ਬੋਰਡ ਵਲ ਦੁਆਇਆ, ਜਿਸ ਉਤੇ ਇਕ ਨਵੀਂ ਹੀਰੋਇਨ ਦੀ ਰੰਗੀਨ ਤਸਵੀਰ ਰਾਹ ਜਾਂਦਿਆਂ ਨੂੰ ਆਪਣੇ ਨਾਚ-ਪੋਜ ਦੀਆਂ ਖਿੱਚਾਂ ਪਾ ਰਹੀ ਸੀ। ਦਰਸ਼ਨ ਨੇ ਪ੍ਰਕਾਸ਼ ਦੀ ਚੋਟ ਨੂੰ ਇਕ-ਦਮ ਭੁਲਾਂਦਿਆਂ ਹੀਰੋਇਨ ਦੇ ਉਭਾਰਾਂ ਨੂੰ ਤਾੜਨਾ ਸ਼ੁਰੂ ਕਰ ਦਿੱਤਾ। ਉਹ ਸੋਚਣ ਲਈ ਮਜਬੂਰ ਹੋ ਗਈ, 'ਕਿਵੇਂ ਇਹ ਮਮੂਲੀ ਐਕਸਟਰਾ ਗਰਲ ਫ਼ਿਲਮੀ ਅਕਾਸ਼ ਦਾ ਸਤਾਰਾ ਬਣ ਗਈ। ਕਾਸ਼ ! ਮੈਂ ਗਾਉਣ ਨਾਲ ਡਾਂਸ ਵੀ ਕਰ ਸਕਦੀ। ਫਿਰ ਉਸ ਖ਼ਿਆਲ ਕੀਤਾ, ਜੇ ਮੈਂ ਲੁਧਿਆਣੇ ਦੀ ਸਿਵਲ ਲਾਈਨਜ਼ ਦੀ ਥਾਂ ਬੰਬਈ ਦੇ ਜ਼ੂਹੂ ਵਿਚ ਪੈਦਾ ਹੋਈ ਹੁੰਦੀ ?'

"ਮੈਂ ਤੇਰੀ ਪਸੰਦ ਦੀ ਤਾਰੀਫ਼ ਕਰਦਾ ਹਾਂ।" ਪ੍ਰਕਾਸ਼ ਨੇ ਉਸ ਦੇ ਵਿਚਾਰਾਂ ਨੂੰ ਤੋੜਦਿਆਂ ਫਿਰ ਸ਼ਰਾਰਤ ਕਰ ਦਿਤੀ।

"ਪਾਸ਼ੂ ! ਤੈਨੂੰ ਕਲਾ ਦੀ ਕੱਖ ਸਮਝ ਨਹੀਂ।" ਉਸ ਨੂੰ ਇਉਂ ਜਾਪਿਆ, ਜਿਵੇਂ ਪ੍ਰਕਾਸ਼ ਕਲਾ ਦੇ ਮੈਦਾਨ ਵਿਚ ਅਸਲੋਂ ਅਨਾੜੀ ਏ।

"ਅੱਚ, ਅੱਚ ! ਮੇਰੀ ਕਿਸਮਤ !" ਪ੍ਰਕਾਸ਼ ਆਪਾ ਬਚਾਉਣ ਵਿਚ ਕਾਮਯਾਬ ਹੋ ਗਿਆ, "ਜੇ ਕਲਾ ਤੇ ਲੈਕਚਰ ਦੇਵੇਂਗੀ ਤਾਂ ਅੱਜ ਰਾਤ ਨੂੰ ਆਵਾਂ ?" ਉਸ ਦਾ ਆਪਾ ਨਰੋਏ ਵਾਰ ਵਿਚ ਭਰ ਕੇ ਇਕ ਤਰ੍ਹਾਂ ਰੋਕਦਿਆਂ ਰੋਕਦਿਆਂ ਮੁਸਕ੍ਰਾ ਪਿਆ।

ਦਰਸ਼ਨ ਚੌਕ ਦੇ ਇਕ ਖੂੰਜੇ ਰੁਕ ਗਈ। ਉਸ ਨੂੰ ਬੁਰੀ ਤਰ੍ਹਾਂ ਚਿਹ ਚੜ੍ਹ ਗਈ ਸੀ। ਅਸਲ ਵਿਚ ਉਹ ਪ੍ਰਕਾਸ਼ ਦੀਆਂ ਗੱਲਾਂ ਅਤੇ ਕੰਮ ਦੇ ਮੁਕਾਬਲੇ ਵਿਚ ਆਪੇ ਨੂੰ ਕਮਜ਼ੋਰ ਸਮਝਦੀ ਸੀ, ਪਰ ਹਾਰ ਨੂੰ ਬਰਦਾਸ਼ਤ ਕਰਨਾ ਉਸ ਦੀ ਤਾਕਤ ਤੋਂ ਬਾਹਰ ਸੀ। ਉਸ ਸਤ ਕੇ ਆਖਿਆ :

"ਤੂੰ ਕਿਧਰ ਨੂੰ ਜਾਣਾ ਏਂ ?"

"ਮੈਂ ?" ਪ੍ਰਕਾਸ਼ ਨੇ ਹੈਰਾਨੀ ਧਾਰਨ ਕਰ ਲਈ। "ਅਕਲ ਦੇ ਖ਼ਾਨੇ ਦਾ ਢੱਕਣ ਉੱਡ ਗਿਆ ਜਾਪਦਾ ਹੈ। ਜਿਥੇ ਕਿਤੇ ਵੀ ਜਾਣਾ ਏਂ, ਸਰਦਾਰਨੀ, ਤੂੰ ਜਾਣਾ ਏਂ।

Sri Satguru Jagjit Singh Ji eLibrary NamdhariElibrary@gmail.com

ਮੇਰਾ ਕੰਮ ਤਾਂ ਤੈਨੂੰ ਕਿਸੇ ਬਜ਼ਾਰੀ ਫ਼ੇਟ ਤੋਂ ਬਚਾਣਾ ਹੈ, ਬਸ।"

"ਕਿਉਂ ਮੈਂ ਬੱਚੀ ਹਾਂ ?"

"ਤੇਰੇ ਤੇ ਬੱਚੀ ਵਿਚ ਏਨਾ ਫ਼ਰਕ ਜ਼ਰੂਰ ਹੈ ਕਿ ਬੱਚੀ ਨੂੰ ਸਮਝਾਇਆ ਜਾ ਸਕਦਾ ਹੈ।"

ਪ੍ਰਕਾਸ਼ ਦੇ ਏਨੀ ਆਖਣ ਤੇ ਦਰਸ਼ਨ ਇਕ ਤਰ੍ਹਾਂ ਚੀਕ ਹੀ ਪਈ।

"ਮੈਂ ਤੇਰੇ ਨਾਲ ਇਕ ਕਦਮ ਨਹੀਂ ਤੁਰਨਾ।" ਦਰਸ਼ਨ ਆਪਣੇ ਮਨ ਦੇ ਫ਼ੈਸਲੇ ਲਈ ਅੜ ਕੇ ਖਲੋ ਗਈ।

"ਮੇਰੇ ਨਾਲ ਨਹੀਂ ਤੁਰਨਾ, ਤਾਂ ਪਿਛੇ ਆਉਣਾ ਪਵੇਗਾ, ਸੋਚ ਲੈ।" ਪ੍ਰਕਾਸ਼ ਨੇ ਦਰਸ਼ਨ ਦੇ ਬਦਲੇ ਨਕਸ਼ਾਂ ਨੂੰ ਆਪਣੀ ਗੰਭੀਰਤਾ ਵਿਚ ਹੰਗਾਲਦਿਆਂ ਉੱਤਰ ਦੇ ਦਿਤਾ, ਪਰ ਉਸ ਦੀ ਸ਼ੀਲਤਾ ਵਿਚ ਭੋਰਾ ਫ਼ਰਕ ਨਾ ਆਇਆ।

"ਪ੍ਰਕਾਸ਼ ! ਤੂੰ ਜਾ ਸਕਦਾ ਏਂ।" ਦਰਸ਼ਨ ਨੂੰ ਸਚਮੁਚ ਹੀ ਗੁੱਸਾ ਮੂੰਹ ਚੜ੍ਹ ਆਇਆ ਸੀ।

ਬਿਨਾਂ ਕਿਸੇ ਖ਼ਾਸ ਵਜਾਹ ਦੇ ਦਰਸ਼ਨ ਦਾ ਗੁੱਸੇ ਹੋ ਜਾਣਾ ਪ੍ਰਕਾਸ਼ ਲਈ ਹੈਰਾਨੀ ਵਾਲੀ ਗੱਲ ਨਹੀਂ ਸੀ, ਪਰ ਉਸ ਇਹ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਦਰਸ਼ਨ ਉਸ ਨੂੰ ਇਸ ਤਰ੍ਹਾਂ ਬਾਜ਼ਾਰ ਵਿਚ ਝਾੜ ਕੇ ਹੌਲਾ-ਫੁੱਲ ਕਰ ਦੇਵੇਗੀ। ਉਹ ਕੁਝ ਨਾ ਬੋਲਿਆ, ਸਗੋਂ ਉਸ ਦੇ ਦਿਨੋਂ ਦਿਨ ਬਦਲਦੇ ਸੁਭਾ ਨੂੰ ਜਾਚਣਾ ਸ਼ੁਰੂ ਕਰ ਦਿਤਾ। ਦਰਸ਼ਨ ਨੇ ਰੋਹ ਵਿਚ ਮੋਢਿਆਂ ਨੂੰ ਉੱਚਿਆਂ ਚੁਕਿਆਂ ਅਤੇ ਵਿੰਹਦਿਆਂ ਵਿੰਹਦਿਆਂ ਕਾਹਲਿਆਂ ਕਦਮਾਂ ਨਾਲ ਚੌਕ ਕਰਾਸ ਕਰ ਲਈ।

ਪ੍ਰਕਾਸ਼ ਥਾਏਂ ਖਲੋਤਾ ਉਸ ਨੂੰ ਜਾਂਦੀ ਨੂੰ ਵੇਖਦਾ ਰਿਹਾ। ਉਸ ਨੂੰ ਇਉਂ ਜਾਪਿਆ, ਜਿਵੇਂ ਦਰਸ਼ਨ ਦੀਆਂ ਗ਼ੁਸੀਲੀਆਂ ਕਦਮਾਂ ਉਸ ਨੂੰ ਲਿਤਾੜਦੀਆਂ ਜਾ ਰਹੀਆਂ ਹਨ। ਥੋੜੇ ਪਲਾਂ ਵਿਚ ਹੀ ਉਹ ਭੀੜ ਵਿਚ ਲੁਕਣ ਲਗੀ। ਪ੍ਰਕਾਸ਼ ਨੇ ਅੱਡੀਆਂ ਉੱਚੀਆਂ ਚੁਕਦਿਆਂ ਉਸ ਨੂੰ ਦੇਖਣ ਦਾ ਆਖ਼ਰੀ ਯਤਨ ਕੀਤਾ, ਦਰਸ਼ਨ ਮੁਨਿਆਰਾਂ ਦੇ ਬਾਜ਼ਾਰ ਭੌ ਗਈ ਸੀ।

5

"ਗੱਲ ਇਹ ਹੈ ਦੁੱਖੀ ਸਾਹਿਬ ! ਅਸਲ ਦੁੱਖੀ ਤਾਂ ਮੈਂ ਹਾਂ ਤੇ ਨਾਂ ਤੂੰ ਧਰਾਈ ਫਿਰਦਾ ਏਂ।" ਬਹਾਲ ਨੇ ਦੁੱਖੀ ਨੂੰ ਫੁਲਾਉਣ ਦੇ ਯਤਨ ਨਾਲ ਆਖਿਆ।

"ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ।" ਏਨੀ ਕਹਿ ਕੇ ਹੀ ਦੁੱਖੀ ਹੱਸ ਪਿਆ ਤੇ ਉਸ ਦੇ ਮੈਲੇ ਤੇ ਗੰਦੀ-ਹਵਾੜ-ਭਰੇ ਦੰਦ ਨੰਗੇ ਹੋ ਗਏ।

"ਸਾਡੇ ਆਸ਼ਕ ਔਗੁਣਹਾਰਾਂ ਦੇ ਬੇੜੇ ਵੀ ਤਾਂਹੀਏਂ ਪਾਰ ਹੋਣੇ ਏ, ਵਾਹ ਵਾ ਤੂੰ ਸਿਪਾਹੀ ਨੂੰ ਮਿਲ ਪਿਆ, ਨਹੀਂ ਤੇਰੇ ਵਾਰੰਟ ਕਢਣੇ ਪੈਣੇ ਸੀ।" ਬਹਾਲ ਨੇ ਉਸ ਦਾ ਪੁੱਠੇ ਪਾਸਿਓਂ ਹੱਥ ਘੁਟਿਆ। "ਹੁਣ ਕੰਮ ਦੀ ਗੱਲ ਸੁਣ - ਡੀ. ਐਸ. ਪੀ. ਸਾਹਿਬ ਦੀ ਲੜਕੀ ਦੇ ਪਰਸੋਂ ਅਨੰਦ ਹਨ। ਉਨ੍ਹਾਂ ਸੰਗੀਤ, ਕਵਿਤਾ ਅਤੇ ਸਿਖਿਆ ਦਾ ਇਨਚਾਰਜ

Sri Satguru Jagjit Singh Ji eLibrary NamdhariElibrary@gmail.com

ਮੈਨੂੰ ਬਣਾਇਆ ਏ। ਜਦੋਂ ਰੱਬ ਦੇਂਦਾ ਏ ਛੱਤਾਂ ਪਾੜ ਕੇ ਦਿੰਦਾ ਏ। ਮੈਂ ਦੋ ਮਹੀਨਿਆਂ ਦਾ ਸੋਚ ਰਿਹਾ ਸੀ ਕਿ ਮਿਲਣ ਲਈ ਕਿਹੜੀ ਵਿਧੀ ਬਣਾਈਏ। ਸੋ ਚਾਚਾ ਨਾਰਦਾ! ਇਹ ਪਰਬੰਧ ਆਪਾਂ ਕਰਨਾ ਏਂ ਤੇ ਸਭ ਤੋਂ ਪਹਿਲਾਂ ਦਰਸ਼ਨ ਦੇ ਘਰ ਚਲ ਕੇ ਉਸ ਨਾਲ ਕਨਟੈਕਟ ਕਰੀਏ। ਗੱਲ ਪੱਕੀ ਕਰ ਕੇ ਸ਼ਾਮ ਦੀ ਚਾਹ ਵਿੰਡਸਰ 'ਚ ਪੀਣੀ ਏਂ।"

"ਤੇ ਜੇ ਚਾਹ ਉਥੋਂ ਪਿਆ ਦਿਆਂ ? ਫਿਰ ਨਾਰਦ ਮੁਨੀ ਨੂੰ ਮੰਨੇਂ ?" ਦੁੱਖੀ ਪੂਰੀ ਫੂਕ ਲੈ ਗਿਆ ਸੀ।

"ਫੇਰ ਤਾਂ ਮੰਨ ਛੱਡ ਕੇ, ਸੌਂਹ ਦਰਸ਼ਨ ਵਾਲੇ ਪਾਕ ਸਪਾਰੇ ਦੀ, ਤੇਰੇ ਕੁਰਬਾਨ ਜਾਊਂ। ਤੇ ਜੇ ਸਰਦਾਰਨੀ ਲਿਆ ਕੇ ਪਿਆਵੇ, ਸ਼ਾਮ ਨੂੰ ਵਿੰਡਸਰ ਹੋਵਰਡ ਦੀ ਵਿਸਕੀ ਉਡੇਗੀ।"

"ਪੱਕ ਹੋ ਗਿਆ ?" ਦੁੱਖੀ ਨੇ ਚੈਲੰਜ ਮਨਜ਼ੂਰ ਕਰਦਿਆਂ ਸੱਜਾ ਹੱਥ ਕਢਿਆ।

"ਪੱਕੇ, ਲੋਹੇ ਵਰਗਾ।" ਬਹਾਲ ਨੇ ਦੁੱਖੀ ਦਾ ਹੱਥ ਘੁਟ, ਜਜ਼ਬਾਤੀ ਮੁਸਕਾਣ ਭਰ ਕੇ ਹਿਲਾਇਆ।

"ਫਿਰ ਦੇਰ ਨਾ ਲਾ, ਛੇਤੀ ਰਿਕਸ਼ਾ ਫੜ, ਅਸੀਂ ਵੀ ਦੋ ਘੜੀ ਸੁਆਦ ਲੈਣ ਵਾਲੇ ਹੋਈਏ।" ਦੁੱਖੀ ਬਹਾਲ ਤੋਂ ਵੀ ਪਹਿਲਾਂ ਉਠ ਕੇ ਖਲੋ ਗਿਆ। ਵਾਸਤਵ ਵਿਚ ਵਿਸਕੀ ਦੀ ਦਾਅਵਤ ਨੇ ਉਸ ਦੇ ਮੂੰਹ 'ਚ ਪਾਣੀ ਲੈ ਆਂਦਾ ਸੀ।

ਉਨ੍ਹਾਂ ਥਾਣੇ ਦੇ ਬਾਰ ਅਗੋਂ ਹੀ ਰਿਕਸ਼ਾ ਲੈ ਲਿਆ। ਜਦ ਦੋਨੋਂ ਠੀਕ ਹੋ ਕੇ ਬਹਿ ਗਏ ਅਤੇ ਰਿਕਸ਼ੇ ਵਾਲੇ ਨੇ ਵੀ ਇਕ ਰਫ਼ਤਾਰ ਫੜ ਲਈ, ਤਦ ਬਹਾਲ ਨੇ ਦੁੱਖੀ ਨੂੰ ਛੇੜਿਆ :

"ਚਾਚਾ, ਘੁਟ ਪੀ ਕੇ ਆਪਣਾ ਇਸ਼ਕ ਵੀ ਸੁਣਾਏਂਗਾ ਨਾ ?"

"ਬੱਚੂ ! ਤੁਸੀਂ ਮੇਰੇ ਧੌਲਿਆਂ 'ਚ ਹੱਥ ਨਾ ਪਾਇਆ ਕਰੋ।" ਉਂਜ ਦੁੱਖੀ ਬੜਾ ਖ਼ੁਸ਼ ਸੀ।

"ਚਾਚਾ, ਏਸ ਉਮਰ ਤਾਂ ਇਸ਼ਕ ਸੁਆਦ ਈ ਬੜਾ ਲਗਦਾ ਏ। ਮੇਰੇ ਚਾਚੇ ਨੂੰ ਪੰਦਰਾਂ ਸਾਲ ਹੋ ਗਏ, ਮੁਸਲਮਾਨੀ ਰਖੀ ਨੂੰ। ਪਹਿਲਾਂ ਛੇ ਸੌ ਤਨਖ਼ਾਹ ਲੈਂਦੇ ਸੀ, ਫਿਰ ਠੇਕੇਦਾਰੀ ਸ਼ੁਰੂ ਕਰ ਦਿਤੀ। ਦੋਨੋਂ ਐਸ਼ੀ ਪੱਠੇ ਐ, ਡੱਬਰ ਪੈਸਾ ਨਹੀਂ ਬਚਾਉਂਦੇ।" ਬਹਾਲ ਨੇ ਦੁੱਖੀ ਦੀ ਖ਼ੁਸ਼ੀ ਲਈ ਖ਼ਾਨਦਾਨੀ ਇਸ਼ਕ ਦੀ ਕਹਾਣੀ ਵੀ ਕਹਿ ਦਿਤੀ।

"ਕਿਤੇ ਬਰਖ਼ੁਰਦਾਰ ਚਾਚੇ ਤੋਂ ਤਾਂ ਲਾਗ ਨਹੀਂ ਲਗੀ ?"

"ਚਾਚੇ ਨਾਲੋਂ ਚਾਚੀ ਖਸਮਾਂ ਨੂੰ ਬਹੁਤਾ ਖਾਂਦੀ ਏ। ਪਰ ਨਾਰਦਾ, ਤੂੰ ਆਪਣੀ ਗੱਲ ਨਾ ਟਾਲ।" ਬਹਾਲ ਆਪਣੇ ਨਿਸ਼ਾਨੇ ਤੋਂ ਉਕਣਾ ਨਹੀਂ ਚਾਹੁੰਦਾ ਸੀ।

"ਦੇਖੀ ਜਾਵੇਗੀ ਜਦੋਂ ਆਥਣ ਹੋਵੇਗੀ।" ਦੁਪਹਿਰ ਦੀਆਂ ਤਿੱਖੀਆਂ ਤੱਤੀਆਂ ਕਿਰਨਾਂ ਸੜਕ ਦੀ ਲੁਕ ਪਿਘਲਾ ਰਹੀਆਂ ਸਨ। "ਥੋੜਾ ਤੇਜ਼ ਚਲਾ ਬਈ।" ਦੁੱਖੀ ਨੇ ਸਾਰਾ ਜ਼ੋਰ ਲਾ ਕੇ ਚੜ੍ਹਾਈ ਚੜ੍ਹ ਰਹੇ ਰਿਕਸ਼ੇ ਨੂੰ ਆਖਿਆ। ਰਿਕਸ਼ੇ ਵਾਲੇ ਨੇ ਮੁੜ੍ਹਕੇ-ਗੱਚ ਤਿਊੜੀ ਵਿਚੋਂ ਭਉਂ ਕੇ ਤੱਕਿਆ। ਦੁੱਖੀ ਨੇ ਥਾਣੇਦਾਰ ਦੇ ਬਰਾਬਰ ਬੈਠਿਆਂ ਰਿਕਸ਼ੇ ਵਾਲੇ ਨੂੰ ਅੱਖਾਂ ਕਢੀਆਂ। ਅਤੇ ਹੋਵਰਡ ਦੀ ਵਿਸਕੀ ਝਟ ਪਿਛੋਂ ਉਸ ਦੇ ਮੂੰਹ ਵਿਚ ਘੁਲਦੀ, ਜਿਸ ਨੂੰ ਉਹ ਥੁੱਕ ਵੀ ਨਹੀਂ ਸਕਦਾ ਸੀ।

ਬਹਾਲ ਦੀ ਖ਼ੁਸ਼ੀ ਪੂਰੇ ਅਕੜੇਵੇਂ ਵਿਚ ਪਰਵਾਜ਼ ਕਰ ਰਹੀ ਸੀ। ਉਹ ਸਮਝਦਾ

Sri Satguru Jagjit Singh Ji eLibrary NamdhariElibrary@gmail.com

ਸੀ, ਦੁੱਖੀ ਇਕ ਵਾਰ ਦਰਸ਼ਨ ਦੇ ਘਰ ਵੜਦਾ ਕਰ ਦੇਵੇ, ਫਿਰ ਥਾਣੇਦਾਰੀ ਦੇ ਰੋਹਬ ਅਤੇ ਹੋਰ ਹੋਰ ਵਸੀਲਿਆਂ ਰਾਹੀਂ ਪੈਰ ਆਪੂੰ ਗੱਡੇ ਜਾ ਸਕਦੇ ਹਨ। ਉਹ ਆਪਣੀ ਜ਼ਿੰਦਗੀ ਵਿਚ ਫ਼ੇਲ੍ਹ ਹੋਣਾ ਸਿਖਿਆ ਨਹੀਂ ਸੀ। ਸਿਹਤ, ਜਵਾਨੀ, ਰੂਪ ਅਤੇ ਥਾਣੇਦਾਰੀ ਦੇ ਟੌਅਰ ਵਿਚ ਜਿਧਰ ਵੀ ਅੱਖਾਂ ਭਵਾਈਆਂ, ਦੁਨੀਆਂ ਉਸ ਦੀਆਂ ਮਨ-ਆਸ਼ਾਂ ਅਨੁਸਾਰ ਬਦਲਦੀ ਰਹੀ ਸੀ।

"ਉਸ ਬਿੰਬੜ ਹੇਠ ਉਤਾਰ ਦੇ ਬਈ।" ਦੁੱਖੀ ਨੇ ਰਿਕਸ਼ੇ ਵਾਲੇ ਨੂੰ ਚਿਤਾਵਣੀ ਦਿੱਤੀ।

ਰਿਕਸ਼ੇ ਵਾਲੇ ਨੇ ਪੈਡਲ ਮਾਰਨੇ ਬੰਦ ਕਰ ਦਿਤੇ। ਗੱਡੀ ਰੁਕਦੀ ਗਰੇਵਾਲ ਕਾਟੇਜ ਅਗੇ ਖਲੋਤੀ। ਬਹਾਲ ਰਿਕਸ਼ੇ ਵਾਲੇ ਨੂੰ ਪੈਸੇ ਦੇ ਕੇ ਦੁੱਖੀ ਦੇ ਪਿਛੇ ਤੁਰ ਪਿਆ। ਜਿਉਂ ਹੀ ਉਹ ਗੇਟ ਲੰਘੇ, ਜੈਕ 'ਅਲੀ ਅਲੀ' ਕਰਦਾ ਅੰਦਰੋਂ ਨਿਕਲਿਆ, ਜਿਵੇਂ ਕੋਠੀ ਵਿਚ ਚੋਰ ਆ ਗਏ ਸਨ। ਗਰੇਵਾਲ ਨੇ ਅੰਦਰੋਂ ਨਿਕਲਦਿਆਂ ਹੀ ਕੁੱਤੇ ਨੂੰ ਡਾਂਟਿਆ

"ਜੈਕੀ !"

ਕੁੱਤਾ ਮਾਲਕ ਦੀ ਘੂਰ ਨੂੰ ਮੰਨ ਗਿਆ, ਪਰ ਉਸ ਦਾ ਅੰਦਰ ਹਾਲੇ ਵੀ ਔਖਾ ਸੀ। ਕੁੱਤੇ ਦੀਆਂ ਕੈਲ੍ਹੀਆਂ ਅੱਖਾਂ ਵਿਚ ਹੈਰਾਨ-ਦੁਸ਼ਮਨੀ ਕੰਬਣੀਆਂ ਛੇੜ ਰਹੀ ਸੀ।

"ਸੁਖ ਈ ਹੋਵੇ", ਬਹਾਲ ਨੇ ਸਹਿਜ ਨਾਲ ਦੁੱਖੀ ਨੂੰ ਜਣਾਇਆ।

"ਤੂੰ ਕੀ ਸਮਝਦਾ ਏਂ, ਸਾਡਾ ਪੰਜਾ ਪਾਇਆਂ, ਨਾਲ ਈ ਚੀਜ਼ ਪੁੱਟੀ ਆਊ, ਨਿਕਲਦਾ ਨਹੀਂ।" ਫਿਰ ਚਾਰ ਕੁ ਕਦਮਾਂ ਤੁਰਦਿਆਂ ਥੋੜਾ ਉਚੀ ਗਰੇਵਾਲ ਨੂੰ ਸੰਬੋਧਨ ਹੋਇਆ, "ਤੁਸੀਂ ਕੁੱਤੇ ਤੋਂ ਕਿਉਂ ਵਢਾਉਂਦੇ ਓ, ਹੱਥੀਂ ਕਿਉਂ ਨਹੀਂ ਮਾਰ ਲੈਂਦੇ।" ਦੁੱਖੀ ਨੇ ਆਪਣੇ ਸੁਭਾ ਅਨੁਸਾਰ ਅੱਗਾ ਵਲਿਆ। "ਮੇਰਾ ਤਾਂ ਕੋਈ ਨਹੀਂ ਮਲੰਗ ਦਾ, ਪਰ ਇਹ ਸਰਕਾਰੀ ਅਫ਼ਸਰ ਹਨ।"

ਬਹਾਲ ਸੱਜੇ ਪਾਸੇ ਦੇ ਕਮਰੇ ਵਿਚ ਧੀਰੇ ਧੀਰੇ ਰੇਡਿਓ ਨੂੰ ਗਾਉਂਦਿਆਂ ਸੁਣ ਕੇ ਅੰਦਰੇ ਅੰਦਰ ਝੂਮ ਉਠਿਆ।

"ਤੁਹਾਡਾ ਕਿਉਂ ਨਹੀਂ। ਆਓ, ਜੀ ਆਇਆਂ ਨੂੰ। ਅੱਜ ਕਿਵੇਂ ਮਨ ਮਿਹਰ ਆ ਗਈ ਸਾਡੇ ਗ਼ਰੀਬ ਘਰ ਦਰਸ਼ਨ ਦੇਣ ਦੀ।" ਗੁਰਬਚਨ ਸਿੰਘ ਨੇ ਸੁਆਗਤ ਵਿਚ ਹੱਥ ਜੋੜਦਿਆਂ ਆਖਿਆ।

"ਇਹ ਸਰਦਾਰ ਬਹਾਲ ਸਿੰਘ ਜੀ ਥਾਣੇਦਾਰ ਤਿੰਨ ਨੰਬਰ ਡਵੀਜਨ ਦੇ ਇਨਚਾਰਜ।" ਦੁੱਖੀ ਨੇ ਜਾਣ ਪਛਾਣ ਕਰਾਂਦਿਆਂ ਕਿਹਾ, "ਇਹ ਹਨ ਜੀ ਕਪਤਾਨ ਗੁਰਬਚਨ ਸਿੰਘ ਜੀ ਗਰੇਵਾਲ।"

ਬਹਾਲ ਨੇ ਸਤਿਕਾਰ ਵਜੋਂ ਹੱਥ ਜੋੜਦਿਆਂ ਥੋੜਾ ਸਿਰ ਝੁਕਾਇਆ। ਗਰੇਵਾਲ ਉਨ੍ਹਾਂ ਨੂੰ ਖੱਬੇ ਪਾਸੇ ਦੀ ਬੈਠਕ ਵਿਚ ਲੈ ਆਇਆ।

"ਬੈਠੋ ਜੀ।" ਗਰੇਵਾਲ ਨੇ ਪਿਆਰ ਨਾਲ ਕੋਚ ਵਲ ਇਸ਼ਾਰਾ ਕੀਤਾ। ਅਤੇ ਪੱਖਾ ਖੋਲ੍ਹ ਦਿਤਾ। ਉਨ੍ਹਾਂ ਦੇ ਬਹਿ ਜਾਣ ਤੇ ਪੁੱਛਿਆ,"ਹੁਣ ਮੈਨੂੰ ਸੇਵਾ ਦੱਸੋ।"

"ਤੁਸੀਂ ਵੀ ਬੈਠੋ ਸਰਦਾਰ ਜੀ !" ਬਹਾਲ ਨੇ ਖਲੋਤੇ ਸਰਦਾਰ ਨੂੰ ਆਖਿਆ।

ਗਰੇਵਾਲ ਵੀ ਇਕ ਕੁਰਸੀ ਉਤੇ ਬਹਿ ਗਿਆ। ਦੁੱਖੀ ਨੇ ਦਾੜ੍ਹੀ ਤੋਂ ਦੀ ਹੱਥ ਫੇਰਦਿਆਂ ਆਪਾ ਤਣਿਆ।

"ਡੀ. ਐਸ. ਪੀ. ਸਾਹਿਬ ਦੀ ਲੜਕੀ ਦਾ ਪਰਸੋਂ ਅਨੰਦ ਹੈ ਤੇ ਇਹ ਇਕ ਘੰਟੇ

Sri Satguru Jagjit Singh Ji eLibrary NamdhariElibrary@gmail.com

ਲਈ ਦਰਸ਼ਨ ਨੂੰ ਉਸ ਸਮੇਂ ਲਿਜਾਣਾ ਚਾਹੁੰਦੇ ਹਨ।" ਦੁਖੀ ਨੇ ਗੱਲ ਨੂੰ ਇਕ ਤਰੀਕੇ ਨਾਲ ਮਠਾਰਿਆ, "ਮੈਂ ਆਪਣੀ ਵਲੋਂ ਈਂ ਹਾਮੀ ਭਰ ਲਈ ਸੀ ; ਏਨਾਂ ਆਖਿਆ, ਚੱਲ ਕੇ ਗੱਲ ਪੱਕੀ ਕਰਨੀ ਠੀਕ ਰਹੇਗੀ।" ਦੁਖੀ ਨੇ ਆਉਣ ਦਾ ਕਾਰਨ ਪਰਗਟ ਕੀਤਾ।

ਬਹਾਲ ਕਚਨੀਲੀ ਕੰਧ ਉਤੇ ਸਹਿਗਲ ਨਾਲ ਕਾਨਨ ਬਾਲਾ ਦੀ ਫ਼ਰੇਮ ਹੋਈ ਤਸਵੀਰ ਨੂੰ ਤੱਕੀ ਜਾ ਰਿਹਾ ਸੀ। ਉਸ ਦਾ ਤਸੱਵਰ ਬੰਗਾਲੀ ਤਸਵੀਰ ਦੇ ਨਕਸ਼ਾਂ ਵਿਚੋਂ ਪੰਜਾਬਣ ਕਾਨਨ ਬਾਲਾ ਨੂੰ ਲੱਭ ਰਿਹਾ ਸੀ। ਸੀਲਿੰਗ-ਫ਼ੈਨ ਪੂਰੀ ਰਫ਼ਤਾਰ ਵਿਚ ਘੁੰਮ ਰਿਹਾ ਸੀ।

"ਦੇਖੋ ਜੀ, ਕੋਈ ਹੋਰ ਪ੍ਰੋਗਰਾਮ ਨਾ ਹੋਇਆ, ਤਦ ਜ਼ਰੂਰ ਜਾਣਗੇ।" ਗਰੇਵਾਲ ਨੇ ਪਰਭਾਵ ਕਾਇਮ ਰਖਦਿਆਂ ਉੱਤਰ ਦਿਤਾ।

"ਜੇਕਰ ਕੋਈ ਹੋਰ ਪ੍ਰੋਗਰਾਮ ਹੋਇਆ, ਤਦ ਕੈਂਸਲ ਵੀ ਕਰਨਾ ਪਵੇਗਾ।" ਦੁਖੀ ਨੇ ਸ੍ਵੈ-ਭਰੋਸੇ ਨਾਲ ਆਖਿਆ।

"ਮੈਂ ਹੁਣੇ ਦਰਸ਼ਨ ਨੂੰ ਬੁਲਾ ਕੇ ਪਤਾ ਕਰ ਦੇਂਦਾ ਹਾਂ।" ਗਰੇਵਾਲ ਨੇ ਉਠ ਕੇ ਦਰਵਾਜ਼ੇ ਵਿਚ ਆਉਂਦਿਆਂ ਆਵਾਜ਼ ਮਾਰੀ, "ਦਰਸ਼ਨ ! ਕੁੜੇ ਦਰਸ਼ਨ !!"

"ਆਈ ਪਿਤਾ ਜੀ !" ਕੁੜੀ ਨੇ ਆਉਂਦਿਆਂ ਸਹਿਜ ਨਾਲ ਉਤਰ ਦਿਤਾ।

ਇਕ ਮਿੰਟ ਦੀ ਚੁੱਪ ਵਿਚਕਾਰ ਹੀ ਦਰਸ਼ਨ ਆਪਣਾ ਆਪ ਠੀਕ ਕਰਦੀ ਆ ਗਈ। ਉਸ ਆਉਂਦਿਆਂ ਹੀ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਬੁਲਾਈ। ਬਹਾਲ ਨੇ ਉਸ ਨੂੰ ਤੱਕਦਿਆਂ ਹੀ ਜਾਣਿਆ, ਹਾਲੇ ਪੁਰਾਣੀ ਸੂਈ-ਚੋਭ ਮੁਕੰਮਲ ਤੌਰ ਤੇ ਗਈ ਨਹੀਂ।

"ਦਰਸ਼ਨ ਬੇਟੀ !" ਦੁੱਖੀ ਨੇ ਲਾਡ ਨਾਲ ਬੁਲਾਇਆ, "ਇਹ ਹਨ ਬਹਾਲ ਸਿੰਘ ਜੀ ਥਾਣੇਦਾਰ; ਬੜੇ ਵਧੀਆ ਗੀਤ ਲਿਖਦੇ ਹਨ, ਤੇ ਖ਼ੁਸ਼ੀ ਦੀ ਗੱਲ ਕਿ ਮੇਰੇ ਬਰਖ਼ੁਰਦਾਰ ਹਨ। ਸ਼ਾਇਦ ਤੈਨੂੰ ਪਤਾ ਈ ਹੋਵੇ।"

"ਜੀ ਹਾਂ।" ਦਰਸ਼ਨ ਦੇ ਨਿੱਕੇ ਜਿਹੇ ਉੱਤਰ ਵਿਚ ਗੁੱਝੀ ਚੋਟ ਲੁਕੀ ਹੋਈ ਸੀ। ਉਸ ਕਾਟਵੀਆਂ ਨਜ਼ਰਾਂ ਨਾਲ ਬਹਾਲ ਨੂੰ ਇਕ ਪਲ ਤੱਕਿਆ।

"ਜ਼ਾਲਮੇ, ਹੁਣ ਤਾਂ ਗ਼ੁੱਸਾ ਥੁੱਕ ਦੇ, ਮੈਂ ਤਾਂ ਘਰ ਚਲ ਕੇ ਮਨਾਉਣ ਆ ਗਿਆ ਹਾਂ।" ਬਹਾਲ ਆਪਣੇ ਅਤ੍ਰਿਪਤ ਮਨ ਵਿਚ ਆਪ-ਮੁਹਾਰੇ ਕਹਿ ਗਿਆ।

"ਪਰਸੋਂ ਦਰਸ਼ਨ, ਤੇਰਾ ਕੋਈ ਪ੍ਰੋਗਰਾਮ ਤਾਂ ਨਹੀਂ, ਡੀ. ਐਸ. ਪੀ. ਸਾਹਿਬ ਦੀ ਲੜਕੀ ਦੀ ਸ਼ਾਦੀ ਹੈ ?" ਗਰੇਵਾਲ ਨੇ ਦਰਸ਼ਨ ਤੋਂ ਪੁੱਛਿਆ।

"ਜੀ ਕੋਈ ਨਹੀਂ।"

"ਲਓ ਪੌ ਬਾਰ੍ਹਾਂ। ਮੇਰੇ ਮਨ 'ਚ ਧੜਕਾ ਸੀ, ਦਰਸ਼ਨ ਨੂੰ ਵਿਹਲ ਨਹੀਂ ਹੋਣੀ।" ਨਾਰਦ ਨੇ ਝੋਲੀ ਚੁਕਣੀ ਸ਼ੁਰੂ ਕਰ ਦਿਤੀ।

"ਚਾਰਜਜ਼ ਕੀ ਹੋਣਗੇ।" ਬਹਾਲ ਨੇ ਬਹੁਤ ਹੀ ਮਿੱਠਿਆਂ ਹੋ ਕੇ ਪੁੱਛਿਆ। ਉਹ ਚੋਰ-ਝਾਤੀਆਂ ਵਿਚ ਦਰਸ਼ਨ ਦੇ ਮਿੱਠੇ-ਸਾਂਵਲੇ ਰੰਗ ਦੀਆਂ ਨਸ਼ਤਰਾਂ ਰਾਹੀਂ ਥਾਂ ਥਾਂ ਤੋਂ ਪੱਛਿਆ ਜਾ ਰਿਹਾ ਸੀ।

"ਲਓ ਜੀ ਚਾਰਜ ਤੁਹਾਡੇ ਕੋਲੋਂ ਈ ਕਰਨਾ ਏਂ, ਹੋਰ ਥੋੜੇ ਨੇ।" ਗਰੇਵਾਲ ਇਕ ਵਾਰ ਹੀ ਕਹਿ ਗਿਆ।

"ਫਿਰ ਵੀ ?"

Sri Satguru Jagjit Singh Ji eLibrary NamdhariElibrary@gmail.com

"ਬਸ ਮੁੜ ਕੇ ਗੱਲ ਈ ਨਾ ਤੋਰਿਆ ਜ। ਰੱਬ ਨਾ ਕਰੇ ਕਲ੍ਹ ਕਲੋਤਰ ਨੂੰ ਸਾਨੂੰ ਤੁਹਾਡੇ ਤੱਕ ਕੋਈ ਕੰਮ ਪੈ ਜਾਵੇ, ਜਿਹੜਾ ਕਿ ਇਨਸਾਨ ਨੂੰ ਕਦੇ ਨਾ ਕਦੇ ਜ਼ਰੂਰ ਪੈ ਜਾਂਦਾ ਏ।"

ਬਹਾਲ ਨੂੰ ਏਨੇ ਚੰਗੇ ਵਰਤੱਾ ਦੀ ਉੱਕੀ ਆਸ ਨਹੀਂ ਸੀ।

"ਕੰਮ ਦੀ ਸਰਦਾਰ ਜੀ ਕੀ ਆਖੀ।" ਦੁੱਖੀ ਇਕ ਤਰ੍ਹਾਂ ਖ਼ੁਸ਼ੀ ਵਿਚ ਬਿਫ਼ਰ ਗਿਆ। "ਗਲੋਂ ਫੜ ਕੇ ਕਰਾਵਾਂਗਾ। ਇਹ ਮੇਰਾ ਬੱਚੂ ਐ।" ਦੁੱਖੀ ਨੇ ਬਹਾਲ ਦੀ ਕੰਡ ਤੇ ਹੱਥ ਫੇਰਿਆ, ਦਰਸ਼ਨ ਦਾ ਰੋਕਦਿਆਂ ਵੀ ਹਾਸਾ ਨਿਕਲ ਗਿਆ, ਪਰ ਬਹਾਲ ਆਪਾ ਜ਼ਬਤ ਕਰ ਗਿਆ।

"ਇਹ ਤਾਂ ਮਮੂਲੀ ਗੱਲ ਹੈ, ਤੁਸੀਂ ਕੋਈ ਹੋਰ ਸੇਵਾ ਦਸੋ।" ਗਰੇਵਾਲ ਕਾਫ਼ੀ ਪ੍ਰਭਾਵਤ ਹੋਇਆ ਹੋਇਆ ਸੀ।

"ਤੁਸੀਂ ਕਿਸੇ ਆਏ ਗਏ ਨੂੰ ਚਾਹ ਪਾਣੀ ਤਾਂ ਪੁੱਛ ਲਿਆ ਕਰੋ।" ਦੁੱਖੀ ਨੇ ਮੂੰਹ ਪਾੜ ਕੇ ਕਹਿ ਹੀ ਦਿੱਤਾ।। ਬਹਾਲ ਬੜੀ ਮਜ਼ਬੂਤੀ ਨਾਲ ਹੱਸਣੋਂ ਰੁਕਿਆ। ਫਿਰ ਉਹ ਮੂੰਹ ਫੇਰ ਕੇ ਕਾਨਨ ਦੀ ਤਸਵੀਰ ਵਿਚ ਉਤਰ ਗਿਆ। ਦਰਸ਼ਨ ਬਹਾਲ ਨੂੰ ਬੁੱਲ੍ਹ ਟੁਕ ਕੇ ਵੇਖਦੀ ਫ਼ਿਲਮ-ਐਕਟ੍ਰੈਸ ਨਰਗਸ ਦੇ ਪੋਜ ਤੱਕਣ ਲੱਗ ਪਈ, ਜਿਹੜਾ ਆਵਾਰਾ ਫ਼ਿਲਮ ਦਾ ਜਾਪਦਾ ਸੀ।

"ਤੁਹਾਨੂੰ ਚਾਹ ਪਿਆਏ ਬਿਨਾਂ ਜਾਣ ਕਿਸ ਦੇਣਾ ਏਂ।" ਗਰੇਵਾਲ ਨੇ ਦੁੱਖੀ ਦੇ ਵਾਰ ਨੂੰ ਕੱਟਦਿਆਂ ਅਗਾਊਂ ਪੁਜ਼ੀਸ਼ਨ ਮਾਰ ਲਈ। "ਚਾਹ ਅੱਜ ਕਲ੍ਹ ਪੁੱਛਣ ਵਾਲੀ ਗੱਲ ਨਹੀਂ ਰਹੀ, ਮੈਂ ਬੈਠਕ ਵਿਚ ਵੜਦਾ ਹੀ ਦਰਸ਼ਨ ਦੀ ਬੇ ਜੀ ਨੂੰ ਇਸ਼ਾਰਾ ਦੇ ਆਇਆ ਸੀ।"

ਦਰਸ਼ਨ ਝਟ ਹੀ ਚਾਹ ਲਿਆਉਣ ਲਈ ਉਠ ਕੇ ਤੁਰ ਗਈ।

"ਦੁੱਖੀ ਸ਼ਰਮਿੰਦਾ ਵੀ ਹੋਇਆ ਤੇ ਖ਼ੁਸ਼ ਵੀ। ਉਸ ਆਪਣੀ ਗੁਸਤਾਖ਼ੀ ਤੇ ਪੋਚਾ ਦੇਣ ਲਈ ਫਿਰ ਆਖਿਆ :

"ਮੈਂ ਵੀ ਕਿਹਾ, ਕਦੇ ਅਗੇ ਨਾ ਪਿਛੇ ਚਾਹ ਪੀਤੇ ਬਿਨਾਂ ਗਏ, ਮੈਂ ਤਾਂ ਆਪ ਉਠ ਕੇ ਬਣਾਣ ਵਾਲਾ ਹੋਇਆ ਸੀ।"

"ਤੁਹਾਡਾ ਆਪਣਾ ਘਰ ਹੈ ਬਾਦਸ਼ਾਹੋ; ਜੋ ਚਾਹੋ ਬਣਾਓ ਖਾਓ, ਸੰਗ ਸ਼ਰਮ ਦਾ ਮਤਲਬ ਕੀ।" ਗਰੇਵਾਲ ਥੋੜਾ ਝੇਂਪਰ ਗਿਆ।

"ਤੁਸੀਂ ਚੰਗੀ ਤਰ੍ਹਾਂ ਜਾਣਦੇ ਓ, ਮੈਂ ਤਾਂ ਸੰਗਣ ਵਾਲੇ ਦਿਨ ਨਹੀਂ ਜੰਮਿਆ।" ਦੁਖੀ ਝੁੱਡੂਆਂ ਵਰਗੀ ਹਾਸੀ ਹੱਸ ਰਿਹਾ ਸੀ।

ਬਹਾਲ ਉਸ ਦੀ ਬੇਵਕੂਫ਼ੀ ਨੂੰ ਦਿਲ ਵਿਚ ਗਾਲ੍ਹਾਂ ਦੇਈ ਜਾ ਰਿਹਾ ਸੀ। ਉਹ ਸਮਝਦਾ ਸੀ, ਜਿਥੇ ਲੰਙਾ ਰਿੱਛ ਲਾਚੜ ਜਾਵੇ, ਓਥੇ ਬੁਰੀ ਤਰ੍ਹਾਂ ਬੋਰ ਹੋਣਾ ਪੈਂਦਾ ਏ। ਬਾਹਰ ਜੈਕ ਫਿਰ ਭੌਂਕਿਆ। ਗਰੇਵਾਲ ਨੂੰ ਬਾਹਰ ਜਾਣਾ ਪੈ ਗਿਆ। ਗਰੇਵਾਲ ਮਸੀਂ ਬੂਹੇ ਵਿਚ ਹੀ ਗਿਆ ਹੋਵੇਗਾ, ਜਦ ਬਹਾਲ ਨੇ ਨਾਰਦ ਨੂੰ ਘੂਰਿਆ—

"ਜ਼ਬਾਨ ਨੂੰ ਲਗਾਮ ਦੇ ਤੇ ਹੁਣ ਬੁੜਾਉਣਾ ਬੰਦ ਕਰ ਦੇ।"

"ਹੱਛਾ, ਮੈਂ ਬੜਾਉਂਦਾ ਆਂ।" ਦੁੱਖੀ ਨੇ ਕਾਲੀਆਂ ਪੀਲੀਆਂ ਅੱਖਾਂ ਕਢੀਆਂ।

"ਆਹ ਰੱਬ ਦਾ ਵਾਸਤਾ ਈ ਨਾਰਦਾ ! ਜ਼ਰੂਰ ਮਿਹਰਬਾਨੀ ਕਰ।" ਬਹਾਲ ਨੇ ਧੌਂਸ ਨਾ ਸਹਿੰਦੇ ਦੁਖੀ ਦੀ ਇਕ ਤਰ੍ਹਾਂ ਮਿੰਨਤ ਕੀਤੀ।

Sri Satguru Jagjit Singh Ji eLibrary NamdhariElibrary@gmail.com

"ਬੱਚੂ ! ਆਗੇ ਆਗੇ ਦੇਖੀਏ, ਹੋਤਾ ਹੈ ਕਿਆ।" ਬੁੱਢਾ ਅਜੀਬ ਹਰਕਤਾਂ ਕਰ ਰਿਹਾ ਸੀ।

ਬਹਾਲ ਆਪੂੰ ਖ਼ਾਮੋਸ਼ ਹੋ ਗਿਆ ਅਤੇ ਆਪਣੇ ਅਨੁਭਵ ਵਿਚ ਨਵੀਂ ਕਾਨਨ ਨਾਲ ਉਲਝ ਗਿਆ। ਥੋੜੇ ਸਮੇਂ ਪਿਛੋਂ ਬੈਠਕ ਦੇ ਬਾਹਰ ਪਿਆਲੀਆਂ ਤੇ ਪਿਰਚਾਂ ਦੀ ਟੁਣਕਾਰ ਸੁਣਾਈ ਦਿਤੀ। ਉਹ ਚੇਤੰਨ ਹੋ ਕੇ ਬਹਿ ਗਿਆ। ਦੁਖੀ ਵੀ ਥੋੜਾ ਜ਼ਿੰਮੇਵਾਰ ਹੋ ਗਿਆ। ਦੂਜੇ ਪਲ ਦਰਸ਼ਨ ਚਾਹ ਵਾਲੀ ਟ੍ਰੇਅ ਚੁਕੀ ਅੰਦਰ ਆਈ। ਬਹਾਲ ਨੇ ਆਪ ਉਠ ਕੇ ਛੋਟੀ ਮੇਜ਼ ਅਗੇ ਕੀਤੀ। ਦਰਸ਼ਨ ਨੇ ਟ੍ਰੇਅ ਮੇਜ਼ ਤੇ ਟਿਕੱਾ ਦਿਤੀ।

"ਚਾਚਾ ਜੀ ! ਉਥੇ ਕਿੰਨੇ ਗੀਤ ਗਾਉਣੇ ਪੈਣਗੇ ?" ਦਰਸ਼ਨ ਨੇ ਅੰਗੀਠੀ ਨਾਲ ਮੋਢਾ ਲਾ ਲਿਆ। ਉਸ ਪਿਛਵਾੜੇ ਨਰਗਸ ਅੱਧਾ ਮੂੰਹ ਖੋਲ੍ਹੀ ਸ਼ਰਾਰਤ ਨਾਲ ਮੁਸਕਾ ਰਹੀ ਸੀ।

"ਇਕ, ਵਧ ਤੋਂ ਵਧ ਦੋ।" ਬਹਾਲ ਨੇ ਬੋਲਣ ਲਈ ਆਪੀਂ ਮੌਕਾ ਪੈਦਾ ਕਰ ਲਿਆ। ਉਸ ਨਜ਼ਰਾਂ ਜਮੱਾ ਕੇ ਦਰਸ਼ਨ ਨੂੰ ਦੇਖਣ ਦਾ ਹੀਆ ਕਰ ਲਿਆ।

"ਪਰ ਮੇਰੇ ਕੋਲ ਤਾਂ ਇਸ ਮੌਕੇ ਦਾ ਕੋਈ ਗੀਤ ਨਹੀਂ।" ਦਰਸ਼ਨ ਨੇ ਬਹਾਲ ਨੂੰ ਮਾਯੂਸ ਕਰ ਦਿਤਾ।।

"ਇਹ ਵੇਖ ਤਾਂ ਗੀਤਾਂ ਦਾ ਬਾਦਸ਼ਾਹ ਬੈਠਾ।" ਐਤਕੀਂ ਦੁੱਖੀ ਨੇ ਬਹਾਲ ਨੂੰ ਪਛਾੜ ਦਿਤਾ। "ਜਿੰਨੇ ਮਰਜ਼ੀ ਗੀਤ ਲਿਖਵਾਓ ਅਤੇ ਨਾਲੇ ਜਿਸ ਤਰ੍ਹਾਂ ਦੀ ਸਲਾਹ ਏ।" ਦੁੱਖੀ ਨੇ ਬਹਾਲ ਨੂੰ ਸੂਖਮ ਇਸ਼ਾਰੇ ਵਿਚ ਜਣਾ ਦਿਤਾ ਕਿ ਉਹ ਕਿੰਨਾ ਜ਼ਰੂਰੀ ਤੇ ਕੰਮ ਦਾ ਆਦਮੀ ਹੈ।

ਦਰਸ਼ਨ ਨੇ ਪਹਿਲੀ ਵਾਰ ਥੋੜਾ ਉਤਸ਼ਾਹ ਨਾਲ ਬਹਾਲ ਵਲ ਤੱਕਿਆ, ਜਿਵੇਂ ਉਹ ਉਸ ਨੂੰ ਹਰ ਤਰ੍ਹਾਂ ਦੇ ਗੀਤ ਗਾਉਣ ਲਈ ਦੇ ਦਿਆ ਕਰੇਗਾ, ਜਿਨ੍ਹਾਂ ਦੀ ਉਸ ਨੂੰ ਹਮੇਸ਼ਾ ਘਾਟ ਰਹਿੰਦੀ ਸੀ। ਦਰਸ਼ਨ ਮਿਹਰਬਾਨ ਨਜ਼ਰਾਂ ਨਾਲ ਵੇਖਦੀ, ਬਹਾਲ ਦੇ ਦਿਲ ਨੂੰ ਹੋਰ ਕੀ ਚਾਹੀਦਾ ਸੀ। ਉਸ ਦੇ ਚਿਹਰੇ ਨੂੰ ਇਕ ਰੰਗ ਚੜ੍ਹ ਆਇਆ, ਜਿਹੜਾ ਦਰਸ਼ਨ ਨੇ ਕਦੇ ਕਿਸੇ ਮਰਦ ਦੇ ਮੂੰਹ ਉਤੇ ਨਹੀਂ ਤੱਕਿਆ ਸੀ।

ਗਰੇਵਾਲ ਬਿਸਕੁਟਾਂ ਦੀ ਪਲੇਟ ਭਰ ਕੇ ਲੈ ਆਇਆ। ਬਹਾਲ ਨੇ ਚਾਹ ਬਣਾਉਣੀ ਸ਼ੁਰੂ ਕੀਤੀ। ਦਰਸ਼ਨ ਚਾਹ ਪੀਣ ਵਾਲੀ ਪਾਰਟੀ ਵਿਚ ਸ਼ਾਮਲ ਨਹੀਂ ਸੀ, ਪਰ ਬਹਾਲ ਸੋਚ ਰਿਹਾ ਸੀ, ਹੁਣ ਉਹ ਦਿਨ ਦੂਰ ਨਹੀਂ, ਜਦੋਂ ਤੂੰ ਆਪ ਪਿਆਲਾ ਬਣਾ ਕੇ ਦਿਆ ਕਰੇਂਗੀ, ਮੇਰੀ ਨਵੀਂ ਕਾਨਨ !

6

"ਜੀਪ ਨਾਲੋਂ ਟਾਂਗਾ ਠੀਕ ਰਹੇਗਾ ; ਸਮੇਂ ਨੂੰ ਅੱਜ ਢਿੱਲਿਆਂ ਤੇ ਖੁਲ੍ਹਿਆਂ ਬੀਤਣਾ ਚਾਹੀਦਾ ਹੈ।" ਬਹਾਲ ਦੀ ਹੁਸ਼ਿਆਰ ਫੁਰਤੀ ਸਾਰੇ ਮੁਆਮਲੇ ਵਿਚ ਦੀ ਤੀਰ ਤੀਰ ਫਿਰ ਗਈ। ਉਹ ਵਧ ਤੋਂ ਵਧ ਸਮਾਂ ਦਰਸ਼ਨ ਦੇ ਨਾਲ ਗੁਜ਼ਾਰਨਾ ਚਾਹੁੰਦਾ ਸੀ। ਉਸ ਦਾ ਵਿਸ਼ਵਾਸ ਸੀ, ਸਚਿਆਰਾ ਤੇ ਹੁਸੀਨ ਨੇੜ, ਅੱਲ੍ਹੜ ਜਵਾਨੀ ਨੂੰ ਆਖ਼ਰ ਜਿੱਤ

Sri Satguru Jagjit Singh Ji eLibrary NamdhariElibrary@gmail.com

ਹੀ ਲੈਂਦਾ ਹੈ। ਦਰਸ਼ਨ ਨਾਲ ਟਾਂਗੇ ਵਿਚ ਬਹਿ ਕੇ ਉਸ ਨੂੰ ਕਿੰਨੀ ਤਸੱਲੀ ਭਰੀ ਆਸ ਸੀ। ਉਹ ਸੋਚੀਆਂ ਅਤੇ ਮਿਥੀਆਂ ਗੱਲਾਂ ਦਾ ਹੁਸੀਨ ਜਾਲ ਦਰਸ਼ਨ ਉਤੇ ਸੁੱਟ ਦੇਣਾ ਚਾਹੁੰਦਾ ਸੀ। ਉਸ ਦੀ ਜ਼ਬਰਦਸਤ ਖ਼ਾਹਸ਼ ਸੀ ਕਿ ਕਿਸੇ ਤਰ੍ਹਾਂ ਵੀ ਮੈਂ ਦਰਸ਼ਨ ਦੇ ਪਿਆਰ-ਰਾਹ ਵਿਚ ਰੂਪ ਰੂਪ ਨਸ਼ਿਆ ਜਾਵਾਂ।

ਉਸ ਕਚਹਿਰੀ-ਚੌਕ ਵਿਚੋਂ ਟਾਂਗਾ ਲੈ ਲਿਆ। ਕੋਚਵਾਨ ਸੈਣਤ ਸਮਝਦਿਆਂ ਹੀ ਸਿਵਲ ਲਾਈਨਜ਼ ਵਲ ਤੁਰ ਪਿਆ। ਘੋੜੇ ਨੂੰ ਟਿਚਕਾਰੀ ਮਾਰੀ ਸੁਣ ਕੇ ਬਹਾਲ ਨੇ ਸਿਰ ਚੁਕ ਕੇ ਤੱਕਿਆ। ਦੁਰਾਂਟੇ ਦੀਆਂ ਕੱਟੀਆਂ ਵਾੜਾਂ ਰਾਤ ਦੀ ਤਰੇਲ ਨਾਲ ਧੋਤੀਆਂ ਜਾਪ ਰਹੀਆਂ ਸਨ। ਦੁਰਾਂਟੇ ਤੋਂ ਪਾਰ ਵੇਲਾਂ ਦੇ ਫੁੱਲ ਮਨੁੱਖ ਦੇ ਸੱਜਰੇ ਜਾਗੇ ਜਜ਼ਬਿਆਂ ਵਾਂਗ ਹੱਸ ਰਹੇ ਸਨ। ਰੂਪ-ਮੱਤੀਆਂ ਕੋਠੀਆਂ ਮਨੁੱਖ ਦੇ ਸੁਪਨੇ ਤੋਂ ਸਾਕਾਰ ਹੋਏ ਠੋਸ ਰੂਪ ਵਿਚ ਅੰਗੜਾਈ ਲੈ ਰਹੀਆਂ ਸਨ। ਉਸ ਦੀ ਊਂਘ ਬੇਖ਼ਬਰ ਸੀ ਕਿ ਕੋਠੀਆਂ ਦੁਆਲੇ ਉਹ ਭੌਂ ਰਿਹਾ ਹੈ ਜਾਂ ਕੋਠੀਆਂ ਉਸ ਦੁਆਲੇ। ਪਰ ਇਕ ਗੱਲ ਵਿਚ ਉਸ ਦਾ ਯਕੀਨ ਪੱਕਾ ਸੀ ਕਿ ਚੰਗਾ ਬੀਤ ਰਿਹਾ ਹੈ ਤੇ ਚੰਗੇਰਾ ਹੋਣ ਵਾਲਾ ਹੈ।

ਫਿਰ ਉਸ ਦੀ ਵਿਚਾਰਧਾਰਾ ਨੇ ਨਵਾਂ ਮੋੜ ਖਾਧਾ। ਕੀ ਚੰਗਾ ਹੋਵੇ, ਪਿਤਾ ਜੀ ਜਲੰਧਰ ਕੋਠੀ ਬਣਾਉਣ ਨਾਲੋਂ ਸਿਵਲ ਲਾਈਨਜ਼ ਕੋਈ ਬਣੀ ਬਣਾਈ ਖ਼ਰੀਦ ਲੈਣ। ਹਾਂ, ਪਰ ਨਹੀਂ ਜਲੰਧਰ ਹੀ ਠੀਕ ਹੈ, ਏਥੇ ਘਰ ਵਾਲੀ ਨਾਲ ਕੋਈ ਨਵਾਂ ਪੁਆੜਾ ਖੜਾ ਹੋਵੇਗਾ। ਉਸ ਨਫ਼ਰਤ ਨਾਲ ਸਿਰ ਮਾਰਿਆ ਅਤੇ ਕੌੜੇ ਖ਼ਿਆਲ ਨੂੰ ਦਿਮਾਗ਼ ਵਿਚੋਂ ਥੁੱਕ ਦਿਤਾ।

"ਕਾਹਲੀ ਦੀ ਲੋੜ ਨਹੀਂ, ਹੋਰ ਹੌਲੀ ਜਾਣ ਦੇ।" ਉਸ ਟਾਂਗੇ ਵਾਲੇ ਨੂੰ ਇਕ ਰਾਹ ਦਰਸਾਇਆ। ਅਨੰਦਾਂ ਉਤੇ ਪਹੁੰਚਣ ਲਈ ਉਸ ਕੋਲ ਬਹੁਤ ਵਕਤ ਸੀ, ਇਹ ਸਭ ਕੁਝ ਉਸ ਪਹਿਲੋਂ ਹੀ ਸੋਚ ਕੇ ਸਮਾਂ ਕੱਢ ਰਖਿਆ ਸੀ। ਅਜ ਉਸ ਦੇ ਰੂਪ ਦੀ ਚੜ੍ਹਾਈ ਨੇ ਮੁੱਛ ਨੂੰ ਹਲਕੇ-ਹਲਕੇ ਕੁੰਡ ਪਾ ਲਏ ਸਨ। ਉਸ ਦੇ ਸਿਵਲੀਅਨ ਕਪੜਿਆਂ ਵਿਚੋਂ ਖ਼ਾਸ ਕਿਸਮ ਦੇ ਸੈਂਟ ਦੀ ਸੁਗੰਧੀ ਆ ਰਹੀ ਸੀ। 'ਜੇ ਅੱਜ ਕਿਸਮਤ ਨੇ ਸਾਥ ਦਿਤਾ, ਉਹ....।" ਇਸ ਤੋਂ ਅਗੇ ਉਹ ਅਨੁਭਵ ਨਾ ਕਰ ਸਕਿਆ ਕਿ ਕੀ ਹੋਵੇਗਾ, ਪਰ ਉਸ ਦੀ ਛਾਤੀ ਲਹੂ ਦੇ ਦਬੱਾ ਨਾਲ ਭਰ ਗਈ। ਸੂਰਜ ਦੀਆਂ ਪਹਿਲੀਆਂ ਤਿੱਖੀਆਂ ਕਿਰਨਾਂ ਨੇ ਉੱਚੇ ਦਰੱਖ਼ਤਾਂ ਦੀਆਂ ਟੀਸੀਆਂ ਨੂੰ ਚੁੰਮ ਲਿਆ। ਇਹ ਖੇੜਾ ਪਲ ਪਲ ਧਰਤੀ ਦੀਆਂ ਜੜ੍ਹਾਂ ਵਲ ਵਧ ਰਿਹਾ ਸੀ। ਤੇ ਇਸ ਤਰ੍ਹਾਂ ਹੀ ਤਸੱਲੀ ਮਨੁੱਖ ਦੀਆਂ ਜੀਵਨ-ਧੜਕਨਾਂ ਵਲ ਬਾਹਾਂ ਪਸਾਰ ਰਹੀ ਸੀ।

'ਕਾਮਯਾਬ ਇਨਸਾਨ ਦੀ ਤਾਰੀਫ਼ ਹੀ ਇਹ ਹੈ ਕਿ ਉਸ ਦੀ ਕੋਈ ਖ਼ਾਹਸ਼ ਅਧੂਰੀ ਨਾ ਰਹੇ। ਪਰ ਕੁਦਰਤ ਦੀ ਰਚਨਾ ਕੁਝ ਅਜਿਹੀ ਟੇਢੀ-ਮੇਢੀ ਐ ਕਿ ਖ਼ੁਸ਼ੀ ਨਾਲ ਗ਼ਮੀ, ਫੁੱਲ ਨਾਲ ਕੰਡਾ ਅਤੇ ਪਿਆਰ ਨਾਲ ਬਿਰਹਾ ਚੰਮੜੇ ਈ ਨਹੀਂ, ਸਗੋਂ ਸਿਉਂ ਦਿਤੇ ਹਨ। ਪਰ ਇਸ ਦੇ ਬਾਵਜੂਦ ਮਨੁੱਖ ਮਨ-ਮਰਜ਼ੀ ਦਾ ਜੀਵਨ ਜੀ ਸਕਦਾ ਏ ਤੇ ਇਸ ਦੀ ਪੂਰਤੀ ਲਈ ਮੇਰੇ ਅਗੇ ਇਕ ਨਵਾਂ ਤਜਰਬਾ ਹੈ।' ਉਹ ਦਰਸ਼ਨ ਦੇ ਖ਼ਿਆਲ ਨਾਲ ਭਰਿਆ ਭਰਿਆ ਮੁਸਕਾ ਪਿਆ। ਉਹ ਉਨ੍ਹਾਂ ਗੱਲਾਂ ਨੂੰ ਮਨ ਵਿਚ ਦੁਹਰਾਉਣ ਲਗ ਪਿਆ, ਜਿਨ੍ਹਾਂ ਨਾਲ ਉਸ ਨੂੰ ਪੂਰਨ ਵਿਸ਼ਵਾਸ ਸੀ ਕਿ ਦਰਸ਼ਨ ਦੇ ਜਜ਼ਬਾਤ ਨੂੰ ਹਿਲਾ ਦੇਵਾਂਗਾ। ਉਸ ਦੇ ਇਕ ਵਾਰ ਜਜ਼ਬਾਤ ਹਿੱਲ ਪੈਣ, ਫਿਰ ਕੱਚੇ ਧਾਗੇ ਨਾਲ ਬੱਝੀ ਸਰਕਾਰ ਖ਼ੁਦ ਆਵੇਗੀ।'

Sri Satguru Jagjit Singh Ji eLibrary NamdhariElibrary@gmail.com

"ਬਸ ਬਈ ਸ਼ਾਬਾਸ਼ ! ਏਥੇ ਈ ਰੋਕ ਦੇ, ਅਸੀਂ ਹੁਣੇ ਆਉਂਦੇ ਆਂ!" ਬਹਾਲ ਨੇ ਰੁਕਦੇ ਟਾਂਗੇ ਵਿਚੋਂ ਉਤਰਦਿਆਂ ਕਿਹਾ।

ਜਦੋਂ ਉਹ ਗੇਟ ਲੰਘਿਆ, ਸਭ ਤੋਂ ਪਹਿਲਾਂ ਭੌਂਕਦਾ ਜੈਕ ਉਸ ਦੇ ਮੱਥੇ ਲਗਾ। ਉਸ ਨੂੰ ਇਕ-ਦਮ ਹੀ ਗ਼ੁੱਸਾ ਚੜ੍ਹ ਗਿਆ। 'ਲੈ ਪੁੱਤਰਾ, ਜਦੋਂ ਮੈਂ ਦੂਜੀ ਵਾਰ ਆਇਆ, ਤੂੰ ਏਥੇ ਨਹੀਂ ਹੋਵੇਂਗਾ।' ਬਹਾਲ ਨੇ ਆਪਣੀਆਂ ਅੱਖਾਂ ਦੇ ਦੰਦ ਜੈਕ ਦੇ ਭੂਸਲੇ ਪਿੰਡੇ ਵਿਚ ਗੱਡ ਦਿਤੇ। ਦਰਸ਼ਨ ਨੇ ਕੁੱਤੇ ਨੂੰ ਰੋਕ ਲਿਆ। ਉਹ ਬਹਾਰ-ਕਨਸਰਟ ਵਾਲੇ ਦਿਨ ਨਾਲੋਂ ਵੀ ਖ਼ੂਬਸੂਰਤ ਲਗ ਰਹੀ ਸੀ।

"ਸਤਿ ਸ੍ਰੀ ਅਕਾਲ !" ਬਹਾਲ ਨੇ ਉਸ ਨੂੰ ਤੁਰਨ ਲਈ ਬਿਲਕੁਲ ਤਿਆਰ ਤੱਕਿਆ। ਦਰਸ਼ਨ ਨੇ ਹਾਈ ਜੈਂਟਰੀ ਦੀ ਸੋਸਾਇਟੀ ਨੂੰ ਮੁਖ ਰਖ ਕੇ ਆਪਣੀ ਤਿਆਰੀ ਵਿਚ ਵਿਸ਼ੇਸ਼ਤਾ ਵਰਤੀ ਸੀ। ਉਹ ਆਪਣੇ ਸੰਗੀਤ ਤੋਂ ਬਿਨਾਂ ਸ਼ਖ਼ਸੀਅਤ ਨਾਲ ਵੀ ਅਹਿਮੀਅਤ ਜਿੱਤਣਾ ਚਾਹੁੰਦੀ ਸੀ। ਉਹ ਆਪਣੇ ਰੂਪਾਵਲ ਠਾਠ ਨਾਲ ਸਭ ਨੂੰ ਹੈਰਾਨ ਕਰ ਦੇਣ ਲਈ ਤੁਲੀ ਹੋਈ ਸੀ। ਬਹਾਲ ਦੀ ਚੇਤਨਾ ਨੂੰ ਹੁਣੇ ਭੁਆਟਣੀਆਂ ਆਉਣੀਆਂ ਸ਼ੁਰੂ ਹੋ ਗਈਆਂ। ਉਹ ਕਹਿਣਾ ਚਾਹੁੰਦਾ ਸੀ, 'ਵਿਆਹ ਵਾਲੀ ਕੁੜੀ ਤਾਂ ਹੋਰ ਐ, ਕਿਤੇ ਲਾੜਾ ਨਾ ਵਿਹਰ ਬੈਠੇ, ਖ਼ੂਨਣੇ !'

"ਤਿਆਰ ਹੋ ਤਾਂ ਚੱਲੀਏ ?" ਬਹਾਲ ਨੇ ਪ੍ਰਸੰਨ ਚਿਹਰੇ ਨਾਲ ਪੁੱਛਿਆ।

"ਜੇਕਰ ਟਾਈਮ ਹੈ, ਤਦ ਚਾਹ ਦਾ ਪਿਆਲਾ ਪੀਂਦੇ ਜਾਵੋ।" ਗਰੇਵਾਲ ਨੇ ਦੰਦਾਂ ਦਾ ਬੁਰਸ਼ ਰੋਕਦਿਆਂ ਆਖਿਆ।

"ਅਸੀਂ ਜੀ, ਬੜੀ ਦੇਰ ਦੇ ਚਾਹਾਂ ਪੀ ਕੇ ਡਿਊਟੀਆਂ ਸਾਂਭੀ ਫਿਰਦੇ ਆਂ।" ਬਹਾਲ ਨੇ ਧੰਨਵਾਦ ਦੀ ਟੋਨ ਵਿਚ ਉੱਤਰ ਮੋੜਿਆ, "ਡੀ. ਐਸ. ਪੀ. ਸਾਹਿਬ ਨਿਰੇ ਪੁਰੇ ਸਾਡੇ ਅਫ਼ਸਰ ਹੀ ਨਹੀਂ, ਸਗੋਂ ਅਜ਼ੀਜ਼ ਵੀ ਸਮਝਦੇ ਐ। ਏਸੇ ਲਈ ਅਸੀਂ ਰੁੱਝੇ ਹੋਏ ਆਂ। ਹੱਛਾ ਜੀ ਫਿਰ ਸਤਿ ਸ੍ਰੀ ਅਕਾਲ।"

ਬਹਾਲ ਅਗੇ ਅਤੇ ਪਿਛੇ ਦਰਸ਼ਨ ਵਰਾਂਡੇ 'ਚੋਂ ਉੱਤਰ ਆਏ। ਬਹਾਲ ਨੱਸ ਕੇ ਟਾਂਗੇ ਵਿਚ ਆ ਬਹਿਣਾ ਚਾਹੁੰਦਾ ਸੀ ਤੇ ਫਿਰ ਟਾਂਗੇ ਦਾ ਹਵਾਈ ਜਹਾਜ਼ ਬਣਾ ਕੇ ਨਵੇਂ ਦੇਸ ਦਾ ਸੈਲਾਨੀ ਬਣ ਜਾਣਾ, ਜਿਥੋਂ ਉਨ੍ਹਾਂ ਨੂੰ ਕੋਈ ਖ਼ੁਦਾ ਵੀ ਨਾ ਲੱਭ ਸਕੇ; ਪਰ ਉਹ ਆਪ ਜਦੋਂ ਚਾਹੁਣ ਵਾਪਸ ਆ ਸਕਣ। ਦਰਸ਼ਨ ਟਾਂਗੇ ਦੇ ਪਿਛੇ ਅਤੇ ਬਹਾਲ ਅਗੇ ਬਹਿ ਗਿਆ, ਪਰ ਚਿਹਰੇ ਦੋਹਾਂ ਦੇ ਆਹਮਣੇ ਸਾਹਮਣੇ ਸਨ। ਟਾਂਗੇ ਵਾਲੇ ਨੇ ਸਭ ਕੁਝ ਸਮਝਦਿਆਂ ਘੋੜੇ ਨੂੰ ਨਰਮ ਟਾਪ ਲਾ ਦਿਤਾ। ਬਹਾਲ ਨੇ ਬਹੁਤ ਹੀ ਪ੍ਰਸੰਨ ਨਜ਼ਰਾਂ ਨਾਲ ਤੱਕਦਿਆਂ ਕਿਹਾ :

"ਗੀਤ ਮਿਲ ਗਿਆ ਸੀ ?"

ਦਰਸ਼ਨ ਨੇ ਮੁਸਕਾਂਦਿਆਂ 'ਹਾਂ' ਵਿਚ ਸਿਰ ਹਿਲਾਇਆ। ਉਹ ਸਮਝਦੀ ਸੀ, ਜੇ ਬਹਾਲ ਬਹਾਰ-ਕਨਸਰਟ ਵਰਗੇ ਗੀਤ ਲਿਖ ਕੇ ਦੇ ਸਕੇ, ਮੈਂ ਹਰ ਫ਼ੰਕਸ਼ਨ ਵਿਚ ਕਾਮਯਾਬ ਹੋ ਸਕਦੀ ਹਾਂ। ਉਹ ਆਪੂੰ ਇਸ ਮਾਮੂਲੀ ਵਾਕਫ਼ੀ ਨੂੰ ਨਰੋਈ ਜਾਣ-ਪਛਾਣ ਬਣਾ ਲੈਣਾ ਚਾਹੁੰਦੀ ਸੀ ਉਹ ਕਿਥੋਂ ਤੇ ਕਿਵੇਂ ਗੱਲ ਸ਼ੁਰੂ ਕਰੇ।

"ਦਰਸ਼ਨ !" ਦਰਸ਼ਨ ਨੇ ਧਿਆਨ ਉਸ ਵਲ ਕੀਤਾ, ਬਹਾਲ ਉਸ ਨੂੰ ਕਹਿ ਰਿਹਾ ਸੀ। "ਬਹਾਰ-ਕਨਸਰਟ ਵਾਲੇ ਦਿਨ ਤਾਂ ਤੂੰ ਅੱਗ ਈ ਲਾ ਦਿਤੀ ਸਾਰੇ ਹਾਲ 'ਚ ਓ ਮੇਰੇ ਖ਼ੁਦਾ।"

Sri Satguru Jagjit Singh Ji eLibrary NamdhariElibrary@gmail.com

"ਤੁਹਾਡੇ ਗੁਆਂਢ ਮੁਸਲਮਾਨ ਤਾਂ ਨਹੀਂ ਰਹਿੰਦੇ ?" ਦਰਸ਼ਨ ਅੰਦਰੋਂ ਖ਼ੁਸ਼ ਹੋ ਕੇ ਬੋਲੀ।

"ਨਹੀਂ, ਉਸ ਦਿਨ ਦੇ ਉਂਜ ਮੁਸਲਮਾਨ ਹੋ ਗਏ ਆਂ।" ਬਹਾਲ ਆਪਣੇ ਸੁਭਾਂ ਤੋਂ ਮਜਬੂਰ ਆਖਣ ਨੂੰ ਤਾਂ ਕਹਿ ਗਿਆ, ਪਰ ਉਸ ਨੂੰ ਪਿਛੋਂ ਅਨੁਭਵ ਹੋਇਆ, ਮੈਂ ਛੇਤੀ ਅਤੇ ਕਿੰਨਾ ਸਸਤਾ ਜਿਹਾ ਫ਼ਿਕਰਾ ਕਹਿ ਗਿਆ ਹਾਂ। ਦਰਸ਼ਨ ਦਾ ਬੇਅਖ਼ਤਿਆਰ ਹਾਸਾ ਨਿਕਲ ਗਿਆ। ਬਹਾਲ ਨੇ ਸਮਝਿਆ, ਹੱਥੋਂ ਸੁੱਤੇ-ਸਿਧੇ ਨਿਕਲੇ ਤੀਰ ਨੇ ਅਪਣਾ ਨਿਸ਼ਾਨਾ ਲੱਭ ਲਿਆ। ਅਫ਼ਸੋਸ ਦੀ ਥਾਂ ਖ਼ੁਸ਼ੀ ਨੇ ਮੱਲ ਲਈ ਥੋੜੀ ਚੁੱਪ ਪਿਛੋਂ ਦਰਸ਼ਨ ਨੇ ਆਖਿਆ :

"ਮੇਰੇ ਕੋਲ ਸਿਰਫ਼ ਤੁਹਾਡਾ ਭੇਜਿਆ ਗੀਤ ਹੀ ਹੈ, ਮੌਕੇ ਮੁਤਾਬਕ ਗਾਉਣ ਵਾਲਾ, ਮੈਨੂੰ ਦੋਬਾਰਾ ਉਠਾ ਕੇ ਸ਼ਰਮਿੰਦਾ ਨਾ ਕਰਨਾ।"

"ਤੁਹਾਡੀ ਬਿੱਜ਼ਤੀ ਮੇਰੀ ਆਪਣੀ ਬਿੱਜ਼ਤੀ ਐ। ਕਿਉਂਕਿ ਲੈ ਕੇ ਜੋ ਮੈਂ ਚਲਿਆ ਹਾਂ, ਅਜਿਹੀਆਂ ਗੱਲਾਂ ਸਮਝਾਉਣ ਦੀ ਲੋੜ ਨਹੀਂ।" ਬਹਾਲ ਨੇ ਤਸੱਲੀ ਦਿਤੀ।

"ਸਰਦਾਰ ਜੀ ! ਅਗੇ ਕਿਥੇ ਚਲਣਾ ਏਂ ?" ਟਾਂਗੇ ਵਾਲੇ ਨੇ ਕਚਹਿਰੀ ਵਾਲੇ ਚੌਕ ਆ ਪੁੱਛਿਆ।

"ਸਿੱਧਾ ਪਾਣੀ ਵਾਲੀ ਟੈਂਕੀ।"

"ਕਿਉਂ, ਉਥੇ ਕੀ ਲੈਣ ਜਾਣਾ ਏਂ ?" ਦਰਸ਼ਨ ਇਕ ਦਮ ਘਬਰਾ ਗਈ।

"ਉਥੋਂ ਕੁਸ਼ਲ ਕੁਮਾਰੀ ਨੂੰ ਵੀ ਲਿਆਉਣਾ ਏਂ।" ਬਹਾਲ ਨੇ ਦਰਸ਼ਨ ਦਾ ਬਦਲਿਆ ਚਿਹਰਾ ਪੜ੍ਹ ਲਿਆ।

ਦਰਸ਼ਨ ਨੂੰ ਪਤਾ ਸੀ ਕਿ ਕੁਮਾਰੀ ਉਸ ਨਾਲੋਂ ਚੰਗਾ ਗਾਉਂਦੀ ਹੈ ਤੇ ਹੁਣ ਅਨੰਦਾਂ ਸਮੇਂ ਵੀ ਪ੍ਰਸੰਸਾ ਉਸੇ ਦੀ ਬਹੁਤੀ ਹੋਵੇਗੀ।

"ਤੁਸੀਂ ਚੱਲੇ ਤਾਂ ਹੋ, ਉਸ ਆਉਣਾ ਨਹੀ।" ਦਰਸ਼ਨ ਦੀ ਖ਼ਾਹਸ਼ ਸੀ, ਬਹਾਲ ਉਸ ਨੂੰ ਲੈਣ ਨਾ ਜਾਵੇ।

"ਕਿਉਂ ?"

"ਜਿਥੇ ਮੈਂ ਜਾਵਾਂ, ਉਥੇ ਉਹ ਘਟ ਹੀ ਆਉਂਦੀ ਹੁੰਦੀ ਏ।"

"ਉਸ ਦੀ ਕੀ ਤਾਕਤ ਏ, ਨਾ ਆਵੇ। ਹਾਂ, ਜੇ ਤੂੰ ਆਖੇਂ, ਤਦ ਛੱਡ ਚਲਦੇ ਆਂ ?" ਬਹਾਲ ਦੀਆਂ ਖਚਰੀਆਂ ਨਜ਼ਰਾਂ ਨੇ ਦਰਸ਼ਨ ਨੂੰ ਦਿਲ ਦੀ ਹੇਠਲੀ ਤਹਿ ਤਕ ਟੋਹ ਸੁੱਟਿਆ।

"ਨਹੀਂ, ਮੈਨੂੰ ਕੀ ਇਤਰਾਜ਼ ਹੋ ਸਕਦਾ ਏ।" ਭਾਵੇਂ ਦਰਸ਼ਨ ਨੇ ਥੋੜਾ ਮੁਸਕਾ ਕੇ ਜਵਾਬ ਦਿਤਾ, ਪਰ ਉਸ ਦੇ ਨਾ-ਖ਼ੁਸ਼ ਦਿਲ ਨੂੰ ਬਹਾਲ ਬੂੰਦ ਬੂੰਦ ਸਮਝ ਗਿਆ। ਬਦਮਾਸ਼ਾਂ ਤੇ ਗੁੰਡਿਆਂ ਦੇ ਅੰਦਰ ਫੋਲ ਲੈਣ ਵਾਲੇ ਬਹਾਲ ਲਈ ਇਕ ਜਜ਼ਬਾਤੀ ਕੁੜੀ ਨੂੰ ਜਾਨਣਾ ਕੀ ਔਖਾ ਸੀ।

"ਦਰਸ਼ਨ, ਜੇ ਮੈਨੂੰ ਪਹਿਲੋਂ ਪਤਾ ਹੁੰਦਾ, ਮੈਂ ਕੁਮਾਰੀ ਨਾਲ ਕਨਟੈਕਟ ਨਾ ਕਰਦਾ, ਪਰ ਉਹ ਦੁੱਖੀ ਦਾ ਬੱਚਾ ਮੈਨੂੰ ਖਿੱਚਕੇ ਉਹਦੇ ਘਰ ਲੈ ਗਿਆ।" ਬਹਾਲ ਨੇ ਧੁਖਦੀ ਅੱਗ ਵੇਖ ਕੇ ਥੋੜਾ ਹੋਰ ਤੇਲ ਪਾ ਦਿਤਾ।

"ਉਹ ਲੰਗਾ ਉਸ ਦਾ ਪੱਕਾ ਏਜੰਟ ਏ। ਉਸ ਦਿਨ ਖ਼ਬਰੇ ਸਾਡੇ ਘਰ ਤੁਹਾਨੂੰ ਕਿਵੇਂ ਲੈ ਆਇਆ।" ਦਰਸ਼ਨ ਸਾਫ਼ ਖਿੱਝੀ ਲੱਗਦੀ ਸੀ।

Sri Satguru Jagjit Singh Ji eLibrary NamdhariElibrary@gmail.com

"ਉਹ ਸਾਲਾ ਲੰਗਾ ਕਦੋਂ ਲਿਆਇਆ ਏ, ਸਗੋਂ ਉਸ ਨੂੰ ਮੈਂ ਜ਼ੋਰ ਦਿਤਾ ਕਿ ਮੈਨੂੰ ਗਰੇਵਾਲ ਦੀ ਕੋਠੀ ਲੈ ਕੇ ਚਲ। ਸੱਚੀ ਗੱਲ ਤਾਂ ਇਹ ਐ ਦਰਸ਼ੋ !" ਬਹਾਲ ਦੀਆਂ ਇਕ ਤਰ੍ਹਾਂ ਚੜ੍ਹ ਮੱਚੀਆਂ ਸਨ, ਪਰ ਉਸ ਅੰਤਰੀਵ ਸੋਚਿਆ, 'ਦਰਸ਼ੀ ! ਜੇ ਅਨੰਦਾਂ ਦਾ ਢੋ-ਮੇਲਾ ਨਾ ਜੁੜਦਾ, ਤੈਨੂੰ ਪਾਉਣ ਲਈ ਤਾਂ ਸਾਜ਼ਸ਼ ਵੀ ਘੜ ਲੈਣੀ ਸੀ।'

"ਸੱਚੀਂ !" ਦਰਸ਼ਨ ਨੇ ਇਸ ਤਰ੍ਹਾਂ ਕਿਹਾ, ਜਿਵੇਂ ਉਹ ਜਾਣ ਪਛਾਣ ਤੇ ਦਿਲੋਂ ਖ਼ੁਸ਼ ਸੀ।

"ਇਸ ਵਿਚ ਕੀ ਝੂਠ ਏ, ਜੇ ਕੋਰਾ ਸੱਚ ਪੁੱਛੋਂ, ਅਸੀਂ ਤਾਂ ਉਸ ਦਿਨ ਦੇ ਮੁਸਲਮਾਨ ਤੋਂ ਕਾਫ਼ਰ ਹੋਣ ਨੂੰ ਫਿਰਦੇ ਆਂ।"

ਦਰਸ਼ਨ ਦੇ ਹਾਸੇ ਨਾਲ ਬਹਾਲ ਵੀ ਹੱਸ ਪਿਆ। ਚੜ੍ਹਾਈ ਆ ਜਾਣ ਕਾਰਨ ਘੋੜੇ ਦਾ ਪੌੜ ਖੜਕਣੋਂ ਹਟ ਗਿਆ, ਪਾਣੀ ਵਾਲੀ ਟੈਂਕੀ ਆ ਗਈ। ਟਾਂਗੇ ਵਾਲੇ ਨੇ ਬਹਾਲ ਦੇ ਇਸ਼ਾਰੇ ਤੇ ਘੋੜਾ ਰੋਕ ਲਿਆ।

"ਹੱਛਾ, ਮੈਂ ਵੇਖਦਾ ਆਂ ਉਸ ਦੀ ਕੀ ਮਰਜ਼ੀ ਏ, ਬਹੁਤਾ ਨੱਕ ਬੁੱਲ੍ਹ ਚੜ੍ਹਾਇਆ, ਤਦ ਛੱਡ ਆਵਾਂਗਾ।" ਬਹਾਲ ਜਾਣ ਕੇ ਦਰਸ਼ਨ ਦੇ ਦਿਲ ਅਥਵਾ ਦਿਮਾਗ਼ ਤੇ ਸੱਟ ਮਾਰ ਰਿਹਾ ਸੀ ਅਤੇ ਉਸ ਨੂੰ ਖ਼ੁਸ਼ ਕਰਨ ਦੇ ਨਤੀਜੇ ਤੋਂ ਉਹ ਚੰਗੀ ਤਰ੍ਹਾਂ ਵਾਕਫ਼ ਸੀ। ਬਹਾਲ ਇਕ ਗਲੀ ਵਿਚ ਵੜ ਗਿਆ। ਦਰਸ਼ਨ ਉਸ ਨੂੰ ਆਖ ਨਾ ਸਕੀ ਕਿ ਕੁਮਾਰੀ ਨੂੰ ਲੈ ਕੇ ਨਾ ਆਇਓ। ਉਂਜ ਉਹ ਦਿਲ 'ਚ ਦੁਆ ਕਰ ਰਹੀ ਸੀ, 'ਰੱਬਾ ! ਉਹ ਬਿਲਕੁਲ ਨਾ ਆਵੇ।' ਦਰਸ਼ਨ ਆਪਣੇ ਤੋਂ ਬਹੁਤੀ ਪ੍ਰਸੰਸਾ ਕਿਸੇ ਹੋਰ ਦੀ ਸਹਾਰ ਨਹੀਂ ਸਕਦੀ ਸੀ।

ਕੁਮਾਰੀ ਅਪਰ ਸਟੋਰੀ ਦੇ ਦੋ ਕਮਰਿਆਂ ਵਿਚ ਕੇਵਲ ਆਪਣੀ ਪੰਜਾਹ ਸਾਲ ਦੀ ਬੁੱਢੀ ਮਾਂ ਨਾਲ ਰਹਿੰਦੀ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਉਨ੍ਹਾਂ ਦਾ ਟੱਬਰ ਰਾਵਲਪਿੰਡੀ ਦੀ ਇਕ ਪੇਂਡੂ ਬਸਤੀ ਵਿਚ ਰਹਿੰਦਾ ਸੀ। ਮਾਰਚ 1947 ਦੇ ਫ਼ਸਾਦਾਂ ਵਿਚ ਕੁਮਾਰੀ ਦੇ ਪਿਤਾ ਅਤੇ ਇਕੋ ਇਕ ਭਰਾ ਨੂੰ ਕਤਲ ਕਰ ਸੁੱਟਿਆ ਸੀ। ਥੋੜੇ ਦਿਨਾਂ ਪਿਛੋਂ ਹੀ ਦੋਵੇਂ ਮਾਂ ਧੀ ਡਰਦੀਆਂ ਆਪਣੇ ਥੋੜੇ ਬਹੁਤੇ ਸਾਮਾਨ ਨਾਲ ਅੰਮ੍ਰਿਤਸਰ ਆ ਰਹੀਆਂ। ਉਸੇ ਸਾਲ ਅਗਸਤ ਦੇ ਘੋਰ ਫ਼ਸਾਦਾਂ ਵਿਚ ਅੰਮ੍ਰਿਤਸਰ ਤੋਂ ਹਿੱਲ ਕੇ ਹਮੇਸ਼ਾ ਲਈ ਲੁਧਿਆਣੇ ਆ ਟਿਕੀਆਂ। ਛੋਟੀ ਉਮਰ ਵਿਚ ਵਡੀਆਂ ਸੱਟਾਂ ਨੇ ਕੁਮਾਰੀ ਨੂੰ ਮਜ਼ਲੂਮ ਬਣਾ ਦਿਤਾ। ਤਲਖ਼ ਤਜਰਬਿਆਂ ਨੇ ਸਹਾਰੇ-ਹੀਣ ਜ਼ਿੰਦਗੀ ਨੂੰ ਵਰਤਮਾਨ ਦੀਆਂ ਸਮਾਜੀ ਕੀਮਤਾਂ ਨਾਲ ਸਮਝੌਤਾ ਕਰਨ ਲਈ ਮਜਬੂਰ ਕਰ ਦਿਤਾ। ਗਾਉਣ ਦਾ ਸ਼ੌਕ ਉਸ ਨੂੰ ਰਾਵਲਪਿੰਡੀ ਵਿਚ ਆਪਣੀ ਇਕ ਅਧਿਆਪਕਾ ਸਹੇਲੀ ਤੋਂ ਹੋਇਆ ਸੀ। ਦੋ ਤਿੰਨ ਸਾਲ ਦੀ ਪ੍ਰੈਕਟਿਸ ਨੇ ਉਸ ਨੂੰ ਛੋਟੇ ਮੋਟੇ ਫ਼ੰਕਸ਼ਨਾਂ ਅਤੇ ਜਲਸਿਆਂ ਵਿਚ ਗਾਉਣ ਜੋਗੀ ਕਰ ਦਿਤਾ। ਪਾਕਿਸਤਾਨ ਬਣ ਜਾਣ ਪਿਛੋਂ ਰੋਜ਼ੀ ਦਾ ਕੋਈ ਠੋਸ ਵਸੀਲਾ ਨਾ ਹੋਣ ਕਰ ਕੇ ਅਖ਼ੀਰ ਗਾਉਣ ਨੂੰ ਹੀ ਪੇਸ਼ੇ ਦੇ ਤੌਰ ਤੇ ਅਪਨਾਉਣਾ ਪਿਆ। ਉਸ ਪ੍ਰੋਗਰਾਮ ਹਾਸਲ ਕਰਨ ਲਈ ਦੁੱਖੀ ਵਰਗੇ ਜਾਣਕਾਰ ਆਦਮੀਆਂ ਨੂੰ ਗੰਢਿਆ ਹੋਇਆ ਸੀ। ਇਹ ਤਾਂ ਉਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਸੰਗੀਤ ਅਤੇ ਕਲਾ ਆਪਣੀ ਭਾਵੁਕ ਅਹਿਮੀਅਤ ਤੋਂ ਨਿਰਜਿੰਦ ਅਤੇ ਸਮਾਜ ਦੀ ਦਾੜ੍ਹੀ ਵਿਚ ਸੁਆਹ ਪਾਣ ਲਈ ਬਹਾਨਾ ਹੋ ਕੇ ਰਹਿ ਗਏ ਸਨ, ਪਰ ਰੋਜ਼ੀ ਦਾ ਵਸੀਲਾ ਹੋਣ ਕਰ ਕੇ ਉਸ ਸੰਗੀਤ ਲਈ ਮਿਹਨਤ ਜ਼ਰੂਰ ਕੀਤੀ। ਏਸੇ ਕਾਰਨ ਉਸ ਦੀ ਮਿਹਨਤ, ਪ੍ਰੋਗਰਾਮਾਂ ਦੀ ਸ਼ਕਲ

Sri Satguru Jagjit Singh Ji eLibrary NamdhariElibrary@gmail.com

ਵਿਚ ਸ਼ੁਹਰਤ ਤੇ ਸਰਮਾਇਆ ਮੋੜ ਰਹੀ ਸੀ।

ਜਿਉਂ ਹੀ ਬਹਾਲ ਉਤੇ ਗਿਆ, ਕੁਮਾਰੀ ਉਸ ਨੂੰ ਦੇਖ ਕੇ ਮੁਸਕਾ ਪਈ। ਉਹ ਬਹਾਰ-ਕਨਸਰਟ ਤੋਂ ਪਿਛੋਂ ਦੁੱਖੀ ਰਾਹੀਂ ਬਹਾਲ ਨੂੰ ਚੰਗੀ ਤਰ੍ਹਾਂ ਜਾਣ ਗਈ ਸੀ। ਬਹਾਲ ਨੂੰ ਛੇੜਨ ਦੀ ਮਾਰੀ ਉਹ ਗਾਉਣ ਲਗ ਪਈ :

"ਤੇਰੇ ਬਿਨਾਂ ਬਹਾਰ ਨੂੰ ਮੈਂ ਕੀ ਕਰਾਂ।
ਮੈਂ ਕੀ ਕਰਾਂ................।"

"ਇਹ ਗੀਤ ਤੈਨੂੰ ਬਹੁਤ ਚੰਗਾ ਲਗਦਾ ਏ ?" ਬਹਾਲ ਹੁਲਸਾਏ ਹਿਰਦੇ ਨਾਲ ਪੁੱਛ ਗਿਆ।

"ਜੇ ਇਸ ਗੀਤ ਨੂੰ ਮੈਂ ਗਾਉਣਾ ਹੋਵੇ, ਦੁਨੀਆਂ ਨੂੰ ਕਿਆਮਤ ਤੱਕ ਮਦਹੋਸ਼ ਕਰ ਦੇਵਾਂ ਤੇ ਕਿਆਮਤ ਵੀ ਸਿਰਫ ਮੇਰੀ ਦਾਦ ਦੇਣ ਲਈ ਆਵੇ।" ਕੁਮਾਰੀ ਨੇ ਬਾਹਾਂ ਖੋਲ੍ਹ ਕੇ ਅੱਖਾਂ ਮੀਟ ਲਈਆਂ ਅਤੇ ਉਸ ਦੇ ਬਣੇ ਪੋਜ਼ ਨੇ ਬਹਾਲ ਦੀ ਜਾਨ ਕਢ ਸੁੱਟੀ। ਫਿਰ ਉਹ ਸ਼ਰਾਰਤ ਨਾਲ ਮੁਸਕਾ ਪਈ। ਬਹਾਲ ਨੂੰ ਖ਼ਿਆਲ ਆਇਆ, ਮੈਂ ਕੁਮਾਰੀ ਨੂੰ ਲੈਣ ਆਇਆ ਹਾਂ।

"ਚਲਣਾ ਨਹੀਂ ?"

"ਤੁਹਾਡੇ ਲੈਣ ਆਉਣ ਤੋਂ ਅਗੋਂ ਈ ਤੁਰ ਜਾਂਦੀ ?" ਕੁਮਾਰੀ ਨੇ ਨਖ਼ਰੇ ਨਾਲ ਦੰਦ ਜੋੜ ਕੇ ਹੇਠਲਾ ਬੁੱਲ੍ਹ ਢਿੱਲਾ ਛੱਡ ਦਿਤਾ। ਉਸ ਦੇ ਚਿੱਟੇ ਰੰਗ ਵਿਚ ਸ਼ੋਖੀਆਂ ਲੁਕਣਮੀਟੀ ਖੇਡ ਰਹੀਆਂ ਸਨ।

"ਘਟੋ ਘਟ ਤਿਆਰ ਤਾਂ ਹੋਣਾ ਸੀ।"

"ਹੱਛਾ ! ਦਰਸ਼ਨ ਆ ਗਈ ?"

"ਉਹ ਹੇਠਾਂ ਟਾਂਗੇ 'ਚ ਤੇਰਾ ਇੰਤਜ਼ਾਰ ਕਰ ਰਹੀ ਏ।" ਬਹਾਲ ਮਿੰਨ੍ਹਾਂ ਮੁਸਕਾਇਆ।

ਕੁਮਾਰੀ ਦੀਆਂ ਚਮਕਦੀਆਂ ਅੱਖਾਂ ਦਸਦੀਆਂ ਸਨ, ਬਹਾਲ ਤੂੰ ਖ਼ਾਹਮਖ਼ਾਹ ਚਤਰ ਬਣਨ ਦੀ ਫ਼ਜ਼ੂਲ ਕੋਸ਼ਸ਼ ਨਾ ਕਰ।

"ਦਰਸ਼ਨ ! ਤੇ ਮੇਰਾ ਇੰਤਜ਼ਾਰ !! ਖ਼ੁਦਾ ਦੇ ਘਰ ਕੁਫ਼ਰ !! ਚੰਗਾ ਜੇ ਦੋ ਪੱਥਰ ਨਾ ਈ ਟਕਰਾਓ।" ਕੁਮਾਰੀ ਨੇ ਹੇਠਲਾ ਬੁੱਲ੍ਹ ਦੰਦਾਂ ਵਿਚ ਫੜ ਕੇ ਛਡਦਿਆਂ ਆਖਿਆ, "ਤੁਸੀਂ ਆਖੋ, ਮੈਂ ਹਰ ਥਾਂ ਜਾਣ ਨੂੰ ਤਿਆਰ ਹਾਂ। ਮੈਨੂੰ ਇਹ ਵੀ ਤਸੱਲੀ ਏ ਕਿ ਇਹ ਕੁੜੀ ਮੇਰੇ ਮੁਕਾਬਲੇ ਵਿਚ ਕੁਝ ਵੀ ਨਹੀਂ ਗਾ ਸਕਦੀ। ਇਸ ਵਿਚਾਰੀ ਨੂੰ ਤਾਂ ਰਾਗਾਂ ਦੇ ਵੇਲੇ-ਕੁਵੇਲੇ ਦਾ ਵੀ ਨਹੀਂ ਪਤਾ। ਗਲਾ ਕੱਚਾ ਏ, ਮਾਮੂਲੀ ਉੱਚਾ ਚੜ੍ਹਨਾ ਪੈ ਜਾਵੇ ਝੱਟ ਬੇਸੁਰੀ ਹੋ ਜਾਂਦੀ ਏ।"

"ਕੁਮਾਰੀ ! ਉਸ ਨਾਲ ਲੰਗੇ ਰਿੱਛ ਨੇ ਕਨਟੈਕਟ ਕਰਵਾਇਆ ਏ ?" ਬਹਾਲ ਦੁੱਖੀ ਨੂੰ ਛਿਤਰੌਲ ਫਿਰਾਣ ਦੀ ਨੀਅਤ ਨਾਲ ਕੁਮਾਰੀ ਨੂੰ ਚਕਮਾ ਦੇਣ ਵਿਚ ਕਾਮਯਾਬ ਹੋ ਗਿਆ।

"ਹੱਛਾ ਇਹ ਗੱਲ ਸੀ !" ਕੁਮਾਰੀ ਨੇ ਅੱਧ-ਖੁਲ੍ਹੇ ਮੂੰਹ ਨਾਲ ਉਤਾਂਹ ਹਿਠਾਂਹ ਸਿਰ ਹਿਲਾਇਆ।

ਵਾਹ ਲਗਦੀ ਉਹ ਕੋਸ਼ਿਸ਼ ਕਰਦੀ ਸੀ, ਕਿਤੇ ਵੀ ਮੁਫ਼ਤ ਗਾਉਣ ਨਾ ਜਾਵੇ। ਅਜ ਵੀ ਉਸ ਮਨ ਬਣਾ ਲਿਆ ਸੀ ਕਿ ਜੇ ਦਰਸ਼ਨ ਚਲੀ ਗਈ ਉਹ ਨਹੀਂ ਜਾਵੇਗੀ। ਵਾਸਤਵ ਵਿਚ ਮੁਫ਼ਤ ਪ੍ਰੋਗਰਾਮ ਭੁਗਤਾ ਭੁਗਤਾ ਬਹੁਤ ਵੇਖ ਚੁਕੀ ਸੀ।

Sri Satguru Jagjit Singh Ji eLibrary NamdhariElibrary@gmail.com

ਹੁਣ ਬਹਾਲ ਦਾ ਵੀ ਮਨ ਬਣ ਗਿਆ ਸੀ, ਜੇ ਇਹ ਨਾ ਜਾਵੇ ਚੰਗਾ ਹੈ। ਇਸ ਤਰ੍ਹਾਂ ਇਕ ਤੀਰ ਨਾਲ ਦੋ ਨਿਸ਼ਾਨੇ ਹੋ ਸਕਦੇ ਸਨ। ਇਕ ਸਟੇਜ ਤੇ ਦੋਹਾਂ ਨੂੰ ਇਕੱਠਿਆਂ ਕਰਨ ਨਾਲ ਉਸ ਦੀ ਆਪਣੀ ਪੋਜ਼ੀਸ਼ਨ ਪ੍ਰਭਾਵਹੀਨ ਹੁੰਦੀ ਸੀ। ਉਸ ਝਟ ਹੀ ਆਖਿਆ :

"ਉਥੇ ਕਿਹੜਾ ਜ਼ਰੂਰੀ ਏ, ਜੇ ਜੀਅ ਨਹੀਂ ਕਰਦਾ, ਤਦ ਨਸ਼ੰਗ ਨਾ ਜਾਹ।"

"ਜਾ ਕੇ ਤਾਂ ਮੈਂ ਰਾਜ਼ੀ ਨਹੀਂ, ਪਰ ਤੁਹਾਨੂੰ ਗ਼ੁੱਸੇ ਕਰਨਾ ਵੀ ਮਨਜ਼ੂਰ ਨਹੀਂ।" ਕੁਮਾਰੀ ਨੇ ਵੀ ਦੋ-ਧਾਰੀ ਤਲਵਾਰ ਨਾਲ ਵਾਰ ਕੀਤਾ।

"ਸਾਨੂੰ ਤਾਂ ਕਿਤੇ ਏਥੇ ਘਰ ਈ ਗਾ ਕੇ ਖ਼ੁਸ਼ ਕਰ ਦੇਵੀਂ।"

"ਕੀ ਮੇਰੇ ਗਾਏ ਬਿਨਾਂ ਸਰ ਜਾਵੇਗਾ ?" ਕੁਮਾਰੀ ਨੇ ਰੋਹਬ ਬਣਾਈ ਰਖਣ ਅਤੇ ਇਨਕਾਰ ਲੈਣ ਦੀ ਨੀਅਤ ਨਾਲ ਆਖਿਆ।

"ਸਰਨ ਨੂੰ ਕੀ ਏ, ਜਦ ਮੈਂ ਸਾਰਨ ਵਾਲਾ ਹਾਂ, ਚਲ ਮਾਫ਼ ਕੀਤਾ, ਆਰਾਮ ਕਰ।" ਏਨੀ ਕਹਿ ਕੇ ਹੱਸਦਾ ਬਹਾਲ ਭਉਂ ਪਿਆ। ਉਸ ਦੀਆਂ ਕਾਹਲੀਆਂ ਕਦਮਾਂ ਨੇ ਊਂਘਦੇ ਕੋਚਵਾਨ ਨੂੰ ਜਗਾ ਦਿਤਾ। ਐਂਤਕੀਂ ਬਹਾਲ ਟਾਂਗੇ ਦੇ ਪਿਛਲੇ ਪਾਸੇ ਬਿਨਾਂ ਝਿਜਕ ਬਹਿ ਗਿਆ। ਦਰਸ਼ਨ ਨੇ ਬਿਨਾਂ ਮੱਥੇ ਵਟ ਪਾਇਆਂ ਅੱਧੀ ਸੀਟ ਛੱਡ ਦਿਤੀ। ਦਰਸ਼ਨ ਖ਼ੁਸ਼ ਸੀ, ਕੁਮਾਰੀ ਨਹੀਂ ਆਈ। ਟਾਂਗਾ ਉਲਾਰ ਹੋ ਜਾਣ ਕਾਰਨ ਕੋਚਵਾਨ ਬਾਂਸ ਉਤੇ ਹੋਰ ਅਗੇ ਨੂੰ ਸਰਕ ਗਿਆ।

ਟਾਂਗਾ ਤੁਰ ਪੈਣ ਤੇ ਦਰਸ਼ਨ ਨੇ ਮੁਸਕਾਂਦਿਆਂ ਆਖਿਆ :

"ਮੈਂ ਨਹੀਂ ਸੀ ਤੁਹਾਨੂੰ ਆਖਿਆ, ਉਸ ਨਹੀਂ ਆਉਣਾ।"

"ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ, ਤੁਸੀਂ ਬਾਂਸਾਂ ਵਾਂਗ ਖਹਿ ਰਹੀਆਂ ਹੋ। ਤੇਰਾ ਨਾਂ ਸੁਣਦਿਆਂ ਹੀ ਬਸ ਦਿਮਾਗ਼ ਛੱਤ ਨੂੰ ਚੜ੍ਹ ਗਿਆ, ਆਖੇ ਮੇਰਾ ਤਾਂ ਉਥੇ ਜਾਣਾ ਈ ਹੱਤਕ ਏ।" ਬਹਾਲ ਦੀਆਂ ਖਰਾਂਟ ਨਜ਼ਰਾਂ ਦਰਸ਼ਨ ਦੇ ਪ੍ਰਸੰਨ ਤੇ ਭੋਲੇ ਚਿਹਰੇ ਦਾ ਜਾਇਜ਼ਾ ਲੈ ਰਹੀਆਂ ਸਨ। ਫਿਰ ਉਸ ਲੋਹਾ ਗਰਮ ਦੇਖ ਕੇ ਇਕ ਹੋਰ ਕਰਾਰੀ ਸੱਟ ਜੜ੍ਹ ਦਿਤੀ, "ਬੜੀ ਹਰਾਮਜ਼ਾਦੀ ਨਿਕਲੀ।"

ਦਰਸ਼ਨ ਨੂੰ ਆਪਣੀ ਖ਼ੁਸ਼ੀ ਜ਼ਬਤ ਕਰਨੀ ਔਖੀ ਹੋ ਗਈ ਸੀ। ਉਹ ਜਜ਼ਬਾਤ ਵਿਚ ਏਨੀ ਭੋਰ ਹੋਈ ਕਿ ਹਰ ਤਰ੍ਹਾਂ ਦੀ ਸੋਚ ਤੋਂ ਆਰੀ, ਸ਼ੁਹਰਤ ਦਾ ਆਸਮਾਨ ਚੀਰੀ ਜਾ ਰਹੀ ਸੀ। ਬਹਾਲ ਇਸ ਮੌਕੇ ਤੋਂ ਫ਼ਾਇਦਾ ਉਠਾਉਣਾ ਚਾਹੁੰਦਾ ਸੀ। ਉਸ ਬੜੀ ਹੁਸ਼ਿਆਰੀ ਨਾਲ ਆਪਣੇ ਆਪ ਨੂੰ ਦਰਸ਼ਨ ਦੇ ਅੰਦਰ ਸੁਟ ਪਾਉਣ ਲਈ ਸੋਚਣਾ ਅਰੰਭ ਕਰ ਦਿਤਾ। ਹੁਣ ਤੱਕ ਉਸ ਕੋਈ ਅਜਿਹੀ ਹਰਕਤ ਨਹੀਂ ਕੀਤੀ ਸੀ, ਜਿਸ ਨਾਲ ਕੁੜੀ ਘਬਰਾ ਜਾਵੇ। ਉਸ ਪਿਆਰ ਜਨਾਉਣ ਨਾਲੋਂ ਦਰਸ਼ਨ ਦੇ ਦਿਲ ਥਾਂ ਪੈਦਾ ਕਰਨਾ ਠੀਕ ਸਮਝਿਆ। ਫਿਰ ਉਸ ਇਕ-ਦਮ ਦੂਜੇ ਪਹਿਲੂ ਨੂੰ ਵਿਚਾਰਿਆ ਕਿ ਐਨਾ ਸ਼ਾਨਦਾਰ ਮੌਕਾ ਕਿਸੇ ਕੀਮਤ ਨਾਲ ਵੀ ਹੱਥ ਨਹੀਂ ਆਵੇਗਾ।

"ਦਰਸ਼ਨ, ਪਤਾ ਹੈ ਤੈਨੂੰ ਮੈਂ ਪਹਿਲੀ ਵਾਰ ਰੇਡੀਓ ਤੇ ਵੇਖਿਆ ਸੀ।" ਏਨੀ ਸੁਣਦਿਆਂ ਹੀ ਦਰਸ਼ਨ ਦਾ ਹਾਸਾ ਨਿਕਲ ਗਿਆ। "ਮੈਂ ਤੈਨੂੰ ਪਪੀਹੇ ਵਿਚ ਦੀ ਆਖਿਆ ਸੀ, ਰੇਡਿਓ ਤੇ ਆਉਣਾ ਹੁੰਦਾ ਏ ਅੱਡੀਆਂ ਤਾਂ ਧੋ ਕੇ ਆਇਆ ਕਰ।"

"ਮੈਂ ਕੋਈ ਨਿਆਣੀ ਸੀ, ਏਨੀ ਗੱਲ ਵੀ ਨਾ ਸਮਝਦੀ।" ਦਰਸ਼ਨ ਨੇ ਪ੍ਰਸੰਨ ਹੱਸਦਿਆਂ ਆਖਿਆ, "ਭਾਵੇਂ ਤੁਸੀਂ ਉਦੋਂ ਇਹ ਹਿੱਟ ਮਾਰੀ ਸੀ; ਪਰ ਮੇਰੇ ਬੜੀ ਕੰਮ

Sri Satguru Jagjit Singh Ji eLibrary NamdhariElibrary@gmail.com

ਆਈ। ਮੈਂ ਉਸ ਦਿਨ ਤੋਂ ਹੀ ਆਪਣੇ ਆਪ ਨੂੰ ਬਣਾ ਸੰਵਾਰ ਕੇ ਪ੍ਰੋਗਰਾਮਾਂ ਤੇ ਜਾਣਾ ਸ਼ੁਰੂ ਕਰ ਦਿਤਾ। ਜੇ ਸੱਚ ਪੁਛੋਂ, ਤਾਂ ਤੁਹਾਡੀ ਚੋਟ ਤੋਂ ਮੈਨੂੰ ਬੜਾ ਲਾਭ ਹੋਇਆ।"

"ਫੇਰ ਤੂੰ ਸਾਨੂੰ ਉਸਤਾਦ ਮੰਨ ਨਾ।" ਬਹਾਲ ਨੇ ਬੇਪਰਵਾਹ ਖ਼ੁਸ਼ੀ ਜਣਾਂਦਿਆਂ ਦਰਸ਼ਨ ਦੇ ਹੱਥ ਮਾਰ ਦਿਤਾ। "ਮੈਨੂੰ ਕਦੇ ਆਸ ਨਹੀਂ ਸੀ, ਤੇਰੇ ਨਾਲ ਇਸ ਤਰ੍ਹਾਂ ਵਾਕਫ਼ੀਅਤ ਹੋਵੇਗੀ। ਹੁਣ ਮੇਰੇ ਗੀਤਾਂ ਵਿਚ ਇਕ ਨਵਾਂ ਰੰਗ ਆ ਚੁਕਾ ਹੈ।"

"ਤੁਹਾਡੇ ਕੋਲ ਕਿੰਨੇ ਕੁ ਗੀਤ ਹਨ।"

"ਗੀਤ ਬੇਪਰਵਾਹ, ਪਰ ਜਿਹੜੇ ਗੀਤ ਦੀ ਮੈਂ ਹੁਣ ਰਚਨਾ ਕਰ ਰਿਹਾ ਹਾਂ, ਮੇਰਾ ਮਾਸਟਰ-ਪੀਸ ਹੋਵੇਗਾ।" ਉਸ ਮਸਤੀ ਵਿਚ ਅੱਖਾਂ ਮੀਟਦਿਆਂ ਆਪਣੇ ਹੱਥ ਨੂੰ ਦਰਸ਼ਨ ਦੇ ਹੱਥ ਨਾਲ ਛੋਹ ਜਾਣ ਦਿਤਾ। ਫਿਰ ਉਸ ਆਪਣੀ ਮਸਤੀ-ਧਾਰਾ ਵਿਚੋਂ ਨਜ਼ਰ ਦੀ ਤੇੜ ਨਾਲ ਦਰਸ਼ਨ ਦੇ ਚਿਹਰੇ ਉਤੇ ਗਿਲੇ ਭਾਵ ਨੂੰ ਤਾੜਿਆ, ਪਰ ਉਸ ਦਾ ਮੂੰਹ ਐਲਬਮ ਵਾਂਗ ਖਿੜਿਆ ਪਿਆ ਸੀ। "ਜੇ ਤੂੰ ਮੇਰਾ ਉਹ ਗੀਤ ਗਾ ਸਕੇਂ, ਬਸ ਸ਼ਮਸ਼ਾਦ ਦੇ ਗਲੇ ਛੁਰੀ ਫਿਰ ਜਾਵੇ।"

ਏਨੀ ਗੱਲ ਸੁਣਦਿਆਂ ਹੀ ਦਰਸ਼ਨ ਦੇ ਚਿਹਰੇ ਨੂੰ ਇਕ ਅਜੀਬ ਰੰਗ ਚੜ੍ਹ ਆਇਆ। ਲਵਿੰਡਰ ਦੀ ਤਹਿ ਤੋੜ ਕੇ ਲਹੂ ਉਸ ਦੇ ਮੁਟਿਆਰ ਰੂਪ ਵਿਚ ਚਮਕਾਂ ਮਾਰ ਉਠਿਆ। ਬਹਾਲ ਦੇ ਦਿਲ ਦੀ ਖ਼ੁਸ਼ੀ ਨੇ ਹੜ੍ਹ ਦੇ ਜ਼ੋਰ ਵਾਂਗ ਬੰਨੇ ਤੋੜ ਦਿਤੇ। ਟਾਂਗਾ ਰੇਲਵੇ ਲਾਈਨ ਹੇਠੋਂ ਦੀ ਢਲਵਾਨ ਉਤਰਨ ਕਾਰਨ ਪੂਰੀ ਰਫ਼ਤਾਰ ਵਿਚ ਲੰਘ ਰਿਹਾ ਸੀ।

"ਸੱਚ ਦਸੋ, 'ਤੇਰੇ ਬਿਨਾਂ ਬਹਾਰ ਨੂੰ ਮੈਂ ਕੀ ਕਰਾਂ' ਵਾਲਾ ਗੀਤ ਤੁਸੀਂ ਚੋਟ ਮਾਰਨ ਲਈ ਨਹੀਂ ਗਾਇਆ ਸੀ ?" ਦਰਸ਼ਨ ਦੀਆਂ ਅੱਖਾਂ ਵਿਚ ਨਸ਼ਾ ਆ ਗਿਆ।

"ਚੋਟ ਮਾਰਨ ਦੀ ਤਾਂ ਤੈਨੂੰ ਆਦਤ ਹੈ, ਪਰ ਤੇਰਾ ਦਿਲ ਕੀ ਗਵਾਹੀ ਦੇਂਦਾ ਏ ?"

ਦਰਸ਼ਨ ਨੇ ਮੁਸਕਾ ਕੇ ਨੀਵੀਂ ਪਾ ਲਈ। ਸੰਗ ਦੇ ਰੂਪ ਨੇ ਉਸ ਦਾ ਮੂੰਹ ਫੇਰ ਦਿਤਾ। ਪੁਲ ਦੇ ਉਤੇ ਇੰਜਣ ਸ਼ੰਟਿੰਗ ਕਰ ਰਿਹਾ ਸੀ। ਬਹਾਲ ਨੇ ਉਸ ਦਾ ਮੋਢਾ ਹਲੂਣਦਿਆਂ ਧਿਆਨ ਆਪਣੀ ਵਲ ਫੇਰਿਆ।

"ਜਿਥੇ ਗੀਤ ਤੇ ਸੰਗੀਤ ਜੁੜ ਜਾਣ, ਉਥੇ ਜ਼ਿੰਦਗੀ.....।" ਉਹ ਅਗੇ ਕੁਝ ਨਾ ਕਹਿ ਸਕਿਆ। ਲੰਮੇ ਸਰੂਰ ਵਿਚ ਇਕ ਹਉਕਾ ਖਿੱਚ ਗਿਆ।

ਦਰਸ਼ਨ ਦਾ ਆਪਣਾ ਲਹੂ ਸ਼ੰਟਿੰਗ ਕਰ ਰਿਹਾ ਸੀ। ਉਹ ਸਾਰਾ ਜ਼ੋਰ ਲਾ ਕੇ ਆਪਣੀ ਬੇਕਰਾਰੀ ਲੁਕਾਣ ਦਾ ਯਤਨ ਕਰ ਰਹੀ ਸੀ। ਉਸ ਨੂੰ ਕਦੇ ਕਿਸੇ ਨੌਜਵਾਨ ਨੇ ਏਨੀ ਪ੍ਰਸੰਸਾ ਨਹੀਂ ਦਿਤੀ ਸੀ। ਬਹਾਲ ਪਿਆਰ ਦੇ ਨਸ਼ੇ ਵਿਚ ਸੰਚਾਰੀ ਭਾਵਨਾ ਅਨੁਭਵ ਕਰ ਰਿਹਾ ਸੀ, 'ਮੈਂ ਪਵਿੱਤਰ ਹੋ ਰਿਹਾ ਹਾਂ, ਕਿਆਮਤ ਨੂੰ ਬੁੱਕਲ ਵਿਚ ਘੁਟ ਰਿਹਾ ਹਾਂ। ਮਾਅ ਬਦੌਲਤ ਨੂਰ ਜਹਾਂ ਨਾਲ ਸਫ਼ਰ ਕਰ ਰਹੇ ਹੈਂ।' ਉਸ ਦਰਸ਼ਨ ਦੀ ਹੱਥ-ਛੋਹ ਨਾਲ ਕੁਝ ਇਸ ਤਰ੍ਹਾਂ ਹੀ ਮਹਿਸੂਸ ਕੀਤਾ।

Sri Satguru Jagjit Singh Ji eLibrary NamdhariElibrary@gmail.com

7

ਅਨੰਦਾਂ ਤੋਂ ਇਕ ਹਫ਼ਤਾ ਪਿਛੋਂ, ਬਹਾਲ ਨੌਕਰ ਨਾਲ ਬੜਾ ਟੌਅਰ ਬਣਾ ਕੇ ਗਰੇਵਾਲ ਕਾਟੇਜ ਵੜਿਆ। ਉਸ ਨੂੰ ਆਪਣਾ ਆਪ ਹੌਲਾ, ਖ਼ੂਬਸੂਰਤ ਤੇ ਲੋਹੜੇ ਦਾ ਪਿਆਰਾ ਲਗ ਰਿਹਾ ਸੀ। ਉਸ ਦੀ ਰੇਸ਼ਮੀ ਕਮੀਜ਼ ਦੇ ਕਫ਼ ਮੁੜੇ ਹੋਏ ਸਨ। ਵੈਸਟਰਨ ਸਟਾਰ ਦੀ ਘੜੀ ਸਤ ਵਜਾ ਰਹੀ ਸੀ। ਕਰੇਪਸੋਲ ਦੇ ਬੂਟਾਂ ਦਾ ਚੁਕਿਆ ਕਦਮ ਉਸ ਨੂੰ ਮੰਜ਼ਲ ਦੇ ਨੇੜੇ ਲੈ ਜਾ ਰਿਹਾ ਸੀ। ਗਰੇਵਾਲ ਕਾਟੇਜ ਉਸ ਦੇ ਸਵਾਗਤ ਲਈ ਮੁਸਕਾ ਰਹੀ ਸੀ। ਅਜ ਕੁੱਤੇ ਦੇ ਭੌਂਕਣ ਦੀ ਆਵਾਜ਼ ਕਿਤੋਂ ਵੀ ਨਾ ਆਈ। ਉਸ ਨੂੰ ਤਸੱਲੀ ਹੋ ਗਈ, ਉਸ ਦੇ ਭੇਜੇ ਬੰਦੇ ਨੇ ਕੁੱਤੇ ਵਾਲਾ ਕੰਡਾ ਕੱਢ ਛੱਡਿਆ ਹੈ। ਇਸ ਜਿੱਤ ਨਾਲ ਉਹ ਮਿੰਨ੍ਹਾ ਮੁਸਕਾ ਪਿਆ।

ਨੌਕਰ ਦੇ ਮੋਢਿਆਂ ਉਤੇ ਦਸ ਸੇਰ ਖੰਡ ਵਾਲਾ ਥੈਲਾ ਲਮਕ ਰਿਹਾ ਸੀ ਅਤੇ ਦੂਜੀ ਕੱਛ ਵਿਚ ਮਲਮਲ ਤੇ ਲੱਠੇ ਦੇ ਦੋ ਥਾਨ ਦਿਤੇ ਹੋਏ ਸਨ। ਬਹਾਲ ਮਹਿਸੂਸ ਕਰ ਰਿਹਾ ਸੀ ਕਿ ਖੰਡ ਤੇ ਕਪੜੇ ਦੇ ਤੋੜੇ ਦੇ ਦਿਨਾਂ ਵਿਚ, ਜਦ ਘਰ ਦਿਆਂ ਕੈਲੀਕੋ ਅਹਿਮਦਾਬਾਦ ਦੀ ਮਲਮਲ ਤੇ ਮਾਨਚੈਸਟਰ ਦਾ ਲੱਠਾ ਤੱਕਿਆ, ਮੈਨੂੰ ਹੱਥਾਂ ਉਤੇ ਚੁਕ ਲੈਣਾ ਏਂ ! ਉਹ ਨੌਕਰ ਨੂੰ ਵਰਾਂਡੇ ਵਿਚ ਖਲੋਤਿਆਂ ਛੱਡ ਕੇ ਸਿੱਧਾ ਡਰਾਇੰਗ-ਰੂਮ ਚਲਿਆ ਗਿਆ। ਉਸ ਪਹਿਲੋਂ ਹੀ ਮਨ ਬਣਾ ਲਿਆ ਸੀ ਕਿ ਝਿਜਕ ਤੇ ਡਰ ਨੂੰ ਬਾਹਰ ਹੀ ਛੱਡ ਜਾਣਾ ਹੈ। ਕੋਠੀ ਵਿਚ ਅਸਲੋਂ ਚੁੱਪ-ਚਾਂ ਸੀ। ਸਾਹਮਣੇ ਅੰਗੀਠੀ ਉਤੇ ਦਰਸ਼ਨ ਦੀ ਤਸਵੀਰ ਬਿਨਾਂ ਅੰਗੀਠੀ ਦੀ ਸ਼ੈ ਅਧੂਰੀ ਸੀ।

"ਕੀ ਚੋਰੀ ਕਰ ਰਹੇ ਓ ?" ਦਰਸ਼ਨ ਮਲਕੜੇ ਅੰਦਰ ਆਈ।

"ਕੁਝ ਚੁਕ ਲੈਣ ਦੀ ਤਾਕਤ ਨਹੀਂ ਰਹੀ, ਜੀਅ ਤਾਂ ਡਾਕਾ ਮਾਰਨ ਨੂੰ ਕਰਦਾ ਸੀ।" ਬਹਾਲ ਨੇ ਜਾਣ ਕੇ ਨਜ਼ਰਾਂ ਦਰਸ਼ਨ ਦੀ ਫ਼ੋਟੋ ਤੋਂ ਨਾ ਚੁੱਕੀਆਂ।

ਦਰਸ਼ਨ ਨੇ ਪੱਖਾ ਖੋਲ੍ਹਦਿਆਂ ਆਖਿਆ :

"ਮੈਨੂੰ ਬਿਲਕੁਲ ਖ਼ਿਆਲ ਨਹੀਂ ਸੀ, ਤੁਸੀਂ ਏਨੇ ਖ਼ਤਰਨਾਕ ਆਦਮੀ ਵੀ ਹੋਵੋਗੇ।"

ਬਹਾਲ ਨੂੰ ਖ਼ਿਆਲ ਆਇਆ, ਜਿਵੇਂ ਐਨ ਸਿਰ ਦੇ ਵਿਚਕਾਰ ਵਜੀ ਹੈ। ਉਸ ਦੇ ਕੰਨਾਂ ਵਿਚੋਂ ਧੂੰਆਂ ਨਿਕਲ ਗਿਆ।

"ਜਾਦੂ ਖ਼ਤਰਨਾਕ ਤੋਂ ਖ਼ਤਰਨਾਕ ਫ਼ਨੀਅਰ ਤਕ ਨੂੰ ਕੀਲ ਲੈਂਦਾ ਹੈ। ਬਾਦਸ਼ਾਹੋ, ਤੁਹਾਡੇ ਕੋਲੋਂ ਸਭ ਖ਼ਤਰੇ ਪਨਾਹ ਮੰਗਦੇ ਹਨ।" ਬਹਾਲ ਦੇ ਆਪਣੇ ਆਪ ਹੱਥ ਜੁੜ ਗਏ।

ਦਰਸ਼ਨ ਨੇ ਨਾਜ਼ ਨਾਲ ਆਪਣਾ ਆਪ ਭਵਾ ਲਿਆ। ਸ਼ੀਸ਼ੇ ਵਿਚ ਰੰਗ-ਫੜਿਆ ਚੇਹਰਾ ਤੱਕ ਕੇ ਉਹ ਸ਼ਰਮਾ ਗਈ ਤੇ ਘਬਰਾ ਪਈ। ਬਾਰੀ ਵਿਚ-ਦੀ ਬਾਹਰ ਰਾਤ-ਰਾਣੀ ਦੇ ਬੂਟੇ ਨੂੰ ਦੇਖਣ ਲਗ ਪਈ। ਰਾਤ ਰਾਣੀ ਦੀਆਂ ਕਰੂੰਬਲਾਂ ਵਿਚ ਸੰਝ ਦੀ ਮਹਿੰਦੀ ਘੁਲਦੀ ਜਾ ਰਹੀ ਸੀ।

Sri Satguru Jagjit Singh Ji eLibrary NamdhariElibrary@gmail.com

"ਮੈਂ ਬਹਿ ਸਕਦਾ ਹਾਂ ?" ਬਹਾਲ ਨੇ ਆਪਣੀ ਕਿਸਮ ਦੀ ਟੋਨ ਵਿਚ ਵਿਅੰਗ ਕੀਤਾ।

"ਜੀ ਨਹੀਂ।" ਦਰਸ਼ਨ ਦਾ ਨਾਜ਼ ਅਕੜੇਵਾਂ ਫੜ ਗਿਆ। ਉਸ ਨੂੰ ਆਪਣੇ ਜਜ਼ਬਾਤ ਤੋਂ ਕਾਬੂ ਹਿੱਲ ਗਿਆ ਤੇ ਉਹ ਝੱਟ ਹੀ ਬਾਹਰ ਨਿਕਲ ਗਈ। ਬਹਾਲ ਅੰਗੀਠੀ ਨਾਲ ਮੋਢਾ ਲਾਈ ਖਲੋਤਾ ਰਿਹਾ। ਉਹ ਸਮਝ ਰਿਹਾ ਸੀ, ਇਸ ਤਰ੍ਹਾਂ ਪੋਜ਼ੀਸ਼ਨ ਲਈ, ਬੇਬਸ ਹੁਸਨ ਤੇ ਭਰਪੂਰ ਵਾਰ ਹੋ ਸਕਦਾ ਹੈ।

ਦੋ ਮਿੰਟ ਪਿਛੋਂ ਦਰਸ਼ਨ ਅਤੇ ਉਸ ਦੇ ਬੇ ਜੀ ਥਾਨ ਅਤੇ ਚੀਨੀ ਚੁਕੀ ਅੰਦਰ ਆਈਆਂ। ਦਰਸ਼ਨ ਦੇ ਬੇ ਜੀ ਚੌੜੇ ਮੂੰਹ ਵਾਲੀ ਕਾਫ਼ੀ ਜਬ੍ਹੇ ਵਾਲੀ ਔਰਤ ਦਿਸਦੀ ਸੀ, ਜਿਸ ਨੂੰ ਸਾਧਾਰਨ ਵੇਖਿਆਂ ਵੀ ਭੈ ਪ੍ਰਤੀਤ ਹੁੰਦਾ ਸੀ।

"ਕਾਕਾ ਜੀ !, ਤੁਸਾਂ ਆਹ ਖੇਚਲ ਕਿਉਂ ਕੀਤੀ ? ਨੌਕਰ ਚਲਿਆ ਗਿਆ, ਨਹੀਂ......।" ਪ੍ਰਤਾਪ ਕੌਰ ਨੇ ਚੀਜ਼ਾਂ ਵਲ ਇਸ਼ਾਰਾ ਕੀਤਾ।

"ਇਹ ਕਾਹਦੀ ਖੇਚਲ ਏ ਮਾਂ ਜੀ।"

"ਅਸੀਂ ਕਿਸ ਤਰ੍ਹਾਂ ਰਖ ਸਕਦੇ ਆਂ।" ਬੇ ਜੀ ਨੇ ਇਸ ਤਰ੍ਹਾਂ ਆਖਿਆ ਜਿਵੇਂ ਉਹ ਕਿਸੇ ਕੀਮਤ ਤੇ ਵੀ ਨਹੀਂ ਰੱਖ ਸਕਦੇ ਸਨ। ਬਹਾਲ ਦਾ ਇਕੋ ਵਾਰ ਹੀ ਦਿਲ ਧੜਕ ਗਿਆ, "ਤੁਸੀਂ ਬੈਠੋ ਤਾਂ ਸਹੀ।"

"ਮੈਂ ਸਮਝਦਾ ਹਾਂ, ਤੁਹਾਨੂੰ ਏਨ੍ਹਾਂ ਚੀਜ਼ਾਂ ਦੀ ਹੱਦੋਂ ਵਧ ਲੋੜ ਹੈ; ਤੇ ਇਹ ਲੋੜ ਅੱਜ ਕੱਲ੍ਹ ਹਰ ਘਰ ਦੀ ਬਣ ਗਈ ਹੈ। ਹੋਰ ਚੀਜ਼ਾਂ ਤੁਸੀਂ ਬਾਜ਼ਾਰੋਂ ਖ਼ਰੀਦ ਸਕਦੇ ਹੋ।" ਬਹਾਲ ਨੇ ਫ਼ਾਈਨ ਕਪੜੇ ਅਤੇ ਚੀਨੀ ਦੀ ਤੰਗੀ ਨੂੰ ਦਰਸਾਇਆ।

"ਭਾਵੇਂ ਸਾਨੂੰ ਕਿੰਨੀ ਵੀ ਕਿਉਂ ਨਾ ਲੋੜ ਹੋਵੇ, ਅਸੀਂ ਕਦੇ ਨਹੀਂ ਰਖ ਸਕਦੇ।" ਪ੍ਰਤਾਪ ਕੌਰ ਦੇ ਚਿਹਰੇ ਤੇ ਮੋਟਾ ਇਨਕਾਰ ਉਕਰਿਆ ਹੋਇਆ ਸੀ। "ਗੁਰਦਰਸ਼ਨ !" ਉਸ ਮੁੰਡੇ ਨੂੰ ਆਵਾਜ਼ ਮਾਰੀ। ਬਹਾਲ ਮਨ ਹੀ ਮਨ ਵਿਚ 'ਬੇੜਾ ਗ਼ਰਕ' ਕਹਿ ਗਿਆ। "ਆਇਆ ਬੇ ਜੀ।" ਮੁੰਡੇ ਨੇ ਬਾਹਰੋਂ ਹੀ ਉੱਤਰ ਦਿਤਾ ਅਤੇ ਝੱਟ ਪਿਛੋਂ ਹੀ ਉਹ ਅੰਦਰ ਆ ਗਿਆ।

"ਆਹ ਤਿੰਨੇ ਚੀਜ਼ਾਂ ਸਾਈਕਲ ਤੇ ਕੱਸ ਕੇ ਏਨ੍ਹਾਂ ਦੇ ਨਾਲ ਲੈ ਜਾਹ।" ਪ੍ਰਤਾਪ ਕੌਰ ਨੇ ਗੁਰਦਰਸ਼ਨ ਨੂੰ ਇਕ ਤਰ੍ਹਾਂ ਦਾ ਹੁਕਮ ਕਰ ਦਿਤਾ।, ਜਿਸ ਨਾਲ ਬਹਾਲ ਦੀ ਜਾਨ ਖ਼ੁਸ਼ਕ ਹੋ ਗਈ। ਉਸ ਨੂੰ ਇਉਂ ਪਰਤੀਤ ਹੋਇਆ, ਜਿਵੇਂ ਉਹ ਚੀਜ਼ਾਂ ਸਮੇਤ ਉਸ ਨੂੰ ਵੀ ਬਾਹਰ ਕੱਢ ਦੇਣ ਤੇ ਤੁਲੀ ਹੋਈ ਹੈ।

"ਤੁਸੀਂ ਇਕ ਮਿੰਟ ਠਹਿਰੋ, ਸਰਦਾਰ ਜੀ ਨੂੰ ਆ ਜਾਣ ਦਿਉ, ਉੱਨਾ ਚਿਰ ਮੇਰੀ ਬੇਨਤੀ ਮੰਨ ਲਵੋ।" ਉਹ ਦੋਸ਼ੀਆਂ ਵਾਂਗ ਮਸਕੀਨ ਹੋ ਗਿਆ। ਉਸ ਐਨਾ ਹੌਲਾਪਣ ਤੇ ਛਿੱਥਾਪਣ ਬਹੁਤ ਘਟ ਮਹਿਸੂਸ ਕੀਤਾ ਸੀ। ਉਸ ਆਪਣੀ ਗੱਲ ਦੀ ਪ੍ਰੋੜ੍ਹਤਾ ਲਈ ਦਰਸ਼ਨ ਨੂੰ ਵੀ ਇਸ਼ਾਰਾ ਕੀਤਾ।

"ਚਲੋ ਬੇ ਜੀ, ਆ ਜਾਣ ਦਿਉ ਪਿਤਾ ਜੀ ਨੂੰ। ਉਹ ਵੀ ਪਾਰਟੀ ਤੋਂ ਆਉਣ ਈ ਵਾਲੇ ਐ।" ਦਰਸ਼ਨ ਦੇ ਆਖਣ ਤੇ ਉਸ ਦੀ ਬੇ ਜੀ ਥੋੜੀ ਨਰਮ ਪੈ ਗਈ। ਬਹਾਲ ਦਾ ਮਸੀਂ ਦਮ ਟਿਕਾਣੇ ਆਇਆ।

"ਮਾਂ ਜੀ, ਤੁਸੀਂ ਤਾਂ ਮੇਰੇ ਸਾਹ ਈ ਚੜ੍ਹਾ ਦਿਤੇ ਸਨ।" ਬਹਾਲ ਨੇ ਬੇ ਜੀ ਦੀ ਚਾਪਲੋਸੀ ਸ਼ੁਰੂ ਕਰ ਦਿਤੀ। ਦਰਸ਼ਨ ਦਾ ਹਾਸਾ ਨਿਕਲ ਗਿਆ 'ਅਤੇ ਉਸ ਦੇ ਨਾਲ

Sri Satguru Jagjit Singh Ji eLibrary NamdhariElibrary@gmail.com

ਹੀ ਗੁਰਦਰਸ਼ਨ ਤੇ ਬੇ ਜੀ ਵੀ ਹੱਸ ਪਏ।

"ਕਾਕਾ, ਜਿਹੜੀ ਗੱਲ ਪੁੱਗ ਨਾ ਸਕੇ, ਪਹਿਲੇ ਈ ਨਹੀਂ ਕਰਨੀ ਚਾਹੀਦੀ। ਦਰਸ਼ਨ! ਤੂੰ ਚਾਹ ਬਣਾ ਕੇ ਲਿਆ।" ਏਨੀ ਕਹਿ ਕੇ ਉਹ ਬਾਹਰ ਨਿਕਲ ਗਈ ਅਤੇ ਉਸ ਦੇ ਪਿਛੇ ਪਿਛੇ ਦਰਸ਼ਨ ਤੇ ਗੁਰਦਰਸ਼ਨ ਚਲੇ ਗਏ।

ਬਹਾਲ ਦੇ ਦਿਲ ਦੀ ਧੜਕਨ ਬੇ ਜੀ ਦੇ ਚਲੇ ਜਾਣ ਪਿਛੋਂ ਹੀ ਸਹੀ ਅਰਥਾਂ ਵਿਚ ਰਾਸ ਆਈ। 'ਇਸ ਬੁੱਢੀ ਨੂੰ ਕਾਬੂ ਕਰਨਾ ਤਾਂ ਬਹੁਤ ਔਖਾ ਏ।' ਬਹਾਲ ਸਚ-ਮੁਚ ਹੀ ਪ੍ਰਤਾਪ ਕੌਰ ਤੋਂ ਭੈ ਖਾਣ ਲਗ ਪਿਆ। ਪ੍ਰਤਾਪ ਕੌਰ ਦੇ ਇਨਕਾਰੇ ਚਿਹਰੇ ਨੂੰ ਦੇਖ ਕੇ ਸਮਝ ਰਿਹਾ ਸੀ ਕਿ ਹੁਣ ਵੀ ਚੂੜੀਆਂ ਦੇ ਟੋਕਰੇ 'ਚ ਲੱਤ ਵੱਜੀ, ਹੁਣ ਵੀ ਵੱਜੀ। ਉਹ ਗਰੇਵਾਲ-ਫ਼ੈਮਲੀ ਬਾਰੇ ਬੜਾ ਕੁਝ ਸੋਚਦਾ ਹੀ ਰਿਹਾ।

ਥੋੜੇ ਚਿਰ ਪਿਛੋਂ ਦਰਸ਼ਨ ਚਾਹ ਵਾਲੀ ਟ੍ਰੇ ਲੈ ਕੇ ਆ ਗਈ। ਉਸ ਮੇਜ਼ ਉਤੇ ਟ੍ਰੇ ਰਖਦਿਆਂ ਆਖਿਆ :

"ਆਓ ਪੀਓ।"

ਬਹਾਲ ਨੇ ਖਲੋਤਿਆਂ ਹੀ ਨਖ਼ਰੇ ਨਾਲ ਇਨਕਾਰ ਕਰ ਦਿਤਾ ਅਤੇ ਤਾਕ ਵਿਚ ਪਈ ਸਤਾਰ ਵਲ ਸਿਰ ਦਾ ਇਸ਼ਾਰਾ ਕੀਤਾ। ਦਰਸ਼ਨ ਨੇ ਵੀ ਖ਼ਾਮੋਸ਼ ਇਨਕਾਰ ਵਿਚ ਨੱਕ ਨੂੰ ਸਕੋੜਿਆ ਤੇ ਹੱਥ ਨੂੰ ਬੇ ਜੀ ਦੀ ਰਸੋਈ ਵਲ ਵਧਾਇਆ।

"ਤੋਬਾ!" ਉਹ ਕੰਨਾਂ ਨੂੰ ਹੱਥ ਲਾਉਂਦਾ ਕੁਰਸੀ ਖਿੱਚ ਕੇ ਬਹਿ ਗਿਆ।

"ਤੁਸੀਂ ਅੱਧੇ ਮੁਸਲਮਾਨ ਓ।" ਦਰਸ਼ਨ ਉਸ ਦੇ ਤੋਬਾ ਕਹਿਣ ਤੇ ਹੱਸ ਪਈ।

"ਓ ਚਾਚਾ ਰੁਕਨਦੀਨ ਯਾਰ ਏ ਨਾ ਪਿਆਰੇ ਲਾਲ ਪਪੀਹਾ! ਉਹਦੀ ਸੰਗਤ ਨੇ ਸਾਰਾ ਈ ਮੁਸਲਮਾਨ ਬਣਾ ਦਿਤੈ।"

"ਉਹ ਤੁਹਾਡਾ ਯਾਰ ਏ?" ਦਰਸ਼ਨ ਨੇ ਖ਼ੁਸ਼ ਹੋ ਕੇ ਪੁਛਿਆ, "ਉਸ ਦੇ ਗੀਤ ਬੜੇ ਰੀਕਾਰਡ ਹੋ ਰਹੇ ਐ।"

"ਸਾਲੇ ਦੀ ਜਾਨ ਮਾਰ ਦਿਆਂ ਜੇ ਮੇਰੇ ਬਿਨਾਂ ਸਾਹ ਵੀ ਲੈ ਜਾਵੇ।" ਬਹਾਲ ਨੇ ਅਭਿਮਾਨ ਵਿਚ ਛਾਤੀ ਨੂੰ ਫੁਲਾਇਆ। "ਤੂੰ ਆਪਣੀ ਪਿਆਲੀ ਨਾ ਲਿਆਈ?"

"ਪਿਤਾ ਜੀ ਆਉਂਦੇ ਐ। ਦਰਸ਼ਨ ਨੇ ਬਾਰੀ ਵਿਚੋਂ ਗਰੇਵਾਲ ਨੂੰ ਆਉਂਦਿਆਂ ਵੇਖਿਆ।

"ਬਹੁਤ ਚੰਗਾ ਹੋਇਆ।" ਫਿਰ ਉਸ ਚਿਤਾਵਨੀ ਦੇਂਦਿਆਂ ਆਖਿਆ, "ਲੈ ਮੈਂ ਇਕ ਗੀਤ ਜ਼ਰੂਰ ਸੁਣਨਾ ਏਂ, ਕੋਈ ਬਹਾਨਾ ਨਾ ਬਣਾ ਲਵੀਂ।" ਬਹਾਲ ਨੇ ਦਿਲ ਦੀ ਖ਼ਾਹਸ਼ ਨੂੰ ਪ੍ਰਗਟਾਇਆ।

ਦਰਸ਼ਨ ਨੇ ਅੰਗੂਠਾ ਹਿਲਾ ਦਿਤਾ। ਬਹਾਲ ਨੇ ਟੇਢਿਆਂ ਵੇਖਦਿਆਂ ਬੁੱਲ੍ਹ ਦੰਦਾਂ ਵਿਚ ਫੜ ਲਿਆ ਅਤੇ ਹਾਰੇ ਦਿਲ ਨਾਲ ਪਿਆਲੇ ਵਿਚ ਚਮਚਾ ਫੇਰਨਾ ਸ਼ੁਰੂ ਕਰ ਦਿਤਾ। ਉਸ ਪਹਿਲੀ ਘੁਟ ਹੀ ਭਰੀ ਸੀ ਕਿ ਸਰਦਾਰ ਜੀ ਅੰਦਰ ਆ ਗਏ। ਬਹਾਲ ਨੇ ਉਠ ਕੇ ਹੱਥ ਮਿਲਾਇਆ ਅਤੇ ਦਰਸ਼ਨ ਨੂੰ ਕਿਹਾ :

"ਖ਼ਾਲੀ ਪਿਆਲਾ?"

"ਨਹੀਂ ਬਈ, ਮੈਂ ਪਾਰਟੀ 'ਚੋਂ ਬਹੁਤ ਓਵਰ-ਲੋਡ ਹੋ ਕੇ ਆਇਆ ਆਂ।" ਗਰੇਵਾਲ ਨੇ ਢਿੱਡ ਤੋਂ ਦੀ ਹੱਥ ਫੇਰਿਆ। ਉਨ੍ਹਾਂ ਦੇ 'ਓਵਰਲੋਡ' ਆਖਣ ਤੇ ਦਰਸ਼ਨ ਤੇ ਉਸ ਪਿਛੋਂ ਬਹਾਲ ਹੱਸ ਪਏ।

Sri Satguru Jagjit Singh Ji eLibrary NamdhariElibrary@gmail.com

"ਇਕ ਪਿਆਲੇ ਨਾਲ ਕੀ ਫ਼ਰਕ ਪੈਂਦਾ ਏ।"

"ਮੇਰਾ ਢਿੱਡ ਵੱਡਾ ਵੇਖ ਕੇ ਕਹਿੰਦੇ ਓ !"

"ਨਹੀਂ ਜੀ, ਇਹ ਗੱਲ ਤਾਂ ਨਹੀਂ।" ਬਹਾਲ ਸਤਿਕਾਰ ਵਿਚ ਆ ਕੇ ਥੋੜਾ ਝੇਪਰ ਗਿਆ।

ਇਹ ਗੱਲਾਂ ਹੋ ਈ ਰਹੀਆਂ ਸਨ ਕਿ ਪ੍ਰਤਾਪ ਕੌਰ ਫਿਰ ਆ ਗਈ। ਉਸ ਨੂੰ ਵੇਖਦਿਆਂ ਹੀ ਬਹਾਲ ਦਾ ਦਿਲ ਘਟਣਾ ਸ਼ੁਰੂ ਹੋ ਗਿਆ। ਇਸ ਬਲਾ ਨੇ ਨਹੀਂ ਮਗਰੋਂ ਲਹਿਣਾ।'

"ਤੁਸੀਂ ਵੇਖਿਆ, ਇਹ ਕੀ ਲੈ ਕੇ ਆਏ ਨੇ।" ਪ੍ਰਤਾਪ ਕੌਰ ਨੇ ਪੈਂਦੀ ਸਟ ਈ ਗਰੇਵਾਲ ਨੂੰ ਝੰਜੋੜਿਆ।

"ਨਹੀਂ ਤਾਂ।"

"ਆਹ ਦੇਖੋ ਦੋ ਥਾਨ ਕਪੜੇ ਦੇ ਤੇ ਥੈਲਾ ਚੀਨੀ ਦਾ।"

"ਅੱਛਾ ਤਾਂ ਸਾਅਬ ਉਸ ਦਿਨ ਦਾ ਮੁੱਲ ਮੋੜਨ ਆਏ ਨੇ।" ਗਰੇਵਾਲ ਨੇ ਸਿਰ ਨੂੰ ਉਤਾਂਹ ਹਿਠਾਂਹ ਹਿਲਾਇਆ।

"ਵਾਹ ਸਰਦਾਰ ਜੀ ! ਤੁਸੀਂ ਵੀ ਮਾਂ ਜੀ ਦੇ ਪਿੱਛੇ ਲਗ ਗਏ।" ਬਹਾਲ ਨੂੰ ਚਾਹ ਪੀਣੀ ਭੁੱਲ ਗਈ।

"ਨਹੀਂ ਪਿੱਛੇ ਬਿਲਕੁਲ ਨਹੀਂ ਲੱਗਿਆ, ਮੈਨੂੰ ਆਪ ਪੱਗਾਂ ਦੀ ਸਖ਼ਤ ਲੋੜ ਸੀ, ਬਰਖ਼ੁਰਦਾਰ ਤੂੰ ਬੜਾ ਚੰਗਾ ਕੀਤਾ।" ਉਸ ਬਹਾਲ ਨੂੰ ਥਾਪੀ ਦਿਤੀ, ਮੁੜ ਪ੍ਰਤਾਪ ਕੌਰ ਨੂੰ ਕਿਹਾ, "ਉਥੋਂ ਮੇਰਾ ਬਟੂਆ ਲਿਆਵੀਂ ?"

"ਉਹ ਕਾਹਦੇ ਲਈ ?" ਬਹਾਲ ਨੇ ਅੜ ਜਾਣ ਦੀ ਨੀਅਤ ਨਾਲ ਆਖਿਆ। ਪ੍ਰਤਾਪ ਕੌਰ ਬਾਹਰ ਚਲੀ ਗਈ।

"ਬਾਜ਼ਾਰੋਂ ਕੋਈ ਚੀਜ਼ ਮੁਫ਼ਤ ਥੋੜੋਂ ਆਉਂਦੀ ਏ।"

"ਇਹ ਦੋਵੇਂ ਚੀਜ਼ਾਂ ਮੁਫ਼ਤ ਡੀਪੂਆਂ ਤੋਂ ਆਈਆਂ ਹਨ, ਮੈਂ ਸੌਂਹ ਖਾ ਕੇ ਆਖਦਾ ਹਾਂ। ਜਿਨ੍ਹਾਂ ਸੇਠਾਂ ਹਜ਼ਾਰਾਂ ਰੁਪਏ ਬਲੈਕ ਵਿਚ ਵਢਣੇ ਨੇਂ, ਉਹ ਦੇ ਕੇ ਗਏ ਸਨ।" ਬਹਾਲ ਨੇ ਆਪਣੇ ਵਲੋਂ ਗਰੇਵਾਲ ਦੀ ਤਸੱਲੀ ਕਰਵਾਉਣੀ ਚਾਹੀ। ਉਂਜ ਖੰਡ ਅਤੇ ਦੋਵੇਂ ਥਾਨ ਉਸ ਨੂੰ ਪਤਾ ਸੀ, ਕਿਵੇਂ ਅੱਡੀਆਂ ਗੋਡੇ ਰਗੜ ਕੇ ਹਾਸਲ ਕੀਤੇ ਸਨ।

ਪ੍ਰਤਾਪ ਕੌਰ ਨੇ ਬਟੂਆ ਗਰੇਵਾਲ ਹੱਥ ਲਿਆ ਦਿਤਾ।

"ਅਸੀਂ ਤਾਂ ਇਸ ਨੂੰ ਹੀ ਬੜਾ ਅਹਿਸਾਨ ਸਮਝਦੇ ਆਂ, ਤੁਸੀਂ ਬਿਨਾਂ ਪੁੱਛੇ ਲੈ ਆਏ, ਪਰ ਕੀਮਤ ਜ਼ਰੂਰੀ ਲੈਣੀ ਪਵੇਗੀ।" ਗਰੇਵਾਲ ਨੇ ਆਪਣੀ ਗੱਲ ਠੋਸ ਦੇਣ ਲਈ ਸਿਰ ਮਾਰਿਆ।

"ਨਹੀਂ ਰੱਬ ਜੀ, ਇਹ ਨਹੀਂ ਹੋਣੀ।"

ਡਰਾਇੰਗ-ਰੂਮ ਵਿਚ ਇਕ ਹਾਸੜ ਪੈ ਗਈ। ਬਹਾਲ ਅੰਤਰੀਵ ਖ਼ੁਸ਼ ਸੀ ਕਿ ਉਹ ਸਾਰੇ ਟੱਬਰ ਨੂੰ ਪ੍ਰਸੰਨ ਕਰਨ ਵਿਚ ਕਾਮਯਾਬ ਰਿਹਾ ਹੈ।

"ਕੀਮਤ ਤਾਂ ਬਰਖ਼ੁਰਦਾਰ ਅਸੀਂ ਜ਼ਰੂਰ ਦੇਵਾਂਗੇ।"

ਬਹਾਲ ਨੇ ਕੋਈ ਵਾਹ ਨਾ ਜਾਂਦੀ ਵੇਖ ਕੇ ਇਕ ਦਾਅ ਖੇਡਿਆ।

"ਤੁਹਾਡੀ ਮਰਜ਼ੀ, ਫਿਰ ਆਪਣਾ ਆਉਣਾ ਜਾਣਾ ਤਾਂ ਖ਼ਤਮ। ਖ਼ਤਮ ਈ ਐ, ਜਦੋਂ ਤੁਸੀਂ ਅੜੀ ਫੜ ਲਈ।" ਉਂਜ ਏਨੀ ਗੱਲ ਆਖਦਿਆਂ ਬਹਾਲ ਦਾ ਦਿਲ, ਨਾਲ ਦਿਮਾਗ਼ ਵੀ ਚੀਰਿਆ ਗਿਆ।

Sri Satguru Jagjit Singh Ji eLibrary NamdhariElibrary@gmail.com

"ਇਹ ਤਾਂ ਕਾਕਾ ਤੁਸੀਂ ਦਬੱਾ ਵਾਲੀ ਗੱਲ ਕੀਤੀ।" ਪ੍ਰਤਾਪ ਕੌਰ ਨੇ ਆਪਣੀ ਗੱਲ ਕੰਧ ਵਾਂਗ ਖੜੀ ਕਰ ਦਿਤੀ।

"ਨਹੀਂ ਮਾਂ ਜੀ, ਅਜਿਹਾ ਤਾਂ ਕਦੇ ਭੁੱਲ ਕੇ ਵੀ ਨਹੀਂ ਹੋ ਸਕਦਾ।"

ਗਰੇਵਾਲ ਉਸ ਦੀ ਬਹੁਤ ਹੀ ਆਜਜ਼ੀ ਵੇਖ ਕੇ ਨਰਮ ਹੋ ਗਿਆ।

ਅਸੀਂ ਤਾਂ ਖੁਸ਼ ਤਦ ਸੀ, ਜੇ ਤੂੰ ਪੈਸੇ ਲੈ ਲੈਂਦਾ।"

'ਦਿਮਾਗ਼ 'ਚੋਂ ਕਢੋ ਜੀ ! ਤੁਹਾਡੇ ਰਾਮ ਰੌਲੇ ਨੇ ਚਾਹ ਵੀ ਠੰਢੀ ਕਰ ਦਿਤੀ।" ਬਹਾਲ ਨੇ ਗੱਲ ਨੂੰ ਪਲਟਾ ਦੇ ਦਿਤਾ।

"ਬੇਟੀ, ਪਾਣੀ ਗਰਮ ਕਰ ਲਿਆ।" ਗਰੇਵਾਲ ਨੇ ਦਰਸ਼ਨ ਨੂੰ ਇਸ਼ਾਰਾ ਕੀਤਾ। ਉਸ ਬਣੀ ਤਣੀ ਟ੍ਰੇ ਚੁਕ ਲਈ।

"ਬਸ ਇਕ ਪਿਆਲਾ ਕਾਫ਼ੀ ਏ, ਰਹਿਣ ਦਿਓ।" ਬਹਾਲ ਨੇ ਦੋਹਾਂ ਹੱਥਾਂ ਨੂੰ ਹਿਲਾਇਆ।

"ਨਹੀਂ, ਨਹੀਂ, ਗਰਮ ਕਰ ਲਿਆ।" ਗਰੇਵਾਲ ਨੇ 'ਹਾਂ ਨਾਂਹ' ਵਿਚ ਝਿਜਕੀ ਦਰਸ਼ਨ ਨੂੰ ਜ਼ੋਰ ਦਿਤਾ।

ਦਰਸ਼ਨ ਦੇ ਚਲੀ ਜਾਣ ਪਿਛੋਂ ਗਰੇਵਾਲ ਨੇ ਪੁੱਛਿਆ :

"ਹੋਰ ਅਨੰਦ ਕਾਰਜ ਚੰਗਾ ਹੋ ਗਿਆ ਸੀ ?"

"ਬੱਸ ਜੀ ਪੁੱਛੋ ਕੁਝ ਨਾ; ਡੀ. ਐਸ. ਪੀ. ਸਾਅਬ ਏਨੇ ਖ਼ੁਸ਼ ਹੋਏ ਕਿ ਮੁੜ ਮੁੜ ਥਾਪੀਆਂ ਦੇਣ। ਦਰਸ਼ਨ ਨੇ ਤਾਂ ਸੋਨੇ ਤੇ ਸੁਹਾਗਾ ਫੇਰ ਦਿਤਾ। ਸਾਅਬ ਕੋਲੋਂ ਹੁਣ ਜਿਹੜਾ ਮਰਜ਼ੀ ਹੋਇਆ ਕੰਮ ਲੈ ਸਕਦੇ ਆਂ।" ਬਹਾਲ ਬੜਾ ਚੌਕਸ ਹੋ ਕੇ ਗੱਲ-ਬਾਤ ਕਰ ਰਿਹਾ ਸੀ, ਜਿਵੇਂ ਉਹ ਇਮਤਿਹਾਨ ਵਿਚੋਂ ਲੰਘ ਗਿਆ ਹੋਵੇ।

ਗਰੇਵਾਲ ਵੀ ਖ਼ੁਸ਼ ਸੀ ਕਿ ਦਰਸ਼ਨ ਦੇ ਬਹਾਨੇ ਉਸ ਦੀ ਪਹੁੰਚ ਵਧ ਰਹੀ ਹੈ। ਸਿਵਲ ਲਾਈਨਜ਼ ਅਤੇ ਆਪਣੀ ਹਾਈ ਜੈਂਟਰੀ ਵਿਚ ਵਧ ਤੋਂ ਵਧ ਸਤਿਕਾਰਿਆ ਜਾਣਾ ਚਾਹੁੰਦਾ ਸੀ।

"ਜੇਕਰ ਕੋਈ ਕੰਮ ਹੋਵੇ, ਤਦ ਝਿਜਕਣਾ ਤੇ ਸੰਗਣਾ ਨਹੀਂ।" ਬਹਾਲ ਨੇ ਪੈਰ ਜਮਾਣ ਦੀ ਨੀਅਤ ਨਾਲ ਕਿਹਾ।

"ਲਉ ਜੇ ਕੰਮ ਹੋਇਆ ਤਾਂ ਤੁਸੀਂ ਹੀ ਕਰਨਾ ਏ।" ਗਰੇਵਾਲ ਮੁਸਕਾਂਦਾ ਕਹਿ ਗਿਆ।

ਦਰਸ਼ਨ ਨੇ ਟ੍ਰੇ ਮੇਜ਼ ਤੇ ਫਿਰ ਲਿਆ ਰਖੀ ਅਤੇ ਬਿਜਲੀ ਦਾ ਬਟਨ ਦਬਾ ਦਿਤਾ। ਕਮਰਾ ਚਾਨਣ ਨਾਲ ਭਰ ਗਿਆ। ਬਹਾਲ ਨੇ ਸਫ਼ੈਦ ਪਿਆਲੀ ਨੂੰ ਚਾਹ ਦੇ ਲਾਲ ਪਾਣੀ ਨਾਲ ਭਰ ਲਿਆ। ਦਰਸ਼ਨ ਦਾ ਰੰਗ ਦੁੱਧ ਚਿੱਟੇ ਕਪੜਿਆਂ ਵਿਚ ਚਾਹ ਦੇ ਪਾਣੀ ਨਾਲ ਕਿੰਨਾ ਮਿਲਦਾ ਸੀ। ਪਿਆਲੀ ਵਿਚ ਖੰਡ ਹਿਲਾਉਂਦਿਆਂ ਬਹਾਲ ਨੇ ਸੋਚਿਆ, ਹਰ ਕੁੜੀ ਚਾਹ ਦੀ ਪਿਆਲੀ ਹੈ, ਜਿਹੜੀ ਮਨ-ਮਰਜ਼ੀ ਨਾਲ ਪੀਤੀ ਜਾ ਸਕਦੀ ਹੈ। ਫਿਰ ਉਸ ਦਾ ਧਿਆਨ ਖੁਲ੍ਹੀ ਤਾਕੀ ਵਿਚ ਪਈ ਸਤਾਰ ਨਾਲ ਜਾ ਟਕਰਾਇਆ।

"ਦਰਸ਼ਨ ! ਤੂੰ ਸਤਾਰ 'ਤੇ ਵੀ ਗਾ ਲੈਂਦੀ ਏਂ ?"

ਉਹ ਸਮਝ ਗਈ ਅਤੇ ਉੱਤਰ ਦੇਣ ਹੀ ਵਾਲੀ ਸੀ ਕਿ ਗਰੇਵਾਲ ਬੋਲ ਪਿਆ :

"ਥੋੜਾ ਬਹੁਤ ਗਾ ਈ ਲੈਂਦੀ ਏ।"

Sri Satguru Jagjit Singh Ji eLibrary NamdhariElibrary@gmail.com

ਗਰੇਵਾਲ ਨੇ ਕੁਝ ਵਧਾ ਚੜ੍ਹਾ ਕੇ ਦਸਿਆ। ਵਡੀ ਜਮਾਤ ਦੇ ਮਾਪੇ ਹਮੇਸ਼ਾਂ ਆਪਣੇ ਬੱਚਿਆਂ ਦੇ ਮਾਮੂਲੀ ਗੁਣ ਨੂੰ ਮਹਾਨ ਸਮਝਦੇ ਹਨ, ਉਹ ਛੋਟਾ ਸੋਚਣਾ ਹੀ ਨਹੀਂ ਜਾਣਦੇ।

"ਦਰਸ਼ਨ, ਕੋਈ ਹਲਕਾ ਫੁਲਕਾ ਗੀਤ....." ਬਹਾਲ ਨੇ ਆਪਣੀ ਮੰਗ ਨੂੰ ਦੋਹਰਾਇਆ।

ਦਰਸ਼ਨ ਨੇ ਝਿਜਕ ਤੇ ਸ਼ਰਮ ਦੋਹਾਂ ਨੂੰ ਰਲਾਂਦਿਆਂ 'ਨਾਂਹ' ਵਿਚ ਸਿਰ ਫੇਰ ਦਿਤਾ।

"ਹਰਜ ਈ ਕੀ ਹੈ, ਹੋਰ ਨਹੀਂ ਪ੍ਰੈਕਟਿਸ ਹੀ ਸਹੀ।" ਗਰੇਵਾਲ ਨੇ ਇਕ ਤਰ੍ਹਾਂ ਹੌਸਲਾ ਦਿਤਾ।

ਦਰਸ਼ਨ ਨੇ ਸਤਾਰ ਚੁਕ ਲਈ ਅਤੇ ਮਿਰਜ਼ਾਬ ਨੂੰ ਉਂਗਲ ਤੇ ਚਾੜ੍ਹਦੀ ਖੁਲ੍ਹੀ ਕੌਚ ਤੇ ਆ ਬੈਠੀ। ਜਿਉਂ ਹੀ ਉਸ ਤਾਰਾਂ ਤੇ ਹੱਥ ਫੇਰਿਆ, ਬਹਾਲ ਨੂੰ ਇਉਂ ਪ੍ਰਤੀਤ ਹੋਇਆ, ਜਿਵੇਂ ਨਵਾਂ ਰੇਡੀਓ-ਸਟੇਸ਼ਨ ਖੁੱਲ੍ਹ ਰਿਹਾ ਹੋਵੇ। ਡਰਾਇੰਗ-ਰੂਮ ਵਿਚ ਜਾਨ ਪੈ ਗਈ। ਬਹਾਲ ਦੀ ਖ਼ੁਸ਼ੀ ਨੇ ਧੜਕਣਾ ਸ਼ੁਰੂ ਕਰ ਦਿਤਾ। ਜਿਉਂ ਜਿਉਂ ਦਰਸ਼ਨ ਦਾ ਹੱਥ ਉੱਚਾ ਚੜ੍ਹਦਾ, ਬਹਾਲ ਦੇ ਦਿਲੋਂ ਲਗਾਤਾਰ ਹੂਕ ਉਠਦੀ ਰਹਿੰਦੀ। ਦਰਸ਼ਨ 'ਬਰਸਾਤ' ਫ਼ਿਲਮ ਦੀ ਇਕ ਟਿਊਨ ਵਜਾ ਰਹੀ ਸੀ। ਬਹਾਲ ਨੇ ਖ਼ਿਆਲ ਕੀਤਾ, ਅੱਧ ਹਾੜ੍ਹ ਵਿਚ 'ਰਿਮ ਝਿਮ' ਸ਼ੁਰੂ ਹੋ ਗਈ ਏ। ਉਸ ਦਾ ਅਨੁਭਵ ਸੁਆਦ ਸੁਆਦ ਸੰਚਾਰਿਆ ਜਾ ਰਿਹਾ ਸੀ।

ਇਕੋ ਵਾਰੀ ਹੀ ਟਿਊਨ ਬਦਲ ਕੇ ਦਰਸ਼ਨ ਨੇ ਸ਼ਬਦ ਗਾਉਣਾ ਸ਼ੁਰੂ ਕਰ ਦਿਤਾ। ਬਹਾਲ ਦਾ ਵਿਸਮਾਦ ਟੁੱਟ ਗਿਆ, ਪਰ ਉਸ ਆਪਣੀਆਂ ਭਾਵਨਾਵਾਂ ਨੂੰ ਕੇਂਦਰਤ ਕਰੀ ਰਖਿਆ।

ਮੂ ਲਾਲਨ ਸਿਉ ਪ੍ਰੀਤਿ ਬਨੀ।
ਤੋਰੀ ਨਾ ਤੂਟੈ ਛੋਰੀ ਨਾ ਛੂਟੈ, ਐਸੀ ਮਾਧੋ ਖਿਚ ਤਨੀ।......

ਗਰੇਵਾਲ ਸਿਰ ਮਾਰ ਮਾਰ ਨਾਲ ਗਾਉਣ ਦਾ ਯਤਨ ਕਰ ਰਿਹਾ ਸੀ ਅਤੇ ਤੋੜੇ ਤੇ ਆ ਕੇ ਉਹ ਪੱਕੇ ਸਰੋਤਿਆਂ ਵਾਂਗ ਉੱਚਾ ਉਠ ਕੇ ਨੀਵਾਂ ਢਹਿਣ ਵੇਲੇ ਚੁਟਕੀ ਮਾਰਦਾ। ਬਹਾਲ ਦੀਆਂ ਅੱਖਾਂ ਸਰੂਰ-ਮੱਤੀਆਂ ਹੋਈਆਂ ਪਈਆਂ ਸਨ। ਉਸ ਨੂੰ ਭਾਵਨਾ-ਭੁੱਖ ਦੀ ਆਪੂੰ ਸਮਝ ਨਹੀਂ ਸੀ। ਦਰਸ਼ਨ ਦੇ ਸੰਗੀਤ ਵਿਚ ਭਾਵੇਂ ਰੂਹ-ਤੜਫਾਵੀਂ ਜਾਨ ਨਹੀਂ ਸੀ ਪਰ ਉਸ ਦਾ ਆਪਣੇ ਆਪ ਚੜ੍ਹਦਾ ਲਹਿੰਦਾ ਉਭਾਰ ਬਹਾਲ ਨੂੰ ਕਤਲ ਕਰ ਦੇਣ ਨੂੰ ਕਾਫ਼ੀ ਸੀ। ਇਸ ਪਹਿਲੀ ਬੈਠਕ ਵਿਚ ਜੇ ਉਹ ਮੋਇਆ ਨਹੀਂ ਸੀ, ਤਦ ਥਾਂ ਥਾ ਤੋਂ ਘਾਇਲ ਜ਼ਰੂਰ ਹੋ ਗਿਆ ਸੀ।

ਤੇ ਇਸ ਤਰ੍ਹਾਂ ਜ਼ਖ਼ਮ ਲੱਗਦੇ ਹੀ ਗਏ।

8

ਜਦੋਂ ਪ੍ਰਕਾਸ਼ 'ਹਮ ਲੋਗ' ਫ਼ਿਲਮ ਦੇਖ ਕੇ ਹਾਲ ਵਿਚੋਂ ਨਿਕਲਿਆ ਤਦ ਬਾਰਸ਼ ਹੋ ਚੁਕੀ ਸੀ, ਅਸਮਾਨ ਵਿਚ ਬੱਦਲ-ਵਾਈ ਕਾਰਨ ਚੰਨ ਲੁਕਣ-ਮੀਟੀ ਖੇਡ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

ਸੜਕ ਦੇ ਛੋਟੇ ਮੋਟੇ ਟੋਇਆਂ ਵਿਚ ਖਲੋਤਾ ਪਾਣੀ ਚਾਨਣ ਵਿਚ ਚਮਕਦਾ ਅਤੇ ਹਨੇਰੇ ਵਿਚ ਰਾਹੀਆਂ ਨਾਲ ਛੇੜ-ਛਾੜ ਕਰ ਲੈਂਦਾ। ਵਾਯੂ-ਮੰਡਲ ਸ਼ਾਂਤ ਹੋ ਗਿਆ ਸੀ। ਆਖ਼ਰੀ ਸ਼ੋਅ ਦੇਖਣ ਪਿਛੋਂ ਉਸ ਦਾ ਆਪਾ ਨੀਂਦ ਨੀਂਦ ਹੁੰਦਾ ਜਾ ਰਿਹਾ ਸੀ। ਉਹ ਫ਼ਿਲਮਾਂ ਦਾ ਸ਼ੌਕੀਨ ਨਹੀਂ ਸੀ, ਪਰ 'ਹਮ ਲੋਗ' ਫ਼ਿਲਮ ਵਿਚ ਲੋਕ-ਐਕਟਰ ਬਲਰਾਜ ਸਾਹਨੀ ਦੀ, ਇਕ ਦੋਸਤ ਨੇ ਰੱਜ ਕੇ ਤਾਰੀਫ਼ ਕੀਤੀ ਸੀ, ਇਸ ਲਈ ਉਸ ਦਾ ਫ਼ਿਲਮ ਦੇਖਣ ਨੂੰ ਜੀਅ ਕਰ ਆਇਆ। ਬਾਵਜੂਦ ਊਂਘ ਆਉਣ ਦੇ ਫ਼ਿਲਮ ਹਾਲੇ ਵੀ ਉਸ ਦੇ ਦਿਮਾਗ਼ ਵਿਚ ਚਲ ਰਹੀ ਸੀ।

ਕਚਹਿਰੀਆਂ ਵਾਲਾ ਪੁਲ ਚੜ੍ਹਦਿਆਂ ਉਸ ਘੜੀ ਦੇਖੀ, ਉਹ ਇਕ ਵਜਾ ਰਹੀ ਸੀ। ਪੁਲ ਉਤਰਦਿਆਂ ਹੀ ਉਸ ਕਦਮਾਂ ਲੰਮੀਆਂ ਕਰ ਦਿਤੀਆਂ। ਠੰਢੀ ਹਵਾ ਦੇ ਹਿਲੋਰਿਆਂ ਨਾਲ ਉਸ ਦੀਆਂ ਅੱਖਾਂ ਜੁੜਦੀਆਂ ਜਾ ਰਹੀਆਂ ਸਨ। ਸ਼ਾਹ ਕਾਲੇ ਬੱਦਲਾਂ ਵਿਚੋਂ ਜਦ ਚੰਨ ਉੱਭਰਦਾ, ਮਨੁੱਖ ਨੂੰ ਮੱਲੋਜ਼ੋਰੀ ਆਪਣਾ ਬਚਪਨ ਯਾਦ ਆ ਜਾਂਦਾ। ਸਿਵਲ ਲਾਈਨਜ਼ ਚਾਨਣੀ ਵਿਚ ਧੋਤੀ ਹੋਈ ਮਹਿਕ ਰਹੀ ਸੀ। ਕਿਸੇ ਕਿਸੇ ਕੋਠੀ ਦੇ ਸ਼ੀਸ਼ਿਆਂ ਵਿਚੋਂ ਇਸ ਤਰ੍ਹਾਂ ਚਾਨਣ ਫੁਟ ਰਿਹਾ ਸੀ, ਜਿਵੇਂ ਹੁਸੀਨ ਔਰਤ ਦਾ ਜਿਸਮ ਬਲਾਊਜ਼ ਵਿਚੋਂ ਝਾਕ ਰਿਹਾ ਹੋਵੇ। ਸ਼ਾਇਦ ਇਸ ਨਸ਼ੱਈ ਰਾਤ ਵਿਚ ਕਿਸੇ ਨੂੰ ਕਿਸੇ ਦੀ ਇੰਤਜ਼ਾਰ ਸੀ ਜਾਂ ਪਿਆਰਾ ਆਪਣੀ ਰੂਪ-ਰਾਣੀ ਨੂੰ ਤੱਕਦਾ ਬੌਰਾ ਹੁੰਦਾ ਜਾ ਰਿਹਾ ਸੀ। ਪੂਰਬੀ ਪੰਜਾਬ ਨੂੰ ਅਜਿਹੀਆਂ ਕਾਲੀਆਂ, ਚਾਨਣੀਆਂ, ਠੰਢੀਆਂ ਤੇ ਫੱਰਾਟਿਆਂ ਭਰੀਆਂ ਪਿਆਰੀਆਂ ਰਾਤਾਂ ਬਹੁਤ ਘੱਟ ਨਸੀਬ ਹੁੰਦੀਆਂ ਹਨ। ਫੁਹਾਰੇ ਵਾਲੇ ਚੌਕ ਕੋਲ ਆ ਕੇ ਉਸ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਸੌਂ ਕੇ ਹੌਲਾ ਵੀ ਹੋ ਗਿਆ ਹਾਂ। ਉਹ ਕੁਝ ਯਾਦ ਆ ਜਾਣ ਤੇ ਮੁਸਕਾ ਪਿਆ। ਹੁਸੀਨ ਚਾਨਣੀ ਦੇ ਦਰਿਆ ਵਿਚ ਉਹ ਤਰਦਾ ਤਰਦਾ ਗ਼ੋਤਾ ਮਾਰ ਜਾਣਾ ਚਾਹੁੰਦਾ ਸੀ।

ਗਰੇਵਾਲ ਕਾਟੇਜ ਦੇ ਸਾਹਮਣੇ ਬਿੰਬਰ ਹੇਠ ਉਸ ਦੇ ਪੈਰ ਹੌਲੀ ਹੁੰਦੇ ਰੁਕ ਹੀ ਗਏ। ਉਸ ਖ਼ਿਆਲ ਕੀਤਾ, ਡਰਾਇੰਗ-ਰੂਮ ਦੀ ਲਾਈਟ ਉਸ ਨੂੰ ਨਾਜ਼ਾਂ ਭਰੇ ਇਸ਼ਾਰੇ ਕਰ ਰਹੀ ਹੈ। ਦਰਸ਼ਨ ਅੰਦਰ ਕੋਈ ਨਾਵਲ ਪੜ੍ਹ ਰਹੀ ਹੋਵੇਗੀ ਜਾਂ ਕਿਸੇ ਸਰਗਮ ਵਿਚ ਧੀਰੇ ਧੀਰੇ ਤੜਪ ਰਹੀ ਹੋਵੇਗੀ, ਪਰ ਇਹ ਹਕੀਕਤ ਹੈ ਕਿ ਅਜਿਹੀ ਰਾਤ ਵਿਚ ਉਸ ਨੂੰ ਕਿਸੇ ਤਰ੍ਹਾਂ ਵੀ ਨੀਂਦ ਨਹੀਂ ਆ ਸਕਦੀ। ਉਸ ਕੰਨਾਂ ਨੂੰ ਹੋਰ ਪਤਲਿਆਂ ਕੀਤਾ, ਡਰਾਇੰਗ-ਰੂਮ ਵਿਚੋਂ ਸਤਾਰ ਦੀ ਹਲਕੀ ਜਿਹੀ ਟੁਣਕਾਰ ਰਾਤ ਨੂੰ ਲੋਰੀਆਂ ਦੇ ਰਹੀ ਸੀ। ਪ੍ਰਕਾਸ਼ ਦੀ ਛਾਤੀ ਲਹੂ ਨਾਲ ਭਰ ਗਈ। ਉਸ ਨੂੰ ਆਪਾ ਇਕ ਮੁਸਕਾਨ ਵਿਚ ਫੈਲਦਾ ਜਾਪਿਆ। ਉਸ ਚਾਹਿਆ, ਦਰਸ਼ਨ ਨੂੰ ਨਾਲ ਲੈ ਕੇ ਬਾਹਰ ਸੈਰ ਕਰਾਂ। ਜਵਾਨ ਰਾਤ ਤੇ ਸੰਗੀਤ ਦੀ ਮੱਧਮ ਧੁਨੀ ਨੇ ਉਸ ਦੇ ਜਜ਼ਬਾਤ ਵਿਚ ਹਿਲੋਰਾਂ ਪੈਦਾ ਕਰ ਦਿਤੀਆਂ।

'ਪਰ ਇਸ ਵੇਲੇ ਮੈਂ ਅੰਦਰ ਕਿਵੇਂ ਜਾਵਾਂ ? ਦੂਜੇ ਪਲ ਉਹ ਖ਼ਾਲੀ ਪਲਾਟ ਵਲ ਵਧ ਗਿਆ। ਅਜ ਮੈਂ ਦਰਸ਼ਨ ਦੀ ਤਾਰੀਫ਼ ਕਰਾਂਗਾ, ਅੱਜ ਉਹ ਮੈਨੂੰ ਜ਼ਬਤਹੀਣ ਪਿਆਰੀ ਲਗੇਗੀ। ਉਸ ਨੂੰ ਦੱਸਾਂਗਾ ਇਕ ਕੁੜੀ ਤੋਂ ਸਾਥਣ ਬਣਨ ਲਈ ਕਿਹੋ ਜਿਹੀਆਂ ਨਿੱਗਰ ਸਿਫਤਾਂ ਅਪਨਾਣੀਆਂ ਚਾਹੀਦੀਆਂ ਹਨ। ਮੈਨੂੰ ਆਪ ਉਸ ਵਲ ਥੋੜਾ ਥੋੜਾ ਧਿਆਨ ਦੇਣਾ ਚਾਹੀਦਾ ਹੈ।'

ਡਰਾਇੰਗ-ਰੂਮ ਦੇ ਬਰਾਬਰ ਆ ਕੇ ਉਸ ਅੰਦਰ ਦੇਖਣ ਦਾ ਯਤਨ ਕੀਤਾ। ਇਕ

Sri Satguru Jagjit Singh Ji eLibrary NamdhariElibrary@gmail.com

ਚਾਨਣ ਸੀ, ਜਿਹੜਾ ਸ਼ੀਸ਼ਿਆਂ 'ਚੋਂ ਫੁਟ ਕੇ ਬਾਹਰ ਆ ਰਿਹਾ ਸੀ, ਸੰਗੀਤ ਸੀ ਕਿ ਦਿਲ ਦੀ ਧੜਕਣ ਵਿਚ ਮਚਲਾਣ ਪੈਦਾ ਕਰ ਰਿਹਾ ਸੀ। ਬਰਸਾਤ ਫ਼ਿਲਮ ਦੀ ਟਿਊਨ ਨੇ ਉਸ ਦੀ ਖ਼ਾਹਸ਼ ਨੂੰ ਤਣਾਵਾਂ ਪਾ ਲਈਆਂ। 'ਇਹ ਕਿਹੜਾ ਗੀਤ ਵਜਾ ਰਹੀ ਹੈ ?' ਉਸ ਜ਼ਿਹਨ ਤੇ ਜ਼ੋਰ ਦੇ ਕੇ ਸੋਚਣਾ ਅਰੰਭ ਕੀਤਾ। ਉਦੋਂ ਹੀ ਦਰਸ਼ਨ ਦੀ ਮਧੁਰ ਆਵਾਜ਼ ਕੰਨੀਂ ਪਈ :

'ਹਮ ਸੇ ਮਿਲੇ ਤੁਮ ਸੱਜਨ, ਤੁਮ ਸੇ ਮਿਲੇ ਹਮ,
ਬਰਸਾਤ ਮੇਂ !

ਪ੍ਰਕਾਸ਼ ਝੂਮ ਕੇ ਕਹਿ ਗਿਆ ਅਤੇ ਮਚਲਾਣਾਂ ਦਾ ਹੜ੍ਹ ਉਸ ਦੇ ਅੰਗ ਅੰਗ ਵਿਚ ਜਵਾਨ ਹੋ ਉਠਿਆ। ਉਸ ਅੰਦਰ ਜਾਣ ਲਈ ਸੋਚਣਾ ਸ਼ੁਰੂ ਕਰ ਦਿਤਾ। ਖੱਟੀਆਂ ਦੀ ਵਾੜ ਨਾਲ ਤੁਰਦਿਆਂ ਉਸ ਪਤਲੀ ਥਾਂ ਨੂੰ ਜਾਚਿਆ। ਫਿਰ ਇਕ ਥਾਂ ਬਹਿ ਕੇ ਕੰਡਿਆਲੀਆਂ ਤਾਰਾਂ ਨੂੰ ਟੋਹਿਆ ਅਤੇ ਡਾਲਾਂ ਮਰੋੜਕੇ ਰਾਹ ਬਣਾਉਣ ਲਗਾ। ਹੌਲੀ ਹੌਲੀ ਉਸ ਮੋਰੀ ਬਣਾ ਲਈ ਅਤੇ ਲੰਘਣ ਲਈ ਪਹਿਲੋਂ ਆਪਣੀ ਲੱਤ ਅੰਦਰ ਸੁੱਟੀ। ਜਦ ਬਾਕੀ ਧੜ ਲੰਘਾਉਣ ਲਗਾ, ਉਸ ਦੇ ਮੋਢੇ ਵਿਚ ਕੰਡਾ ਲਹਿ ਗਿਆ। ਕੰਡੇ ਨੂੰ ਪਾਸੇ ਹਟਾਉਣ ਲਗਾ, ਤਦ ਹੱਥ ਜ਼ਖ਼ਮੀ ਹੋ ਗਿਆ। ਉਸ ਨੂੰ ਕਈ ਝਰੀਟਾਂ ਆ ਗਈਆਂ, ਪਰ ਸੁਆਦ-ਖਿਚ ਵਿਚ ਉਹ ਪਾਰ ਹੋ ਗਿਆ। ਮਲਕੜੇ ਮਲਕੜੇ ਖੱਟੀਆਂ ਦੀ ਵਾੜ ਨਾਲ ਤੁਰਦਾ ਡਰਾਇੰਗ-ਰੂਮ ਦੇ ਸਾਹਮਣੇ ਰਾਤ-ਰਾਣੀ ਦੇ ਪਿਛਵਾੜੇ ਖਲੋ ਗਿਆ। ਸਲ੍ਹਾਬੀ ਰਾਤ ਵਿਚ ਦਰਸ਼ਨ ਦੀ ਆਵਾਜ਼ ਜਵਾਨੀਆਂ ਵਿਚ ਚੀਰ ਪਾਂਦੀ ਲੰਘ ਰਹੀ ਸੀ :

'ਹਮ ਸੇ ਮਿਲੇ ਤੁਮ ਸੱਜਨ, ਤੁਮ ਸੇ ਮਿਲੇ ਹਮ,
ਬਰਸਾਤ ਮੇਂ !

ਉਸ ਨੂੰ ਇਕ ਸ਼ਰਾਰਤ ਸੁੱਝੀ। ਉਹ ਅਗੇ ਵਧ ਕੇ ਬਾਰੀ ਨੂੰ ਠਕੋਰ ਕੇ ਰਾਤਰਾਣੀ ਦੇ ਪਿਛੇ ਫਿਰ ਆ ਲੁਕਿਆ। ਚੰਨ ਵੀ ਬੱਦਲ ਵਿਚ ਆ ਗਿਆ। ਸਤਾਰ ਇਕ-ਦਮ ਬੰਦ ਹੋ ਗਈ, ਜਿਹਾ ਕਿ ਉਸ ਨੂੰ ਪਹਿਲੋਂ ਹੀ ਆਸ ਸੀ। ਫਿਰ ਉਸ ਨੂੰ ਖ਼ਿਆਲ ਆਇਆ, 'ਕਿਤੇ ਦਰਸ਼ਨ ਚੋਰ ਚੋਰ ਨਾ ਕਹਿ ਦੇਵੇ। ਇਸ ਤਰ੍ਹਾਂ ਹਾਸੀ ਤਾਂ ਬੜੀ ਹੋਵੇਗੀ, ਜਦ ਚੋਰ ਕਾਕਾ ਪ੍ਰਕਾਸ਼ ਸਿੰਘ ਜੀ ਨਿਕਲੇ।' ਬਾਰੀ ਦੇ ਪਿਛੇ ਕੁੰਡੀ ਦਾ ਖੜਾਕ ਹੋਇਆ ਤੇ ਬਾਰੀ ਖੁਲ੍ਹ ਗਈ, ਰਾਤ-ਰਾਣੀ ਵਿਚ ਦੀ ਉਸ ਮੁਸਕਰਾਂਦਿਆਂ ਤੇ ਕਾਹਲੀਆਂ ਨਜ਼ਰਾਂ ਨਾਲ ਤੱਕਿਆ। ਉਸ ਦੀ ਹੈਰਾਨੀ ਨੂੰ ਘੁਮੇਰ ਆ ਗਈ, ਜਦ ਉਸ ਬਾਰੀ ਵਿਚੋਂ ਇਕ ਮਰਦ ਨੂੰ ਬਾਹਰ ਤਾੜਦਿਆਂ ਦੇਖਿਆ। ਇਕ ਮਿੰਟ ਪਿਛੋਂ ਦਰਸ਼ਨ ਵੀ ਉਸ ਦੇ ਬਰਾਬਰ ਆ ਖਲੋਤੀ। ਦਰਸ਼ਨ ਨੂੰ ਪਛਾਨਣਾ ਕੋਈ ਔਖਾ ਨਹੀਂ ਸੀ। ਹਰ ਪ੍ਰੇਮੀ ਹਜ਼ਾਰ ਮੱਸਿਆਂ ਵਿਚ ਲੁਕੀ ਖਲੋਤੀ ਆਪਣੀ ਲੈਲਾ ਨੂੰ ਪਛਾਣ ਸਕਦਾ ਹੈ। ਪਰ ਓਪਰੇ ਮਰਦ ਦੇ ਪਿਛਵਾੜਿਉਂ ਆਉਂਦੀ ਚਾਨਣੀ ਕਾਰਨ ਉਸ ਦਾ ਚਿਹਰਾ ਨਾ ਦੇਖ ਸਕਿਆ। ਦਰਸ਼ਨ ਨੂੰ ਇਕ ਪਰਾਏ ਮਰਦ ਦੇ ਬਰਾਬਰ ਖੜਿਆਂ ਦੇਖ ਕੇ ਉਸ ਦੇ ਹੈਰਾਨੀ-ਭਰੇ ਜ਼ਬਤ ਨੂੰ ਕਾਂਬਾ ਛਿੜ ਗਿਆ, 'ਮੈਂ ਕੀ ਕਰਾਂ ? ਅਗੇ ਵਧ ਕੇ ਪੁੱਛਾਂ, ਇਹ ਕੌਣ ਹੈ ? ਕੀ ਘਰ ਦਿਆਂ ਨੂੰ ਪਤਾ ਹੈ ? ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਉਹ ਬੇਖ਼ਬਰ ਹੋਣ ਤੇ ਦਰਸ਼ਨ ਇਕ ਵਜੇ ਰਾਤ ਦੇ ਉਨ੍ਹਾਂ ਦੇ ਕਮਰਿਆਂ ਦੇ ਨਾਲ ਇਕ ਮਰਦ ਸਾਹਵੇਂ ਗਾ ਰਹੀ ਹੋਵੇ ?' ਟਾਰਚ ਦੀ ਲਾਈਟ ਇਕ-ਦਮ ਹੀ ਰਾਤ-ਰਾਣੀ ਦੇ ਵਿਚ ਆ ਕੇ ਵੱਜੀ।

Sri Satguru Jagjit Singh Ji eLibrary NamdhariElibrary@gmail.com

ਫਿਰ ਏਧਰ ਉਧਰ ਘੁੰਮਦੀ ਲਾਈਟ ਚੋਰ ਨੂੰ ਲੱਭਣ ਲਗੀ। ਪ੍ਰਕਾਸ਼ ਰਾਤ-ਰਾਣੀ ਦੇ ਪਿਛੇ ਇਕੱਠਾ ਹੋਇਆ ਖਲੋਤਾ ਸੀ। ਉਸ ਦਾ ਗਲਾ ਖ਼ੁਸ਼ਕ ਤੇ ਅੱਖਾਂ 'ਚ ਲਹੂ ਉਤਰਿਆ ਹੋਇਆ ਸੀ।

"ਮੈਂ ਬਾਹਰ ਨਿਕਲ ਕੇ ਦੇਖਦਾ ਹਾਂ।" ਪ੍ਰਕਾਸ਼ ਨੇ ਓਪਰੇ ਮਰਦ ਦੀ ਘਬਰਾਈ ਆਵਾਜ਼ ਨੂੰ ਸਾਫ਼ ਸੁਣ ਲਿਆ। ਲਾਈਟ ਬੁਝ ਗਈ। ਹੁਣ ਪ੍ਰਕਾਸ਼ ਦੀਆਂ ਵੀ ਖ਼ਾਨਿਓਂ ਗਈਆਂ। 'ਮੈਨੂੰ ਕਿਸੇ ਦੇ ਦੇਖਣ ਤੋਂ ਪਹਿਲਾਂ ਚਲੇ ਜਾਣਾ ਚਾਹੀਦਾ ਹੈ। ਕਿਤੇ ਦਰਸ਼ਨ ਨਾ ਦੇਖ ਲਵੇ।' ਉਸ ਦੌੜ ਕੇ ਪਾਰ ਲੰਘਣਾ ਹੀ ਮੁਨਾਸਬ ਸਮਝਿਆ। ਉਸ ਏਨੀ ਛੇਤੀ ਕੀਤੀ ਕਿ ਕਿਸੇ ਕੰਡੇ ਡਾਲ ਅਤੇ ਤਾਰ ਦੀ ਪਰਵਾਹ ਕਰੇ ਬਿਨਾਂ ਫੱਟ ਪਾਰ ਹੋ ਗਿਆ। ਉਸ ਨੂੰ ਕੋਈ ਪਤਾ ਨਹੀਂ ਸੀ, ਕਿੰਨੇ ਕੰਡੇ ਲੱਗੇ ਹਨ ਅਤੇ ਕਮੀਜ਼ ਕਿੰਨੀਆਂ ਥਾਵਾਂ ਤੋਂ ਪਾਟ ਗਈ ਹੈ। ਜਦੋਂ ਲਾਈਟ ਰਾਤ-ਰਾਣੀ ਤੇ ਕੋਠੀ ਦਾ ਪਿਛਵਾੜਾ ਛਾਣ ਰਹੀ ਸੀ, ਪ੍ਰਕਾਸ਼ ਬਾਹਰ ਸੜਕ ਤੇ ਬਿੰਬਰ ਹੇਠ ਖਲੋਤਾ ਸੀ। ਬਿੰਬਰ ਦੇ ਕਾਲੇ ਘਟ ਅੰਨ੍ਹੇਰੇ ਵਿਚ ਵੀ ਉਸ ਨੂੰ ਹੈਰਾਨੀ ਤੇ ਅਜੀਬ ਕਿਸਮ ਦੇ ਭੈ ਨਾਲ ਕਾਂਬਾ ਛਿੜਿਆ ਹੋਇਆ ਸੀ। ਉਹ ਕਵਾਟਰ ਨੂੰ ਜਾਣ ਦੀ ਥਾਂ ਪਿਛਾਂਹ ਹੀ ਮੁੜ ਗਿਆ। ਪੰਦਰਾਂ ਵੀਹ ਮਿੰਟ ਉਸ ਨੂੰ ਹੋਸ਼ ਨਹੀਂ ਰਹੀ ਸੀ, ਉਹ ਕਿਥੇ ਫਿਰ ਰਿਹਾ ਹੈ।

ਜਦੋਂ ਪ੍ਰਕਾਸ਼ ਨੇ ਆਪੇ ਨੂੰ ਹਰ ਤਰ੍ਹਾਂ ਦੇ ਖ਼ਤਰੇ ਤੋਂ ਬਾਹਰ ਸਮਝਿਆ ਅਤੇ ਚੜ੍ਹੀ ਧੜਕਣ ਦੀ ਹੋਸ਼ ਪਰਤੀ, ਤਦ ਉਸ ਨੇ ਸੋਚਣਾ ਸ਼ੁਰੂ ਕੀਤਾ, 'ਇਹ ਤਾਂ ਜ਼ਾਹਿਰ ਹੈ, ਮੈਂ ਚੋਰ ਨਹੀਂ ਸਾਂ। ਜੇ ਫੜਿਆ ਵੀ ਜਾਂਦਾ, ਕੋਈ ਫ਼ਰਕ ਨਹੀਂ ਪੈਣਾ ਸੀ, ਪਰ ਉਹ ਮਰਦ ਕੌਣ ਸੀ ? ਐਨੀ ਰਾਤ ਗਏ ਦਰਸ਼ਨ ਦੇ ਨਾਲ ? ਕਿਤੇ......ਇਹ ਕਿਸ ਤਰ੍ਹਾਂ ਹੋ ਸਕਦਾ ਏ ? ਇਹ ਸੁਪਨਾ ਨਹੀਂ, ਮੇਰਾ ਸਾਰਾ ਸ਼ਰੀਰ ਖੱਟੀਆਂ ਦੇ ਕੰਡਿਆਂ ਨਾਲ ਚੀਰਿਆ ਪਿਆ ਏ। ਆਖ਼ਰ ਉਹ ਹੋਇਆ ਕੌਣ ?' ਮੁੜ ਮੁੜ ਕੇ ਇਹ ਸਵਾਲ ਉਸ ਦੇ ਜ਼ਿਹਨ ਦਾ ਨਾਸ ਮਾਰ ਰਿਹਾ ਸੀ। ਉਸ ਦੀ ਰਵਾਂ ਰਵੀਂ ਜਾ ਰਹੀ ਜ਼ਿੰਦਗੀ ਵਿਚ ਇਹ ਪਹਿਲਾ ਧੱਕਾ ਸੀ। ਜਿਸ ਉਸ ਨੂੰ ਦਿਮਾਗ਼ ਦੀ ਧੁਰ ਚੇਤਨਾ ਤਕ ਬੌਰਾ ਕਰ ਕੇ ਰਖ ਦਿਤਾ। ਉਸ ਦੀਆਂ ਇਕ-ਟਕ ਖੁਲ੍ਹੀਆਂ ਅੱਖਾਂ ਦੇਖਣ ਦੇ ਬਾਵਜੂਦ ਯਕੀਨ ਨਹੀਂ ਕਰ ਸਕੀਆਂ ਸਨ। ਉਸ ਦੀ ਸਮਝ ਪੈਰਾਂ ਵਾਂਗ ਥਿੜਕੀ ਹੋਈ ਸੀ।

ਇਹ ਅਜਿਹਾ ਹਾਦਸਾ ਸੀ, ਜਿਸ ਦੀ ਕੋਈ ਹੰਢਿਆ ਵਰਤਿਆ ਆਦਮੀ ਵੀ ਆਸ ਨਹੀਂ ਸੀ ਕਰ ਸਕਦਾ। ਪ੍ਰਕਾਸ਼ ਵਰਗੇ ਨੌਜਵਾਨ ਦਾ ਹੱਥਾਂ ਪੈਰਾਂ ਵਿਚ ਆ ਜਾਣਾ ਕੁਦਰਤੀ ਸੀ। ਉਸ ਨੂੰ ਦਰਸ਼ਨ ਤੇ ਰਹਿ ਰਹਿ ਕੇ ਗ਼ੁੱਸਾ ਆ ਰਿਹਾ ਸੀ ਤੇ ਉਸ ਦੇ ਜ਼ਬਤ ਦੀਆਂ ਗੰਢਾਂ ਖਿਸਕਦੀਆਂ ਜਾ ਰਹੀਆਂ ਸਨ। ਫਿਰ ਮਨੁੱਖ ਦੀ ਪਿਆਰ-ਵਫ਼ਾ ਦਾ ਨਾਤਾ ਇਕ ਸ਼ੱਕ ਨੂੰ ਜਨਮ ਦੇਂਦਾ, 'ਉਹ ਉਨ੍ਹਾਂ ਦਾ ਸੱਕਾ ਸੰਬੰਧੀ ਵੀ ਹੋ ਸਕਦਾ ਏ ? ਸੱਕਾ ਸੰਬੰਧੀ ਵੀ ਜੇ ਹੋਵੇ, ਭਰਾ ਈ ਹੋ ਸਕਦਾ ਏ ? ਪਰ ਐਨੀ ਰਾਤ ਗਏ ਉਸ ਦਾ ਦਰਸ਼ਨ ਨਾਲ ਮੋਢਾ ਜੋੜ ਕੇ ਖਲੋਣ ਦਾ ਕੀ ਕੰਮ ?' ਉਹ ਸਮਝ ਨਹੀਂ ਸੀ ਸਕਦਾ, ਅਸਲੀਅਤ ਕੀ ਹੈ ? ਪਰ ਇਸ ਗੱਲ ਵਿਚ ਉਸ ਦਾ ਨਿਸਚਾ ਪਰਪੱਕ ਹੋ ਗਿਆ, 'ਚੋਰ ਮੈਂ ਨਹੀਂ, ਦਰਸ਼ਨ ਜਾਂ ਉਸ ਮਰਦ ਵਿਚੋਂ ਕੋਈ ਵੀ ਹੋ ਸਕਦਾ ਹੈ। ਇਹ ਵੀ ਸੰਭਵ ਹੈ, ਦੋਵੇਂ ਹੀ ਹੋਣ।........., ਪਰ ਮੈਂ ਐਨਾ ਘਬਰਾਇਆ ਘਬਰਾਇਆ ਕਿਉਂ ਫਿਰ ਰਿਹਾ ਹਾਂ, ਤਸੱਲੀ ਕਿਉਂ ਨਹੀਂ ਕਰ ਲੈਂਦਾ, ਜਦੋਂ ਕਿ ਚੋਰ ਮੈਂ ਨਹੀਂ।' ਇਸ ਖ਼ਿਆਲ ਦੇ ਨਾਲ ਹੀ ਉਸ ਗਰੇਵਾਲ ਕਾਟੇਜ ਵਲ ਮੂੰਹ ਭਵਾ ਲਿਆ ਅਤੇ ਕਾਹਲਿਆਂ ਤੁਰਨ ਲਗਾ।

Sri Satguru Jagjit Singh Ji eLibrary NamdhariElibrary@gmail.com

ਉਸ ਦੀ ਛਾਤੀ ਦੇ ਤੂਫ਼ਾਨ ਵਿਚ ਕੋਈ ਫ਼ਰਕ ਨਹੀਂ ਆਇਆ ਸੀ, ਉਹ ਦਿਲ ਦਾ ਕਿਨਾਰਾ ਲੱਭ ਲੈਣ ਲਈ ਪੁੱਜ ਕੇ ਕਾਹਲਾ ਸੀ। ਪਿਆਰ ਭਾਵੇਂ ਵਰ੍ਹਿਆਂ-ਬੱਧੀ ਸੁੱਤਾ ਪਿਆ ਰਹੇ, ਪਰ ਜਦੋਂ ਜਾਗ ਪੈਂਦਾ ਹੈ, ਵਸਤੀਆਂ ਦੀਆਂ ਵਸਤੀਆਂ ਜੁਆਲਾਮੁਖੀ ਪਹਾੜ ਵਾਂਗ ਸਾੜ ਕੇ ਸੁਆਹ ਕਰ ਦੇਂਦਾ ਹੈ ਤੇ ਜੇ ਉਸਾਰੀ ਦਾ ਪੱਖ ਲੈ ਲਵੇ, ਚੱਟਾਨਾਂ 'ਚੋਂ ਨਹਿਰਾਂ ਕਢਵਾ ਦੇਂਦਾ ਏ, ਰੋਜ਼ਾ ਤਾਜ ਬਣਾ ਦੇਂਦਾ ਏ। ਚੰਨ ਭਾਵੇਂ ਪੂਰਾ ਨਹੀਂ ਸੀ, ਪਰ ਜਿਹੜੀ ਨਿਸਰੀ ਤੇ ਨਿਰਮਲ ਚਾਨਣੀ ਹੁਣੇ ਅੰਗ ਅੰਗ ਵਿਚ ਖੇੜਾ ਖੇੜਾ ਹੋ ਰਹੀ ਸੀ, ਸਾੜ ਪੈਦਾ ਕਰਨ ਲੱਗੀ। ਪ੍ਰਕਾਸ਼ ਆਪਣੀ ਕਲਾਸ ਵਿਚ ਸਿਆਣਾ ਹੋਣ ਨਾਲ ਅਤਿ ਸੰਜੀਦਾ ਮੰਨਿਆ ਜਾਂਦਾ ਸੀ, ਪਰ ਅੱਜ ਉਸ ਦੀ ਗੰਭੀਰਤਾ ਉਸ ਦਿਆਂ ਆਪਣਿਆਂ ਠੁੰਡਾਂ ਨਾਲ ਹੀ ਨਿਢਾਲ ਸੀ। ਦਿਲ ਵਿਚੋਂ ਉਠਦੇ ਵਿਦਰੋਹ ਨਾਲ ਉਹ ਸਾਰੀ ਸਿਵਲ ਲਾਈਨਜ਼ ਨੂੰ ਸਾੜ ਕੇ ਇਥੋਪੀਆ ਦੇ ਖੰਡਰਾਂ ਵਿਚ ਬਦਲ ਦੇਣਾ ਚਾਹੁੰਦਾ ਸੀ। ਉਸ ਦੂਰੋਂ ਗਰੇਵਾਲ ਕਾਟੇਜ ਵਲ ਨਜ਼ਰ ਮਾਰੀ, ਟਾਰਚ ਦਾ ਚਾਨਣ ਗੇਟ ਵਲ ਵਧ ਰਿਹਾ ਸੀ। ਅਣਹੋਏ ਭੈ ਕਾਰਨ ਉਹ ਝਟ ਹੀ ਸੜਕ ਦੇ ਦੂਜੇ ਕਿਨਾਰੇ ਹੋ ਗਿਆ। ਉਸ ਕਦਮਾਂ ਨੂੰ ਥਿੜਕਣੋਂ ਬਚਾ ਕੇ ਆਪਣੇ ਆਪ ਨੂੰ ਮਜ਼ਬੂਤ ਸਮਝਣ ਦਾ ਯਤਨ ਕੀਤਾ।

ਪ੍ਰਕਾਸ਼ ਨੇ ਆਪਣੀ ਚਾਲ ਜਾਣ ਕੇ ਮੱਠੀ ਕਰ ਦਿਤੀ। ਉਹ ਆਪਣੇ ਰਕੀਬ ਨੂੰ ਪਛਾਨਣ ਲਈ ਐਨ ਗੇਟ ਖੁਲ੍ਹਣ ਵੇਲੇ ਬਰਾਬਰ ਆ ਗਿਆ। ਪਰ ਉਸ ਦੇ ਸਾਰੇ ਸ਼ੱਕ ਦੂਰ ਹੋ ਗਏ, ਜਦ ਦਰਸ਼ਨ ਨੂੰ ਉਸ ਮਰਦ ਤਾਈਂ ਵਿਦਾ ਕਰਦਿਆਂ ਦੇਖਿਆ। ਹੁਣ ਪ੍ਰਕਾਸ਼ ਆਪਣੇ ਪਛਾਣੇ ਜਾਣ ਦੇ ਡਰੋਂ ਲੰਮੀਆਂ ਉਲਾਂਘਾਂ ਭਰਨ ਲੱਗਾ। ਇਕ ਰੋਹ, ਇਕ ਗ਼ੁੱਸਾ ਉਸ ਦੀਆਂ ਰਗਾਂ ਵਿਚ ਭਰ ਆਇਆ, ਉਸ ਦੇ ਜੀਅ ਵਿਚ ਆਵੇ, ਹੁਣੇ ਦਰਸ਼ਨ ਨੂੰ ਸੜਕ ਵਿਚ ਖਿਚ ਲਵਾਂ, ਉਸ ਦਾ ਅੰਗ ਅੰਗ ਤੋੜ ਦੇਵਾਂ ਤੇ ਸਾਰੀ ਉਮਰ ਹਉਕੇ ਲੈਣ ਲਈ ਸੁਟ ਜਾਵਾਂ। ਉਸ ਦੀ ਛਾਤੀ ਦੀਆਂ ਸਾਰੀਆਂ ਹੱਡੀਆਂ ਲੁਹਾਰ ਦੀ ਭੱਠੀ ਦੀਆਂ ਸੀਖਾਂ ਵਾਂਗ ਦੱਗ ਰਹੀਆਂ ਸਨ। ਉਸ ਪਿਛਾਂਹ ਭਉਂ ਕੇ ਤੱਕਿਆ, ਬਾਵਜੂਦ ਕੁਦਰਤੀ ਚਾਨਣੀ ਦੇ ਟਾਰਚ ਦੀ ਲਾਈਟ ਸੜਕ ਵਿਚ ਦਾਗ਼ ਪਾਂਦੀ ਜਾ ਰਹੀ ਸੀ। ਉਸ ਫਿਰ ਦੇਖਿਆ, ਦਰਸ਼ਨ ਗੇਟ ਬੰਦ ਕਰ ਰਹੀ ਹੈ। ਉਸ ਚਾਹਿਆ, ਭੱਜ ਕੇ ਗੇਟ ਨੂੰ ਧੱਕਾ ਮਾਰਾਂ ਤੇ ਦਰਸ਼ਨ ਤੋਂ ਉਸ ਦੇ ਨਵੇਂ ਪ੍ਰੇਮੀ ਬਾਰੇ ਪੁੱਛਾਂ। ਉਹ ਰੁਕ ਗਿਆ ਤੇ ਆਪਣੇ ਇਰਾਦੇ ਨਾਲ ਹੀ ਭਉਂ ਪਿਆ। ਜਦੋਂ ਉਹ ਮੁੜ ਕੇ ਗੇਟ ਅੱਗੇ ਆਇਆ, ਡਰਾਇੰਗ-ਰੂਮ ਦੀ ਬੱਤੀ ਬੁਝ ਗਈ। 'ਹੈ ਤੇਰੀ.....।' ਉਸ ਗਾਲ੍ਹ ਦੇ ਕੇ ਆਪਣੇ ਆਪ ਨੂੰ ਵੀ ਮੈਲਾ ਕਰ ਲਿਆ। ਫਿਰ ਉਸ ਦੇ ਮਨ ਵਿਚ ਆਈ, ਲਾਈਟ ਦਾ ਪਿੱਛਾ ਕਰਾਂ। ਉਹ ਮਰਦ ਦੂਰ ਨਿਕਲ ਗਿਆ ਸੀ। ਉਸ ਪਿੱਛਾ ਕਰਨ ਦਾ ਖ਼ਿਆਲ ਛੱਡ ਕੇ ਆਪਣੇ ਜ਼ਖ਼ਮ ਨੂੰ ਘੁੱਟ ਲਿਆ। ਸਾਰਾ ਤੂਫ਼ਾਨ ਲੰਘ ਜਾਣ ਪਿਛੋਂ ਉਸ ਨੂੰ ਖ਼ਿਆਲ ਆਇਆ, 'ਮੈਂ ਹੁਣ ਤਕ ਡੁਬਿਆ ਰਿਹਾ ਹਾਂ, ਗ਼ੋਤੇ ਖਾਂਦਾ ਰਿਹਾ ਹਾਂ।' ਉਹ ਬਿੰਬਰ ਹੇਠ ਖਲੋਤਾ ਕੋਠੀ ਨੂੰ ਤੱਕਦਾ ਰਿਹਾ। ਉਸ ਦੀਆਂ ਅੱਖਾਂ ਵਿਚ ਅੱਥਰੂ ਕੰਬ ਰਹੇ ਸਨ। ਕੋਠੀ ਧੁੰਦਲੀ ਹੋ ਗਈ, ਪਰ ਕੋਠੀ ਤੋਂ ਉਤਾਂਹ ਦੋਹਾਂ ਬਜ਼ੁਰਗਾਂ ਦੇ ਹੱਥ ਇਕ ਦੂਜੇ ਨੂੰ ਘੁਟ ਰਹੇ ਸਨ। ਪ੍ਰਕਾਸ਼ ਆਪਣੇ ਪਿਤਾ ਤੇ ਦਰਸ਼ਨ ਦੇ ਪਿਤਾ ਦੇ ਹੱਥਾਂ ਨੂੰ ਪਛਾਣਦਾ ਸੀ। 'ਪਰ ਇਸ ਪੱਕੀ ਤੇ ਨਵੀਂ ਕੋਠੀ ਵਿਚ ਦਰਾੜਾਂ ? ਉਸ ਦੇ ਬੁੱਲ੍ਹ ਵੀ ਥੱਰਾ ਪਏ। ਉਸ ਕੋਠੀ ਦੇ ਪੈਰਾਂ ਨੂੰ ਤੱਕਣਾ ਸ਼ੁਰੂ ਕਰ ਦਿਤਾ, 'ਦਰਸ਼ਨ ਦੀ ਸਤਾਰ ਗਾ ਰਹੀ ਹੈ, ਬਰਸਾਤ ਦੀ ਸਲ੍ਹਾਬੀ ਰਾਤ ਵਿਚ ਉਸ ਦੀ ਭਾਵਨਾ ਆਪਣੇ ਸਾਜਣ ਨਾਲ

Sri Satguru Jagjit Singh Ji eLibrary NamdhariElibrary@gmail.com

ਮਿਲ ਰਹੀ ਹੈ।' ਉਸ ਨੂੰ ਨਫ਼ਰਤ ਵਿਚ ਅਜਿਹੀ ਧੁੜਧੜੀ ਆਈ ਕਿ ਉਸ ਗੇਟ ਨੂੰ ਠੁੱਡਾ ਮਾਰਿਆ ਤੇ ਦ੍ਰਿੜ੍ਹ ਇਰਾਦੇ ਨਾਲ ਆਪਣੇ ਟਿਕਾਣੇ ਨੂੰ ਤੁਰ ਪਿਆ।

ਉਸ ਸਾਰੀ ਸਿਵਲ ਲਾਈਨਜ਼ ਤੇ ਥੁੱਕ ਦਿਤਾ। 'ਸਭਿਅਤਾ ਦੇ ਗੋਰੇ ਚਾਨਣ ਵਿਚ ਇਹ ਵੀ ਇਕ ਚਕਲਾ ਹੈ, ਸਭ ਜਗਦੀਆਂ ਲਾਈਟਾਂ ਨੂੰ ਆਪਣੇ ਯਾਰਾਂ ਦੀ ਉਡੀਕ ਹੈ।'

ਸਾਰੀ ਰਾਤ ਚੰਨ ਨਿਉਂ ਨਿਉਂ ਉਸ ਨੂੰ ਦੇਖਦਾ ਰਿਹਾ, ਉਹ ਸੁੱਤਾ ਹੈ ਜਾਂ ਨਹੀਂ, ਪਰ ਉਸ ਦੀਆਂ ਅੱਖਾਂ ਵਿਚ ਖੱਟੀਆਂ ਦੇ ਕੰਡੇ ਉੱਗ ਆਏ ਸਨ।

9

ਚਾਰ-ਯਾਰੀ ਨੂੰ ਜੁੜਦਿਆਂ ਦੇਰ ਨਹੀਂ ਲਗਦੀ ਸੀ। ਸੰਤਾ ਸਿੰਘ, ਦੁੱਖੀ, ਪਪੀਹੇ ਤੇ ਕਟਾਰ ਨੂੰ, ਖੰਨੇ ਦੇ ਕਵੀ ਦਰਬਾਰ ਤੋਂ ਨਾਲ ਲੈ ਆਇਆ। ਪਪੀਹਾ ਤੇ ਕਟਾਰ ਲੁਧਿਆਣੇ ਦੇ ਆਲੇ ਦੁਆਲੇ ਕਿਤੋਂ ਵੀ ਕਵੀ ਦਰਬਾਰ ਭੁਗਤਾ ਕੇ ਆਉਣ, ਰਾਤ ਨੂੰ ਦਸਤੂਰ ਵਾਂਗ ਬਹਾਲ ਕੋਲ ਆ ਬਿਰਾਜਦੇ ਸਨ। ਪਰ ਅੱਜ ਦੁੱਖੀ ਨੂੰ ਵਿਚ ਲੈ ਕੇ ਉਨ੍ਹਾਂ ਰਾਤ ਖਰੀ ਕਰ ਲਈ ਕਿ ਜੇ ਬਹਾਲ ਨਾ ਪਿਆਵੇ, ਬੋਤਲ ਤੇਰੇ ਸਿਰ ਹੋਵੇਗੀ। ਇਹ ਸ਼ਰਤ ਦੁੱਖੀ ਮੰਨ ਗਿਆ, ਪਰ ਨਾਲ ਹੀ ਇਕ ਆਪਣੀ ਸ਼ਰਤ ਵੀ ਰਖ ਦਿਤੀ ਕਿ ਮੇਰਾ ਇਕ ਕੰਮ ਬਹਾਲ ਗੋਚਰਾ ਹੈ, ਉਹ ਕਰਵਾਉਣਾ ਹੋਵੇਗਾ। ਪਪੀਹੇ ਤੇ ਕਟਾਰ ਲਈ ਇਹ ਕੋਈ ਮੁਸ਼ਕਲ ਨਹੀਂ ਸੀ। ਦੁੱਖੀ ਨੇ ਗੱਡੀਉਂ ਉੱਤਰਦਿਆਂ ਆਖਿਆ।

"ਤੁਸੀਂ ਬਹਾਲ ਕੋਲ ਚਲ ਕੇ ਨਹਾ ਧੋ ਲਵੋ, ਮੈਂ ਤੁਹਾਡੇ ਲਈ ਇਕ ਸ਼ਾਨਦਾਰ ਚਾਹ-ਪਾਰਟੀ ਦਾ ਬੰਦੋਬਸਤ ਕਰ ਕੇ ਆਉਂਦਾ ਹਾਂ।"

"ਏਨੂੰ ਨਾਰਦ ਦੇ ਬੱਚੇ ਨੂੰ ਬਾਹੋਂ ਫੜ, ਸਾਨੂੰ ਏਥੇ ਲਿਆ ਕੇ ਹੁਣ ਖਿਸਕਣ ਨੂੰ ਫਿਰਦਾ ਏ।" ਪਪੀਹੇ ਨੇ, ਕਟਾਰ ਨੂੰ ਚਿਤਾਵਣੀ ਵਜੋਂ ਕਿਹਾ।

"ਤੁਸੀਂ ਯਾਦ ਕਰੋਗੇ ਗੋਰੀ ਦੇ ਨਾਜ਼ਕ ਹੱਥਾਂ ਦੀ ਚਾਹ, ਜੇ ਸ਼ਾਇਰੀ ਨਾ ਭੁੱਲ ਜਾਓ।" ਦੁੱਖੀ ਨੇ ਆਪਣੀ ਹਿੱਕ ਥਾਪੜੀ।

"ਨਾਰਦਾ ! ਚਲਿਆ ਭਾਵੇਂ ਜਾਹ, ਪਰ ਤੇਰਾ ਇਤਬਾਰ ਨਹੀ ਆਉਂਦਾ।" ਕਟਾਰ ਪਪੀਹੇ ਦੀ ਹਮਾਇਤ ਵਿਚ ਕਹਿ ਗਿਆ।

"ਤੂੰ ਗੰਜੇ ਦੇ ਆਖੇ ਲਗਦਾ ਏਂ, ਸੌਂਹ ਵਡੇ ਮਹਾਰਾਜ ਦੀ, ਤੂੰ ਤਾਂ ਮਰ ਈ ਜਾਏਂਗਾ ਉਥੇ।"

"ਜੇ ਬਹਾਲ ਦੀ ਮਾਰ ਤੇ ਲੈ ਕੇ ਚਲੇਂ ਤੇ ਦਰਸ਼ਨ ਗਾ ਕੇ ਸੁਣਾਵੇ ?" ਕਟਾਰ ਦੀ ਮਾਨਸਕ ਭੁੱਖ ਜਾਗ ਪਈ।

"ਲੈ ਮੈਂ ਉਸ ਦੀ ਮਾਂ ਕੋਲ ਵੀ ਚਲਾਂਗਾ, ਪਰ ਮੇਰਾ ਕੰਮ ਯਾਦ ਐ ਨਾ।"

"ਕੰਮ, ਤੇ ਬਹਾਲ ਨਾ ਕਰੇ, ਉਹਦੇ ਖ਼ਾਨਦਾਨੀ ਵੱਟ ਨਿਕਲਦੇ ਵੇਖੀਂ।" ਕਟਾਰ ਨੇ ਕਰੜ ਬਰੜੀ ਦਾੜ੍ਹੀ ਤੋਂ ਦੀ ਹੱਥ ਫੇਰਦਿਆਂ ਮੁੱਛਾਂ ਨੂੰ ਥੋੜਾ ਉਤਾਂਹ ਚੁਕਿਆ।

Sri Satguru Jagjit Singh Ji eLibrary NamdhariElibrary@gmail.com

"ਮਲਾਓ ਹੱਥ।" ਸਾਰਿਆਂ ਹੱਥ ਮਿਲਾਏ ਤੇ ਫਿਰ ਦੁੱਖੀ ਉਨ੍ਹਾਂ ਦੋਹਾਂ ਤੋਂ ਜੁਦਾ ਹੋ ਗਿਆ।

ਕਟਾਰ ਤੇ ਪਪੀਹਾ ਹੌਲੀ ਹੌਲੀ ਤੁਰਦੇ ਦਸਾਂ ਬਾਰ੍ਹਾਂ ਮਿੰਟਾਂ 'ਚ ਤਿੰਨ ਨੰਬਰ ਡਵੀਜਨ ਦੇ ਥਾਣੇ ਅਗੇ ਆ ਗਏ। ਇਕ ਸਿਪਾਹੀ ਦੇ ਦੱਸਣ ਤੇ ਬਹਾਲ ਨੇ ਬਾਹਰ ਨਿਕਲ ਕੇ ਦੇਖਿਆ, ਜੁੰਡੀ ਦੇ ਯਾਰ ਸਾਹਮਣੇ ਖਲੋਤੇ ਸਨ।

"ਪਾਕਿਸਤਾਨ ਬਣਨ ਤੇ ਸ਼ੁਕਰ ਹੋਇਆ ਸੀ, ਮਰਾਸੀ ਮਗਰੋਂ ਲਹਿ ਗਏ।" ਬਹਾਲ ਨੇ ਆਉਂਦਿਆਂ ਹੀ ਚੋਟ ਕਰ ਦਿਤੀ। "ਪਰ ਉਹ ਜਾਂਦੇ ਜਾਂਦੇ ਛਿੱਟਾ ਦੇ ਗਏ।"

"ਤੈਨੂੰ ਚੰਗੀ ਤਰ੍ਹਾਂ ਪਤਾ ਏ ਨਾ, ਮੈਂ ਤਾਂ ਤੇਰੀ ਮਾਂ ਦਾ ਯਾਰ ਲੱਗਦਾ ਆਂ, ਬਾਕੀ ਇਹਦੀ ਰਿਸ਼ਤੇਦਾਰੀ ਤੂੰ ਆਪ ਪੁੱਛ ਸਕਦਾ ਏਂ।" ਪਪੀਹੇ ਨੇ ਬਹਾਲ ਦੀ ਚੋਟ ਨੂੰ ਪ੍ਰਤਿਚੋਟ ਵਿਚ ਬਦਲ ਕੇ ਮੂੰਹ ਪਾਸੇ ਕਰ ਲਿਆ।

"ਮੈਂ ਸੱਜਰਾ ਦਿਉਰ ਲਗਦਾ ਆਂ।" ਸੰਘਣੀਆਂ ਮੁੱਛਾਂ ਵਿਚ ਦੀ ਕਟਾਰ ਦੇ ਵੀ ਦੰਦ ਲਿਸ਼ਕ ਪਏ ਤੇ ਉਸ ਦੇ ਸਾਂਵਲੇ ਚਿਹਰੇ ਵਿਚ ਲਹੂ-ਚਿਣਗਾਂ ਫੁਟ ਪਈਆਂ।

"ਅੰਦਰ ਵੜ ਜਾਓ ਓਏ, ਚੂਹੜਿਓ, ਕਿਸੇ ਸੁਣਦੇ ਨੂੰ ਸੁਣਾਉਗੇ।" ਬਹਾਲ ਨੇ ਨੀਵੀਂ ਸੁਟ ਲਈ।

"ਮਾੜਾ ਮੋਟਾ ਠੋਕੇ ਤੋਂ ਬਿਨਾਂ ਤਾਂ ਕਿੱਲਾ ਵੀ ਨਹੀਂ ਖੜ੍ਹਦਾ, ਤੂੰ ਤਾ ਥਾਣੇਦਾਰ ਏਂ।" ਕਟਾਰ ਨੇ ਤਾਈਦ ਲਈ ਪਪੀਹੇ ਨੂੰ ਸਿਰ ਮਾਰਿਆ।

"ਪੁੱਤਰਾ ! ਤੂੰ ਮੇਰੀ ਮਦਦ ਤੋਂ ਬਿਨਾਂ ਈਂ ਤਕੜਾ ਏਂ।" ਪਪੀਹੇ ਨੇ ਕਟਾਰ ਦੇ ਸਿਰ ਵੀ ਧਰ ਦਿਤੀ।

"ਬਹੁਤੀ ਬਕਵਾਸ ਕੀਤੀ, ਹਵਾਲਾਤ ਦੇ ਦਿਆਂਗਾ।" ਬਹਾਲ ਨੇ ਪਪੀਹੇ ਦੇ ਗੁੱਝਿਆਂ ਮੁੱਕੀ ਮਾਰੀ।

"ਅੱਜ ਕੱਲ੍ਹ ਦੇ ਪੁੱਤਾਂ ਧੀਆਂ ਤੋਂ ਏਹੀ ਆਸ ਬਾਕੀ ਐ।"

ਬਹਾਲ ਗਾਲ੍ਹ ਕਢ ਕੇ ਹੱਸ ਪਿਆ। ਉਹ ਤਿੰਨੇ ਕੁਆਟਰ ਵਿਚ ਆ ਗਏ। ਪਪੀਹਾ ਹੱਥ-ਪੰਪ ਦੱਬ ਕੇ ਹੱਥ ਮੂੰਹ ਧੋਣ ਲਗ ਪਿਆ। ਉਹ ਗਰਮੀਆਂ ਵਿਚ ਵੀ ਨਹਾਉਣ ਤੋਂ ਕੰਨੀਂ ਕਤਰਾਉਂਦਾ ਸੀ।

ਕਟਾਰ ਨੇ ਝੋਲਾ ਕਿੱਲੀ ਨਾਲ ਟੰਗਦਿਆਂ ਆਖਿਆ :

"ਬਹਾਲ ! ਦੁੱਖੀ ਇਕ ਕੰਮ ਕਰਵਾਉਣਾ ਚਾਹੁੰਦਾ ਏ ਤੇਰੇ ਕੋਲੋਂ।"

"ਦੁੱਖੀ ਦੀ ਮਾਂ ਦੀ......ਨਾਲੇ ਤੁਹਾਡੀ ! ਘਰੋਂ ਬਾਹਰ ਤਸ਼ਰੀਫ਼ ਲੈ ਜਾਵੋ ਜ਼ਰਾ।" ਬਹਾਲ ਨੂੰ ਇਕ-ਦਮ ਚੜ੍ਹ ਗਈਆਂ।

"ਪਪੀਹਾ ! ਕਿੱਲਾ ਤਾਂ ਫਿਰ ਹਿੱਲ ਗਿਆ।" ਕਟਾਰ ਨੂੰ ਬਹਾਲ ਦੀ ਗਰਮੀ ਦੀ ਅਖ਼ੀਰੀ ਡਿਗਰੀ ਦਾ ਪਤਾ ਸੀ

"ਜੋ ਜ਼ਮਾਨੇ ਦੀ ਜੂਠ ਐ, ਸੌ ਵਲ ਵਿੰਗ ਪਾ ਕੇ ਬਹਾਲ ਕੋਲ।" ਬਹਾਲ ਮਿੰਨ੍ਹਾ ਮੁਸਕਾਈ ਜਾ ਰਿਹਾ ਸੀ।

"ਜੰਕਸ਼ਨ ਈ ਰਾਹ 'ਚ ਪੈਂਦਾ ਏ, ਸਾਡੇ ਵਸ ਦੀ ਕੀ ਗੱਲ ਏ।" ਕਟਾਰ ਐਤਕੀਂ ਥੋੜਾ ਦਬੱਾ ਖਾ ਗਿਆ।

ਪਪੀਹਾ ਬਹਾਲ ਦਾ ਸਾਫ਼ ਸੁਥਰਾ ਤੌਲੀਆ ਤਾਰ ਤੋਂ ਲਾਹ ਕੇ ਮੂੰਹ ਰਗੜਨ ਲਗ ਪਿਆ। ਬਹਾਲ ਨੇ ਅਗਾਂਹ ਵਧ ਕੇ ਤੌਲੀਆ ਖਿੱਚ ਲਿਆ।

Sri Satguru Jagjit Singh Ji eLibrary NamdhariElibrary@gmail.com

"ਇਹਨੂੰ ਮਾਂ ਦੇ ਯਾਰ ਨੂੰ ਇਹ ਨਹੀਂ ਪਤਾ, ਇਹਦੇ ਕੋਲ ਕਿੱਡੀਆਂ ਵਡੀਆਂ ਹਸਤੀਆਂ ਮਹਿਮਾਨ ਰਹਿੰਦੀਆਂ ਏਂ ਆ ਕੇ।" ਹਸਤੀਆਂ ਦੇ ਨਾਂ ਤੇ ਉਨ੍ਹਾਂ ਤਿੰਨਾਂ ਦਾ ਹੀ ਹਾਸਾ ਨਿਕਲ ਗਿਆ।

ਪਪੀਹਾ ਸ਼ੀਸ਼ਾ ਵੇਖਣ ਲਗ ਪਿਆ। ਕਟਾਰ ਨੇ ਵੀ ਨਹਾਉਣ ਦੀ ਨੀਅਤ ਨਾਲ ਕਪੜੇ ਲਾਹ ਦਿਤੇ ਅਤੇ ਤੌਲੀਆ ਚੁਕ ਕੇ ਗ਼ੁਸਲਖ਼ਾਨੇ ਜਾ ਵੜਿਆ। ਪਪੀਹੇ ਤੋਂ ਆਖਣੋਂ ਨਾ ਰਿਹਾ ਗਿਆ :

"ਮੈਨੂੰ ਪਿਓ ਨੂੰ ਮੂੰਹ ਪੂੰਝਣ ਨੂੰ ਨਹੀਂ ਦਿੰਦਾ ਸੀ, ਪਰ ਹੁਣ ਸਾਰਾ ਪਿੰਡਾ ਰਗੜੂਗਾ।"

"ਇਹ ਜੰਗਲੀ ਜਾਨਵਰ ਮੁੜ ਕੇ ਧੋਬੀ ਦੇ ਦੇਣ ਵਾਲਾ ਕਰ ਕੇ ਛਡੇਗਾ। ਬਾਬਾ ਤੁਸੀਂ ਚਾਹ ਦੀ ਘੁਟ ਘੁਟ ਪੀ ਕੇ ਪਿਛਲੇ ਪੈਰੀਂ ਬਰੰਗ ਹੋ ਜਾਓ। ਤੁਹਾਡੀ ਯਾਰੀ ਤੋਂ ਰੱਜ ਖਟਿਆ।" ਬਹਾਲ ਹੱਥ ਹਿੱਲਾ ਕੇ ਇਕ ਤਰ੍ਹਾਂ ਉਨ੍ਹਾਂ ਨੂੰ ਦਫ਼ਾ ਕਰ ਰਿਹਾ ਸੀ।

"ਸਾਨੂੰ ਨਿਊਂਦੇ ਪਹਿਲੋਂ ਵਰਜੇ ਹੋਏ ਹਨ, ਤੇਰਾ ਤਾਂ ਪਾਣੀ ਵੀ ਨਹੀਂ ਪੀਣਾ, ਹੋਰ ਦਸ।"

"ਅਜਿਹਾ ਬੇਵਕੂਫ਼ ਕੌਣ ਮਿਲ ਗਿਆ ਤੁਹਾਨੂੰ।" ਬਹਾਲ ਇਕ ਪਲ ਸੋਚਣ ਲਗ ਪਿਆ।

"ਤੂੰ ਸਮਝਿਆ, ਮੇਰੇ ਨਾਲੋਂ ਵਡਾ ਬੇਵਕੂਫ਼ ਜੰਮਿਆ ਈ ਨਹੀਂ।" ਪਪੀਹੇ ਨੇ ਬਹਾਲ ਦੇ ਦਿਮਾਗ਼ ਵਿਚ ਘਸੁੰਨ ਜੜ ਦਿਤਾ।

"ਦੁੱਖੀ ਨੂੰ ਰੁਪਈਏ ਵੀਹ ਮਿਲੇ ਐ ਖੰਨਿਓਂ, ਉਹ ਰਾਤ ਲੰਘਾ ਦੇਣਗੇ।"

"ਦੁੱਖੀ ਕਿਧਰੋਂ ਆ ਗਿਆ, ਮੁਫ਼ਤ ਪਿਆਉਣ ਵਾਲਾ।"

"ਫਿਰ ਇਉਂ ਨਹੀਂ ਆਖਦੇ, ਦੱਲਪੁਣੇ ਦੀ ਪੀਣੀ ਏਂ ! ਆ ਲੈਣ ਦੇ ਨਾਰਦ ਦੇ ਬੱਚੇ ਨੂੰ, ਉਹਨੂੰ ਤਾਂ ਦੇਂਦਾ ਅੰਦਰ।" ਬਹਾਲ ਥੋੜਾ ਆਕੜ ਗਿਆ।

ਕਟਾਰ ਨੇ ਨਹਾਉਂਦਿਆਂ ਨਹਾਉਂਦਿਆਂ ਗ਼ੁਸਲਖ਼ਾਨੇ ਦਾ ਅੱਧਾ ਬਾਰ ਖੋਲਦਿਆਂ ਆਖਿਆ:

"ਇਹਨੂੰ ਗ਼ੁਸਲਖ਼ਾਨੇ 'ਚ ਵਾੜ ਕੇ ਬਾਜ਼ਾਰ ਉਠ ਚਲੀਏ, ਇਹਦੀ 109 ਦੇਖੀ ਜਾਵੇਗੀ।"

ਜਦੋਂ ਬਹਾਲ ਗ਼ੁਸਲਖ਼ਾਨੇ ਵਲ ਵਧਿਆ, ਕਟਾਰ ਨੇ ਝੱਟ ਬਾਰ ਬੰਦ ਕਰ ਲਿਆ। ਪਰ ਬਹਾਲ ਨੇ ਬਾਹਰੋਂ ਕੁੰਡੀ ਮਾਰ ਦਿਤੀ।

"ਤੂੰ ਤਾਂ ਹਵਾ ਖਾਹ ਨਾ ਅੰਦਰੇ ਤੇ ਪਪੀਹੇ ਨਾਲ ਮੈਂ ਸਿੱਝ ਲਵਾਂਗਾ।"

"ਆਪਣੇ ਆਪ ਈ ਕੰਮ ਘੜਿਚ ਕਰਵਾ ਲਿਆ, ਕਟਾਰ ਦੇ ਬੱਚੇ !" ਪਪੀਹਾ ਗੰਜਾ ਸਿਰ ਖੁਰਕਣ ਲਗ ਪਿਆ।

"ਲੈ ਖੁਰਕ ਇਹਦੇ ਨਾਲ ਕਰ ਲੈ।" ਬਹਾਲ ਨੇ ਇਕ ਚਪਲ ਪਪੀਹੇ ਵਲ ਪੈਰ ਨਾਲ ਧੱਕ ਦਿਤੀ। ਪਪੀਹੇ ਨੇ ਅੱਖ ਬੱਚਾ ਕੇ ਚੱਪਲ ਚੁਕ ਲਈ। ਚਪਲ ਪਪੀਹੇ ਦੇ ਹੱਥ ਵੇਖ ਕੇ ਬਹਾਲ ਇਕਦਮ ਉਠ ਖਲੋਤਾ, "ਪਪੀਹਿਆ, ਜੇ ਚਪਲ ਮਾਰੀ, ਤੈਨੂੰ ਕਿਸੇ ਬਾਹਰੋਂ ਆ ਕੇ ਨਹੀਂ ਛੁਡਾਉਣਾ !" ਉਹ ਡਰਦਾ ਪਿਛਾਂਹ ਵੀ ਹਟ ਰਿਹਾ ਸੀ, ਮਤਾਂ ਕੋਈ ਬਾਹਰੋਂ ਆ ਕੇ ਦੇਖ ਨਾ ਲਵੇ।

"ਚੰਗਾ, ਫਿਰ ਪਿਤਾ ਜੀ ਆਖ ਮੈਨੂੰ।"

"ਮੈਂ ਤੇਰਾ ਅਜ਼ੀਜ਼ ਆਂ।"

Sri Satguru Jagjit Singh Ji eLibrary NamdhariElibrary@gmail.com

"ਸਿਧਾ ਪਿਉ ਆਖਦੇ ਨੂੰ ਸੰਗ ਲਗਦੀ ਏ।" ਕਟਾਰ ਨੇ ਅੰਦਰੋਂ ਤਖ਼ਤੇ ਖੜਕਾਉਂਦਿਆਂ ਆਖਿਆ।

"ਚੰਗਾ, ਪਿਤਾ ਜੀ ਨਹੀਂ ਆਖਦਾ ਤਾਂ ਗ਼ੁਸਲਖ਼ਾਨੇ ਦਾ ਬਾਰ ਖੋਲ੍ਹ ਦੇ।" ਪਪੀਹੇ ਨੇ ਸਮਝੌਤੇ ਲਈ ਇਕ ਸ਼ਰਤ ਰਖ ਦਿਤੀ।

"ਉਹ ਤਾਂ ਮੈਂ ਤੈਨੂੰ ਵੀ ਨਹੀਂ ਖੋਲ੍ਹਣ ਦੇਣਾ।" ਬਹਾਲ ਵਿਚਕਾਰ ਡਟ ਗਿਆ। "ਜੇ ਅਗਾਂਹ ਵਧਿਆ, ਦੰਦ ਕੋਈ ਹੋਰ ਵੀ ਟੁੱਟ ਜਾਵੇਗਾ।"

ਕਟਾਰ ਨੇ ਤਖ਼ਤੇ ਵਿਚ ਲੱਤਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ।

"ਬਾਲਣ ਥੋੜ੍ਹਾ ਹੈ, ਤਾਂ ਇਹਦੀਆਂ ਫੱਟੀਆਂ ਬਣਾ ਦੂੰਗਾ।"

"ਪਰਵਾਹ ਨਹੀਂ, ਭਾਵੇਂ ਚੂਰਾ ਹੋ ਜਾਣ, ਪਰ ਤੇਰੇ ਵਾਲਾ ਘੁੱਗੂ ਅੰਦਰੇ ਬੋਲੂਗਾ।" ਬਹਾਲ ਨੇ ਏਨੀ ਆਖੀ ਹੀ ਸੀ ਕਿ ਸਿਪਾਹੀ ਅੰਦਰ ਆ ਗਿਆ।

"ਜਨਾਬ, ਦੁੱਖੀ ਸਾਹਿਬ ਮਿਲਣਾ ਚਾਹੁੰਦੇ ਐ।"

"ਉਹਨੂੰ ਲੰਡੇ ਨੂੰ ਫੜ ਕੇ ਅੰਦਰ ਦੇ ਦਿਓ।" ਬਹਾਲ ਨਾਲ ਸਿਪਾਹੀ ਵੀ ਹੱਸ ਪਿਆ।

"ਉਸ ਨੂੰ ਅੰਦਰ ਭੇਜ ਦਿਓ।" ਪਪੀਹੇ ਦੇ ਆਖਣ ਵਿਚ ਦਰਬਾਰੀ ਕਵੀਆਂ ਵਾਲੀ ਸ਼ਾਨ ਸੀ।

"ਮੈਨੂੰ ਸਾਲਿਓ, ਤੁਹਾਡਾ ਲਿਹਾਜ਼ ਏ, ਮੈਂ ਕਦੇ ਐਰੇ ਗ਼ੈਰੇ ਨੂੰ ਅੰਦਰ ਨਹੀਂ ਸੱਦਿਆ, ਬਾਹਰ ਈ ਮੁਲਜ਼ਮਾਂ ਵਾਂਗ ਗੱਲ ਕਰੀਦੀ ਏ।"

"ਇਉਂ ਤਾਂ ਸਾਨੂੰ ਪਤਾ ਏ ਤੈਨੂੰ ਠਾਣੇਦਾਰੀ ਕਰਨੀ ਆਉਂਦੀ ਏ, ਨਿਰਾ ਝੁੱਡੂ ਈ ਨਹੀਂ।" ਪਪੀਹਾ ਚੁਸਤੀ ਨਾਲ ਪਾਸਾ ਵੱਟੀ ਗ਼ੁਸਲਖ਼ਾਨੇ ਵਲ ਵੀ ਸਰਕ ਰਿਹਾ ਸੀ। ਜਦੋਂ ਪਪੀਹਾ ਭੱਜ ਕੇ ਕੁੰਡੀ ਨੂੰ ਹੱਥ ਪਾਉਣ ਲੱਗਾ, ਬਹਾਲ ਨੇ ਗਲੋਂ ਫੜ ਕੇ ਖਿੱਚ ਲਿਆ।

"ਤੈਨੂੰ ਗੀਤ ਜ਼ਰੂਰ ਲਿਖਣੇ ਆਉਂਦੇ ਐ, ਪਰ ਚੁਸਤੀਆਂ ਸਾਡੇ ਕੋਲੋਂ ਸਿਖ; ਕਿਉਂ ਮਨਜ਼ੂਰ ਐ ਉਸਤਾਦੀ ਸ਼ਾਗਿਰਦੀ ?"

ਪਪੀਹੇ ਨੇ ਮੂੰਹ ਵਿਚ ਥੁੱਕ ਇਕੱਠਾ ਕਰਨਾ ਸ਼ੁਰੂ ਕਰ ਦਿਤਾ। ਦੁਖੀ ਵੀ ਲੱਤ ਨੂੰ ਘੁਮਾਉਂਦਾ ਅੰਦਰ ਆ ਗਿਆ। ਉਸ ਖ਼ੁਸ਼ੀ ਨਾਲ ਚਿਹਰਾ ਭਰਦਿਆਂ ਬਾਹਾਂ ਫੈਲਾ ਦਿਤੀਆਂ।

"ਚਲੋ ਬਈ ਦੋਸਤੋ ਉਠੋ, ਮੈਂ ਹਾਲੇ ਘਰ ਵੀ ਨਹੀਂ ਗਿਆ।"

"ਕਿਉਂ, ਘਰ ਬਹੂ ਨੂੰ ਮੂੰਹ ਵਖਾਉਣਾ ਸੀ। ਬਹਾਲ ਨੇ ਦੁੱਖੀ ਦੇ ਵੀ ਆਉਂਦੇ ਸਾਰ ਹੋਸ਼ ਟਿਕਾਣੇ ਲਿਆ ਦਿਤੇ।

"ਸਾਨੂੰ ਘਰ ਘਰ ਵਹੁਟੀਆਂ, ਅਜੇ ਲੱਤ ਇਕ ਐ, ਜੇ ਦੂਜੀ ਸਾਬਤੀ ਹੁੰਦੀ, ਐਨ ਜਲੰਧਰ ਦੇ ਵਿਚਾਲੇ ਗੱਡ ਦੇਣੀ ਸੀ।" ਦੁਖੀ ਦੀ ਪ੍ਰਤਿਚੋਟ ਨੇ ਬਹਾਲ ਦੀ ਦਿਮਾਗ਼ੀ ਸਾਰਥਕਤਾ ਤੋੜ ਦਿਤੀ। ਦੁੱਖੀ ਨੇ ਏਧਰ ਓਧਰ ਦੇਖਦਿਆਂ ਕਿਹਾ, "ਓਏ ਕਟਾਰ ਕਿਥੇ ਮਰ ਗਿਆ ?"

"ਐਧਰ ਕਬਰ 'ਚ ਸਹਿਕਦਾ ਏ ਤੇਰਾ ਬਰਖ਼ੁਰਦਾਰ" ਉਨ੍ਹਾਂ ਦਾ ਸਾਂਝਾ ਹਾਸਾ ਪਿਆਲੀਆਂ ਵਾਂਗ ਟਕਰਾ ਗਿਆ।

"ਕੀ ਗੱਲ, ਨਮਾਜ਼ ਨਹੀਂ ਮੁੱਕੀ ?"

Sri Satguru Jagjit Singh Ji eLibrary NamdhariElibrary@gmail.com

"ਮੋਰ ਬਣਾਇਆ ਏ ਸਾਲੇ ਮੁਲਜ਼ਮ ਨੂੰ।" ਬਹਾਲ ਨੇ ਚੌੜ ਨਾਲ ਆਖਿਆ, 'ਰਾਤ ਦਾ ਖ਼ਰਚਾ ਮਨਾਉਣਾ ਏਂ।

"ਖ਼ਰਚਾ ਦਿਤਾ ਜਾਵੇਗਾ, ਮਾਅ ਬਦੌਲਤ ਦਾ ਫ਼ੁਰਮਾਣ ਹੈ, ਮੁਲਜ਼ਮ ਬਰੀ ਕੀਆ ਜਾਏ।" ਦੁੱਖੀ ਟੌਅਰ ਵਿਚ ਅਕੜੇਵਾਂ ਫੜ ਗਿਆ। ਜਦੋਂ ਉਹ ਕੁੰਡੀ ਖੋਲ੍ਹਣ ਲੱਗਾ, ਬਹਾਲ ਨੇ ਉਸ ਨੂੰ ਰੋਕ ਲਿਆ।

"ਕੁਲ੍ਹਾੜੀ 'ਚ ਗੰਨਾ ਆਇਆ ਏ, ਗੰਢਾਂ ਤਕ ਪੀੜ ਲੈਣ ਦੇ।"

"ਬਹੁਤ ਹਛੇ ! ਆਹ ਦੁਆਬੇ ਦੀ ਗੱਲ ਕੀਤੀ ਏ।" ਪਪੀਹੇ ਨੇ ਫੂਕ ਦੇ ਕੇ ਬਹਾਲ ਨੂੰ ਬਾਹੋਂ ਫੜ ਲਿਆ ਤੇ ਦੁੱਖੀ ਨੂੰ ਅੱਖ ਮਾਰ ਦਿਤੀ। ਉਸ ਮੌਕਾ ਤਾੜ ਕੇ ਕੁੰਡੀ ਲਾ ਦਿਤੀ।

"ਆਹ ਤੇਰੇ ਲੰਗੇ ਰਿੱਛ ਦੀ, ਨਾ ਹਟਿਆ।"

"ਅਸੀਂ ਵਫ਼ਾਦਾਰ ਯਾਰ ਆਂ, ਠਾਣੇਦਾਰ ਨਹੀਂ। ਇਉਂ ਨਹੀਂ, ਕੰਮ ਕੱਢ ਕੇ ਇੱਟ ਦੀ ਦੁਕੀ ਸਮਝ ਛੱਡੀਏ।" ਦੁਖੀ ਨੇ ਬਹਾਲ ਦੇ , ਗਿੱਟੇ ਖਿੱਚ ਮਾਰੀ ਤੇ ਉਹ ਆਪਾ ਝੰਜਕ ਕੇ ਰਹਿ ਗਿਆ।

"ਨਾਰਦਾ, ਬੰਦਾ ਬਣ !" ਬਹਾਲ ਨੇ ਇਕ ਚਿਤਾਵਣੀ ਵਿਚ ਘੂਰਿਆ।

ਦੁੱਖੀ ਨੇ ਬੇਪਰਵਾਹਾਂ ਵਾਂਗ ਪੁਕਾਰਿਆ।

"ਲੁਧਿਆਣਾ ਇਕ ਐਲਬਮ ਹੈ, ਤੇ ਉਹ ਦੁੱਖੀ ਦੀ ਕੱਛ ਵਿਚ ਹੈ। ਜਦੋਂ ਚਾਹਾਂ ਮਨ-ਭਾਉਂਦਾ ਪੋਜ਼ ਵੇਖਾਂ ਤੇ ਯਾਰਾਂ ਨੂੰ ਵਖਾਵਾਂ, ਤੇਰੀ ਠਾਣੇਦਾਰੀ ਦੀ ਧੌਂਸ ਨਹੀਂ।" ਦੁੱਖੀ ਬਹਾਲ ਉਤੇ ਛਾ ਗਿਆ। ਕਟਾਰ ਨੇ ਉਸ ਦੀ ਕੰਡ ਤੇ ਹੱਥ ਫੇਰਦਿਆਂ ਕਿਹਾ :

"ਸ਼ਾਵਾ ! ਤਾਇਆ ਨਾਰਦਾ।"

"ਅੱਜ ਦੋਸਤੋ, ਮਾਅ ਬਦੌਲਤ, ਤੁਹਾਨੂੰ ਕੁਮਾਰੀ ਦੇ ਘਰ ਚਾਹ-ਪਾਰਟੀ ਤੇ ਲੈ ਕੇ ਜਾਏਂਗੇ।" ਦੁੱਖੀ ਗ਼ੁਬਾਰੇ ਵਾਂਗ ਫੁਲਦਾ ਜਾ ਰਿਹਾ ਸੀ, "ਕੁਮਾਰੀ ਦੇ ਗ਼ਲੀਚੇ, ਸਰਹਾਣੇ ਤੇ ਉਸ ਦੀ ਬੇਕਰਾਰੀ ਤੁਹਾਡਾ ਬੁਰੀ ਤਰ੍ਹਾਂ ਇੰਤਜ਼ਾਰ ਕਰ ਰਹੀ ਹੈ।" ਦੁਖੀ ਪਲ ਵਿਚ ਮੁਗ਼ਲ ਸਮਰਾਟ ਤੇ ਦੂਜੇ ਪਲ ਵਿਚ ਉਸ ਦਾ ਚੋਬਦਾਰ ਬਣਨ ਦਾ ਯਤਨ ਕਰ ਰਿਹਾ ਸੀ।

"ਦੁੱਖੀ ! ਕੁਮਾਰੀ ਦਿੱਲੀ ਰੀਕਾਰਡ ਭਰਾਉਣ ਲਈ ਗਈ ਸੀ ?" ਬਹਾਲ ਇਕਦਮ ਚਿਤੰਨ ਹੋ ਗਿਆ।

"ਤੁਹਾਨੂੰ ਕੌਣ ਆਖਦਾ ਏ ?"

"ਤੂੰ ਸਮਝਦਾ ਏਂ ਅਸੀਂ ਲੁਧਿਆਣੇ 'ਚ ਨਹੀਂ ਵਸਦੇ। ਉਸ ਗੀਤ ਵੀ ਬਲਵੰਤ ਬਲ ਦੇ ਰੀਕਾਰਡ ਕਰਵਾਉਣੇ ਸਨ।" ਬਹਾਲ ਨੇ ਆਪਣੀ ਜਾਣਕਾਰੀ ਦੀ ਤੜ ਮਾਰੀ।

"ਬਸ ਕਰੋ ਬਾਦਸ਼ਾਹੋ ! ਕਿਉਂ ਉਘ ਦੀਆਂ ਪਤਾਲ ਠੋਕੀ ਜਾਂਦੇ ਓ। ਲਓ ਜੀ ਇਨ੍ਹਾਂ ਨੂੰ ਦੱਸਿਆ ਏ ਮਿਸ ਗਰੇਵਾਲ ਨੇ ਤੇ ਗੀਤ ਉਸ ਇਕ ਵੀ ਬਲ ਦਾ ਨਹੀਂ ਕਰਵਾਇਆ।" ਦੁੱਖੀ ਨੇ ਬਹਾਲ ਨੂੰ ਬਰਫ਼ ਵਿਚ ਗੱਡ ਦਿਤਾ।

"ਹੋਰ ਕੀਹਦੇ ਗੀਤ ਰੀਕਾਰਡ ਕਰਵਾਏ ਨੇ ?" ਪਪੀਹੇ ਦੀ ਉਤੇਜਕਤਾ ਵਿਕਾਸ ਫੜ ਗਈ। ਉਸ ਨੂੰ ਪੂਰੀ ਤਸੱਲੀ ਸੀ, ਮੇਰੇ ਬਿਨਾਂ ਕਿਸੇ ਹੋਰ ਦੇ ਗੀਤ ਰੀਕਾਰਡ ਹੋ ਈ ਨਹੀਂ ਸਕਦੇ। ਇਸ ਤਸੱਲੀ ਵਿਚ ਪੈਸੇ ਮਿਲਣ ਦੀ ਖ਼ਾਹਸ਼ ਵੀ ਪ੍ਰਧਾਨ ਸੀ।

Sri Satguru Jagjit Singh Ji eLibrary NamdhariElibrary@gmail.com

"ਜੇ ਤੁਹਾਡੇ ਤਿੰਨਾਂ ਵਿਚੋਂ ਇਕ ਦਾ ਹੋਵੇ !" ਦੁੱਖੀ ਨੇ ਉਨ੍ਹਾਂ ਦੀ ਹੈਰਾਨੀ ਨੂੰ ਹੋਰ ਵਧਾ ਦਿਤਾ।

"ਪਪੀਹੇ ਤੋਂ ਬਿਨਾਂ ਹੋਰ ਕਿਸੇ ਦਾ ਗੀਤ ਹੀ ਨਹੀਂ ਲੈਂਦੇ ਰੀਕਾਰਡਿੰਗ ਕੰਪਨੀਆਂ ਵਾਲੇ !" ਕਟਾਰ ਨੇ ਸੌ ਫ਼ੀ ਸਦੀ ਯਕੀਨ ਨਾਲ ਆਖਿਆ।

ਦੁਖੀ ਨੇ ਬੁੱਲ੍ਹ ਕਢਦਿਆਂ 'ਨਾਂਹ' ਵਿਚ ਸਿਰ ਮਾਰਿਆ ਅਤੇ ਬਹਾਲ ਵਲ 'ਹਾਂ' ਭਰੀ ਅੱਖ ਝਪਕਾਈ।

"ਬਹਾਲ ਦਾ ਗੀਤ !" ਕਟਾਰ ਨੇ ਆਪਾ ਬਿਫਰਾ ਲਿਆ, ਜਿਵੇਂ ਦੁੱਖੀ ਨੇ ਗ਼ੈਰ-ਕੁਦਰਤੀ ਗੱਲ ਵਲ ਇਸ਼ਾਰਾ ਕਰ ਦਿਤਾ ਹੋਵੇ। ਪਪੀਹੇ ਨੇ ਵੀ ਹੈਰਾਨੀ ਅਨੁਭਵ ਕੀਤੀ ਤੇ ਸਭ ਤੋਂ ਬਹੁਤਾ ਬਹਾਲ ਹੋਸ਼ ਹਵਾਸ਼ ਵਲੋਂ ਆਰੀ ਸੀ।

"ਕਿਉਂ ਯਾਰ, ਤੁਸੀਂ ਮਹਿਸੂਸ ਕਰਦੇ ਓ ਬਹਾਲ ਦਾ ਕੋਈ ਗੀਤ ਰੀਕਾਰਡ ਨਹੀਂ ਹੋ ਸਕਦਾ।" ਦੁਖੀ ਨੇ ਅਚੰਭੇ ਵਿਚ ਆਏ ਸਾਥੀਆਂ ਨੂੰ ਪੂਰੇ ਯਕੀਨ ਨਾਲ ਕਿਹਾ।

"ਕਿਤੇ ਫੂਲ ਤਾਂ ਨਹੀਂ ਬਣਾਉਂਦਾ, ਫ਼ਸਟ ਐਪਰਲ ਲੰਘੀ ਨੂੰ ਤਾਂ ਪੰਜ ਮਹੀਨੇ ਹੋ ਗਏ ਐ।" ਕਟਾਰ ਦੀ ਸ਼ੱਕ ਹਾਲੇ ਜਿਉਂ ਦੀ ਤਿਉਂ ਸੀ।

"ਮੈਨੂੰ ਬਡੇ ਮਹਾਰਾਜ ਦੀ ਸੌਂਹ !" ਦੁੱਖੀ ਦੀ ਇਸ ਸੌਂਹ ਉਤੇ ਸਾਰਿਆਂ ਨੂੰ ਇਤਬਾਰ ਆ ਜਾਇਆ ਕਰਦਾ ਸੀ।

"ਮੇਰਾ ਕਿਹੜਾ ਗੀਤ ?" ਬਹਾਲ ਦੀ ਛਾਤੀ ਹੁਲਾਸ ਸਦਕਾ ਪਾਟਦੀ ਜਾ ਰਹੀ ਸੀ। ਇਹ ਕੁਝ ਸੱਚ ਹੋ ਜਾਣ ਤੇ ਵੀ ਹਾਲੇ ਇਕ ਜਾਦੂ ਛਾਇਆ ਹੋਇਆ ਸੀ।

"ਤੇਰੇ ਬਿਨਾਂ ਬਹਾਰ ਨੂੰ ਮੈਂ ਕੀ ਕਰਾਂ।" ਦੁਖੀ ਨੇ ਭਰੜਾਵੀਂ ਲੈਅ ਵਿਚ ਗਾਇਆ।

"ਹੁਣ ਸਭ ਨੂੰ ਯਕੀਨ ਆ ਗਿਆ। ਬਹਾਲ ਦਾ ਇਹ ਸਭ ਤੋਂ ਵਧੀਆ ਗੀਤ ਸੀ ਤੇ ਕੁਮਾਰੀ ਨੂੰ ਪਸੰਦ ਵੀ ਬਹੁਤ ਆਇਆ ਸੀ। ਬਹਾਲ ਦਾ ਆਪਾ ਖਿੜ ਗਿਆ। ਉਹ ਸਮਝਦਾ ਸੀ ਜਿਹੜਾ ਤਿਹੁੰ ਵਿਚ ਨਾ ਤੇਰ੍ਹਾਂ ਵਿਚ, ਉਸ ਦਾ ਗੀਤ ਰੀਕਾਰਡ ਹੋ ਜਾਣਾ ਮਹਾਨਤਾ ਵਾਲੀ ਗੱਲ ਸੀ। ਉਸ ਲਈ ਸ਼ੁਹਰਤ ਤੇ ਵਿਕਾਸ ਦਾ ਨਵਾਂ ਮੈਦਾਨ ਖੁੱਲ੍ਹ ਗਿਆ। ਉਸ ਸਾਰੀ ਖ਼ੁਸ਼ੀ ਨੂੰ ਦਬਾ ਕੇ ਰੋਅਬ ਛਾਂਟਿਆ :

"ਉਸ ਨੂੰ ਇਜਾਜ਼ਤ ਕੀਹਨੇ ਦਿੱਤੀ ਸੀ, ਰੀਕਾਰਡ ਕਰਵਾਉਣ ਦੀ।"

ਦੁੱਖੀ ਥੋੜਾ ਝਿਜਕ ਗਿਆ। ਉਸ ਦੀ ਕਮਜ਼ੋਰੀ ਨੂੰ ਬਹਾਲ ਨੇ ਤਾੜ ਲਿਆ ਅਤੇ ਆਪਣੇ ਥਾਂ ਹੋਰ ਵੀ ਫੰਨੇ ਖ਼ਾਂ ਬਣ ਗਿਆ। ਦੁੱਖੀ ਪ੍ਰਭਾਵ ਬਣਾਂਦਿਆਂ ਬੋਲਿਆ :

"ਸ਼ਕਾਰ ਨਿਕਲਿਆ ਤਾਂ ਕੁੱਤੇ ਨੂੰ ਪਸ਼ਾਬ ਆ ਗਿਆ।"

ਪਪੀਹਾ ਆਪਣੀ ਥਾਂ ਅੱਡ ਔਖਾ ਸੀ ਕਿ ਐਤਕੀਂ ਵਾਰ ਵੀ ਉਸ ਦੇ ਗੀਤ ਕਿਉਂ ਨਹੀਂ ਲਏ ਗਏ। ਕਟਾਰ ਨੇ ਬਹਾਲ ਵਲ ਹੱਥ ਕਢਦਿਆਂ ਨਹੋਰੇ ਨਾਲ ਆਖਿਆ :

"ਸਾਲੇ ਦਾ ਗੀਤ ਤਾਂ ਰੀਕਾਰਡ ਹੋ ਗਿਆ, ਅਕੜੇਵਾਂ ਕਿਵੇਂ ਚੜ੍ਹਿਆ ਏ। ਚਲੋ ਉਠੋ, ਚਾਹ ਤਾਂ ਪੀਈਏ ?"

"ਮੈਂ ਨਹੀਂ ਜਾਣਾ ਸ੍ਰੀਮਾਨ ਜੀ, ਤੁਸੀਂ ਪੀ ਆਵੋ।" ਬਹਾਲ ਕੁਝ ਵਧੇਰੇ ਈ ਮਾਣ ਕਰਵਾਉਣ ਲਈ ਲੱਤਾਂ ਲਮਿਆਰ ਬੈਠਾ।

"ਉਡੀਕ ਤਾਂ ਬਾਦਸ਼ਾਹੋ ਤੁਹਾਡੀ ਹੋ ਰਹੀ ਏ।" ਦੁਖੀ ਨੇ ਚਾਪਲੂਸੀ ਕੀਤੀ।

"ਚਾਹ ਤਾਂ ਐਕਸਟਰਾ ਏ, ਸ਼ਾਮ ਨੂੰ ਦੁੱਖੀ ਪਿਆ ਵੀ ਰਿਹਾ ਏ। ਤੂੰ ਬੱਚੂ ਹੁਣ

Sri Satguru Jagjit Singh Ji eLibrary NamdhariElibrary@gmail.com

ਜੰਮਿਆਂ 'ਚ ਹੋਇਆਂ ਏਂ, ਤੇਰੇ ਕੋਲੋਂ ਹਫ਼ਤਾ ਭਰ ਬਹਿ ਕੇ ਪੀਣੀ ਏਂ।" ਕਟਾਰ ਨੇ ਬਹਾਲ ਦੀ ਵੱਖੀ ਨੂੰ ਛੇੜਿਆ।

"ਮੈਂ ਨਹੀਂ ਜਾਣਾ, ਤੁਸੀਂ ਸੁਆਹ ਖੇਹ ਖਾ ਆਵੋ, ਜਿਹੜੀ ਖਾਣੀ ਏਂ।" ਉਹ ਥੋੜਾ ਹੁੰਦੇ ਜਾ ਰਹੇ ਦੁੱਖੀ ਨੂੰ ਵੇਖ ਵੇਖ ਕੇ ਅੰਦਰੋਂ ਖ਼ੁਸ਼ ਹੋ ਰਿਹਾ ਸੀ।

"ਚਾਚਾ !" ਕਟਾਰ ਨੇ ਪਪੀਹੇ ਨੂੰ ਸਾਵਧਾਨ ਕਰਦਿਆਂ ਪਾਣ ਚਾੜ੍ਹੀ, "ਹੁਣ ਚਾਹ ਏਵੇਂ ਠੰਢੀ ਹੋਵੇਗੀ।"

"ਉਠਣਾ ਏਂ ਕਿ ਤੇਰੀ ਮਾਂ ਦੀ ਗੋ ਸ਼ੁਮਾਰੀ ਸ਼ੁਰੂ ਕਰਾਂ।" ਪਪੀਹੇ ਨੇ ਗਾਲ੍ਹਾਂ ਦੀ ਸੂੜ ਵਲ ਇਸ਼ਾਰਾ ਕੀਤਾ। ਉਸ ਦੇ ਘਸੁੰਨ ਬਣੇ ਬੁੱਲ੍ਹਾਂ ਵਲ ਤਕ ਕੇ ਬਹਾਲ ਦਾ ਹਾਸਾ ਨਿਕਲ ਗਿਆ। ਪਪੀਹੇ ਨੇ ਪੁਚਕਾਰਦਿਆਂ ਕਿਹਾ, "ਉਠ ਮੇਰਾ ਪੁੱਤ ! ਬੀਬੀਆਂ ਦਾੜ੍ਹੀਆਂ ਦੀ ਲਾਜ ਰਖ। ਦੁੱਖੀ ! ਟਾਂਗਾ ਲੈ ਕੇ ਆ ਓਏ ਹਰਾਮ ਦਿਆ !"

ਏਨੀ ਗੱਲ ਸੁਣਦਿਆਂ ਹੀ ਲੰਙੀ ਲੱਤ ਤੇਜ਼ ਹੋ ਗਈ।

"ਤੁਸੀਂ ਅਨਾੜੀ ਈ ਨਹੀਂ, ਝੁੱਡੂ ਵੀ ਓ।" ਬਹਾਲ ਨੇ ਦੁੱਖੀ ਦੀ ਅਣਹੋਂਦ ਵਿਚ ਉਨ੍ਹਾਂ ਦੀ ਅਕਲ ਨੂੰ ਨੱਕ ਬੁੱਲ੍ਹ ਮਾਰੇ। "ਓਏ ਇਕ ਬੋਤਲ ਉਤੇ ਈ ਰਾਜ਼ੀ ਹੋ ਗਏ, ਛੀਹ !"

"ਤੂੰ ਕਾਪੀ ਰਾਈਟ ਨਾ ਲਿਖ ਕੇ ਦੇਵੀਂ।" ਪਪੀਹੇ ਉਸ ਨੂੰ ਚਿਤਾਵਣੀ ਦਿਤੀ, "ਇਸ ਤਰ੍ਹਾਂ ਕੁਮਾਰੀ ਦੇ ਸਿਰ ਹਮੇਸ਼ਾ ਅਹਿਸਾਨ ਰਹੇਗਾ।" ਉਸ ਆਪਣੇ ਤਜਰਬੇ ਤੋਂ ਸਮਝਾਇਆ।

ਦੁੱਖੀ ਨੇ ਅੰਦਰ ਆਉਂਦਿਆਂ ਹੀ ਐਕਟਿੰਗ ਕਰਦਿਆਂ ਆਖਿਆ :

"ਹਜ਼ੂਰ ! ਸਵਾਰੀ ਤਿਆਰ ਹੈ।"

ਉਨ੍ਹਾਂ ਤਿੰਨਾਂ ਦਾ ਵੀ ਹਾਸਾ ਨਿਕਲ ਗਿਆ। ਬਾਹਰ ਨਿਕਲਦਿਆਂ ਬਹਾਲ ਨੇ ਇਕ ਹਮਦਰਦ ਸਿਪਾਹੀ ਰਾਮ ਨਾਥ ਨੂੰ ਕਿਹਾ :

"ਕੁਆਟਰ ਦਾ ਖ਼ਿਆਲ ਰਖੀਂ।"

"ਬਹੁਤ ਹੱਛਾ ਜਨਾਬ।" ਸਿਪਾਹੀ ਮਾਮੂਲੀ ਝੁਕ ਗਿਆ।

ਸਾਰੇ ਇਕ ਦੂਜੇ ਨਾਲ ਖਹਿ ਕੇ ਟਾਂਗੇ ਵਿਚ ਬਹਿ ਗਏ। ਤੀਰ-ਕਾਨੀ ਉਸੇ ਰਫ਼ਤਾਰ ਨਾਲ ਚਲਦੀ ਰਹੀ। ਮਸਖ਼ਰੀ ਠੱਠੇ ਤੋਂ ਉਪਰੰਤ ਅੱਜ ਦੀ ਸਰਦਾਰੀ ਸਾਰਿਆਂ ਇਕ ਰਾਇ ਹੋ ਕੇ ਬਹਾਲ ਦੀ ਮੰਨ ਲਈ। ਉਹ ਮੁੰਡੇ ਰਾਹੀ ਕੁੜੀ ਉਤੇ ਇਕ ਜਾਦੂ ਧੂੜ ਦੇਣਾ ਚਾਹੁੰਦੇ ਸਨ, ਤਾਕਿ ਕੁਮਾਰੀ ਦੇ ਗ਼ਲੀਚਿਆਂ ਉਤੇ ਬੈਠਣ ਦਾ ਸੁਭਾਗ ਫਿਰ ਵੀ ਮਿਲ ਸਕੇ। ਘੋੜੇ ਦੀ 'ਟਪ ਟਪ' ਅਤੇ ਪਹੀਆਂ ਦੀ 'ਖੜ ਖੜ' ਬਹਾਲ ਦੇ ਅਨੁਭਵ ਵਿਚ ਆਰਕੈਸਟਰਾ ਦੀਆਂ ਧੁੰਨਾਂ ਬਣੀਆਂ ਹੋਈਆਂ ਸਨ। ਉਹ ਆਪਣੀ ਨਸ਼ਿਆਈ ਮਸਤੀ ਵਿਚ ਯਾਰਾਂ ਦੀ ਜੁੰਡੀ ਤੋਂ ਕਿਤੇ ਉੱਚਾ, ਕੁਮਾਰੀ ਦੇ ਕਲਾਵੇ ਵਿਚ ਡਾਨਸ ਕਰ ਰਿਹਾ ਸੀ। ਉਹ ਜ਼ਿੰਦਗੀ ਦੀ ਮੂਡ ਨਾਲ ਭਰਿਆ ਪਿਆ ਸੀ। ਉਹ ਰੰਗਲੀ ਦੁਨੀਆਂ ਦਾ ਹੀਰੋ ਬਣਦਾ ਜਾ ਰਿਹਾ ਸੀ, ਜਿਹੜੀ ਕਿ ਉਸ ਦੀ ਮੁੱਢ-ਕਦੀਮ ਤੋਂ ਖ਼ਾਹਸ਼ ਸੀ।

ਜਦੋਂ ਉਹ ਕੁਮਾਰੀ ਦੇ ਚੁਬਾਰੇ ਦੀਆਂ ਪੌੜੀਆਂ ਚੜ੍ਹੇ, ਉਨ੍ਹਾਂ ਕੁਮਾਰੀ ਨੂੰ ਦਰਵਾਜ਼ੇ ਵਿਚ ਖਲੋਤਿਆਂ ਤੱਕਿਆ। ਉਸ ਬਹੁਤ ਹੀ ਖ਼ੂਬਸੂਰਤੀ ਨਾਲ ਮੁਸਕਾਂਦਿਆਂ ਸਵਾਗਤ ਕੀਤਾ।

"ਤੁਸੀਂ ਤੇ ਅੱਖਾਂ ਥਕਾ ਮਾਰੀਆਂ।"

Sri Satguru Jagjit Singh Ji eLibrary NamdhariElibrary@gmail.com

"ਸਾਡਾ ਸਰਦਾਰ ਥੋੜਾ ਗ਼ੁੱਸੇ ਹੋ ਗਿਆ ਸੀ।" ਦੁੱਖੀ ਨੇ ਭਾਵ-ਪੂਰਤ ਕੁਮਾਰੀ ਵਲ ਤੱਕਦਿਆਂ ਬਹਾਲ ਵਲ ਇਸ਼ਾਰਾ ਕੀਤਾ।

"ਕਿਉਂ, ਕੀ ਆਉਣਾ ਨਹੀਂ ਸੀ ਚਾਹੁੰਦੇ ?" ਕੁਮਾਰੀ ਦੀਆਂ ਹਲਕੀਆਂ ਵਾਲੀਆਂ ਇਸ ਤਰ੍ਹਾਂ ਹਿੱਲੀਆਂ, ਜਿਵੇਂ ਉਹ ਤਿੰਨਾਂ ਨੂੰ ਕੀਲ ਲੈਣਾ ਚਾਹੁੰਦੀ ਸੀ।

"ਨਹੀਂ, ਕਦੇ ਕਦੇ ਦਿਮਾਗ਼ ਖ਼ਰਾਬ ਹੋ ਜਾਂਦਾ ਏ।" ਕਟਾਰ ਇਹ ਭੁੱਲ ਗਿਆ ਸੀ ਕਿ ਬਾਹਰ ਅਸੀਂ ਬਹਾਲ ਨੂੰ ਆਪਣਾ ਸਰਦਾਰ ਮੰਨ ਕੇ ਆਏ ਹਾਂ। ਉਸ ਨੂੰ ਪਪੀਹੇ ਦੇ ਸੂਖਮ ਇਸ਼ਾਰੇ ਨੇ ਸਾਵਧਾਨ ਕੀਤਾ। ਉਹ ਸਾਰੇ ਜੁੱਤੀਆਂ ਬਾਹਰ ਲਾਹ ਕੇ ਚੁਬਾਰੇ ਅੰਦਰ ਵੇਲਦਾਰ ਗ਼ਲੀਚੇ ਤੇ ਬਿਰਾਜ ਗਏ। ਪਪੀਹੇ ਤੇ ਕਟਾਰ ਨੇ ਰਾਮਪੁਰ ਦੇ ਨਵਾਬਾਂ ਵਾਂਗ ਸਰਹਾਣੇ ਮੱਲ ਲਏ। ਬਹਾਲ ਨੇ ਮਹਿਸੂਸ ਕੀਤਾ, ਅਨੰਦਾਂ ਵਾਲੇ ਦਿਨ ਤੋਂ ਚੁਬਾਰੇ ਦੀ ਸ਼ਬ ਖ਼ਾਸ ਧਿਆਨ ਦੇ ਕੇ ਸਜਾਈ ਗਈ ਹੈ, ਅਤੇ ਦਰਸ਼ਨ ਦੇ ਡਰਾਇੰਗ-ਰੂਮ ਨਾਲੋਂ ਕਿਸੇ ਤਰ੍ਹਾਂ ਘਟ ਨਹੀਂ।

"ਮੈਂ ਗ਼ਰੀਬ ਹਾਂ, ਪਰ ਆਰਟਿਸਟਾਂ ਦੀ ਕਦਰ ਕਰਨ ਵਾਲਾ ਦਿਲ ਜ਼ਰੂਰ ਰਖਦੀ ਹਾਂ।" ਕੁਮਾਰੀ ਨੇ ਆਪਣੀ ਨਿਮਰਤਾ ਜ਼ਾਹਰ ਕੀਤੀ।

"ਏਹੀ ਚੰਗੇ ਕਲਾਕਾਰ ਹੋਣ ਦੀ ਵਡੀ ਨਿਸ਼ਾਨੀ ਹੈ।" ਪਪੀਹੇ ਨੇ ਸਿਰ-ਕਢ ਹੋਣ ਦੀ ਹੈਸੀਅਤ ਵਿਚ ਉੱਤਰ ਦਿਤਾ।

"ਚਾਹ ਲਿਆਂਦੀ ਜਾਵੇ ?"

"ਦੇਰ ਕਾਹਦੀ।" ਦੁੱਖੀ ਨੇ ਐਤਕੀਂ ਜਵਾਬ ਦੇਣਾ ਆਪਣਾ ਫ਼ਰਜ਼ ਸਮਝਿਆ।

"ਦੁੱਖੀ ਸਾਹਿਬ ! ਮਾਫ਼ ਕਰਨਾ, ਤੁਸੀਂ ਥੋੜਾ ਉਠ ਕੇ ਨਾਲ ਤਕਲੀਫ਼ ਕਰੋ।"

ਦੁੱਖੀ ਨੇ ਉਠ ਕੇ ਮਠਿਆਈ ਵਾਲੀਆਂ ਪਲੇਟਾਂ ਮਹਿਮਾਨਾਂ ਅਗੇ ਪਰੋਸਣੀਆਂ ਸ਼ੁਰੂ ਕਰ ਦਿਤੀਆਂ।

"ਠਾਠ ਤਾਂ ਚੰਗੀਆਂ ਤੁਆਇਫ਼ਾਂ ਵਾਲਾ ਏ।" ਬਹਾਲ ਨੇ ਦੁੱਖੀ ਦੀ ਗ਼ੈਰਹਾਜ਼ਰੀ ਵਿਚ ਸਹਿਜ ਨਾਲ ਆਖਿਆ, ਕਟਾਰ ਨੇ ਮੁਸਕਾਂਦਿਆਂ ਪ੍ਰੋੜ੍ਹਤਾ ਕੀਤੀ।

ਕੁਮਾਰੀ ਰਸੋਈ ਵਿਚੋਂ ਦੁੱਧ, ਚੀਨੀ ਤੇ ਚਾਹ ਵਾਲਾ ਪਾਣੀ ਲੈ ਆਈ। ਫਿਰ ਪਿਆਲੀਆਂ ਪਲੇਟਾਂ ਖੜਕਣੀਆਂ ਸ਼ੁਰੂ ਹੋ ਗਈਆਂ। ਕੁਮਾਰੀ ਨੂੰ ਸਲੀਕੇ ਤੇ ਸਭਿਅਤਾ ਦਾ ਬੜਾ ਪਾਸ ਸੀ। ਉਸ ਮੌਕੇ ਤੋਂ ਫ਼ਾਇਦਾ ਉਠਾਣ ਲਈ ਆਪਣਾ ਪਿਆਲਾ ਵੀ ਬਣਾ ਲਿਆ। ਬਹਾਲ ਤੋਂ ਬਿਨਾਂ ਉਨ੍ਹਾਂ ਤਿੰਨਾਂ ਨੂੰ ਰੋਟੀ ਖਾਣ ਦਾ ਕਿਤੋਂ ਅਵਸਰ ਨਹੀਂ ਜੁੜਿਆ ਸੀ। ਉਨ੍ਹਾਂ ਆਪਣੀਆਂ ਪਲੇਟਾਂ ਨੂੰ ਸੁਈਪ ਲਾ ਦਿਤੀ। ਬਹਾਲ ਨੇ ਮਸਾਂ ਠੂੰਗੇ ਹੀ ਮਾਰੇ ਸਨ। ਉਹ ਮਾਮੂਲੀ ਗੱਲਾਂ ਵਿਚ ਆਪਣਾ ਪ੍ਰਭਾਵ ਨਹੀਂ ਘਟਾਉਣਾ ਚਾਹੁੰਦਾ ਸੀ। ਕੁਮਾਰੀ ਹਰ ਮਹਿਮਾਨ ਨੂੰ ਤਿੱਖੀ, ਪਰ ਚੋਰ ਨਜ਼ਰ ਨਾਲ ਤਾੜਦੀ ਰਹੀ। ਉਸ ਨੂੰ ਤਜਰਬਾ ਦਸਦਾ ਸੀ, ਬੰਦੇ ਦੇ ਆਮ ਤੇ ਵਿਸ਼ੇਸ਼ ਹੋਣ ਦਾ ਫ਼ਰਕ ਬਹੁਤ ਵਾਰ ਉਸ ਦੀਆਂ ਸਾਧਾਰਨ ਆਦਤਾਂ ਹੀ ਜਣਾ ਦੇਂਦੀਆਂ ਹਨ। ਬਹਾਲ ਦੀ ਤਾਂ ਉਹ ਨਸ ਨਸ ਨੂੰ ਟੋਹ ਲੈਣਾ ਚਾਹੁੰਦੀ ਸੀ। ਚਾਹ ਪੀਤੀ ਜਾਣ ਪਿਛੋਂ ਪਿਆਲੀਆਂ-ਪਲੇਟਾਂ ਸਮੇਟੀਆਂ ਗਈਆਂ। ਦੁੱਖੀ ਨੇ ਕੁਮਾਰੀ ਦੀ ਅਣਹੋਂਦ ਵਿਚ ਪੁੱਛਿਆ :

"ਕੁਝ ਸੁਣਨ ਦੀ ਖ਼ਾਹਿਸ਼ ਹੈ ?" ਦੁੱਖੀ ਜਾਣਦਾ ਸੀ, ਇਸ ਥਾਂ ਤੇ ਗਾਉਣ ਦੇ ਮੁਫ਼ਤ ਮੌਕੇ ਨੂੰ ਟਾਲਣਾ, ਉਨ੍ਹਾਂ ਦੀ ਹਿੰਮਤ ਅਤੇ ਜ਼ਬਤ ਵਿਚ ਨਹੀਂ ਹੋ ਸਕਦਾ, ਪਰ ਉਨ੍ਹਾਂ ਦੇ ਜਜ਼ਬਾਤ ਨੂੰ ਹਵਾ ਦੇਣੀ ਹੀ ਉਸ ਠੀਕ ਸਮਝੀ।

Sri Satguru Jagjit Singh Ji eLibrary NamdhariElibrary@gmail.com

"ਕੈਦੋਂ ਦਿਆ ਪੁੱਤਰਾ ! ਇਹ ਵੀ ਪੁੱਛਣ ਵਾਲੀ ਗੱਲ ਹੈ।" ਪਪੀਹੇ ਨੇ ਨਵਾਬੀ ਰੋਹਬ ਛਾਂਟਿਆ।

ਦੁੱਖੀ ਨੇ ਬੁੱਲ੍ਹਾਂ ਤੇ ਉਂਗਲ ਧਰ ਕੇ ਜ਼ਬਤ ਕਾਇਮ ਰੱਖਣ ਦੀ ਖ਼ਾਮੋਸ਼ ਵਾਰਨਿੰਗ ਦਿਤੀ; ਜਿਵੇਂ ਕਹਿ ਰਿਹਾ ਹੋਵੇ, ਬੱਚੂ ਇਸ ਮਾਹੌਲ ਦਾ ਮੈਂ ਹਾਕਮ ਹਾਂ। ਫਿਰ ਉਹ ਉਠ ਕੇ ਦੂਜੇ ਕਮਰੇ ਵਿਚ ਚਲਿਆ ਗਿਆ। ਅਤੇ ਜਾਂਦਿਆਂ ਹੀ ਕੁਮਾਰੀ ਨਾਲ ਕੰਨ-ਜੋੜ ਸ਼ੁਰੂ ਕਰ ਦਿਤੀ। ਉਨ੍ਹਾਂ ਤਿੰਨਾਂ ਦੇ ਕੰਨ ਖੜੇ ਕਰ ਲੈਣ ਤੇ ਵੀ ਕੱਖ ਪੱਲੇ ਨਾ ਪਿਆ। ਦੋ ਮਿੰਟ ਪਿਛੋਂ ਹੀ ਦੁੱਖੀ ਵਾਪਸ ਆ ਕੇ ਉਨ੍ਹਾਂ ਦੇ ਬਰਾਬਰ ਬਹਿ ਗਿਆ। ਝਟ ਪਿਛੋਂ ਹੀ ਕੁਮਾਰੀ ਵੀ ਆ ਗਈ। ਉਸ ਸਤਾਰ ਨੂੰ ਵਡੀ ਅਲਮਾਰੀ ਵਿਚੋਂ ਕਢਿਆ ਅਤੇ ਉਨ੍ਹਾਂ ਦੇ ਸਾਹਮਣੇ ਬਹਿ ਕੇ ਰੂਪਮਾਨ ਹੋ ਗਈ। ਮਿਜ਼ਰਾਬ ਦੀ ਪਹਿਲੀ ਛੋਹ ਨੇ ਹੀ ਦਿਲਾਂ ਦੇ ਸਾਗਰਾਂ ਵਿਚ ਲਹਿਰਾਂ ਉਛਾਲ ਦਿਤੀਆਂ ਅਤੇ ਕੁਮਾਰੀ ਨੇ ਮੁਸਕਾਨਾਂ ਦੀ ਮਲਿਕਾ ਬਣਦਿਆਂ ਪੁੱਛਿਆ :

"ਹੁਕਮ ਹੋਵੇ, ਕੀ ਗਾਵਾਂ ?"

"ਬਸ, ਜਿਹੜਾ ਗੀਤ ਰੀਕਾਰਡ ਕਰਵਾ ਕੇ ਆਈ ਏਂ, ਉਹੀ ਹੋ ਜਾਵੇ।" ਬੁੱਢੇ ਦੁੱਖੀ ਨੇ ਆਪਣੀ ਉਮਰ ਜਿੰਨਾ ਲੰਮਾ ਸਾਹ ਖਿੱਚਿਆ।

"ਓ ਸੱਚ, ਬਹਾਲ ਜੀ ! ਮਾਫ਼ ਕਰਨਾ, ਮੈਂ ਤੁਹਾਡਾ ਗੀਤ ਰੀਕਾਰਡ ਕਰਵਾ ਆਈ ਆਂ।" ਕੁਮਾਰੀ ਅਚਾਨਕ ਯਾਦ ਆ ਜਾਣ ਵਾਂਗ ਬੋਲੀ। ਉਸ ਸਤਾਰ ਪੱਟਾਂ ਤੋਂ ਲਾਹ ਕੇ ਰਖ ਦਿਤੀ। ਤੁਹਾਡੀ ਤੇ ਮੇਰੀ ਖ਼ੁਸ਼ਕਿਸਮਤੀ ਇਕੱਠੀਆਂ ਸ਼ੁਰੂ ਹੋਈਆਂ ਹਨ। ਤੁਹਾਡਾ ਪਹਿਲਾ ਗੀਤ ਤੇ ਮੇਰਾ ਪਹਿਲਾ ਗਾਣਾ ਰੀਕਾਰਡ ਹੋਏ ਹਨ। ਬਹਾਰ-ਕਨਸਰਟ ਵਾਲੇ ਦਿਨ ਹੀ ਤੁਹਾਡਾ ਗੀਤ ਮੈਨੂੰ ਝੰਜੋੜ ਗਿਆ ਸੀ।" ਕੁਮਾਰੀ ਨੇ ਮਧੁਰ ਮਧੁਰ ਸ਼ਬਦਾਂ ਨਾਲ ਬਹਾਲ ਨੂੰ ਵਡਿਆਉਣਾਂ ਸ਼ੁਰੂ ਕਰ ਦਿਤਾ। "ਅਸੀਂ ਦੋਵੇਂ ਹੀ ਸਟੇਜ ਤੋਂ ਰੀਕਾਰਡਿੰਗ ਦੀ ਦੁਨੀਆਂ 'ਚ ਦਾਖ਼ਲ ਹੋਏ ਆਂ। ਮੈਂ ਤੁਹਾਨੂੰ ਵਧਾਈ ਪੇਸ਼ ਕਰਦੀ ਹਾਂ।"

"ਸ਼ੁਕਰੀਆ !" ਕੁਮਾਰੀ ਦੇ ਪਹਿਲ ਕਰ ਜਾਣ ਤੇ ਬਹਾਲ ਅੰਦਰੋਂ ਛਿੱਥਾ ਛਿੱਥਾ ਅਨੁਭਵ ਕਰ ਰਿਹਾ ਸੀ।

ਦੂਜੇ ਪਲ ਕੁਮਾਰੀ ਨੇ ਇਕ ਕੋਰਾ ਕਾਗ਼ਜ਼ ਬਹਾਲ ਦੇ ਅਗੇ ਕਰ ਦਿਤਾ। ਬਹਾਲ ਨੇ ਸਵਾਲੀਆ ਨਜ਼ਰਾਂ ਨਾਲ ਤੱਕਿਆ।

"ਗੀਤ ਬਾਰੇ ਲਿਖ ਦਿਓ, ਬਸ ਇਹੋ ਈ ਕਿ ਗਾਉਣ ਦੀ ਇਜਾਜ਼ਤ ਦੇ ਦਿੱਤੀ। ਪ੍ਰਸੰਨਤਾ ਦੇ ਫੁੱਲ ਦਾ ਜੇ ਕੋਈ ਮਾਦੀ ਰੂਪ ਹੋ ਸਕਦਾ ਹੈ, ਤਦ ਕੁਮਾਰੀ ਉਸ ਸਮੇਂ ਜਿਉਂਦਾ ਖਿੜਿਆ ਮਾਡਲ ਸੀ। ਪ੍ਰੀਖਿਆ ਦੇ ਇਸ ਪਲ ਨੂੰ ਦੂਜੇ ਸਾਥੀ ਸਾਹ ਰੋਕੀ ਵੇਖ ਰਹੇ ਸਨ। ਬਹਾਲ ਕੁਮਾਰੀ ਦੇ ਪਲ ਪਲ ਉਭਰ ਰਹੇ ਹੁਸਨ ਵਿਚ ਨਿਘਰਨਾ ਸ਼ੁਰੂ ਹੋ ਗਿਆ। ਪਪੀਹੇ ਨੇ ਬਹਾਲ ਦੀ ਕਮਜ਼ੋਰੀ ਤਾੜ ਲਈ ਅਤੇ ਸਭ ਦੀਆਂ ਨਜ਼ਰਾਂ ਬਚਾ ਕੇ ਆਪਣੀ ਅੱਖ ਵਿਚ ਟੀਰ ਮਾਰ ਗਿਆ। ਪਪੀਹਾ ਪਾਰਟੀ ਦੇ ਕਾਰਨ ਨੂੰ ਪਹਿਲੋਂ ਹੀ ਜਾਣ ਗਿਆ ਸੀ।

"ਕੁਮਾਰੀ, ਮੈਂ ਅਜਿਹਾ ਨਹੀਂ ਕਰ ਸਕਦਾ।"

ਇਓਂ ਜਾਪਿਆ ਜਿਵੇਂ ਕਿਸੇ ਸਤਾਰ ਦੀਆਂ ਤਾਰਾਂ ਨੂੰ ਅਨਜਾਣ ਉਂਗਲ ਨੇ ਖਿੱਚ ਸੁਟਿਆ ਹੋਵੇ। ਬਹਾਲ ਨੇ ਕੁਮਾਰੀ ਵਲ ਤਰਸ ਭਰੀਆਂ ਨਜ਼ਰਾਂ ਨਾਲ ਤੱਕਿਆ।

ਕੁਮਾਰੀ ਕੁਝ ਵੀ ਨਾ ਦੇਖ ਸਕੀ। ਉਸ ਦਾ ਰੰਗ ਉੱਡ ਗਿਆ ਅਤੇ ਕਾਗ਼ਜ਼

Sri Satguru Jagjit Singh Ji eLibrary NamdhariElibrary@gmail.com

ਉਸ ਦੇ ਹੱਥ ਵਿਚ ਕੰਬ ਗਿਆ। ਕੁਝ ਉਸ ਦੀ ਆਸ ਦੇ ਪ੍ਰਤਿਕੂਲ ਵਾਪਰ ਗਿਆ। ਉਸ ਮਹਿਸੂਸ ਕੀਤਾ, ਉਸ ਦੀ ਪਾਰਟੀ ਰੇਤੇ ਦੀ ਦੀਵਾਰ ਸੀ, ਜਿਹੜੀ ਬਹਾਲ ਦੇ ਇਨਕਾਰ ਦੀ ਪਹਿਲੀ ਛੱਲ ਵਿਚ ਹੀ ਬਹਿ ਗਈ। ਉਹ ਜ਼ਿੰਦਗੀ ! ਤੇਰੇ ਲਈ ਕਿੰਨਾ ਜ਼ੁਲਮ ਹੈ ਕਿ ਜਿਸ ਫੁੱਲ ਵਲ ਵੀ ਤੂੰ ਹੱਥ ਵਧਾਇਆ, ਛੋਹ ਤੋਂ ਪਹਿਲਾਂ ਹੀ ਉਹ ਖ਼ਾਰ ਹੋ ਗਿਆ, ਤਲਵਾਰ ਹੋ ਗਿਆ। ਕੁਮਾਰੀ ਨੇ ਅਤਿ ਦੁਖਤ ਅਤੇ ਭਾਵਕ ਨਜ਼ਰਾਂ ਨਾਲ ਨਾਰਦ ਵਲ ਦੇਖਿਆ, ਉਸ ਨੂੰ ਇਉਂ ਜਾਪਿਆ, ਜਿਵੇਂ ਉਹ ਖ਼ੁਦ ਪੁੱਜ ਕੇ ਦੁਖੀ ਹੈ। ਉਸ ਨੂੰ ਆਪੇ ਤੇ ਕਾਬੂ ਨਾ ਰਿਹਾ, ਉਹ ਚਕਰਾਂਦੇ ਸਿਰ ਨਾਲ ਇਕ-ਦਮ ਉਠ ਖਲੋਤੀ ਅਤੇ ਨੱਠਦਿਆਂ ਵਾਂਗ ਦੂਜੇ ਕਮਰੇ ਪਲੰਘ ਤੇ ਜਾ ਡਿਗੀ। ਦੁੱਖੀ ਨੂੰ ਤਿੰਨਾਂ ਦੀਆਂ ਸ਼ਕਲਾਂ ਕਸਾਈਆਂ ਵਾਂਗ ਜਾਪੀਆਂ। ਉਹ ਹਮਦਰਦੀ ਭਰਿਆ ਕੁਮਾਰੀ ਕੋਲ ਚਲਿਆ ਗਿਆ।

ਬਹਾਲ ਤੇ ਕਟਾਰ ਸੁੰਨ੍ਹ ਹੋਏ ਬੈਠੇ ਸਨ, ਪਰ ਪਪੀਹਾ ਅੰਤਰੀਵ ਮਿੰਨਾ ਮਿੰਨਾ ਮੁਸਕਾ ਰਿਹਾ ਸੀ। ਉਹ ਜੇਤੂ ਹਾਸੀ ਵਿਚ ਆਖਣਾ ਚਾਹੁੰਦਾ ਸੀ, 'ਮੇਰਾ ਮੀਤ ਨਾ ਗਾਉਣ ਦਾ ਸੁਆਦ ਲੈ ਲਿਆ ਨਾ।'

ਇਕ ਮਿੰਟ ਪਿਛੋਂ ਹੀ ਦੁੱਖੀ ਬਾਹਰ ਆਇਆ। ਉਸ ਬਹਾਲ ਦਾ ਮੋਢਾ ਘੁਟ ਕੇ ਆਖਿਆ :

"ਤੁਹਾਨੂੰ ਅੰਦਰ ਬੁਲਾਇਆ ਏ।"

ਬਹਾਲ ਉਠ ਕੇ ਖਲੋ ਗਿਆ। ਉਸ ਦੀ ਹਾਲਤ ਕਮਜ਼ੋਰ ਉਮੇਦਵਾਰ ਵਰਗੀ ਸੀ, ਜਿਹੜਾ ਸਰਵਿਸ ਕਮਿਸ਼ਨ ਅੱਗੇ ਇੰਟਰਵੀਊ ਲਈ ਪੇਸ਼ ਹੋ ਰਿਹਾ ਹੋਵੇ। ਫਿਰ ਵੀ ਉਸ ਆਪਣੇ ਆਪ ਨੂੰ ਤਕੜਿਆਂ ਬਣਾਂਦਿਆਂ ਅੰਦਰ ਕਦਮ ਰਖਿਆ। ਉਸ ਜਾਂਦਿਆਂ ਹੀ ਤੱਕਿਆ, ਕੁਮਾਰੀ ਦੀਆਂ ਅੱਖਾਂ ਵਿਚ ਅੱਥਰੂ ਲਰਜ਼ ਰਹੇ ਸਨ। ਉਸ ਆਪਣੇ ਪਲੰਘ ਤੇ ਬਰਾਬਰ ਬੈਠਣ ਲਈ ਬੀਮਾਰਾਂ ਵਾਂਗ ਇਸ਼ਾਰਾ ਕੀਤਾ। ਬਹਾਲ ਪਲੰਘ ਤੇ ਬਹਿ ਗਿਆ, ਉਸ ਦਾ ਦਿਲ ਥੋੜਾ ਹੁੰਦਾ ਜਾ ਰਿਹਾ ਸੀ।

'ਬਹਾਲ ਜੀ ! ਮੈਨੂੰ ਮਾਫ਼ ਕਰ ਦਿਉ, ਮੈਂ ਤੁਹਾਥੋਂ ਪਹਿਲਾਂ ਨਾ ਪੁੱਛਿਆ। ਮੇਰੇ ਖ਼ਿਆਲ 'ਚ ਈ ਨਹੀਂ ਸੀ, ਤੁਸੀਂ ਇਨਕਾਰ ਵੀ ਕਰੋਗੇ।" ਕੁਮਾਰੀ ਦੇ ਬੁੱਲ੍ਹਾਂ ਦੇ ਕੋਏ ਕੰਬੀ ਜਾ ਰਹੇ ਸਨ।

ਬਹਾਲ ਦੁਬਿਧਾ ਵਿਚ ਫਸਿਆ ਕੋਈ ਜਵਾਬ ਨਾ ਦੇ ਸਕਿਆ। ਕੁਮਾਰੀ ਕਈ ਸਾਲ ਪਹਿਲਾਂ ਤੋਂ ਜਾਣਦੀ ਸੀ ਕਿ ਮਰਦ ਜੀ. ਟੀ. ਰੋਡ ਦੇ ਖ਼ੂਬਸੂਰਤ ਪੱਥਰ-ਮੀਲ ਹੁੰਦੇ ਹਨ, ਪਰ ਉਸ ਤੋਂ ਕਿਤੇ ਵਧ ਉਨ੍ਹਾਂ ਦੀਆਂ ਕਮਜ਼ੋਰੀਆਂ ਤੋਂ ਵੀ ਜਾਣੂ ਸੀ। ਉਸ ਨੂੰ ਸਿੱਧੀ ਉਂਗਲ ਨਾਲ ਨਾ ਸਹੀ, ਵਿੰਗੀ ਉਂਗਲ ਨਾਲ ਘਿਉ ਕਢਣਾ ਆਉਂਦਾ ਸੀ।

"ਦੇਖੋ ਬਹਾਲ ਜੀ ! ਇਹ ਮੇਰਾ ਪਹਿਲਾ ਰੀਕਾਰਡ ਹੈ। ਜੇ ਇਹ ਮਾਰਕੀਟ ਵਿਚ ਨਾ ਆ ਸਕਿਆ........" ਉਹ ਕਹਿੰਦੀ ਕਹਿੰਦੀ ਰੋ ਪਈ। ਉਸ ਦੀਆਂ ਹਿਚਕੀਆਂ ਨਾਲ ਉਸ ਦੇ ਲੱਕ ਤੇ ਛਾਤੀ ਦੀਆਂ ਉਠਕਾਂ ਬੈਠਕਾਂ ਸ਼ੁਰੂ ਹੋ ਗਈਆਂ। ਬਹਾਲ ਦੀ ਆਕੜ ਮਾਂਹ ਦਾ ਆਟਾ ਬਣੀ ਕੁਮਾਰੀ ਦੇ ਹੰਝੂਆਂ ਵਿਚ ਗੁੱਝ ਕੇ ਰਹਿ ਗਈ। ਉਹ 'ਹਾਂ' ਆਖਣ ਹੀ ਵਾਲਾ ਸੀ ਕਿ ਉਸ ਨੂੰ ਪਪੀਹੇ ਦਾ ਘਸੁੰਨ ਹੋਇਆ ਚਿਹਰਾ ਦਿਖਾਈ ਦਿਤਾ। ਉਸ ਪੁਲਸੀਆਂ ਦੀ ਫੁਰਤੀ ਨਾਲ ਇਕ ਚਾਲ ਘੜ ਲਈ।

"ਮੈਂ ਸਰਕਾਰੀ ਅਫ਼ਸਰ ਹਾਂ। ਮੈਂ ਹਮੇਸ਼ਾ ਕਵੀ ਦਰਬਾਰਾਂ ਵਿਚ ਇਜਾਜ਼ਤ ਲੈ ਕੇ

Sri Satguru Jagjit Singh Ji eLibrary NamdhariElibrary@gmail.com

ਹੀ ਬੋਲਦਾ ਹਾਂ। ਹੁਣ ਰੀਕਾਰਡ ਹੋਏ ਗੀਤ ਲਈ ਸਪੈਸ਼ਲ ਮਨਜ਼ੂਰੀ ਲੈਣੀ ਪਵੇਗੀ।" ਬਹਾਲ ਅਸਲੋਂ ਥੋਦੀ ਤੇ ਗ਼ੈਰ-ਕਾਨੂੰਨੀ ਦਲੀਲ ਵੀ ਦੇ ਗਿਆ। ਪਰ ਕੁਮਾਰੀ ਨੂੰ ਇਸ ਦੀ ਕੋਈ ਵਾਕਫ਼ੀਅਤ ਨਹੀਂ ਸੀ, ਉਹ ਹੋਰ ਵੀ ਘਬਰਾ ਗਈ। ਕਿਉਂਕਿ ਉਹ ਸਮਝਦੀ ਸੀ, 'ਜੇ ਗੀਤ ਦੀ ਮਨਜ਼ੂਰੀ ਨਾ ਮਿਲੀ ਜਾਂ ਬਹਾਲ ਨੇ ਉਲਟਕੇ ਦਾਅਵਾ ਕਰ ਦਿਤਾ, ਤਦ ਕੰਪਨੀ ਦੀ ਰੀਕਾਰਡਿੰਗ ਦਾ ਸਾਰਾ ਖ਼ਰਚ ਵੀ ਮੇਰੇ ਜ਼ੁੰਮੇ ਆ ਪਵੇਗਾ।' ਉਸ ਆਪੇ ਨੂੰ ਤਰਲੇ ਰੂਪੀ ਬਣਾ ਲਿਆ।

"ਬਹਾਲ ਜੀ! ਮੇਰਾ ਫ਼ਿਊਚਰ ਮਾਰਿਆ ਜਾਵੇਗਾ, ਮੈਂ ਕਿਸੇ ਥਾਂ ਜੋਗੀ ਨਹੀਂ ਰਹਾਂਗੀ।" ਉਸ ਵਗਦੇ ਹੰਝੂਆਂ ਨੂੰ ਜਾਣ ਕੇ ਨਾ ਪੂੰਝਿਆ।

"ਮੈਂ ਆਪਣੇ ਅਫ਼ਸਰਾਂ ਤੋਂ ਮਨਜ਼ੂਰੀ ਤਾਂ ਹਰ ਤਰ੍ਹਾਂ ਲੈ ਲਵਾਂਗਾ, ਪਰ ਇਕ ਸ਼ਰਤ ?"

"ਦੱਸੋ, ਮੈਂ ਕਿਵੇਂ ਵੀ ਪੂਰੀ ਕਰਾਂਗੀ।" ਕੁਮਾਰੀ ਨੇ ਬਹਾਲ ਦੇ ਦੋਵੇਂ ਹੱਥ ਘੁੱਟ ਲਏ।

ਬਹਾਲ ਦੀਆਂ ਅੱਖਾਂ ਲਿਸ਼ਕ ਪਈਆਂ।

"ਮੈਂ ਜਦੋਂ ਚਾਹਾਂ, ਤੇਰੇ ਕੋਲ ਆ ਸਕਾਂ।"

ਰਾਤ ਨੂੰ ਵੀ, ਦਿਨੇ ਵੀ, ਤੁਸੀਂ ਜਦੋਂ ਚਾਹੋ।" ਕੁਮਾਰੀ ਆਪਣੀ ਮੂੰਹ ਆਈ ਖ਼ੁਸ਼ੀ ਨੂੰ ਹੰਝੂਆਂ ਵਿਚ ਸਾਂਭ ਨਾ ਸਕੀ। ਉਸ ਦਾ ਇਸ ਤਰ੍ਹਾਂ ਮੁਸਕਾਉਣਾ ਬਹਾਲ ਦੇ ਜ਼ਬਤ ਨੂੰ ਛਾਨਣੀ ਛਾਨਣੀ ਕਰ ਗਿਆ। ਉਸ ਕੁਮਾਰੀ ਨੂੰ ਖਿੱਚ ਕੇ ਘੁਟ ਲਿਆ। ਮੀਲ-ਪੱਥਰ ਪਾਣੀ ਦੇ ਫ਼ਵਾਰੇ ਵਿਚ ਬਦਲ ਗਿਆ।

"ਤੁਸੀਂ ਸੱਚ ਆਖਦੇ ਓ ?" ਕੁਮਾਰੀ ਦੀ ਖ਼ੁਸ਼ੀ ਰਸ-ਰੰਗ ਵਿਚ ਭਿੱਜੀ, ਰੱਤੜੀ ਹੋ ਰਹੀ ਸੀ।

"ਸੱਚ !" ਬਹਾਲ ਦੀ ਮਾਨਸਿਕ ਭੁੱਖ ਹਰ ਪਲ ਤਿੱਖੀ ਤੇ ਤੱਤੀ ਹੁੰਦੀ ਜਾ ਰਹੀ ਸੀ।

"ਪ੍ਰਮਾਤਮਾ ਦੀ ਸੌਂਹ ਖਾਓ ?"

"ਮੈਨੂੰ ਪ੍ਰਮਾਤਮਾ ਦੀ ਸੌਂਹ।" ਬਹਾਲ ਨੇ ਨਾਲ ਹੀ ਹਉਕਾ ਖਿੱਚਿਆ ਜਿਸ ਪ੍ਰਮਾਤਮਾ ਦੀਆਂ ਹਜ਼ਾਰਾਂ ਥਾਂਵਾਂ ਤੇ ਝੂਠੀਆਂ ਸੁਗੰਧਾਂ ਚੁੱਕੀਆਂ ਸਨ, ਅੱਜ ਉਹ ਫਿਰ ਆਪਣੇ ਆਸ਼ਕ ਦੀ ਵਫ਼ਾ ਦਾ ਜ਼ਾਮਨ ਬਣ ਗਿਆ। ਉਸ ਦੀ ਸੌਂਹ ਤੇ ਐਤਕੀਂ ਕੁਮਾਰੀ ਨੇ ਆਪਣੀ ਵਲੋਂ ਜ਼ੋਰ ਨਾਲ ਘੁਟ ਕੇ ਪੂਰੀ ਤਸੱਲੀ ਦਿਤੀ।

"ਚਲ ਹੁਣ ਗੀਤ ਹੋ ਜਾਵੇ।" ਬਹਾਲ ਨੇ ਉਸ ਨੂੰ ਮੋਢਿਆਂ ਤੋਂ ਫੜ ਕੇ ਹਲੂਣਿਆ। ਕੁਮਾਰੀ ਦੀਆਂ ਵਾਲੀਆਂ ਨੇ ਉਲਟਾ ਉਸ ਨੂੰ ਮਧੋਲ ਸੁਟਿਆ ਸੀ।

"ਤੁਸੀਂ ਗੀਤ ਗਾਉਣ ਜੋਗੀ ਜੋ ਛੱਡਿਆ ਏ।" ਕੁਮਾਰੀ ਨੂੰ ਨਾਜ਼ ਚੜ੍ਹ ਆਇਆ।

"ਨਹੀਂ ਉਠ, ਉਹ ਕੀ ਖ਼ਿਆਲ ਕਰਦੇ ਹੋਣਗੇ।"

"ਚਲੋ ਮੈਂ ਆਈ।" ਕੁਮਾਰੀ ਨੇ ਆਪਣੇ ਆਪ ਨੂੰ ਸੰਭਾਲਿਆ।

ਜਦੋਂ ਬਹਾਲ ਯਾਰਾਂ ਕੋਲ ਆਇਆ, ਉਨ੍ਹਾਂ ਦੇ ਚਿਹਰੇ ਭੁੱਖੇ ਮੰਗਤਿਆਂ ਵਾਂਗ ਉਸ ਤੋਂ ਕੁਝ ਆਸ ਲਾਈ ਬੈਠੇ ਸਨ। ਫਿਰ ਉਨ੍ਹਾਂ ਕੁਮਾਰੀ ਨੂੰ ਜ਼ਿੰਦਗੀ ਦੀ ਲਹਿਰ ਵਾਂਗ ਕਮਰੇ ਵਿਚ ਪ੍ਰਵੇਸ਼ਦਿਆਂ ਤੱਕਿਆ। ਕੁਮਾਰੀ ਦੇ ਨਵੇਂ ਜਾਦੂ ਵਿਚ ਉਨ੍ਹਾਂ ਦੀਆਂ ਅੱਖਾਂ ਤਕ ਗੁੰਗੀਆਂ ਹੋ ਗਈਆਂ। ਉਂਗਲ ਨਾਲ ਮਿਜ਼ਰਾਬ ਮਿਲੀ, ਤਾਰਾਂ

Sri Satguru Jagjit Singh Ji eLibrary NamdhariElibrary@gmail.com

ਲਰਜ਼ੀਆਂ, ਧੜਕਣਾਂ ਰੁਕੀਆਂ ਤੇ ਉਹ ਗਾ ਰਹੀ ਸਾਂ :

''ਤੇਰੇ ਬਿਨਾਂ ਬਹਾਰ ਨੂੰ,
ਬਹਾਰ ਨੂੰ ਮੈਂ ਕੀ ਕਰਾਂ, ਮੈਂ ਕੀ ਕਰਾਂ।
....।'

ਕੁਮਾਰੀ ਅਸਥਾਈ ਤੇ ਆ ਕੇ ਪਲ ਕੁ ਰੁਕ ਜਾਂਦੀ। ਸੰਗੀਤ ਦੀ ਲੈਅ ਨੇ ਤੰਦੀ ਬਣਦਿਆਂ ਚੌਂਹਾਂ ਦੀ ਸੁਰਤੀ ਨੂੰ ਫਾਂਸੀ ਲਾ ਦਿੱਤੀ। ਉਹ ਸੁਣ ਨਹੀਂ ਰਹੇ ਸਨ, ਸਗੋਂ ਸੰਗੀਤ ਦਾ ਹਿੱਸਾ ਬਣੇ ਗਾਈ ਜਾ ਰਹੇ ਸਨ। ਤੇ ਸੰਗੀਤ ਵੀ ਜ਼ਿੰਦਗੀ ਦੀ ਅਮਰ ਭਾਵਨਾ ਵਾਂਗ ਵਿਸਮਾਦ ਹੋਇਆ ਪਿਆ ਸੀ।

10

ਅਕਤੂਬਰ ਦੀ ਇਕ ਸਵੇਰ ਸੀ। ਦਰਸ਼ਨ ਦੇ ਪਿਤਾ ਤੇ ਬੇ ਜੀ ਪਿੰਡ ਨੂੰ ਗਏ ਹੋਏ ਸਨ। ਉਹ ਹੁਣੇ ਕੇਸੀ ਨਹਾ ਕੇ ਆਰਾਮ-ਕੁਰਸੀ ਤੇ ਪਈ ਵਾਲਾਂ ਨੂੰ ਹਵਾ ਲਵਾ ਰਹੀ ਸੀ। ਇਕ ਤਲਖ਼ੀ ਕਾਰਨ ਉਸ ਦਾ ਸਾਰੀ ਰਾਤ ਸਿਰ ਦੁਖਦਾ ਰਿਹਾ ਸੀ। ਕੇਸੀ ਨਹਾ ਕੇ ਉਹ ਆਪਣੇ ਅੰਤਰੀਵ ਗ਼ਮ ਤੋਂ ਹੌਲਾ ਹੋਣਾ ਚਾਹੁੰਦੀ ਸੀ। ਦੁੱਖੀ ਦੀ ਸਾਧਾਰਨ ਭਿਣਕ ਉਸ ਦੇ ਦਿਲ ਡੂੰਘਾ ਜ਼ਖ਼ਮ ਬਣ ਗਈ ਸੀ। 'ਰੱਬਾ ! ਇਹ ਕਿਵੇਂ ਹੋ ਗਿਆ।' ਇਕ ਹਉਕੇ ਨਾਲ ਉਸ ਨੂੰ ਬਹਾਲ ਤੇ ਗ਼ੁੱਸਾ ਆ ਗਿਆ।

ਬਹਾਲ ਨੇ ਅੱਜ ਸਵੇਰੇ ਹੀ ਗਰੇਵਾਲ ਅਤੇ ਪ੍ਰਤਾਪ ਕੌਰ ਨੂੰ ਲਾਰੀ ਚੜ੍ਹਦਿਆਂ ਦੇਖ ਲਿਆ ਸੀ ਅਤੇ ਦਰਸ਼ਨ ਦਾ ਘਰ ਇਕੱਲੀ ਹੋਣ ਦਾ ਮੌਕਾ ਉਸ ਨੂੰ ਮਸੀਂ ਮਿਲਿਆ ਸੀ। ਲਾਰੀ ਤੁਰਨ ਦੇ ਨਾਲ ਹੀ ਉਸ ਆਪਣਾ ਰਿਕਸ਼ਾ ਥਾਣੇ ਨੂੰ ਮੋੜ ਲਿਆ ਤੇ ਮੁੜ ਉਥੋਂ ਸਿਧਾ ਗਰੇਵਾਲ ਕਾਟੇਜ ਆ ਗਿਆ।

ਦਰਸ਼ਨ ਨੂੰ ਮਿਲਣ ਲਈ ਉਸ ਦੇ ਦਿਲ ਵਿਚ ਬੁਰੀ ਤਰ੍ਹਾਂ ਜਵਾਰਭਾਟਾ ਆਇਆ ਹੋਇਆ ਸੀ। ਦਿਲ-ਸਾਗਰ ਦੀਆਂ ਲਹਿਰਾਂ ਦਾ ਸ਼ੋਰ ਆਪਣੀ ਚੰਨੀ ਦੀ ਛੋਹ ਲਈ ਉਛਲ ਉਛਲ ਪੈ ਰਿਹਾ ਸੀ। ਕੇਸੀ ਨਹਾਤੀ ਦਰਸ਼ਨ ਨੂੰ ਵਾਲ ਸੁਕਾਂਦਿਆਂ ਦੇਖ ਕੇ ਉਸ ਦੇ ਧੀਰਜ-ਤਰਾਣ ਟੁੱਟ ਗਏ। ਬਹਾਲ ਨੂੰ ਵੇਖਦਿਆਂ ਹੀ ਦਰਸ਼ਨ ਦੇ ਨਖ਼ਰੇ-ਨਕਸ਼ਾਂ ਵਿਚ ਗ਼ੁਸੈਲਾ ਰੋਹ ਇਕ ਰੰਗ ਫੜ ਗਿਆ। ਇਸ ਤਰ੍ਹਾਂ ਉਹ ਹੋਰ ਵੀ ਸੁਹਣੀ ਹੋ ਗਈ। ਜਵਾਨੀ ਆਪਣੇ ਆਪ ਵਿਚ ਅਜਿਹਾ ਮੁਕੰਮਲ ਹੁਸਨ ਹੈ, ਜੇ ਰੋ ਵੀ ਪਵੇ, ਤਦ ਵੀ ਰੂਪ ਰੂਪ ਖਿੜੀ ਦਿਸਦੀ ਹੈ।

''ਦਰਸ਼ੀ ! ਕੋਈ ਘਰ ਨਹੀਂ ਦਿਸਦਾ।'' ਉਸ ਦੀਆਂ ਤਿੱਖੀਆਂ ਨਜ਼ਰਾਂ ਨੇ ਬਾਹਰ ਖਲੋਤਿਆਂ ਹੀ ਅੰਦਰ ਦੀ ਤਲਾਸ਼ੀ ਲੈ ਲਈ। ''ਮੇਰਾ ਮਤਲਬ ਹੈ ਤੇਰੇ ਬਿਨਾਂ।'' ਖ਼ਾਮੋਸ਼ ਤੇ ਬੇਧਿਆਨ ਦਰਸ਼ਨ ਨੂੰ ਉਸ ਹਸਾਣ ਦਾ ਯਤਨ ਕੀਤਾ।

ਦਰਸ਼ਨ ਨੇ ਕੋਈ ਉੱਤਰ ਨਾ ਦਿਤਾ ਅਤੇ ਮੂੰਹ ਭਵਾ ਕੇ ਖਿੰਬੜ ਦੇ ਦਾਗ਼ੀ ਪੱਤੇ ਨੂੰ ਦੇਖਣ ਲੱਗ ਪਈ, ਜਿਹੜਾ ਸੜਕ ਵਲੋਂ ਉੱਡਦਾ ਉੱਡਦਾ ਦਰਸ਼ਨ ਦੇ ਪੈਰਾਂ ਵਿਚ ਆ ਗਿਆ ਸੀ। ਦਰਸ਼ਨ ਦੇ ਮੂੰਹ ਭਵਾ ਲੈਣ ਨਾਲ ਉਸ ਦੀ ਸਾਦਾ ਕਮੀਜ਼ ਦੇ ਉਤਲੇ

Sri Satguru Jagjit Singh Ji eLibrary NamdhariElibrary@gmail.com

ਦੋ ਖੁਲ੍ਹੇ ਬਟਨਾਂ ਵਿਚ ਬਹਾਲ ਨੂੰ ਗੋਰੀ ਜਿਲਦ ਨੇ ਪਾਗਲ ਬਣਾ ਦਿਤਾ। ਉਸ ਦਾ ਆਪੇ ਤੋਂ ਕਾਬੂ ਹਿਲ ਗਿਆ। ਗਰੇਵਾਲ ਕਾਟੇਜ ਵਿਚ ਦਰਸ਼ਨ ਉਸ ਨੂੰ ਪਹਿਲੀ ਵਾਰ ਇਕੱਲੀ ਮਿਲ ਰਹੀ ਸੀ। ਦਰਸ਼ਨ ਦੇ ਰਵੱਈਏ ਤੋਂ ਉਹ ਨਿਰਾਸ ਜਿਹਾ ਹੋ ਕੇ ਰਹਿ ਗਿਆ। ਉਹ ਲਗਾਤਾਰ ਭਰੀ ਪੀਤੀ ਆਸੇ ਪਾਸੇ ਵੇਖੀ ਜਾ ਰਹੀ ਸੀ।

"ਮੈਂ ਚਲਿਆ ਜਾਵਾਂ ?" ਬਹਾਲ ਨੇ ਆਪਣੇ ਇਰਾਦੇ ਦੇ ਉਲਟ ਪੁੱਛਿਆ।

"ਆਏ ਕਿਉਂ ਸੀ ?" ਦਰਸ਼ਨ ਦੇ ਉੱਤਰ ਵਿਚ ਤਲਖ਼ੀ ਸਾਫ਼ ਦਿਸਦੀ ਸੀ।

"ਸਿਰਫ਼ ਸ਼ਰਮਿੰਦਾ ਹੋਣ ?"

"ਮਰਦਾਂ ਦੀ ਜ਼ਾਤ ਤੇ ਸ਼ਰਮਿੰਦਾ ! ਹੂੰਹ।" ਦਰਸ਼ਨ ਤਾਹਨੇ ਦੀ ਠੋਹਕਰ ਮਾਰ ਕੇ ਡਰਾਇੰਗ-ਰੂਮ ਨੂੰ ਉਠ ਕੇ ਤੁਰ ਪਈ।

ਬਹਾਲ ਗ਼ੁਸਾ ਅੰਦਰੇ ਪੀ ਗਿਆ। ਦਰਸ਼ਨ ਦਾ ਲੋੜ ਤੋਂ ਵਧ ਜਜ਼ਬਾਤੀ ਤੇ ਅੱਲ੍ਹੜ ਹੋਣਾ, ਉਸ ਨੂੰ ਗਿਲਾ ਵੀ ਨਹੀਂ ਕਰਨ ਦੇਂਦਾ ਸੀ। ਉਸ ਗ਼ੁੱਸੇ ਨੂੰ ਮਨਾ ਲੈਣ ਵਾਲੀਆਂ ਥਾਵਾਂ ਤੇ ਕਈ ਤਰ੍ਹਾਂ ਦੇ ਨਖ਼ਰਿਆਂ ਦਾ ਤਜਰਬਾ ਹਾਸਲ ਕਰ ਚੁਕਾ ਸੀ। ਦਰਸ਼ਨ ਅਤਿ ਨਾਜ਼ਕ ਕੁੜੀ ਸੀ, ਜਿਹੜੀ ਥੋੜਾ ਜਿੰਨਾ ਵੀ ਮਰੋੜਾ ਨਹੀਂ ਝੱਲ ਸਕਦੀ ਸੀ। ਉਸ ਦੇ ਵਾਲਾਂ ਦੇ ਕੁੰਡਲ ਹਾਲੇ ਵੀ ਪਾਣੀ ਦੇ ਕਤਰਿਆਂ ਨਾਲ ਭਰੇ ਹੋਏ ਸਨ, ਜਿਹੜੇ ਹਿੱਲਣ ਨਾਲ ਬੂੰਦ ਬੂੰਦ ਹੋ ਕੇ ਧਰਤੀ ਨੂੰ ਚੁੰਮਦੇ ਜਜ਼ਬ ਹੋ ਰਹੇ ਸਨ। ਖਿੱਚਿਆ ਬਹਾਲ ਪਿਛੇ ਜਾਣ ਲਈ ਮਜਬੂਰ ਸੀ। 'ਅਜੀਬ ਨਾਜ਼-ਬਰਦਾਬੀਆਂ ਏਂ।' ਉਹ ਸਿਰ ਹਿਲਾ ਕੇ ਮਨ ਵਿਚ ਕਹਿ ਗਿਆ।

"ਆਖ਼ਰ ਕਿਸੇ ਗੱਲ ਦਾ ਪਤਾ ਵੀ ਲੱਗੇ, ਐਵੇਂ ਖ਼ੂਨ ਖ਼ੁਸ਼ਕ ਕਰਨ ਲੱਗੀ ਏਂ।" ਬਹਾਲ ਨੇ ਅੰਦਰ ਵੜਦਿਆਂ ਹੀ ਥੋੜ੍ਹਾ ਰੋਹਬ ਬਣਾ ਕੇ ਪੁੱਛਿਆ।

"ਮੈਂ ਸੋਚ ਰਹੀ ਆਂ, ਤੁਹਾਨੂੰ ਸਮਝਣ ਵਿਚ ਗ਼ਲਤੀ ਤਾਂ ਨਹੀਂ ਕੀਤੀ।" ਦਰਸ਼ਨ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਥੋੜੀ ਗੰਭੀਰਤਾ ਧਾਰਨ ਕੀਤੀ।

ਬਹਾਲ ਅਜਿਹੀਆਂ ਗੱਲਾਂ ਸਾਂਭਣ ਵਿਚ ਬੜਾ ਹੁਸ਼ਿਆਰ ਸੀ। ਉਹ ਲਗਦੀ ਵਾਹ ਸੰਜੀਦਗੀ ਪੈਦਾ ਈ ਨਹੀਂ ਹੋਣ ਦੇਂਦਾ ਸੀ। ਉਸ ਫਟ ਪੈਂਤੜਾ ਬਦਲਿਆ :

"ਜ਼ਰੂਰ ਗ਼ਲਤੀ ਕੀਤੀ ਹੈ।" ਬਹਾਲ ਨੇ ਇਕ ਤਰ੍ਹਾਂ ਮੂੰਹ ਬਣਾ ਕੇ ਪੋਜ਼ੀਸ਼ਨ ਲੈ ਲਈ।

"ਜ਼ਰੂਰ ਕੀਤੀ ਹੈ।" ਦਰਸ਼ਨ ਨੇ ਉਸ ਦਾ ਮੂੰਹ ਚੜਾਇਆ। "ਕੁਮਾਰੀ ਨੂੰ ਰੀਕਾਰਡਿੰਗ ਲਈ ਗੀਤ ਦੇਂਦੇ ਓ ਤੇ ਮੈਨੂੰ........।" ਉਹ ਗ਼ੁੱਸੇ ਵਿਚ ਆਪਣੀ ਗੱਲ ਪੂਰੀ ਨਾ ਕਰ ਸਕੀ।

"ਓਹ ਹੋ ! ਮੈਂ ਕਿਹਾ ਖ਼ਬਰੇ ਕੀ ਗੱਲ ਏ।" ਬਹਾਲ ਨੇ ਜ਼ੋਰ ਦੀ ਬਨਾਉਟੀ ਹਾਸਾ ਚੁੱਕ ਲਿਆ। ਪਰ ਅੰਦਰੋਂ ਉਸ ਦਾ ਦਿਲ ਧੜਕ ਰਿਹਾ ਸੀ, ਮਤਾਂ ਇਹ ਪਾਰਟੀ ਬਾਰੇ ਵੀ ਜਾਣਦੀ ਹੋਵੇ। "ਤੇ ਹੋਰ ?"

"ਕੋਈ ਜ਼ਰੂਰੀ ਨਹੀਂ, ਕੜਾਹੇ ਦੇ ਸਾਰੇ ਚੌਲ ਖਾ ਕੇ ਹੀ ਕੱਚੇ ਪੱਕੇ ਦਸੇ ਜਾਣ।" ਦਰਸ਼ਨ ਬਾਰੀ ਨਾਲ ਲੱਗ ਕੇ ਖਲੋ ਗਈ। ਖੱਟੀਆਂ ਦੀ ਵਾੜ ਤੋਂ ਪਾਰ ਖ਼ਾਲੀ ਪਲਾਟ ਦੀ ਜੰਗਲੀ ਬੂਟੀ ਵਿਚ ਉਸ ਦੀਆਂ ਨਜ਼ਰਾਂ ਉਲਝ ਗਈਆਂ। ਇਸ ਵੇਲੇ ਦਰਸ਼ਨ ਦਾ ਦਿਲ ਫਿਸ ਚੁਕਾ ਸੀ ਤੇ ਧਾਹੀਂ ਰੋ ਪੈਣ ਲਈ ਕਿਸੇ ਬਹਾਨੇ ਦੀ ਲੋੜ ਸੀ।

ਬਹਾਲ ਦੇ ਦਿਲ ਦੇ ਦੋ ਰੂਪ ਇਕ ਦੂਜੇ ਨੂੰ ਪਿਛਾੜ ਦੇਣ ਲਈ ਘੁਲ ਰਹੇ ਸਨ।

Sri Satguru Jagjit Singh Ji eLibrary NamdhariElibrary@gmail.com

ਉਸ ਦੇ ਦਿਲ ਦੇ ਸਕਰੀਨ ਤੇ ਕੁਮਾਰੀ ਅਤੇ ਦਰਸ਼ਨ ਵਖ-ਵਖ ਪਹਿਲੂਆਂ ਤੋਂ ਉਭਰ ਰਹੀਆਂ ਸਨ। ਉਹ ਕਿਸੇ ਨਤੀਜੇ ਉਤੇ ਪਹੁੰਚਣ ਲਈ ਪੂਰੀ ਤਾਣ ਲਾ ਰਿਹਾ ਸੀ। 'ਇਹ ਠੀਕ ਹੈ, ਮੈਨੂੰ ਦਰਸ਼ਨ ਨਾਲ ਸੱਚਾ ਪਿਆਰ ਹੈ, ਪਰ ਜ਼ਿੰਦਗੀ ਵਿਚ ਕਲਾ ਆਪਣੀ ਥਾਂ ਮਹਾਨਤਾ ਰਖਦੀ ਹੈ। ਦਰਸ਼ਨ ਦਾ ਭੋਲਾ ਹੁਸਨ ਵਧੇਰੇ ਖਿਚ ਰਖਦਾ ਹੈ। ਕੁਮਾਰੀ ਜ਼ਿੰਦਗੀ ਦਾ ਸੁਰ-ਸਾਜ਼ ਹੈ, ਜਿਸ ਨੂੰ ਧੜਕਣਾ ਆਉਂਦਾ ਹੈ। ਕੋਈ ਕਿਸੇ ਦੀ ਇੰਤਜ਼ਾਰ ਵਿਚ ਗਾ ਸਕਦਾ ਹੈ, ਤੜਪ ਸਕਦਾ ਹੈ; ਬਾਵਰੇ ਦਿਲ ਨੂੰ ਹੋਰ ਕੀ ਚਾਹੀਦਾ ਹੈ। ਕੁਮਾਰੀ ਨੂੰ ਮਿਲਣ ਵਿਚ ਬੁਰਾਈ ਮੇਰੀ ਸਮਝ ਵਿਚ ਨਹੀਂ ਆਈ। ਪਰ ਮੈਂ ਦਰਸ਼ਨ ਨੂੰ ਕਿਸੇ ਕੀਮਤ ਤੇ ਨਹੀਂ ਛੱਡ ਸਕਦਾ। ਉਹ ਮੇਰੀ ਜ਼ਿੰਦਗੀ ਦਾ ਧੜਕਦਾ ਹਿੱਸਾ ਹੈ। ਅਸਲ ਠੀਕ ਕੁਝ ਵੀ ਨਹੀਂ, ਸਵੇਰ ਦੀ ਰਾਇ ਸ਼ਾਮ ਨੂੰ ਗ਼ਲਤ ਹੋ ਜਾਂਦੀ ਹੈ। ਇਹ ਦੋਵੇਂ ਕੁੜੀਆਂ ਸ਼ਰਾਬ ਦੇ ਨੱਕੋ ਨੱਕ ਭਰੇ ਪਿਆਲੇ ਹਨ ਤੇ ਸ਼ਰਾਬ ਕਦੇ ਕਿਸੇ ਹਾਲਤ ਵਿਚ ਵੀ ਮਾੜੀ ਨਹੀਂ ਹੋਈ। ਮੇਰੀ ਰਾਇ ਵਿਚ ਸਭ ਤੋਂ ਨੇੜੇ ਦੇ ਪਿਆਲੇ ਨੂੰ ਹੱਥ ਪਾ ਲੈਣਾ ਪਹਿਲਾ ਤੇ ਆਖ਼ਰੀ ਤੱਤ ਹੈ।' ਜਦੋਂ ਉਸ ਫ਼ੈਸਲੇ ਭਰੀਆਂ ਨਜ਼ਰਾਂ ਨਾਲ ਉਤਾਂਹ ਡਿੱਠਾ, ਦਰਸ਼ਨ ਦੇ ਪਰਲ ਪਰਲ ਹੰਝੂ ਜਾਰੀ ਸਨ। ਉਸ ਤੋਂ ਰੋਂਦੀ ਦਰਸ਼ਨ ਝੱਲੀ ਨਾ ਗਈ ਅਤੇ ਹੰਝੂ ਪੂੰਝਣ ਲਈ ਜੇਬ ਵਿਚੋਂ ਰੁਮਾਲ ਖਿੱਚੀ ਅਗਾਂਹ ਵਧਿਆ।

"ਨਹੀਂ, ਮੈਨੂੰ ਹੱਥ ਨਾ ਲਾਉ।" ਦਰਸ਼ਨ ਦਾ ਗਲਾ ਭਰਿਆ ਹੋਇਆ ਸੀ ਤੇ ਉਹ ਪਾਸਾ ਵੱਟ ਕੇ ਸੋਫ਼ੇ ਵਿਚ ਜਾ ਡਿੱਗੀ। ਉਸ ਹਟਕੋਰੇ ਲੈ ਲੈ ਰੋਣਾ ਸ਼ੁਰੂ ਕਰ ਦਿਤਾ।

ਬਹਾਲ ਨੇ ਸੋਫ਼ੇ ਉਤੇ ਬੈਠਦਿਆਂ ਉਸ ਨੂੰ ਉਠਾਇਆ।

"ਤੂੰ ਗੱਲ ਤਾਂ ਪੂਰੀ ਸੁਣ ਲੈ, ਐਵੇਂ ਅੱਖਾਂ ਦਾ ਨਾਸ ਮਾਰਿਆ ਏ।"

"ਅਜੇ ਹੋਰ ਕੁਝ ਸੁਣਨਾ ਬਾਕੀ ਹੈ?" ਉਹ ਕਹਿ ਦੇਣਾ ਚਾਹੁੰਦੀ ਸੀ, "ਬਸ ਤੁਸੀਂ ਚਲੇ ਹੀ ਜਾਓ।"

"ਉਸ ਨੂੰ ਕਿਸ ਕੰਜਰ ਨੇ ਗੀਤ ਦਿਤਾ ਸੀ, ਹੁਣ ਜਦ ਨੋਟਸ ਦਿਤਾ, ਹਰਾਮਜ਼ਾਦੀ ਨੂੰ ਪਤਾ ਲੱਗ ਜਾਵੇਗਾ ਤੇ ਅਦਾਲਤ ਵਿਚ ਜਵਾਬ ਤਲਬੀ ਹੋਵੇਗੀ।" ਬਹਾਲ ਨੇ ਪੂਰੇ ਪਰਭਾਵ ਨਾਲ ਆਖਦਿਆਂ ਦਰਸ਼ਨ ਦੇ ਦਿਮਾਗ਼ ਦੀ ਧੁੰਦ ਛਾਣ ਸੁੱਟੀ।

"ਕੀ ਉਹ ਗੀਤ ਤੁਸਾਂ ਨਹੀਂ ਦਿਤਾ ਉਸ ਨੂੰ?" ਦਰਸ਼ਨ ਨੇ ਯਕੀਨ ਆ ਜਾਣ ਤੇ ਦੋਬਾਰਾ ਪੁੱਛਿਆ।

"ਤੈਨੂੰ ਕੌਣ ਆਖਦਾ ਏ?"

"ਉਹ ਤੁਹਾਡੀ ਇਜਾਜ਼ਤ ਬਿਨਾਂ ਗੀਤ ਕਿਵੇਂ ਰੀਕਾਰਡ ਕਰਵਾ ਆਈ?"

"ਇਹ ਮੈਂ ਕਿਸੇ ਨੂੰ ਕਿਵੇਂ ਰੋਕ ਸਕਦਾ ਹਾਂ, ਪਤਾ ਤਾਂ ਹੁਣ ਲੱਗੇਗਾ ਨਾ।" ਉਸ ਦਰਸ਼ਨ ਦਾ ਦਿਲ ਰਖਣ ਲਈ ਭਰੋਸਾ ਦਿਵਾਇਆ।

"ਕਿਵੇਂ ਹੋਵੇ, ਮੈਂ ਉਸ ਦਾ ਰੀਕਾਰਡ ਨਹੀਂ ਚਲਣ ਦੇਣਾ।" ਦਰਸ਼ਨ ਅੰਤਰੀਵ ਮੰਨ ਗਈ ਸੀ। ਉਸ ਅੱਖਾਂ ਪੂੰਝਦਿਆਂ ਦਿਲ ਦਾ ਗ਼ੁਬਾਰ ਕੱਢ ਮਾਰਿਆ। "ਤੇ ਉਹ ਤੁਹਾਡੀ ਮਰਜ਼ੀ ਬਿਨਾਂ ਨਹੀਂ ਚਲ ਸਕਦਾ।"

"ਜਦੋਂ ਮੈਂ ਆਖਦਾ ਹਾਂ, ਨਹੀਂ ਚੱਲੇਗਾ, ਨਹੀਂ ਚੱਲੇਗਾ ਰੱਬਾ! ਮੇਰੀ ਜਾਨ ਕਿਉਂ ਸੁੱਕਣੀ ਪਾਈ ਏ।" ਬਹਾਲ ਨੇ ਜਾਣ ਕੇ ਮੂੰਹ ਪੀੜਾਂਤਰ ਤੇ ਛੋਟਾ ਜਿਹਾ ਬਣਾ ਲਿਆ।

ਦਰਸ਼ਨ ਦਾ ਰੋਂਦਿਆਂ ਰੋਂਦਿਆਂ ਉਸ ਨੂੰ ਇਸ ਤਰ੍ਹਾਂ ਬਣਿਆ ਦੇਖ ਕੇ ਹਾਸਾ ਨਿਕਲ ਗਿਆ।

Sri Satguru Jagjit Singh Ji eLibrary NamdhariElibrary@gmail.com

"ਓ ਰੱਬ ਜੀ ! ਜਦ ਬਦਲੇ ਤੇਰੀ ਨਿਗਾਹ, ਤੂੰ ਥਲੀਂ ਕਰੇਂ ਅਸਗਾਹ।"

"ਜਾਓ ਮੈਂ ਨਹੀਂ ਬੋਲਦੀ ਤੁਹਾਡੇ ਨਾਲ।" ਦਰਸ਼ਨ ਦੇ ਮਨ-ਰੁਕੇ ਹਾਸੇ ਨੂੰ ਕਾਗ਼ਜ਼ ਦਾ ਬੰਨ੍ਹ ਲੱਗਾ ਹੋਇਆ ਸੀ, ਜਿਹੜਾ ਟੁੱਟ ਜਾਣ ਲਈ ਸੈਣਤ ਦਾ ਧੱਕਾ ਵੀ ਨਹੀਂ ਸਹਾਰਦਾ।

"ਇਹ ਚੰਗੀ ਧੌਂਸ ਏ।" ਬਹਾਲ ਨੇ ਉਸ ਦੀ ਵੱਖੀ ਨੂੰ ਕੁਤਕੁਤਾਰ ਦਿਤਾ।

ਦਰਸ਼ਨ ਨੇ ਹਾਸੇ ਦੀ ਫੁਹਾਰ ਵਿਚ ਇਸ ਤਰ੍ਹਾਂ ਤ੍ਰੀਅਣੀ ਲਈ, ਜਿਵੇਂ ਫ਼ਿਲਮਸਟਾਰ ਨਰਗਸ ਰਾਜਕਪੂਰ ਦੇ ਛੇੜੇ ਜਾਣ ਤੇ ਕਈ ਵਾਰ ਝੰਜੋੜੀ ਜਾਂਦੀ ਹੈ। ਜਦੋਂ ਉਹ ਗਿਲੇ ਸ਼ਿਕਵੇ ਪਿਛੋਂ ਹੱਸ ਕੇ ਹੌਲੇ ਹੋ ਚੁਕੇ, ਤਦ ਬਹਾਲ ਨੇ ਇਕ ਸ਼ੇਖ਼ੀ ਮਾਰ ਦਿਤੀ—

"ਜੇ ਕੁਮਾਰੀ ਤੋਂ ਪਹਿਲਾਂ ਤੇਰਾ ਰੀਕਾਰਡ ਮਾਰਕੀਟ ਵਿਚ ਆ ਜਾਵੇ ?"

"ਮੇਰਾ !" ਦਰਸ਼ਨ ਦਾ ਆਪਾ ਡਰਾਇੰਗ-ਰੂਮ ਵਿਚ ਨਹੀਂ ਰਿਹਾ ਸੀ। ਉਸ ਦੇ ਚਿਹਰੇ ਉਤੇ ਲਹੂ ਦੀਆਂ ਭੰਬੀਰੀਆਂ ਨਿਰਤ ਕਰ ਉਠੀਆਂ। ਫਿਰ ਉਸ ਇਸ ਆਸ ਨੂੰ ਸੱਚ ਕਰਨ ਦੇ ਯਕੀਨ ਨਾਲ ਪੁੱਛਿਆ, "ਤੁਸੀਂ ਅਜਿਹਾ ਕਰ ਸਕਦੇ ਹੋ ?"

'ਕਰ ਸਕਦਾ ਹਾਂ ਜਾਂ ਨਹੀਂ, ਪਰ ਤੇਰੇ ਲਈ ਸੌ ਮੁਸ਼ਕਲਾਂ ਝੱਲ ਕੇ ਵੀ ਕੀਤਾ ਜਾ ਸਕਦਾ ਹੈ।" ਬਹਾਲ ਆਪਣੀ ਪਹੁੰਚ ਤੋਂ ਹੋਰ ਅਗੇ ਵਧ ਗਿਆ।

'ਜੇ ਤੁਸੀਂ ਅਜਿਹਾ ਕਰ ਸਕੋ !' ਉਹ ਕਹਿਣਾ ਚਾਹੁੰਦੀ ਸੀ, 'ਮੈਨੂੰ ਮੁੱਲ ਖ਼ਰੀਦ ਲਵੋਗੇ।' ਉਸ ਦੀਆਂ ਅੱਖਾਂ ਵਿਚ ਸ਼ੁਹਰਤ ਦੀ ਤਾਂਘ ਕਲਵਲ ਹੋ ਉਠੀ :

"ਨਹੀਂ ਦਰਸ਼ਨ ! ਇਹ ਮੇਰੇ ਵਸ ਦੀ ਗੱਲ ਨਹੀਂ।" ਉਸ ਦਰਸ਼ਨ ਨੂੰ ਚਿੜਾਉਣ ਲਈ ਚਿਹਰਾ ਸ਼ਰਾਰਤ ਨਾਲ ਭਰ ਲਿਆ।

ਦਰਸ਼ਨ ਨੇ ਖਿਝ ਕੇ ਦੋ ਤਿੰਨ ਮੁੱਕੀਆਂ ਉਹਦੀ ਹਿੱਕ ਵਿਚ ਧਰ ਦਿਤੀਆਂ ਤੇ ਫਿਰ 'ਜ਼ਾਲਮ' ਆਖਦਿਆਂ ਆਪਣਾ ਸਿਰ ਉਸਦੀ ਛਾਤੀ ਵਿਚ ਮਾਰਿਆ। ਅੰਨ੍ਹਾਂ ਕੀ ਭਾਲੇ ਦੋ ਅੱਖਾਂ, ਉਸ ਦਰਸ਼ਨ ਦਾ ਸਿਰ ਹਿੱਕ ਤੇ ਈ ਘੁਟ ਲਿਆ। ਉਹ ਲੰਮਾ ਹਉਕਾ ਲੈਂਦਾ ਬੋਲਿਆ :

"ਦਰਸ਼ਾਂ ! ਤੂੰ ਜਾਣ ਸਕਦੀ, ਇਸ ਵੇਲੇ ਮੇਰੇ ਦਿਲ 'ਚ ਕੀ ਹੋ ਰਿਹਾ ਏ।"

ਦਰਸ਼ਨ ਇਕ-ਦਮ ਥਰੱਾ ਗਈ। ਉਸ ਘਬਰਾ ਕੇ ਆਪਣਾ ਆਪ ਬਹਾਲ ਦੀ ਬੁੱਕਲ ਵਿਚੋਂ ਖਿੱਚਣਾ ਸ਼ੁਰੂ ਕਰ ਦਿਤਾ। ਬਹਾਲ ਨੇ ਉਸ ਨੂੰ ਹੋਰ ਜ਼ੋਰ ਨਾਲ ਘੁਟ ਲਿਆ ਤੇ ਪਿਆਰ ਪੰਘਰੀ ਭਾਵਨਾ ਵਿਚੋਂ ਆਖਿਆ :

"ਦਰਸ਼ੀ ! ਜੇ ਅਸੀਂ ਇਸ ਤਰ੍ਹਾਂ ਈ ਮਰ ਜਾਈਏ।" ਫਿਰ ਉਸ ਨੂੰ ਖ਼ਿਆਲ ਆਇਆ, 'ਨਾ ਜਾਣੇ ਪਿਆਰ ਦੀ ਇੰਤਹਾ ਸੀਮਾ ਤੇ ਆ ਕੇ ਮਨੁੱਖ ਦਾ ਮਰਨ ਨੂੰ ਕਿਉਂ ਜੀਅ ਕਰ ਆਉਂਦਾ ਏ। ਤੇ ਸਚਮੁੱਚ ਇਸ ਤਰ੍ਹਾਂ ਦੇ ਮਰਨ ਨਾਲੋਂ ਵੱਡੀ ਖ਼ੁਸ਼ੀ ਸ਼ਾਇਦ ਕੋਈ ਹੋਵੇ ਈ ਨਾ। ਕਾਸ਼ ! ਮੈਂ ਇਸ ਤਰ੍ਹਾਂ ਹੀ ਪਿਆਰ ਕਰਦਾ ਖ਼ਤਮ ਹੋ ਜਾਵਾਂ।'

"ਪਿਆਰੇ !" ਦਰਸ਼ਨ ਨੇ ਬਹਾਲ ਨੂੰ ਪਿਆਰ ਵਿਚ ਪੰਘਰਦਿਆਂ ਪੁਕਾਰਿਆ, ਜਿਸ ਨਾਲ ਉਸ ਦੀ ਸਾਰੀ ਜਿਲਦ ਪੁਲਕਾਵਲ ਹੋ ਗਈ। ਦਰਸ਼ਨ ਦੀਆਂ ਅੱਖਾਂ ਵਿਚ ਅਮੋੜ ਨਸ਼ਾ ਸੀ, ਉਸਦੇ ਬੁੱਲ੍ਹਾਂ ਦੇ ਕੋਏ ਲਰਜ਼ੀ ਜਾ ਰਹੇ ਸਨ। "ਪਤਾ ਨਹੀਂ ਤੁਸੀ ਮੈਨੂੰ ਕੀ ਕਰ ਦਿਤਾ, ਮੈਨੂੰ ਆਪਣੀ ਹੋਸ਼ ਨਹੀਂ।" ਦਰਸ਼ਨ ਪਿੱਪਲ ਦੀ ਪਪੀਸੀ ਵਾਂਗ ਕੰਬੀ ਜਾ ਰਹੀ ਸੀ।

Sri Satguru Jagjit Singh Ji eLibrary NamdhariElibrary@gmail.com

"ਹੋਸ਼ 'ਚ ਆਉਣ ਦੀ ਲੋੜ ਕੋਈ ਨਹੀਂ।" ਬਹਾਲ ਦੀ ਪਿਆਰ-ਹਵ੍ਹਾੜ ਦਰਸ਼ਨ ਲਈ ਸਮੀਰ ਬਣੀ ਹੋਈ ਸੀ।

ਦਰਸ਼ਨ ਪਿਆਰ ਵਿਚ ਅਸਲੋਂ ਗੜੂੰਦ ਸੀ।

"ਜੀ ਮੈਨੂੰ ਪਿਆਰ ਵਿਚ ਮਾਰ ਨਸ਼ੰਗ ਦਿਆ ਜੇ, ਪਰ ਰੱਬ ਦੇ ਵਾਸਤੇ ਕਤਲ ਨਾ ਕਰਨਾ।"

"ਮੈਂ ਜੀਉਂਦਾ ਈ ਮਰ ਜਾਵਾਂ ਦਰਸ਼ੀ ! ਤੂੰ ਮੇਰੇ ਸੁਪਨਿਆਂ ਦੀ ਰਾਣੀ ! ਗੀਤਾਂ ਦੀ ਮਲਿਕਾ !!" ਬਹਾਲ ਇਸ ਤਰ੍ਹਾਂ ਦੇਖ ਰਿਹਾ ਸੀ ਕਿ ਦਰਸ਼ਨ ਅੱਖਾਂ ਚੌੜੀਆਂ ਕਰੇ, ਮੈਂ ਵਿਚ ਛਾਲ ਮਾਰ ਦੇਵਾਂ।

ਦਰਸ਼ਨ ਨੇ ਲੰਮਾ ਸਾਹ ਭਰਦਿਆਂ ਆਪਣੇ ਆਪ ਨੂੰ ਸੰਭਾਲਿਆ। ਬਹਾਲ ਦਾ ਹਾਲੇ ਵੀ ਦਰਸ਼ਨ ਦੇ ਮੋਢਿਆਂ 'ਤੇ ਸਿਰ ਰਖਿਆ ਹੋਇਆ ਸੀ।

"ਮੈਂ ਕਿਹਾ ਘਰ ਦੇ ?"

"ਪਿਤਾ ਜੀ ਤੇ ਬੇ ਜੀ ਪਿੰਡ ਹਨ, ਗੁਰਦਰਸ਼ਨ ਸਕੂਲ।"

"ਜੇ ਤੂੰ ਨਿੱਤ ਹੀ ਕੋਠੀ ਇਕੱਲੀ ਹੋਇਆ ਕਰੇਂ।" ਬਹਾਲ ਦੀ ਤਾਂਘ ਵਿਚ ਪਿਆਰ ਘਟ ਤੇ ਭੁੱਖ ਬਹੁਤੀ ਸੀ।

"ਜੇ ਸਾਰਾ ਲੁਧਿਆਣਾ ਈ ਉਜਾੜ ਹੋ ਜਾਵੇ, ਫਿਰ ਨਹੀਂ ਠੀਕ ?" ਦਰਸ਼ਨ ਨੇ ਚੋਟ ਕੀਤੀ।

"ਹੋ ਜਾਵੇ ਤਾਂ ਚੰਗਾ ਈ ਏ।" ਬਹਾਲ ਨਾ ਆਖਣ ਤੇ ਵੀ ਕਹਿ ਹੀ ਗਿਆ।

"ਤਾਂ ਤੁਸੀ ਉੱਲੂ ਦੀ ਕਿਸਮ 'ਚੋਂ ਹੋ।" ਦਰਸ਼ਨ ਆਪਣੀ ਤਰ੍ਹਾਂ ਦੇ ਜ਼ਬਤ ਵਿਚ ਅੱਖਾਂ ਰਾਹੀਂ ਹੱਸ ਰਹੀ ਸੀ।

"ਹਿੱਛਤ !" ਬਹਾਲ ਪੂਰੀ ਚੋਟ ਖਾ ਗਿਆ। "ਤੂੰ ਫਿਰ ਕੀ ਹੋਵੇਂਗੀ ?"

"ਮੈਂ ਉਹ ਸ਼ਹਿਜ਼ਾਦੀ ਹੋਵਾਂਗੀ, ਜਿਸ ਦੀ ਖ਼ਾਤਰ ਪ੍ਰੇਮੀ ਦਿਓ ਨੇ ਸਾਰੇ ਦੇ ਸਾਰੇ ਸ਼ਹਿਰ ਨੂੰ ਮਾਰ ਦਿਤਾ ਸੀ ਤੇ ਉਸ ਨੂੰ ਕੈਦੀ ਬਣਾ ਕੇ ਮਾਰ ਧਾੜ ਲਈ ਚਲਿਆ ਜਾਂਦਾ ਸੀ।" ਦਰਸ਼ਨ ਨੇ ਥੋੜੀ ਚੁੱਪ ਵੱਟ ਲਈ।

"ਤਾਂ ਮੈਂ ਹੁਣ ਦਿਉ ਹੋਇਆ ?" ਬਹਾਲ ਨੇ ਥੋੜ੍ਹਾ ਮੂੰਹ ਫੁਲਾਇਆ।

"ਆਪਣੀ ਖ਼ਾਹਸ਼ ਮੁਤਾਬਕ !"

ਬਹਾਲ ਨੇ ਸ਼ਰਾਰਤ ਨਾਲ ਦੋਵੇਂ ਹੱਥ ਉਸ ਦੇ ਕੇਸਾਂ ਵਿਚ ਪਾ ਲਏ ਅਤੇ ਉਨ੍ਹਾਂ ਨੂੰ ਮਾਮੂਲੀ ਝਟਕਾ ਦੇਂਦਿਆ ਕਿਹਾ :

"ਮੇਰੀ ਕੈਦਣ !"

ਦਰਸ਼ਨ ਦੀ ਹਲਕੀ ਜਿਹੀ ਚੀਕ ਨਿਕਲ ਗਈ। ਬਹਾਲ ਨੇ ਫਿਰ ਝਟਕਾ ਮਾਰਿਆ।

"ਦਿਉ ਇਸ ਤਰ੍ਹਾਂ ਵੀ ਖਿੱਚਿਆ ਕਰਦਾ ਹੈ।" ਉਨ੍ਹਾਂ ਦੋਹਾਂ ਦਾ ਸਾਂਝਾ ਹਾਸਾ ਇਕ ਦੂਜੇ ਉਤੇ ਡੁੱਲ੍ਹ ਪਿਆ।

ਦਰਸ਼ਨ ਦੇ ਪਿਆਰ ਵਿਚ ਆ ਕੇ ਬਹਾਲ ਨੂੰ ਆਪਣੀਆਂ ਪਿਛਲੀਆਂ ਉਪਾਧੀਆਂ ਤੇ ਸ਼ਰਮ ਆਉਣ ਲਗ ਪਈ। ਉਸ ਮਨ ਵਿਚ ਸੰਕਲਪ ਕੀਤਾ ਕਿ ਉਹ ਦਰਸ਼ਨ ਨੂੰ ਹੀ ਸਚੇ ਦਿਲੋਂ ਪਿਆਰ ਕਰੇਗਾ। ਅਜਿਹੀ ਭੋਲੀ ਤੇ ਅੱਲ੍ਹੜ ਕੁੜੀ ਨੂੰ ਧੋਖਾ

Sri Satguru Jagjit Singh Ji eLibrary NamdhariElibrary@gmail.com

ਦੇਣਾ ਉਸ ਬੱਜਰ ਪਾਪ ਖ਼ਿਆਲ ਕੀਤਾ। ਫਿਰ ਉਸ ਨੂੰ ਆਪਣੀ ਪਤਨੀ ਦਾ ਚੇਤਾ ਆਇਆ। 'ਕੀ ਪਤਨੀ ਹੁੰਦਿਆਂ ਪਿਆਰ ਕਰਨਾ ਦੋਸ਼ ਹੈ ? ਇਸ ਤਰ੍ਹਾਂ ਕੋਈ ਵੀ ਵਿਸਾਹਘਾਤੀ ਹੋ ਜਾਂਦਾ ਏ ? ਪਰ ਇਹ ਕੀ ਜ਼ਬਰਦਸਤੀ ਹੈ, ਜਿਸ ਨਾਲ ਦਿਲ ਨਹੀਂ ਮਿਲਦਾ, ਖ਼ਿਆਲ ਨਹੀਂ ਮਿਲਦੇ, ਆਦਮੀ ਨੂੰ ਇਕ ਭਾਰ ਚੁੱਕਣ ਲਈ ਮਜਬੂਰ ਕੀਤਾ ਜਾਵੇ। ਇਹ ਸਾਲਾ ਸਮਾਜ ਹੀ ਓਵਰਹਾਲ ਕਰਨ ਵਾਲਾ ਹੈ। ਮੈਨੂੰ ਪੱਕੀ ਆਸ ਹੈ, ਇਹ ਹੋ ਕੇ ਰਹੇਗਾ।'

ਐਨ ਏਸੇ ਸਮੇਂ ਵਿਚਕਾਰ ਦਰਸ਼ਨ ਨੂੰ ਖ਼ਿਆਲ ਆਇਆ, 'ਜੇ ਹੁਣ ਪ੍ਰਕਾਸ਼ ਆ ਜਾਵੇ।' ਭੈ ਦੇ ਪਰਛਾਵੇਂ ਨੇ ਉਸ ਨੂੰ ਇਕ ਪਲ ਕਾਲੀ ਕਰ ਦਿਤਾ। 'ਉਹ ਕਿਤਾਬਾਂ ਦਾ ਕੀੜਾ ਏ, ਉਸ ਨੂੰ ਵੇਹਲ ?......ਮੈਂ ਉਸ ਨੂੰ ਪਿਆਰ ਕਰ ਸਕਦੀ ਹਾਂ ?....ਹੁਣ ਨਹੀਂ, ਉਸ ਨੂੰ ਆਪਣੀ ਸਿਆਣਪ ਦਾ ਵੀ ਕੁਝ ਵਧੇਰੇ ਈ ਮਾਣ ਸੀ। ਮੈਂ ਉਸ ਨੂੰ ਪਿਆਰ ਕਰਨ ਦਾ ਕਿੰਨਾ ਯਤਨ ਕੀਤਾ, ਪਰ ਮੈਂ ਉਸ ਨੂੰ ਕਦੇ ਵੀ ਚੰਗੀ ਨਾ ਲਗੀ। ਹੁਣ ਉਸ ਦਾ ਖ਼ਿਆਲ ਕਰਨ ਦੀ ਵੀ ਲੋੜ ਨਹੀਂ।' ਉਸ ਅੱਖਾਂ ਮੀਟ ਕੇ ਉਸ ਨੂੰ ਭੁੱਲ ਜਾਣ ਦਾ ਯਤਨ ਕੀਤਾ, ਪਰ ਉਹ ਹਿੱਕ ਵਿਚ ਗੁਲਾਬ ਦੇ ਕੰਡੇ ਵਾਂਗ ਰੜਕਦਾ ਹੀ ਰਿਹਾ। ਕਈ ਵਾਰ ਨਫ਼ਰਤ ਵੀ ਪਿਆਰ ਨੂੰ ਗੋਦੀ ਪਾ ਕੇ ਪਾਲਦੀ ਹੈ।

ਬਹਾਲ ਆਪਣੇ ਖ਼ਿਆਲਾਂ ਦੀ ਰੌਂਅ ਵਿਚ ਉਠ ਕੇ ਟਹਿਲਣ ਲਗ ਪਿਆ। ਜਿਉਂ ਹੀ ਉਸ ਪੈਂਟ ਦੀ ਜੇਬ ਵਿਚ ਹੱਥ ਪਾਇਆ, ਉਸ ਦਾ ਅੰਗ ਫ਼ਰਕ ਪਿਆ। ਉਸ ਦਰਸ਼ਨ ਨੂੰ ਆਖਿਆ :

"ਮੂੰਹ ਸ਼ੀਸ਼ੇ ਵਲ ਕਰ ਲੈ ?"

"ਕਿਉਂ ?"

"ਦਿਉ ਆਉਣ ਵਾਲਾ ਹੈ।" ਬਹਾਲ ਖ਼ਾਮੋਸ਼ੀ ਵਿਚ ਖਿੜਿਆ ਖਿੜਿਆ ਪਿਆ ਸੀ। ਦਰਸ਼ਨ ਸ਼ੀਸ਼ੇ ਵਲ ਭੌਂ ਗਈ। "ਅੱਖਾਂ ਵੀ ਮੀਟ ਲਵੋ ?" ਉਸ ਅੱਖਾਂ ਵੀ ਬੰਦ ਕਰ ਲਈਆਂ। ਦਰਸ਼ਨ ਖ਼ੁਸ਼ੀ ਭਰੇ ਲਮਹੇ ਨੂੰ ਉਡੀਕ ਰਹੀ ਸੀ।

ਬਹਾਲ ਨੇ ਜੇਬ ਵਿਚੋਂ ਹਾਥੀ-ਦੰਦ ਦੀ ਕੈਂਠੀ ਕਢ ਲਈ। ਉਸ ਦੇ ਵਿਚਕਾਰ ਪਾਨ-ਪੱਤੇ ਦੀ ਸ਼ਕਲ ਬਣੀ ਹੋਈ ਸੀ। ਉਸ ਦਰਸ਼ਨ ਦੇ ਗਲ ਪਾ ਕੇ ਬਟਨ ਮਾਰ ਦਿਤਾ। ਦਰਸ਼ਨ ਨੇ ਉਂਗਲਾਂ ਨਾਲ ਟੋਂਹਦਿਆਂ, ਜਦ ਅੱਖਾਂ ਪੁੱਟੀਆਂ, ਉਹ ਬਿਲਕੁਲ ਸ਼ਹਿਜ਼ਾਦੀ ਦਿੱਸ ਰਹੀ ਸੀ। ਬਹਾਲ ਉਸ ਦੇ ਪਿਛੇ ਖ਼ੁਸ਼ੀ ਦਾ ਚਿੱਤਰ ਬਣਿਆ ਖਲੋਤਾ ਸੀ। ਦਰਸ਼ਨ ਨੂੰ ਏਨਾ ਪਿਆਰ ਆਇਆ ਕਿ ਉਸ ਖਲੋਤੀ ਖਲੋਤੀ ਨੇ ਆਪਾ ਬਹਾਲ ਉਤੇ ਉਲਾਰ ਦਿਤਾ। ਬਹਾਲ ਦੀ ਮਸਤੀ ਗੁਣਗੁਣਾ ਪਈ ਤੇ ਉਸ ਸਿਰ ਮਾਰਦਿਆਂ ਗਾਉਣ ਦਾ ਯਤਨ ਕੀਤਾ :

"ਮੇਰਾ ਨੀਲ ਕੰਵਲ ਮੁਸਕਾਏ ! ਮੇਰਾ.......।

ਉਸ ਦੇ ਮੂੰਹੋਂ ਗੀਤ ਨਿਕਲਿਆ ਹੀ ਸੀ, ਦਰਸ਼ਨ ਨੇ ਸਤਾਰ ਚੁਕ ਲਿਆਂਦੀ। ਉਸ ਬਰਾਬਰ ਬਹਿਕੇ ਸਤਾਰ ਛੇੜੀ ਹੀ ਸੀ ਕਿ ਬਾਹਰੋਂ ਆਵਾਜ਼ ਪੈ ਗਈ।

"ਸਰਦਾਰ ਜੀ !" ਕਿਸੇ ਦੂਜੀ ਵਾਰ ਪੁਕਾਰਿਆ।

"ਇਹ ਕੌਣ ਕੰਬਖ਼ਤ ਮਰ ਗਿਆ।" ਬਹਾਲ ਇਸ ਵੇਲੇ ਬਹੁਤ ਹੀ ਔਖਾ ਹੋ ਕੇ ਬਾਹਰ ਨਿਕਲਿਆ।

Sri Satguru Jagjit Singh Ji eLibrary NamdhariElibrary@gmail.com

ਉਸ ਦੇਖਿਆ, ਰਾਮ ਨਾਥ ਸਿਪਾਹੀ ਖਲੋਤਾ ਸੀ। ਉਹ ਜਦੋਂ ਵੀ ਥਾਣੇ ਤੋਂ ਬਾਹਰ ਕਿਤੇ ਜਾਂਦਾ ਹਮੇਸ਼ਾ ਆਪਣੇ ਵਿਸ਼ਵਾਸ-ਪਾਤਰ ਰਾਮ ਨਾਥ ਨੂੰ ਦੱਸ ਕੇ ਜਾਇਆ ਕਰਦਾ ਸੀ, ਤਾਕਿ ਜ਼ਰੂਰੀ ਹਾਲਤ ਵਿਚ ਫ਼ੌਰਨ ਉਸ ਨੂੰ ਪਤਾ ਕੀਤਾ ਜਾ ਸਕੇ। ਉਸ ਨੂੰ ਦੇਖਦਿਆਂ ਹੀ ਸੰਘ ਖ਼ੁਸ਼ਕ ਹੋ ਗਿਆ। ਉਸ ਸਮਝਿਆ, ਸ਼ਹਿਰ ਕੋਈ ਹਾਦਸਾ ਹੋ ਗਿਆ। ਉਹ ਵਗ ਕੇ ਕੋਲ ਗਿਆ।

"ਕੀ ਗੱਲ ਏ ?"

"ਆਹ ਜੀ ਤਾਰ ਏ ਤੁਹਾਡੇ ਨਾਂ, ਮੈਂ ਕਿਹਾ ਕੋਈ ਜ਼ਰੂਰੀ.......।" ਅਗੇ ਰਾਮ ਨਾਥ ਨੇ ਵਾਕ ਅਧੂਰਾ ਛੱਡ ਦਿਤਾ। ਲਿਫ਼ਾਫ਼ਾ ਪਾੜਦਿਆਂ ਬਹਾਲ ਦੇ ਹੱਥ ਕੰਬ ਗਏ। ਲਿਖਿਆ ਸੀ :

"ਪ੍ਰੀਤਮ ਕੋਲ ਗੁੱਡੀ ਹੈ।"

ਉਹ ਪੜ੍ਹ ਕੇ ਸੰਜੀਦਾ ਹੋ ਗਿਆ। ਉਸ ਨੂੰ ਮੁੰਡਾ ਹੋਣ ਦੀ ਪੂਰੀ ਆਸ ਸੀ ਅਤੇ ਉਸ ਲੜਕਾ ਪੈਦਾ ਹੋਣ ਵਾਲੀਆਂ ਦਵਾਈਆਂ ਵੀ ਘੱਲੀਆਂ ਸਨ।

'ਸੁਖ ਤਾਂ ਹੈ ਜੀ ?" ਰਾਮ ਨਾਥ ਨੇ ਸੁਭਾਵਕ ਪੁੱਛਿਆ।

"ਹਾਂ ਠੀਕ ਠਾਕ ਹੈ, ਤੂੰ ਚਲ ਮੈਂ ਹੁਣੇ ਆਉਂਦਾ ਆਂ।"

ਸਿਪਾਹੀ ਚਲਿਆ ਗਿਆ। ਉਸ ਤਾਰ ਮਰੋੜ ਕੇ ਜੇਬ ਵਿਚ ਪਾ ਲਈ, ਜਿਵੇਂ ਚੋਰੀ ਦਾ ਮਾਲ ਲੁਕਾਉਣ ਵਿਚ ਈ ਭਲਾਈ ਸੀ। ਉਸ ਨੂੰ ਕਦਮਾਂ ਨਾਲ ਰਸਾ ਬੱਝ ਗਿਆ ਜਾਪਦਾ ਸੀ। ਉਹ ਮਸਾਂ ਅੰਦਰ ਆਇਆ ਤੇ ਦਰਸ਼ਨ ਦੀ ਹੈਰਾਨੀ ਤੇ ਵੀ ਖ਼ਾਮੋਸ਼ ਹੀ ਰਿਹਾ। ਫਿਰ ਉਸ ਨੂੰ ਖ਼ਿਆਲ ਆਇਆ ਮੇਰੀ ਚੋਰੀ ਨਾ ਫੜੀ ਜਾਵੇ। ਉਸ ਦਰਸ਼ਨ ਨਾਲ ਨਵੀਂ ਐਕਟਿੰਗ ਸ਼ੁਰੂ ਕਰ ਦਿਤੀ।

11

ਚਾਚਾ ! ਪਤਾ ਏ, ਤੈਨੂੰ ਕਿਹੜੀ ਗੱਲੋਂ ਸਪੈਸ਼ਲੀ ਜਲੰਧਰੋਂ ਸੱਦਿਆ ਏ।" ਬਹਾਲ ਨੇ ਵਿੰਡਸਰ ਹੋਟਲ ਦੀ ਇਕ ਕੈਬਿਨ ਵਿਚ ਵੜਦਿਆਂ ਪਪੀਹੇ ਨੂੰ ਆਖਿਆ। ਬੈਰ੍ਹਾ ਉਨ੍ਹਾਂ ਦੇ ਪਿਛੇ ਪਿਛੇ ਆਰਡਰ ਲੈਣ ਆ ਰਿਹਾ ਸੀ।

"ਜਿਹੜਾ ਪਹਿਲੋਂ ਈ ਚਾਚਾ ਚਾਚਾ ਕਰਦਾ ਏਂ, ਕੋਈ ਪਹਾੜ ਪਟੇਂਗਾ ਨਾ।" ਪਪੀਹੇ ਨੇ ਪੱਗ ਲਾਹਕੇ ਨਾਲ ਦੀ ਕੁਰਸੀ ਤੇ ਰਖ ਦਿਤੀ।

"ਸਾਅਬ, ਕੀ ਆਡਰ ਏ ?" ਬੈਰ੍ਹੇ ਨੇ ਮਾਮੂਲੀ ਸਿਰ ਝੁਕਾ ਦਿਤਾ।

"ਦੋ ਪਲੇਟਾਂ ਬਰਫ਼, ਚਾਰ ਸੋਡੇ, ਪਾਣੀ ਦਾ ਜੱਗ ਤੇ ਦੋ ਆਮਲੇਟ, ਹੋਰ ਬਸ।" ਬਹਾਲ ਨੇ ਖ਼ਾਕੀ ਲਫ਼ਾਫ਼ੇ ਵਿਚੋਂ ਵਿਸਕੀ ਦਾ ਅਧੀਆ ਕੱਢ ਕੇ ਮੇਜ਼ ਦੇ ਵਿਚਕਾਰ ਟਿਕਾ ਦਿਤਾ। ਦਿਨ ਛਿਪ ਚੁਕਾ ਸੀ ਤੇ ਕਮਰੇ ਵਿਚ ਥੋੜਾ ਅੰਨ੍ਹੇਰਾ ਅਨੁਭਵ ਕਰਦਿਆਂ, ਜਾਣ ਤੋਂ ਪਹਿਲਾਂ ਬੈਰੇ ਨੇ ਬਿਜਲੀ ਜਗਾ ਦਿਤੀ।

"ਚਾਚਾ ! ਤੇਰੇ ਗੋਚਰਾ ਕੰਮ ਆ ਪਿਆ ਏ।"

"ਇਹ ਤਾਂ ਦਿਸਦਾ ਈ ਏ ਤੂੰ ਮੂੰਹੋਂ ਫੁਟ।" ਪਪੀਹੇ ਨੇ ਗੇੜਾ ਦੇ ਕੇ ਅੱਧੀਏ ਦਾ

Sri Satguru Jagjit Singh Ji eLibrary NamdhariElibrary@gmail.com

ਪੇਚ ਲਾਹ ਦਿਤਾ ਅਤੇ ਨੱਕ ਨੂੰ ਲਾਂਦਿਆਂ ਬੁੱਲ੍ਹਾਂ ਦਾ ਘਸੁੰਨ ਬਣਾ ਲਿਆ।

"ਮੈਂ ਦਰਸ਼ਨ ਨੂੰ ਕਹਿ ਬੈਠਾਂ ਹਾਂ, ਤੇਰਾ ਰੀਕਾਰਡ ਭਰਵਾ ਦਿਆਂਗੇ। ਤੂੰ ਕੋਈ ਢੋ ਬੇਲਾ ਲਾ, ਆਪਣਾ ਗੀਤ ਦੇਹ, ਕਿਸੇ ਨੂੰ ਮਿਲ ਮਿਲਾ, ਨਹੀਂ ਤਾਂ ਮਿੱਤਰਾਂ ਦੀ ਬੇੜੀ ਰੜੇ ਮੈਦਾਨ ਡੁੱਬਦੀ ਏ।" ਬਹਾਲ ਨੇ ਹੋਣੀ ਦਾ ਨਚੋੜ ਕਰ ਦਿਤਾ।

"ਪਹਿਲੀ ਗੱਲ, ਮੇਰੀ ਨਿੱਗਰ ਵਾਕਫ਼ੀ ਨਹੀਂ, ਦੂਜੇ ਤੇਰੀ ਮੱਤ ਮਾਰੀ ਏ। ਉਹਦਾ ਗਾਣਾ ਕਿਵੇਂ ਰਿਕਾਰਡ ਹੋ ਸਕਦਾ ਏ, ਗਲਾ ਕੱਚਾ, ਬੇਸੁਰਾ ਗਾਉਣਾ। ਇਹ ਵੱਖਰੀ ਗੱਲ ਏ ਕਿ ਕੁੜੀ ਏ ਤੇ ਸਟੇਜ ਤੇ ਹਲਕੇ ਗੀਤ ਗਾ ਲੈਂਦੀ ਏ।" ਪਪੀਹੇ ਦੀ ਗੱਲ-ਬਾਤ ਦੋਹਰਾ ਇਨਕਾਰ ਬਣੀ ਹੋਈ ਸੀ।

"ਬੈਰ੍ਹੇ ਨੇ ਸਾਰੀਆਂ ਚੀਜ਼ਾਂ ਮੇਜ਼ ਤੇ ਟਿਕਾ ਦਿਤੀਆਂ। ਪਪੀਹੇ ਨੇ ਗਲਾਸ ਖਿੱਚ ਕੇ ਪੈੱਗ ਪਾਏ ਅਤੇ ਸੋਡੇ ਦੀ ਇਕ ਬੋਤਲ ਖੋਲ੍ਹਕੇ ਗਲਾਸ ਗਲ੍ਹ-ਗਸੇ ਕਰ ਲਏ।

"ਬਰਫ਼ ਆਪਣੀ ਮਰਜ਼ੀ ਨਾਲ ਪਾ ਲੈ।" ਪਪੀਹੇ ਨੇ ਪਲੇਟ ਆਪਣੇ ਸਾਥੀ ਵਲ ਧੱਕ ਦਿਤੀ।

"ਬਰਫ਼ ਨੂੰ ਮਾਰ ਗੋਲੀ, ਤੂੰ ਕੰਮ ਦੀ ਗੱਲ ਕਰ।"

"ਕਦੇ ਕਦੇ ਛੋਕਰੀਆਂ ਵਾਲੀਆਂ ਕੱਚੀਆਂ ਗੱਲਾਂ ਕਰਨ ਲਗ ਜਾਨਾਂ ਏਂ।"

"ਤੁਹਾਨੂੰ ਫਾਹੇ ਲਾਉਣ ਨੂੰ ਰਖਿਆ ਹੈ।" ਬਹਾਲ ਨੇ ਨਹੋਰਾ ਜਣਾਇਆ। ਪਪੀਹੇ ਨੇ ਗਲਾਸ ਮੂੰਹ ਨਾਲੋਂ ਲਾਹੁੰਦਿਆਂ ਹੀ ਗਾਲ੍ਹ ਕੱਢ ਮਾਰੀ :

"ਤੂੰ........,ਤੂੰ ਮੈਨੂੰ ਦੁੱਖੀ ਦੱਲਾ ਸਮਝਿਆ ਏ ?" ਪਪੀਹੇ ਦੀਆਂ ਬੱਗੀਆਂ ਬੱਗੀਆਂ ਅੱਖਾਂ ਵੇਖ ਕੇ ਬਹਾਲ ਦਾ ਹਾਸਾ ਨਿਕਲ ਗਿਆ।

"ਬੱਚੂ, ਵਿਸਕੀਆਂ ਨਹੀਂ ਮਿਲਣੀਆਂ ਫੇਰ।"

"ਹਰਾਮੀਆਂ ! ਬਜ਼ੁਰਗਾਂ ਨੂੰ ਤਮੀਜ਼ ਨਾਲ ਬੁਲਾ।" ਪਪੀਹਾ ਮੁੱਛਾਂ ਚੂਸਣ ਲੱਗ ਪਿਆ। ਸਮੇਂ ਤੋਂ ਪਹਿਲਾਂ ਹੀ ਨਸ਼ੇ ਦੀ ਤਾਰ ਨੂੰ ਅੱਖਾਂ ਵਿਚ ਲਿਆਉਂਦਿਆਂ ਫਿਰ ਬੋਲਿਆ, "ਯਾਰੀ ਦੇ ਜ਼ੋਰ ਜੋ ਮਰਜ਼ੀ ਕਰਵਾ ਲੈ, ਤੂੰ ਵਿਸਕੀ ਦੇ ਲਾਲਚ ਦੇ ਕੇ ਦੱਲ-ਪੁਣਾ ਕਰਵਾਉਣ ਨੂੰ ਫਿਰਦਾ ਏਂ ? ਸਾਲਿਆ, ਜਾਣ-ਜਾਣ ਸਾਡੀ ਗ਼ੈਰਤ ਨੂੰ ਛੇੜਦਾ ਏਂ।

"ਵੇਖ ਓਏ ਚਾਚੇ ਦਿਆ ਪੁੱਤਰਾ, ਪਹਿਲਾਂ ਹੋਸ਼ ਨਾਲ ਗੱਲ ਕਰਨੀ ਸਿਖ। ਮੈਂ ਉਸ ਕੁੜੀ ਨੂੰ ਪਿਆਰ ਕਰਦਾ ਹਾਂ ਤੇ ਸੱਚੇ ਦਿਲੋਂ, ਈਮਾਨ ਨਾਲ। ਤੂੰ ਚਾਚਾ ਦਾੜ੍ਹੀ ਹੱਥ ਲਵਾ ਲੈ, ਕੋਈ ਸਬੀਲ ਕੱਢ ਤੇ ਕੰਮ ਬਣਾ ਦੇ। ਥੋੜਾ ਬਹੁਤ ਖ਼ਰਚ ਮੈਂ ਕਰ ਦਿਆਂਗਾ।"

"ਜਿਹੜੀ ਗੱਲ ਬਹਾਲ ਹੋ ਨਹੀਂ ਸਕਦੀ, ਉਸ ਦੇ ਕਰਨ ਦਾ ਫ਼ਾਇਦਾ ?"

"ਮੈਂ ਦਿੱਲੀ ਦਾ ਇਕ ਹਫ਼ਤੇ ਦਾ ਪਰੋਗਰਾਮ ਬਣਾ ਚੁੱਕਾ ਹਾਂ, ਜੇ ਇਹ ਪਰੋਗਰਾਮ ਕੈਂਸਲ ਹੋ ਗਿਆ, ਸਾਰਾ ਸੁਆਦ ਮਾਰਿਆ ਜਾਵੇਗਾ। ਮੈਂ ਤੇ ਦਰਸ਼ਨ ਦੋਵੇਂ ਹੀ ਹੋਵਾਂਗੇ।" ਬਹਾਲ ਨੇ ਆਪਣੀ ਖ਼ਾਹਸ਼ ਦੀਆਂ ਸਾਰੀਆਂ ਕੰਨੀਆਂ ਨੰਗੀਆਂ ਕਰ ਦਿਤੀਆਂ।

"ਹਾਂ, ਐਨਾ ਤਾਂ ਹੋ ਸਕਦਾ ਏ, ਕੁੜੀ ਦੀ ਆਵਾਜ਼ ਟੈੱਸਟ ਕਰਕੇ ਮੋੜ ਦੇਣ।" ਪਪੀਹੇ ਨੇ ਬਹਾਲ ਦੀ ਡੁੱਬਦੀ ਬੇੜੀ ਨੂੰ ਆਸ ਦਾ ਚੱਪੂ ਮਾਰਿਆ।

Sri Satguru Jagjit Singh Ji eLibrary NamdhariElibrary@gmail.com

"ਉਹ ਕਿਸ ਤਰ੍ਹਾਂ ?" ਬਹਾਲ ਦਾ ਮੱਥਾ ਲਿਸ਼ਕ ਪਿਆ ਤੇ ਉਸ ਦੂਜਾ ਪੈਗ ਪਾਉਣਾ ਸ਼ੁਰੂ ਕਰ ਦਿਤਾ।

"ਹਿਜ਼ ਮਾਸਟਰ ਵਾਇਸ ਵਾਲਿਆਂ ਦੇ ਮੇਰਾ ਇਕ ਯਾਰ ਹੈ, ਭਾਪਾ ਭੂਸ਼ਣ। ਉਹ ਆਵਾਜ਼ ਟੈਸਟ ਕਰਨ ਤੇ ਲੱਗਾ ਹੋਇਆ ਏ। ਹੈ ਤਾਂ ਰਾਵਲਪਿੰਡੀਆ, ਪਰ ਤੇਰਾ ਕੰਮ ਕੱਢ ਦੇਵੇਗਾ। ਇਕ ਅੱਧਾ ਗੀਤ ਗਵਾ ਕੇ ਤੁਹਾਨੂੰ ਤਸੱਲੀ ਦੁਆ ਦੇਵੇਗਾ, ਬਈ ਹੋਰ ਪ੍ਰੈਕਟਿਸ ਦੀ ਲੋੜ ਹੈ।" ਬਹਾਲ ਨੂੰ ਨਿਰਾਸ ਜਿਹਾ ਵੇਖ ਕੇ ਉਸ ਫਿਰ ਕਿਹਾ, "ਮੈਂ ਉਸ ਨੂੰ ਜ਼ਾਤੀ ਚਿੱਠੀ ਲਿਖ ਦਿਆਂਗਾ। ਉਹ ਤੇਰਾ ਪਰਦਾ ਰਖ ਲਵੇਗਾ।" ਉਸ ਹੌਸਲਾ ਦੇਂਦਿਆਂ ਵਾਂਗ ਸਮਝਾਇਆ।

"ਚੱਲ ਜਾਂਦੇ ਚੋਰ ਦੀ ਤੜਾਗੀ ਹੀ ਸਹੀ।" ਬਹਾਲ ਨੇ ਵਾਹ ਨਾ ਜਾਂਦੀ ਵੇਖ ਕੇ ਪੰਨੀ ਨੂੰ ਹੱਥ ਪਾ ਲਿਆ। "ਮੈਂ ਏਥੋਂ ਇਹ ਕਹਿ ਕੇ ਲੈ ਜਾਵਾਂਗਾ ਕਿ ਗਾਣਾ ਰੀਕਾਰਡ ਹੋ ਜਾਵੇਗਾ, ਓਥੇ ਤੇਰਾ ਭੂਸ਼ਣ ਕੋਈ ਤਸੱਲੀ-ਬਖ਼ਸ਼ ਬਹਾਨਾ ਘੜ ਲਵੇ।"

"ਓਥੇ ਨਿੱਤ ਇਹੋ ਜਿਹਾ ਲੁੱਚ-ਪੁਣਾ ਹੁੰਦਾ ਏ।" ਪਪੀਹੇ ਨੇ ਕੋਰੀ ਕਰਾਰੀ ਬਹਾਲ ਦੇ ਮੂੰਹ ਤੇ ਮਾਰ ਦਿਤੀ।

ਤੂੰ ਸਾਡੇ ਪਿਆਰ ਨੂੰ ਏਨਾ ਨੀਵਾਂ ਸਮਝਦਾ ਏਂ ?" ਬਹਾਲ ਨੇ ਨੱਕ ਚੜ੍ਹਾਇਆ।

"ਮੇਰਾ ਸਿਰ ਚੋਟਾਂ ਖਾ ਖਾ ਗੰਜਾ ਹੋਇਆ ਏ। ਮੈਂ ਇਸ ਲਚਰਵਾਦ ਵਿਚ ਲੱਕ ਤਕ ਖੁਭਿਆ ਵੀ ਪਾਕ ਰਿਹਾ ਹਾਂ। ਪੁੱਤਰਾ, ਮੈਨੂੰ ਮੀਸਣਾ ਹੋ ਹੋ ਕੀ ਦਸਦਾ ਏਂ।" ਪਪੀਹੇ ਨੇ ਆਪਣਾ ਚੌੜਾ ਮੂੰਹ ਦੋਹਾਂ ਹੱਥਾਂ 'ਚ ਫੜ ਕੇ ਹੋਰ ਚੌੜਾ ਕਰ ਲਿਆ। ਉਹ ਲੱਖ ਐਬੀ ਸੀ, ਪਰ ਮੂੰਹ ਤੇ ਮਾਰ ਦੇਣ ਦੀ ਸਿਫ਼ਤ ਉਸ ਨੂੰ ਕਈ ਵਾਰ ਬੰਦਾ ਵੀ ਬਣਾ ਜਾਂਦੀ ਸੀ।

"ਮੈਨੂੰ ਇਕ ਗੱਲ ਯਾਦ ਆਈ ਏ ਰੁਕਨਦੀਨਾ।" ਬਹਾਲ ਨੇ ਸਹਿਜ ਨਾਲ ਆਖਿਆ। ਪਪੀਹੇ ਨੇ ਹੁੰਗਾਰਾ ਭਰਨਾ ਜ਼ਰੂਰੀ ਨਾ ਸਮਝਿਆ, ਪਰ ਧਿਆਨ ਵਲ ਕਰ ਲਿਆ। "ਬੰਦਾ ਤੂੰ ਕਾਬਿਲੇ-ਇਤਬਾਰ ਤਾਂ ਨਹੀਂ, ਪਰ ਗੱਲ ਤੈਨੂੰ ਸੁਣਾਈ ਜਾ ਸਕਦੀ ਐ।" ਬਹਾਲ ਪਪੀਹੇ ਦੀਆਂ ਕੈਲੀਆਂ ਨਜ਼ਰਾਂ ਵੇਖ ਕੇ ਮੁਸਕਾ ਗਿਆ। "ਪਰਸੋਂ ਰਾਮ ਨਾਥ ਸਿਪਾਹੀ ਦਾ ਟਾਂਗੇ ਨਾਲ ਐਕਸੀਡੈਂਟ ਹੋ ਗਿਆ। ਉਸ ਦੀ ਇਕ ਲੱਤ ਤੇ ਕਾਫ਼ੀ ਜ਼ਖ਼ਮ ਆ ਗਿਆ। ਤੈਨੂੰ ਪਤਾ ਈ ਏ, ਆਪਣਾ ਉਹ ਮੁੰਡਾ ਬੇਲੀ ਐ। ਮੈਂ ਉਸ ਨੂੰ ਸਿਵਲ ਹਸਪਤਾਲ ਲੈ ਗਿਆ। ਪੱਟੀ ਕਰਨ ਵੇਲੇ ਡਾਕਟਰ ਨਾਲ ਇਕ ਨਰਸ-ਕੁੜੀ ਮਦਦ ਕਰ ਰਹੀ ਸੀ। ਮੈਂ ਉਨ੍ਹਾਂ ਦੇ ਬਰਾਬਰ ਖਲੋਤਾ ਸੀ। ਡਾਕਟਰ ਥੋੜਾ ਚਿਰ ਪਹਿਲਾਂ ਚਲਿਆ ਗਿਆ, ਨਰਸ ਹਾਲੇ ਪੱਟੀ ਕੱਸ ਕੇ ਬੰਨ੍ਹ ਰਹੀ ਸੀ। ਕੁੜੀ ਦਾ ਹੁਸਨ ਤੇ ਉਸ ਤੇ ਵੀ ਸਾਦਗੀ ਦਾ ਜਾਦੂ, ਬਸ ਗੱਲ ਖ਼ਤਮ ਐ। ਭਾਣਾ ਕੀ ਵਰਤਿਆ, ਸੱਚੇ ਪਾਤਸ਼ਾਹ ਦਾ ਓਥੇ, ਮੇਰਾ ਬੂਟ ਉਸ ਦੀ ਸੈਂਡਲ ਨਾਲ ਖਹਿ ਗਿਆ, ਬਿਲਕੁਲ ਮਾਮੂਲੀ। ਉਸ ਪੱਟੀ ਰੋਕ ਕੇ ਇਕ ਪਲ ਮੇਰੀ ਵਲ ਘੂਰਿਆ। ਮਜਨੂੰ ਦਾ ਓਦੋਂ ਹੀ ਦਮ ਖ਼ੁਸ਼ਕ ਹੋ ਗਿਆ।" ਹੁਣ ਪਪੀਹੇ ਦੀ ਉਤਸੁਕਤਾ ਵਧ ਗਈ ਤੇ ਉਸ ਹੁੰਗਾਰਾ ਭਰਨਾ ਸ਼ੁਰੂ ਕਰ ਦਿਤਾ। "ਪਰ ਉਹ ਵਿਚੇ ਵਿਚ ਪੀ ਗਈ। ਜਦੋਂ ਚੀਜ਼ਾਂ ਸਾਂਭ ਕੇ ਜਾਣ ਲੱਗੀ, ਸਭ ਦੀਆਂ ਨਜ਼ਰਾਂ ਬਚਾ ਕੇ ਮੁਸਕਾ ਪਈ। ਹੈਰਾਨੀ ਵਿਚ ਮੇਰਾ ਮੂੰਹ ਪਹਿਲੀ ਕੱਚੀ ਦੇ ਪਾਟੇ ਕਾਇਦੇ ਵਰਗਾ ਹੋ ਗਿਆ। ਪਰ ਝਟ ਹੀ ਮੌਕਾ ਸਾਂਭਿਆ ਗੁਰੂ ਜੀ ! ਦੋ ਕਦਮਾਂ ਪਿਛੇ ਪੁੱਟਦਿਆਂ ਆਖਿਆ, 'ਮੈਂ ਕਿਹਾ ਜੀ ਸ਼ੁਕਰੀਆ !' ਅਗੋਂ ਨਾਈਟਿੰਗੇਲ ਦਾ

Sri Satguru Jagjit Singh Ji eLibrary NamdhariElibrary@gmail.com

ਫ਼ਰਮਾਨ ਹੋਇਆ, 'ਇਸ ਦੀ ਕੋਈ ਲੋੜ ਨਹੀਂ।' ਮਿਹਰਬਾਨ ਨਜ਼ਰਾਂ ਅਗੇ ਵਧ ਗਈਆਂ। ਮਜਨੂੰ ਨੂੰ ਓਥੇ ਈ ਹੋਲ ਪੈਣ ਵਾਲਾ ਹੋ ਗਿਆ। ਜੀ ਕਰੇ ਰਾਮ ਨਾਥ ਨੂੰ ਬੈੱਡ ਤੋਂ ਉਠਾ ਕੇ ਆਪ ਪੈ ਜਾਵਾਂ। ਝਟ ਜ਼ਖ਼ਮ, ਫਟ ਮਲ੍ਹਮ; ਕਿਤੇ ਸੁਣਿਆ ਈ ? ਹੁਣ ਤੂੰ ਹੀ ਦਸ, ਰਾਮ ਨਾਥ ਦਾ ਟਾਂਗੇ ਨਾਲ ਐਕਸੀਡੈਂਟ ਹੋਇਆ ਜਾਂ ਮੇਰਾ ਕਾਰ ਨਾਲ ?" ਹਉਕਾ ਲੈ ਕੇ ਬਹਾਲ ਨੇ ਕੁਰਸੀ ਨਾਲ ਢੋਹ ਲਾ ਲਈ। ਉਸ ਕੱਟੇ ਹੋਏ ਆਮਲੇ ਦਾ ਟੁਕੜਾ ਕਾਂਟੇ 'ਚ ਫਸਾਉਣ ਦਾ ਯਤਨ ਕੀਤਾ।

"ਪੈੱਗ ਪਾ ਓਏ ਹਰਾਮੀਆ ! ਜਦੋਂ ਸੁਣੋਂ ਕੁੜੀਆਂ ਦੀਆਂ ਗੱਲਾਂ, ਬੱਚੂ ਏਸੇ ਕਰ ਕੇ ਘਰ ਕੁੜੀ ਜੰਮੀ ਏਂ।"

ਬਹਾਲ ਨੇ ਸਿਰ ਤੋਂ ਦੀ ਹੱਥ ਫੇਰਿਆ। ਬਿਜਲੀ ਦੇ ਚਾਨਣ ਵਿਚ ਬਹਾਲ ਦਾ ਮੂੰਹ ਇਕ ਪਲ ਕਾਲਾ ਹੋ ਗਿਆ।

"ਸੱਚੇ ਪਾਤਸ਼ਾਹ ਦੀ ਸੌਂਹ ਖਾ ਕੇ ਆਖਦਾ ਹਾਂ, ਜਦੋਂ ਸ਼ੀਸ਼ੇ ਵਿਚ ਆਪਣਾ ਮੂੰਹ ਦੇਖਦਾ ਹਾਂ, ਨਰਸ ਆਤਮਜੀਤ ਹੀ ਦਿਸਦੀ ਹੈ। ਹੋਰ ਦੋ ਸਾਲਾਂ ਨੂੰ ਚਾਚਾ ਬੱਗੇ ਆ ਜਾਣਾ ਏਂ, ਫਿਰ ਅਸੀਂ ਵੀ ਤੇਰੇ ਵਾਂਗ ਨਹੀਸਤਾਂ ਦੇਣ ਲਈ ਖ਼ਲੀਫ਼ੇ ਬਣ ਜਾਵਾਂਗੇ।" ਪਪੀਹੇ ਨੇ ਪੈੱਗ ਪਾ ਕੇ ਅਧੀਆ ਖ਼ਾਲੀ ਕਰ ਦਿਤਾ। "ਗੁਰੂ ਜੀ ! ਪੀਓ, ਜ਼ਰਾ ਬਾਜ਼ਾਰ ਦਾ ਚੱਕਰ ਮਾਰੀਏ।" ਬਹਾਲ ਦਾ ਨਸ਼ਾ ਖਿੜਾਉਣ ਨੂੰ ਜੀਅ ਕਰ ਆਇਆ।

ਦੋਵੇਂ ਦੋਸਤ ਗਲਾਸ ਖ਼ਾਲੀ ਕਰ ਕੇ ਬਾਹਰ ਆ ਗਏ। ਬਾਜ਼ਾਰ ਭਰਿਆ ਭਰਿਆ ਲੱਗ ਰਿਹਾ ਸੀ। ਚਾਨਣ ਸਦਕਾ ਲੁਧਿਆਣੇ ਵਿਚ ਨਿਖ਼ਾਰ ਆਇਆ ਹੋਇਆ ਸੀ। ਨਸ਼ੇ ਦੇ ਲੋਰ ਵਿਚ ਉਹ ਆਪਣੇ ਆਪ ਨੂੰ ਉੱਚੇ ਉੱਚੇ ਤੇ ਚੌੜੇ ਚੌੜੇ ਪ੍ਰਤੀਤ ਕਰ ਰਹੇ ਸਨ। ਚੌਕ ਦੇ ਥੜ੍ਹੇ ਤੇ ਖਲੋਤੇ ਆਪਣੇ ਸੁਆਦ ਨੂੰ ਅਵਾਰਾ ਕਰ ਰਹੇ ਸਨ। ਕੁਦਰਤੀ ਬਾਜ਼ਾਰੋਂ ਆਉਂਦੇ ਗਰੇਵਾਲ ਨੂੰ ਬਹਾਲ ਨੇ ਦੇਖ ਲਿਆ। ਉਸ ਦੋ ਕਦਮਾਂ ਪੁਟਦਿਆਂ ਆਵਾਜ਼ ਮਾਰੀ —

"ਸਰਦਾਰ ਜੀ।"

ਗਰੇਵਾਲ ਕੋਲ ਆ ਗਿਆ। ਬਹਾਲ ਨੇ ਪਪੀਹੇ ਨਾਲ ਜਾਣ-ਪਛਾਣ ਕਰਵਾਈ। ਫਿਰ ਉਹ ਗਰੇਵਾਲ ਨੂੰ ਸੰਬੋਧਨ ਹੋਇਆ :

"ਤੁਸੀਂ ਦਸ ਮਿੰਟ ਠਹਿਰ ਕੇ ਘਰ ਨੂੰ ਚਲੇ ਜਾਣਾ।" ਫਿਰ ਪਪੀਹੇ ਨੂੰ ਅੱਖ ਮਾਰਦਿਆਂ ਆਖਿਆ, "ਪਪੀਹਾ ਸਾਅਬ ! ਤੁਸੀਂ ਬਜ਼ੁਰਗਾਂ ਨੂੰ ਨਾਲ ਲੈ ਕੇ ਹੋਟਲ ਚਲੋ, ਮੈਂ ਆਉਂਦਾ ਆਂ।"

"ਨਹੀਂ, ਮੈਨੂੰ ਮਾਫ਼ੀ ਦਿਓ, ਤੁਸੀਂ, ਐਸ਼ ਕਰੋ," ਗਰੇਵਾਲ ਨੇ ਰਿਵਾਜ਼ਨ ਖ਼ਿਮਾ ਚਾਹੀ।

"ਲਓ ਜੀ, ਤੁਹਾਡੇ ਲਈ ਕੋਈ ਉਚੇਚਾ ਤਰੱਦਦ ਨਹੀਂ।" ਪਪੀਹੇ ਨੇ ਬਾਂਹ ਫੜ ਕੇ ਨਾਲ ਤੋਰ ਲਿਆ। ਗਰੇਵਾਲ ਨਾਂਹ-ਨੁੱਕਰ ਕਰਦਾ ਤੁਰ ਹੀ ਪਿਆ।

ਲਾਗੇ ਹੀ ਬਹਾਲ ਅੰਗਰੇਜ਼ੀ ਠੇਕੇ ਅਗੇ ਖਲੋਤਾ ਹੋਨੀ ਡੀਊ ਦੀ ਬੋਤਲ ਮੰਗ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

12

ਪ੍ਰਕਾਸ਼ ਨੇ ਸਾਈਕਲ ਨੂੰ ਵਰਾਂਡੇ ਦੀਆਂ ਪੌੜੀਆਂ ਨਾਲ ਰੋਕ ਲਿਆ ਅਤੇ ਚੜ੍ਹੇ ਚੜ੍ਹਾਏ ਨੇ ਇਕ ਪੈਰ ਪੌੜੀਆਂ ਨੂੰ ਲਾ ਲਿਆ ਅਤੇ ਘੰਟੀ ਨੂੰ ਖੜਕਾਇਆ।

"ਪਾਸ਼ੂ, ਉਤਰਨਾ ਨਹੀਂ।" ਪ੍ਰਤਾਪ ਕੌਰ ਨੇ ਪਿਆਰ ਨਾਲ ਪੁੱਛਿਆ, "ਕੀ ਗੱਲ ਪੁੱਤਰ, ਤੂੰ ਹੁਣ ਕਦੇ ਕਦਾਈਂ ਵੀ ਘਰ ਨਹੀਂ ਆਉਂਦਾ।"

"ਬੇ ਜੀ, ਐਮ. ਏ. ਦੇ ਦੋਹਾਂ ਸਾਲਾਂ ਵਿਚ ਕਰੜੀ ਮਿਹਨਤ ਕਰਨੀ ਪਵੇਗੀ ਤਾਂ ਜਾ ਕੇ ਫ਼ਸਟ ਡਵੀਯਨ ਆਵੇਗੀ।" ਪ੍ਰਕਾਸ਼ ਨੇ ਬੇ ਜੀ ਦੇ ਪਿਆਰ ਵਿਚ ਆ ਕੇ ਉੱਤਰ ਦਿਤਾ। ਉਂਜ ਉਹ ਜਾਣਦਾ ਸੀ, ਕਿਉਂ ਘਟ ਆਉਂਦਾ ਹਾਂ। ਉਸ ਘੰਟੀ ਦੋਬਾਰਾ ਜ਼ੋਰ ਨਾਲ ਵਜਾਈ।

ਬੇ ਜੀ ਕੰਨਾਂ ਨੂੰ ਹੱਥ ਲਾ ਕੇ ਹੱਸ ਪਈ। ਉਸ ਦੀ ਇਸ ਹਰਕਤ ਨੂੰ ਦਰਸ਼ਨ ਨੇ ਕਮਰੇ ਵਿਚੋਂ ਨਿਕਲਦਿਆਂ ਦੇਖ ਲਿਆ, ਉਸ ਥੋੜਾ ਮੂੰਹ ਚੜ੍ਹਾਇਆ :

"ਬੇ ਜੀ, ਮੈਂ ਬੋਲੀ ਆਂ ?"

"ਹੋਰ ਤੂੰ ਕੀ ਏਂ, ਮੁੰਡਾ ਕਦੋਂ ਦਾ ਘੰਟੀ ਵਜਾ ਰਿਹਾ ਏ।"

"ਇਹ ਅੰਦਰ ਨਹੀਂ ਆ ਸਕਦਾ।" ਦਰਸ਼ਨ ਦੀਆਂ ਭਵਾਂ ਹਾਲੇ ਵੀ ਚੜ੍ਹੀਆਂ ਹੋਈਆਂ ਸਨ। ਇਸ ਦੇ ਬਾਵਜੂਦ ਅੱਜ ਪ੍ਰਕਾਸ਼ ਪਹਿਲੇ ਸਾਰੇ ਦਿਨਾਂ ਨਾਲੋਂ ਬਣਿਆ ਤਣਿਆ ਅਤੇ ਖ਼ੂਬਸੂਰਤ ਦਿਸ ਰਿਹਾ ਸੀ।

"ਵਡੇ ਆਦਮੀਆਂ ਦਾ ਕੀ ਏ, ਕਮਰੇ ਵਿਚੋਂ ਹੀ ਕੱਢ ਦੇਣ। ਮੈਂ ਖ਼ਿਆਲ ਕੀਤਾ, ਘੰਟੀ ਵਜਾ ਕੇ ਪੁੱਛ ਲਈਏ।" ਪ੍ਰਕਾਸ਼ ਛੇੜਨ ਲਈ ਫੇਰ ਘੰਟੀ ਵਜਾ ਗਿਆ। ਪ੍ਰਤਾਪ ਕੌਰ ਹੱਸਦੀ ਅੰਦਰ ਚਲੀ ਗਈ, ਪਰ ਉਸ ਦੇ ਦਿਲ ਦਰਸ਼ਨ ਦਾ ਰੁੱਖਾਪਨ ਚੁੱਭਦਾ ਹੀ ਰਿਹਾ।

"ਦਿਮਾਗ਼ ਕਦੋਂ ਕੁ ਦਾ ਚੁਬਾਰੇ ਚੜ੍ਹਿਆ ਏ।" ਦਰਸ਼ਨ ਨੇ ਵਿਅੰਗ ਕੀਤਾ।

"ਮੇਰਾ !" ਪ੍ਰਕਾਸ਼ ਨੇ ਹੈਰਾਨੀ ਜਣਾਂਦਿਆਂ ਥੋੜਾ ਮੂੰਹ ਅੱਡ ਲਿਆ। "ਚੰਗਾ ਈ ਏ, ਜੇ ਉੱਚਾ ਚੜ੍ਹ ਜਾਵੇ, ਖ਼ਬਰੇ ਇਸ ਤਰ੍ਹਾਂ ਹੀ ਤੇਰੇ ਬਰਾਬਰ ਹੋ ਜਾਏ।"

"ਮਤਲਬ ਇਹ ਕਿ ਇਕ ਅੰਗਰੇਜ਼ੀ ਫ਼ਿਲਮ ਆਈ ਏ, ਬਸ ਹੁਣੇ ਸਾਢੇ ਛੇ ਦਾ ਸ਼ੋਅ ਦੇਖਣ ਜਾਣਾ ਹੈ। ਮੇਰੇ ਕੋਲ ਟਾਈਮ ਨਹੀਂ, ਤੂੰ ਛੇਤੀ ਤਿਆਰ ਹੋ ਜਾਹ, ਮੈਂ ਆਇਆ।" ਪ੍ਰਕਾਸ਼ ਨੇ ਦਰਸ਼ਨ ਨੂੰ ਕੁਝ ਆਖਣ ਤੇ ਸੋਚਣ ਦਾ ਟਾਈਮ ਹੀ ਨਾ ਦਿਤਾ ਅਤੇ ਸਾਈਕਲ ਨੂੰ ਧੱਕਾ ਲਾ ਰੇੜ੍ਹ ਲਿਆ।

ਏਨ੍ਹਾਂ ਦੋ ਢਾਈ ਮਹੀਨਿਆਂ ਵਿਚ ਪ੍ਰਕਾਸ਼ ਨੇ ਆਪਣਾ ਅੰਦਰ ਜਾਨ-ਕੋਹਵੀਆਂ ਸੋਚਾਂ ਨਾਲ ਚੂੰਡ ਲਿਆ ਸੀ। ਉਸ ਦੀ ਸਧਰਾਂ ਪਾਲੀ ਖ਼ੁਸ਼ੀ ਦੇ ਜਵਾਨ ਹੋਏ ਪਲ ਵੀਰਾਨੀਆਂ ਦੇ ਫ਼ਰਾਟਿਆਂ ਨਾਲ ਪੀਲੇ ਪੱਤਰਾਂ ਵਾਂਗ ਝੜ ਗਏ ਸਨ। ਹੁਣ ਉਸ ਦਾ ਆਪਣਾ ਆਪ ਤੂਫ਼ਾਨ-ਮਾਰੀ ਨੰਗੀ ਟਾਹਣੀ ਵਾਂਗ ਝੋਲੇ ਖਾ ਰਿਹਾ ਸੀ। ਉਹ ਡਾਲ ਜਿਸ ਵਿਚ ਜ਼ਿੰਦਗੀ ਦੀ ਰੌਲ ਧੜਕ ਰਹੀ ਹੋਵੇ, ਨਿਰੇ ਝੋਲੇ ਖਾਣ ਨਾਲੋਂ ਕਈ ਵਾਰ ਕੱਟੀ ਜਾਣਾ ਵੀ ਚਾਹੁੰਦੀ

Sri Satguru Jagjit Singh Ji eLibrary NamdhariElibrary@gmail.com

ਹੈ। ਪੱਤੇ, ਫੁੱਲ ਤੇ ਫਲ ਬਿਨਾਂ ਡਾਲ ਦੀ ਅਹਿਮੀਅਤ ? ਸੰਜੀਦਗੀ ਉਸ ਦੀ ਜ਼ਿੰਦਗੀ ਦਾ ਹਿੱਸਾ ਬਣ ਕੇ ਨਵਾਂ ਪੜਾਅ ਮਾਰ ਗਈ ਸੀ। ਉਸ ਏਨ੍ਹਾਂ ਦੋਂਹ ਮਹੀਨਿਆਂ ਵਿਚ ਉਸ ਮਰਦ ਦਾ ਪਤਾ ਕੱਢ ਲਿਆ, ਜਿਹੜਾ ਉਸ ਰਾਤ ਦਰਸ਼ਨ ਕੋਲ ਆਇਆ ਸੀ। ਉਸ ਬਹਾਲ ਨਾਲ ਆਪਣਾ ਮੁਕਾਬਲਾ ਸ਼ੁਰੂ ਕਰ ਦਿਤਾ। ਦਰਸ਼ਨ ਦੀਆਂ ਨਜ਼ਰਾਂ ਵਿਚ ਉਸ ਨੂੰ ਆਪਾ ਛੋਟਾ ਜਾਪਿਆ, ਕਿਉਂਕਿ ਦਰਸ਼ਨ ਦੀਆਂ ਜਜ਼ਬਾਤੀ ਰੁਚੀਆਂ ਨਿੱਗਰ ਪਿਆਰ ਦੀ ਅਹਿਮੀਅਤ ਨਹੀਂ ਸਮਝ ਸਕੀਆਂ ਸਨ। ਹੁਸਨ ਸਿਹਤ ਤੇ ਪੋਜ਼ੀਸ਼ਨ ਦੇ ਜ਼ੋਰ ਨਾਲ ਉਸ ਦੀ ਪ੍ਰਸੰਸਾ ਦਾ ਤਾਲਮੇਲ ਇਕ ਪੜਾਅ ਦਾ ਫ਼ਰਕ ਪਾ ਗਿਆ ਸੀ। ਦਰਸ਼ਨ ਦੇ ਮੂੰਹ-ਜ਼ੋਰ ਵਲਵਲਿਆਂ ਨੂੰ ਬਹਾਲ ਕਿੰਨਾ ਫਿੱਟ ਬੈਠਾ ਸੀ। ਉਸ ਦਾ ਦਿਮਾਗ਼ ਹਮੇਸ਼ਾ ਇਨ੍ਹਾਂ ਖ਼ਿਆਲਾਂ ਵਿਚ ਹੀ ਬੌਂਦਲਿਆ ਰਹਿੰਦਾ। ਉਸ ਤੋਂ ਪੜ੍ਹਾਈ ਇਕ ਤਰ੍ਹਾਂ ਛੁੱਟ ਚੁਕੀ ਸੀ, ਇਸ ਨੁਕਸਾਨ ਨੂੰ ਵੀ ਉਹ ਬੁਰੀ ਤਰ੍ਹਾਂ ਮਹਿਸੂਸ ਕਰ ਰਿਹਾ ਸੀ। ਅਖ਼ੀਰ ਉਹ ਇਕ ਮਾਣ ਨਾਲ ਭਰ ਗਿਆ, 'ਪਿਆਰ ਵਿਚ ਆਏ ਦਿਲ ਦੀ ਕੀਮਤ ਹਰ ਤਰ੍ਹਾਂ ਮਜ਼ਬੂਤ ਹੈ, ਜਿਹੜਾ ਵਫ਼ਾ ਨਿਭਾ ਸਕਦਾ ਹੈ, ਕੁਰਬਾਨੀ ਕਰ ਸਕਦਾ ਹੈ, ਉਸ ਦੇ ਮੁਕਾਬਲੇ ਵਿਚ ਪਾਲਸ਼ ਕੀਤਾ ਜਾਪਾਨੀ ਚਿਹਰਾ ? ਥੂਹ !" ਉਸ ਦੇ ਦਿਲ ਨੇ ਫ਼ੈਸਲਾ ਕਰ ਲਿਆ ਕਿ ਇਸ ਝੰਜਟ ਤੋਂ ਛੁਟਕਾਰਾ ਪਾਇਆ ਜਾਵੇ ਜਾਂ ਦਰਸ਼ਨ ਨੂੰ ਜ਼ਿੰਦਗੀ ਦੇ ਰਾਹ ਤੇ ਲੈ ਆਂਦਾ ਜਾਵੇ। ਉਸ ਦਰਸ਼ਨ ਨਾਲ ਸਾਫ਼ ਸਾਫ਼ ਗੱਲ ਕਰਨ ਦੀ ਮਿੱਥ ਲਈ। ਸਿਨਮੇ ਦਾ ਬਹਾਨਾ ਉਸ ਨੂੰ ਵਧੇਰੇ ਜਚਿਆ ਸੀ, ਆਮ ਹਾਲਤ ਵਿਚ ਸ਼ਾਇਦ ਉਹ ਟਾਈਮ ਈ ਨਾ ਦਿੰਦੀ। ਪ੍ਰਕਾਸ਼ ਨੇ ਦਰਸ਼ਨ ਦੇ ਮਨ ਦੀ ਪੱਧਰ ਤੇ ਆ ਕੇ ਮਿਲਣਾ ਹੀ ਠੀਕ ਸਮਝਿਆ। ਦਰਸ਼ਨ ਦੇ ਮੁੜ ਆਉਣ ਦੀ ਆਸ ਭਾਵੇਂ ਘਟ ਸੀ, ਪਰ ਜਿਹੜਾ ਖ਼ਿਆਲ ਉਸ ਨੂੰ ਪਲ ਭਰ ਚੈਨ ਨਹੀਂ ਲੈਣ ਦਿੰਦਾ ਸੀ, ਉਹ ਸੀ ਉਸ ਦੇ ਪਿਤਾ ਦੀ ਮਰਨ ਸਮੇਂ ਦੀ ਸਿਖਿਆ, 'ਪੁੱਤਰ, ਗਰੇਵਾਲ ਆਪਣੇ ਏਂ, ਤੇ ਆਪਣੇ ਬਣਾ ਕੇ ਰਖੀਂ, ਵੇਖੀਂ !' ਪਿਤਾ ਦੀ ਚੇਤਾਵਨੀ ਜਦੋਂ ਉਸ ਨੂੰ ਯਾਦ ਆਉਂਦੀ, ਉਹ ਭੁੱਬ ਮਾਰ ਕੇ ਰੋ ਪੈਂਦਾ, 'ਕਾਸ਼ ! ਪਿਤਾ ਜੀ ਆਪਣੀ ਅੱਖੀਂ ਸਭ ਕੁਝ ਵੇਖ ਸਕਦੇ।'

ਉਹ ਜਾਣਦਾ ਸੀ, ਇਹ ਮਿਲਣੀ ਬੜੀ ਮਹਾਨਤਾ ਰਖਦੀ ਹੈ। ਉਸ ਆਪਣੇ ਆਪ ਨੂੰ ਹਰ ਸੰਭਵ ਚੰਗਾ, ਪਿਆਰਾ ਤੇ ਪ੍ਰਸੰਨ ਦਿਸ ਆਉਣ ਦਾ ਯਤਨ ਕੀਤਾ। ਉਸ ਮੁੜ ਮੁੜ ਗਰੇਵਾਲ ਖ਼ਾਨਦਾਨ ਨੂੰ ਨਫ਼ਰਤ ਨਾਲ ਤੱਕਿਆ ਸੀ, ਉਹ ਗੰਦੇ ਹੋਏ ਮੂੰਹ ਨਹੀਂ ਵੇਖੇਗਾ, ਪਰ ਇਕ ਬਚਨ ਦਾ ਬੰਨ੍ਹਿਆ ਮਜਬੂਰ ਸੀ। ਇਕ ਦਰਸ਼ਨ ਦੀ ਮਾਂ ਦੇ ਪਿਆਰ ਵਿਚ ਕੋਈ ਫ਼ਰਕ ਨਹੀਂ ਆਇਆ ਸੀ, ਤੇ ਉਹ ਪ੍ਰਤਾਪ ਕੌਰ ਨੂੰ ਹਮੇਸ਼ਾ ਨਿਮਰਤਾ ਤੇ ਮੋਹ ਨਾਲ ਮਿਲਿਆ ਸੀ। ਇਸ ਦੇ ਕਾਰਨ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਸੀ। ਪ੍ਰਤਾਪ ਕੌਰ ਮਧ ਸ਼੍ਰੇਣੀ ਦੇ ਮਾਹੌਲ ਵਿਚ ਪਲ ਕੇ ਪਕਰੋੜ ਹੋਈ ਸੀ। ਕਪਤਾਨਣੀ ਬਣ ਜਾਣ ਦੇ ਬਾਵਜੂਦ ਵੀ ਉਹ ਮਧ ਵਰਗੀ ਸਿਫ਼ਤਾਂ ਦਾ ਤਿਆਗ ਨਹੀਂ ਕਰ ਸਕੀ।

ਪ੍ਰਕਾਸ਼ ਕਪੜੇ ਬਦਲ ਕੇ ਓਨ੍ਹੀਂ ਪੈਰੀਂ ਮੁੜ ਪਿਆ। ਉਸ ਦੀ ਸਾਈਕਲ ਦੇ ਚੱਕੇ ਇਕ ਗੂੰਜ ਪੈਦਾ ਕਰ ਰਹੇ ਸਨ। ਉਹ ਦਰਸ਼ਨ ਦੀ ਆਸ ਤੋਂ ਕਿਤੇ ਪਹਿਲਾਂ ਆ ਗਿਆ। ਅੱਜ ਉਹ ਬੜੀ ਹੈਰਾਨ ਸੀ, ਤਿੰਨਾਂ ਮਹੀਨਿਆਂ ਪਿਛੋਂ ਪ੍ਰਕਾਸ਼ ਨੂੰ ਸਿਨਮੇ ਲਿਜਾਣ ਦਾ ਖ਼ਿਆਲ ਕਿਵੇਂ ਆ ਗਿਆ। ਮੁੜ ਉਸ ਇਸ ਖ਼ਿਆਲ ਨੂੰ ਆਇਆ ਗਿਆ ਕਰ ਦਿਤਾ। ਉਹ ਹਮੇਸ਼ਾਂ ਪ੍ਰਕਾਸ਼ ਬਾਰੇ ਸੋਚਣ ਤੋਂ ਘਬਰਾਂਦੀ ਸੀ। ਉਸ ਦੀ ਫ਼ਿਤਰਤ ਸਦਾ-

Sri Satguru Jagjit Singh Ji eLibrary NamdhariElibrary@gmail.com

ਬਹਾਰ ਗੁਲਾਬ ਬਣੀ ਰਹਿਣਾ ਚਾਹੁੰਦੀ ਸੀ। ਪ੍ਰਕਾਸ਼ ਦਾ ਇਸਦੇ ਉਲਟ ਨਿਸਚਾ ਸੀ ਕਿ ਘਟਨਾ ਵਿਚ ਆਏ ਬਿਨਾਂ ਆਦਮੀ ਬਣਦਾ ਤੇ ਵਧਦਾ ਨਹੀਂ। ਸਾਈਕਲ ਖੜ੍ਹਾ ਕਰ ਕੇ ਰਵਾਂ-ਰਵੀਂ ਡਰਾਇੰਗ-ਰੂਮ ਵਿਚ ਆ ਗਿਆ। ਕਮਰੇ ਅੰਦਰ ਵੜਦਿਆਂ ਹੀ ਉਸ ਦੀ ਛਾਤੀ ਵਿਚ ਡੂੰਘਾ ਤੀਰ ਵਜਾ, ਜਿਹੜਾ ਅੰਗੀਠੀ ਉਤੇ ਰਖੀ ਬਹਾਲ ਦੀ ਫ਼ਰੇਮ ਕੀਤੀ ਤਸਵੀਰ ਦੀ ਕਮਾਣ ਵਿਚੋਂ ਨਿਕਲਿਆ ਸੀ। ਫਿਰ ਕਸੀਸ ਭਰ ਕੇ ਪਾਸੇ ਵੇਖਣਾ ਸ਼ੁਰੂ ਕਰ ਦਿਤਾ।

"ਚਲੋ, ਮੈਂ ਤਿਆਰ ਆਂ, ਬਸ ਇਕ ਮਿੰਟ।" ਦਰਸ਼ਨ ਚੁਟਕੀ ਮਾਰਦੀ ਬਾਹਰ ਨਿਕਲ ਗਈ। ਉਸ ਦਾ ਖ਼ਿਆਲ ਸੀ ਪ੍ਰਕਾਸ਼ ਉਸਦੇ ਪਿਛੇ ਬਾਹਰ ਆ ਜਾਵੇਗਾ, ਪਰ ਉਹ ਬਾਹਾਂ ਵਿਚ ਦਰਦ ਘੁਟ ਤਸਵੀਰ ਵਲ ਵਧਿਆ। ਧਾਰੀਦਾਰ ਫਿਫਟੀ, ਬੰਨ੍ਹੀ ਹੋਈ ਦਾੜ੍ਹੀ, ਟਾਈ ਉਤੇ ਫੁੰਕਾਰੇ ਮਾਰਦਾ ਸੱਪ, ਨਸ਼ੀਲੀਆਂ ਅੱਖਾਂ ਤੇ ਮੁਸਕਾਉਂਦੇ ਬੁੱਲ੍ਹਾਂ ਨਾਲ, ਬਹਾਲ ਕਲਮ ਫੜੀ ਗ਼ੈਬ ਵਿਚੋਂ ਕਵਿਤਾ ਦਾ ਮੂਡ ਬਣਾਈ ਬੈਠਾ ਸੀ।

'ਹਰਾਮਜ਼ਾਦਾ !' ਉਹ ਤਸਵੀਰ ਫ਼ਰਸ਼ ਤੇ ਸੁੱਟ ਦੇਣਾ ਚਾਹੁੰਦਾ ਸੀ। ਅੰਗੀਠੀ ਦੇ ਦੂਜੇ ਕੋਨੇ ਤੇ ਦਰਸ਼ਨ ਦੀ ਨਵੇਂ ਪੋਜ਼ ਦੀ ਤਸਵੀਰ ਮੁਸਕਾ ਰਹੀ ਸੀ। ਉਸ ਨੂੰ ਇਉਂ ਜਾਪਿਆ, ਜਿਵੇਂ ਦੋਵੇਂ ਤਸਵੀਰਾਂ ਉਸ ਦੀ ਹਾਸੀ ਉਡਾ ਰਹੀਆਂ ਹਨ। ਦੋਹਾਂ ਤਸਵੀਰਾਂ ਦੇ ਵਿਚਕਾਰ ਕਰੀਮ ਦੀ ਨੀਲੀ ਸ਼ੀਸ਼ੀ ਪਈ ਸੀ ਜਿਸ ਤੇ ਲਿਖਿਆ ਸੀ, "ਈਵਨਿੰਗ ਇਨ ਪੈਰਿਸ"। ਫਿਰ ਉਹ ਬਾਰੀ ਵਿਚ ਆ ਕੇ ਉਸ ਰਾਤ ਦਾ ਜਾਇਜ਼ਾ ਲੈਣ ਲਗਾ।

"ਆਓ ਨਾ ਪ੍ਰਕਾਸ਼ !" ਦਰਸ਼ਨ ਨੇ ਬਾਹਰੋਂ ਪੁਕਾਰਿਆ। ਬਹਾਲ ਦੀ ਤਸਵੀਰ ਦੇਖ ਦੇ ਉਹ ਵੀ ਘਬਰਾ ਗਈ। ਉਸ ਸ਼ੁਕਰ ਕੀਤਾ ਕਿ ਪ੍ਰਕਾਸ਼ ਬਾਹਰ ਵਲ ਦੇਖ ਰਿਹਾ ਹੈ। ਉਹ ਛੇਤੀ ਉਸ ਨੂੰ ਲੈ ਕੇ ਨਿਕਲ ਜਾਣਾ ਚਾਹੁੰਦੀ ਸੀ। ਪ੍ਰਕਾਸ਼ ਪ੍ਰਸੰਨ ਨਜ਼ਰਾਂ ਨਾਲ ਉਸ ਨੂੰ ਵੇਖਦਾ ਬਾਹਰ ਆ ਗਿਆ।

"ਰਿਕਸ਼ਾ ਜ਼ਿਆਦਾ ਠੀਕ ਰਹੇਗਾ, ਸਾਈਕਲ ਏਥੇ ਹੀ ਰਖ ਚਲਦਾ ਆਂ।" ਉਹ ਦਰਸ਼ਨ ਦੇ ਅਤਿ ਨੇੜੇ ਹੋ ਕੇ ਗੱਲ ਕਰਨ ਦਾ ਮੌਕਾ ਪੈਦਾ ਕਰਨਾ ਚਾਹੁੰਦਾ ਸੀ। ਉਸ ਦਰਸ਼ਨ ਦਾ ਚਿਹਰਾ ਤੱਕ ਕੇ ਅਨੁਮਾਨ ਲਾਇਆ, ਇਸ ਨੂੰ ਤਸੱਲੀ ਹੈ, ਮੈਂ ਬਹਾਲ ਦੀ ਤਸਵੀਰ ਨਹੀਂ ਦੇਖੀ। ਉਹ ਬਹੁਤ ਹੀ ਹੁਸੀਨ ਤੇ ਪਿਆਰੀ ਦਿਸ ਰਹੀ ਸੀ। ਅਸਲ ਵਿਚ ਪ੍ਰਕਾਸ਼ ਨੇ ਕਦੇ ਏਨੀ ਹਸਰਤ ਨਾਲ ਦਰਸ਼ਨ ਨੂੰ ਦੇਖਿਆ ਨਹੀਂ ਸੀ। ਹਰ ਦੂਰ ਹੁੰਦੀ ਚੀਜ਼ ਪਹਿਲਾਂ ਨਾਲੋਂ ਕੀਮਤੀ ਬਣ ਜਾਂਦੀ ਹੈ। ਉਂਜ ਦਰਸ਼ਨ ਰੂਪ ਦੇ ਕੁਦਰਤੀ ਵਾਰਾਂ ਨਾਲ ਵੀ ਦਿਨੋ-ਦਿਨ ਪੂਰਨਮਾਂਦੀ ਜਾ ਰਹੀ ਸੀ, ਪ੍ਰਕਾਸ਼ ਦੀ ਸੋਚ ਸਮਾਜ ਦੇ ਮਾਨਸਕ ਰੂਪ ਤਕ ਧੱਸ ਗਈ। 'ਆਪਣੇ ਲਈ ਧੜਕਦਾ ਪਿਆਰ ਅਜ ਆਪਣਾ ਨਹੀਂ, ਬੁੱਕਲ ਵਿਚ ਆਈ ਪ੍ਰਾਪਤੀ ਪੂਰੀ ਮੰਜ਼ਲ ਦੀ ਵਿੱਥ ਰਖਦੀ ਹੈ। ਜਿਊਣ ਦੀ ਭਾਵਨਾ ਕਿੰਨੀ ਕਮਜ਼ੋਰ ਤੇ ਵਿਭਚਾਰੀ ਹੋ ਕੇ ਰਹਿ ਗਈ ਹੈ ਕਿ ਠੋਸ ਰੂਪ ਨੂੰ ਛਡ ਕੇ ਕਲਪਨਾ ਨੂੰ ਜੱਫੀਆਂ ਪਾਈਆਂ ਜਾ ਰਹੀਆਂ ਹਨ।' ਪ੍ਰਕਾਸ਼ ਨੇ ਦਰਸ਼ਨ ਦੇ ਬਰਾਬਰ ਤੁਰਦਿਆਂ ਖ਼ਿਆਲ ਕੀਤਾ, ਮੈਨੂੰ ਇਸ ਤਰ੍ਹਾਂ ਚੁੱਪ ਚੁੱਪ ਤੇ ਗੰਭੀਰ ਨਹੀਂ ਰਹਿਣਾ ਚਾਹੀਦਾ।

"ਦਰਸ਼ਨ ! ਕੋਈ ਗੱਪ ਸੁਣਾ।"

"ਗੱਪ !" ਦਰਸ਼ਨ ਦਾ ਚਿਹਰਾ ਇਕ-ਦਮ ਸਵਿੱਚ ਦਬਾ ਦੇਣ ਵਾਂਗ ਭਖ਼ ਉਠਿਆ। "ਮੈਨੂੰ ਤਾਂ ਕੋਈ ਆਉਂਦੀ ਨਹੀਂ।"

"ਹੱਛਾ, ਮੈਂ ਤੈਨੂੰ ਇਕ ਖ਼ੁਸ਼ਖ਼ਬਰੀ ਸੁਣਾਂਦਾ ਹਾਂ।"

Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਨੇ ਸਿਰ ਹਿਲਾ ਕੇ ਹੁੰਗਾਰਾ ਭਰਿਆ। ਉਸ ਦੇ ਕਾਲੇ ਜੈਂਪਰ ਉਤੇ ਹਾਥੀ ਦੰਦ ਦੀ ਕੈਂਠੀ ਚੰਬੇ ਦੀਆਂ ਕਲੀਆਂ ਵਾਂਗ ਖੇੜਾ ਖੇੜਾ ਹੋਣ ਦੀ ਇੰਤਜ਼ਾਰ ਕਰ ਰਹੀ ਸੀ। ਪ੍ਰਕਾਸ਼ ਦੇ ਬੱਜਰ ਰੂਪ ਨੂੰ ਦਰਸ਼ਨ ਦੇ ਫੁੱਲ-ਪੱਤੀਆਂ ਭਰੇ ਨਕਸ਼ਾਂ ਤੋਂ ਜ਼ਖ਼ਮ ਲਗ ਰਹੇ ਸਨ। ਉਸ ਦੀਆਂ ਨਜ਼ਰਾਂ ਦਰਸ਼ਨ ਦੇ ਕੁੰਡਲਾਏ ਵਾਲਾਂ ਵਿਚੋਂ ਉਲਝ ਕੇ ਮਸੀਂ ਨਿਕਲਦੀਆਂ ਸਨ। 'ਜ਼ਾਲਮ, ਕਿੰਨੀ ਖ਼ੂਬਸੂਰਤ ਹੈ। ਪਰ......ਇਸ ਤੋਂ ਕਿੰਨੀ ਬੋ ਆਉਂਦੀ ਏ।' ਦਰਸ਼ਨ ਦੇ ਲਗਾ ਸੈਂਟ ਉਸ ਦੇ ਅਨੁਭਵ ਵਿਚ ਦੁਰਗੰਧੀ ਬਣਿਆ ਹੋਇਆ ਸੀ।

"ਓਏ ਰਿਕਸ਼ਾ ?"

"ਆਇਆ ਜੀ ?" ਰਿਕਸ਼ੇ ਵਾਲੇ ਨੇ ਗੱਡੀ ਨੂੰ ਮੋੜ ਲਿਆ।

ਜਦ ਉਹ ਦੋਵੇਂ ਸਵਾਰ ਹੋ ਗਏ, ਤਦ ਦਰਸ਼ਨ ਨੇ ਯਾਦ ਕਰਵਾਇਆ :

"ਖ਼ੁਸ਼ਖ਼ਬਰੀ ? ਉਸ ਆਪਣੀਆਂ ਭਵਾਂ ਨੂੰ ਇਕ ਪਿਆਰੀ ਅਦਾ ਨਾਲ ਸਕੋੜ ਲਿਆ।

"ਖ਼ੁਸ਼ਖ਼ਬਰੀ ਇਹ ਕਿ ਮੈਨੂੰ ਇਨਸਪੈਕਟਰ ਦੀ ਔਫ਼ਰ ਆ ਗਈ ਏ।"

"ਬਹੁਤ ਹੀ ਪਿਆਰੀ ਗੱਪ।" ਦਰਸ਼ਨ ਨੇ ਹੱਸਦਿਆਂ ਦੋਹਰੀ ਹੋ ਕੇ ਦਾਦ ਦਿਤੀ।

"ਗੱਪ ਨਹੀਂ, ਸੱਚ।"

"ਹੈਂ !" ਦਰਸ਼ਨ ਇਕ ਪਲ ਹੈਰਾਨ ਹੋ ਗਈ।

"ਕੋਆਪ੍ਰੇਟਿਵ ਬੈਂਕ ਦੀ।" ਪ੍ਰਕਾਸ਼ ਨੇ ਦੇਖਿਆ, ਐਤਕੀਂ ਹੱਸਦੀ ਦਰਸ਼ਨ ਲੋਟ ਪੋਟ ਹੋ ਗਈ :

"ਗੋਇਆ ਕਿ ਜਨਾਬ ਐਮ. ਏ. ਕਰਨ ਦੀ ਥਾਂ ਹੁਣ ਇਨਸਪੈਕਟਰ ਬਣ ਰਹੇ ਐ।" ਉਸ ਮੂੰਹ ਸਵਾਰਿਆ।

"ਮੈਂ ਤੇਰੀ ਰਾਇ ਚਾਹੁੰਦਾ ਹਾਂ ?" ਪ੍ਰਕਾਸ਼ ਨੇ ਜਾਣ ਕੇ ਇਸ ਗੱਪ ਨੂੰ ਸਵਾਲ ਬਣਾ ਦਿਤਾ।

"ਮੈਂ ਕੀ ਆਖ ਸਕਦੀ ਹਾਂ, ਤੁਹਾਡੀ ਆਪਣੀ ਚਾਇਸ ਹੈ।"

"ਮੈਂ ਆਪਣੀ ਚਾਇਸ, ਤੇਰੀ ਚਾਇਸ ਤੋਂ ਵੱਖ ਨਹੀਂ ਸਮਝਦਾ।" ਪ੍ਰਕਾਸ਼ ਨੇ ਜਾਣ ਕੇ ਉਸ ਦੇ ਦਿਮਾਗ਼ ਤੇ ਸਟ ਮਾਰ ਦਿਤੀ। ਮੁੜ ਉਸ ਦਾ ਚਿਹਰਾ ਤੱਕ ਕੇ ਸੋਚਿਆ, 'ਮੈਨੂੰ ਏਨੀ ਛੇਤੀ ਨਹੀਂ ਕਰਨੀ ਚਾਹੀਦੀ।'

"ਚਾਇਸ ਹਰ ਆਦਮੀ ਦੀ ਆਪਣੀ ਹੁੰਦੀ ਹੈ, ਮੈਂ ਕੀ ਰਾਇ ਦੇ ਸਕਦੀ ਹਾਂ।" ਦਰਸ਼ਨ ਨੇ ਮਾਮੂਲੀ ਸੋਚ ਪਿਛੋਂ ਉੱਤਰ ਦਿਤਾ।

'ਜ਼ਾਲਮੇ ! ਮੈਂ ਤੇਰੀ ਚਾਇਸ ਨੂੰ ਜਾਣ ਗਿਆ ਹਾਂ ਤੇ ਏਹੀ ਗੱਲ ਮੈਂ ਅਜ ਤੈਨੂੰ ਜਣਾਉਣਾ ਚਾਹੁੰਦਾ ਹਾਂ।' ਪ੍ਰਕਾਸ਼ ਨੇ ਸੋਚਿਆ, 'ਦਰਸ਼ਨ ਦੀ ਸੋਚ ਏਨੀ ਬਲਵਾਨ ਨਹੀਂ ਕਿ ਮੇਰੀ ਰਮਜ਼ ਨੂੰ ਸਮਝ ਜਾਵੇ। ਖ਼ੈਰ, ਭਾਵੇਂ ਕੁਝ ਹੋਵੇ, ਇਸ ਦੇ ਭੁਲੇਖੇ ਦਾ ਬੰਬ ਇਸ ਦੇ ਦਿਮਾਗ਼ ਵਿਚ ਹੀ ਫਟਣਾ ਚਾਹੀਦਾ ਹੈ।......ਪ੍ਰਕਾਸ਼ ! ਇਸ ਤਰ੍ਹਾਂ ਵੀ ਤੂੰ ਜ਼ਖ਼ਮੀ ਹੋਵੇਂਗਾ। ਤੇ ਸ੍ਰੀਮਤੀ ਬਿਲਕੁਲ ਇਸ ਤਰ੍ਹਾਂ ਅਨੁਭਵ ਕਰੇਗੀ, ਜਿਵੇਂ ਕੱਲ੍ਹ ਸ਼ਾਮ ਦਾ ਪਾਊਡਰ ਚਿਹਰੇ ਤੋਂ ਲਾਹ ਕੇ ਸਵੇਰੇ ਨਵਾਂ ਰੋਜ਼ ਲਾ ਲਿਆ ਹੋਵੇ।' ਫਿਰ ਉਹ ਆਪਣੇ ਆਵਾਰਾ ਵਿਚਾਰਾਂ ਤੋਂ ਹੁਸ਼ਿਆਰ ਹੋ ਕੇ ਨਵੀਂ ਖ਼ੁਸ਼ਖ਼ਬਰੀ ਲੱਭਣ ਲਗਾ। ਸਿਨਮੇ ਤਕ ਉਨ੍ਹਾਂ ਵਿਚਕਾਰ ਕੋਈ ਖ਼ਾਸ ਗੱਲ ਨਾ ਹੋਈ।

ਪ੍ਰਕਾਸ਼ ਦਰਸ਼ਨ ਨੂੰ ਵੇਟਿੰਗ-ਰੂਮ 'ਚ ਬਹਾ ਕੇ ਟਿਕਟਾਂ ਲੈਣ ਚਲਿਆ ਗਿਆ।

Sri Satguru Jagjit Singh Ji eLibrary NamdhariElibrary@gmail.com

ਖੇਲ ਸ਼ੁਰੂ ਹੋਣ ਵਿਚ ਹਾਲੇ ਪੰਦਰਾਂ ਮਿੰਟ ਬਾਕੀ ਸਨ। ਪ੍ਰਕਾਸ਼ ਨੇ ਟਿਕਟਾਂ ਲੈ ਕੇ ਅੱਜ ਪਹਿਲੀ ਵਾਰ ਜ਼ਿੰਦਗੀ 'ਚ ਬੌਕਸ ਮੱਲਿਆ। ਉਸ ਦੀ ਹਾਲਤ ਉਸ ਜੁਆਰੀਏ ਵਰਗੀ ਸੀ, ਜਿਹੜਾ ਸਭ ਕੁਝ ਹਾਰ ਜਾਣ ਪਿਛੋਂ ਆਖ਼ਰੀ ਦਾਅ ਨਾਲ ਕਿਸਮਤ ਅਜ਼ਮਾ ਰਿਹਾ ਹੋਵੇ। ਉਸ ਦੇ ਦਿਲ ਨੇ ਜ਼ਖ਼ਮ ਨੰਗਾ ਕਰਨ ਲਈ ਏਹੀ ਥਾਂ ਵਧੇਰੇ ਚੰਗੀ ਤੇ ਸੇਫ਼ ਸਮਝੀ।

ਸਿਨਮੇ ਵਿਚ ਕਾਫ਼ੀ ਰੌਣਕ ਸੀ ਅਤੇ ਉਹ ਵੀ ਪੜ੍ਹੀ ਲਿਖੀ ਜੈਂਟਰੀ ਦੀ। ਲੋਕਾਂ ਦੀਆਂ ਗੱਲਾਂ ਦਾ ਸ਼ੋਰ ਸੀ। ਚਾਹ, ਲੈਮਨ ਤੇ ਪਾਪੜ ਖਤਾਈਆਂ ਵੇਚਣ ਵਾਲਿਆਂ ਦਾ ਰੌਲਾ ਸੀ, ਪਰ ਪ੍ਰਕਾਸ਼ ਨੂੰ ਇਉਂ ਜਾਪ ਰਿਹਾ ਸੀ, ਜਿਵੇਂ ਬੌਕਸ ਵਿਚ ਖ਼ਾਮੋਸ਼ੀ ਦੀ ਮੋਹਰ ਉਸ ਦੇ ਬੋਲਣ ਨਾਲ ਹੀ ਟੁਟਣੀ ਏਂ।

"ਦਰਸ਼ਨ ! ਮੈਂ ਤੇਰੇ ਨਾਲ ਇਕ ਗੱਲ ਕਰਨੀ ਚਾਹੁੰਦਾ ਹਾਂ।" ਏਨੀ ਮੁਸ਼ਕਲ ਨਾਲ ਉਹ ਜ਼ਿੰਦਗੀ ਵਿਚ ਕਦੇ ਨਹੀਂ ਬੋਲਿਆ ਸੀ। ਗੱਲ ਕਹਿ ਦੇਣ ਪਿਛੋਂ ਉਹ ਵੀ ਹੈਰਾਨ ਹੋਇਆ ਕਿ ਮੈਂ ਕਿਵੇਂ ਆਖ ਗਿਆ। ਉਸ ਦਾ ਦਿਲ ਧੜਕੀ ਜਾ ਰਿਹਾ ਸੀ।

"ਗੱਲ, ਕਰਦੇ ਕਿਉਂ ਨਹੀਂ।" ਦਰਸ਼ਨ ਮੁਸਕਾ ਪਈ। ਉਹ ਅਸਲੀਅਤ ਤੋਂ ਬਹੁਤ ਦੂਰ ਸੀ, ਜਿਵੇਂ ਸਿਨਮੇ ਵਿਚ ਹੱਸਣ-ਹਸਾਣ ਦੀ ਦਿਲਚਸਪੀ ਬਿਨਾਂ ਹੋਰ ਕੋਈ ਗੱਲ ਹੋ ਈ ਨਹੀਂ ਸਕਦੀ।

"ਮੈਨੂੰ ਬਿਲਕੁਲ ਨਹੀਂ ਪਤਾ ਸੀ, ਤੂੰ ਏਨੀ ਭੋਲੀ ਕੁੜੀ ਰਹੇਂਗੀ।" ਪ੍ਰਕਾਸ਼ ਨੇ ਥੋੜਾ ਦੂਰ-ਦਰਸ਼ੀ ਹੁੰਦਿਆਂ ਉਸ ਨੂੰ ਇਕ ਪਲ ਬੇਗੁਨਾਹ ਸਮਝਿਆ, ਜਿਵੇਂ ਹਰ ਭੋਲੀ ਕੁੜੀ ਭੁਚਲਾਈ ਜਾ ਸਕਦੀ ਹੈ ਤੇ ਇਕ ਸ਼ੈਤਾਨ-ਸੀਰਤ-ਨੌਜਵਾਨ ਪਿਆਰ ਦੇ ਮਸਲੇ ਵਿਚ ਇਕ ਅਲ੍ਹੜ ਕੁੜੀ ਨਾਲ ਮਨ-ਮਰਜ਼ੀ ਕਰ ਸਕਦਾ ਹੈ।

"ਹੱਛਾ, ਅਗੇ।" ਦਰਸ਼ਨ ਨੇ ਭੋਲਾਪਣ ਤੋੜ ਕੇ ਚਲਾਕ ਬਣਨ ਦੀ ਕੋਸ਼ਸ਼ ਕੀਤੀ।

"ਪਿਆਰ ਬਾਰੇ ਤੇਰਾ ਕੀ ਖ਼ਿਆਲ ਹੈ ?"

ਦਰਸ਼ਨ ਇਕ-ਦਮ ਘਬਰਾ ਗਈ। ਉਸ ਆਪਣੇ ਆਪ ਨੂੰ ਕੁੜਿੱਕੀ ਵਿਚ ਫਸੀ ਅਨੁਭਵ ਕੀਤਾ। ਉਸ ਦੇ ਸਾਹਮਣੇ ਪ੍ਰਕਾਸ਼ ਤੇ ਬਹਾਲ ਖਲੋਤੇ ਕਹਿ ਰਹੇ ਸਨ, 'ਦੋਹਾਂ ਵਿਚੋਂ ਇਕ ਨੂੰ ਚੁਣ ਲੈ। ਮੈਂ ਕੀ ਜਵਾਬ ਦੇਵਾਂ ?'

"ਬਸ ਪਿਆਰ ਹੋ ਜਾਂਦਾ ਹੈ, ਕੀਤਾ ਨਹੀਂ ਜਾਂਦਾ।" ਉਸ ਹਜ਼ਾਰ ਫ਼ਿਲਮਾਂ ਵਿਚ ਦੋਹਰਾਇਆ ਤੇ ਘਸਾਇਆ ਫ਼ਿਕਰਾ ਕਹਿ ਦਿਤਾ। ਪ੍ਰਕਾਸ਼ ਦੀ ਏਨੀ ਗੱਲ ਨਾਲ ਤਸੱਲੀ ਨਹੀਂ ਹੋਈ ਸੀ। ਉਸ ਆਪਣੇ ਵਾਰ ਨੂੰ ਆਸਿਓਂ ਪਾਸਿਓਂ ਕਰਨ ਦੀ ਥਾਂ ਸਾਹਮਣਿਉਂ ਕਰ ਦਿਤਾ।

"ਜ਼ਿੰਦਗੀ ਦੀ ਚੋਣ ਵਿਚ ਤੂੰ ਕਿਹੋ ਜਿਹੇ ਪਿਆਰ ਨੂੰ ਥਾਂ ਦੇਂਦੀ ਏਂ ?" ਪ੍ਰਕਾਸ਼ ਨੇ ਦਰਸ਼ਨ ਦੇ ਚਿਹਰੇ ਉਤੇ ਪੂਰਾ ਧਿਆਨ ਗੱਡ ਦਿਤਾ।

ਐਤਕੀਂ ਕੁੜੀ ਦੇ ਮੂੰਹ ਤੋਂ ਹਵਾਈਆਂ ਉੱਡ ਗਈਆਂ। ਉਸ ਡੌਰਿਆਂ ਭੌਰਿਆਂ ਵਾਂਗ ਏਧਰ ਓਧਰ ਤੱਕਣਾ ਸ਼ੁਰੂ ਕਰ ਦਿਤਾ। ਉਹ ਕੋਈ ਉੱਤਰ ਨਹੀਂ ਦੇ ਸਕਦੀ ਸੀ। ਉੱਤਰ ਦੇਣਾ ਤਾਂ ਕਿਤੇ ਰਿਹਾ, ਅਜਿਹੇ ਸਮੇਂ ਔਰਤ ਆਪਣੇ ਆਪ ਨੂੰ ਸਾਂਭ ਵੀ ਨਹੀਂ ਸਕਦੀ। ਪ੍ਰਕਾਸ਼ ਦੀਆਂ ਦਲੇਰ ਨਜ਼ਰਾਂ ਤਿੱਖੀਆਂ ਤਲਵਾਰਾਂ ਨਾਲ ਉਸ ਦੇ ਚਿਹਰੇ ਨੂੰ ਪਾੜਦੀਆਂ ਰਹੀਆਂ। ਦਰਸ਼ਨ ਦੀਆਂ ਨਜ਼ਰਾਂ ਏਧਰ ਓਧਰ ਫਿਰਦੀਆਂ ਸੱਜੇ ਖੂੰਜੇ ਧੰਦਕ ਕੇ ਰਹਿ ਗਈਆਂ, ਜਿਵੇਂ ਸਚਮੁੱਚ ਦਾ ਬੰਬ ਉਸ ਦੇ ਸਿਰ ਆ ਵੱਜਾ ਸੀ। ਉਸ ਦੀਆਂ

Sri Satguru Jagjit Singh Ji eLibrary NamdhariElibrary@gmail.com

ਅੱਖਾਂ ਦਿਲ ਦੀ ਧੜਕਣ ਤਕ ਮੀਟੀਆਂ ਗਈਆਂ। ਉਸ ਯਕੀਨ ਕਰਨ ਲਈ ਫਿਰ ਸੱਜੇ ਖੂੰਜੇ ਦੇਖਿਆ, ਬਹਾਲ ਇਕ ਕੁੜੀ ਨਾਲ ਬੈਠਾ ਸੀ ਤੇ ਦੋਵੇਂ ਆਪਣੀ ਲਗਨ ਵਿਚ ਮਗਨ ਤੇ ਬਹੁਤ ਹੀ ਪ੍ਰਸੰਨ-ਚਿਤ ਗੱਲੀਂ ਜੁੜੇ ਹੋਏ ਸਨ, ਜਿਵੇਂ ਉਨ੍ਹਾਂ ਨੂੰ ਕੋਈ ਵੀ ਨਹੀਂ ਵੇਖ ਰਿਹਾ ਸੀ। ਦਰਸ਼ਨ ਦਾ ਮੂੰਹ ਖੁਲ੍ਹ ਕੇ ਰਹਿ ਗਿਆ। ਪ੍ਰਕਾਸ਼ ਨੇ ਮਹਿਸੂਸ ਕੀਤਾ, ਉਹ ਚੀਕ ਮਾਰੇਗੀ, ਪਰ ਉਸ ਦੋਹਾਂ ਹੱਥਾਂ ਨਾਲ ਮੂੰਹ ਨੋਚ ਲਿਆ। ਓਦੋਂ ਹੀ ਲਾਈਟ ਔਫ਼ ਹੋ ਗਈ।

"ਪ੍ਰਕਾਸ਼ !" ਦਰਸ਼ਨ ਨੇ ਪੁਕਾਰਿਆ, "ਮੈਂ ਨਹੀਂ ਸਿਨਮਾ ਦੇਖ ਸਕਦੀ।"

"ਪ੍ਰਕਾਸ਼ ਨੂੰ ਅਸਲੀਅਤ ਦਾ ਕੋਈ ਪਤਾ ਨਹੀਂ ਸੀ। ਉਸ ਖ਼ਿਆਲ ਕੀਤਾ, ਮੇਰੀ ਗੱਲ ਦਰਸ਼ਨ ਦੇ ਜ਼ਖ਼ਮਾਂ ਤੇ ਲੂਣ ਹੋ ਗਈ ਹੈ। ਪਰ ਉਸ ਦ੍ਰਿੜ੍ਹ ਨਿਸਚੇ ਨਾਲ ਮਨ ਵਿਚ ਕਿਹਾ, ਇਸ ਨੂੰ ਉਹ ਤਕਲੀਫ਼ ਕਦੇ ਵੀ ਨਹੀਂ ਹੋਵੇਗੀ, ਜਿਹੜੀ ਮੈਨੂੰ ਉਸ ਰਾਤ ਹੋਈ ਸੀ ਤੇ ਹੁਣ ਹਰ ਰਾਤ ਹੁੰਦੀ ਹੈ।" ਦਰਸ਼ਨ ਇਕ ਦਮ ਉਠ ਕੇ ਖਲੋ ਗਈ ਤੇ ਪ੍ਰਕਾਸ਼ ਦੇ ਕੋਈ ਗੱਲ ਕਰਨ ਤੋਂ ਪਹਿਲਾਂ ਬੌਕਸ ਵਿਚੋਂ ਬਾਹਰ ਹੋ ਗਈ। ਜਦ ਪ੍ਰਕਾਸ਼ ਬਾਹਰ ਨਿਕਲਿਆ, ਦਰਸ਼ਨ ਸਿਨਮੇ ਦੀਆਂ ਪੌੜੀਆਂ ਉਤਰ ਰਹੀ ਸੀ।

"ਦਰਸ਼ਨ ! ਇਕ ਮਿੰਟ ਰੁਕ ਜਾਹ, ਬਸ ਇਕ ਗੱਲ ਸੁਣ ਜਾਹ।" ਇਕ ਪਲ ਲੋਕਾਂ ਨੇ ਉਨ੍ਹਾਂ ਨੂੰ ਹੈਰਾਨ ਤੱਕਿਆ। ਦਰਸ਼ਨ ਨੇ ਕੁਝ ਨਹੀਂ ਸੁਣਿਆ ਸੀ ਤੇ ਉਹ ਇਕ ਖ਼ਾਲੀ ਰਿਕਸ਼ੇ ਵਿਚ ਬਹਿ ਗਈ।

"ਸਿਵਲ ਲਾਈਨਜ਼", ਰਿਕਸ਼ੇ ਵਾਲੇ ਨੂੰ ਏਨੀ ਕਹਿ ਕੇ ਉਸ ਦੋਹਾਂ ਹੱਥਾਂ ਨਾਲ ਫਿਰ ਮੂੰਹ ਢੱਕ ਲਿਆ।

ਰਿਕਸ਼ਾ ਤੁਰ ਪਿਆ ਤੇ ਪ੍ਰਕਾਸ਼ ਤੁਰੀ ਜਾਂਦੀ ਗੱਡੀ ਨੱਠ ਕੇ ਚੜ੍ਹ ਗਿਆ। ਦਰਸ਼ਨ ਉੱਕੀ ਨਾ ਬੋਲੀ, ਪਰ ਅੱਧੀ ਸੀਟ ਛੱਡ ਕੇ ਪਾਸੇ ਲੱਗ ਗਈ। ਰਿਕਸ਼ੇ ਵਾਲੇ ਨੇ ਜਾਣਿਆ, ਕੋਈ ਗੜਬੜ ਜ਼ਰੂਰ ਹੈ, ਫਿਰ ਪੈਡਲ ਤੇ ਭਾਰ ਸੁਟਦਿਆਂ ਦਿਲ ਵਿਚ ਆਖਿਆ, 'ਮੈਨੂੰ ਕੀ।' ਪ੍ਰਕਾਸ਼ ਨੂੰ ਆਪਣੀ ਗੱਲ ਕਹਿਣ ਦਾ ਅਫ਼ਸੋਸ ਤਾਂ ਹੋਇਆ, ਪਰ ਦੁੱਖ ਬਿਲਕੁਲ ਨਹੀਂ ਸੀ। ਇਕ ਪਹਿਲੂ ਤੋਂ ਉਹ ਖ਼ੁਸ਼ ਸੀ ਕਿ ਇਸ ਨੂੰ ਪਤਾ ਲੱਗੇ, ਪਿਆਰ ਦਾ ਦਰਦ ਕੀ ਹੁੰਦਾ ਹੈ।

"ਦਰਸ਼ਨ, ਮੈਂ ਆਪਣੇ ਸਵਾਲ ਦਾ ਜਵਾਬ ਚਾਹੁੰਦਾ ਹਾਂ।" ਉਸ ਦਰਸ਼ਨ ਦੇ ਦੁੱਖ ਦੀ ਪਰਵਾਹ ਕਰੇ ਬਿਨਾਂ ਆਪਣਾ ਸਵਾਲ ਮਜ਼ਬੂਤੀ ਨਾਲ ਦੋਹਰਾ ਦਿਤਾ।

"ਪ੍ਰਕਾਸ਼ ! ਰੱਬ ਦੇ ਵਾਸਤੇ ਇਹ ਬਕਵਾਸ ਬੰਦ ਕਰ ਦੇ।" ਦਰਸ਼ਨ ਚੀਕ ਪਈ।

"ਦਰਸ਼ੀ ! ਤੂੰ ਮੇਰੇ ਨਾਲੋਂ ਵਧ ਦੁਖੀ ਨਹੀਂ, ਮੈਂ ਤੈਨੂੰ ਕਿਵੇਂ ਸਮਝਾਵਾਂ।" ਪ੍ਰਕਾਸ਼ ਦੇ ਮੂੰਹੋਂ ਅਵੱਸ਼ ਨਿਕਲ ਗਿਆ।

ਦਰਸ਼ਨ ਨੇ ਜਦੋਂ ਪ੍ਰਕਾਸ਼ ਦੇ ਮੂੰਹੋਂ ਏਨੀ ਗੱਲ ਸੁਣੀ, ਉਸ ਦੇ ਜ਼ਖ਼ਮ ਤੇ ਸ਼ਹਿਦ 'ਚੋ ਪਿਆ। ਉਸ ਬੰਬ ਵਜ ਕੇ ਖੱਖੜੀ ਹੋਏ ਸਿਰ ਨੂੰ ਸਹਿਜ ਨਾਲ ਪ੍ਰਕਾਸ਼ ਦੇ ਮੋਢੇ ਤੇ ਰਖ ਦਿਤਾ। ਦਰਸ਼ਨ ਰੋ ਰਹੀ ਸੀ ਤੇ ਪ੍ਰਕਾਸ਼ ਉਸ ਨੂੰ ਵਰਾ ਰਿਹਾ ਸੀ। ਪ੍ਰਕਾਸ਼ ਨੇ ਆਪਣੇ ਵਲੋਂ ਪਿਆਰ-ਤਸੱਲੀ ਵਿਚ ਉਸ ਦੇ ਹੱਥਾਂ ਨੂੰ ਘੁੱਟਿਆ। ਫਿਰ ਉਸ ਮੋਢੇ ਲਗੀ ਦਰਸ਼ਨ ਨੂੰ ਥਾਪੜਿਆ। ਪ੍ਰਕਾਸ਼ ਨੂੰ ਜਾਪਿਆ, ਸਿਵਲ ਲਾਈਨਜ਼ ਵਿਚ ਦਿਲ ਹੈ, ਜਿਹੜਾ ਕਦੇ ਵੀ ਧੜਕ ਸਕਦਾ ਹੈ।

'ਜ਼ਿੰਦਗੀ ਵਿਚ ਕੁਝ ਵੀ ਸੰਭਵ ਹੈ।' ਉਹ ਖ਼ਿਆਲ ਕਰਦਾ ਮੁਸਕਾ ਪਿਆ, 'ਉਹ

Sri Satguru Jagjit Singh Ji eLibrary NamdhariElibrary@gmail.com

ਰਾਤ ਇਕ ਸੁਪਨਾ ਸੀ, ਇਕ ਭੁਲੇਖਾ।'

13

ਗਰੇਵਾਲ ਨਾਲ ਤੁਰਦਾ ਜਦ ਬਹਾਲ ਡਰਾਇੰਗ-ਰੂਮ ਵਿਚ ਵੜਿਆ, ਉਸ ਨੂੰ ਆਪਣੀ ਤਸਵੀਰ ਅੰਗੀਠੀ ਉਤੇ ਹੱਸਦੀ ਨਾ ਦਿਸੀ। ਉਸ ਦਾ ਦਿਲ ਬਦਸ਼ਗਣੀ ਵਿਚ ਪਹਿਲੋਂ ਧੜਕਿਆ ਤੇ ਫਿਰ ਖ਼ਾਲੀ ਹੋਣਾ ਸ਼ੁਰੂ ਹੋ ਗਿਆ। ਪ੍ਰਤੀਤ ਇਉਂ ਹੋ ਰਿਹਾ ਸੀ, ਜਿਵੇਂ ਉਹ ਓਪਰਾ ਹੈ ਜਾਂ ਕਮਰਾ ਬਦਲ ਗਿਆ ਹੈ। ਇਕ ਸ਼ੱਕ ਵਜ੍ਹਾ ਦੀ ਜ਼ਰਬ ਖਾ ਗਈ। 'ਮੇਰੀ ਇਕ ਅੱਧੀ ਤਸਵੀਰ ਦਰਸ਼ਨ ਦੀ ਐਲਬਮ 'ਚ ਵੱਖਰਿਆਂ ਲੱਗੀ ਹੋਈ ਹੈ, ਇਸ ਦੇ ਚੁਕ ਦੇਣ ਦਾ ਮਤਲਬ ? ਉਹ ਗਰੇਵਾਲ ਤੋਂ ਕੁਝ ਵੀ ਨਹੀਂ ਪੁੱਛ ਸਕਦਾ ਸੀ। ਉਸ ਕਾਫ਼ੀ ਦਿਮਾਗ਼-ਸੋਜ਼ੀ ਕੀਤੀ, ਪਰ ਉਸ ਦਾ ਕਿਆਸ ਗੋਲ ਸਿਫ਼ਰ ਤੋਂ ਅਗੇ ਨਾ ਵਧ ਸਕਿਆ।

''ਤਾਂ ਤੁਸੀਂ ਹਿਜ਼ ਮਾਸਟਰ ਵਾਇਸ ਵਾਲਿਆਂ ਨਾਲ ਪੱਕੀ ਕਰ ਲਈ ਏ ?" ਗਰੇਵਾਲ ਨੇ ਬਹਾਲ ਦੀ ਮਗਨਤਾ ਤੋੜ ਦਿਤੀ। ''ਦੇਖੋ ਜੀ, ਸੈਂਟ ਪਰ ਸੈਂਟ ਸ਼ੋਅਰ ਨਹੀਂ।" ਬਹਾਲ ਨੇ ਇਕ ਪਲ ਰੁਕ ਕੇ ਆਖਿਆ, ''ਪਹਿਲੋਂ ਭੂਸ਼ਨ ਨੇ ਆਵਾਜ਼ ਟੈੱਸਟ ਕਰਨੀ ਹੈ, ਜੇ ਓਥੋਂ ਪਾਸ ਹੋ ਜਾਵੇ, ਫਿਰ ਗੀਤ ਰੀਕਾਰਡ ਹੋਣਾ ਕੋਈ ਮੁਸ਼ਕਲ ਨਹੀਂ। ਪਪੀਹੇ ਨੇ ਭੂਸ਼ਨ ਦਾ ਹਰ ਤਰ੍ਹਾਂ ਦਾ ਯਕੀਨ ਦੁਆਇਆ ਏ।"

ਗਰੇਵਾਲ ਨੂੰ ਰੀਕਾਰਡਿੰਗ ਬਾਰੇ ਕਿਸੇ ਤਰ੍ਹਾਂ ਦੀ ਵੀ ਵਾਕਫ਼ੀਅਤ ਨਹੀਂ ਸੀ। ਉਸ ਬਹਾਲ ਦੀਆਂ ਗੱਲਾਂ ਤੇ ਹਰ ਤਰ੍ਹਾਂ ਵਿਸ਼ਵਾਸ ਕਰ ਲਿਆ। ਉਸ ਖ਼ਿਆਲ ਕੀਤਾ, ਕਾਮਯਾਬੀ ਤੋਂ ਪਹਿਲਾਂ ਕੋਈ ਆਦਮੀ ਹਿੱਕ ਨਹੀਂ ਥਾਪੜ ਸਕਦਾ।

''ਖ਼ਿਆਲ ਹੈ ਕਾਮਯਾਬ ਹੋ ਜਾਵੋਗੇ।" ਗਰੇਵਾਲ ਨੇ ਆਪ ਹੀ ਅਨੁਮਾਨ ਲਾਇਆ।

''ਦੇਖੋ ਜੀ, ਆਸ ਤਾਂ ਪੂਰੀ ਹੈ।" ਬਹਾਲ ਨੇ ਆਪਣੀ ਵਲੋਂ ਹੌਸਲਾ ਦਿਖਾਇਆ। ''ਦਰਸ਼ਨ ਕਿਧਰ ਚਲੀ ਗਈ ?" ਬਹਾਲ ਨੇ ਹੁਣ ਤਕ ਆਪਣੀ ਬੇਕਰਾਰੀ ਨੂੰ ਲੁਕੋਈ ਰਖਿਆ ਸੀ।

''ਉਸ ਨੂੰ ਉਹਦੀ ਇਕ ਸਹੇਲੀ ਲੈ ਗਈ ਸੀ, ਬੜਾ ਚਿਰ ਹੋ ਗਿਆ, ਪਤਾ ਨਹੀਂ ਕਿਉਂ ਨਹੀਂ ਆਈ।"

ਦੋ ਕੁ ਮਿੰਟ ਚੁੱਪ ਕੀਤਿਆਂ ਬੀਤ ਗਏ। ਥੋੜਾ ਸੋਚਣ ਤੇ ਝਿਜਕਣ ਪਿਛੋਂ ਸਹਿਜ ਨਾਲ ਗਰੇਵਾਲ ਨੇ ਨਵੇਂ ਪਹਿਲੂ ਤੋਂ ਗੱਲ ਤੋਰੀ।

''ਮੈਂ ਉਸ ਦਿਨ ਵੀ ਕਾਕਾ ਬਹਾਲ ! ਬੀਬੀ ਦੇ ਰਿਸ਼ਤੇ ਬਾਰੇ ਗੱਲ ਕੀਤੀ ਸੀ ਅਤੇ ਤੁਹਾਡੇ ਇਸ਼ਾਰੇ ਤੇ ਖ਼ਾਮੋਸ਼ ਹੋ ਗਿਆ ਸੀ।" ਬਹਾਲ ਗੱਲ ਸੁਣਦਿਆਂ ਹੀ ਸਾਵਧਾਨ ਹੋ ਗਿਆ। ਗਰੇਵਾਲ ਨੇ ਇਕ ਵਾਰ ਬਹਾਲ ਨੂੰ ਦੇਖ ਕੇ ਨੀਵੀਂ ਪਾ ਲਈ। ਮੁੜ ਦੋਹਾਂ ਹੱਥਾਂ ਨੂੰ ਮਲਦਿਆਂ ਆਖਿਆ, ''ਮੈਂ ਸਮਝਦਾ ਹਾਂ ਗੱਲ ਪੱਕੀ ਹੋ ਜਾਣੀ ਚਾਹੀਦੀ ਹੈ, ਜਦੋਂ ਕਿ ਤੁਹਾਡੀ ਦਿਲੀ ਖ਼ਾਹਸ਼ ਵੀ ਹੈ।"

''ਗੱਲ ਬਾਊ ਜੀ ਇਹ ਹੈ," ਬਹਾਲ ਨੇ 'ਸਰਦਾਰ ਜੀ' ਕਹਿਣਾ ਛੱਡ ਕੇ ਤੇ 'ਬਾਊ'

Sri Satguru Jagjit Singh Ji eLibrary NamdhariElibrary@gmail.com

ਅਪਣਾਕੇ ਆਪਣੇ ਨਿਜ ਦੇ ਹੋਣ ਦਾ ਨਵਾਂ ਸਬੂਤ ਦਿਤਾ ਸੀ। "ਮੇਰੀ ਮੰਗਣੀ ਕਾਫ਼ੀ ਸਮੇਂ ਦੀ ਹੋਈ ਹੋਈ ਏ," ਬਹਾਲ ਨੇ ਭਾਵੇਂ ਮੁਸਕਾ ਕੇ ਆਖਿਆ, ਪਰ ਗਰੇਵਾਲ ਦੇ ਚਿਹਰੇ ਦੀ ਆਬ ਉਡ ਗਈ। "ਮੇਰੀ ਮੰਗਣੀ ਮੇਰੀ ਮਰਜ਼ੀ ਨਾਲ ਨਹੀਂ ਹੋਈ, ਏਸੇ ਲਈ ਵਿਆਹ ਅੜਿਆ ਆ ਰਿਹਾ ਏ।" ਗਰੇਵਾਲ ਦਾ ਚਿਹਰਾ ਇਕ-ਦਮ ਖਿੜ ਗਿਆ, ਜਿਸ ਨੂੰ ਬਹਾਲ ਪਲ ਪਲ ਤਾੜ ਰਿਹਾ ਸੀ। "ਬੀ. ਏ. ਕਰਨ ਤੱਕ ਮੈਂ ਦੜ ਵੱਟੀ ਰਖੀ, ਜਦ ਸਰਵਿਸ ਵਿਚ ਆ ਕੇ ਪੈਰਾਂ ਤੇ ਖਲੋ ਗਿਆ, ਮੈਂ ਸਾਫ਼ ਨਾਂਹ ਕਰ ਦਿਤੀ। ਘਰ ਵਾਲੇ ਬਹੁਤ ਔਖੇ ਭਾਰੇ ਹੋਏ, ਮੈਂ ਛੇ ਛੇ ਮਹੀਨੇ ਘਰ ਜਾਣਾ ਹੀ ਛੱਡ ਦਿਤਾ। ਹੁਣ ਸੁਣਿਆਂ ਏਂ ਘਰ ਦਿਆਂ ਦਾ ਦਮਾਗ਼ ਸਾਫ਼ ਹੋ ਗਿਆ ਏ।" ਬਹਾਲ ਗਰੇਵਾਲ ਨੂੰ ਖ਼ੁਸ਼ ਕਰਨ ਲਈ ਇਕ ਮਿੰਟ ਰੁਕਿਆ। ਗਰੇਵਾਲ ਸੌ ਫ਼ੀ ਸਦੀ ਪੂਰੀ ਆਸ ਲਾਈ ਬੈਠਾ ਸੀ। "ਮੈਂ ਚਾਹੁੰਦਾ ਹਾਂ ਬਾਊ ਜੀ, ਮਰਜ਼ੀ ਭਾਵੇਂ ਮੇਰੀ ਈ ਹੋਣੀ ਏਂ, ਪਰ ਬਜ਼ੁਰਗ ਪਿਤਾ ਜੀ ਨੂੰ ਅਗੇ ਰਖ ਕੇ ਸਭ ਕੁਝ ਕਰਾਂ। ਇਸ ਤਰ੍ਹਾਂ ਉਨ੍ਹਾਂ ਦੀ ਇੱਜ਼ਤ ਭਾਈਚਾਰੇ ਵਿਚ ਬਣੀ ਰਹੇਗੀ ਕਿ ਮੁੰਡੇ ਨੇ ਘਰ ਦਿਆਂ ਤੋਂ ਪਰਵਾਹਰਾ ਹੋ ਕੇ ਵਿਆਹ ਨਹੀਂ ਕਰਵਾਇਆ। ਤੁਸੀਂ ਥੋੜਾ ਦੂਰਅੰਦੇਸ਼ੀ ਨਾਲ ਸੋਚਣਾ।" ਬਹਾਲ ਨੇ ਕਮਾਲ ਹੁਸ਼ਿਆਰੀ ਨਾਲ ਰਜ਼ਾਮੰਦੀ ਤੇ ਸਫ਼ਾਈ ਦੇ ਦੋਵੇਂ ਪਹਿਲੂ ਗਰੇਵਾਲ ਅਗੇ ਰਖ ਦਿਤੇ।

"ਸ਼ਾਬਾਸ਼ ਪੁੱਤਰ ! ਇਹ ਤੇਰੀ ਨੇਕੀ ਤੇ ਬਰਖ਼ੁਰਦਾਰੀ ਐ, ਜਿਹੜੀ ਤੂੰ ਮਾਪਿਆਂ ਦੀ ਇੱਜ਼ਤ ਵਧਾਉਣੀ ਸੋਚ ਰਿਹਾ ਏਂ। ਅਸੀਂ ਹਾਲੇ ਕੁਝ ਸਮਾਂ ਤੇਰੀ ਖ਼ਾਤਰ ਇੰਤਜ਼ਾਰ ਕਰ ਸਕਦੇ ਆਂ।" ਗਰੇਵਾਲ ਨੂੰ ਬਹਾਲ ਦੀਆਂ ਗੱਲਾਂ ਨੇ ਜਿੱਤ ਹੀ ਨਹੀਂ, ਮੋਹ ਵੀ ਲਿਆ। ਉਸ ਇਕਦਮ ਖ਼ਿਆਲ ਕੀਤਾ, 'ਸਾਨੂੰ ਇਸ ਤਰ੍ਹਾਂ ਦੀ ਪੋਜ਼ੀਸ਼ਨ, ਸਿਹਤ ਤੇ ਸਿਆਣਪ ਵਾਲਾ ਮੁੰਡਾ ਭਾਲਿਆਂ ਨਹੀਂ ਮਿਲਣਾ, ਪਰਮਾਤਮਾ ਦਾ ਕੋਟਨ-ਕੋਟ ਸ਼ੁਕਰ ਕਰਨਾ ਚਾਹੀਦਾ ਹੈ, ਜਿਸ ਏਨੀ ਅਪਾਰ ਕਿਰਪਾ ਕਰ ਕੇ ਘਰ ਈ ਭੇਜ ਦਿਤਾ।'

ਬਹਾਲ ਨੇ ਗਰੇਵਾਲ ਦੇ ਭਾਵ ਤਾੜਦਿਆਂ ਮਨ ਵਿਚ ਆਖਿਆ, 'ਅਜ ਠਾਣੇਦਾਰਾ ਤੂੰ ਆਸ ਤੋਂ ਕਿਤੇ ਵਧ ਕਾਮਯਾਬ ਰਿਹਾ ਏਂ।' ਕੁਝ ਸਮਾਂ ਉਹ ਮਾਨਸਕ ਤ੍ਰਿਪਤੀ ਨਾਲ ਰੱਜਿਆ ਰਿਹਾ। ਫਿਰ ਉਹ ਗੰਭੀਰਤਾ ਵਿਚ ਉਤਰ ਗਿਆ ਅਤੇ ਉਸ ਨੂੰ ਪਪੀਹੇ ਦਾ ਵੱਟਿਆ ਮੂੰਹ ਦਿਖਾਈ ਦਿਤਾ ਜਦੋਂ ਉਹ ਸੱਚੀ ਗੱਲ ਆਖਣ ਵੇਲੇ ਬਣਾ ਲਿਆ ਕਰਦਾ ਸੀ। ਉਹ ਕਹਿ ਰਿਹਾ ਸੀ, 'ਬੱਚੂ, ਇਹ ਕੱਚ ਦੇ ਖਿਡਾਉਣਿਆਂ ਦੀ ਖੇਡ ਕਿੰਨਾ ਚਿਰ ਚਲੇਗੀ।' ਭਾਵੇਂ ਇਹ ਬੋਲ ਇਕ ਦੋਸਤ ਦੇ ਸਨ ਜਾਂ ਉਸ ਦੀ ਆਪਣੀ ਜ਼ਮੀਰ ਦੇ ਸਨ, ਪਰ ਉਨ੍ਹਾਂ ਬਹਾਲ ਦਾ ਅੰਗ ਅੰਗ ਫੜ ਕੇ ਛੰਡ ਸੁੱਟਿਆ। ਗਰੇਵਾਲ ਸਮਝ ਰਿਹਾ ਸੀ, ਉਹ ਰਿਸ਼ਤੇ ਬਾਰੇ ਡੂੰਘਿਆਂ ਸੋਚ ਰਿਹਾ ਹੈ, ਪਰ ਬਹਾਲ ਦੀ ਰੰਗੀਨ ਕਾਪਲਨਿਕ ਦੁਨੀਆਂ ਵਿਚ ਹਕੀਕਤ ਦੀਆਂ ਰਾਹਾਂ ਸੁਲਾਟਾਂ ਬਣ ਕੇ ਉਭਰ ਪਈਆਂ ਸਨ। ਫਿਰ ਉਹ ਇਕੋ ਵਾਰ ਹੀ ਗਰੇਵਾਲ ਦੀ ਭਾਰੀ ਆਵਾਜ਼ ਨਾਲ ਜਾਗ ਪਿਆ।

"ਜਿਥੇ ਜਾਂਦੀ ਏਂ, ਬਸ ਸੌਂ ਈ ਜਾਨੀ ਏਂ।"

"ਪਿਤਾ ਜੀ !.....।" ਬਹਾਲ ਨੂੰ ਬੈਠਾ ਦੇਖ ਕੇ ਬਾਕੀ ਦੀ ਗੱਲ ਦਰਸ਼ਨ ਦੇ ਸੰਘ ਵਿਚਕਾਰ ਹੀ ਖ਼ਤਮ ਹੋ ਗਈ। ਉਹ ਥਾਂ ਦੀ ਥਾਂ ਖਲੋਤੀ ਰਹਿ ਗਈ। ਬਹਾਲ ਨੇ ਉਸ ਦੀਆਂ ਬੱਗੀਆਂ ਅੱਖਾਂ ਤੋਂ ਭੈ ਪਰਤੀਤ ਕੀਤਾ ਅਤੇ ਸੋਚਣ ਲੱਗਾ, ਕੀ ਹਾਦਸਾ ਵਾਪਰਿਆ ਏ ? ਉਸ ਨੂੰ ਜ਼ਿਹਨ ਤੇ ਭਾਰ ਪਾਣ ਨਾਲ ਵੀ ਕੋਈ ਪਤਾ ਨਾ ਲੱਗ ਸਕਿਆ।

Sri Satguru Jagjit Singh Ji eLibrary NamdhariElibrary@gmail.com

ਗਰੇਵਾਲ ਦਰਸ਼ਨ ਨੂੰ ਖ਼ੁਸ਼ਖ਼ਬਰੀ ਸੁਨਾਣ ਲਈ ਬੋਲਿਆ :

"ਬਹਾਲ ਨੇ ਤੇਰਾ ਗੀਤ ਰੀਕਾਰਡ ਕਰਵਾਉਣ ਲਈ ਸਾਰਾ ਬੰਦੋਬਸਤ ਕਰ ਲਿਆ ਹੈ।"

"ਮੈਂ ਨਹੀਂ ਕੋਈ ਗੀਤ ਰੀਕਾਰਡ ਕਰਵਾਉਣਾ।" ਦਰਸ਼ਨ ਨੇ ਤੋੜ ਕੇ ਜਵਾਬ ਦੇ ਦਿਤਾ ਅਤੇ ਗ਼ੁੱਸੇ ਭਰੀ ਪਿਛੇ ਮੁੜਨ ਲੱਗੀ।

"ਬੈਠੋਂ ਨਾ ਪਗਲੀ ! ਆਖ਼ਰ ਕਿਉਂ ?" ਗਰੇਵਾਲ ਨੂੰ ਬਹਾਲ ਦੀ ਹੱਤਕ ਦਾ ਖ਼ਿਆਲ ਸੀ। "ਏਨ੍ਹਾਂ ਐਨੀਆਂ ਕੋਸ਼ਿਸ਼ਾਂ ਨਾਲ ਮਸੀਂ ਇਕ ਮੌਕਾ ਪੈਦਾ ਕੀਤਾ ਹੈ, ਤੇ ਤੂੰ ਆਖਦੀ ਏਂ ਰੀਕਾਰਡ ਨਹੀਂ ਕਰਵਾਉਣਾ !" ਪਿਤਾ ਨੇ ਅੱਖਾਂ ਹੀ ਅੱਖਾਂ ਵਿਚ ਦਰਸ਼ਨ ਨੂੰ ਘੂਰਿਆ।

ਦਰਸ਼ਨ ਬਹਿ ਤਾਂ ਗਈ, ਪਰ ਅੰਦਰੋਂ ਉਸ ਦਾ ਮਾਸ ਕੋਈ ਨੋਚੀ ਜਾ ਰਿਹਾ ਸੀ। 'ਪਿਤਾ ਜੀ, ਮੈਂ ਤੁਹਾਨੂੰ ਕਿਵੇਂ ਸਮਝਾਵਾਂ।' ਉਸ ਦੇ ਆਪਣੇ ਹੀ ਪਿੰਡੇ ਦੀ ਲੂੰਈਂ ਉਸ ਦੇ ਸਰੀਰ ਵਿਚ ਸੂਈਆਂ ਬਣ ਗਈ। ਗਰੇਵਾਲ ਨੇ ਖ਼ਿਆਲ ਕੀਤਾ, 'ਕੋਈ ਇਨ੍ਹਾਂ ਦੀ ਆਪਣੀ ਛੋਟੀ ਮੋਟੀ ਗਿਲੇ ਦੀ ਗੱਲ ਹੋਵੇਗੀ, ਆਪੇ ਠੀਕ ਹੋ ਜਾਵੇਗੀ।' ਉਸ ਥੋੜਾ ਅਕਲ ਤੋਂ ਕੰਮ ਲਿਆ ਅਤੇ ਉਠ ਕੇ ਡਰਾਇੰਗ-ਰੂਮ ਵਿਚੋਂ ਬਾਹਰ ਚਲਿਆ ਗਿਆ।

ਗਰੇਵਾਲ ਦੇ ਚਲੇ ਜਾਣ ਪਿਛੋਂ ਦਰਸ਼ਨ ਨੇ ਬਹਾਲ ਨੂੰ ਨਫ਼ਰਤ ਨਾਲ ਤੱਕਿਆ ਅਤੇ ਨੱਕ ਰਾਹੀਂ 'ਹੂੰਆਂ' ਦੀ ਆਵਾਜ਼ ਪੈਦਾ ਕਰਦਿਆਂ ਜਾਣ ਲਈ ਉਠ ਕੇ ਖਲੋ ਗਈ। ਬਹਾਲ ਕਾਲਾ ਪੈ ਗਿਆ, ਉਸ ਹੱਤਕ ਤੇ ਗ਼ੁੱਸਾ ਫੁੰਕਾਰਦਿਆਂ ਕਿਹਾ :

"ਇਸ ਤੋਂ ਪਹਿਲਾਂ ਕਿ ਮੈਂ ਉਠ ਕੇ ਜਾਵਾਂ, ਇਹ ਨਾਸਾਂ ਚੜ੍ਹਾਉਣ ਦੀ ਵਜ੍ਹਾ ਕੀ ਹੈ ?" ਪਹਿਲੋਂ ਉਸ ਦਰਸ਼ਨ ਨੂੰ ਰੋਕਣ ਲਈ ਸੋਚਿਆ, ਫਿਰ ਮਨ ਹੀ ਮਨ ਵਿਚ ਰੱਦ ਕਰ ਦਿਤਾ। 'ਇਸ ਤਰ੍ਹਾਂ ਇਸ ਦਾ ਦਮਾਗ਼ ਹੋਰ ਭਵਕ ਜਾਵੇਗਾ।'

"ਇਸ ਗੱਲ ਦਾ ਜਵਾਬ ਤੁਸੀਂ ਮੇਰੇ ਨਾਲੋਂ ਆਪਣੇ ਦਿਲ ਤੋਂ ਚੰਗੀ ਤਰ੍ਹਾਂ ਪੁੱਛ ਸਕਦੇ ਹੋ।" ਦਰਸ਼ਨ ਨੇ ਖਿਆਲ ਕੀਤਾ, ਉਹ ਆਪ ਹੀ ਚਲਿਆ ਜਾਵੇ ਤਾਂ ਚੰਗਾ ਹੈ। ਉਹ ਆਪਣੇ ਪਿਤਾ ਦੇ ਕੰਨਾਂ ਵਿਚ ਕੋਈ ਭਿਣਕ ਨਹੀਂ ਜਾਣ ਦੇਣਾ ਚਾਹੁੰਦੀ ਸੀ। ਕਿਉਂਕਿ ਬਹਾਲ ਨਾਲ ਤੁਅੱਲਕਾਤ ਵਧਾਉਣ ਦੀ ਬਹੁਤੀ ਜ਼ਿਮੇਵਾਰੀ ਉਸ ਦੀ ਆਪਣੀ ਸੀ।

"ਖ਼ੈਰ ਮੈਨੂੰ ਕੋਈ ਗਿਲਾ ਨਹੀਂ, ਜਿਸ ਵੀ ਤੈਨੂੰ ਕੁਝ ਆਖਿਆ ਏ, ਸਾਫ਼ ਸਾਫ਼ ਕਹਿ ਦੇ, ਦਿਲ ਵਿਚ ਰੱਖਣ ਦੀ ਲੋੜ ਨਹੀਂ," ਬਹਾਲ ਉਠ ਕੇ ਖਲੋ ਗਿਆ।

"ਕਿਸੇ ਕੁਝ ਨਹੀਂ ਆਖਿਆ, ਮੈਨੂੰ ਮੇਰੀਆਂ ਅੱਖਾਂ ਧੋਖਾ ਨਹੀਂ ਦੇ ਸਕਦੀਆਂ।" ਦਰਸ਼ਨ ਨੇ ਆਪਣੀ ਖੱਬੀ ਉਂਗਲ ਦੀ ਤਲਵਾਰ ਬਣਾਉਂਦਿਆਂ ਹਵਾ ਨੂੰ ਚੀਰ ਸੁੱਟਿਆ।

"ਕੀ ਵੇਖਿਆ ਤੁਹਾਡੀਆਂ ਅੱਖਾਂ ਨੇ ?" ਬਹਾਲ ਦੀ ਅੰਦਰਲੀ ਧੜਕਣ ਡੁੱਬਦੀ ਜਾ ਰਹੀ ਸੀ, ਪਰ ਬਾਹਰੋਂ ਪ੍ਰਭਾਵਤ ਗ਼ੁੱਸੇ ਨਾਲ ਆਪਣਾ ਆਪ ਇਕ ਸਵਾਲ ਬਣਾਇਆ ਹੋਇਆ ਸੀ।

"ਤੁਸੀਂ ਕੁੜੀਆਂ ਨਾਲ ਹਮੇਸ਼ਾ ਲਈ ਐਸ਼ ਕਰ ਸਕਦੇ ਹੋ।" ਏਨੀ ਆਖ ਕੇ ਉਸ ਮੂੰਹ ਫੇਰ ਲਿਆ। ਭਾਵੇਂ ਉਸ ਦਾ ਮਨ ਭਰ ਆਇਆ ਸੀ, ਪਰ ਉਹ ਆਪਣੀ ਹੋਰ ਕਮਜ਼ੋਰੀ ਬਹਾਲ ਤੋਂ ਲੁਕਾ ਕੇ ਸਖ਼ਤ-ਦਿਲ ਸਾਬਤ ਹੋਣਾ ਚਾਹੁੰਦੀ ਸੀ।

ਜਿਵੇਂ ਕਿਸੇ ਅਫ਼ਸਰ ਦੀ ਡਾਂਟ ਵਿਚ ਮਾਤਹਿਤ ਦੋਸ਼ੀ ਸੁਕੜ ਕੇ ਰਹਿ ਜਾਂਦਾ ਹੈ, ਬਹਾਲ ਵੀ ਦਰਸ਼ਨ ਦੇ ਕਾਅੜ ਵੱਜੇ ਸੱਚ ਅੱਗੇ ਮੂੰਹ ਲਟਕਾ ਗਿਆ। ਉਸ ਨੂੰ ਕਲ੍ਹ ਦਾ ਸਿਨਮੇ ਜਾਣਾ ਯਾਦ ਆ ਗਿਆ। ਉਸ ਦੇ ਕਦੇ ਵਹਿਮ ਵਿਚ ਨਹੀਂ ਆਇਆ

Sri Satguru Jagjit Singh Ji eLibrary NamdhariElibrary@gmail.com

ਸੀ, ਦਰਸ਼ਨ ਮੇਰੀਆਂ ਖੁੱਲ੍ਹਾਂ ਨੂੰ ਦੇਖ ਵੀ ਲਵੇਗੀ। ਉਹ ਇਕ ਪਲ ਲਈ ਕਾਲੇ ਤੋਂ ਪੀਲਾ ਪੈ ਗਿਆ। ਉਸ ਦੀ ਦੋ ਵਾਰ ਇੰਟੈਲੀਜੈਂਸੀ ਸਟਾਫ਼ ਦੇ ਜਵਾਬ-ਤਲਬੀ ਹੋ ਚੁੱਕੀ ਸੀ ਤੇ ਉਹ ਉਨ੍ਹਾਂ ਨੂੰ ਧੋਖਾ ਦੇਣ ਵਿਚ ਚਤਰ ਰਿਹਾ ਸੀ। ਹੁਣ ਉਹ ਦਰਸ਼ਨ ਦੇ ਡਰਾਇੰਗ-ਰੂਮ ਵਿਚ ਜੀ-ਭਿਆਣਾ ਤੇ ਸਿਰੋਂ ਫੜਿਆ ਦੋਸ਼ੀ ਬਣਿਆ ਖਲੋਤਾ ਸੀ। ਦਰਸ਼ਨ ਮੂੰਹ ਮੋੜੀ ਉਡੀਕ ਕਰ ਰਹੀ ਸੀ, ਉਹ ਕਦੋਂ ਜਾਂਦਾ ਹੈ।

"ਦਰਸ਼ਨ ! ਮੈਨੂੰ ਅਫ਼ਸੋਸ ਹੈ, ਤੂੰ ਮੈਨੂੰ ਇਹ ਗੱਲ ਆਖੀ, ਤੇਰੀ ਥਾਂ ਕੋਈ ਹੋਰ ਆਖਦਾ ਤਾਂ......।" ਬਹਾਲ ਨੇ ਸ਼ਬਦਾਂ ਨੂੰ ਚਿੱਥ ਚਿੱਥ ਕੇ ਕਿਹਾ, "ਉਹ ਮੇਰੀ ਮਸੇਰ ਭੈਣ ਸੀ, ਕਲ੍ਹ ਸ਼ਾਮੀਂ ਸਿਨਮੇ ਵਿਚ।"

ਦਰਸ਼ਨ ਨੇ ਇਕਦਮ ਪਲਟ ਕੇ ਆਖਿਆ :

"ਤੁਹਾਡੀ ਮਸੇਰ ਭੈਣ !" ਉਸ ਦਾ ਸਿਰ ਕੰਬ ਗਿਆ ਤੇ ਮੂੰਹ ਖੁੱਲ੍ਹ ਕੇ ਰਹਿ ਗਿਆ।

"ਹਾਂ।" ਬਹਾਲ ਨੇ ਨਾਲ ਹੀ ਸਿਰ ਹਿਲਾਇਆ। ਉਸ ਦਾ ਤੀਰ ਟਿਕਾਣੇ ਜਾ ਲੱਗਾ। ਉਹ ਅੰਦਰੋਂ ਖ਼ੁਸ਼ ਤੇ ਬਾਹਰੋਂ ਗ਼ੁੱਸੇ ਨਾਲ ਭਰਿਆ ਖਲੋਤਾ ਰਿਹਾ।

ਦਰਸ਼ਨ ਦੇ ਹਵਾਸ ਉਹਦੇ ਕਾਬੂ ਵਿਚੋਂ ਨਿਕਲ ਗਏ। ਉਸ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਸੀ। 'ਮੈਨੂੰ ਉਸ ਦੀ ਭੈਣ ਬਾਰੇ ਅਜਿਹੀ ਗੱਲ ਨਹੀਂ ਸੀ ਕਹਿਣੀ ਚਾਹੀਦੀ।' ਦੰਡ ਦੇਣ ਵਾਲੀ ਲੱਜਿਤ, ਮੁਲਜ਼ਮ ਤੇ ਅਵਾਕ ਹੋਈ ਖਲੋਤੀ ਸੀ। 'ਹਾਇ ਰੱਬਾ ! ਮੈਨੂੰ ਕੀ ਹੋ ਗਿਆ ਸੀ।'

"ਹੱਛਾ ਦਰਸ਼ਨ ! ਅਗਲੀਆਂ ਪਿਛਲੀਆਂ ਗੱਲਾਂ ਭੁੱਲ ਜਾਣਾ, ਮੈਂ ਤੈਨੂੰ ਇਸ ਤਰ੍ਹਾਂ ਦੀ ਕੁੜੀ ਨਹੀਂ ਸਮਝਿਆ ਸੀ। ਮੈਨੂੰ ਇਕ ਅਫ਼ਸੋਸ ਜ਼ਰੂਰ ਰਹੇਗਾ, ਖ਼ੈਰ !" ਉਸ ਜਾਣ ਲਈ ਦੋ ਕਦਮਾਂ ਪੁਟੀਆਂ, "ਜ਼ਿੰਦਗੀ ਵਿਚ ਜੋ ਇਨਸਾਨ ਸੋਚਦਾ ਹੈ, ਜ਼ਰੂਰੀ ਨਹੀਂ ਪੂਰਾ ਵੀ ਹੋ ਜਾਵੇ, ਮੈਂ ਵੀ ਕੁਝ ਇਸ ਤਰ੍ਹਾਂ ਹੀ ਸੋਚ ਬੈਠਾ ਸੀ।" ਉਸ ਦਰਸ਼ਨ ਦੇ ਜਜ਼ਬਾਤ ਵਿਚ ਲਰਜ਼ ਰਹੇ ਅੰਦਰ ਨੂੰ ਤਾੜ ਲਿਆ ਤੇ ਉਸ ਦਾ ਆਪਣਾ ਦਿਲ ਇਕ ਤਰਲੇ ਵਿਚ ਸੋਚ ਰਿਹਾ ਸੀ, 'ਵੈਰਨੇਂ ਜਾਂਦੇ ਪਿਆਰ ਨੂੰ ਬਾਹਾਂ ਅੱਡ ਕੇ ਰੋਕ ਲੈ।'

ਦਰਸ਼ਨ ਦਾ ਗਲ ਭਰਿਆ ਹੋਇਆ ਸੀ। ਉਸ ਲਰਜ਼ਦੀ ਹਾਲਤ ਵਿਚ ਅਗੇ ਵਧ ਕੇ ਬਹਾਲ ਦੀ ਬਾਂਹ ਫੜ ਲਈ। ਉਸ ਬਹਾਲ ਵਲ ਭਰੀਆਂ ਅੱਖਾਂ ਨਾਲ ਤੱਕਿਆ। ਉਹ ਸਾਰੀ ਸ਼ਕਤੀ ਜ਼ਬਾਨ 'ਤੇ ਲਿਆ ਕੇ ਵੀ ਨਾ ਬੋਲ ਸਕੀ। ਉਹ ਬਾਹਰ ਨੂੰ ਖਿਸਕਦੇ ਬਹਾਲ ਨੂੰ ਖਿੱਚ ਕੇ ਸੋਫ਼ੇ ਵਿਚ ਆ ਡਿੱਗੀ। ਉਸ ਇਕ ਹੱਥ ਨਾਲ ਅੱਖਾਂ ਢਕਦੇ ਮੱਥੇ ਨੂੰ ਫੜਿਆ ਹੋਇਆ ਸੀ। ਉਸ ਹੰਝੂ ਭਰੀਆਂ ਅੱਖਾਂ ਨਾਲ ਸਿਰ ਮਾਰਦਿਆਂ ਬਹਾਲ ਦੇ ਦੋਵੇਂ ਹੱਥ ਫੜ ਲਏ।

"ਮੈਂ ਤੁਹਾਨੂੰ ਦੇਖਦਿਆਂ ਹੀ ਪਾਗਲ ਹੋ ਗਈ ਸੀ, ਮੈਨੂੰ ਮਾਫ਼ ਕਰ ਦਿਓ।"

ਬਹਾਲ ਨੂੰ ਉਸ ਦੇ ਸੱਚੇ ਤੇ ਜਜ਼ਬਾਤ ਭਰੇ ਦਿਲ ਤੇ ਤਰਸ ਆ ਗਿਆ। ਉਹ ਕੁੜੀ ਦੇ ਪਿਆਰ ਵਿਚ ਹੋਰ ਵੀ ਕਟਿਆ ਗਿਆ। ਪਰ ਉਸ ਗ਼ੈਰ-ਕੁਦਰਤੀ ਚਿਹਰੇ ਨੂੰ ਥੋੜਾ ਸਮਾਂ ਵੱਟੀ ਰੱਖਣਾ ਠੀਕ ਹੀ ਸਮਝਿਆ ਅਤੇ ਜਾਣ ਕੇ ਇਕ ਮਿੰਟ ਨਾ ਬੋਲਿਆ। ਦਰਸ਼ਨ ਆਪਣੇ ਚਿਹਰੇ ਨੂੰ ਦੋਹਾਂ ਹੱਥਾਂ ਵਿਚ ਢਕਦਿਆਂ ਬਹਾਲ ਦੇ ਪੱਟਾਂ ਵਿਚ ਸਿਰ ਸੁਟ ਕੇ ਰੋਣ ਲਗ ਪਈ। ਉਸ ਦੀ ਇਹ ਹਾਲਤ ਦੇਖ ਕੇ ਉਹ ਮੁਸਕਾ ਪਿਆ। ਉਸ ਦਰਸ਼ਨ ਦੇ ਮੋਢਿਆਂ ਤੇ ਹੱਥ ਫੇਰ ਕੇ ਉਠਾਇਆ, ਹੰਝੂ ਪੂੰਝੇ ਤੇ ਮੁਸਕਾਉਂਦਿਆਂ ਪੋਲੀ ਜਿਹੀ ਚੱਪਤ ਮਾਰੀ।

Sri Satguru Jagjit Singh Ji eLibrary NamdhariElibrary@gmail.com

"ਫਿਰ ਅਜਿਹੀ ਗ਼ਲਤੀ ?"

ਦਰਸ਼ਨ ਨੇ 'ਨਾਂਹ' ਦੇ ਭਾਵ ਵਿਚ ਲੰਮਾ ਹਉਕਾ ਲਿਆ। ਦਰਸ਼ਨ ਬਹਾਲ ਨੂੰ ਅਤਿ ਪਿਆਰੀ ਲਗੀ, ਉਸ ਆਪਣੇ ਪਾਸੇ ਨਾਲ ਘੁੱਟ ਲਿਆ। ਦਰਸ਼ਨ ਸਮਝ ਰਹੀ ਸੀ, ਉਸ ਦਾ ਗਵਾਚਦਾ ਸੰਸਾਰ ਮਸੀਂ ਮਿਲਿਆ ਹੈ।

"ਏਸੇ ਲਈ ਮੇਰੀ ਤਸਵੀਰ ਚੁਕ ਦਿਤੀ ?" ਬਹਾਲ ਨੇ ਉਸ ਨੂੰ ਖ਼ੁਸ਼ ਕਰਨ ਲਈ ਛੇੜਿਆ।

"ਹਾਂ ਆਂ।" ਉਹ ਹੋਰ ਵੀ ਪਛਤਾਵਾ ਕਰਦੀ ਬੋਲੀ, "ਮੈਨੂੰ ਇਕ-ਦਮ ਕੁਝ ਹੋ ਗਿਆ।" ਦਰਸ਼ਨ ਨੇ ਸਿਨਮੇ ਦੀ ਝਾਕੀ ਨੂੰ ਇਕ ਵਾਰ ਫਿਰ ਕਲਪਨਾ ਵਿਚ ਲਿਆਂਦਾ।

"ਹੁਣ ਮੈਂ ਜਾਣਿਆਂ, ਤੈਨੂੰ ਕਦੇ ਕਦੇ ਦੌਰੇ ਪੈਂਦੇ ਐ। ਦਿੱਲੀ ਦੀ ਥਾਂ ਆਗਰੇ ਦੇ ਮੈਂਟਲ ਹਸਪਤਾਲ ਜਾਣ ਬਾਰੇ ਕੀ ਖ਼ਿਆਲ ਹੈ ?" ਬਹਾਲ ਨੇ ਤਿੱਖੀਆਂ ਤਿਰਛੀਆਂ ਨਜ਼ਰਾਂ ਨਾਲ ਕੁੜੀ ਦੇ ਵਲਵਲਿਆਂ ਨੂੰ ਟੁੰਬਿਆ।

"ਛਡੋ ਪਰਾਂਹ ਇਨ੍ਹਾਂ ਗੱਲਾਂ ਨੂੰ।" ਦਰਸ਼ਨ ਨੂੰ ਬੇਹੱਦ ਸ਼ਰਮ ਆ ਰਹੀ ਸੀ।

"ਹੱਛਾਂ, ਗੀਤ ਰੀਕਾਰਡ ਕਰਵਾਉਣ ਬਾਰੇ ਤੁਸਾਂ ਕੀ ਕੁਝ ਕੀਤਾ ਹੈ, ਮੈਂ ਵੀ ਸੁਣਾਂ ?"

"ਮੈਂ ਕੋਈ ਗੀਤ ਨਹੀਂ ਰੀਕਾਰਡ ਕਰਵਾਉਣਾ।" ਥਾਣੇਦਾਰ ਨੇ ਉਸ ਦੀ ਸਾਂਗ ਲਾਉਂਦਿਆਂ ਉਠ ਕੇ ਮੂੰਹ ਮਰੋੜ ਲਿਆ।

ਦਰਸ਼ਨ ਦਾ ਹਾਸਾ ਨਿਕਲ ਗਿਆ।

"ਹੁਣ ਬਸ ਵੀ ਕਰੋ।"

"ਮੈਨੂੰ ਮੇਰੀਆਂ ਅੱਖਾਂ ਧੋਖਾ ਨਹੀਂ ਦੇ ਸਕਦੀਆਂ।" ਬਹਾਲ ਨੇ ਉਂਗਲ ਦੀ ਤਲਵਾਰ ਨਾਲ ਫ਼ਿਜ਼ਾਂ ਨੂੰ ਚੀਰਿਆ। ਫਿਰ ਦਰਸ਼ਨ ਦਾ ਐਨਾ ਹਾਸਾ ਨਿਕਲਿਆ ਕਿ ਉਸ ਇਕ ਹੱਥ ਵਿਚ ਆਪਣਾ ਮੂੰਹ ਘੁਟ ਲਿਆ ਅਤੇ ਦੂਜਾ ਹੱਥ ਬਹਾਲ ਦੇ ਮੂੰਹ ਤੇ ਰਖ ਦਿਤਾ।

ਸਭ ਸ਼ੱਕਾਂ ਮਿਟ ਕੇ ਦਿਲ ਪਿਆਰ ਪਿਆਰ ਹੋ ਗਏ।

14

"ਅੱਜ ਤੋਂ ਗਿਆਰਾਂ ਮਹੀਨੇ ਪਹਿਲਾਂ ਤੈਨੂੰ ਪਤਾ ਏ ਅਸੀਂ ਕਿਥੇ ਮਿਲੇ ਸੀ !" ਬਹਾਲ ਨੇ ਕੰਬਲ ਹੇਠ ਦਰਸ਼ਨ ਨੂੰ ਛੇੜਿਆ। ਸ਼ੁਰੂ ਨਵੰਬਰ ਦੇ ਫਰਾਟੇ ਮੇਲ ਟ੍ਰੇਨ ਵਿਚ ਦੀ ਲੰਘ ਰਹੇ ਸਨ। ਮੇਲ ਦਿੱਲੀ ਨੂੰ ਜਾ ਰਹੀ ਸੀ ਅਤੇ ਉਸ ਦਾ ਰਾਂਗਲਾ ਸ਼ੋਰ ਪ੍ਰੇਮੀਆਂ ਦੀ ਪਿਆਰ-ਘੁੱਟਣੀ ਵਿਚ ਵਡ਼੍ਹਾ ਨਿਭਾ ਰਿਹਾ ਸੀ।

"ਕੀ ਕਰਦੇ ਓ, ਸੌਣ ਦਿਓਗੇ ਜਾਂ ਨਹੀਂ।" ਦਰਸ਼ਨ ਦਾ ਸਿਰ ਬਹਾਲ ਦੇ ਪਟ ਉਤੇ ਰਖਿਆ ਹੋਇਆ ਸੀ ਤੇ ਕੰਬਲ ਹੇਠਾਂ ਉਸ ਬਹਾਲ ਦੇ ਹੱਥ ਉਤੇ ਦੰਦੀ ਵੱਢ ਦਿਤੀ।

ਬਹਾਲ ਨੇ ਉਸ ਦੇ ਵਾਲਾਂ ਦੀ ਇਕ ਲਿਟ ਹੌਲੀ ਹੌਲੀ ਆਪਣੀ ਉਂਗਲ ਦੁਆਲੇ ਲਪੇਟ ਲਈ ਤੇ ਫਿਰ ਥੋੜਾ ਖਿਚਿਆ। ਦਰਸ਼ਨ ਨੇ ਐਤਕੀਂ ਵਾਰ ਬਹੁਤ ਹੀ ਜ਼ੋਰ ਨਾਲ

Sri Satguru Jagjit Singh Ji eLibrary NamdhariElibrary@gmail.com

ਚੂੰਢੀ ਭਰ ਲਈ। ਬਹਾਲ ਨੇ ਹਾਏਂ ਆਖਦਿਆਂ ਕੇਸਾਂ ਵਿਚੋਂ ਉਂਗਲ ਕਢ ਲਈ ਤੇ ਦਰਸ਼ਨ ਉਠ ਕੇ ਬਹਿ ਗਈ।

"ਤੁਸੀਂ ਉਨੀਂਦਰੇ ਮਾਰਨ ਦੀ ਸਿੱਥੀ ਐ।"

"ਬਾਹਰ ਦੇਖ।" ਚੰਨ ਗੱਡੀ ਦੀ ਰਫ਼ਤਾਰ ਨਾਲ ਦਰੱਖ਼ਤਾਂ ਵਿਚ ਦੀ ਦੌੜਦਾ ਬਹੁਤ ਹੀ ਖ਼ੂਬਸੂਰਤ ਲਗ ਰਿਹਾ ਸੀ। ਬਾਰੀ-ਰਾਹ ਉਨ੍ਹਾਂ ਦੇ ਚਿਹਰਿਆਂ ਤੇ ਚਾਨਣੀ ਕਦੇ ਬੇਪਰਵਾਹ ਡੁੱਲ੍ਹ ਪੈਂਦੀ, ਕਦੇ ਉਸ ਦੇ ਚੁੰਮਣ ਨੂੰ ਦਰੱਖ਼ਤਾਂ ਦੀ ਵਾੜ ਰੋਕ ਲੈਂਦੀ। ਦਰਸ਼ਨ ਦੇ ਜ਼ੋਰ ਦੇਣ ਤੇ ਵੀ ਬਹਾਲ ਨੇ ਬਾਰੀ ਬੰਦ ਨਹੀਂ ਕੀਤੀ ਸੀ। ਹਵਾ ਦੇ ਫ਼ੱਰਾਟੇ ਜ਼ੋਰ ਨਾਲ ਆਉਂਦੇ ਤੇ ਹਲਕੀਆਂ ਕੰਬਣੀਆਂ ਛੇੜ ਕੇ ਲੰਘ ਜਾਂਦੇ। ਬਹਾਲ ਏਨ੍ਹਾਂ ਕੰਬਣੀਆਂ ਦੇ ਸਾਗਰ ਵਿਚ ਦਰਸ਼ਨ ਨੂੰ ਨਾਲ ਲੈ ਕੇ ਗ਼ੋਤਾ ਮਾਰ ਜਾਣਾ ਚਾਹੁੰਦਾ ਸੀ। ਉਸ ਘੁਟ ਪੀ ਕੇ ਅਜ ਪਹਿਲੋਂ ਹੀ ਮੂਡ ਬਣਾ ਲਈ ਸੀ। ਦਰਸ਼ਨ ਨੇ ਧੁੜਧੁੜੀ ਲੈ ਕੇ ਫਿਰ ਪੈਣ ਦਾ ਯਤਨ ਕੀਤਾ, ਪਰ ਬਹਾਲ ਨੇ ਇਕ ਲੱਤ ਲੰਮਿਆਰ ਕੇ ਥਾਂ ਮੱਲ ਲਈ।

"ਮੈਂ ਸੱਤ ਦਿਨ ਦੀ ਛੁੱਟੀ ਲਈ ਹੈ ਤੇ ਸੱਤੇ ਦਿਨ ਇਸ ਤਰ੍ਹਾਂ ਹੀ ਬਹਿ ਕੇ ਗੁਜ਼ਾਰ ਦੇਣੇ ਹਨ। ਮੇਰੀਆਂ ਅੱਖਾਂ 'ਚੋਂ ਨੀਂਦ, ਬਹਾਰ-ਕਨਸਰਟ ਵਾਲੇ ਦਿਨ ਦੀ ਉੱਡੀ ਏ, ਤੂੰ ਕਿਵੇਂ ਸੌਂ ਜਾਏਂਗੀ।" ਬਹਾਲ ਨੇ ਉਸ ਨੂੰ ਪਾਸੇ ਨਾਲ ਲਾ ਕੇ ਜਾਗਣ ਲਈ ਮਜਬੂਰ ਕਰ ਦਿਤਾ। "ਦੇਖ ਖੇਤਾਂ ਵਿਚ ਕਿਵੇਂ ਚਾਨਣੀ ਦਾ ਸਾਗਰ ਵਿਛਿਆ ਪਿਆ ਏ।"

"ਬਕਵਾਸ ਹੈ, ਥੂਹ।" ਦਰਸ਼ਨ ਨੇ ਬਾਰੀ ਰਾਹ ਥੁੱਕ ਦਿਤਾ।

"ਦੁਨੀਆ ਦੀ ਪਹਿਲੀ ਔਰਤ ਨੂੰ ਚਾਨਣੀ ਨੇ ਆਪਣੀ ਕੁੱਖ ਵਿਚੋਂ ਜਨਮ ਦਿਤਾ ਸੀ।"

"ਤੇ ਉਸ ਨੂੰ ਅੰਨ੍ਹਾਂ ਰਾਖ਼ਸ਼ ਚੁਕ ਕੇ ਲੈ ਗਿਆ ਸੀ।" ਦਰਸ਼ਨ ਨੇ ਆਪਣੇ ਵਿਸ਼ੇਸ਼ ਲਹਿਜੇ ਵਿਚ ਬਹਾਲ ਨੂੰ ਫੂਲ ਬਣਾਇਆ। ਬਹਾਲ ਵੀ ਖ਼ਚਰਿਆਂ ਮੁਸਕਾਇਆ।

ਇੰਟਰ ਕਲਾਸ ਦਾ ਡੱਬਾ ਕਾਫ਼ੀ ਲੰਮਾ ਸੀ, ਜਿਸ ਦੇ ਇਕ ਖੂੰਜੇ, ਦੋਹਾਂ ਨੇ ਸੀਟਾਂ ਮੱਲੀਆਂ ਹੋਈਆਂ ਸਨ। ਬਹੁਤੀਆਂ ਸਵਾਰੀਆਂ ਸੁੱਤੀਆਂ ਪਈਆਂ ਸਨ, ਜਿਨ੍ਹਾਂ ਨੂੰ ਇਕ ਚੈੱਕਰ ਹਲੂਣ ਰਿਹਾ ਸੀ। ਬਾਕੀ ਸਵਾਰੀਆਂ ਵੀ ਗੱਡੀ ਦੇ ਹੁਲਾਰਿਆਂ ਨਾਲ ਊਂਘ ਰਹੀਆਂ ਸਨ। ਬਹਾਲ ਨੇ ਟੇਢੀ ਹੁੰਦੀ ਜਾ ਰਹੀ ਦਰਸ਼ਨ ਦਾ ਸਿਰ ਭਵਾ ਕੇ ਚੰਨ ਵਲ ਕਰ ਦਿਤਾ।

"ਯਿਹ ਰਾਤ ਫਿਰ ਨਾ ਆਇਗੀ, ਜਵਾਨੀ ਬੀਤ ਜਾਇਗੀ।"

ਬਹਾਲ ਦੀ ਇਹ ਹਾਲਤ ਸੀ, ਦਿੱਲੀ ਕਦੇ ਨਾ ਆਵੇ। ਗੱਡੀ ਕਿਸੇ ਸਟੇਸ਼ਨ ਤੇ ਨਾ ਰੁਕੇ ਤੇ ਜ਼ਿੰਦਗੀ ਪਿਆਰ-ਸਿੰਚਰੀ ਪੂਰਨਮਾ ਦੀ ਰਾਤ ਹੋ ਕੇ ਰਹਿ ਜਾਵੇ।

"ਕੀ ਬਲਾ ਹੁੰਦੇ ਨੇ ਠਾਣੇਦਾਰ ਵੀ।" ਦਰਸ਼ਨ ਦੀਆਂ ਅੱਖਾਂ ਵਿਚ ਨੀਂਦ-ਨਸ਼ਾ ਉਭਰ ਆਇਆ ਸੀ।

"ਤੈਨੂੰ ਫ਼ੌਜੀ ਸਰਦਾਰ ਨਾਲ ਪਿਆਰ ਪਾਉਣਾ ਚਾਹੀਦਾ ਸੀ, ਉਸ ਤੇਰੇ ਹੁਕਮ ਤੋਂ ਪਹਿਲਾਂ ਅਟੈਨਸ਼ਨ ਹੋ ਜਾਇਆ ਕਰਨਾ ਸੀ।" ਉਸ ਨਾਲ ਦਰਸ਼ਨ ਨੂੰ ਵੀ ਹਾਸਾ ਆ ਗਿਆ। "ਜਦੋਂ ਉਹ ਮਹਾਜ਼ ਤੇ ਚਲਿਆ ਜਾਂਦਾ, ਤੂੰ ਲੰਮੀਆਂ ਹੰਝੂਆਂ ਭਰੀਆਂ ਚਿੱਠੀਆਂ ਲਿਖਿਆ ਕਰਦੀ ਤੇ ਉਹ ਆਪਣੇ ਸਾਥੀਆਂ ਨੂੰ ਸੁਣਾ ਸੁਣਾ ਬੇਵਕੂਫ਼ ਬਣਿਆ ਕਰਦਾ।"

ਦਰਸ਼ਨ ਨੇ ਜਾਣ ਕੇ ਹਉਕਾ ਭਰਿਆ।

Sri Satguru Jagjit Singh Ji eLibrary NamdhariElibrary@gmail.com

"ਚਲੋ ਕਿਸਮਤ ਵਿਚ ਨੰਬਰ ਦੋ ਬੇਵਕੂਫ਼ ਹੀ ਸਹੀ।" ਏਨੀ ਕਹਿ ਕੇ ਉਸ ਨੂੰ ਐਨੀ ਜ਼ੋਰ ਦੀ ਹਾਸਾ ਆਇਆ ਕਿ ਉਹ ਆਪਾ ਨਾ ਸੰਭਾਲਦੀ ਬਹਾਲ ਦੀ ਬੁੱਕਲ ਵਿਚ ਡਿੱਗ ਪਈ।

ਬਹਾਲ ਹੱਸਿਆ ਜ਼ਰੂਰ, ਪਰ ਆਪਣੇ ਵਾਰ ਨਾਲ ਆਪ ਹੀ ਕੱਟ ਕੇ ਰਹਿ ਗਿਆ।

"ਆਹ ਚੋਟ ਮਾਰਨ ਵਿਚ ਤੂੰ ਕਮਾਲ ਕਰ ਦਿਤੀ, ਇਸ ਦੀ ਦੁਸ਼ਮਨ ਵੀ ਤਾਰੀਫ਼ ਕਰਦਾ ਏ। ਹੇਅਰ, ਹੇਅਰ !!!" ਬਹਾਲ ਨੇ ਉਸ ਦੀ ਗੱਲ੍ਹ ਤੇ ਤਿੰਨ ਵਾਰੀ ਤਾੜੀ ਮਾਰੀ।

"ਹੱਛਾ ! ਇਕ ਗੱਲ ਦਸੋ ? ਦਰਸ਼ਨ ਨੇ ਕੁਝ ਯਾਦ ਕਰਦਿਆਂ ਪੁੱਛਿਆ, "ਆਰੀਆ ਹਾਲ ਵਿਚ ਤੁਸੀਂ ਸ਼ਰਾਰਤ ਨਾਲ ਨਹੀਂ ਸੀ ਪਿਛੋਂ ਤਾੜੀ ਮਾਰੀ।"

"ਮੈਂ ਮਰਿਆ ਪਿਆ ਸੀ, ਜੇ ਥੋੜੇ ਦਿਨ ਹੋਰ ਮਿਲਣ ਦੀ ਸਬੀਲ ਨਾ ਪੈਦਾ ਹੁੰਦੀ, ਰੁਕਨਦੀਨ ਹੋਰਾਂ ਹੁਣ ਨੂੰ ਕਦੋਂ ਦਾ ਜਨਾਜ਼ਾ ਵੀ ਪੜ੍ਹ ਦੇਣਾ ਸੀ।" ਬਹਾਲ ਗੱਲ ਕਰਦਾ ਪੂਰਾ ਸੁਆਦ ਲੈ ਰਿਹਾ ਸੀ।

"ਰੁਕਨਦੀਨ ਕੌਣ ?"

"ਤੈਨੂੰ ਅਗੇ ਵੀ ਦਸਿਆ ਸੀ, ਚਾਚਾ ਰੁਕਨਦੀਨ ਪਪੀਹੇ ਦਾ ਨਾਂ ਏ, ਜਿਹੜਾ ਅਸੀਂ ਪਿਆਰ ਨਾਲ ਲੈਂਦੇ ਆਂ।"

"ਪਪੀਹਾ ਬਹੁਤ ਚੰਗਾ ਬੰਦਾ ਏ।" ਦਰਸ਼ਨ ਉਸ ਦੇ ਗੀਤਾਂ ਤੋਂ ਪ੍ਰਭਾਵਤ ਸੀ।

"ਹਰਾਮੀ ਏ ਪੱਕਾ, ਅਸੀਂ ਹੀ ਉਸ ਨੂੰ ਤਹਿ ਕਰ ਕੇ ਰਖਦੇ ਆਂ, ਹੋਰ ਕਿਸੇ ਨੂੰ ਕੱਖ ਨਹੀਂ ਦਵਾਲ। ਉਂਜ ਦਿਲੋਂ ਬੰਦਾ ਮਾੜਾ ਨਹੀਂ।" ਬਹਾਲ ਨੇ ਇਉਂ ਆਖਿਆ, ਜਿਵੇਂ ਪਪੀਹਾ ਬਰਾਬਰ ਮਹਿਫ਼ਲ ਦਾ ਸ਼ਰੀਕ ਬੈਠਾ ਹੈ। "ਮੈਂ ਤੁਹਾਨੂੰ ਸਟੇਜੀ ਕਵੀਆਂ ਦੀਆਂ ਸਿਫ਼ਤਾਂ ਸੁਣਾਵਾਂ ?" ਦਰਸ਼ਨ ਦਾ ਹੁੰਗਾਰਾ ਪਾ ਕੇ ਉਸ ਦੱਸਣਾ ਸ਼ੁਰੂ ਕੀਤਾ; "ਨੰਬਰ ਇਕ, ਚੜ੍ਹਦੇ ਮਲੰਗ, ਕਿਤੇ ਜਾਣਾ ਹੋਵੇ ਕਿਰਾਇਆ ਦੂਜੇ ਤੋਂ ਲੈਣ ਦੀ ਕੋਸ਼ਿਸ਼ ਕਰਨਗੇ। ਨੰਬਰ ਦੋ, ਮਾਲ ਰੋਡ ਦੇ ਲਫ਼ੰਗੇ, ਤੁਹਾਡੇ ਕੋਲੋਂ ਚਾਹ ਜਾਂ ਸ਼ਰਾਬ ਪੀਣਗੇ ਤੇ ਬਜ਼ਾਰ ਜਾ ਕੇ ਤੁਹਾਨੂੰ ਹੀ ਗਾਲ੍ਹਾਂ ਦੇਣਗੇ। ਨੰਬਰ ਤਿੰਨ, ਪੁੱਜ ਕੇ ਕਮੀਨੇ, ਜਿਸ ਨੂੰ ਵੀ ਯਾਰ ਬਣਾਉਣਗੇ, ਉਸ ਦੀ ਧੀ ਭੈਣ ਤਕਾਉਣਗੇ। ਨੰਬਰ ਚਾਰ, ਝੂਠਾਂ ਦੀ ਨਾਨੀ, ਇਕ ਝੂਠ ਬੋਲ ਜਾਣ ਪਿਛੋਂ ਉਸ ਨੂੰ ਸੱਚ ਸਾਬਤ ਕਰਨ ਲਈ ਹੋਰ ਮਾਡਰਨ ਝੂਠ ਘੜਨਗੇ ਤੇ ਨਾਲ ਸ਼ਰਤ ਇਹ ਕਿ ਸੁਣਨ ਵਾਲਾ ਹਰ ਵਾਰ ਬੇਵਕੂਫ਼ ਬਣੇਗਾ। ਨੰਬਰ ਪੰਜ, ਜੰਮਦੇ ਹੀ ਰਾਜ ਕਵੀ, ਤੇ ਆਪਣੇ ਸਾਥੀਆਂ ਦੀ ਪਿੱਠ ਪਿਛੇ ਨਿੰਦਿਆ ਕਰ ਕੇ ਕਦੇ ਸ਼ਰਮਿੰਦੇ ਨਹੀਂ ਹੋਣਗੇ।" ਬਹਾਲ ਨੇ ਸੱਚੇ ਦਿਲੋਂ ਦਰਸ਼ਨ ਨੂੰ ਖ਼ਬਰਦਾਰ ਕਰ ਦਿਤਾ।

"ਤੇ ਜਨਾਬ ਤੇ ਕਿਹੜਾ ਨੰਬਰ ਢੁਕਦਾ ਏ ?" ਦਰਸ਼ਨ ਨੇ ਹੱਡ ਤੇ ਪੱਛ ਮਾਰ ਕੇ ਮੂੰਹ ਬਣਾ ਲਿਆ।

"ਵਾ ਕਿਸਮਤ ! ਅੱਜ ਨਰਦਾਂ ਹੀ ਪੁੱਠੀਆਂ ਪੈਂਦੀਆਂ ਏਂ, ਨਹੀਂ ਦਰਸ਼ਨ ਤੂੰ ਹੀ ਗਿੱਟੇ ਲਾਉਣੀਆਂ ਸੀ।" ਬਹਾਲ ਨੇ ਬੁਰੀ ਤਰ੍ਹਾਂ ਸਿਰ ਵੱਜੀ ਅਨੁਭਵ ਕੀਤੀ।

"ਹੱਛਾ ਰੱਬ ਦੇ ਵਾਸਤੇ ਸੌਂ ਜਾਣ ਦੇ, ਬਥੇਰਾ ਪਹਿਰਾ ਦੇ ਦਿਤਾ।" ਦਰਸ਼ਨ ਇਕ ਤਰਲੇ ਵਿਚ ਮੁਸਕਰਾਈ।

"ਦਰਸ਼ੀ ! ਜੀਅ ਕਰਦਾ ਏ, ਤੈਨੂੰ ਜੱਫੀ ਵਿਚ ਲੈ ਕੇ ਚਾਨਣੀ ਦੇ ਹੜ੍ਹ ਵਿਚ ਛਾਲ ਮਾਰ ਦੇਵਾਂ।"

Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਨੂੰ ਨੀਂਦ ਜ਼ੋਰ ਪਾ ਰਹੀ ਸੀ। ਉਸ ਮੱਲੋ ਮਲੀਂ ਲੱਤਾਂ ਲਮਿਆਰ ਕੇ ਉਸ ਦੇ ਪਟਾਂ ਤੇ ਸਿਰ ਰਖ ਲਿਆ। ਉਸ ਦੇ ਕੰਬਲ ਖਿੱਚਣ ਤੇ ਵੀ ਬਹਾਲ ਨੇ ਵਿਰੋਧਤਾ ਨਾ ਕੀਤੀ। ਉਸ ਦੀ ਹੁਸੀਨ ਕਲਪਨਾ ਪਿਆਰ ਦੀ ਠੋਸ ਹਕੀਕਤ ਬਣੀ ਉਸ ਦੇ ਪਟਾਂ ਤੇ ਨਸ਼ਿਆਈ ਪਈ ਸੀ। ਉਸ ਦੀਆਂ ਖ਼ਾਹਸ਼ਾਂ ਦਾ ਜਵਾਬ ਆਖ਼ਰਾਂ ਦੀ ਰੰਗੀਨੀ ਵਿਚ ਸਦੀਵ ਛੋਹ ਦਾ ਲਰਜ਼ਾ ਬਣਿਆ ਹੋਇਆ ਸੀ।

"ਮੈਂ ਜੋ ਚਾਹਿਆ, ਰੱਬ ਨੇ ਝੋਲੀ ਭਰ ਕੇ ਦਿਤਾ। ਇਕ ਸਮਾਂ ਸੀ, ਜਦ ਮੇਰੀ ਵਿਆਕੁਲ ਚਾਹ ਹਉਕਿਆਂ ਵਿਚ ਫਾਹਾ ਲੈ ਰਹੀ ਸੀ : 'ਉਹ ਆਦਮੀ ਕਿੰਨਾ ਖ਼ੁਸ਼ਕਿਸਮਤ ਹੋਵੇਗਾ, ਜਿਹੜਾ ਦਰਸ਼ਨ ਨਾਲ ਗੱਲ ਵੀ ਕਰ ਲਵੇਗਾ।' ਤੇ ਅੱਜ ਇਕ ਹੁਸੀਨ ਚਾਨਣੀ, ਪਿਆਰ ਦਾ ਸਮੁੰਦਰ ਮੇਰੀਆਂ ਬਾਹਾਂ ਵਿਚ ਵਿਸਮਾਦ ਬਣਿਆ ਪਿਆ ਹੈ। ਮੈਂ ਜਦੋਂ ਚਾਹਾਂ ਇਕ ਤੂਫ਼ਾਨ ਜਗਾ ਦੇਵਾਂ, ਕਿਆਮਤ ਉੱਠਾ ਦੇਵਾਂ। ਜ਼ਿੰਦਗੀ ਵਿਚ ਕੁਝ ਵੀ ਮੁਸ਼ਕਲ ਨਹੀਂ।" ਉਸ ਦੀ ਨਸ਼ੀਲੀ ਮੂਡ ਆਪਣੀ ਸੁਰਤੀ ਨੂੰ ਭੁੱਲ-ਭੁੱਲਈਆਂ ਦੇ ਰਹੀ ਸੀ। ਉਹ ਚਾਹੁੰਦਾ ਸੀ, ਇਹ ਮੂਡ ਸਦੀਵੀ ਸਜੀਵ ਹੋ ਜਾਵੇ। ਉਸ ਦਾ ਸਿਰ ਤਾਕੀ ਨਾਲ ਜੁੜ ਗਿਆ। ਹਰ ਨਸ਼ੇ-ਸੁਆਦ ਨੂੰ ਨੀਂਦ ਦੀਆਂ ਲੰਮੀਆਂ ਬਾਹਾਂ ਬੋਚ ਲੈਂਦੀਆਂ ਹਨ।

ਉਸ ਦੀਆਂ ਪਲਕਾਂ ਜੁੜ ਗਈਆਂ। ਗੱਡੀ ਦੀ ਰਫ਼ਤਾਰ ਚਾਨਣੀ ਚੀਰ ਰਹੀ ਸੀ। ਚਾਨਣੀ ਹੋਰ ਫੈਲ ਰਹੀ ਸੀ, ਰਫ਼ਤਾਰ ਹੋਰ ਵਧ ਰਹੀ ਸੀ। ਇਉਂ ਪਰਤੀਤ ਹੁੰਦਾ ਸੀ, ਜਿਵੇਂ ਜ਼ਿੰਦਗੀ ਤੇ ਸਮੇਂ ਵਿਚਕਾਰ ਮੁਕਾਬਲਾ ਆ ਪਿਆ ਹੈ।

15

ਪ੍ਰਤਾਪ ਕੌਰ ਨਹੀਂ ਚਾਹੁੰਦੀ ਸੀ, ਦਰਸ਼ਨ ਦੀ ਮੰਗਣੀ ਬਹਾਲ ਨਾਲ ਹੋਵੇ ਤੇ ਨਾ ਹੀ ਉਸ ਨਾਲ ਤੁਅੱਲਕਾਤ ਵਧਾਏ ਜਾਣ। ਜੋ ਕੁਝ ਹੋ ਰਿਹਾ ਸੀ, ਉਸ ਦੀ ਮਰਜ਼ੀ ਦੇ ਵਿਰੁੱਧ ਹੋ ਰਿਹਾ ਸੀ। ਬਹਾਲ ਦੇ ਬਾਰੇ ਉਹ ਹਰ ਮੇਲ-ਮੁਲਾਕਾਤ ਵਿਚ ਖਿਝਦੀ ਤੇ ਅੜਦੀ ਸੀ, ਪਰ ਗਰੇਵਾਲ ਤੇ ਦਰਸ਼ਨ ਦੋਵੇਂ ਇਕ ਪਾਸੇ ਹੋਣ ਕਰ ਕੇ ਉਸ ਦੀ ਕੋਈ ਪੇਸ਼ ਨਹੀਂ ਜਾਂਦੀ ਸੀ। ਮਜਬੂਰ ਉਹ ਆਪਾ ਕਲਪਾਂਦੀ ਜ਼ਬਤ ਕਰ ਜਾਂਦੀ। ਉਹ ਦਰਸ਼ਨ ਦੇ ਦਿੱਲੀ ਗੀਤ ਰੀਕਾਰਡ ਕਰਵਾਉਣ ਲਈ ਗੁਰਦਰਸ਼ਨ ਨੂੰ ਨਾਲ ਭੇਜਣਾ ਜ਼ਰੂਰੀ ਸਮਝਦੀ ਸੀ, ਪਰ ਗਰੇਵਾਲ ਮੰਨਿਆ ਨਹੀਂ ਸੀ। ਉਸ ਇਹ ਦਲੀਲ ਦਿਤੀ ਸੀ ਕਿ ਬਹਾਲ ਮਹਿਸੂਸ ਕਰੇਗਾ, ਮੈਂ ਏਨ੍ਹਾਂ ਲਈ ਓਪਰਾ ਹਾਂ ਤੇ ਇਹ ਮੈਨੂੰ ਇਤਬਾਰ ਦੇ ਯੋਗ ਨਹੀਂ ਸਮਝਦੇ। ਗਰੇਵਾਲ ਹਰ ਸੰਭਵ ਯਤਨ ਨਾਲ ਬਹਾਲ ਨੂੰ ਜਿੱਤ ਲੈਣ ਲਈ ਤੁਲਿਆ ਹੋਇਆ ਸੀ। ਉਸ ਆਪਣੀ ਪਰੋਖੋਂ ਤੋਂ ਬਹੁਤਾ ਖ਼ਰਚ ਕਰਨਾ ਸ਼ੁਰੂ ਕਰ ਦਿਤਾ, ਜਿਸ ਵਿਚ ਦਿਖਾਵੇ ਦੀ ਆਨ-ਸ਼ਾਨ ਪ੍ਰਭਾਵੀ ਸੀ ! ਇਕ ਨੌਕਰ ਰਖ ਲੈਣ ਲਈ ਮਨ ਬਣਾ ਲਿਆ। ਉਸ ਨਵਾਂ ਫ਼ਰਨੀਚਰ ਖ਼ਰੀਦ ਲਿਆਂਦਾ। ਉਹ ਕੋਠੀ ਨੂੰ ਅੰਦਰੋਂ ਬਾਹਰੋਂ ਹੱਸਦੀ ਸਜਦੀ ਵੇਖਣਾ ਚਾਹੁੰਦਾ ਸੀ।

ਉਸ ਦਰਸ਼ਨ ਦੇ ਬੇ ਜੀ ਨੂੰ ਪੁੱਛਿਆ :

"ਮੇਰੀ ਸਲਾਹ ਹੈ, ਨਵਾਂ ਫ਼ਰਨੀਚਰ ਡਰਾਇੰਗ-ਰੂਮ ਵਿਚ ਸਜਾਉਣਾ ਚਾਹੀਦਾ ਹੈ।"

Sri Satguru Jagjit Singh Ji eLibrary NamdhariElibrary@gmail.com

ਪ੍ਰਤਾਪ ਕੌਰ ਨੇ ਕੋਈ ਉੱਤਰ ਨਾ ਦਿਤਾ। ਉਹ ਦੁਪਹਿਰ ਤੋਂ ਹੀ ਗ਼ੁੱਸੇ ਸੀ ਅਤੇ ਦਰਸ਼ਨ ਨੂੰ ਸਟੇਸ਼ਨ ਤੱਕ ਛੱਡਣ ਵੀ ਨਹੀਂ ਗਈ ਸੀ। ਗਰੇਵਾਲ ਉਸ ਦੀ ਕੱਖ ਪਰਵਾਹ ਕਰੇ ਬਿਨਾਂ ਆਪ ਦਰਸ਼ਨ ਨੂੰ ਗੱਡੀ ਚੜ੍ਹਾ ਆਇਆ ਸੀ। ਗਰੇਵਾਲ ਨੇ ਬੈੱਡ-ਟੀ ਪੀਂਦਿਆਂ ਪ੍ਰਤਾਪ ਕੌਰ ਦੀ ਬਾਂਹ ਫੜ ਲਈ।

"ਮੈਂ ਤੈਨੂੰ ਇਕ ਸਲਾਹ ਪੁੱਛੀ ਹੈ, ਸਰਦਾਰਨੀ ?"

"ਮੈਨੂੰ ਨਹੀਂ ਪਤਾ, ਜੋ ਮਰਜ਼ੀ ਆਵੇ ਕਰੀ ਜਾਓ।" ਉਸ ਬਾਂਹ ਛੁਡਾਣ ਦਾ ਯਤਨ ਕੀਤਾ।

"ਤੈਨੂੰ ਪੁੱਛਣਾ ਬੜਾ ਜ਼ਰੂਰੀ ਐ।" ਗਰੇਵਾਲ ਦੀਆਂ ਅੱਖਾਂ ਪਿਆਰ ਵਿਚ ਆ ਕੇ ਲਿਸ਼ਕ ਪਈਆਂ।

"ਮੈਨੂੰ ਕੋਈ ਲੋੜ ਨਹੀਂ ਪੁੱਛਣ ਦੀ, ਕੋਈ ਲੋੜ ਨਹੀਂ।" ਪ੍ਰਤਾਪ ਕੌਰ ਨੇ ਬਾਂਹ ਖਿੱਚ ਲਈ।

"ਤੂੰ ਵੀ ਘਰ ਵਾਲੀ ਏਂ, ਅੱਧ ਵਾਲੀ !"

"ਮੈਂ ਕਾਸੇ ਵਾਲੀ ਨਹੀਂ, ਮੈਨੂੰ ਫੁਲਾਉਣ ਦੀ ਕੋਸ਼ਿਸ਼ ਨਾ ਕਰੋ ?"

"ਤੈਨੂੰ ਦਰਸ਼ਨ ਦੇ ਇਕੱਲਿਆਂ ਭੇਜਣ ਦਾ ਗ਼ੁੱਸਾ ਏ ?"

"ਇਹ ਗੱਲ ਨਿਰਾ ਗ਼ੁੱਸਾ ਕਰਨ ਵਾਲੀ ਨਹੀਂ, ਮਰ ਜਾਣ ਵਾਲੀ ਵੀ ਹੈ।" ਯਕੀਨਨ ਪ੍ਰਤਾਪ ਕੌਰ ਦੇ ਚਿਹਰੇ ਵਿਚ ਅਣਖ ਆਤਮਘਾਤ ਕਰ ਰਹੀ ਸੀ।

"ਤੈਨੂੰ ਨਵੇਂ ਜ਼ਮਾਨੇ ਦੀ ਭੋਰਾਂ 'ਵਾ ਨਹੀਂ ਲੱਗੀ, ਤੇਰੇ ਖ਼ਿਆਲ ਪੁਰਾਣੇ ਤੇ ਨਿਰੇ ਪੇਂਡੂਆਂ ਵਾਲੇ ਹੀ ਰਹੇ। ਸਾਨੂੰ ਬਹਾਲ ਵਰਗਾ ਕਿਤੋਂ ਨਹੀਂ ਲਭਣਾ, ਵਾਹਿਗੁਰੂ ਦਾ ਸ਼ੁਕਰ ਕਰ।" ਗਰੇਵਾਲ ਨੇ ਦੋਵੇਂ ਹੱਥ ਪ੍ਰਮਾਤਮਾ ਦੇ ਸ਼ੁਕਰ ਵਿਚ ਚੌੜੇ ਕਰ ਦਿਤੇ।

"ਅਸੀਂ ਦਰਸ਼ਨ ਲਈ ਪ੍ਰਕਾਸ਼ ਦਾ ਸੰਕਲਪ ਕਰ ਚੁਕੇ ਆਂ, ਕੀ ਹੋਇਆ ਜੇ ਰੁਪਿਆ ਹੱਥ ਨਹੀਂ ਰਖਿਆ। ਉਹ ਮੁੰਡਾ ਬਹਾਲ ਨਾਲੋਂ ਸੌ ਦਰਜੇ ਸ਼ਰੀਫ਼ ਐ।" ਦਰਸ਼ਨ ਦੇ ਬੇ ਜੀ ਨੇ ਆਪਣੇ ਦਿਲ ਦੀ ਸਾਫ਼ ਸਾਫ਼ ਕਹਿ ਦਿੱਤੀ।

"ਕਮਲੀਏ ! ਬਹਾਲ ਦਾ ਘਰ ਅਤੇ ਅਹੁਦੇ ਤੇ ਹੋਣਾ ਪ੍ਰਕਾਸ਼ ਨਾਲ ਰਲ ਗਿਆ ? ਪ੍ਰਕਾਸ਼ ਕਦੋਂ ਐਮ. ਏ. ਕਰੇ ਤੇ ਫਿਰ ਨੌਕਰੀ ਲਭੇ, ਅਜਿਹੇ ਬੇਰੁਜ਼ਗਾਰੀ ਦੇ ਸਮੇਂ ਵਿਚ। ਨਹੀਂ, ਨਹੀਂ।" ਗਰੇਵਾਲ ਨੇ ਸਿਰ ਮਾਰਿਆ, "ਇਹ ਠੀਕ ਹੈ ਪ੍ਰਕਾਸ਼ ਸਿਆਣਾ ਹੈ, ਹੁਸ਼ਿਆਰ ਹੈ, ਲਾਇਕ ਹੈ ਤੇ ਅਸੀਂ ਉਸ ਨੂੰ ਆਪਣਾ ਬੱਚਾ ਸਮਝਦੇ ਹਾਂ, ਪਰ ਬਹਾਲ ਦੇ ਮੁਕਾਬਲੇ ਵਿਚ ਪ੍ਰਕਾਸ਼ ਜ਼ਮਾਨੇ ਵਲ ਵੇਖਿਆਂ ਹਰ ਤਰ੍ਹਾਂ ਛੋਟਾ ਦਿਸਦਾ ਹੈ।"

"ਮੇਰੀ ਇਸ ਵਿਚ ਕੋਈ ਸਲਾਹ ਨਹੀਂ, ਜੇ ਤੁਸੀਂ ਆਪਣੀ ਮਰਜ਼ੀ ਕਰਨੀ ਏਂ, ਮੈਂ ਸਮਝਾਂਗੀ.......।" ਉਸ ਅਗੇ ਗੱਲ ਪੂਰੀ ਨਾ ਕੀਤੀ ਅਤੇ ਕਮਰੇ ਵਿਚੋਂ ਬਾਹਰ ਚਲੀ ਗਈ।

ਗਰੇਵਾਲ ਨੇ ਚਾਹ ਪੀ ਕੇ ਆਪਣੀ ਪਹਾੜੀ ਖੂੰਡੀ ਚੁਕ ਲਈ ਅਤੇ ਸੈਰ ਲਈ ਹੋ ਤੁਰਿਆ। ਉਸ ਪ੍ਰਤਾਪ ਕੌਰ ਦੇ ਗ਼ੁੱਸੇ ਨੂੰ ਇਕ ਜ਼ਿੱਦ ਸਮਝ ਕੇ ਭੁਲਾ ਦਿਤਾ। ਪਰ ਪ੍ਰਤਾਪ ਕੌਰ ਆਪੇ ਵਿਚ ਕੁੜ੍ਹਦੀ ਰਹੀ ਅਤੇ ਗੁਰਦਰਸ਼ਨ ਨੂੰ ਸਕੂਲ ਜਾਣ ਲਈ ਤਿਆਰ ਕਰਦੀ ਰਹੀ। ਉਹ ਇਸ ਗੱਲ ਨੂੰ ਬਦਸ਼ਗਨੀ ਸਮਝਦੀ ਸੀ ਕਿ ਦਰਸ਼ਨ ਦੇ ਰਿਸ਼ਤੇ ਦਾ ਸੰਕਲਪ ਇਕ ਥਾਂ ਤੋਂ ਤੋੜ ਕੇ ਦੂਜੇ ਥਾਂ ਕੀਤਾ ਜਾਵੇ। ਉਸ ਨੂੰ ਪ੍ਰਕਾਸ਼ ਦਾ ਗੁਰਦਰਸ਼ਨ

Sri Satguru Jagjit Singh Ji eLibrary NamdhariElibrary@gmail.com

ਵਾਂਗ ਹੀ ਪਿਆਰ ਆਉਂਦਾ ਸੀ। ਉਸ ਨੂੰ ਪ੍ਰਕਾਸ਼ ਦੀ ਕਰੜੀ ਸੇਵਾ ਯਾਦ ਸੀ। ਪ੍ਰਕਾਸ਼ ਦੀਆਂ ਸਿਫ਼ਤਾਂ ਨੇ ਉਸ ਨੂੰ ਮੋਹ ਲਿਆ ਸੀ। ਦੋ ਖ਼ਾਨਦਾਨਾਂ ਦੀ ਦੋਸਤੀ ਤੇ ਪ੍ਰਕਾਸ਼ ਦਾ ਸਾਲਾਂ-ਬੱਧੀ ਘਰ ਰਹਿ ਕੇ ਨਿੱਜ ਦਾ ਹੋ ਜਾਣਾ ਹੀ ਕਾਫ਼ੀ ਸੀ ਕਿ ਦਰਸ਼ਨ ਨੂੰ ਹੋਰ ਕਿਤੇ ਨਾ ਮੰਗਿਆ ਜਾਵੇ। ਉਹ ਆਪਣੀ ਤਰ੍ਹਾਂ ਦੀਆਂ ਵਿਚਾਰਾਂ ਵਿਚ ਖਿੱਚੀ ਖਿੱਚੀ ਹੀ ਰਹੀ। ਗੁਰਦਰਸ਼ਨ ਦੇ ਸਕੂਲ ਚਲੇ ਜਾਣ ਪਿਛੋਂ ਉਸ ਕੋਠੀ ਦਾ ਅੰਦਰਲਾ ਫ਼ਰਸ਼ ਧੋਣਾ ਸ਼ੁਰੂ ਕਰ ਦਿਤਾ। ਹਾਲੇ ਉਸ ਪਾਣੀ ਦੀ ਦੂਜੀ ਬਾਲਟੀ ਹੀ ਲਿਆ ਕੇ ਰਖੀ ਸੀ ਕਿ ਬਾਹਰ ਸਾਈਕਲ ਦੀ ਘੰਟੀ ਆ ਵਜੀ।

ਪ੍ਰਕਾਸ਼ ਦਰਸ਼ਨ ਨੂੰ ਦੱਸਣ ਆਇਆ ਸੀ ਕਿ ਅੱਜ ਰਾਤੀਂ ਸਾਡੇ ਕਾਲਜ ਵਿਚ ਡੀਬੇਟ ਹੈ ਅਤੇ ਬਾਹਰਲੇ ਕਾਲਜਾਂ ਵਿਚੋਂ ਵੀ ਟਰਾਫ਼ੀ ਜਿੱਤਣ ਲਈ ਟੀਮਾਂ ਆ ਰਹੀਆਂ ਹਨ। ਉਹ ਫ਼ੰਕਸ਼ਨ ਤੇ ਗਾਉਣ ਲਈ ਤਿਆਰ ਰਹੇ। ਉਸ ਦੇ ਦੂਜੀ ਵਾਰ ਘੰਟੀ ਵਜਾਉਣ ਤੇ ਬੇ ਜੀ ਬਾਹਰ ਆ ਗਈ। ਭਾਵੇਂ ਉਹ ਪ੍ਰਕਾਸ਼ ਨੂੰ ਦੇਖ ਕੇ ਖ਼ੁਸ਼ ਹੋਣੋਂ ਨਹੀਂ ਰਹਿ ਸਕੀ ਸੀ, ਪਰ ਗ਼ੁੱਸਾ ਹਾਲੇ ਵੀ ਜਿਉਂ ਦਾ ਤਿਉਂ ਮੱਥੇ ਵੱਟ ਪਾਈ ਬੈਠਾ ਸੀ।

"ਦਰਸ਼ਨ, ਬੇ ਜੀ ?" ਪ੍ਰਕਾਸ਼ ਨੇ ਸਾਈਕਲ ਤੇ ਬੈਠਿਆਂ ਹੀ ਇਕ ਪੈਰ ਭੁੰਜੇ ਲਾ ਲਿਆ।

"ਮਰ ਗਈ।"

ਪ੍ਰਕਾਸ਼ ਬੇ ਜੀ ਦਾ ਚਿਹਰਾ ਵੇਖ ਕੇ ਸਾਈਕਲ ਤੋਂ ਲਹਿ ਪਿਆ। ਉਸ ਬੇਜੀ ਨੂੰ ਗ਼ੁੱਸੇ ਤਾਂ ਕਈ ਵਾਰ ਦੇਖਿਆ ਸੀ, ਪਰ ਇਸ ਤਰ੍ਹਾਂ ਡਰਾਉਣੀ ਕਦੇ ਵੀ ਨਹੀਂ ਤੱਕਿਆ ਸੀ। ਉਸ ਬਹੁਤ ਹੀ ਹੈਰਾਨ ਹੁੰਦਿਆਂ ਪੁੱਛਿਆ :

"ਬੇ ਜੀ, ਆਖ਼ਰ ਹੋਇਆ ਕੀ ?" ਉਸ ਕੋਠੀ ਨੂੰ ਅੰਦਰੋਂ ਬਾਹਰੋਂ ਪੜਤਾਲਿਆ, ਉਸ ਨੂੰ ਘਰ ਹੋਰ ਕੋਈ ਨਹੀਂ ਜਾਪ ਰਿਹਾ ਸੀ। "ਪਿਤਾ ਜੀ ਕਿਥੇ ਗਏ ?"

"ਖ਼ੂਹ 'ਚ !" ਬੇ ਜੀ ਦੀਆਂ ਅੱਖਾਂ ਭਰ ਆਈਆਂ।"

ਪ੍ਰਕਾਸ਼ ਬੇ ਜੀ ਨੂੰ ਸਕੀ ਮਾਂ ਵਾਂਗ ਪਿਆਰ ਕਰਦਾ ਸੀ। ਉਸ ਤੋਂ ਬੇ ਜੀ ਦੀ ਇਹ ਹਾਲਤ ਨਾ ਵੇਖੀ ਗਈ ਅਤੇ ਉਸ ਨੂੰ ਗਲਵਕੜੀ ਪਾ ਕੇ ਰੋਣ-ਹਾਕਾ ਹੋ ਗਿਆ।

"ਬੇ ਜੀ ! ਤੁਸੀਂ ਕੁਝ ਦੱਸਦੇ ਕਿਉਂ ਨਹੀਂ ?" ਉਸ ਇਨਤਹਾ ਪੀੜ ਅਨੁਭਵ ਕਰਦਿਆਂ ਉਸ ਨੂੰ ਹਲੂਣਿਆ। ਬੇ ਜੀ ਨੇ ਆਪਾ ਛੁੜਾਂਦਿਆਂ ਕਿਹਾ :

"ਕਾਕਾ ਕੁਝ ਨਹੀਂ, ਮੈਂ ਕੀ ਦੱਸਾਂ।" ਉਸ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝ ਸੁੱਟੀਆਂ। ਉਹ ਅੱਖਾਂ ਦੇ ਪਾਣੀ ਨਾਲ ਮੈਲਾ ਹੋਇਆ ਦਿਲ ਧੋ ਸੁੱਟਣਾ ਚਾਹੁੰਦੀ ਸੀ, ਪਰ ਉਸ ਦੀ ਮਜਬੂਰੀ। ਬਰਾਂਡੇ ਵਿਚ ਹੈਰਾਨ ਖਲੋਤੇ ਪ੍ਰਕਾਸ਼ ਨੂੰ ਛੱਡ ਕੇ ਉਹ ਅੰਦਰ ਚਲੀ ਗਈ। ਪ੍ਰਕਾਸ਼ ਨੇ ਕਾਰਨ ਜਾਨਣ ਲਈ ਪਿੱਛੇ ਜਾਂਦਿਆਂ ਦੁਖ ਨਾਲ ਪੁਕਾਰਿਆ।

"ਬੇ ਜੀ......!"

16

ਕੁਲੀ ਉਨ੍ਹਾਂ ਨੂੰ ਨਿਊ ਪੰਜਾਬ ਹੋਟਲ ਛਡ ਗਿਆ। ਮੈਨੇਜਰ ਨੇ ਕਮਰਾ ਦਿਖਾਇਆ

Sri Satguru Jagjit Singh Ji eLibrary NamdhariElibrary@gmail.com

ਬਹਾਲ ਦੇ ਪਸੰਦ ਆ ਗਿਆ। ਬੈਰ੍ਹੇ ਨੇ ਕਮਰੇ ਵਿਚ ਸਾਮਾਨ ਟਿਕਾ ਦਿਤਾ ਤੇ ਆਰਡਰ ਲੈਣ ਲਈ ਝੁਕ ਗਿਆ।

"ਗਰਮ ਪਾਣੀ ਨਹਾਉਣ ਲਈ ਤੇ ਉਸ ਤੋਂ ਪਿਛੋਂ ਚਾਹ ਲੈ ਆਵੀਂ।" ਬਹਾਲ ਨੇ ਉਬਾਸੀ ਲੈਂਦਿਆਂ ਆਖਿਆ।

"ਤੁਸੀਂ ਤਾਂ ਕਹਿੰਦੇ ਸੀ, ਦਿੱਲੀ ਮੇਰੇ ਚਾਚਾ ਜੀ ਕੋਲ ਚੱਲਾਂਗੇ।" ਦਰਸ਼ਨ ਨੂੰ ਕਮਰਾ ਓਪਰਾ ਓਪਰਾ ਜਾਪਿਆ।

"ਉਨ੍ਹਾਂ ਦੇ ਘਰ ਵੜਨ ਜੋਗੇ ਤਾਂ ਹੋ ਜਾਈਏ ਨਹਾ ਧੋ ਕੇ। ਸ਼ਾਮੀ ਚੱਲਾਂਗੇ ਚਾਚਾ ਜੀ ਦੀ ਕੋਠੀ, ਤੇ ਕੱਲ੍ਹ ਨੂੰ ਤੇਰਾ ਸਰਦਾਰਨੀ ਇਮਤਿਹਾਨ ਹਿਜ਼ ਮਾਸਟਰ ਵਾਇਸ ਵਾਲਿਆਂ ਦੇ।" ਉਸ ਸ਼ਰਾਰਤ ਨਾਲ ਦਰਸ਼ਨ ਦਾ ਨੱਕ ਮਰੋੜ ਸੁਟਿਆ।

"ਕੀ ਕਰਦੇ ਓ।" ਦਰਸ਼ਨ ਨੇ ਖ਼ੁਸ਼ ਹੁੰਦਿਆਂ ਬਹਾਲ ਦੇ ਹੱਥ ਉਤੇ ਜ਼ੋਰ ਦੀ ਹੱਥ ਮਾਰਿਆ।

"ਸਰਦਾਰਨੀ, ਇਹ ਦਿੱਲੀ ਐ ਤੇ ਦਿੱਲੀ ਦੇ ਮੈਨਰਜ਼ ਸਿੱਖ ਲੈ, ਹਫ਼ਤਾ ਕੱਟਣਾ ਏਂ ਸਮਝੀਂ।" ਬਹਾਲ ਦੇ ਮਚਲਦੇ ਚਾਅ ਰਾਤ ਦੀਆਂ ਅੱਧ-ਸੁੱਤੀਆਂ ਕਲੀਆਂ ਵਾਂਗ ਖਿੜਦੇ ਜਾ ਰਹੇ ਸਨ। "ਪਿਆਰ ਵੀ ਆਦਮੀ ਨੂੰ ਕੀ ਬਣਾ ਦੇਂਦਾ ਏ ?"

"ਬੁੱਧੂ !" ਦਰਸ਼ਨ ਨੱਕ ਸਕੋੜਦੀ ਪਿਛੇ ਹਟ ਗਈ। ਜਦ ਬਹਾਲ ਅਗੇ ਵਧਿਆ, ਉਸ "ਹਿੱਛਤ" ਆਖਦਿਆਂ ਉਂਗਲ ਬੁੱਲ੍ਹਾਂ ਤੇ ਰਖੀ ਤੇ ਬਾਥ-ਰੂਮ ਵਲ ਇਸ਼ਾਰਾ ਕੀਤਾ। ਬੈਰ੍ਹਾ ਪਾਣੀ ਲੈ ਆਇਆ ਸੀ।

ਦੋਹਾਂ ਵਾਰੀ ਵਾਰੀ ਨਹਾ ਕੇ ਸਫ਼ਰ ਦੇ ਥਕੇਵੇਂ ਤੇ ਰਾਤ ਦੀ ਸੁਸਤੀ ਨੂੰ ਵਿਦਾ ਦਿਤੀ। ਜਦ ਕਪੜੇ ਪਾਈ ਇਕ ਦੂਜੇ ਨੂੰ ਸਜਰੇ ਤੇ ਨਿਖਰੇ ਤੱਕਿਆ, ਕੁਦਰਤ ਦੀ ਰੂਪ-ਧਾਰਾ ਵਿਚੋਂ ਚਿਣਗਾਂ ਫੁਟ ਨਿਕਲੀਆਂ। ਉਨ੍ਹਾਂ ਦੀ ਨਸ ਨਸ ਹਰਕਤ ਵਿਚ ਆ ਗਈ। ਬਹਾਲ ਦੀ ਦੀਵਾਨਗੀ ਨੇ ਚਾਹ ਪੀਂਦਿਆਂ ਦਰਸ਼ਨ ਨਾਲ ਪਿਆਲੀ ਵਟਾ ਲਈ। ਫਿਰ ਉਸ ਦਰਸ਼ਨ ਤੋਂ ਬਚੇ ਪੇਸਟਰੀ ਦੇ ਅੱਧੇ ਟੁਕੜੇ ਦੀ ਪਿਆਰ ਨਾਲ ਮੰਗ ਕੀਤੀ।

"ਮੰਗਤਾ !" ਦਰਸ਼ਨ ਦੀ ਪਿਆਰ-ਭਾਵਨਾ ਸੁਤੇ-ਸਿਧ ਏਨੀ ਬਲਵਾਨ ਹੋ ਗਈ, ਜਿਸ ਦਾ ਉਸ ਨੂੰ ਕਦੇ ਖ਼ਿਆਲ ਵੀ ਨਹੀਂ ਆਇਆ ਸੀ। ਬਦਲਦਾ ਰੂਪ ਹੀ ਜ਼ਿੰਦਗੀ ਦੀ ਸੁਰਜੀਤੀ ਦਾ ਅਸਲ ਕਾਰਨ ਹੈ।

ਬੈਰ੍ਹਾ ਆਗਿਆ ਪਾਲਣ ਲਈ ਇਕ ਵਾਰ ਫਿਰ ਆਇਆ।

"ਸਾਅਬ, ਕੋਈ ਔਰ ਹੁਕਮ।"

"ਦੇਖੋ ਬੈਰ੍ਹਾ ! ਪਾਨੀ ਕਾ ਜੱਗ, ਗਲਾਸ, ਦੋ ਬੋਤਲ ਸੋਡਾ, ਤਲੀ ਹੋਈ ਮੱਛੀ ਆਧੀ ਪਲੇਟ, ਔਰ.....ਔਰ ਦੋ ਅੰਡੇ ਅਭੀ ਦੇ ਜਾਓ।" ਬਹਾਲ ਨੇ ਸੋਚ ਸੋਚ ਕੇ ਆਰਡਰ ਦਿਤਾ।

"ਅਭੀ ਲਾਇਆ ਸਾਅਬ !" ਬੈਰੇ ਨੂੰ ਬਹਾਲ ਦੀ ਭਾਵਨਾ ਤੱਕ ਦੀ ਖ਼ਬਰ ਹੋ ਗਈ ਤੇ ਝਟ ਹੀ ਉਹ ਪਿਛੇ ਪਰਤ ਗਿਆ।

"ਦਰਸ਼ਨ, ਜੀਅ ਕਰਦਾ ਏ, ਸਾਰੀ ਜ਼ਿੰਦਗੀ ਦਾ ਨਿਚੋੜ ਸਿਰਫ਼ ਆਹ ਦੋ ਘੜੀਆਂ ਹੋ ਕੇ ਰਹਿ ਜਾਣ।" ਬਹਾਲ ਇਸ ਵੇਲੇ ਬੁੱਧੂ ਤੇ ਪਾਗਲ ਹੋਣ ਨਾਲ ਸ਼ੈਤਾਨ ਦੀ ਟੂਟੀ ਵੀ ਬਣਿਆ ਹੋਇਆ ਸੀ। ਉਂਜ ਉਸ ਦੇ ਜਜ਼ਬਾਤ ਪਿਆਰ-ਭਿੱਜੀ ਸ਼ਾਇਰੀ ਕਰੀ ਜਾ ਰਹੇ ਸਨ। "ਤੂੰ ਇਸ ਵੇਲੇ ਮੈਨੂੰ ਜਾਣ ਸਕਦੀ, ਮੇਰੇ ਨਾਲ ਮੁਕ ਸਕਦੀ, ਸੌਂ ਸਕਦੀ।"

Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਨੇ ਉਸ ਦਾ ਹੱਥ ਫੜ ਲਿਆ ਅਤੇ ਇਕ ਧੁੜਧੁੜੀ ਲੈਂਦਿਆਂ ਘੁਟ ਸੁੱਟਿਆ।

"ਦਰਸ਼ਨ, ਪਿਆਰ ਕੀ ਬਲਾ ਹੈ ? ਅਸੀਂ ਕਿਵੇਂ ਇਕ ਹੋ ਗਏ, ਪਹਿਲੀ ਵਾਰ ਇਕ ਦੂਜੇ ਨੂੰ ਨਫ਼ਰਤ ਨਾਲ ਤੱਕਦੇ ਹੋਏ ਵੀ।" ਉਹ ਦੋਵੇਂ ਹੱਸ ਪਏ।

"ਮਰਦ ਬੜੇ ਬੇਈਮਾਨ ਹੁੰਦੇ ਐ।" ਕੁੜੀ ਸੁਭਾਵਕ ਹੀ ਕਹਿ ਗਈ।

"ਗ਼ਲਤ, ਮਰਦ ਵਫ਼ਾ ਦੀ ਪੂਰਨ ਤਸਵੀਰ ਹੈ, ਜਿਹੜਾ ਔਰਤ ਦੇ ਪਿਆਰ ਵਿਚ ਕੈਦੀ ਹੈ। ਮਰਦ ਜ਼ਾਰਸ਼ਾਹੀਆਂ ਜਿੱਤਦਾ ਹੈ, ਪਰ ਔਰਤ ਅਗੇ ਹਥਿਆਰ ਸੁੱਟ ਪਾਂਦਾ ਹੈ, ਮਰਦ ਬੇਰਹਿਮ ਡਾਕੂ ਬਣਦਾ ਏ, ਖ਼ੂਨੀ ਤੇ ਹਤਿਆਰਾ; ਪਰ ਔਰਤ ਸਾਹਮਣੇ ਮਜ਼ਲੂਮ ਹੁੰਦਾ ਹੈ। ਸਿਰਫ਼ ਇਸ ਲਈ ਕਿ ਉਹ ਔਰਤ ਨਾਲ ਪਿਆਰ ਕਰਦਾ ਹੈ, ਉਸ ਦੇ ਪਿਆਰ ਵਿਚ ਮਰਦਾ ਹੈ।" ਬਹਾਲ ਨੇ ਕਈ ਵਾਰ ਆਖੇ ਫ਼ਿਕਰੇ ਦਰਸ਼ਨ ਅਗੇ ਵੀ ਦੋਹਰਾ ਦਿਤੇ।

"ਭਾਵੇਂ ਮਰਦ ਕੁਝ ਹੋਵੇ, ਪਰ ਬੇਈਮਾਨ ਜ਼ਰੂਰ ਹੁੰਦਾ ਹੈ।" ਦਰਸ਼ਨ ਨੇ ਬਹਾਲ ਨੂੰ ਸਤਾਉਣ ਲਈ ਫੇਰ ਕਿਹਾ।

"ਤੇ ਔਰਤ ?"

"ਹਿੱਛਤ !" ਦਰਸ਼ਨ ਨੇ ਬੈਰ੍ਹੇ ਦਾ ਆਉਣਾ ਜਣਾਇਆ।

ਬੈਰ੍ਹੇ ਨਾਲ ਇਕ ਹੋਰ ਸਾਥੀ ਸੀ, ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਮੇਜ਼ ਤੇ ਤਰਤੀਬ ਦੇ ਦਿਤੀ।

"ਕੁਛ ਔਰ ਸਾਅਬ !"

"ਬਸ, ਜੇ ਲੋੜ ਪਈ ਮੈਂ ਘੰਟੀ ਦਬਾ ਦਿਆਂਗਾ। ਹਾਂ, ਦਰਵਾਜ਼ੇ ਦਾ ਪਰਦਾ ਠੀਕ ਕਰ ਦੇਣਾ।" ਬਹਾਲ ਨੇ ਪਰਦੇ ਨੂੰ ਇਕ ਪਾਸੇ ਹੋਇਆ ਦੇਖ ਕੇ ਆਖਿਆ। ਬੈਰਾ ਪਰਦਾ ਠੀਕ ਕਰ ਕੇ ਪੌੜੀਆਂ ਉਤਰ ਗਿਆ। ਹੁਣ ਉਨ੍ਹਾਂ ਨੂੰ ਖਾਂਦਿਆਂ ਪੀਂਦਿਆਂ ਨੂੰ ਕੋਈ ਨਹੀਂ ਸੀ ਦੇਖ ਸਕਦਾ।

ਬਹਾਲ ਨੇ ਉਠ ਕੇ ਆਪਣੇ ਸੂਟਕੇਸ ਵਿਚੋਂ ਵਿਸਕੀ ਦਾ ਅੱਧੀਆ ਕਢ ਲਿਆਂਦਾ। ਫਿਰ ਡਰੈਸਿੰਗ-ਟੇਬਲ ਦਾ ਸ਼ੀਸ਼ਾ ਵੇਖਦਿਆਂ ਹੱਸਿਆ।

"ਇਹ ਕੀ ਕਰਨ ਲੱਗੇ ਓ ?" ਦਰਸ਼ਨ ਨੇ ਅੱਧੀਆ ਫੜਨ ਦਾ ਯਤਨ ਕੀਤਾ।

"ਮੇਰੀ ਜਾਨ, ਅੱਜ ਤੂੰ ਮਲਕਾ ਨੂਰ ਜਹਾਂ ਬਣੇਂਗੀ ਤੇਂ ਬੰਦਾ ਸ਼ਹਿਜ਼ਾਦਾ ਸਲੀਮ।" ਬਹਾਲ ਨੂੰ ਇਕ ਸਰੂਰ ਆਇਆ ਹੋਇਆ ਸੀ।

"ਮੈਂ ਤੁਹਾਨੂੰ ਅਜਿਹਾ ਨਹੀਂ ਕਰਨ ਦਿਆਂਗੀ।" ਦਰਸ਼ਨ ਨੇ ਗੁੱਸਾ ਚੜ੍ਹਾਇਆ।

"ਦੇਖੋ ਪਿਆਰੀ, ਦਿੱਲੀ ਰੋਜ਼-ਰੋਜ਼ ਨਹੀਂ ਆ ਸਕਦੇ ਅਤੇ ਨਾ ਹੀ ਜਵਾਨੀ ਦੋਬਾਰਾ ਨਸੀਬ ਹੋ ਸਕਦੀ ਹੈ। ਇਸ ਜ਼ਿੰਦਗੀ ਦੇ ਅਰਮਾਨ ਇਸ ਜਹਾਨ ਵਰਤਮਾਨ ਵਿਚ ਹੀ ਪੂਰੇ ਹੋਣੇ ਚਾਹੀਦੇ ਹਨ।" ਉਸ ਅੱਧੀਏ ਵਾਲੀ ਬਾਂਹ ਦਰਸ਼ਨ ਦੀ ਪਹੁੰਚ ਤੋਂ ਉਚੀ ਚੁੱਕ ਲਈ। "ਨੂਰ ਜਹਾਂ ਜਹਾਂਗੀਰ ਨੂੰ ਆਪ ਪਿਆਲਾ ਭਰ ਕੇ ਦਿਆ ਕਰਦੀ ਸੀ, ਤੂੰ ਵੀ ਖ਼ੁਸ਼ੀ ਨਾਲ ਭਰ ਕੇ ਪਿਲਾ। ਤੂੰ ਆਪਣੇ ਹੁਸਨ ਵਲ ਵੇਖ, ਦੁਨੀਆ ਕਿੰਨੀ ਰੰਗੀਨ ਹੈ।"

ਦਰਸ਼ਨ ਗ਼ੁੱਸੇ ਹੋ ਕੇ ਪਲੰਘ 'ਤੇ ਜਾ ਪਈ, ਉਸ ਉਤੇ ਕੰਬਲ ਖਿੱਚ ਲਿਆ। ਬਹਾਲ ਨੇ ਵਿਸਕੀ ਤੇ ਸੋਡੇ ਨਾਲ ਗਲਾਸ ਭਰ ਲਿਆ। ਦਰਸ਼ਨ ਤਿੱਖੀਆਂ ਕੌੜੀਆਂ ਨਜ਼ਰਾਂ ਨਾਲ ਵੇਖਦੀ ਰਹੀ। ਬਹਾਲ ਨੇ ਅੱਧਾ ਗਲਾਸ ਖ਼ਤਮ ਕਰ ਕੇ ਮੇਜ਼ ਤੇ ਰਖ ਦਿਤਾ

Sri Satguru Jagjit Singh Ji eLibrary NamdhariElibrary@gmail.com

ਤੇ ਚੌੜੇ ਹੁੰਦਿਆਂ ਕਮਰੇ ਵਿਚ ਫਿਰਨਾ ਸ਼ੁਰੂ ਕਰ ਦਿਤਾ। ਉਹ ਨਾਲ ਨਾਲ ਕੁਝ ਗਾਈ ਵੀ ਜਾ ਰਿਹਾ ਸੀ। ਦਰਸ਼ਨ ਕਾਹਲੀ ਨਾਲ ਉਠ ਕੇ ਮੇਜ਼ ਵਲ ਵਧੀ, ਪਰ ਬਹਾਲ ਨੇ ਪਿਛੋਂ ਹੀ ਉਸ ਦੇ ਗਲ ਬਾਹਾਂ ਪਾ ਦਿਤੀਆਂ।

"ਮੇਰੀ ਉਸ ਵਿਚ ਜਾਨ ਹੈ ਤੇ ਮੈਂ ਤੈਨੂੰ ਡੋਲ੍ਹਣ ਨਹੀਂ ਦੇਵਾਂਗਾ।" ਉਸ ਦਰਸ਼ਨ ਨੂੰ ਪਿਆਰ ਨਾਲ ਖਿੱਚ ਕੇ ਪਲੰਘ ਤੇ ਸੁੱਟ ਦਿਤਾ। ਮੁੜ ਗਲਾਸ ਚੁੱਕ ਕੇ ਪਲੰਘ ਤੇ ਆ ਝੁਕਿਆ। "ਇਸ ਵਿਚ ਬੁਰਾਈ ਕੀ ਹੈ ? ਤੇਰੇ ਪਿਆਰ-ਸਾਗਰ ਵਿਚ ਡੁੱਬ ਜਾਣ ਤੋਂ ਪਹਿਲਾਂ ਮੇਰੀ ਜਾਨ, ਮਦਹੋਸ਼ ਹੋਣਾ ਜ਼ਰੂਰੀ ਹੈ, ਏਸੇ ਲਈ ਬੰਦਾ ਰਿਆਜ਼ ਕਰ ਰਿਹਾ ਹੈ। ਦਰਸ਼ੋ ! ਦਰਸ਼ੋ !! ਮੇਰੀ ਜਾਨ, ਬੁੱਲ੍ਹ ਹੀ ਛੁਹਾ ਦੇ।"

ਦਰਸ਼ਨ ਨੇ ਗਲਾਸ ਉਲਟ ਦੇਣ ਲਈ ਹੱਥ ਮਾਰਿਆ, ਬਹਾਲ ਉਸ ਤੋਂ ਕਿਤੇ ਪਹਿਲਾਂ ਹੁਸ਼ਿਆਰ ਸੀ, ਉਸ ਗਲਾਸ ਉਤਾਂਹ ਚੁੱਕ ਲਿਆ।

"ਓਏ ਰਾਮ ਨਾਥ ਦੇ ਬੱਚੇ ! ਇਸ ਨੂੰ ਹਵਾਲਾਤ ਦੇ ਦੇ, ਇਸ ਤਰ੍ਹਾਂ ਨਹੀਂ ਮੰਨਣਾ।" ਬਹਾਲ ਦੀ ਐਕਟਿੰਗ ਦੇਖ ਕੇ ਦਰਸ਼ਨ ਦਾ ਹਾਸਾ ਨਿਕਲ ਗਿਆ।

"ਖਿੜ ਗਈ ਮੇਰੀ ਨੂਰਾਂ ! ਦੇਖ ਬਈ ਦਰਸ਼ਨ, ਹਟਕ ਨਾ, ਵਰਜ ਨਾ, ਮੈਨੂੰ ਪਿਆਰ ਕਰਨ ਦੇ, ਜੀਣ ਦੇ, ਜਿਵੇਂ ਵੀ ਜੀਂਦਾ ਹਾਂ। ਤੇਰੀ ਹਸਰਤ ਨਾ ਰਹਿ ਜਾਵੇ, ਤੂੰ ਪੀ ਲੈ ਜਾਮ ਭਰ ਭਰ ਕੇ।" ਉਸ ਇਕ ਚੱਕਰ ਲੈ ਕੇ ਗਲਾਸ ਖ਼ਤਮ ਕਰ ਦਿਤਾ।

"ਇਕ ਪੀ ਲਿਆ ਮੈਂ ਆਪ ਪਾ ਕੇ, ਹੁਣ ਤੂੰ ਦੂਜਾ ਆਪਣੇ ਹੱਥੀ ਪਿਲਾਵੇਂ ਤਾਂ ਜਾਣਾ। ਮੇਰਾ ਪਿਆਲਾ ਭਰ ਦੇ ਨੀ, ਨਾਜ਼ ਕਰੇਂਦੀਏ ਨਾਰੇ। ਤੇਰੇ ਬੁੰਦੇ ਹਿਲਦੇ ਨੀ, ਨਾਜ਼ ਕਰੇਂਦੀਏ ਨਾਰੇ।" ਬਹਾਲ ਨੇ ਲੋਰ ਵਿਚ ਆ ਕੇ ਗਲਾਸ ਦਰਸ਼ਨ ਦੇ ਹੱਥ ਫੜਾ ਦਿਤਾ। ਉਸ ਭੰਨ ਦੇਣ ਲਈ ਉਤਾਂਹ ਚੁਕਿਆ, "ਆਂ ਹਾਂ ! ਇਸ ਗ਼ਰੀਬ ਦਾ ਕੋਈ ਦੋਸ਼ ਨਹੀਂ, ਦੋਸ਼ ਮੇਰਾ ਹੈ, ਸਜ਼ਾ ਮੈਨੂੰ ਮਿਲਣੀ ਚਾਹੀਦੀ ਹੈ। ਜੇ ਭੰਨ ਵੀ ਦੇਵੇਂਗੀ, ਤੈਰ੍ਹੋ ਨੂੰ ਕਾਲ ਦੇਣੀ ਪਵੇਗੀ।"

"ਆ ਫੜੋ ਤੇ, ਪਲੰਘ ਖ਼ਾਲੀ ਕਰ ਦਿਓ, ਤੁਹਾਡੇ ਕੋਲੋਂ ਬੋ ਆਉਂਦੀ ਏ।" ਦਰਸ਼ਨ ਨੇ ਆਪਣਾ ਮੂੰਹ ਕੰਬਲ ਵਿਚ ਦੇ ਲਿਆ।

"ਬੜੇ ਬੇ-ਆਬਰੂ ਹੋ ਕਰ ਤੇਰੇ ਕੂਚੇ ਸੇ ਹਮ ਨਿਕਲੇ।" ਬਹਾਲ ਨੇ ਉਠ ਕੇ ਗਲਾਸ ਫੇਰ ਭਰ ਲਿਆ ਅਤੇ ਹੌਲੀ ਹੌਲੀ ਗਾਉਂਦਾ ਪਲੰਘ ਤੇ ਫੇਰ ਆ ਬੈਠਾ, "ਤੁਝ ਕੋ ਮੇਰੇ ਗੀਤ ਪੁਕਾਰੇਂ, ਮੇਰੇ ਸਾਜ਼ ਕਹਾਂ ਹੋ।"

ਬਹਾਲ ਨੇ ਕੰਬਲ ਉਸ ਦੇ ਮੂੰਹ ਤੋਂ ਲਾਹ ਦਿਤਾ। ਦਰਸ਼ਨ ਦਾ ਹਾਸਾ ਨਿਕਲ ਗਿਆ।

"ਅੱਜ ਤੁਹਾਨੂੰ ਕਿਧਰਲੀਆਂ ਚੜ੍ਹੀਆਂ ਹਨ।"

"ਇਹ ਚੜ੍ਹੀਆਂ ਉਤਰਨ ਹੀ ਨਾ ਰੱਬ ਕਰਕੇ ਮੈਨੂੰ ਤੇਰੇ ਵਾਲਾਂ 'ਚ ਨੀਂਦ ਆ ਜਾਵੇ ਤੇ ਜਾਗ ਨਾ ਆਵੇ। ਤੇਰੀ ਸੌਂਹ ਅਜਿਹੀ ਮੂਡ ਜ਼ਿੰਦਗੀ ਭਰ ਨਹੀਂ ਮਿਲਣੀ।" ਬਹਾਲ ਨੇ ਪਿਆਰ-ਲੋਰਾਂ ਵਿਚੋਂ ਕਿਹਾ, "ਦੇਖ ਦਰਸ਼ਨ ਇਕ ਵਾਰ ਮੂੰਹ ਲਾ ਦੇ, ਮੇਰਾ ਪਿਆਲਾ ਸੋਮ ਰਸ ਹੋ ਜਾਵੇਗਾ।"

"ਦਮਾਗ਼ ਚਲ ਗਿਆ ਏ ?" ਉਹ ਉਠ ਕੇ ਬਹਿ ਗਈ।

"ਇਹ ਸਿਰ 'ਚੋਂ ਵੀ ਨਿਕਲ ਜਾਵੇ, ਸਿਰਫ਼ ਦਿਲ ਦੀ ਲੋੜ ਹੈ ਉਹਦੀ ਧੜਕਣ ਤੇਰੇ ਗੀਤ ਗਾਈ ਜਾ ਰਹੀ ਹੈ। ਮੈਨੂੰ ਤੇਰੀ ਸੌਂਹ ਜੇ ਪੀਵਾਂ, ਤੇਰੇ ਇਕ ਘੁਟ ਭਰੇ ਬਿਨਾਂ।"

Sri Satguru Jagjit Singh Ji eLibrary NamdhariElibrary@gmail.com

ਬਹਾਲ ਨੇ ਇਕ ਜ਼ਿੱਦ ਨੂੰ ਜਨਮ ਦੇ ਲਿਆ।

"ਕੀ ਬਕਦੇ ਪਏ ਓ।" ਦਰਸ਼ਨ ਨੇ ਘਬਰਾ ਕੇ ਆਖਿਆ।

"ਬਸ ਕੁਝ ਨਹੀਂ, ਪਿਆਲਾ ਪਵਿੱਤਰ ਹੋ ਜਾਵੇ।"

"ਬਹਾਲ !" ਜਦੋਂ ਦਰਸ਼ਨ ਨੇ ਬਹਾਲ ਵਲ ਤੱਕਿਆ, ਉਸ ਦੀਆਂ ਅੱਖਾਂ ਰੱਤੀਆਂ ਸਨ। ਬਹਾਲ ਨੇ ਦਰਸ਼ਨ ਨੂੰ ਕਲਾਵੇ ਲੈ ਲਿਆ ਤੇ ਪਿਆਰ-ਵਾਸਤੇ ਵਿਚ ਬੋਲਿਆ :

"ਦਰਸ਼ੋ ਪਿਆਰੀ" ਇਹ ਜ਼ਰੂਰ ਜੂਠੀ ਕਰਨੀ ਪਵੇਗੀ ਭਾਵੇਂ ਇਹ ਜ਼ਹਿਰ ਵੀ ਹੈ, ਤਾਂ ਵੀ ਘੁੱਟ ਭਰ ਲੈ, ਮੇਰੀ ਖ਼ੁਸ਼ੀ ਲਈ।" ਮਰਦ ਸਾਰੇ ਪੱਖ ਹਾਰ ਕੇ ਪਿਆਰ-ਵਾਸਤੇ ਦਾਅ ਲਾਉਂਦਾ ਹੈ, ਜਿਸ ਅਗੇ ਔਰਤ ਹਮੇਸ਼ਾ ਹਾਰਦੀ ਰਹੀ ਹੈ ਤੇ ਮਰਦ ਜਿੱਤਦਾ।

ਦਰਸ਼ਨ ਦਾ ਮੂੰਹ ਖੁੱਲ੍ਹ ਗਿਆ ਤੇ ਉਹ ਕੰਬ ਗਈ।

"ਬਹਾਲ !" ਉਹ ਰੋਣਹਾਕੀ ਹੋ ਕੇ ਝਿਜਕੀ, ਜਿਵੇਂ ਕਹਿਣਾ ਚਾਹੁੰਦੀ ਸੀ, 'ਜ਼ਾਲਮਾ! ਇਹ ਕੁਝ ਵੀ ਕਰੇਂਗਾ।'

"ਕੁਝ ਨਹੀਂ ਪਾਣੀ ਹੈ, ਅੱਖਾਂ ਮੀਟ ਕੇ ਬਸ ! ਬਸ !!" ਬਹਾਲ ਨੇ ਗਲਾਸ ਉਸ ਦੇ ਬੁੱਲ੍ਹਾਂ ਨੂੰ ਲਾ ਦਿਤਾ। ਦਰਸ਼ਨ ਨੇ ਹੱਥ ਨਾਲ ਪਰੇ ਕਰ ਦਿਤਾ। "ਨਹੀਂ ਬੱਲੋ, ਸਿਰਫ਼ ਇਕ ਘੁੱਟ ਨਿੱਕੀ ਜਿਹੀ, ਬਸ ਕਤਰਾ ਕੁ ਹੀ।" ਉਸ ਗਲਾਸ ਫਿਰ ਅਗੇ ਲੈ ਆਂਦਾ। ਦਰਸ਼ਨ ਦਾ ਦਿਮਾਗ਼ ਚਕਰਾ ਗਿਆ। ਉਹ ਜਿਧਰ ਵੀ ਮੂੰਹ ਫੇਰਦੀ, ਗਲਾਸ ਸਾਹਮਣੇ ਹੁੰਦਾ। ਜਦੋਂ ਵੀ ਮੀਟੀਆਂ ਅੱਖਾਂ ਖੋਲ੍ਹਦੀ, ਗਲਾਸ ਬੁੱਲ੍ਹਾਂ ਨੂੰ ਲੱਗਾ ਦਿਸਦਾ। ਅਖ਼ੀਰ ਉਸ ਘੁੱਟ ਭਰ ਕੇ ਖਹਿੜਾ ਛੁਡਾਉਣਾ ਹੀ ਠੀਕ ਸਮਝਿਆ। ਦਰਸ਼ਨ ਨੇ ਉਸ ਬੋ ਦੀ ਘੁੱਟ ਭਰ ਲਈ; ਜਿਸ ਤੋਂ ਨੱਕ ਘੁੱਟ ਕੇ ਮੂੰਹ ਕੰਬਲ ਵਿਚ ਦੇ ਲਿਆ ਸੀ। ਪਰ ਉਹ ਉਸ ਘੁੱਟ ਨੂੰ ਅੰਦਰ ਨਾ ਪਚਾ ਸਕੀ, ਇਕ ਧੁੜਧੁੜੀ ਲੈ ਕੇ ਉਲਟੀ ਕਰ ਦਿਤੀ।

"ਕੋਈ ਬਾਤ ਨਹੀਂ ਮੇਰੀ ਜਾਨ।" ਏਨੀ ਆਖਦਿਆਂ ਹੀ ਬਹਾਲ ਨੇ ਗਲਾਸ ਖ਼ਤਮ ਕਰ ਦਿਤਾ। "ਹੁਣ ਮਲਕਾ ਨੂਰ ਜਹਾਂ ਧੀਰੇ ਧੀਰੇ ਗਾਵੇਗੀ ਵੀ।" ਬਹਾਲ ਨੇ ਮੁੱਛਾਂ ਪੂੰਝੀਆਂ ਤੇ ਦਰਵਾਜ਼ੇ ਨੂੰ ਕੁੰਡੀ ਚਾੜ੍ਹ ਦਿਤੀ।

ਦਰਸ਼ਨ ਨੇ ਮੱਥਾ ਫੜ ਲਿਆ। ਚਕਰਾਂਦੇ ਸਿਰ ਨਾਲ ਉਹ ਕੁਝ ਸੋਚਣ ਦਾ ਯਤਨ ਕਰ ਰਹੀ ਸੀ। ਫਿਰ ਇਕ ਡਰ ਉਸ ਦੇ ਅੰਦਰੋਂ ਕੰਬ ਉਠਿਆ। ਅੱਜ ਉਸ ਦਾ ਵਾਹ ਨਵੇਂ ਬਹਾਲ ਨਾਲ ਪੈ ਰਿਹਾ ਸੀ, ਸੂਰਤ ਦੇ ਨਹੀਂ, ਸੀਰਤ ਦੇ ਬਹਾਲ ਨਾਲ।

17

ਅਗਲੀ ਸਵੇਰ ਦਸ ਵਜੇ ਦਰਸ਼ਨ ਹਿਜ਼ ਮਾਸਟਰਜ਼ ਵਾਇਸ ਵਾਲਿਆਂ ਦੇ ਜਾਣ ਲਈ ਤਿਆਰ ਸੀ। ਉਸ ਕੀਮਤੀ ਤੇ ਸਜਦੇ ਰੰਗਾਂ ਵਾਲੇ ਕਪੜੇ ਪਾਏ। ਲਵਿੰਡਰ ਆਦਿ ਨਾਲ ਹੱਸਦਾ ਚਿਹਰਾ ਸ਼ੀਸ਼ੇ ਵਿਚ ਤੱਕਿਆ। ਬਹਾਲ ਨਾਲ ਉਸ ਦੀ ਚਾਚੀ ਵੀ ਦਰਸ਼ਨ ਦੇ ਕਮਰੇ ਵਿਚ ਆਈ। ਉਸ ਦਰਸ਼ਨ ਨੂੰ ਦੇਖਦਿਆਂ ਹੀ ਤਾਰੀਫ਼ਾਂ ਦੇ ਪੁਲ ਬੰਨ੍ਹ ਦਿਤੇ।

Sri Satguru Jagjit Singh Ji eLibrary NamdhariElibrary@gmail.com

"ਅੱਜ ਦਿੱਲੀ ਦੀ ਖ਼ੈਰ ਨਹੀਂ !"

ਦਰਸ਼ਨ ਲਈ ਬਹਾਲ ਦੀ ਚਾਚੀ ਬੜੀ ਦਿਲਚਸਪ ਔਰਤ ਸਾਬਤ ਹੋਈ ਸੀ। ਉਹ ਕੱਲ੍ਹ ਸ਼ਾਮੀਂ ਹੀ ਉਸ ਨੂੰ ਕਨਾਟਪਲੇਸ ਘੁਮਾ ਲਿਆਈ ਸੀ। ਹੋਟਲ ਦੇ ਟੈਲੀਫ਼ੋਨ ਤੋਂ ਬਹਾਲ ਨੇ ਆਪਣੀ ਚਾਚੀ ਨੂੰ ਸਾਰੀ ਗੱਲ ਸਮਝਾ ਦਿਤੀ ਸੀ। ਕੱਲ੍ਹ ਸ਼ਾਮੀਂ ਉਹ ਚਾਚੇ ਦੀ ਗ਼ੈਰ-ਹਾਜ਼ਰੀ ਵਿਚ ਆਏ ਸਨ ਤੇ ਬਾਕੀ ਗੱਲ ਜ਼ਬਾਨੀ ਆਪਣੀ ਚਾਚੀ ਨੂੰ ਲੱਲਾ ਭੱਬਾ ਕਰ ਦਿਤੀ ਸੀ।

"ਬੱਚੂ, ਬੱਚੂ ! ਚਾਚੇ ਦਾ ਜੂਠਾ ਖਾ ਗਿਆ ਏਂ ਨਾ।" ਚਾਚੀ ਨੇ ਹੱਸਦਿਆਂ ਪਿੱਠ ਵਿਚ ਇਕ ਹੱਥੜ ਮਾਰ ਦਿਤੀ।

"ਚਾਚੀ ! ਹੁਣ ਭਾਵੇਂ ਕੁਝ ਸਮਝ, ਪਰ ਐਤਕੀਂ ਚਾਚੇ ਦੀਆਂ ਜੁੱਤੀਆਂ ਤੋਂ ਬਚਾ ਲਵੀਂ।" ਬਹਾਲ ਨੇ ਮੀਸਣਾ ਬਣਦਿਆਂ ਨੀਵੀਂ ਪਾ ਲਈ। ਗੁਨਾਹਗਾਰ, ਗੁਨਾਹਗਾਰ ਦੀਆਂ ਨਜ਼ਰਾਂ ਵਿਚ ਸੰਭਵ ਸ਼ਰੀਫ਼ ਦਿਸ ਆਉਣਾ ਚਾਹੁੰਦਾ ਹੈ।

"ਪੁੱਤਰਾ ! ਮੇਰੇ ਜਿਓਂਦੇ ਜੀ ਹੀ ਰੱਜ ਕੇ ਐਸ਼ ਕਰ ਲੈ।"

"ਚਾਚੀ, ਤੂੰ ਬਹੁਤ ਮਾੜੀ ਏਂ।" ਬਹਾਲ ਸੰਗ ਅਨੁਭਵ ਕਰ ਗਿਆ।

"ਬੱਚੂ, ਤੈਨੂੰ ਆਏ ਨੂੰ ਸਾਂਭ ਜੋ ਲੈਣੀ ਆਂ।"

ਚਾਚੀ ਨੇ ਕੋਠੀ ਦੇ ਪਿਛਵਾੜੇ ਉਨ੍ਹਾਂ ਨੂੰ ਇਕ ਕਮਰਾ ਖ਼ਾਲੀ ਕਰਵਾ ਦਿਤਾ ਸੀ। ਪਿਛਵਾੜੇ ਹੋਰ ਵੀ ਕਈ ਕਿਰਾਏਦਾਰ ਟੱਬਰ ਰਹਿੰਦੇ ਸਨ। ਬਹਾਲ ਦੇ ਚਾਚੇ ਦਾ ਇਸ ਪਾਸੇ ਲੰਘਣ ਦਾ ਸਵਾਲ ਈ ਪੈਦਾ ਨਹੀਂ ਹੁੰਦਾ ਸੀ। ਉਹ ਦਿੱਲੀ ਗੌਰਮਿੰਟ ਦਾ ਠੇਕੇਦਾਰ ਸੀ, ਕਾਰ ਤੇ ਹੀ ਆਉਂਦਾ ਤੇ ਕਾਰ ਤੇ ਹੀ ਬਾਹਰ ਚਲਿਆ ਜਾਂਦਾ। ਬਹਾਲ ਦੀ ਚਾਚੀ ਮੁਸਲਮਾਨ ਔਰਤ ਸੀ, ਜਿਸ ਦੁਨੀਆਂ ਨੂੰ ਹਰ ਪਹਿਲੂ ਤੋਂ ਦੇਖਿਆ ਹੀ ਨਹੀਂ, ਟੋਹ ਕੇ ਫਰੋਲ ਛਡਿਆ ਸੀ। ਬਹਾਲ ਦੇ ਚਾਚੇ ਨੇ ਪੰਦਰਾਂ ਵਰ੍ਹੇ ਹੋਏ ਉਸ ਨੂੰ ਲਾਹੌਰੋਂ ਕਢ ਲਿਆਂਦਾ ਸੀ। ਘਰ ਆ ਕੇ ਤਕੜਾ ਝਗੜਾ ਹੋਇਆ ਬਹਾਲ ਦੀ ਪਹਿਲੀ ਚਾਚੀ ਨੇ ਹਾਲ ਦੁਹਾਈ ਕੀਤੀ ਤੇ ਚਾਚਾ ਦੁਆਬੇ ਦੀ ਪੁਰਾਣੀ ਦੁਨੀਆਂ ਨੂੰ ਸਲਾਮ ਕਰ ਕੇ ਦਿੱਲੀ ਦੀ ਹੁਸੀਨ, ਰੰਗੀਨ ਤੇ ਨਵੀਂ ਦੁਨੀਆਂ ਵਿਚ ਆ ਵਸਿਆ। ਉਹ ਮੁੱਢੋਂ ਹੀ ਅਕਲ ਦਾ ਕਾਂਟਾ ਸੀ। ਆਉਂਦਿਆਂ ਹੀ ਕਿਸੇ ਠੇਕੇਦਾਰ ਦੀ ਨੌਕਰੀ ਕੀਤੀ, ਮੈਨੇਜਰੀ ਕੀਤੀ, ਭਿਆਲੀ ਪਾਈ ਤੇ ਅਖ਼ੀਰ ਖ਼ੁਦ-ਮੁਖ਼ਤਿਆਰ ਠੇਕੇਦਾਰ ਬਣ ਗਿਆ। ਜੰਗ ਦੇ ਦਿਨਾਂ ਵਿਚ ਠੇਕੇਦਾਰਾਂ ਗੌਰਮਿੰਟ ਦਾ ਰੱਜ ਕੇ ਸਿਰ ਮੁੰਨਿਆ ਸੀ। ਬਹਾਲ ਦੇ ਚਾਚੇ ਦੀ ਦੌਲਤ ਨਾਲ ਸ਼ੁਹਰਤ ਵੀ ਵਧਦੀ ਹੀ ਗਈ। ਉਸ ਦੇ ਕੋਈ ਔਲਾਦ ਨਹੀਂ ਸੀ। ਬਹਾਲ ਨੇ ਆਪਣੀ ਹੋਣ ਵਾਲੀ ਦੌਲਤ ਵਿਖਾਣ ਲਈ ਹੀ ਦਰਸ਼ਨ ਨੂੰ ਲੋਧੀ ਕਾਲੋਨੀ ਲਿਆਂਦਾ ਸੀ।

ਦਰਸ਼ਨ ਉਤੇ ਸੱਚ ਮੁੱਚ ਹੀ ਇਸ ਵਾਤਾਵਰਨ ਦਾ ਬੜਾ ਅਸਰ ਪਿਆ। ਚਾਚੀ ਨੇ ਉਸ ਨਾਲ ਅਜਿਹੀ ਮਿੱਤਰਤਾ ਜਣਾਈ ਕਿ ਰਾਤੀਂ ਉਸ ਬਹਾਲ ਕੋਲ ਵੀ ਚਾਚੀ ਦੇ ਮਿਲਣਸਾਰ ਸੁਭਾ ਦੀ ਪ੍ਰਸੰਸਾ ਕੀਤੀ।

"ਜਿਵੇਂ ਤੂੰ ਮੈਨੂੰ ਪਟਿਆ ਏ ਨਾ, ਏਸੇ ਤਰ੍ਹਾਂ ਚਾਚੀ ਨੇ ਚਾਚੇ ਨੂੰ ਪਟਿਆ ਸੀ।" ਬਹਾਲ ਨੇ ਦਰਸ਼ਨ ਉਤੇ ਹੋਰ ਜਾਦੂ ਧੂੜਿਆ

"ਭਲਾ ਮੈਂ ਵੀ ਜਾਣਾਂ, ਕਿਵੇਂ ਪਟਿਆ ਚਾਚੇ ਨੂੰ ?" ਦਰਸ਼ਨ ਦੀ ਦਿਲਚਸਪੀ ਵਧ ਗਈ।

Sri Satguru Jagjit Singh Ji eLibrary NamdhariElibrary@gmail.com

ਬਹਾਲ ਨੇ ਮੁਸਕਾਂਦਿਆਂ ਸੋਚਿਆ।

"ਇਹ ਕਦੇ ਫੇਰ ਦੱਸਾਂਗਾ, ਚਾਚੇ ਦਾ ਰੋਮਾਂਸ ਵੀ ਕਮਾਲ ਦਾ ਏ।"

ਦਰਸ਼ਨ ਨੂੰ ਇਸ ਗੱਲ ਦੀ ਪੁੱਜ ਕੇ ਖ਼ੁਸ਼ੀ ਹੋਈ ਕਿ ਚਾਚਾ ਚਾਚੀ ਲਵ-ਮੈਰਿਜ ਰਾਹੀਂ ਸਾਥੀ ਬਣੇ ਸਨ।

ਹੁਣ ਬਹਾਲ ਨੇ ਦਰਸ਼ਨ ਤੇ ਟਕੋਰਾਂ ਸ਼ੁਰੂ ਕਰ ਦਿਤੀਆਂ।

"ਤੂੰ ਗੀਤ ਰੀਕਾਰਡ ਕਰਵਾਉਣਾ ਏ ਕਿ ਉਥੇ ਵਰ ਪਸੰਦ ਕਰਨਾ ਏਂ।" ਬਹਾਲ ਦਰਸ਼ਨ ਦੀ ਤਾਰੀਫ਼ ਕਰਨ ਵਿਚ ਉਖੜ ਗਿਆ।

"ਊਂ, ਸੰਗ ਤਾਂ ਨਹੀਂ ਆਉਂਦੀ ਹੋਣੀ।" ਦਰਸ਼ਨ ਨੇ ਆਪੂੰ ਸ਼ਰਮ ਖਾਂਦਿਆਂ ਬਹਾਲ ਵਲ ਘੂਰਿਆ।

"ਦਰਸ਼ੋ, ਦਿੱਲੀ ਵਿਚ ਕਿਸੇ ਨੂੰ ਸੰਗ ਨਹੀਂ ਆਉਂਦੀ। ਤੂੰ ਚਾਰ ਦਿਨਾਂ ਵਿਚ ਹੀ ਵੇਖ ਲਵੇਂਗੀ।" ਚਾਚੀ ਨੇ ਬਹਾਲ ਤੋਂ ਗੱਲ ਦਾ ਪਹਿਲੂ ਆਪਣੇ ਹੱਥ ਲੈ ਲਿਆ।

ਬਾਹਰੋਂ ਗੱਡੀ ਦੀ ਆਵਾਜ਼ ਨਾਲ ਉਨ੍ਹਾਂ ਦੇ ਕੰਨ ਖੜੇ ਹੋ ਗਏ।

"ਚਾਚੀ ਜੀ ! ਪਤਾ ਕਰੀਂ, ਜੇ ਡਰਾਈਵਰ ਚਾਚੇ ਨੂੰ ਛੱਡ ਆਇਆ ਏ, ਤਾਂ ਟਾਂਗੇ ਦੇ ਹਿਚਕੋਲਿਆਂ ਤੋਂ ਬਚ ਰਹੀਏ।" ਬਹਾਲ ਨੇ ਆਪਣੀ ਚਾਚੀ ਨੂੰ ਇਕ ਤਰ੍ਹਾਂ ਧੱਕਾ ਦੇ ਕੇ ਤੋਰਿਆ।

ਦੋ ਮਿੰਟ ਪਿਛੋਂ ਹੀ ਗੱਡੀ ਦਾ ਹਾਰਨ ਉਨ੍ਹਾਂ ਨੂੰ ਬੁਲਾ ਰਿਹਾ ਸੀ ਤੇ ਝਟ ਪਿਛੋਂ ਹੀ ਦੋਵੇਂ ਗੱਡੀ ਵਿਚ ਬੈਠ ਗਏ। ਮਖ਼ਮਲੀ ਗੱਦਿਆਂ ਵਾਲੀ ਕਾਰ ਵਿਚ ਬੈਠਣਾ ਦਰਸ਼ਨ ਦੀਆਂ ਰੁਚੀਆਂ ਨੂੰ ਉਭਾਰ ਦੇ ਗਿਆ। ਸ਼ਗਨ ਚੰਗੇ ਹੋ ਰਹੇ ਸਨ, ਉਸ ਨੂੰ ਆਪਣੀ ਪ੍ਰੀਖਿਆ ਵਿਚੋਂ ਪਾਸ ਹੋ ਜਾਣ ਦੀ ਸੌ ਫ਼ੀ ਸਦੀ ਆਸ ਸੀ। ਬਹਾਲ ਨੇ ਕੋਠੀਓਂ ਹੀ ਭੂਸ਼ਨ ਨਾਲ ਗੱਲਬਾਤ ਕਰ ਲਈ ਸੀ। ਗੀਤ ਰੀਕਾਰਡ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ, ਪਰ ਫਿਰ ਵੀ ਭੂਸ਼ਨ ਨੇ ਫ਼ੋਨ ਤੇ ਉਸ ਨੂੰ ਤਸੱਲੀ ਦਿਤੀ ਕਿ ਤੁਸੀਂ ਕੁੜੀ ਨੂੰ ਲੈ ਆਵੋ, ਉਸ ਦਾ ਦਿਲ ਨਹੀਂ ਟੁੱਟਣ ਦੇਂਦੇ। ਬਹਾਲ ਸਮਝ ਰਿਹਾ ਸੀ, ਏਨੀ ਵੀ ਰਹਿ ਜਾਵੇ, ਬੜੀ ਹੈ। ਦਿੱਲੀ ਆ ਕੇ ਦਰਸ਼ਨ ਬਹਾਲ ਤੋਂ ਖਿੱਚੀ ਖਿੱਚੀ ਰਹਿਣ ਦਾ ਯਤਨ ਕਰਦੀ ਰਹੀ ਸੀ, ਪਰ ਜਦੋਂ ਬਹਾਲ ਨੇ ਉਸ ਨੂੰ ਕਾਰ ਵਿਚ ਕੁਤਕੁਤਾਰਿਆ, ਉਸ ਦੀ ਅਪਾਰ ਖ਼ੁਸ਼ੀ ਬਹਾਲ ਦੀ ਬੁੱਕਲ ਵਿਚ ਖੇੜਾ ਖੇੜਾ ਹੋ ਗਈ। ਉਨ੍ਹਾਂ ਨੂੰ ਪਤਾ ਤੱਕ ਨਾ ਲੱਗਾ, ਮੋਟਰ ਕਦੋਂ ਹਿਜ਼ ਮਾਸਟਰ ਵਾਇਸ ਵਾਲਿਆਂ ਦੇ ਲੈ ਆਈ।

"ਡਰਾਈਵਰ, ਤੂੰ ਏਥੇ ਈ ਅਟਕੀਂ, ਜੇ ਬਹੁਤੀ ਦੇਰ ਲੱਗੇਗੀ; ਮੈਂ ਦੱਸ ਦਵਾਂਗਾ।" ਬਹਾਲ ਨੇ ਗੱਡੀ ਵਿਚੋਂ ਬਾਹਰ ਆ ਕੇ ਆਖਿਆ। ਡਰਾਈਵਰ ਨੇ ਮਮੂਲੀ ਸਿਰ ਝੁਕਾ ਦਿਤਾ।

ਬਾਹਰ ਖਲੋਤੇ ਸੰਤਰੀ ਤੋਂ ਬਹਾਲ ਨੇ ਪੁੱਛਿਆ :

"ਸੰਤਰੀ, ਹਮ ਨੇ ਭੂਸ਼ਨ ਕੋ ਮਿਲਣਾ ਏ ?"

"ਜੀ, ਭੂਸ਼ਨ ਸਾਅਬ ਕੋ।" ਸੰਤਰੀ ਸਲੂਟ ਵਜੋਂ ਹੱਥ ਉੱਚਾ ਚੁਕਦਿਆਂ ਬੋਲਿਆ, "ਵੋਹ ਦੇਖੋ ਸਾਹਮਨੇ ਰੀਕਾਰਡਿੰਗ-ਸੈਕਸ਼ਨ ਹੈ, ਉਸ ਕੇ ਬਾਂਏ ਹਾਥ ਵਾਲਾ ਕਮਰਾ ਭੂਸ਼ਨ ਸਾਅਬ ਕਾ ਹੈ।" ਸੰਤਰੀ ਨੇ ਇਕ ਵਾਰ ਆਪਣੀ ਖ਼ਾਕੀ ਵਰਦੀ ਨੂੰ ਖਿੱਚ ਕੇ ਗਲ ਉੱਚਾ ਕੀਤਾ।

Sri Satguru Jagjit Singh Ji eLibrary NamdhariElibrary@gmail.com

"ਅਸੀਂ ਇਨਾਮ ਦੇਣ ਵਾਲਿਆਂ ਵਿਚੋਂ ਨਹੀਂ ਓ ਭਾਈ।" ਬਹਾਲ ਨੇ ਥੋੜਾ ਅਗਾਂਹ ਵਧਦਿਆਂ ਕਿਹਾ।

ਜਿਉਂ ਜਿਉਂ ਦਰਸ਼ਨ ਅਗੇ ਕਦਮਾਂ ਪੁਟ ਰਹੀ ਸੀ, ਉਸ ਦੇ ਦਿਲ ਦੀ ਧੜਕਣ ਕਾਬੂ ਵਿਚੋਂ ਬਾਹਰ ਹੁੰਦੀ ਜਾ ਰਹੀ ਸੀ। ਇਕ ਪਾਗਲ ਖ਼ੁਸ਼ੀ ਵਿਚ ਭਾਵੇਂ ਉਹ ਕੁਝ ਸੋਚ ਨਹੀਂ ਸਕਦੀ ਸੀ, ਪਰ ਇਹ ਖ਼ਿਆਲ ਉਸ ਨੂੰ ਜ਼ਰੂਰ ਝੰਜੋੜ ਰਿਹਾ ਸੀ ਕਿ ਬਹਾਲ ਦੇ ਸਿਰ ਸਦਕਾ ਮੈਂ ਕਿਥੋਂ ਤਕ ਪਹੁੰਚ ਰਹੀ ਹਾਂ। ਦਰਸ਼ਨ ਨੇ ਬਹਾਲ ਦੇ ਸਿਰ ਦੀ ਓਟ ਵਿਚੋਂ ਅੱਧੀ ਕੁ ਉਮਰ ਦੇ ਇਕ ਗੰਜੇ ਆਦਮੀ ਨੂੰ ਬੈਠਿਆਂ ਤੱਕਿਆ।

ਅੰਦਰ ਵੜਨ ਤੋਂ ਪਹਿਲਾਂ ਹੀ ਭੂਸ਼ਨ ਨੇ ਨਾ ਜਾਣਦਿਆਂ ਵੀ ਬਹਾਲ ਨੂੰ ਪਛਾਣ ਲਿਆ। ਉਹ ਉਨ੍ਹਾਂ ਦੀ ਆਸ ਤੋਂ ਕਿਤੇ ਵਧ ਮਿਲਣਸਾਰ ਸਾਬਤ ਹੋਇਆ।

"ਪਹਿਲਾਂ ਤਾਂ ਇਹ ਜਵਾਬ ਦਿਉ ਸ੍ਰੀਮਾਨ ਜੀ, ਘਰ ਤਸ਼ਰੀਫ਼ ਕਿਉਂ ਨਹੀਂ ਲਿਆਏ ?" ਭੂਸ਼ਨ ਨੇ ਪੈਂਦੀ ਸੱਟੇ ਹੀ ਗਿਲਾ ਕਰ ਦਿਤਾ ਅਤੇ ਆਪਣੀ ਚੁਸਤੀ ਵਿਚ ਦਰਸ਼ਨ ਨੂੰ ਬਰੀਕ ਨਜ਼ਰਾਂ ਨਾਲ ਤਾੜ ਵੀ ਗਿਆ।

"ਗ਼ਲਤੀ ਮਾਫ਼, ਮੈਂ ਖ਼ਿਆਲ ਕੀਤਾ ਇਹ ਦਿੱਲੀ ਹੈ, ਸ਼ਾਇਦ ਅਕਾਮੋਡੇਸ਼ਨ ਲਈ ਤੁਹਾਨੂੰ ਤਕਲੀਫ਼ ਹੁੰਦੀ, ਦੂਜੇ ਤੁਹਾਡੀ ਦਿਆ ਨਾਲ ਏਥੇ ਚਾਚਾ ਜੀ ਗੌਰਮਿੰਟ ਕਨਟ੍ਰੈਕਟਰ ਹਨ।" ਬਹਾਲ ਨਿਮਰਤਾ ਜਣਾਉਂਦਾ ਵੀ ਪ੍ਰਭਾਵ ਬਣਾ ਗਿਆ।

"ਫਿਰ ਤਾਂ ਦਿੱਲੀ ਈ ਤੁਹਾਡੀ ਐ।"

"ਇਹ ਤਾਂ ਜਨਾਬ ਦੀ ਕਿਰਪਾ ਨਾਲ ਹੀ ਬਣਨੀ ਏ। ਇਹ ਗੱਲ ਦਸੋ, ਚਿਰ ਕਿੰਨਾ ਕੁ ਲਗੇਗਾ ?

"ਬਹੁਤ ਨਹੀਂ, ਕਿਉਂ ?"

"ਬਾਹਰ ਗੱਡੀ ਖਲੋਤੀ ਹੈ, ਮੈਂ ਡਰਾਈਵਰ ਨੂੰ ਅਟਕਣ ਲਈ ਕਹਿ ਆਵਾਂ।" ਬਹਾਲ ਉਠ ਕੇ ਚਲਿਆ ਗਿਆ।

ਭੂਸ਼ਨ ਨੇ ਮੁਸਕਾਂਦਿਆਂ, ਹੌਲੀਆਂ ਫੁੱਲ ਨਜ਼ਰਾਂ ਨਾਲ ਦਰਸ਼ਨ ਨੂੰ ਤੱਕਦਿਆਂ ਪੁੱਛਿਆ :

"ਕਿੰਨੇ ਕੁ ਚਿਰ ਤੋਂ ਗਾ ਰਹੇ ਓ, ਤੇ ਕਿਥੇ ਕਿਥੇ ਗਾਇਆ ਏ ?"

"ਮੈਂ ਚਾਰ ਸਾਲ ਤੋਂ ਗਾ ਰਹੀ ਹਾਂ। ਪੰਜਾਬ ਦੇ ਵਡੇ ਵਡੇ ਸਭ ਫ਼ੰਕਸ਼ਨ ਅਟੈਂਡ ਕੀਤੇ ਹਨ ਤੇ ਪਿਛਲੇ ਸਾਲ ਤੋਂ ਰੇਡੀਓ ਤੇ ਵੀ ਗਾ ਰਹੀ ਹਾਂ।"

ਪਲ ਕੁ ਮਗਰੋਂ ਹੀ ਬਹਾਲ ਆ ਗਿਆ। ਭੂਸ਼ਨ ਉਸਨੂੰ ਸੰਬੋਧਨ ਹੋਇਆ :

"ਦੋਸਤ, ਮੈਂ ਆਪਣੀ ਵਲੋਂ ਕੰਮ ਚੁਕ ਦਿਆਂਗਾ। ਹੱਛਾ ਪਹਿਲਾਂ ਚਾਹ ਪੀਣੀ ਏਂ ਕਿ ਆਵਾਜ਼ ਟੈਸਟ ਕਰ ਲਈਏ ?" ਉਹ ਮੇਜ਼ ਹੇਠਾਂ ਲੱਤਾਂ ਹਿਲਾ ਰਿਹਾ ਸੀ।

"ਚਾਹ ਪੀ ਆਏ ਆਂ, ਆਵਾਜ਼ ਟੈਸਟ ਕਰ ਲਵੋ।" ਬਹਾਲ ਨੇ ਦਰਸ਼ਨ ਨੂੰ ਉਤਸ਼ਾਹਤ ਨਜ਼ਰਾਂ ਨਾਲ ਵੇਖਿਆ।

"ਚਾਹ ਤੇ ਸ੍ਰੀਮਾਨ ਜੀ, ਜ਼ਰੂਰ ਪੀਣੀ ਪਵੇਗੀ, ਜੇ ਏਨੀ ਮਹਿਮਾਨ-ਨਿਵਾਜ਼ੀ ਵੀ ਨਾ ਕੀਤੀ, ਪਪੀਹੇ ਸਿੱਧੀਆਂ ਗਾਲ੍ਹਾਂ ਦੇਣ ਲਗ ਪੈਣਾ ਏਂ।" ਭੂਸ਼ਨ ਨਾਲ ਬਹਾਲ ਵੀ ਹੱਸ ਪਿਆ।

"ਹੱਛਾ, ਉਹ ਤੁਹਾਨੂੰ ਗਾਲ੍ਹਾਂ ਦੇ ਲੈਂਦਾ ਹੈ ?"

Sri Satguru Jagjit Singh Ji eLibrary NamdhariElibrary@gmail.com

"ਉਹਦੀ ਬਦ ਦੀ ਨਾ ਪੁੱਛੋ, ਇਕ ਵੇਲੇ ਸਕੇ ਪਿਉ ਨੂੰ ਵੀ ਸਿੱਧਾ ਹੋ ਪੈਂਦਾ ਏ।"

ਉਨ੍ਹਾਂ ਨਾਲ ਦਰਸ਼ਨ ਵੀ ਹੱਸ ਪਈ। ਪਰ ਉਸ ਦਾ ਧਿਆਨ ਕਮਰੇ ਵਿਚ ਫ਼ਰੇਮ ਹੋਈਆਂ ਕਲਾਕਾਰਾਂ ਦੀਆਂ ਤਸਵੀਰਾਂ ਤੇ ਲਗਾ ਹੋਇਆ ਸੀ, ਜਿਨ੍ਹਾਂ ਵਿਚ ਉਹ ਆਪਣੀ ਥਾਂ ਪੈਦਾ ਕਰਨ ਦਾ ਮਨ ਬਣਾਈ ਬੈਠੀ ਸੀ।

"ਚਲੋ ਉਠੋ ਬੀਬੀ !" ਉਹ ਉਠ ਕੇ ਖਲੋ ਗਿਆ। ਬਾਹਰ ਨਿਕਲਦਿਆਂ ਹੀ ਉਸ ਚਪੜਾਸੀ ਨੂੰ ਹੁਕਮ ਕੀਤਾ, "ਦੇਖੋ ਰਾਮਨ, ਦਸ ਮਿੰਟ ਤਕ ਕੈਨਟੀਨ ਸੇ ਚਾਏ ਲਾਨਾ ਔਰ ਕੁਛ ਖ਼ਾਨੇ ਕੋ ਭੀ, ਸਮਝੇ।"

"ਜੀ ਸਾਅਬ !" ਚਪੜਾਸੀ ਨੇ ਆਪਣਾ ਆਪ ਝੁਕਾ ਦਿਤਾ।

ਭੂਸ਼ਨ ਦਰਸ਼ਨ ਨੂੰ ਲੈ ਕੇ ਟੈਂਸਟਿੰਗ ਰੂਮ ਵਿਚ ਆ ਗਿਆ। ਮਾਈਕ ਚਾਲੂ ਕੀਤਾ ਅਤੇ ਦਰਸ਼ਨ ਨੂੰ ਮੋਢਿਆਂ ਤੋਂ ਫੜ ਕੇ ਖ਼ਾਸ ਫ਼ਾਸਲੇ ਤੇ ਖਲ੍ਹਾਰਿਆ। ਦਰਸ਼ਨ ਦਾ ਦਿਲ ਬੁਰੀ ਤਰ੍ਹਾਂ ਧੜਕ ਰਿਹਾ ਸੀ। ਕਾਸ਼ ! ਉਹ ਇਸ ਇਮਤਿਹਾਨ ਵਿਚੋਂ ਲੰਘ ਜਾਵੇ, ਫਿਰ ਉਹ ਗਲਾ ਸਾਫ਼ ਕਰਨ ਲਈ ਖੰਘੀ।

"ਹਾਲੇ ਨਹੀਂ, ਇਕ ਮਿੰਟ ਠਹਿਰੋ।" ਭੂਸ਼ਨ ਇਕ ਮਸ਼ੀਨ ਅਗੇ ਕੰਨਾਂ ਨੂੰ ਰਸੀਵਰ ਲਾ ਕੇ ਖਲੋ ਗਿਆ। "ਹਾਂ, ਹੁਣ ਤੁਸੀਂ ਜਿਹੜਾ ਵੀ ਗੀਤ ਤੁਹਾਨੂੰ ਪਸੰਦ ਹੈ, ਗਾਓ।"

ਦਰਸ਼ਨ ਨੇ ਇਕ ਵਾਰ ਫਿਰ ਗਲਾ ਸਾਫ਼ ਕੀਤਾ ਅਤੇ ਗਾਉਣ ਲਗੀ :

"ਨਾ ਤੋੜ ਗੁਆਵੀਂ ਵੇ, ਜ਼ਾਲਮਾਂ ! ਗਜਰਾ ਕਲੀਆਂ ਵਾਲਾ।
ਗਜਰਾ ਮੇਰਾ ਸ਼ਗਨ ਮਨਾਵੇ,
ਇਕ ਦਿਲ ਆਵੇ ਇਕ ਦਿਲ ਜਾਵੇ,
ਭਾਗਾਂ ਵਾਲਾ ਦਿਨ ਕਦ ਆਵੇ,
ਨਾ ਲਾਰਾ ਲਾਵੀਂ ਵੇ, ਭੈੜਿਆ ! ਹੋ ਕੇ ਦਿਲ ਦਾ ਕਾਲਾ।
ਨਾ ਤੋੜ ਗੁਆਵੀਂ ਵੇ, ਜ਼ਾਲਮਾਂ ! ਗਜਰਾ ਕਲੀਆਂ ਵਾਲਾ।"

"ਬਸ ਕਾਫ਼ੀ ਹੈ।" ਭੂਸ਼ਨ ਨੇ ਰਸੀਵਰ ਕੰਨਾਂ ਨਾਲੋਂ ਲਾਹ ਲਿਆ ਅਤੇ ਕੋਲ ਆ ਕੇ ਦਰਸ਼ਨ ਨੂੰ ਥਾਪੀ ਦਿਤੀ, "ਬਹੁਤ ਅੱਛਾ !" ਦਰਸ਼ਨ ਏਨੀ ਪ੍ਰਸੰਸਾ ਨਾਲ ਸੂਹੀ ਸੂਹੀ ਹੋ ਗਈ। "ਮੈਂ ਜਿੰਨੀਆਂ ਕੁੜੀਆਂ ਦੀ ਵੀ ਆਵਾਜ਼ ਟੈਂਸਟ ਕੀਤੀ ਹੈ, ਤੂੰ ਉਨ੍ਹਾਂ ਸਾਰੀਆਂ ਕੋਲੋਂ ਵਧ ਜਾਵੇਂਗੀ। ਆਓ ਚੱਲੀਏ।" ਉਸ ਮਾਈਕ ਬੰਦ ਕਰ ਦਿਤਾ।

"ਉਹ ਦੋਵੇਂ ਬਹਾਲ ਕੋਲ ਆ ਗਏ। ਭੂਸ਼ਨ ਨੇ ਬਹਾਲ ਨੂੰ ਵਧਾਈ ਦਿਤੀ। ਦਰਸ਼ਨ ਦੀ ਖ਼ੁਸ਼ੀ ਦੀਆਂ ਲਗਰਾਂ ਫੁਲਾਟੇ ਤੇ ਆਈਆਂ ਹੋਈਆਂ ਸਨ। ਬਹਾਲ ਦੀਆਂ ਮੁਸਕਾਂਦੀਆਂ ਨਜ਼ਰਾਂ ਦਰਸ਼ਨ ਨੂੰ ਅਹਿਸਾਨ ਜਤਾ ਰਹੀਆਂ ਸਨ, 'ਪਿਆਰੀ ਦੇਖ ਲੈ, ਕੀ ਰੰਗ ਬੱਝਣ ਲੱਗਾ ਏ।' ਚਪੜਾਸੀ ਨੇ ਚਾਹ ਵਾਲੀ ਟ੍ਰੇ ਮੇਜ਼ ਤੇ ਲਿਆ ਰਖੀ। ਭੂਸ਼ਨ ਨੇ ਚਾਹ ਬਣਾਉਂਦਿਆਂ ਆਖਿਆ :

"ਇਹ ਤਾਂ ਤੁਹਾਨੂੰ ਪਤਾ ਈ ਹੋਣਾ ਏਂ, ਉਸ ਬਹਾਲ ਨਾਲ ਅੱਖ ਮਿਲਾਈ, ਟੈਂਸਟਿੰਗ ਰੀਕਾਰਡਿੰਗ ਤੋਂ ਪਹਿਲਾਂ ਜ਼ਰੂਰੀ ਹੁੰਦੀ ਹੈ। ਫ਼ਿਲਹਾਲ ਦੋ ਮਹੀਨੇ ਲਈ ਰੀਕਾਰਡਿੰਗ ਬੰਦ ਏ। ਦੋ ਮਹੀਨੇ ਪਿਛੋਂ ਜਿਨ੍ਹਾਂ ਆਰਟਿਸਟਾਂ ਦੀ ਰੀਕਾਰਡਿੰਗ ਹੋਣੀ ਏਂ, ਉਨ੍ਹਾਂ ਦੀ ਲਿਸਟ ਬਣ ਚੁਕੀ ਹੈ।" ਇੰਨੀ ਗੱਲ ਸੁਣਦਿਆਂ ਹੀ ਦਰਸ਼ਨ ਦਾ ਚਿਹਰਾ ਰਾਮਤੋਰੀ ਦੇ ਫੁੱਲ ਵਾਂਗ ਪੀਲਾ ਪੈ ਗਿਆ। ਭੂਸ਼ਨ ਨੇ ਤਾੜਦਿਆਂ ਮੌਕਾ ਸਾਂਭਿਆ, "ਤੁਹਾਨੂੰ ਬੀਬੀ,

Sri Satguru Jagjit Singh Ji eLibrary NamdhariElibrary@gmail.com

ਅਫ਼ਸੋਸ ਨਹੀਂ ਹੋਣਾ ਚਹੀਦਾ। ਇਹ ਕੰਪਨੀ ਦਾ ਦਸਤੂਰ ਹੈ, ਛਪ ਚੁਕੀ ਲਿਸਟ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਤੁਸੀਂ ਸ਼ੁਕਰ ਕਰੋ, ਸਰਦਾਰ ਹੋਰਾਂ ਰਾਹੀਂ ਤੁਹਾਡਾ ਪਹਿਲੀ ਵਾਰ ਹੀ ਕੰਮ ਬਣ ਗਿਆ, ਨਹੀਂ ਤਾਂ ਨਵੇਂ ਕਲਾਕਾਰਾਂ ਨੂੰ ਚਾਰ ਚਾਰ ਫੇਰੇ ਪਾ ਕੇ ਵੀ ਕਾਮਯਾਬੀ ਨਹੀਂ ਹੁੰਦੀ। ਹਾਂ ਇਕ ਆਸ ਹੋਰ ਹੈ, ਕੋਈ ਆਰਟਿਸਟ ਬੀਮਾਰੀ ਜਾਂ ਕਿਸੇ ਖ਼ਾਸ ਵਜ੍ਹਾ ਕਾਰਨ ਰੀਕਾਰਡਿੰਗ ਨਹੀਂ ਦੇ ਸਕਦੇ, ਉਸ ਹਾਲਤ ਵਿਚ ਦੋ ਮਹੀਨੇ ਪਿਛੋਂ ਹੋਣ ਵਾਲੀ ਰੀਕਾਰਡਿੰਗ ਵਿਚ ਚਾਂਸ ਦੁਆਣਾ ਮੇਰਾ ਜ਼ੁੰਮਾ। ਨਹੀਂ ਤਾਂ ਭੈਣ ਜੀ, ਨਵੀਂ ਲਿਸਟ ਵਿਚ ਹੀ ਮੁਮਕਿਨ ਹੋ ਸਕੇਗਾ।" ਭੂਸ਼ਨ ਤੇ ਬਹਾਲ ਨੇ ਦਰਸ਼ਨ ਦੀ ਨੀਵੀਂ ਤੋਂ ਅਨੁਮਾਨ ਲਾਉਣੇ ਸ਼ੁਰੂ ਕੀਤੇ। ਦਰਸ਼ਨ ਦੇ ਚਿਹਰੇ ਤੇ ਉਮੀਦ ਮੋਈ ਨਹੀਂ ਸੀ, ਪੱਤ-ਝੜ ਦੇ ਖ਼ੁਸ਼ਕ ਬੁੱਲੇ ਪਿਛੋਂ ਨਵੀਆਂ ਕੋਂਪਲਾਂ ਫੁਟ ਪਈਆਂ ਸਨ। ਬਹਾਲ ਤੇ ਭੂਸ਼ਨ ਨੇ ਇਕ ਦੂਜੇ ਨਾਲ ਨਜ਼ਰਾਂ ਵਟਾਈਆਂ। ਬਹਾਲ ਤਾਂ ਇਸ਼ਾਰੇ ਵਿਚ ਇਥੋਂ ਤਕ ਕਹਿ ਗਿਆ, 'ਤੇਰੇ ਅਹਿਸਾਨਮੰਦ ਹਾਂ ਗੁਰੂ ਜੀ !'

ਦਰਸ਼ਨ ਦਾ ਪਹਿਲੀ ਵਾਰ ਰੀਕਾਰਡਿੰਗ ਕੰਪਨੀ ਨਾਲ ਵਾਹ ਪਿਆ ਸੀ। ਉਸ ਨੂੰ ਭੂਸ਼ਨ ਦੀਆਂ ਗੱਲਾਂ ਤੇ ਯਕੀਨ ਆ ਗਿਆ। 'ਖ਼ੋਰੇ ਕੰਪਨੀ ਦਾ ਸਿਸਟਮ ਇਸ ਤਰ੍ਹਾਂ ਹੀ ਹੋਵੇ, ਚਲੋ ਮੇਰੀ ਥਾਂ ਤਾਂ ਬਣ ਗਈ ਨਾ।' ਉਸ ਲਈ ਏਨਾ ਹੌਸਲਾ ਹੀ ਗਾਉਂਦੀ ਦੁਨੀਆਂ ਵਿਚ ਉੱਡਣ ਲਈ ਕਾਫ਼ੀ ਸੀ। ਉਹ ਹਰ ਸੰਭਵ ਪ੍ਰਵਾਜ਼ ਚਾਹੁੰਦੀ ਸੀ।

"ਕਿਤੇ ਉਸ ਲਿਸਟ ਵਿਚੋਂ ਤਾਂ ਨਹੀਂ ਰਹਿ ਜਾਵਾਂਗੀ ?"

"ਭੈਣ ਮੇਰੀਏ, ਉਹ ਲਿਸਟ ਮੈਂ ਤਿਆਰ ਕਰਨੀ ਹੈ, ਤੇਰਾ ਨਾਂ ਸਭ ਤੋਂ ਪਹਿਲਾਂ ਲਿਖਾਂਗਾ।" ਭੂਸ਼ਨ ਨੇ ਪਿਛਲੇ ਝੂਠ ਵੀ ਮਾਤ ਪਾ ਦਿਤੇ। ਪਰ ਉਸ ਦਰਸ਼ਨ ਨੂੰ ਹਰ ਤਰ੍ਹਾਂ ਦੀ ਮਾਯੂਸੀ ਤੋਂ ਬਚਾ ਲਿਆ। ਉਹ ਦਰਸ਼ਨ ਨੂੰ ਅਤਿ ਚੰਗਾ ਤੇ ਮਿਲਣਸਾਰ ਇਨਸਾਨ ਜਾਪਿਆ। ਉਸ ਦੀਆਂ ਅੱਖਾਂ ਵਿਚ ਇਕ ਧੰਨਵਾਦ ਲਿਸ਼ਕਾਂ ਮਾਰ ਰਿਹਾ ਸੀ। ਉਸ ਦੇ ਅਨੁਭਵ ਵਿਚ ਦਿੱਲੀ ਦੀ ਖ਼ੂਬਸੂਰਤੀ ਵਧਦੀ ਹੀ ਜਾ ਰਹੀ ਸੀ; ਉਹ ਕੰਪਨੀ ਕਲਾ ਦੇ ਅਸਮਾਨ ਦਾ ਤਾਰਾ, ਜਿਸ ਤੇ ਚੜ੍ਹਨ ਲਈ ਬਹਾਲ ਇਕੋ ਇਕ ਪੌੜੀ ਸੀ। ਭੂਸ਼ਨ ਦੀਆਂ ਗੱਲਾਂ ਮਿੱਠੀਆਂ ਸਨ, ਉਸ ਦੀ ਚਾਹ ਸੁਆਦੀ ਤੇ ਚਪੜਾਸੀ ਦਿਲਚਸਪ ਸੀ। ਉਸ ਦਾ ਆਪਣਾ ਆਪ ਘੁਟਣ ਨੂੰ ਜੀਅ ਕਰ ਰਿਹਾ ਸੀ ਤੇ ਉਸ ਦੇ ਅੰਗ ਅੰਗ ਵਿਚ ਅੰਗੜਾਈਆਂ ਉੱਠ ਖਲੋਤੀਆਂ।

"ਹੱਛਾ, ਫਿਰ ਆਗਿਆ ਬਖ਼ਸ਼ੋ ਗੁਰੂ ਜੀ !" ਬਹਾਲ ਨੇ ਧੰਨਵਾਦ ਭਰੀਆਂ ਅੱਖਾਂ ਨਾਲ ਭੂਸ਼ਨ ਨੂੰ ਤੱਕਿਆ।

"ਅੱਜ ਰਾਤ ਨੂੰ ਖਾਣਾ ਗ਼ਰੀਬ ਦੇ ਘਰ ਹੋ ਜਾਵੇ।" ਭੂਸ਼ਨ ਨੇ ਰਸਮੀ ਦਾਅਵਤ ਦਿਤੀ।

"ਓਧਰ ਵੀ ਤੁਹਾਡਾ ਈ ਏ, ਜਾਂਦੇ ਹੋਏ ਮਿਲ ਕੇ ਜਾਵਾਂਗੇ।" ਬਹਾਲ ਨਾਲ ਦਰਸ਼ਨ ਵੀ ਉਠ ਖਲੋਤੀ।

"ਮੈਂ ਤੁਹਾਡੀ ਕੋਈ ਸੇਵਾ ਨਹੀਂ ਕਰ ਸਕਿਆ।"

"ਨਹੀਂ ਜੀ, ਤੁਸੀਂ ਆਪਣੇ ਵਲੋਂ ਕੋਈ ਕਸਰ ਨਹੀਂ ਛੱਡੀ, ਸਗੋਂ ਖੇਚਲ ਦੀ ਮੁਆਫ਼ੀ ਸਾਨੂੰ ਮੰਗਣੀ ਚਾਹੀਦੀ ਹੈ।" ਦਰਸ਼ਨ ਨੇ ਧੰਨਵਾਦ ਕਰਨਾ ਆਪਣਾ ਵੀ ਫ਼ਰਜ਼ ਸਮਝਿਆ।

"ਥੋੜੀ ਅਪਰੂਵਮੈਂਟ ਦੀ ਲੋੜ ਹੈ, ਪ੍ਰੈਕਟਿਸ ਜਾਰੀ ਰਖਣੀ।" ਭੂਸ਼ਨ ਨੇ ਉਸ ਨੂੰ ਨੇਕ ਰਾਇ ਦਿਤੀ। ਫਿਰ ਬਹਾਲ ਦਾ ਹੱਥ ਫੜ ਕੇ ਅੱਡ ਹੁੰਦਿਆਂ ਆਖਿਆ, "ਤੇਰਾ

Sri Satguru Jagjit Singh Ji eLibrary NamdhariElibrary@gmail.com

ਮਾਲ ਚੰਗਾ ਹੈ; ਤੈਨੂੰ ਪਪੀਹਾ ਸਮਝ ਕੇ ਹੀ ਮੰਨ ਲਿਆ ਏ, ਪਰ ਵਿਚ ਤਿੰਨ ਕਾਣੇ ਹੀ ਨੇ।" ਭੂਸ਼ਨ ਨੇ ਮੂੰਹ ਬਣਾ ਲਿਆ।

"ਇਹ ਤਾਂ ਮੈਨੂੰ ਵੀ ਪਤਾ ਏ ਗੁਰੂ ਜੀ ! ਪਰ ਤੁਸੀਂ ਬੇੜੇ ਪਾਰ ਲਾ ਦਿਤੇ; ਸੋ ਬਹੁਤ ਬਹੁਤ ਸ਼ੁਕਰੀਆ, ਕਦੇ ਮੈਨੂੰ ਸੇਵਾ ਦਸਣੀ, ਦਾਸ ਤਨੋਂ ਮਨੋਂ ਮਰ ਕੇ ਖਲੋਵੇਗਾ।" ਬਹਾਲ ਨੇ ਭੂਸ਼ਨ ਦਾ ਜ਼ੋਰ ਨਾਲ ਹੱਥ ਘੁਟਿਆ।

ਫਿਰ ਉਨ੍ਹਾਂ ਇਕ ਦੂਜੇ ਤੋਂ ਵਿਦਾ ਲਈ। ਸੰਤਰੀ ਨੇ ਸਲੂਟ ਮਾਰਿਆ ਤੇ ਕਾਰ ਸੜਕ ਤੇ ਤੁਰਨ ਲੱਗੀ। ਬਹਾਲ ਦਰਸ਼ਨ ਦੀਆਂ ਸਾਂਗਾਂ ਲਾਉਣ ਲੱਗ ਪਿਆ :

"ਨਾ ਤੋੜ ਗੁਆਵੀਂ ਵੇ, ਜ਼ਾਲਮਾਂ ! ਗਜਰਾ ਕਲੀਆਂ ਵਾਲਾ।
... ...।"

ਦਰਸ਼ਨ ਉਸ ਨੂੰ ਵੇਖ ਵੇਖ ਹੱਸਦੀ ਰਹੀ, ਬਹਾਲ ਉਸ ਵਿਚ ਖੀਵਾ ਹੁੰਦਾ ਰਿਹਾ। ਪ੍ਰਸੰਨਤਾ ਦੀ ਵਾੜੀ ਵਿਚ ਉਹ ਬਾਵਰੇ ਹੋਏ ਭੌਰੇ ਸਨ। ਬਾਰਾਂ ਵਜਦੇ ਕਰਦੇ ਨੂੰ ਗੱਡੀ ਮੁੜ ਕੇ ਕੋਠੀ ਆ ਗਈ। ਬਹਾਲ ਦੀ ਚਾਚੀ ਉਨ੍ਹਾਂ ਨੂੰ ਬਾਹਰ ਨਿਕਲ ਕੇ ਮਿਲੀ।

"ਕਿਉਂ, ਫੁੱਲਾਂ ਦੇ ਹਾਰ ਕਿ ਜੁੱਤੀਆਂ ?"

"ਚਾਚੀ, ਜਿਥੇ ਅਸੀਂ ਜਾਈਏ, ਦੁਨੀਆਂ ਸਲਾਮ ਕਰਨ ਨੂੰ ਪਹਿਲੋਂ ਈ ਝੁਕੀ ਖਲੋਤੀ ਹੁੰਦੀ ਏ।" ਬਹਾਲ ਦੇ ਉੱਤਰ ਵਿਚ ਠਾਠ ਤੇ ਲਾਡ ਕੰਘੀ ਪਾਈ ਹੱਸ ਰਹੇ ਸਨ।

"ਰੋਟੀ ਤਿਆਰ ਏ, ਖਾ ਕੇ ਗੱਪ ਸ਼ੱਪ ਕਰਾਂਗੇ।" ਚਾਚੀ ਉਨ੍ਹਾਂ ਨੂੰ ਡਾਈਨਿੰਗ-ਰੂਮ ਵਲ ਖਿੱਚ ਤੁਰੀ। "ਮੋਹਣਿਆ ! ਵੇ ਮੋਹਣਿਆ !! ਰੋਟੀ ਪਾ ਲਿਆ।"

"ਹੱਛਾ ਬੀਬੀ ਜੀ !" ਮੋਹਣੇ ਨੇ ਕਿਚਨ ਵਿਚੋਂ ਹੀ ਆਵਾਜ਼ ਦਿਤੀ।

"ਚਾਚੀ, ਅੱਜ ਮੋਰਚਾ ਬੜਾ ਮਾਰਿਆ, ਮੈਨੂੰ ਤਾਂ ਐਨੀ ਆਸ ਨਹੀਂ ਸੀ।" ਬਹਾਲ ਨੇ ਕੁਰਸੀ ਤੇ ਬਹਿ ਕੇ ਮੇਜ਼ ਨੂੰ ਵਜਾਉਣਾ ਸ਼ੁਰੂ ਕਰ ਦਿਤਾ।

"ਹੱਛਾ, ਕਿੰਨੇ ਦਿਨ ਰਹਿਣਾ ਏਂ ?"

"ਇਕ ਦੋ ਤਿੰਨ ਚਾਰ ਤੇ ਪੰਜਵੇਂ ਨੂੰ ਫ਼ਲਾਇੰਗ ਜਨਤਾ ਤੇ ਉੱਡ ਜਾਣਾ ਏ।" ਬਹਾਲ ਨੇ ਗਾਉਣ ਦੀ ਕੋਸ਼ਿਸ਼ ਵਿਚ ਜਵਾਬ ਦਿਤਾ। "ਚਾਚੀ ! ਕਿਤੇ ਮੇਰੀ ਦਰਸ਼ੋ ਦਾ ਦਿਲ ਉਚਾਟ ਨਾ ਹੋ ਜਾਵੇ।"

"ਦਿੱਲੀ ਭਾਵੇਂ ਇਕ ਮਹੀਨਾ ਵੇਖੀ ਜਾਵੋ, ਮੁਕਦੀ ਨਹੀਂ। ਕਿਉਂ ਦਰਸ਼ੀ ?" ਚਾਚੀ ਨੇ ਦਰਸ਼ਨ ਵਲ ਮੂੰਹ ਮੋੜਿਆ।

"ਚਾਚੀ ਜੀ ! ਤੁਹਾਡੇ ਨਾਲ ਤਾਂ ਸਾਰੀ ਉਮਰ ਈ ਨਹੀਂ ਜੀਅ ਉਚਾਟ ਹੁੰਦਾ।" ਦਰਸ਼ਨ ਪਿਆਰ-ਉਮਾਹ ਵਿਚ ਚਾਚੀ ਦੇ ਪਾਸੇ ਲੱਗ ਗਈ।

"ਤੂੰ ਨੌਕਰੀ ਛੱਡ ਕੇ ਏਥੇ ਸਾਡੇ ਕੋਲ ਕਿਉਂ ਨਹੀਂ ਆ ਜਾਂਦਾ, ਨਾਲੇ ਦਰਸ਼ੋ ਨੂੰ ਲੈ ਆ।"

ਦਰਸ਼ਨ ਦੀ ਖ਼ੁਸ਼ੀ ਅੰਦਰੇ ਅੰਦਰ ਸਾਹ ਖਿੱਚ ਗਈ। 'ਕਾਸ਼ ! ਇਹ ਹੋ ਜਾਵੇ, ਅਸੀਂ ਦਿੱਲੀ ਦੀ ਹੁਸੀਨ ਤੇ ਰੰਗੀਨ ਦੁਨੀਆਂ ਵਿਚ ਧੜਕ ਸਕੀਏ।'

"ਥਾਣੇਦਾਰੀ ਵਿਚ ਕੁੱਤੇ ਨੂੰ ਹੱਡੀ ਵਾਲਾ ਸੁਆਦ ਏ, ਹੋਰ ਚਾਚੀ ਤਨਖ਼ਾਹ ਦੇ ਮਾਰੇ ਤਾਂ ਨਹੀਂ ਕਰਦੇ। ਵੈਸੇ ਅਸਤੀਫ਼ਾ ਦੇ ਕੇ ਚਾਚਾ ਜੀ ਨਾਲ ਕੰਮ ਕਰਨ ਨੂੰ ਬੜੀ ਵਾਰ ਜੀਅ ਕੀਤਾ ਏ।" ਬਹਾਲ ਨੇ ਨੌਕਰ ਤੋਂ ਪਲੇਟਾਂ ਫੜ ਫੜ ਕੇ ਮੇਜ਼ ਤੇ ਟਿਕਾਉਣੀਆਂ ਸ਼ੁਰੂ ਕਰ ਦਿਤੀਆਂ। "ਉਂਜ ਚਾਚੀ, ਥਾਣੇਦਾਰੀ ਨਾਲੋਂ ਠੇਕੇਦਾਰੀ 'ਚ ਐਸ਼ ਬਹੁਤੀ ਹੈ।"

Sri Satguru Jagjit Singh Ji eLibrary NamdhariElibrary@gmail.com

"ਇਹ ਤਾਂ ਕਰ ਕੇ ਪਤਾ ਲਗੇਗਾ।" ਚਾਚੀ ਰੋਟੀ ਪਾਨ ਲੱਗ ਪਈ।

"ਹੱਛਾ, ਚਾਚੇ ਦੇ ਆਉਣ ਦਾ ਖ਼ਤਰਾ ਤਾਂ ਨਹੀਂ ?" ਬਹਾਲ ਨੇ ਥੋੜਾ ਡਰ ਅਨੁਭਵ ਕੀਤਾ।

"ਸਵੇਰੇ ਚਾਹ ਨਾਲ ਕੁਝ ਖਾ ਕੇ ਨਿਕਲ ਜਾਂਦੇ ਐ, ਜੇ ਦੁਪਹਿਰ ਦੀ ਰੋਟੀ ਘਰ ਖਾਣ ਨੂੰ ਜੀਅ ਕਰੇ ਇਕ ਵਜੇ ਆ ਜਾਂਦੇ ਐ; ਨਹੀ ਚਾਰ ਵਜੇ ਚਾਹ ਜ਼ਰੂਰ ਘਰ ਪੀਂਦੇ ਨੇ। ਘੰਟਾ ਦੋ ਘੰਟੇ ਆਰਾਮ ਕਰ ਕੇ ਕਲੱਬ ਤੁਰ ਜਾਂਦੇ ਐ। ਫਿਰ ਆਉਣ ਦਾ ਟਾਈਮ ਉਨ੍ਹਾਂ ਦਾ ਆਪਣਾ ਹੁੰਦਾ ਏ; ਗਿਆਰਾਂ ਬਾਰਾਂ, ਇਕ ਤੇ ਦੋ ਵੀ।" ਚਾਚੀ ਨੇ ਚਾਚੇ ਦੇ ਟਾਈਮ ਦੀ ਵੰਡ ਦਾ ਸੰਖੇਪ ਕਹਿ ਸੁਣਾਇਆ।

"ਮੈਂ ਅਕਸਰ ਸੋਚਿਆ ਕਰਦਾ ਹਾਂ, ਚਾਚੇ ਜਿੰਨੀ ਐਸ਼ ਕਿਸੇ ਕਰਮਾ ਵਾਲੇ ਨੇ ਵੀ ਨਹੀਂ ਲਈ ਹੋਣੀ।" ਬਹਾਲ ਨੂੰ ਚਾਚੇ ਤੇ ਰਸ਼ਕ ਆ ਰਿਹਾ ਸੀ।

"ਅਸਲ ਵਿਚ ਤੇਰੇ ਚਾਚੇ ਦੀ ਕਿਸਮਤ ਬਹੁਤੀ ਤੇਜ਼ ਹੈ।"

"ਚਾਚੀ, ਜੇ ਕਿਸਮਤ ਸਾਥ ਨਾ ਦੇਵੇ, ਆਦਮੀ ਕੁਝ ਨਹੀਂ ਕਰ ਸਕਦਾ।" ਦਰਸ਼ਨ ਨੇ ਆਪਣੇ ਤਜਰਬੇ ਤੋਂ ਆਖਿਆ, ਜਿਵੇਂ ਉਸ ਕਿਸਮਤ ਦੀ ਪੌੜੀ ਦੇ ਡੰਡੇ ਨੂੰ ਹੱਥ ਪਾ ਲਿਆ ਸੀ।

"ਇਹ ਤੂੰ ਇਕ ਸੌ ਇਕ ਰੁਪਏ ਦੀ ਗੱਲ ਕੀਤੀ।" ਬਹਾਲ ਨੇ ਕੇਵਲ ਹਸਾਉਣ ਲਈ ਪ੍ਰੋੜ੍ਹਤਾ ਕੀਤੀ।

ਉਨ੍ਹਾਂ ਏਧਰ ਓਧਰ ਦੀਆਂ ਮਾਰਦਿਆਂ ਖਾਣਾ ਖ਼ਤਮ ਕਰ ਦਿਤਾ। ਚੁਲੀ ਕਰਨ ਪਿਛੋਂ ਬਹਾਲ ਨੇ ਤੌਲੀਏ ਨਾਲ ਹੱਥ ਪੂੰਝਦਿਆਂ ਆਖਿਆ :

"ਚਾਚੀ, ਤੁਸੀਂ ਗੱਪ ਸ਼ਪ ਕਰੋ, ਤਾਸ਼ ਖੇਡੋ; ਮੈਂ ਇਕ ਸੁਥਰੇ ਨੂੰ ਮਿਲ ਆਵਾਂ। ਉਸ ਨੂੰ ਨਾਲ ਲੈ ਕੇ ਥੋੜੀ ਆਵਾਰਾ-ਗਰਦੀ ਵੀ ਕਰਨੀ ਏ। ਸ਼ਾਮੀਂ ਤਿੰਨੇ ਸਿਨਮੇ ਚਲਾਂਗੇ।" ਬਹਾਲ ਦੀ ਘਰ ਰਹਿਣ ਦੀ ਨੀਅਤ ਨਹੀਂ ਸੀ, ਉਹ ਥੋੜਾ ਸਮਾਂ ਇਕੱਲਿਆਂ ਬਾਹਰ ਜਾਣਾ ਚਾਹੁੰਦਾ ਸੀ।

ਦਰਸ਼ਨ ਨੇ ਮੱਥੇ ਵਿਚ ਘੂਰੀ ਪਾਂਦਿਆਂ ਕਿਹਾ :

"ਛੇਤੀ ਮੁੜ ਆਇਓ।"

"ਜ਼ਰੂਰ।" ਬਹਾਲ ਨੇ ਦਰਸ਼ਨ ਦਾ ਨੱਕ ਛੇੜ ਕੇ ਉਸ ਦੀ ਘੂਰੀ ਨੂੰ ਧੋ ਸੁੱਟਣਾ ਚਾਹਿਆ। "ਹੱਛਾ ਟਾਅ ਟਾ !" ਤੇ ਉਹ ਨਖ਼ਰੇ ਨਾਲ ਹੱਥ ਹਿਲਾਉਂਦਾ ਤੁਰ ਗਿਆ।

"ਦਰਸ਼ਾਂ, ਤੈਨੂੰ ਇਕ ਗੱਲ ਦਸਾਂ, ਮਰਦਾਂ ਲਈ ਬਾਹਰ ਕੰਮ ਕਰਨਾ ਔਖਾ ਨਹੀਂ, ਜਿੰਨਾ ਘਰ ਬਹਿਣਾ ਮੁਸ਼ਕਲ ਏ। ਤੂੰ ਹਾਲੇ ਬੱਚੀ ਏਂ, ਹੌਲੀ ਹੌਲੀ ਸਭ ਜਾਣ ਜਾਵੇਂਗੀ।" ਚਾਚੀ ਨੇ ਦਰਸ਼ਨ ਨੂੰ ਇਕ ਤੀਰਕਾਨੀ ਮਾਰੀ।

"ਚਾਚੀ ਜੀ ! ਮਰਦਾਂ ਬਿਨਾਂ ਸਰਦਾ ਨਹੀਂ, ਊਂ ਏਨ੍ਹਾਂ ਜਿੰਨਾ ਖੋਟਾ ਤਾਂ ਕੋਈ ਨਹੀਂ ਹੁੰਦਾ।" ਦਰਸ਼ਨ ਨੇ ਆਪਣੇ ਮਨ ਵਿਚੋਂ ਐਵੇਂ ਹੀ ਕਹਿ ਦਿਤਾ।

"ਏਨ੍ਹਾਂ ਦਾ ਖੱਟਾ ਵੀ ਮਿੱਠਾ ਹੁੰਦਾ ਏ। ਔਰਤ ਨੂੰ ਮਰਦ ਦੇ ਪੈਰੀਂ ਡਿਗ ਕੇ ਪਿਆਰ ਦੀ ਜ਼ੰਜੀਰ ਬਣ ਜਾਣਾ ਚਾਹੀਦਾ ਹੈ।" ਚਾਚੀ ਨੇ ਆਪਣੀ ਵਲੋਂ ਸਿਖਿਆ ਦਿਤੀ।

ਦਰਸ਼ਨ ਚਾਚੀ ਦੀ ਸਿਖਿਆ ਨਾਲ ਬੜੀ ਪ੍ਰਭਾਵਤ ਹੋਈ। ਫਿਰ ਉਸ ਦੀ ਚਾਚੀ ਨੇ ਥੋੜਾ ਸੋਚ ਕੇ ਆਖਿਆ :

Sri Satguru Jagjit Singh Ji eLibrary NamdhariElibrary@gmail.com

"ਦਰਸ਼ਾਂ, ਗੱਡੀ ਤੇਰੇ ਚਾਚੇ ਨੂੰ ਲੈਣ ਗਈ ਏ, ਤੂੰ ਆਪਣੇ ਕਮਰੇ ਚਲੀ ਚਲ, ਮੈਂ ਹੁਣੇ ਆਉਂਦੀ ਆਂ।

"ਉਨ੍ਹਾਂ ਤੋਂ ਡਰਨ ਦੀ ਐਨੀ ਕੀ ਲੋੜ ਏ ?" ਦਰਸ਼ਨ ਨੇ ਅਸਲੋਂ ਭੋਲੇਪਣ ਨਾਲ ਆਖਿਆ।

"ਤੂੰ ਹਾਲੇ ਬੱਚੀ ਏਂ, ਇਨ੍ਹਾਂ ਗੱਲਾਂ ਦੇ ਬੜੇ ਨਤੀਜੇ ਨਿਕਲ ਸਕਦੇ ਹਨ।" ਚਾਚੀ ਆਪੂੰ ਵੀ ਦਰਸ਼ਨ ਨੂੰ ਆਪਣੇ ਮਾਲਕ ਤੋਂ ਲੁਕਾਣਾ ਚਾਹੁੰਦੀ ਸੀ।

ਬਾਹਰੋਂ ਡਾਕੀਏ ਨੇ ਸਾਈਕਲ ਦੀ ਘੰਟੀ ਵਜਾ ਕੇ ਦੋ ਚਿੱਠੀਆਂ ਅੰਦਰ ਵਗਾਹ ਮਾਰੀਆਂ। ਦਰਸ਼ਨ ਨੇ ਛੋਟੀ ਹੋਣ ਦੀ ਹੈਸੀਅਤ ਵਿਚ ਅਗਾਂਹ ਵਧ ਕੇ ਚਿੱਠੀਆਂ ਚੁਕ ਲਿਆਂਦੀਆਂ। ਉਸ ਦੀਆਂ ਨਜ਼ਰਾਂ ਨੇ ਵਾਰੀ ਵਾਰੀ ਐਡਰੈੱਸ ਪੜ੍ਹੇ। ਇਕ ਚਿੱਠੀ ਠੇਕੇਦਾਰ ਦਲੀਪ ਸਿੰਘ ਦੀ ਮਾਰਫ਼ਤ ਬਹਾਲ ਦੀ ਸੀ, ਜਿਸ ਉਤੇ ਪੰਜਾਬੀ ਵਿਚ ਉਸ ਦਾ ਨਾਂ ਲਿਖਿਆ ਹੋਇਆ ਸੀ। ਆਪਣੀ ਚਾਚੀ ਨੂੰ ਚਿੱਠੀ ਫੜਾਂਦਿਆਂ ਕਿਹਾ :

"ਆਹ ਸਾਡੀ ਹੈ।" ਏਨੀ ਗੱਲ ਕਹਿੰਦਿਆਂ ਉਸ ਨੂੰ ਲੋਹੜੇ ਦੀ ਸੰਗ ਆ ਗਈ ਤੇ ਮੂੰਹ ਭਵਾ ਕੇ ਆਪਣੇ ਕਮਰੇ ਨੂੰ ਤੁਰ ਪਈ।

ਇਹ ਜਾਨਣ ਲਈ ਕਿ ਚਿੱਠੀ ਕਿਸ ਲਿਖੀ ਹੈ, ਉਸ ਦਾ ਲਫ਼ਾਫ਼ਾ ਪਾੜਨ ਨੂੰ ਜੀਅ ਕਰ ਆਇਆ। ਫਿਰ ਉਸ ਸੋਚਿਆ, 'ਮੈਨੂੰ ਨਹੀਂ ਪੜ੍ਹਨੀ ਚਾਹੀਦੀ।' ਇਕ ਮਿੰਟ ਪਿਛੋਂ ਉਸ ਸੋਚਿਆ, 'ਸਾਡਾ ਇਕ ਦੂਜੇ ਤੋਂ ਵੀ ਕੁਝ ਵੀ ਓਹਲਾ ਨਹੀਂ ਹੋਣਾ ਚਾਹੀਦਾ।' ਉਸ ਜੇਰਾ ਕਰ ਕੇ ਲਫ਼ਾਫ਼ਾ ਪਾੜ ਲਿਆ। ਲਿਖਿਆ ਸੀ :

'ਪਰਮ ਪਿਆਰੇ ਪਤੀ ਜੀਓ'

ਏਨਾ ਪੜ੍ਹਦਿਆਂ ਹੀ ਦਰਸ਼ਨ ਨੂੰ ਚੱਕਰ ਆ ਗਿਆ। ਉਸ ਦਾ ਮੂੰਹ ਖੁੱਲ੍ਹਾ ਹੋਇਆ ਸੀ ਤੇ ਚਿੱਠੀ ਦੀ ਸੱਚਾਈ ਸਮਝਣ ਲਈ ਪਾਗਲ ਹੋਈ ਜਾ ਰਹੀ ਸੀ। ਉਸ ਨੂੰ ਭੂਚਾਲ ਆਉਂਦਾ ਪ੍ਰਤੀਤ ਹੋਇਆ। ਫਿਰ ਉਸ ਬਹਾਲ ਦਾ ਬਹੁਤ ਹੀ ਕਰੂਪ ਚਿਹਰਾ ਤੱਕਿਆ। ਉਸ ਦੋਹਾਂ ਹੱਥਾਂ ਨਾਲ ਮੂੰਹ ਢੱਕ ਲਿਆ। 'ਓਏ ਰੱਬਾ !' ਉਹ ਪਲੰਘ ਤੇ ਡਿਗ ਪਈ। ਫਿਰ ਉਸ ਓਸੇ ਹਾਲਤ ਵਿਚ ਸਾਰੀ ਚਿੱਠੀ ਪੜ੍ਹਨ ਲਈ ਦਿਲ ਕਰੜਾ ਕੀਤਾ।

'ਬਹੁਤ ਹੀ ਪਿਆਰ ਨਾਲ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ।
ਮੈਂ ਤੁਹਾਡੀ ਸਦਾ ਤੰਦਰੁਸਤੀ ਦਸਮ ਪਾਤਸ਼ਾਹ ਕਲਗ਼ੀਆਂ ਵਾਲੇ ਤੋਂ ਹਰ ਸਾਹ ਨਾਲ ਮੰਗਦੀ
ਹਾਂ। ਪਤਾ ਨਹੀਂ ਮੈਂ ਤੁਹਾਨੂੰ ਕਿੰਨੀ ਬੁਰੀ ਲੱਗਦੀ ਹਾਂ ਕਿ ਮੈਨੂੰ ਮੌਤ ਦੇ ਮੂੰਹ ਪਈ ਨੂੰ
ਵੀ ਦੇਖਣ ਨਹੀਂ ਆਏ।ਹੱਛਾ ਤੁਹਾਡੀ ਮਰਜ਼ੀ ਹੈ। ਪ੍ਰਾਣ ਪਤੀ ਜੀਉ, ਏਨਾ ਮੋਹ-ਤੋੜ
ਨਹੀਂ ਹੋਣਾ ਚਾਹੀਦਾ। ਕੀ ਤੁਸੀਂ ਆਪਣੀ ਗੁੱਡੀ ਨੂੰ ਵੀ ਦੇਖਣ ਨਹੀਂ ਆਵੋਗੇ ?

'ਤੁਹਾਡੀ ਪਿਤਾ ਜੀ ਨੂੰ ਪਾਈ ਚਿੱਠੀ ਮੈਂ ਪੜ੍ਹ ਲਈ ਹੈ। ਮੇਰੇ ਬਾਰੇ ਇਕ ਹਰਫ਼
ਨਹੀਂ ਉਸ ਵਿਚ। ਤੁਸੀਂ ਕਿੰਨਾ ਕੁ ਚਿਰ ਇਸ ਤਰ੍ਹਾਂ ਕਰਨੀ ਹੈ। ਮੇਰਾ ਤੁਹਾਡੇ ਤੇ
ਸਾਰਾ ਹੱਕ ਹੈ। ਹੁਣ ਮੈਂ ਬਹੁਤ ਸਮਾਂ ਬਰਦਾਸ਼ਤ ਨਹੀ ਕਰ ਸਕਦੀ ਇਕੱਲਿਆਂ ਰਹਿਣਾ।
ਮੈਨੂੰ ਆਪਣੇ ਕੋਲ ਬੁਲਾ ਲਵੋ ਤੇ ਸੇਵਾ ਦਾ ਮੌਕਾ ਦੇਵੋ।

'ਇਕ ਜ਼ਰੂਰੀ ਬੇਨਤੀ, ਮੇਰੀ ਪਹਿਲੀ ਘੜੀ ਘੜੀਸਾਜ਼ ਤੋਂ ਵੀ ਠੀਕ ਨਹੀਂ ਹੋਈ, ਤੁਸੀਂ ਦਿੱਲੀਓਂ ਨਵੀਂ ਲਈ ਆਉਣਾ, ਜ਼ਰੂਰੀ ਤਾਕੀਦ ਹੈ।

ਆਪ ਦੀ ਚਰਨ ਦਾਸੀ,
'ਪ੍ਰੀਤਮ ਕੌਰ'

Sri Satguru Jagjit Singh Ji eLibrary NamdhariElibrary@gmail.com

ਚਿੱਠੀ ਇਕ ਭੂਚਾਲ ਸੀ, ਜਿਸ ਦਰਸ਼ਨ ਦੀ ਹੁਸੀਨ ਦੁਨੀਆਂ ਨੂੰ ਖੰਡਰ ਬਣਾ ਕੇ ਰੱਖ ਦਿਤਾ। ਪਹਿਲੋਂ ਉਸ ਨੂੰ ਬਹਾਲ ਉਤੇ ਤੇ ਫਿਰ ਆਪਣੇ ਉਤੇ ਐਨਾ ਗ਼ੁੱਸਾ ਆਇਆ ਕਿ ਉਹ ਰੋ ਵੀ ਨਾ ਸਕੀ। ਉਹ ਲੰਮੀ ਹੈਰਾਨੀ ਵਿਚ ਕਮਰੇ ਦੀਆਂ ਸਫ਼ੈਦ ਕੰਧਾਂ ਨੂੰ ਤੱਕੀ ਜਾ ਰਹੀ ਸੀ। ਮੇਜ਼ ਤੇ ਪਏ ਫੁੱਲਾਂ ਦੇ ਦੋਵੇਂ ਗੁਲਦਸਤੇ ਉਸ ਦੀ ਬਰਬਾਦੀ ਤੇ ਟਾਹ ਟਾਹ ਹੱਸ ਰਹੇ ਸਨ। ਉਹ ਕਿੰਨਾ ਹੀ ਸਮਾਂ ਹਰਕਤ-ਹੀਣ ਸਤੰਭ ਬਣੀ ਬੈਠੀ ਰਹੀ। ਫਿਰ ਉਹ ਇਕ-ਦਮ ਉਠ ਕੇ ਤਣ ਗਈ। ਆਪਣੇ ਸਾਰੇ ਕਪੜੇ ਟੰਗਣੀਆਂ ਤੋਂ ਖਿੱਚ ਕੇ ਅਟੈਚੀਕੇਸ ਵਿਚ ਤੁੰਨ ਦਿਤੇ। ਚਿੱਠੀ ਜੇਬ ਵਿਚ ਪਾ ਲਈ। ਬਾਹਰ ਤੇ ਆਲੇ-ਦੁਆਲੇ ਨੂੰ ਇਕ ਜਾਸੂਸ ਦੀਆਂ ਨਜ਼ਰਾਂ ਨਾਲ ਵੇਖਿਆ, ਮੈਦਾਨ ਬਿਲਕੁਲ ਸਾਫ਼ ਸੀ। ਉਸ ਪਿਛਾਂਹ ਭੌਂ ਕੇ ਅਟੈਚੀਕੇਸ ਚੁਕਿਆ ਤੇ ਪਿਛਵਾੜੇ ਦੇ ਰਾਹ ਸੜਕ 'ਤੇ ਆ ਗਈ। ਝਟ ਪਿਛੋਂ ਹੀ ਇਕ ਮੋਟਰ-ਸਾਈਕਲ ਗੱਡੀ ਉਸ ਦੇ ਬਰਾਬਰ ਰੁਕ ਗਈ।

"ਬੀਬੀ ਜੀ, ਜਾਣਾ ਹੈ ?" ਡਰਾਈਵਰ ਨੇ ਹਾਰਨ ਦੇ ਕੇ ਪੁੱਛਿਆ।

"ਜੀ, ਰੇਲਵੇ ਸਟੇਸ਼ਨ।" ਦਰਸ਼ਨ ਨੇ ਗੱਡੀ ਵਿਚ ਬੈਠਦਿਆਂ ਆਪਣੇ ਫੁੱਲੇ ਸਾਹ ਨੂੰ ਠੀਕ ਕਰਨ ਦਾ ਯਤਨ ਕੀਤਾ। ਉਸ ਦਾ ਸਿਰ ਘੁਟਿਆ ਹੋਇਆ ਸੀ। ਬੇ-ਹਾਲ, ਬੇ-ਸੋਚ ਉਹ ਗੱਡੀ ਦੀ ਘੱਰਰ ਘੱਰਰ ਵਿਚ ਧੱਕੇ ਧੋੜੇ ਖਾ ਰਹੀ ਸੀ।

ਉਸ ਨੂੰ ਇਹ ਵੀ ਪਤਾ ਨਹੀਂ ਸੀ, ਕਦੋਂ ਰੇਲਵੇ ਸਟੇਸ਼ਨ ਆਇਆ, ਕਦੋਂ ਗੱਡੀ ਵਾਲੇ ਨੂੰ ਪੈਸੇ ਦਿਤੇ; ਫਿਰ ਟਿਕਟ ਖ਼ਰੀਦ ਕੇ ਪਲੈਟਫ਼ਾਰਮ ਤੇ ਆ ਗਈ, ਏਥੋਂ ਤੱਕ ਕਿ ਉਸ ਦੀ ਗੱਡੀ ਪੰਜਾਬ ਨੂੰ ਤੁਰ ਪਈ। ਉਸ ਚਿੱਠੀ ਨੂੰ ਇਕ ਵਾਰ ਫਿਰ ਪੜ੍ਹਿਆ। ਹਕੀਕਤ ਹਕੀਕਤ ਸੀ, ਉਸ ਵਿਚ ਸ਼ੱਕ ਦੀ ਰਤੀ ਭਰ ਗੁੰਜਾਇਸ਼ ਨਹੀਂ ਸੀ। ਉਸ ਹਕੀਕਤ ਨੂੰ, ਜਿਹੜੀ ਚਿੱਠੀ ਦੀ ਸ਼ਕਲ ਵਿਚ ਸਾੜ ਪੈਦਾ ਕਰ ਰਹੀ ਸੀ, ਟੁਕੜੇ ਟੁਕੜੇ ਕਰ ਕੇ ਬਾਰੀ ਰਾਹ ਵਗਾਹ ਮਾਰਿਆ।ਉਸ ਹਕੀਕਤ ਦਾ ਲਾਭ, ਜਿਹੜੀ ਜ਼ਿੰਦਗੀ ਨੂੰ ਵੜ੍ਹਾ ਨਹੀਂ ਕਰ ਸਕਦੀ ?

ਉਸ ਦੇ ਦਿਲ ਦਿਮਾਗ਼ ਤੇ ਇਹ ਦੂਜੀ ਵੱਡੀ ਸੱਟ ਸੀ, ਜਿਸ ਉਸ ਨੂੰ ਰੋਣ ਦੀ ਥਾਂ ਮੂੰਹ ਨੋਚਣ ਲਈ ਮਜਬੂਰ ਕਰ ਦਿਤਾ।

18

ਦਰਸ਼ਨ ਇਕ ਹਫ਼ਤਾ ਬੁਰੀ ਤਰ੍ਹਾਂ ਤੜਪਦੀ ਤੇ ਰਿਝਦੀ ਰਹੀ। ਉਹ ਐਨਾ ਰੋਈ ਕਿ ਆਪੇ ਨੂੰ ਹੰਝੂਆਂ ਵਿਚ ਗਾਲ ਸੁੱਟਿਆ। ਉਹ ਅਜਿਹੇ ਦਰਦ ਨੂੰ ਪੈਦਾ ਕਰ ਚੁਕੀ ਸੀ, ਜਿਹੜਾ ਕਿਸੇ ਘਰ ਦੇ ਜਾਂ ਆਂਢੀ ਗੁਆਂਢੀ ਨਾਲ ਵੰਡਾਇਆ ਨਹੀਂ ਸੀ ਜਾ ਸਕਦਾ। ਇਕ ਜਾਨ ਸੀ, ਜਿਹੜੀ ਅੰਦਰ ਬਾਹਰ ਭਟਕਦਿਆਂ ਨਹੀਂ ਨਿਕਲਦੀ ਸੀ। ਕੋਠੀ ਦੇ ਖੱਬੇ ਪਾਸੇ ਰਾਤ-ਰਾਣੀ ਕੋਲ ਆਥਣ ਸਵੇਰ ਉਹ ਕੁਰਸੀ ਡਾਹ ਕੇ ਪੜ੍ਹਨ ਦੇ ਬਹਾਨੇ ਰੋਂਦੀ ਰਹਿੰਦੀ। ਉਸ ਲਈ ਚੁੱਪ ਵੀ ਬਿਜਲੀ ਦੀਆਂ ਕਰੰਟਾਂ ਬਣੀ ਹੋਈ ਸੀ।

"ਇਹ ਦੁਨੀਆਂ ਕਿੰਨੀ ਚੰਦਰੀ ਹੈ, ਕਮੀਨੀ, ਕਪਟੀ ਤੇ ਬੇਵਫ਼ਾ ਹਾਇ ਬੇ ਜੀ, ਮੈਨੂੰ ਪਹਿਲੋਂ ਪਤਾ ਹੁੰਦਾ, ਮੈਂ ਅਜਿਹੀ ਦੁਨੀਆਂ ਦਾ ਸੁਪਨਾ ਤੱਕ ਨਾ ਲੈਂਦੀ। ਇਹ ਗੀਤਾਂ

Sri Satguru Jagjit Singh Ji eLibrary NamdhariElibrary@gmail.com

ਤੇ ਸਾਜ਼ਾਂ ਦੀ ਦੁਨੀਆਂ ਬਕਵਾਸ ਹੈ।" ਉਸ ਨੂੰ ਆਪਣੇ ਨਾਲ ਵੀ ਨਫ਼ਰਤ ਜਾਗ ਪਈ, ਜਿਵੇਂ ਉਹ ਨਮੋਸ਼ਾਏ ਮੂੰਹ ਨੂੰ ਕਿਤੇ ਲੁਕੋ ਦੇਣਾ ਚਾਹੁੰਦੀ ਸੀ।

ਘਰ ਦਿਆਂ ਗੀਤ ਰੀਕਾਰਡ ਕਰਵਾਉਣ ਬਾਰੇ ਪੁੱਛਿਆ, ਤਦ ਜਵਾਬ ਦਿਤਾ, "ਮੈਂ ਆਪ ਹੀ ਨਹੀਂ ਕਰਵਾਇਆ !" 'ਕਿਉਂ' ਦਾ ਉਸ ਕੋਈ ਉੱਤਰ ਨਾ ਦਿਤਾ। ਗਰੇਵਾਲ ਨੇ ਦਰਸ਼ਨ ਦਾ ਉਦਾਸ ਤੇ ਉਤਰਿਆ ਚਿਹਰਾ ਪੜ੍ਹ ਕੇ ਸਮਝਿਆ, 'ਕੋਈ ਝਗੜਾ ਹੋ ਗਿਆ ਏ।' ਉਸ ਬਹਾਲ ਤੋਂ ਪਤਾ ਕਰਨਾ ਚਾਹਿਆ, ਉਹ ਹਾਲੇ ਵਾਪਸ ਨਹੀਂ ਆਇਆ ਸੀ। ਘਰਦਿਆਂ ਨਾਲ ਦਰਸ਼ਨ ਬਹੁਤ ਘਟ ਬੋਲਦੀ, ਉਂਜ ਖ਼ੁਸ਼ ਰਹਿਣ ਦਾ ਯਤਨ ਕਰਦੀ। ਪਰ ਉਸ ਦੀ ਜ਼ਿੰਦਗੀ ਵਿਚੋਂ ਦਿਲਚਸਪੀਆਂ ਕਿਧਰੇ ਉੱਡ ਹੀ ਗਈਆਂ।

"ਪਿਆਰ ਇਕ ਜ਼ਬਰਦਸਤ ਧੋਖਾ ਹੈ, ਜਿਸ ਨੂੰ ਮਰਦ ਅਲ੍ਹੜ ਕੁੜੀ ਲਈ ਸ਼ਿੰਗਾਰ-ਬਕਸ ਬਣਾ ਕੇ ਪੇਸ਼ ਕਰਦਾ ਹੈ। ਪਰ ਗਰੀਬ ਨਹੀਂ ਜਾਣਦੀ ਉਸ ਵਿਚ ਫਨੀਅਰ ਹੈ, ਜਿਹੜਾ ਛਾਤੀ ਤੇ ਡੰਗ ਮਾਰੇਗਾ। ਸਭ ਤੋਂ ਵੱਡੀ ਮੁਸੀਬਤ, ਔਰਤ ਫਨੀਅਰ ਦੇ ਡੰਗ ਨਾਲ ਮਰਦੀ ਵੀ ਨਹੀਂ !' ਦਰਸ਼ਨ ਦੇ ਸਾਹਮਣੇ ਜ਼ਿੰਦਗੀ ਦੇ ਉਹ ਪਹਿਲੂ ਆਉਣ ਲੱਗੇ, ਜਿਨ੍ਹਾਂ ਬਾਰੇ ਉਸ ਕਦੇ ਸੁਣਿਆ ਸੀ, ਪੜ੍ਹਿਆ ਜਾਂ ਐਵੇਂ ਅਡੋਲ ਖ਼ੁਸ਼ੀ ਵਿਚ ਗਾਇਆ ਸੀ। ਓਦੋਂ ਉਸ ਸੁਪਨੇ ਵਿਚ ਵੀ ਖ਼ਿਆਲ ਨਹੀਂ ਕੀਤਾ ਸੀ, ਮੈਂ ਏਨ੍ਹਾਂ ਹਾਲਾਤ ਵਿਚੋਂ ਵੀ ਲੰਘਾਂਗੀ। ਇਸ ਐਕਸੀਡੈਂਟ ਨੇ ਉਸ ਦਾ ਆਪਣਾ ਆਪ ਰਿੜਕ ਕੇ ਰਖ ਦਿਤਾ। 'ਜ਼ਿੰਦਗੀ ਹਮੇਸ਼ਾ ਦੁੱਧ ਹੀ ਨਹੀਂ, ਮੱਖਣ ਵੀ ਹੈ, ਪਰ ਬਹੁਤ ਹੀ ਥੋੜ੍ਹਾ, ਬਾਕੀ ਸਭ ਲੱਸੀ, ਜਿਹੜੀ ਦੁਪਹਿਰ ਹੋਣ ਤੋਂ ਪਹਿਲਾਂ ਹੀ ਸੜਨਾ ਸ਼ੁਰੂ ਕਰ ਦੇਂਦੀ ਹੈ। ਖੇੜੇ ਦੀ ਝਲਕ ਇਕ ਸੁਪਨਾ, ਬਾਕੀ ਸੜਨ ਲਈ ਠੋਸ ਹਕੀਕਤ। ਮੈਨੂੰ ਕਦੋਂ ਪਿਆਰ ਮਿਲਿਆ, ਕਦੋਂ ਕਤਲ ਕਰ ਦਿਤੀ ਗਈ। ਆਖ਼ਰ ਮਰਦ ਇਸ ਤਰ੍ਹਾਂ ਬੇਵਫ਼ਾਈ ਤੇ ਬੇਦਰਦੀ ਨਾਲ ਕਤਲੇ-ਆਮ ਕਿਉਂ ਕਰਦਾ ਹੈ ?'

ਉਸ ਦੀ ਸੋਚ ਕਿਧਰੇ ਵੀ ਨਿਕਲ ਜਾਂਦੀ, ਕਿਸੇ ਸੜਕ ਜਾਂ ਗਲੀ ਪੈਣ ਦਾ ਸਵਾਲ ਈ ਨਹੀਂ ਪੈਦਾ ਹੁੰਦਾ ਸੀ। ਉਸ ਨੂੰ ਰੋਟੀ ਪਾਣੀ ਦੀ ਸੁਰਤ ਨਹੀਂ ਸੀ, ਉਸ ਦੀ ਬੇ ਜੀ ਜੋ ਅਗੇ ਲਿਆ ਰਖਦੀ, ਦੋ ਭੋਰੇ ਰੋਟੀ ਦੇ ਤੇ ਦੋ ਘੁੱਟਾਂ ਚਾਹ ਦੀਆਂ ਭਰ ਕੇ ਪਲੇਟਾਂ ਪਿਛਾਂਹ ਧੱਕ ਦੇਂਦੀ। ਹਰ ਲੋੜੀਂਦੀ ਚੀਜ਼ ਭਾਰ ਬਣ ਕੇ ਰਹਿ ਗਈ। ਬੇਜੀ ਨੇ ਦੁਖ ਪੁੱਛਿਆ। ਪਰ ਓਥੇ ਇਕੋ ਜਵਾਬ ਸੀ, 'ਮੈਨੂੰ ਕੁਝ ਨਹੀਂ ਹੋਇਆ।' ਭਾਵੇਂ ਉਸ ਚਿਹਰੇ ਵਿਚ ਬਨਾਵਟ ਪੈਦਾ ਕਰਨ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਹਾਲੇ ਉਹ ਜੀਵਨ-ਨਾਟਕ ਦੀ ਰੀਹਰਸਲ ਮੰਜ਼ਲ ਵਿਚ ਸੀ। ਉਸ ਰੇਡੀਓ ਦਾ ਇਕ ਪਰੋਗਰਾਮ ਕੈਂਸਲ ਕਰ ਦਿਤਾ। ਉਹ ਪਹਾੜੀ ਚੜ੍ਹਾ ਕੇ ਪਟਕਾ ਦਿਤੀ ਗਈ ਸੀ। ਉਸ ਦੇ ਚਾਅ ਦਿਲ ਦੇ ਜ਼ਖ਼ਮਾਂ ਵਿਚ ਹਉਕੇ ਬਣ ਬਣ, ਆਤਮਘਾਤ ਕਰ ਰਹੇ ਸਨ। ਉਹ ਇਕ ਵਾਰ ਹੀ ਭੁੱਬ ਮਾਰ ਉਠੀ :

'ਦੁਨੀਆਂ ਵਿਚ ਹੁਸਨ ਹੈ, ਜ਼ਿੰਦਗੀ ਦੀ ਭੁੱਖ ਜਗਾਣ ਲਈ..........ਪਿਆਰ ਹੈ, ਪਿਆਰ ਹੋ ਜਾਣ ਲਈ। ......ਦੁਨੀਆਂ ਵਿਚ ਸਭ ਕੁਝ ਹੈ, ਸਿਰਫ਼ ਵਫ਼ਾ ਨਹੀਂ ....ਤੇ ਕੁਝ ਵੀ ਨਹੀਂ।'

ਉਸ ਦੀਆਂ ਹੰਝੂ-ਭਰੀਆਂ ਅੱਖਾਂ ਨੂੰ ਆਪਣੀ ਕੋਠੀ ਤੇ ਸਾਰੀ ਸਿਵਲ ਲਾਈਨਜ਼ ਬੇਵਫ਼ਾਈ ਦੇ ਕਾਲੇ ਸਮੁੰਦਰ ਵਿਚ ਡੁੱਬਦੀਆਂ ਜਾਪ ਰਹੀਆਂ ਸਨ।

Sri Satguru Jagjit Singh Ji eLibrary NamdhariElibrary@gmail.com

"ਮੇਰੇ ਲਈ ਕੁਝ ਨਹੀਂ ਰਿਹਾ, ਕਿਸੇ ਲਈ ਕੁਝ ਨਹੀਂ, ਪਰਲੋ ਕਿਉਂ ਨਹੀਂ ਆਉਂਦੀ। ਜ਼ਾਲਮੋ, ਇਨਕਲਾਬ ਦਾ ਰਾਹ ਨਾ ਰੋਕੋ, ਸਾਰਾ ਗੰਦ ਸਾਫ਼ ਹੋ ਜਾਣ ਦਿਓ। ਹਾਂ.......।"

ਇਕ ਖੜਾਕ ਨੇ ਦਰਸ਼ਨ ਦੀ ਸੋਚ ਨੂੰ ਦਮਹੋੜ ਦੇ ਦਿਤਾ।

"ਬੇਟੀ, ਕੀ ਸੋਚ ਰਹੀ ਏਂ ?" ਦਰਸ਼ਨ ਦੇ ਲਾਗੇ ਸੰਤਾ ਸਿੰਘ ਦੁਖੀ ਨੇ ਆਪਣੀ ਕੁਰਸੀ ਰਖਦਿਆਂ ਆਖਿਆ। "ਕੁਝ ਉਸਰ ਰਿਹਾ ਹੈ ਤੇ ਕੁਝ ਢਹਿ ਰਿਹਾ ਹੈ ?"

ਉਸ ਦੇ ਆ ਜਾਣ ਤੇ ਦਰਸ਼ਨ ਨੂੰ ਇਉਂ ਜਾਪਿਆ, ਜਿਵੇਂ ਠੰਡੀ ਹੋ ਰਹੀ ਭੱਠੀ ਵਿਚ ਕਿਸੇ ਦੋਬਾਰਾ ਫੂਕ ਲਾ ਦਿਤੀ। ਉਸ ਆਪਣੀਆਂ ਭਖੀਆਂ, ਪਰ ਅੱਧ-ਖੁੱਲ੍ਹੀਆਂ ਅੱਖਾਂ ਵਿਚ ਦਿਲ ਦਾ ਸਾਰਾ ਰੋਹ ਲਿਆਉਂਦਿਆਂ ਦੁੱਖੀ ਨੂੰ ਤੱਕਿਆ, ਜਿਵੇਂ ਉਸ ਤੇ ਬਹੁਤ ਹੀ ਤਰਸ ਖਾ ਰਹੀ ਹੋਵੇ।

"ਦਰਸ਼ਨ ! ਮੈਨੂੰ ਤੇਰੇ ਤੇ ਬਹੁਤ ਗੁੱਸਾ ਹੈ।" ਦੁੱਖੀ ਨੇ ਉਸ ਨੂੰ ਬੁਲਾਉਣ ਦਾ ਯਤਨ ਕੀਤਾ ਅਤੇ ਨਾਲ ਹੀ ਹੁਸ਼ਿਆਰ ਅੱਖਾਂ ਨੂੰ ਭੱਦਰ ਬਣਾਉਂਦਿਆਂ ਤੱਕਣਾ ਸ਼ੁਰੂ ਕਰ ਦਿਤਾ।

"ਮੇਰੇ ਤੇ ਗੁੱਸਾ ਹੈ ?" ਫਿਰ ਉਹ ਜ਼ਬਤ ਦੀ ਘੁੱਟ ਭਰ ਗਈ। "ਜ਼ਰੂਰ ਕਰੋ।"

"ਤੂੰ ਰੀਕਾਰਡਿੰਗ ਕਰਵਾਉਣ ਗਈ, ਦੱਸ ਕੇ ਵੀ ਨਾ ਗਈ ?"

"ਕੀ ਮਤਲਬ ?"

"ਮਤਲਬ ਇਹ, ਕੋਈ ਸਲਾਹ ਕਰਦੇ, ਕਿਸ ਦਾ ਗੀਤ ਚੰਗਾ ਰਹੇਗਾ।" ਦੁੱਖੀ ਨੇ ਪਿਤਰਾਨਾ ਪਿਆਰ ਜਗਾ ਲਿਆ।

"ਮੈਂ ਕੋਈ ਗੀਤ ਰੀਕਾਰਡ ਨਹੀਂ ਕਰਵਾਉਣਾ।" ਦਰਸ਼ਨ ਨੇ ਅਸਲੋਂ ਸਤ ਕੇ ਅਖਿਆ।

"ਅੱਜ ਪਤਾ ਨਹੀਂ, ਕਿਸ ਮਨਹੂਸ ਦਾ ਮੂੰਹ ਵੇਖਿਆ ਏ, ਜਿਸ ਕੋਲ ਜਾਵੋ, ਤੋੜ ਤੋੜ ਸੁਟਦਾ ਏ। ਬਹਾਲ ਕੋਲ ਗਿਆ, ਉਹ ਵੀ ਖਾਣ ਵਾਲਿਆਂ ਵਾਂਗ ਭਜ ਕੇ ਪਿਆ। ਤੂੰ....।"

"ਚਾਚਾ !" ਦਰਸ਼ਨ ਇਕ-ਦਮ ਤਮਕ ਪਈ। "ਮੇਰੇ ਕੋਲ ਉਸ ਦੀ ਕੋਈ ਗੱਲ ਨਾ ਕਰੀਂ।"

ਦੁੱਖੀ ਨੂੰ ਦਰਸ਼ਨ ਤੇ ਬਹਾਲ ਦੇ ਪਿਆਰ ਦਾ ਚੰਗੀ ਤਰ੍ਹਾਂ ਪਤਾ ਸੀ ; ਸਗੋਂ ਮਿਲਾਪ ਕਰਵਾਉਣ ਵਾਲਾ ਉਹ ਆਪ ਸੀ।

"ਅਰੇ, ਤੁਹਾਨੂੰ ਕੀ ਹੋ ਗਿਆ, ਬਿਲਕੁਲ ਏਹੀ ਗੱਲ ਉਸ ਆਖੀ, 'ਮੇਰੇ ਕੋਲ ਦਰਸ਼ਨ ਦੀ ਉੱਕੀ ਗੱਲ ਨਾ ਕਰੀਂ।" ਦੁੱਖੀ ਦੇ ਮੂੰਹੋਂ ਇਹ ਗੱਲ ਸੁਣ ਕੇ ਦਰਸ਼ਨ ਦਾ ਧਿਆਨ ਇਕ ਪਲ ਸੁਰ ਹੋਇਆ ਵੇਖ ਕੇ ਦੁੱਖੀ ਨੇ ਅਗੇ ਗੱਲ ਤੋਰੀ। "ਸਗੋਂ ਆਖਦਾ ਸੀ, 'ਉਸ ਕੁੜੀ ਨੇ ਤਾਂ.....।' ਬਸ, ਅਗਾਂਹ ਕੀ ਕਹਿਣਾ ਹੈ।"

"ਅਜੇ ਉਹ ਕੁਝ ਕਹਿੰਦਾ ਸੀ ?" ਦਰਸ਼ਨ ਨੇ ਕੁਰਸੀ ਨਾਲੋਂ ਢੋਅ ਛੱਡ ਦਿਤੀ। "ਧੋਖੇਬਾਜ਼ !"

"ਧੋਖੇਬਾਜ਼ !" ਦੁੱਖੀ ਨੇ ਬੇਹੱਦ ਅਚੰਭਾ ਪਰਗਟ ਕੀਤਾ, "ਪੁੱਤਰੀ ਤੈਨੂੰ ਆਪੂੰ ਧੋਖਾ ਲਗਾ ਹੈ, ਉਹ ਪੰਜਾਬ ਦੇ ਸਾਰੇ ਸ਼ਾਇਰਾਂ ਨਾਲੋਂ ਸ਼ਰੀਫ਼ ਤੇ ਈਮਾਨਦਾਰ ਹੈ।"

"ਚਾਚਾ !" ਮੈਂ ਤੈਨੂੰ ਕਿਵੇਂ ਸਮਝਾਵਾਂ। ਬਸ, ਮੈਂ ਆਖਦੀ ਹਾਂ ਉਸ ਕਮੀਨੇ ਦੀ ਗੱਲ ਨਾ ਕਰ। ਮੈਂ ਪਾਗਲ ਹੋ ਜਾਵਾਂਗੀ।"

"ਤੂੰ ਦਰਸ਼ਨ ਮੈਨੂੰ ਕੁਝ ਨਾ ਸਮਝਾ, ਏਨ੍ਹਾਂ ਬਜ਼ੁਰਗ ਅੱਖਾਂ ਨੇ ਜ਼ਮਾਨਾ ਛਾਣ ਪੀਤਾ

Sri Satguru Jagjit Singh Ji eLibrary NamdhariElibrary@gmail.com

ਹੈ।" ਦੁੱਖੀ ਦੀ ਐਨੀ ਗੱਲ ਸੁਣ ਕੇ ਦਰਸ਼ਨ ਠਠੰਬਰ ਗਈ। ਉਸ ਚੌੜੀਆਂ ਅੱਖਾਂ ਨਾਲ ਦੁੱਖੀ ਨੂੰ ਜਾਣਨ ਦਾ ਯਤਨ ਕੀਤਾ। ਉਹ ਦਰਸ਼ਨ ਬਾਰੇ ਹਰਫ਼ ਹਰਫ਼ ਆਪਣੇ ਚਿਹਰੇ ਤੇ ਉਕਰੀ ਬੈਠਾ ਸੀ। ਦਰਸ਼ਨ ਨੇ ਨੀਵੀਂ ਪਾ ਲਈ। ਉਸ ਨੂੰ ਯਕੀਨ ਹੋ ਗਿਆ, ਦੁੱਖੀ ਉਸ ਦੇ ਤੇ ਬਹਾਲ ਬਾਰੇ ਸਭ ਕੁਝ ਜਾਣਦਾ ਹੈ।

"ਪੁੱਤਰੀ, ਤੂੰ ਬਹੁਤ ਭੋਲੀ ਏਂ, ਤੈਨੂੰ ਬਹਾਲ ਬਾਰੇ ਜ਼ਰੂਰ ਕੋਈ ਗ਼ਲਤ-ਫ਼ਹਿਮੀ ਹੋਈ ਏ। ਮੈਂ ਉਸ ਨੂੰ ਛੇ ਸਾਲ ਤੋਂ ਜਾਣਦਾ ਹਾਂ।"

"ਚਾਚਾ, ਜੋ ਬੀਤ ਗਈ, ਉਸ ਨੂੰ ਮੋੜਨ ਦਾ ਕੀ ਫ਼ਾਇਦਾ ? ਉਸ ਮੈਨੂੰ ਧੋਖੇ ਵਿਚ ਰਖਿਆ ਸੀ, ਸੱਚ ਸੌ ਪਰਦੇ ਪਾੜ ਕੇ ਬਾਹਰ ਆ ਗਿਆ।" ਦਰਸ਼ਨ ਨੇ ਦੁੱਖੀ ਦੀ ਥੋਦੀ ਸਫ਼ਾਈ ਦੇ ਚੀਥੜੇ ਉਡਾ ਦਿਤੇ।

"ਮੈਂ ਵੀ ਤਾਂ ਸੁਣਾਂ, ਉਹ ਸੱਚ ਕੀ ਸੀ ?" ਦੁੱਖੀ ਨੇ ਇਸ ਸਵਾਲ ਵਿਚ ਦਰਸ਼ਨ ਨੂੰ ਉਲਝਾ ਲਿਆ।

"ਮੈਂ ਕੁਝ ਨਹੀਂ ਕਹਿ ਸਕਦੀ।" ਦਰਸ਼ਨ ਨੇ ਮੂੰਹ ਫੇਰ ਲਿਆ।

"ਦਰਸ਼ਨ, ਤੈਨੂੰ ਆਪਣੇ ਚਾਚੇ ਦੀ ਸੌਂਹ, ਮੈਂ ਤੇਰੀ ਦਿਲ ਜਾਨ ਤੋਂ ਮਦਦ ਕਰਾਂਗਾ।" ਦੁੱਖੀ ਨੇ ਕੁਰਸੀ ਨੇੜੇ ਕਰ ਕੇ ਦਰਸ਼ਨ ਦਾ ਮੋਢਾ ਹਲੂਣਿਆਂ।

ਦਰਸ਼ਨ ਨੇ ਅੱਖਾਂ ਭਰ ਲਈਆਂ। ਇਕ ਮਿੰਟ ਉਹ ਦੋਵੇਂ ਕੁਝ ਨਾ ਬੋਲ ਸਕੇ। ਦਰਸ਼ਨ ਨੇ ਨੱਕ ਸਾਫ਼ ਕਰਦਿਆਂ ਹੰਝੂ ਵੀ ਪੂੰਝੇ ਤੇ ਫੇਰ ਆਖਣਾ ਸ਼ੁਰੂ ਕੀਤਾ :

"ਜੇ ਤੁਸੀਂ ਜ਼ਿੱਦ ਕਰਦੇ ਹੋ, ਤਦ ਸੁਣੋ, ਬਹਾਲ ਨੇ ਮੈਨੂੰ ਤੇ ਮੇਰੇ ਪਿਤਾ ਜੀ ਨੂੰ ਕਵ੍ਹਾਰੇ ਹੋਣ ਦਾ ਲਾਰਾ ਦਿਤਾ, ਪਰ ਉਹ ਵਿਆਹਿਆ ਹੋਇਆ ਨਿਕਲਿਆ। ਉਸ ਅਜਿਹੀ ਕਮੀਨਗੀ ਮੈਨੂੰ ਧੋਖਾ ਦੇਣ ਲਈ ਹੀ ਕੀਤੀ ਨਾ। ਮੈਂ ਇਸ ਤਰ੍ਹਾਂ ਆਵਾਰਾ ਆਦਮੀ ਦੀ ਗੱਲ ਕਿਸ ਤਰ੍ਹਾਂ ਸੁਣ ਸਕਦੀ ਹਾਂ। ਮੇਰੇ ਲਈ ਉਹ ਮਰ ਗਿਆ।" ਦਰਸ਼ਨ ਦਾ ਜੀਅ ਕਰਦਾ ਸੀ, ਅਬਾ-ਤਬਾ ਬਕੀ ਹੀ ਜਾਵੇ ਤੇ ਦਿਲ ਦੇ ਸਾਰੇ ਗ਼ੁਬਾਰ ਦੀ ਉਕਾਰੀ ਕਰ ਦੇਵੇ।

"ਅੱਧੀ ਦੁਨੀਆਂ ਨੂੰ ਗ਼ਲਤ ਫ਼ਹਿਮੀਆਂ ਹੀ ਰੁਆ ਰੁਆ ਮਾਰ ਰਹੀਆਂ ਹਨ। ਤੈਨੂੰ ਮਰ ਜਾਣੀਏ ਕੌਣ ਆਖਦਾ ਏ, ਬਹਾਲ ਵਿਆਹਿਆ ਹੋਇਆ ਹੈ ?" ਦੁੱਖੀ, ਆਪੂੰ ਬਹਾਲ ਨੂੰ ਕਵਾਰਾ ਸਮਝਦਾ ਸੀ।

ਦਰਸ਼ਨ ਨੂੰ ਇਕ ਪਲ ਦੁੱਖੀ ਦੀ ਸ਼ਕਲ ਵੀ ਇਕ ਕਪਟੀ ਦੀ ਜਾਪੀ। ਫਿਰ ਉਸ ਖ਼ਿਆਲ ਕੀਤਾ, ਹੋ ਸਕਦਾ ਏ, ਇਸ ਤੋਂ ਬਹਾਲ ਨੇ ਲੁਕਾ ਰਖਿਆ ਹੋਵੇ। ਪਰ ਉਸ ਨੂੰ ਬੁੱਢੇ ਤੇ ਗ਼ੁੱਸਾ ਜ਼ਰੂਰ ਆ ਗਿਆ।

"ਚਾਚਾ ਤੇਰੀ ਸਫਾਈ ਦੀ ਕੋਈ ਕੀਮਤ ਨਹੀਂ, ਮੈਂ ਉਸ ਦੀ ਵਾਈਫ਼ ਦੀ ਚਿੱਠੀ ਪੜ੍ਹੀ ਹੈ ਤੇ ਉਹ ਇਕ ਬੱਚੀ ਦਾ ਬਾਪ ਵੀ ਹੈ।" ਦਰਸ਼ਨ ਨੇ ਇਕ ਤਰ੍ਹਾਂ ਦੁੱਖੀ ਦੇ ਮੂੰਹ ਤੇ ਥਪੱੜ ਕਢ ਮਾਰਿਆ।

ਦੁੱਖੀ ਇਕ ਪਲ ਘਬਰਾ ਗਿਆ। ਪਰ ਉਸ ਨੂੰ ਵਿਸ਼ਵਾਸ ਸੀ, ਬਹਾਲ ਨਹੀਂ ਵਿਆਹਿਆ ਹੋਇਆ, ਕਿਉਂਕਿ ਉਸ ਬਹਾਲ ਦੀ ਪਤਨੀ ਨੂੰ ਕਦੇ ਵੀ ਨਹੀਂ ਤੱਕਿਆ ਸੀ। ਦੂਜੇ ਪਲ ਆਪੇ ਨੂੰ ਪੈਰਾਂ ਸਿਰ ਕਰਦਿਆਂ ਮੁਸਕਾਇਆ :

"ਵੇਖਾਂ ਤਾਂ ਉਹ ਚਿੱਠੀ ?"

Sri Satguru Jagjit Singh Ji eLibrary NamdhariElibrary@gmail.com

"ਮੈਂ ਉਸ ਦੇ ਟੁਕੜੇ ਤੱਕ ਉਡਾ ਦਿਤੇ। ਮੈਂ ਕਰਨੀ ਕੀ ਸੀ, ਉਹਦੀ ਲੋੜ ਕੀ ਸੀ ?" ਦਰਸ਼ਨ ਦੇ ਆਖੇ ਸ਼ਬਦ ਨਫ਼ਰਤ ਨੂੰ ਉਫਾਰਾ ਦੇ ਰਹੇ ਸਨ।

"ਉਹ ਚਿੱਠੀ ਤੈਨੂੰ ਦਿੱਲੀਓਂ ਮਿਲੀ ਸੀ ਨਾ ?" ਦੁੱਖੀ ਨੇ ਧਿਆਨ ਵਲ ਕੀਤਾ।

"ਹਾਂ।" ਉਹ ਆਖਣਾ ਚਾਹੁੰਦੀ ਸੀ, 'ਹੋਰ ਅਗੇ ਬਕ।'

"ਦਿੱਲੀਓਂ ਅੱਜ ਦੀ ਡਾਕ ਵਿਚ ਇਕ ਹੋਰ ਚਿੱਠੀ ਆਈ ਏ, ਤੂੰ ਪੜ੍ਹ ਸਕਦੀ ਏਂ।" ਦੁੱਖੀ ਨੇ ਦਿੱਲੀ ਦੀ ਮੋਹਰ ਵਾਲਾ ਲਫ਼ਾਫ਼ਾ ਅਗੇ ਕਰ ਦਿਤਾ।

ਦਰਸ਼ਨ ਨੇ ਨਾ ਚਾਹੁਣ ਤੇ ਵੀ ਲਫ਼ਾਫ਼ਾ ਫੜ ਲਿਆ। ਉਹ ਪਹਿਲਾਂ ਪਾੜਿਆ ਜਾ ਚੁਕਾ ਸੀ। ਬਹਾਲ ਦਾ ਨਾਂ ਪਤਾ ਦਰਜ ਸੀ। ਉਸ ਚਿੱਠੀ ਦੀਆਂ ਤਹਿਆਂ ਖੋਲ੍ਹਦਿਆਂ ਪੜ੍ਹਿਆ :

ਲੋਧੀ ਕਾਲੋਨੀ,

ਬਰਖ਼ੁਰਦਾਰ ਬਹਾਲ,

ਮੈਂ ਚਿੱਠੀ ਲਿਖਣਾ ਤਾਂ ਕੀ ਤੁਹਾਡੇ ਨਾਲ ਬੋਲਣਾ ਵੀ ਗਵਾਰਾ ਨਾ ਕਰਦੀ, ਪਰ ਤੁਹਾਡੀ ਇਕ ਬਦ-ਤਮੀਜ਼ੀ ਕਾਰਨ ਖ਼ਤ ਲਿਖਣਾ ਪੈ ਗਿਆ। ਪਹਿਲਾਂ ਤਾਂ ਉਹ ਛੋਕਰੀ ਬਿਨਾਂ ਇਤਲਾਹ ਦਿਤੇ ਦੌੜ ਗਈ ਤੇ ਫਿਰ ਉਸੇ ਤਰ੍ਹਾਂ ਜਨਾਬ, ਉਹ ਤੇਰੀ ਲਾਡਲੀ ਜਾਂਦੀ ਹੋਈ ਸਾਡੇ ਗੁਆਂਢੀ ਬਹਾਲ ਦਾ ਇਕ ਖ਼ਤ ਵੀ ਲੈ ਗਈ। ਉਸ ਦੀ ਵਾਈਫ਼ ਦਾ ਦੂਜਾ ਖ਼ਤ ਆਉਣ ਤੇ ਪਤਾ ਲਗਾ ਕਿ ਉਸ ਪਹਿਲਾਂ ਵੀ ਪਾਇਆ ਸੀ। ਜਿਸ ਦੁਪਹਿਰ ਨੂੰ ਉਹ ਦੌੜੀ ਸੀ, ਉਸ ਨੂੰ ਬਹਾਲ ਦਾ ਖ਼ਤ ਆਇਆ ਸੀ, ਜਿਹੜਾ ਦਰਸ਼ਨ ਨੇ 'ਸਾਡਾ ਹੈ' ਕਹਿ ਕੇ ਲਿਆ ਸੀ।

ਪਰ ਇਹ ਬੜੀ ਸ਼ਰਮ ਦੀ ਗੱਲ ਹੈ, ਜੇ ਤੂੰ ਮਹਿਸੂਸ ਕਰ ਸਕੇਂ। ਮੇਰੇ ਖ਼ਿਆਲ ਵਿਚ ਵੀ ਨਹੀਂ ਆ ਸਕਦਾ ਸੀ ਕਿ ਤੁਸੀਂ ਏਨੇ ਗ਼ੈਰ-ਜ਼ੁੰਮੇਵਾਰ ਸਾਬਤ ਹੋਵੋਗੇ।

ਉਹ ਤੇ ਚੰਗਾ ਹੋਇਆ, ਮੇਰੀ ਪੱਤ ਰਹਿਣੀ ਸੀ, ਜਿਹੜਾ ਸਰਦਾਰ ਜੀ ਹੋਰਾਂ ਨੂੰ ਪਤਾ ਨਹੀਂ ਲਗਾ। ਵਰਨਾ ਤੁਸਾਂ ਮੇਰੀ ਬੇਇੱਜ਼ਤੀ ਕਰਵਾਉਣ ਦੀ ਕੋਈ ਕਸਰ ਨਹੀਂ ਛੱਡੀ। ਮੈਂ ਤੁਹਾਨੂੰ ਚੋਰਾਂ ਵਾਂਗ ਸਾਂਭਿਆ ਤੇ ਤੁਸੀਂ ਕੀ ਚੰਨ ਚੜ੍ਹਾ ਕੇ ਗਏ। ਸ਼ਾਬਾਸ਼ ਬੇਟੇ !

ਤੇਰੀ ਸ਼ਰਮਸਾਰ
ਚਾਚੀ।

ਚਿੱਠੀ ਪੜ੍ਹਨ ਨੂੰ ਤਾਂ ਦਰਸ਼ਨ ਪੜ੍ਹ ਗਈ, ਪਰ ਉਸ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਉਹ ਬਰਫ ਦੇ ਗਲੇਸ਼ੀਅਰ ਹੇਠ ਆ ਗਈ ਹੋਵੇ। ਉਸ ਦਾ ਦਿਮਾਗ਼ ਤਕ ਸੁੰਨ ਹੋ ਗਿਆ। ਉਹ ਦੇਖ ਜ਼ਰੂਰ ਰਹੀ ਸੀ, ਪਰ ਸਾਹਮਣੇ ਰੂਪ ਕੋਈ ਨਹੀਂ ਸੀ। ਉਸ ਦੀਆਂ ਲੰਮੀਆਂ ਪਲਕਾਂ ਵਿਚ ਚੌੜੀਆਂ ਅੱਖਾਂ ਦੋ ਤਰੇੜਾਂ ਹੋ ਕੇ ਰਹਿ ਗਈਆਂ। ਅਕਾਰਹੀਣ ਅੰਨ੍ਹੇਰਾ ਉਸ ਨੂੰ ਡਕਾਰ ਜਾਣਾ ਚਾਹੁੰਦਾ ਸੀ। ਉਸ ਦੀਆਂ ਮੋਈਆਂ ਆਸਾਂ ਵਿਚ ਸਿਸਕੀਆਂ ਅੰਗੜਾਈ ਭਰੀ।

'ਮੈਨੂੰ ਕੀ ਹੋ ਗਿਆ।' ਉਸ ਚਿੱਠੀ ਨੂੰ ਹਿਲਾਇਆ, ਹਰਕਤ ਜ਼ਰੂਰ ਹੋਈ, ਪਰ

Sri Satguru Jagjit Singh Ji eLibrary NamdhariElibrary@gmail.com

ਹਰਕਤ ਵਿਚ ਆਵਾਜ਼ ਕੋਈ ਨਹੀਂ ਸੀ। 'ਇਕ ਪਤਨੀ ਦੀ ਆਪਣੇ ਪਤੀ ਨੂੰ ਚਿੱਠੀ ਝੂਠ ਕਿਵੇਂ ਹੋ ਸਕਦੀ ਹੈ।' ਨਿਰਜਿੰਦ ਕਾਗ਼ਜ਼ ਦੀਆਂ ਦੋ ਚਿੱਠੀਆਂ ਕੁਤਰੇ ਵਾਲੀ ਮਸ਼ੀਨ ਦੇ ਟੋਕੇ ਬਣੀਆਂ ਹੋਈਆਂ ਸਨ; ਜਿਨ੍ਹਾਂ ਦੇ ਚੱਕਰ ਵਿਚਕਾਰ ਮਾਸੂਮ ਦਰਸ਼ਨ ਦੀ ਧੌਣ ਆ ਗਈ। ਭਾਵੇਂ ਉਸ ਦੀ ਹਾਲਤ ਇਕੋ ਸਮੇਂ ਬਹੁਤ ਤਰਸਯੋਗ ਤੇ ਹਿੰਮਤਧਾਰੀ ਸੀ, ਪਰ ਪਰਤੱਖ ਸਚਾਈ ਇਹ ਸੀ ਕਿ ਉਸ ਦਾ ਆਪਣਾ ਆਪ ਅਜਾਇਬ ਘਰ ਦੀ ਛੁਟੜ ਸ਼ਕੁੰਤਲਾ ਹੋ ਕੇ ਰਹਿ ਗਿਆ। ਉਹ ਆਪਣੇ ਆਲੇ-ਦੁਆਲੇ ਤੋਂ ਸ਼ੂਨਯ ਪਲਾੜ ਵਿਚ ਨਿਘਰਦੀ ਜਾ ਰਹੀ ਸੀ।

ਦੁਖੀ ਨਾਰਦ ਦੀ ਹੈਸੀਅਤ ਵਿਚ ਦਰਸ਼ਨ ਦੇ ਬਦਲਦੇ ਰੂਪਾਂ ਦੀ ਫ਼ੋਟੋਗਰਾਫ਼ੀ ਕਰ ਰਿਹਾ ਸੀ। ਉਹ ਸਮਝਦਾ ਸੀ, ਹਾਲੇ ਬੋਲਣ ਦਾ ਸਮਾਂ ਨਹੀਂ ਆਇਆ। ਦਰਸ਼ਨ ਨੇ ਇਕ ਲੰਮਾ ਹਉਕਾ ਲਿਆ ਅਤੇ ਸ਼ੂੰਨਯਤਾ ਦੇ ਪੁਲਾੜ ਦੀ ਗੰਢ ਟੁੱਟ ਗਈ। ਉਸ ਦੀਆਂ ਅੱਖਾਂ ਦੀਆਂ ਪੁਤਲੀਆਂ ਨੇ ਅੰਨ੍ਹੇਰੇ ਦਾ ਦੋ-ਮੇਲ ਪਾੜਿਆ। ਉਸ ਆਪਣਾ ਸਿਰ ਕੁਰਸੀ ਦੀ ਵਾੜ ਤੇ ਸੁੱਟ ਦਿਤਾ।

"ਇਹ ਲੈਟਰ ਉਨ੍ਹਾਂ ਆਪ ਦਿੱਤੀ ਸੀ ਤੁਹਾਨੂੰ।" ਦਰਸ਼ਨ ਦੇ ਆਖੇ ਸ਼ਬਦਾਂ ਤੱਕ ਨੂੰ ਲਰਜ਼ਾ ਛਿੜਿਆ ਹੋਇਆ ਸੀ। ਉਸ ਦੀਆਂ ਅੱਖਾਂ ਵਿਚ ਦਰਦ ਨੇ ਸੂਹੇ ਪਲਸੇਟੇ ਲੈਣੇ ਅਰੰਭ ਦਿਤੇ।

"ਨਹੀਂ, ਮੈਂ ਉਸ ਤੋਂ ਖੋਹ ਲਈ ਸੀ।" ਨਾਰਦ ਨੇ ਮੌਕਾ ਸਾਂਭਿਆ। "ਉਹ ਤੁਹਾਡੇ ਬਾਰੇ ਕਹਿ ਰਿਹਾ ਸੀ, 'ਉਸ ਕੁੜੀ ਦਾ ਦਿਮਾਗ਼ ਚੜ੍ਹਿਆ ਹੋਇਆ ਈ ਨਹੀਂ, ਸਗੋਂ ਖ਼ਰਾਬ ਵੀ ਹੈ। ਅੱਜ ਮੈਂ ਪਛਤਾ ਰਿਹਾ ਹਾਂ, ਮੈਂ ਕਿਸ ਤਰ੍ਹਾਂ ਦੀ ਗ਼ਲਤ ਕੁੜੀ ਨੂੰ ਆਪਣੇ ਸਾਥ ਲਈ ਚੁਣ ਲਿਆ ਸੀ।' ਪੁੱਤਰੀ ! ਮੈਂ ਉਸ ਨੂੰ ਗਾਲ੍ਹਾਂ ਦੇ ਕੇ ਆਇਆ ਹਾਂ। ਇਹ ਗੱਲ ਤਾਂ ਸਾਨੂੰ ਸਾਫ਼ ਹੋ ਗਈ, ਗ਼ਲਤ-ਫ਼ਹਿਮੀ ਇਕ ਚਿੱਠੀ ਤੋਂ ਪੈਦਾ ਹੋਈ ਤੇ ਸੱਚੇ ਤੁਸੀਂ ਆਪਣੇ ਆਪਣੇ ਥਾਂ ਦੋਵੇਂ ਹੋ। ਸੋ ਇਸ ਗ਼ਲਤ-ਫ਼ਹਿਮੀ ਨੂੰ ਮਿਟਾ ਦੇਣਾ ਮੈਂ ਆਪਣਾ ਇਖ਼ਲਾਕੀ ਫ਼ਰਜ ਸਮਝਿਆ ਹੈ। ਇਕ ਸ਼ਾਇਰ ਟੁੱਟੇ ਦਿਲਾਂ ਨੂੰ ਜੋੜ ਦੇਣ ਵਿਚ ਹੀ ਭਗਵਾਨ ਦੀ ਸਹੀ ਭਗਤੀ ਸਮਝਦਾ ਹੈ। ਕਾਸ਼ ! ਪਿਆਰ ਨੌਜਵਾਨਾਂ ਲਈ ਕਦੇ ਟ੍ਰੈਜਿਡੀ ਨਾ ਬਣੇ। ਸੋ ਮੇਰੇ ਬੱਚਿਓ ! ਦਿਲਾਂ ਦੀ ਮੈਲ ਧੋਵੋ ਤੇ ਪਿਆਰ ਪਿਆਰ ਹੋ ਜਾਓ। ਸ਼ਾਇਰ ਦੀ ਖ਼ੁਸ਼ੀ ਇਸ ਵਿਚ ਹੈ ਤੇ ਤੁਹਾਡੀਆਂ ਕਲਪਦੀਆਂ ਰੂਹਾਂ ਦੀ ਤਸੱਲੀ।" ਦੁੱਖੀ ਨੇ ਇਕ ਵਜਦ ਪੈਦਾ ਕਰਕੇ ਲੈਕਚਰ ਝਾੜਿਆ, ਜਿਸ ਦਾ ਦਰਸ਼ਨ ਉਤੇ ਅਸਰ ਹੋਣਾ ਕੁਦਰਤੀ ਸੀ। ਕੁੜੀ ਦੇ ਦਿਲੋਂ ਵਿਰੋਧ ਦੀ ਤਾਕਤ ਨਸ਼ਟ ਹੋ ਚੁਕੀ ਸੀ ਤੇ ਉਸ ਅੰਦਰ ਪਛਤਾਵੇ ਦਾ ਪੱਖ ਬਲਵਾਨ ਹੁੰਦਾ ਜਾ ਰਿਹਾ ਸੀ। ਪਰ ਉਸ ਹਥਿਆਰ ਸੁੱਟ ਦੇਣ ਤੇ ਵੀ ਆਕੜ ਦਿਖਾਈ।

"ਪਰ ਚਾਚਾ ! ਉਹ ਚਿੱਠੀ ਝੂਠੀ ਨਹੀਂ ਸੀ, ਤੇ ਮੇਰਾ ਮਰਦਾਂ ਤੋਂ ਵਿਸ਼ਵਾਸ ਟੁੱਟ ਗਿਆ ਹੈ।"

"ਤੂੰ ਮੇਰੇ ਤੇ ਵਿਸ਼ਵਾਸ ਕਰ, ਇਹ ਧੌਲੀ ਦਾੜ੍ਹੀ ਝੂਠ ਨਹੀਂ ਬੋਲਦੀ।" ਦੁੱਖੀ ਆਪਣੀ ਥਾਂ ਬਹਾਲ ਦੇ ਕਵਾਰੇ ਹੋਣ ਬਾਰੇ ਦਿਲੋਂ ਸੱਚਾ ਸੀ, "ਮੈਂ ਤੇਰਾ ਧਰਮ ਦਾ ਪਿਤਾ ਹਾਂ, ਤੈਨੂੰ ਮੈਂ ਬਚਨ ਦੇਂਦਾ ਹਾਂ, ਤੂੰ ਯਕੀਨ ਕਰ।" ਦੁਖੀ ਨੇ ਆਪਣੀ ਹਿੱਕ ਨੂੰ ਹੱਥ ਲਾਇਆ।

"ਚਲੋ ਮੈਂ ਇਕ ਪਲ ਸਭ ਕੁਝ ਠੀਕ ਵੀ ਮੰਨ ਲੈਂਦੀ ਹਾਂ, ਪਰ ਮੈਂ ਉਨ੍ਹਾਂ ਦੇ ਸਾਹਮਣੇ

Sri Satguru Jagjit Singh Ji eLibrary NamdhariElibrary@gmail.com

ਕਿਵੇਂ ਹੋਵਾਂਗੀ।" ਦਰਸ਼ਨ ਨੇ ਅੰਦਰ ਧੜਕ ਰਹੇ ਸ਼ੱਕ ਨੂੰ ਪ੍ਰਗਟਾਇਆ।

"ਤੂੰ ਘਰ ਤਾਂ ਕੋਈ ਗੱਲ ਨਹੀਂ ਕੀਤੀ ?" ਦੁਖੀ ਲਈ ਇਹ ਸਭ ਤੋਂ ਬਹੁਤੀ ਭੇਤ ਵਾਲੀ ਗੱਲ ਸੀ।

"ਨਹੀਂ।" ਦਰਸ਼ਨ ਨੇ ਸਿਰ ਹਿਲਾਇਆ।

"ਤੂੰ ਬੜੀ ਸਿਆਣੀ ਕੁੜੀ ਏਂ। ਘਬਰਾਣ ਦੀ ਲੋੜ ਨਹੀਂ, ਉਸ ਨੂੰ ਜੁੱਤੀਆਂ ਲਾ ਕੇ ਤੋਰਾਂਗਾ ਤੇਰੇ ਨਾਲ।" ਦੁਖੀ ਨੇ ਰੋਹਬ ਵਿਚ ਆ ਕੇ ਦਰਸ਼ਨ ਨੂੰ ਥਾਪੀ ਦਿੱਤੀ।

ਦਰਸ਼ਨ ਆਪੇ ਨੂੰ ਕਾਬੂ ਵਿਚ ਨਾ ਰਖ ਸਕੀ।

"ਚਾਚਾ, ਤੂੰ ਨੇਕੀ ਦਾ ਫ਼ਰਿਸ਼ਤਾ ਏਂ, ਜਿਹੜਾ ਪਰੀ-ਕਹਾਣੀਆਂ ਵਿਚ ਆਉਂਦਾ ਹੁੰਦਾ ਏ।"

"ਇਹ ਬੁੱਢਾ ਫੂਕਣਾ ਏਂ, ਜੇ ਵੇਲੇ ਸਿਰ ਕੰਮ ਨਾ ਆਇਆ।"

ਦਰਸ਼ਨ ਨੂੰ ਦੁੱਖੀ ਵਿਚ ਪਿਤਰੀ ਮੋਹ ਦੀ ਝਲਕ ਦਿਖਾਈ ਦਿੱਤੀ। ਉਸ ਜਜ਼ਬਾਤ ਵਿਚ ਆ ਕੇ ਬੁੱਢੇ ਦੇ ਦੋਵੇਂ ਹੱਥ ਘੁੱਟ ਲਏ, ਅਠਾਰਾਂ ਸਾਲ ਦੀ ਭਰ ਜਵਾਨ ਛੋਹ ਨਾਲ ਪੰਜਾਹ ਸਾਲ ਦਾ ਬੁੱਢਾ ਅੰਤਰੀਵ ਲਰਜ਼ਾਣ ਲਗ ਪਿਆ, ਪਰ ਬਾਹਰੋਂ ਬਜ਼ੁਰਗੀ ਠਾਠ ਮਜ਼ਬੂਤ ਸੀ। ਦਰਸ਼ਨ ਦਾ ਸੰਸਾਰ ਫਿਰ ਵਸ ਪਿਆ। ਇਕ ਹਫ਼ਤਾ ਰੋਂਦਾ ਰਿਹਾ ਹੁਸਨ ਇਕ-ਦਮ ਬਹਾਰ ਵਿਚ ਆ ਗਿਆ। ਉਸ ਦੀ ਆਪ-ਮੁਹਾਰੀ ਖ਼ੁਸ਼ੀ ਪਛਤਾਵੇ ਦੀਆਂ ਸੰਗ-ਛੋਹਾਂ ਨਾਲ ਖੇੜਾ ਖੇੜਾ ਹੋ ਰਹੀ ਸੀ।

19

"ਪ੍ਰਕਾਸ਼ ਸਿੰਘ ਜੀ !" ਕਾਲਜ ਦੇ ਚਪੜਾਸੀ ਨੇ ਪ੍ਰਕਾਸ਼ ਨੂੰ ਆਵਾਜ਼ ਮਾਰ ਕੇ ਰੋਕ ਲਿਆ। ਚਪੜਾਸੀ ਨੇ ਨੇੜੇ ਆ ਕੇ ਉਸ ਨੂੰ ਇਕੱਲਿਆਂ ਕਰਦਿਆਂ ਆਖਿਆ, "ਤੁਹਾਨੂੰ ਪ੍ਰਿੰਸੀਪਲ ਸਾਅਬ ਨੇ ਬੁਲਾਇਆ ਏ।"

ਕਾਲਜ ਹੁਣੇ ਛੁੱਟੀ ਹੋਈ ਸੀ ਅਤੇ ਪ੍ਰਕਾਸ਼ ਆਪਣਾ ਸਾਇਕਲ ਲੈਣ ਲਈ ਸਟੈਂਡ ਵਲ ਜਾ ਰਿਹਾ ਸੀ, ਚਪੜਾਸੀ ਦੇ ਸੁਨੇਹੇ ਕਾਰਨ ਉਹ ਦਫ਼ਤਰ ਵਲ ਭੌਂ ਪਿਆ। ਉਹ ਸੋਚਣ ਲੱਗ ਪਿਆ, 'ਪ੍ਰਿੰਸੀਪਲ ਨੇ ਮੈਨੂੰ ਕਿਉਂ ਬੁਲਾਇਆ ਹੈ ?' ਉਹ ਕੁਝ ਨਾ ਜਾਣ ਸਕਿਆ। ਪਿਛਲੇ ਪੰਜਾਂ ਸਾਲਾਂ ਵਿਚ ਪ੍ਰਿੰਸੀਪਲ ਨੇ ਉਸ ਨੂੰ ਚਪੜਾਸੀ ਰਾਹੀਂ ਇਕ ਵਾਰ ਵੀ ਨਹੀਂ ਬੁਲਾਇਆ ਸੀ। ਇਕ ਸੰਸੇ-ਖਾਧੀ ਸੋਚ ਉਸ ਦੇ ਨਾਲ ਕਦਮਾਂ ਪੁਟ ਰਹੀ ਸੀ। 'ਵੱਡਾ ਆਦਮੀ ਜਦੋਂ ਵੀ ਬੁਲਾਵੇ, ਖ਼ੁਸ਼ੀ ਦੇ ਚਾਨਸ ਬਹੁਤ ਘਟ ਹੁੰਦੇ ਹਨ ਤੇ ਫ਼ਿਕਰ ਵਾਲੀ ਘੜੀ ਅਗੋਂ ਹੋ ਕੇ ਮਿਲਦੀ ਹੈ।' ਉਸ ਨਿੱਕੀਆਂ ਕਦਮਾਂ ਤੋਂ ਵੱਡੀਆਂ ਕਰ ਦਿੱਤੀਆਂ। 'ਜਦੋਂ ਸਮਾਜ ਦੀ ਗੱਡੀ ਦੇ ਪਹੀਏ ਛੋਟੇ ਵੱਡੇ ਹੋਣ, ਓਦੋਂ ਖ਼ੁਸ਼ੀ ਨੂੰ ਬਾਹਾਂ ਅੱਡ ਕੇ ਨਹੀਂ ਮਿਲਣਾ ਚਾਹੀਦਾ ਤੇ ਮੁਸੀਬਤ ਨੂੰ ਜਿਗਰਾ ਚੌੜਾ ਕਰ ਕੇ ਝੱਲਣਾ ਚਾਹੀਦਾ ਹੈ।'

ਪ੍ਰਿੰਸੀਪਲ ਉਸ ਨੂੰ ਦਫਤਰ ਦੇ ਬਰਾਂਡੇ ਵਿਚ ਹੀ ਮਿਲ ਪਿਆ। ਪ੍ਰਕਾਸ਼ ਨੇ ਹੱਥ ਜੋੜਦਿਆਂ 'ਸਤਿ ਸ੍ਰੀ ਅਕਾਲ' ਬੁਲਾਈ।

Sri Satguru Jagjit Singh Ji eLibrary NamdhariElibrary@gmail.com

ਪ੍ਰਿੰਸੀਪੱਲ ਨੇ ਗੰਜਾ ਸਿਰ ਮਾਮੂਲੀ ਝੁਕਾਂਦਿਆਂ ਮੰਨ ਲਈ ਅਤੇ ਖੂੰਡੀ ਘੁਮਾਂਦਾ ਲਾਅਨ ਵਿਚ ਉਤਰ ਆਇਆ। ਪ੍ਰਿੰਸੀਪਲ ਨੇ ਥੋੜਾ ਸਿਰ ਹਿਲਾਂਦਿਆਂ ਆਖਿਆ :

"ਕਾਕਾ ਪ੍ਰਕਾਸ਼ ! ਯੂ ਆਰ ਗੁੱਡ ਸਟੂਡੈਂਟ। ਤੇਰੇ ਪ੍ਰੋਫ਼ੈਸਰ ਤੇਰੀ ਤਾਰੀਫ਼ ਕਰਦੇ ਹਨ। ਉਨ੍ਹਾਂ ਨੂੰ ਤੇਰੇ ਬਾਰੇ ਕੋਈ ਸ਼ਿਕਾਇਤ ਨਹੀਂ, ਸ਼ਾਇਦ ਮੈਨੂੰ ਵੀ ਨਹੀਂ, ਪਰ...." ਪ੍ਰਿੰਸੀਪਲ ਨੇ ਗੱਲ ਨੂੰ ਅਧੂਰੀ ਛੱਡ ਕੇ ਆਪਣੀ ਸੋਟੀ ਨੂੰ ਘਾਹ ਵਿਚ ਖੋਭਣ ਲਈ ਆਪਣਾ ਸਾਰਾ ਭਾਰ ਦੇ ਦਿਤਾ।

ਪ੍ਰਕਾਸ਼ ਨੂੰ ਕੁਝ ਖੁੜਕ ਗਈ ਤੇ ਇਕ ਹੈਰਾਨੀ ਵਿਚ ਸਵਾਲ ਬਣ ਗਿਆ। ਪ੍ਰਿੰਸੀਪਲ ਥੋੜਾ ਮੁਸਕਾ ਕੇ ਫਿਰ ਸੰਬੋਧਨ ਹੋਇਆ :

"ਕਾਲਜ ਤੇ ਉਸ ਦੇ ਸਟਾਫ਼ ਨੂੰ ਆਪਣੇ ਹੋਣਹਾਰ ਸਟੂਡੈਂਟ ਤੇ ਹਮੇਸ਼ਾ ਮਾਣ ਹੁੰਦਾ ਹੈ। ਹੋਰ ਸਟੂਡੈਂਟ ਦੀਆਂ ਕੁੜੀਆਂ ਨੂੰ ਛੇੜਨ ਬਾਰੇ ਸ਼ਿਕਾਇਤਾਂ ਹਨ, ਉਹ ਆਪੋ ਵਿਚੀਂ ਲੜਦੇ ਹਨ, ਹੋਸਟਲ ਵਿਚ ਸ਼ਰਾਬ ਪੀਂਦੇ ਹਨ ; ਪ੍ਰੋਫ਼ੈਸਰਾਂ ਦੀ ਇਨਸਲਟ ਕਰ ਦਿੰਦੇ ਹਨ, ਤੈਨੂੰ ਅਜਿਹੀਆਂ ਆਦਤਾਂ ਛੋਹ ਵੀ ਨਹੀਂ ਗਈਆਂ। ਚੰਗੇ ਸਟੂਡੈਂਟਸ ਨਾਲ ਸਾਡੀ ਹਮਦਰਦੀ ਕੁਦਰਤੀ ਹੋ ਜਾਂਦੀ ਏ।

"ਅੱਜ ਮੈਂ ਤੈਨੂੰ ਕੋਈ ਵਾਰਨਿੰਗ ਦੇਣ ਲਈ ਨਹੀਂ ਕਾਲ ਕੀਤਾ। ਮੇਰੀ ਖ਼ਾਹਸ਼ ਹੈ, ਤੂੰ ਮੇਰੀ ਸਿੰਪਥੀ ਨੂੰ ਜਾਣ ਲਵੇਂ, ਤੂੰ ਐਮ. ਏ. ਦਾ ਮਿਹਨਤੀ ਸਟੂਡੈਂਟ ਏਂ, ਸਾਨੂੰ ਤੇਰੇ ਬੀ. ਏ. ਵਾਂਗ ਪੋਜ਼ੀਸ਼ਨ ਮਾਰਨ ਦੀ ਪੂਰੀ ਆਸ ਹੈ। ਨਾਓ, ਯੂ ਆਰ ਨਾਅਟ ਏ ਚਾਈਲਡ। ਤੂੰ ਆਪਣਾ ਭਲਾ ਬੁਰਾ ਚੰਗੀ ਤਰ੍ਹਾਂ ਸਮਝ ਸਕਦਾ ਏਂ। ਸਾਡਾ ਫ਼ਰਜ਼ ਹੈ ਜ਼ਿੰਦਗੀ ਨੂੰ ਰਾਹ ਦਿਖਾਈਏ, ਜਦੋਂ ਵੀ ਉਹ ਗ਼ਲਤ ਮੋੜ ਕੱਟ ਰਹੀ ਹੋਵੇ। ਤੇਰੀਆਂ ਰੁਚੀਆਂ ਅੱਜ ਗ਼ਲਤ ਰਾਹ ਅਖ਼ਤਿਆਰ ਕਰ ਰਹੀਆਂ ਹਨ, ਏਸੇ ਲਈ ਮੈਂ ਬੁਲਾਇਆ ਹੈ।"

ਪ੍ਰਿੰਸੀਪਲ ਨੇ ਇਕ ਲੈਕਚਰ ਦੇਣ ਪਿਛੋਂ ਪ੍ਰਕਾਸ਼ ਦੇ ਅਨੁਭਵਾਂ ਨੂੰ ਤਾੜਿਆ।

ਪ੍ਰਕਾਸ਼ ਨੂੰ ਪ੍ਰਿੰਸੀਪਲ ਦੀਆਂ ਗੱਲਾਂ ਵਿਚ ਦਿਲਚਸਪੀ ਜਾਗ ਪਈ ਸੀ। ਪਰ ਉਸ ਨੂੰ ਹੈਰਾਨੀ ਜ਼ਰੂਰ ਸੀ, ਪ੍ਰਿੰਸੀਪਲ ਆਪਣੇ ਰਵੱਈਏ ਦੇ ਉਲਟ ਮਿਲਣਸਾਰ ਕਿਵੇਂ ਸਾਬਤ ਹੋ ਰਿਹਾ ਹੈ !

"ਜੀ, ਮੈਂ ਹਰ ਚੰਗੀ ਗੱਲ ਹਰ ਸਮੇਂ ਮੰਨਣ ਲਈ ਤਿਆਰ ਹਾਂ।" ਪ੍ਰਕਾਸ਼ ਨੇ ਪੂਰੇ ਦਿਲ ਨਾਲ ਹਾਮੀ ਭਰੀ।

"ਸਟੱਡੀ ਫ਼ਾਰ ਸਕਸੈੱਸ ! ਜ਼ਿੰਦਗੀ ਦੀ ਰਾਹ ਸਾਨੂੰ ਖੱਬੇ ਹੀ ਨਹੀਂ, ਸੱਜੇ ਦੇਖ ਕੇ ਵੀ ਚੁਣਨੀ ਚਾਹੀਦੀ ਹੈ।" ਪ੍ਰਿੰਸੀਪਲ ਨੇ ਦੋ ਕਦਮਾਂ ਪਿਛਾਂਹ ਪੁਟੀਆਂ।

"ਮੈਂ ਠੀਕ ਆਪ ਦਾ ਮਤਲਬ ਨਹੀ ਸਮਝਿਆ।" ਪ੍ਰਕਾਸ਼ ਨੇ ਚੇਤੰਨ ਹੁੰਦਿਆਂ ਪੁੱਛਿਆ। ਪ੍ਰਿੰਸੀਪਲ ਦਾ ਫ਼ਿਕਰਾ ਪਤਾ ਨਹੀਂ ਕਿਹੜੇ ਭਾਵ ਤੇ ਲਾਗੂ ਹੁੰਦਾ ਸੀ।

"ਮਤਲਬ ਇਹ ਕਿ ਸਟੂਡੈਂਟ ਫ਼ੈਡਰੇਸ਼ਨ ਵਿਚ ਆਪਣੀ ਅਨਰਜੀ ਵੇਸਟ ਨਹੀਂ ਕਰਨੀ ਚਾਹੀਦੀ। ਤੇਰੇ ਫ਼ਿਊਚਰ ਲਈ ਇਹ ਚੰਗਾ ਨਹੀਂ।" ਪ੍ਰਿੰਸੀਪਲ ਨੇ ਹਮਦਰਦੀ ਦੀ ਆੜ ਵਿਚ ਜ਼ੋਰ ਦੇਂਦਿਆਂ ਆਖਿਆ।

ਪ੍ਰਕਾਸ਼ ਦਾ ਜ਼ਿਹਨ ਇਕ-ਦਮ ਸਾਫ਼ ਹੋ ਗਿਆ।

"ਇਸ ਗੱਲ ਨਾਲ ਪ੍ਰਿੰਸੀਪਲ ਸਾਹਿਬ ਤੁਸੀਂ ਸੌ ਫ਼ੀ ਸਦੀ ਸਹਿਮਤ ਹੋਵੋਗੇ ਕਿ ਅਸੀਂ ਮੁਸ਼ਕਲਾਂ ਦੇ ਪੀਰੀਅਡ ਵਿਚੋਂ ਲੰਘ ਰਹੇ ਹਾਂ। ਤੇ ਫ਼ੈਡਰੇਸ਼ਨ ਸਾਡੀ ਅਨਰਜੀ ਨੂੰ

Sri Satguru Jagjit Singh Ji eLibrary NamdhariElibrary@gmail.com

ਤਰਤੀਬ ਦੇਂਦੀ ਏ, ਜ਼ਿੰਦਗੀ ਨੂੰ ਰਾਹ ਵਿਖਾਂਦੀ ਹੈ ਤੇ ਹਰ ਮੁਸ਼ਕਲ ਨੂੰ ਜੱਥੇਬੰਦ ਸਟਰਗਲ ਨਾਲ ਜਿੱਤਣ ਵਿਚ ਵਿਸ਼ਵਾਸ ਦੁਆਂਦੀ ਹੈ। ਸਾਡੀ ਅੱਜ ਦੀ ਤਾਲੀਮ ਸਾਇੰਟੇਫ਼ਿਕ ਨਹੀਂ ਬਣ ਸਕੀ। ਇਹੋ ਕਾਰਨ ਏ ਕਿ ਅਸੀਂ ਕਾਲਜਾਂ ਵਿਚੋਂ ਨਿਕਲਦੇ ਹੀ ਬੇਕਾਰੀ ਦੇ ਬਾਜ਼ਾਰ ਵਿਚ ਧੱਕੇ ਜਾਂਦੇ ਹਾਂ।

"ਪ੍ਰਿੰਸੀਪਲ ਸਾਹਿਬ, ਤੁਸੀਂ ਮੁਆਫ਼ ਕਰੋਗੇ, ਮੈਂ ਇਕ ਗੱਲ ਜ਼ਰੂਰ ਆਖਣੀ ਚਾਹੁੰਦਾ ਹਾਂ। ਲਾਈਫ਼, ਸਟਰਗਲ ਵਿਚੋਂ ਵਜੂਦ ਲੈਂਦੀ ਹੈ ਤੇ ਵਿਕਾਸ ਕਰਦੀ ਹੈ। ਇਸ ਨੂੰ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ। ਇਹ ਕੁਝ ਸਾਨੂੰ ਹਿਸਟਰੀ ਦਸਦੀ ਹੈ ਕਿ ਮਨੁੱਖੀ ਸਮਾਜ ਹਮੇਸ਼ਾਂ ਵਿਕਾਸ ਦੀਆਂ ਮੰਜ਼ਲਾਂ ਵਿਚ ਰਹਿੰਦਾ ਹੈ। ਤੁਹਾਡੇ ਖ਼ਿਆਲ ਅਨੁਸਾਰ ਸਟਰਗਲ ਨਹੀਂ ਕਰਨੀ ਚਾਹੀਦੀ ਤੇ ਤਾਰੀਖ਼ੀ ਸੱਚਾਈ ਤੋਂ ਅੱਖਾਂ ਮੀਟ ਲੈਣੀਆਂ ਚਾਹੀਦੀਆਂ ਹਨ ?"

"ਨਹੀਂ, ਮੇਰੇ ਬੱਚੇ ! ਹਿਸਟਰੀ ਹਮੇਸ਼ਾਂ ਅਗੇ ਵਧਦੀ ਹੈ। ਹਿਸਟਰੀ ਨੂੰ ਹਮੇਸ਼ਾਂ ਦੋ ਤਰ੍ਹਾਂ ਦੇ ਆਦਮੀਆਂ ਨਾਲ ਵਾਹ ਪੈਂਦਾ ਹੈ। ਪਹਿਲੇ ਹਿਸਟਰੀ ਨੂੰ ਤੋਰਦੇ ਹਨ, ਦੂਜੇ ਹਿਸਟਰੀ ਤੇ ਸਵਾਰ ਹੁੰਦੇ ਹਨ। ਮੈਂ ਤੇਰੀ ਚਾਇਸ ਜਾਣਨਾ ਚਾਹੁੰਦਾ ਹਾਂ।" ਪ੍ਰਿੰਸੀਪਲ ਨੇ ਖੂੰਡੀ ਉਤੇ ਸਾਰਾ ਭਾਰ ਪਾ ਦਿਤਾ !

ਪ੍ਰਕਾਸ਼ ਮਿੰਟ ਲਈ ਦੁਬਿਧਾ ਵਿਚ ਪੈ ਗਿਆ। ਸਵਾਲ ਪੂਰੀ ਤਰ੍ਹਾਂ ਉਸ ਦੀ ਸਮਝ ਵਿਚ ਨਹੀਂ ਆਇਆ ਸੀ। ਜਦ ਉਸ ਸਵਾਲ ਨੂੰ ਆਪਣੇ ਜ਼ਿਹਨ ਵਿਚ ਦੁਹਰਾਇਆ, ਉਹ ਸਾਫ਼ ਹੋ ਗਿਆ।

"ਸਮੇਂ ਤੋਂ ਪਹਿਲਾਂ ਕੁਝ ਨਹੀਂ ਕਿਹਾ ਜਾ ਸਕਦਾ ਪ੍ਰਿੰਸੀਪਲ ਸਾਹਿਬ ! ਹਾਲਾਤ ਇਨਸਾਨ ਨੂੰ ਕੀ ਤੋਂ ਕੀ ਬਣਾ ਦੇਣ, ਕਿਉਂਕਿ ਭਰੋਸੇ ਤੇ ਵਿਸ਼ਵਾਸ ਨੂੰ ਇਹ ਸਮਾਜ ਵਫ਼ਾ ਨਹੀਂ ਦੇਂਦਾ, ਪਰ ਫਿਰ ਵੀ ਮੈਂ ਯਤਨ ਕਰਾਂਗਾ, ਹਿਸਟਰੀ ਨੂੰ ਧੱਕਾ ਲਾ ਸਕਾਂ। ਪ੍ਰਕਾਸ਼ ਨੇ ਪੂਰਨ ਹੌਸਲੇ ਵਿਚ ਆਪਣੇ ਆਪ ਨੂੰ ਸ਼ਖ਼ਸੀਅਤ ਬਣਦਿਆਂ ਤੱਕਿਆ।

"ਮੈਨੂੰ ਤੇਰੀ ਚੋਣ ਤੇ ਇਤਰਾਜ਼ ਹੈ, ਕਿਉਂਕਿ ਇਸ ਦਾ ਹਰ ਕਦਮ ਲਹੂ-ਚੋਂਦੀ ਟ੍ਰੈਜਿੱਡੀ ਨਾਲ ਬੱਝਾ ਹੋਇਆ ਹੈ। ਮੈਂ ਦੁਬਾਰਾ ਗ਼ੌਰ ਕਰਨ ਲਈ ਆਖਦਾ ਹਾਂ।" ਪ੍ਰਿੰਸੀਪਲ ਨੇ ਸੋਟੀ ਨੂੰ ਆਪਣੇ ਹੱਥ ਦੁਆਲੇ ਘੁਮਾਇਆ।

"ਮੇਰਾ ਯਕੀਨ ਹੈ ਪ੍ਰਿੰਸੀਪਲ ਸਾਹਿਬ ! ਇਸ ਟ੍ਰੈਜਿਡੀ ਤੋਂ ਨੱਠ ਕੇ ਕੋਈ ਨਹੀਂ ਬਚ ਸਕਦਾ, ਸਿਰਫ਼ ਹਾਲਾਤ ਦਾ ਫ਼ਰਕ ਹੋਵੇਗਾ। ਇਕਨਾਂ ਨੂੰ ਟ੍ਰੈਜਿੱਡੀ ਮਿਲੇਗੀ, ਇਕ ਟ੍ਰੈਜਿੱਡੀ ਨੂੰ ਮਿਲਣਗੇ। ਏਥੇ ਬਹਾਦਰ ਤੇ ਬੁਜ਼ਦਿਲ ਦਾ ਸਵਾਲ ਪੈਦਾ ਹੁੰਦਾ ਹੈ। ਸ਼ਾਇਦ ਮੈਂ ਆਪਣੇ ਇਰਾਦੇ ਮੁਤਾਬਕ, ਸਟੈਂਡ ਨਾ ਕਰ ਸਕਾਂ, ਪਰ ਮੈਂ ਮੰਜ਼ਲ ਵਲ ਵਧਣ ਦਾ ਯਤਨ ਜ਼ਰੂਰ ਕਰਾਂਗਾ।" ਪ੍ਰਕਾਸ਼ ਦਾ ਆਪਣਾ ਆਪ ਉੱਚਾ ਹੀ ਉੱਚਾ ਹੁੰਦਾ ਜਾ ਰਿਹਾ ਸੀ।

"ਦੇਖੋ ਮੇਰੇ ਬੱਚੇ ! ਮੈਨੂੰ ਤੁਹਾਡੇ ਜਜ਼ਬਾਤ ਦੀ ਕਦਰ ਵੀ ਹੈ। ਪਰ ਸਾਥ ਏਨ੍ਹਾਂ ਦਾ ਹਾਲਾਤ ਵੀ ਨਹੀਂ ਦੇ ਸਕਦੇ। ਯੰਗ ਬਲੱਡ ਵਿਚ ਜੋਸ਼ ਕੁਦਰਤੀ ਹੁੰਦਾ ਹੈ; ਕਿਉਂਕਿ ਉਸ ਨੂੰ ਸਮਾਜੀ ਹਕੀਕਤ ਨਾਲ ਵਾਹ ਨਹੀਂ ਪਿਆ ਹੁੰਦਾ।" ਪ੍ਰਿੰਸੀਪਲ ਨੂੰ ਯਕੀਨ ਹੋ ਗਿਆ, ਪ੍ਰਕਾਸ਼ ਪਿਛਾਂਹ ਪੈਰ ਪਾਉਣ ਵਾਲਾ ਸਟੂਡੈਂਟ ਨਹੀਂ, ਪਰ ਫਿਰ ਵੀ ਉਸ ਆਖ਼ਰੀ ਝੰਜੋੜਾ ਮਾਰਿਆ। "ਤੇਰਾ ਨਾਂ ਬਲੈਕ ਲਿਸਟ ਵਿਚ ਆਉਣ ਲੱਗਾ ਏ। ਸੀ. ਆਈ.

Sri Satguru Jagjit Singh Ji eLibrary NamdhariElibrary@gmail.com

ਡੀ. ਨੇ ਤੁਹਾਡੀ ਰੀਪੋਰਟ ਮੰਗੀ ਹੈ। ਹੁਣ ਤੂੰ ਹੀ ਦੱਸ, ਮੈਂ ਕੀ ਪੁਜ਼ੀਸ਼ਨ ਅਖ਼ਤਿਆਰ ਕਰਾਂ ? ਇਕ ਗੱਲ ਯਾਦ ਰਖਣ ਵਾਲੀ ਹੈ ਪ੍ਰਕਾਸ਼ ! ਬਲੈਕ ਲਿਸਟ ਵਿਚ ਆ ਜਾਣ ਨਾਲ ਤੂੰ ਗੌਰਮਿੰਟ ਸਰਵਿਸ ਵਲੋਂ ਹਮੇਸ਼ਾਂ ਲਈ ਹੱਥ ਧੋ ਬੈਠੇਂਗਾ। ਕਿਸੇ ਵੀ ਰਾਹ ਜਾਵੇ, ਮੈਂ ਤੁਹਾਨੂੰ ਰੋਕ ਨਹੀਂ ਸਕਦਾ; ਪਰ ਭਲੇ ਬੁਰੇ ਬਾਰੇ ਸਜੈਸ਼ਨ ਦੇਣਾ ਮੇਰਾ ਇਖ਼ਲਾਕੀ ਫ਼ਰਜ਼ ਹੈ।"

ਪ੍ਰਕਾਸ਼ ਇਕ ਮਿੰਟ ਸੋਚ ਵਿਚ ਪੈ ਗਿਆ। ਉਸ ਦੋਹਾਂ ਬਾਹਾਂ ਨੂੰ ਹਿੱਕ ਉਤੇ ਇਕੱਠਿਆਂ ਕਰ ਲਿਆ।

"ਤੁਹਾਡਾ ਬਹੁਤ ਸ਼ੁਕਰੀਆ ਪ੍ਰਿੰਸੀਪਲ ਸਾਹਿਬ ! ਜਿਸ ਤਰ੍ਹਾਂ ਦਾ ਵੀ ਮੈਂ ਦਿਸਦਾ ਹਾਂ, ਮੈਨੂੰ ਉਸੇ ਤਰ੍ਹਾਂ ਹੀ ਪੇਸ਼ ਕਰਨਾ। ਮੈਂ ਸਾਰੀ ਉਮਰ ਯਤਨ ਕਰਾਂਗਾ, ਕਿਸੇ ਤੋਂ ਕਿਸੇ ਤਰ੍ਹਾਂ ਦੀ ਰਿਆਇਤ ਨਾ ਮੰਗਾਂ।" ਪ੍ਰਕਾਸ਼ ਨੇ ਏਨੀ ਕਹਿ ਕੇ ਮੋੜਾ ਖਾ ਲਿਆ।

ਉਸ ਚੰਗੀ ਤਰ੍ਹਾਂ ਸਮਝ ਲਿਆ ਸੀ, ਪ੍ਰਿੰਸੀਪਲ ਨੇ ਉਸ ਨੂੰ ਕਿਉਂ ਸੱਦਿਆ ਸੀ। ਅੱਜ ਪ੍ਰਿੰਸੀਪਲ ਦੀ ਮੁਲਾਕਾਤ ਕਾਰਨ ਉਸ ਦੇ ਸੁੱਤੇ ਉਦਗਾਰ ਜਾਗ ਪਏ। ਸਾਈਕਲ ਤੇ ਚੜ੍ਹ ਜਾਣ ਤੱਕ ਉਸ ਦੇ ਵਿਚਾਰਾਂ ਦੀ ਧਾਰਾ ਨਹੀਂ ਟੁੱਟੀ ਸੀ।

ਪ੍ਰਿੰਸੀਪਲ ਨੇ ਉਸ ਨੂੰ ਸਿਆਣੀ ਤਰ੍ਹਾਂ ਦੀ ਨਾਰਾਜ਼ਗੀ ਤੇ ਰੋਹਬ ਨਾਲ ਮੋੜਨ ਦਾ ਯਤਨ ਕੀਤਾ ਸੀ। ਪ੍ਰਕਾਸ਼ ਸਟੂਡੈਂਟ ਫ਼ੈਡਰੇਸ਼ਨ ਦਾ ਬੜਾ ਸਿਨਸੀਅਰ ਵਰਕਰ ਸੀ ਤੇ ਪੰਜਾਬ ਦੀ ਸਟੂਡੈਂਟ ਫ਼ੈਡਰੇਸ਼ਨ ਆਪਣਾ ਸਾਲਾਨਾ ਇਜਲਾਸ ਲੁਧਿਆਣੇ ਰੱਖਣ ਲਈ ਬੈਠਕ ਮੀਟਿੰਗਾਂ ਕਰ ਰਹੀ ਸੀ, ਜਿਸ ਦੀ ਪ੍ਰਿੰਸੀਪਲ ਨੂੰ ਭਿਣਕ ਪੈ ਚੁਕੀ ਸੀ। ਪ੍ਰਿੰਸੀਪਲ ਪ੍ਰਕਾਸ਼ ਦੇ ਖ਼ਿਆਲ ਬਦਲ ਕੇ ਕੌੜੀ ਵੇਲ ਦੇ ਵਧਣ ਤੋਂ ਅਗੋਂ ਹੀ ਇਸ ਦੀ ਜੜ੍ਹ ਕੱਟ ਦੇਣਾ ਚਾਹੁੰਦਾ ਸੀ। ਇਸ ਤਰ੍ਹਾਂ ਨਾ ਏਥੇ ਇਜਲਾਸ ਹੁੰਦਾ ਤੇ ਨਾ ਉਸ ਦੇ ਕਾਲਜ ਦੇ ਸਟੂਡੈਂਟ ਵਧ ਚੜ੍ਹ ਕੇ ਹਿੱਸਾ ਲੈਂਦੇ। ਪ੍ਰਿੰਸੀਪਲ ਵਲੋਂ ਪ੍ਰਕਾਸ਼ ਦਾ ਜ਼ਿਹਨ ਸਾਫ਼ ਹੋ ਗਿਆ।

ਜਦ ਤੋਂ ਪ੍ਰਕਾਸ਼ ਦੇ ਦਿਲ ਨੂੰ ਪਿਆਰ ਵਲੋਂ ਸੱਟ ਵੱਜੀ ਸੀ, ਉਦੋਂ ਤੋਂ ਉਹ ਫ਼ੈਡਰੇਸ਼ਨ ਲਈ ਅਣਥੱਕ ਤੇ ਵਫ਼ਾਦਾਰ ਵਰਕਰ ਸਾਬਤ ਹੋ ਰਿਹਾ ਸੀ। ਪਿਆਰ ਤੋਂ ਉਖੇੜਾ ਖਾਧੇ ਪ੍ਰੇਮੀ ਨੂੰ ਸਿਧਾਂਤ ਦੇ ਕੰਮ ਵਿਚ ਪਨਾਹ ਮਿਲੀ ਸੀ। ਜਿਉਂ ਜਿਉਂ ਉਹ ਅਸਲੀ ਤਜਰਬੇ ਕਰ ਰਿਹਾ ਸੀ, ਜ਼ਿੰਦਗੀ ਦੀਆਂ ਨਵੀਆਂ ਕੰਨੀਆਂ ਲਿਸ਼ਕ ਰਹੀਆਂ ਸਨ। ਉਸ ਨੂੰ ਲੱਖਾਂ ਹਜ਼ਾਰਾਂ ਪੀੜਾਂ ਨਾਲ ਆਪਣਾ ਆਪ ਵੀ ਇਕ ਪੀੜ ਹੀ ਜਾਪਿਆ।

ਜਿਹੜਾ ਵੀ ਇਸ ਸਮਾਜ ਵਿਚ ਆਪਣੀ ਪੀੜ ਨੰਗੀ ਕਰਦਾ ਹੈ, ਉਸ ਦੀ ਭਰੇ ਬਾਜ਼ਾਰ ਹਾਸੀ ਉਡਦੀ ਹੈ। ਕੋਈ ਹਮਦਰਦ ਨਹੀਂ, ਜਿਹੜਾ ਜ਼ਖ਼ਮ ਸਹਿਲਾ ਸਕੇ; ਕੋਈ ਪਿਆਰ ਨਹੀਂ, ਜਿਹੜਾ ਤਸੱਲੀ ਦੇਵੇ। ਹੌਸਲੇ ਦੇ ਦੋ ਸ਼ਬਦਾਂ ਨਾਲ ਸਾਥੀ ਨੂੰ ਜਿਉਣ ਜੋਗ ਬਣਾ ਸਕੇ। ਉਸ ਨੂੰ ਜ਼ਾਤੀ ਜ਼ਿੰਦਗੀ ਵਿਚ ਇਸ ਤਰ੍ਹਾਂ ਹੀ ਪਰਤੀਤ ਹੋਇਆ ਤੇ ਇਹੋ ਕੁਝ ਹਰ ਆਦਮੀ ਨਾਲ ਉਸ ਵਾਪਰਦਾ ਤੱਕਿਆ।

ਫਿਰ ਉਸ ਜ਼ਿੰਦਗੀ ਦੇ ਖ਼ਤਰਨਾਕ ਰਾਹਾਂ ਵਲ ਕਦਮਾਂ ਪੁੱਟਣੀਆਂ ਸ਼ੁਰੂ ਕਰ ਦਿਤੀਆਂ। ਤਾਰੀਖ਼ ਦੀਆਂ ਕਦਮਾਂ ਬੇੜੀਆਂ ਪਾਈ ਅਗੇ ਵਧ ਰਹੀਆਂ ਸਨ। ਫ਼ਾਂਸੀ ਦੇ ਰੱਸੇ ਤੋਂ ਬਾਹਾਂ ਲੰਮੀਆਂ ਤੇ ਮਜ਼ਬੂਤ ਹੋ ਰਹੀਆਂ ਸਨ। ਆਮ ਆਦਮੀਆਂ ਤੇ

Sri Satguru Jagjit Singh Ji eLibrary NamdhariElibrary@gmail.com

ਏਨ੍ਹਾਂ ਰੂਹਾਂ ਵਿਚ ਏਨਾ ਹੀ ਫ਼ਰਕ ਸੀ ਕਿ ਇਹ ਟ੍ਰੈਜਿੱਡੀ ਨੂੰ ਅਗੋਂ ਹੋ ਕੇ ਮਿਲ ਰਹੇ ਸਨ।

"ਅਸੀ ਸਭ ਆਵਾਜ਼ਾਂ ਹਾਂ, ਜ਼ਿੰਦਗੀ ਦੇ ਗੀਤ ਦੀਆਂ, ਪੀੜ ਭਰੀਆਂ ਕਦਮਾਂ, ਜਿਨ੍ਹਾਂ ਮੰਜ਼ਲ ਮਾਰਨੀ ਹੈ ਤੇ ਲੰਮੀਆਂ ਬਾਹਾਂ ਜਿਨ੍ਹਾਂ ਪਿਆਰ ਨੂੰ ਜਿੱਤਣਾ ਹੈ, ਜ਼ਿੰਦਗੀ ਨੂੰ ਘੁੱਟਣਾ।"

ਪ੍ਰਕਾਸ਼ ਪਿਆਰ ਦੇ ਮਹਿਲ ਤੋਂ ਡਿਗ ਪਿਆ ਸੀ, ਨਹੀਂ ਸਗੋਂ ਬੁਰੀ ਤਰ੍ਹਾਂ ਸੁੱਟ ਦਿਤਾ ਗਿਆ ਸੀ। ਐਨ ਮੌਕੇ ਸਿਰ ਉਸ ਨੂੰ ਅਜਿਹੀਆਂ ਲੰਮੀਆਂ ਬਾਹਾਂ ਨੇ ਬੋਚ ਲਿਆ ਸੀ, ਜਿਹੜੀ ਮਹਿਲ ਦੇ ਕਿੰਗਰੇ ਵਲ ਉੱਚੀਆਂ ਉਠੀਆਂ ਹੋਈਆਂ ਸਨ।

20

ਦਰਸ਼ਨ ਨੂੰ ਸਿਨਮੇ ਦੇ ਬੌਕਸ ਵਿਚ ਬੈਠਿਆਂ ਤਿੰਨ ਮਿੰਟ ਵੀ ਨਹੀਂ ਹੋਏ ਸਨ, ਪਰ ਉਸ ਨੂੰ ਇਉਂ ਪਰਤੀਤ ਹੋਇਆ, ਜਿਵੇਂ ਤਿੰਨ ਘੰਟੇ ਤੋਂ ਅੱਕਲ੍ਹਕਾਨ ਹੋਈ ਹੋਵੇ। ਦਿਲ ਦੀ ਬੇਕਰਾਰੀ ਨਾਲ ਇਕ ਪਛਤਾਵਾ ਉਸ ਨੂੰ ਮਚਕੋੜ ਰਿਹਾ ਸੀ। ਖੁਲ੍ਹੇ ਬੌਕਸ ਵਿਚ ਵੀ ਉਹ ਅਪੇ ਨੂੰ ਘੁਟੀ ਘੁਟੀ ਮਹਿਸੂਸ ਕਰ ਰਹੀ ਸੀ।

ਸਕਰੀਨ ਉਤੇ ਕਿਸੇ ਸਟੰਟ ਫ਼ਿਲਮ ਦਾ ਟਰੇਲਰ ਚਲ ਰਿਹਾ ਸੀ। ਇਕ ਸ਼ਾਹ ਸਵਾਰ ਆਇਆ, ਰਿਹਾਨਾ ਨੂੰ ਕੁਚਲ ਕੇ ਲੰਘ ਗਿਆ। ਜਦ ਰਿਹਾਨਾ ਨੂੰ ਹੋਸ਼ ਆਈ, ਤਦ ਜ਼ਖ਼ਮਾਂ ਨਾਲ ਨਿਢਾਲ ਸਹਾਇਤਾ ਲਈ ਵੀ ਓਸੇ ਸ਼ਾਹ ਸਵਾਰ ਦੀ ਉਡੀਕ ਕਰਨ ਲੱਗੀ। ਹਾਲ ਵਿਚ ਦੂਜੇ ਤੇ ਤੀਜੇ ਦਰਜੇ ਵਿਚੋਂ ਬੇਲੋੜੀਆਂ ਸੀਟੀਆਂ ਵਜ ਰਹੀਆਂ ਸਨ।

ਦਰਸ਼ਨ ਵੀ ਦੁਖੀ ਅਵਸਥਾ ਵਿਚ ਕੌਚ ਦੇ ਇਕ ਪਾਸੇ ਸੁੰਗੜੀ ਕਿਸੇ ਨੂੰ ਉਡੀਕ ਰਹੀ ਸੀ। ਇਹ ਓਹੀ ਸਿਨਮਾ ਤੇ ਕੁਦਰਤੀ ਓਹੀ ਬੌਕਸ ਸੀ, ਜਿਸ ਵਿਚੋਂ ਪ੍ਰਕਾਸ਼ ਨਾਲ ਫ਼ਿਲਮ ਦੇਖਣ ਆਈ ਉੱਠ ਕੇ ਦੌੜ ਗਈ ਸੀ। ਪਿਛਲੀਆਂ ਯਾਦਾਂ ਚੁਭ ਰਹੀਆਂ ਸਨ ਤੇ ਅਗੋਂ ਆਉਣ ਵਾਲੀਆਂ ਗੱਲਾਂ ਤੋਂ ਉਹ ਕੰਬ ਰਹੀ ਸੀ।

ਬੌਕਸ ਦਾ ਬੂਹਾ ਖੁਲ੍ਹਿਆ ਤੇ ਬਹਾਲ ਅੰਦਰ ਆ ਗਿਆ। ਜਿਉਂ ਹੀ ਬਹਾਲ ਨੇ ਦਰਸ਼ਨ ਨੂੰ ਕੌਚ ਤੇ ਬੈਠੀ ਤੱਕਿਆ, ਇਕ-ਦਮ ਬਾਹਰ ਚਲਿਆ ਗਿਆ; ਜਿਵੇਂ ਦਰਸ਼ਨ ਤੋਂ ਭੈ ਆ ਰਿਹਾ ਸੀ। ਸਟੰਟ ਫ਼ਿਲਮ ਦਾ ਟਰੇਲਰ ਖ਼ਤਮ ਹੋ ਚੁੱਕਾ ਸੀ। ਦਰਸ਼ਨ ਬਹਾਲ ਦੀ ਇਸ ਹਰਕਤ ਨਾਲ ਉਠ ਕੇ ਖਲੋ ਗਈ। ਉਹ ਹੋਈ ਇਨਸਲਟ ਨਾਲ ਕੱਟ ਕੇ ਰਹਿ ਗਈ। ਦੂਜੇ ਪਲ ਉਸ ਅੱਖਾਂ ਭਰ ਲਈਆਂ। ਉਹ ਘਰ ਨੂੰ ਜਾਣ ਬਾਰੇ ਕੁਝ ਵੀ ਫ਼ੈਸਲਾ ਨਾ ਕਰ ਸਕੀ। ਇਕ ਮਿੰਟ ਪਿਛੋਂ ਦੁੱਖੀ ਬਹਾਲ ਨੂੰ ਬਾਹੋਂ ਫੜੀ ਬੌਕਸ ਵਿਚ ਆਇਆ। ਬਹਾਲ ਨੇ ਬਾਂਹ ਛੁਡਾਣ ਦੇ ਯਤਨ ਨਾਲ ਆਖਿਆ :

"ਦੁੱਖੀ ਸਾਅਬ, ਮੈਂ ਤੁਹਾਡੇ ਨਾਲ ਸਿਨਮਾ ਦੇਖਣ ਆਇਆ ਹਾਂ, ਕਿਸੇ ਹੋਰ ਨਾਲ ਨਹੀਂ।"

Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਦੇ ਦਿਲ ਛੁਰੀ ਖੁਭ ਗਈ। ਉਸ ਕਸੀਸ ਵੱਟ ਕੇ ਮੂੰਹ ਦੂਜੇ ਪਾਸੇ ਫੇਰ ਲਿਆ ਤੇ ਚੁੱਪ ਚਾਪ ਕੌਚ ਦੇ ਇਕ ਪਾਸੇ ਹੋ ਕੇ ਬਹਿ ਗਈ।

"ਬੱਚੂ, ਮੇਰਾ ਹੁਕਮ ਬਸ ਹੁਕਮ ਹੈ, ਮੈਂ ਪੰਜ ਤਿੰਨ ਕੁਝ ਨਹੀਂ ਸੁਣਨੀ।" ਦੁੱਖੀ ਨੇ ਰੋਹਬ ਦੇਂਦਿਆ ਘੂਰਿਆ।

"ਇਹ ਕੋਈ ਜ਼ਬਰਦਸਤੀ ਹੈ ?"

"ਹਾਂ, ਗ਼ੁੱਸਾ ਫਿਰ ਕੱਢ ਲਵੀਂ।" ਦੁੱਖੀ ਨੇ ਬਾਹਰ ਜਾਂਦਿਆਂ ਬੂਹਾ ਬੰਦ ਕਰ ਦਿਤਾ।

ਬਹਾਲ ਨੇ ਖਲੋਤਿਆਂ ਇਕ ਨਜ਼ਰ ਨਾਲ ਦਰਸ਼ਨ ਨੂੰ ਮੁਰਗ਼ੀ ਬਣੀ ਤੱਕਿਆ। ਉਹ ਆਪਣੇ ਹਾਸੇ ਨੂੰ ਰੋਕੀ ਖਲੋਤਾ ਹੀ ਰਿਹਾ। ਫ਼ਿਲਮ ਚਾਲੂ ਹੋ ਜਾਣ ਕਾਰਨ ਭਾਵੇਂ ਬਹਾਲ ਨੂੰ ਦਰਸ਼ਨ ਦਾ ਚਿਹਰਾ ਸਾਫ਼ ਨਹੀਂ ਦਿਸਦਾ ਸੀ, ਪਰ ਉਸ ਕੋਲ ਅਜਿਹੀਆਂ ਨਜ਼ਰਾਂ ਸਨ, ਜਿਹੜੀਆਂ ਅੰਨ੍ਹੇਰੇ ਵਿਚ ਸੋਨਾ ਵੀ ਟੋਹ ਲੈਂਦੀਆਂ ਹਨ। ਦਰਸ਼ਨ ਬਿਲਕੁਲ ਨਾ ਬੋਲੀ, ਨਾ ਉਸ ਬਹਾਲ ਨੂੰ ਬੈਠਣ ਲਈ ਕੁਝ ਆਖਿਆ। ਉਹ ਉਸ ਨੂੰ ਨਾ ਦੇਖਦੀ ਹੋਈ ਵੀ ਨੋਟ ਕਰ ਰਹੀ ਸੀ। ਫ਼ਿਲਮ ਦੇਖਣ ਵਿਚ ਉਨ੍ਹਾਂ ਦੀ ਦਿਲਚਸਪੀ ਦਾ ਤਾਂ ਸਵਾਲ ਈ ਪੈਦਾ ਨਹੀਂ ਹੁੰਦਾ ਸੀ। ਉਹ ਆਪਣੀ ਜ਼ਿੰਦਗੀ ਦੀ ਫ਼ਿਲਮ ਦੇ ਅਜਿਹੇ ਐਕਸਟ੍ਰੀਮ ਤੇ ਸਨ ਜਿਸ ਪਲ-ਝਟ ਵਿਚ ਹੀ ਕਾਮਕ ਜਾਂ ਟ੍ਰੈਜਿਕ ਹੋ ਜਾਣਾ ਸੀ। ਕੁਝ ਸਮਾਂ ਇਸ ਤਰ੍ਹਾਂ ਹੀ ਬੀਤ ਗਿਆ। ਤੱਕੜੀ ਦੀ ਡੰਡੀ ਸਾਵੀਂ ਤਣੀ ਰਹੀ, ਕਿਸੇ ਦੇ ਸ੍ਵੈਮਾਨ ਨੇ ਝੁਕਣਾ ਮੁਨਾਸਬ ਨਾ ਸਮਝਿਆ। ਦਰਸ਼ਨ ਲਈ ਖ਼ਾਮੋਸ਼ੀ ਜ਼ਿੱਬਾਹ ਹੋ ਰਹੀ ਈਰਾਨ ਦੀ ਭੇਡ ਵਰਗੀ ਸੀ, ਜਿਸ ਲੱਤਾਂ ਬਾਹਾਂ ਮਾਰ ਮਾਰ ਆਪੇ ਨੂੰ ਨਿੱਸਲ ਕਰ ਲਿਆ ਹੋਵੇ। ਬਹਾਲ ਜਾਣ ਜੋਗਾ ਵੀ ਨਹੀਂ ਸੀ ਅਤੇ ਬੈਠਣ ਬਾਰੇ ਉਸ ਆਪੂੰ ਇਕ ਜ਼ਿੱਦ ਫੜ ਕੇ ਗ਼ਲਤੀ ਕਰ ਲਈ ਸੀ। ਦਰਸ਼ਨ ਨੇ ਵੀ ਇਕ ਤਰ੍ਹਾਂ ਮਨ ਬਣਾ ਲਿਆ ਸੀ ਕਿ ਆਖਣਾ ਇਸ ਨੂੰ ਬੈਠਣ ਲਈ ਉੱਕਾ ਈ ਨਹੀਂ ਜਦੋਂ ਜਾਣ ਲੱਗਾ ਵੇਖੀ ਜਾਵੇਗੀ।

ਕੁਝ ਮਿੰਟ ਅਟੈਨਸ਼ਨ ਖਲੋਣ ਨਾਲ ਬਹਾਲ ਦੀਆਂ ਲੱਤਾਂ ਵਿਚ ਅਕੜੇਵਾਂ ਆ ਗਿਆ। ਉਸ ਕੌਚ ਤੇ ਬੈਠਣ ਨਾਲੋਂ ਸਮਝੌਤੇ ਲਈ ਇਕ ਲਿਫ਼ਟ ਦਿਤੀ ਅਤੇ ਕੌਚ ਦੀ ਬਾਂਹ ਉਤੇ ਮੂੰਹ ਫੇਰ ਕੇ ਬਹਿ ਗਿਆ। ਦਰਸ਼ਨ ਦੀ ਬੁਝੀ ਬੁਝੀ ਖ਼ਾਮੋਸ਼ੀ ਵਿਚ ਇਕ ਮੁਸਕਾਣ ਚਮਕੀ। ਉਸ ਹੁਸ਼ਿਆਰੀ ਤੋਂ ਕੰਮ ਲਿਆ ਅਤੇ ਕੌਚ ਖ਼ਾਲੀ ਕਰ ਕੇ ਖਲੋ ਗਈ ਅਤੇ ਬੌਕਸ ਦੀ ਕੰਧ ਨਾਲ ਮੋਢਾ ਲਾ ਲਿਆ। ਫ਼ਿਲਮ ਵਿਚ ਕਿੰਨਾ ਤੇ ਕੀ ਕੁਝ ਆ ਕੇ ਲੰਘ ਗਿਆ, ਉਨ੍ਹਾਂ ਨੂੰ ਕੋਈ ਪਤਾ ਨਹੀ ਸੀ। ਬਹਾਲ ਨੇ ਜਦ ਕੌਚ ਖ਼ਾਲੀ ਵੇਖਿਆ, ਕੋਟ ਦੇ ਬਟਨ ਖੋਲ੍ਹਦਾ ਆਕੜ ਕੇ ਬਹਿ ਗਿਆ। ਉਸ ਦਾ ਖ਼ਿਆਲ ਸੀ, ਹੁਣ ਦਰਸ਼ਨ ਖਲੋਵੇਗੀ ਅਤੇ ਬੈਠਣ ਲਈ ਮੇਰੇ ਬੋਲ ਜਾਂ ਇਸ਼ਾਰੇ ਦਾ ਇੰਤਜ਼ਾਰ ਕਰੇਗੀ। ਉਸ ਵੀ ਮਨ ਵਿਚ ਧਾਰ ਲਈ ਸੀ ਕਿ ਆਖਣਾ ਨਹੀਂ, ਭਾਵੇਂ ਫ਼ਿਲਮ ਦੇ ਐਂਡ ਤਕ ਖਲੋਤੀ ਰਹੇ। ਪਰ ਝਟ ਹੀ ਉਸ ਦਾ ਮਨ ਤੇ ਖ਼ਿਆਲ ਗ਼ਲਤ ਹੋ ਕੇ ਰਹਿ ਗਏ। ਦਰਸ਼ਨ ਚੁੱਪ ਚਾਪ ਆਪਣੇ ਪਾਸੇ ਬਹਿ ਗਈ। ਉਸ ਬਹਾਲ ਨੂੰ ਦੇਖਦਿਆਂ ਹੋਇਆਂ ਵੀ ਅੱਖਾਂ ਪੁਟ ਕੇ ਨਾ ਤੱਕਿਆ।

ਬਹਾਲ ਨੂੰ ਪੂਰਾ ਯਕੀਨ ਸੀ, ਦਰਸ਼ਨ ਉਸ ਤੋਂ ਮਾਫ਼ੀ ਮੰਗੇਗੀ ਅਤੇ ਆਪਣੀ ਗ਼ਲਤਕਾਰੀ ਤੇ ਪਛਤਾਵਾ ਪਰਗਟ ਕਰੇਗੀ। ਪਰ ਉਸ ਦਾ ਯਕੀਨ ਸਮੇਂ ਦੀ ਧੁੱਪ ਨਾਲ

Sri Satguru Jagjit Singh Ji eLibrary NamdhariElibrary@gmail.com

ਬਰਫ਼ ਵਾਂਗ ਪਿਘਲਣਾ ਸ਼ੁਰੂ ਹੋ ਗਿਆ। ਦਰਸ਼ਨ ਨੂੰ ਉਸ ਦੇ ਜਬਰ ਤੇ ਸਬਰ ਦੀ ਥਾਹ ਸੀ, ਜਿਹੜੇ ਬਹੁਤਾ ਸਮਾ ਕਾਇਮ ਨਹੀਂ ਰਹਿ ਸਕਦੇ ਸਨ। ਦਰਸ਼ਨ ਦੇ ਸ਼ਾਲ ਦਾ ਇਕ ਲੜ ਕੁਦਰਤੀ ਉਸ ਦੇ ਮੋਢੇ ਤੋਂ ਲਹਿ ਕੇ ਬਹਾਲ ਦੇ ਪਟ ਉਤੇ ਡਿੱਗ ਪਿਆ। ਦਰਸ਼ਨ ਨੇ ਇਸ ਕੁਦਰਤੀ ਹੋਈ ਹਰਕਤ ਦਾ ਪ੍ਰਤਿ-ਕਰਮ ਜਾਣਨ ਲਈ ਜਾਣ ਕੇ ਲੜ ਨਾ ਚੁੱਕਿਆ। ਪਰ ਬਹਾਲ ਨੇ ਆਪਣੀ ਬੈਂਤ ਦੇ ਡੰਡੇ ਨਾਲ ਲੜ ਚੁੱਕ ਕੇ ਪਟ ਤੋਂ ਹੇਠਾਂ ਲਾਹ ਦਿਤਾ ਅਤੇ ਆਪਣੇ ਪਾਸੇ ਵਲ ਨੂੰ ਖਿਸਕਦਿਆਂ ਸੰਨ੍ਹ ਵਿਚਕਾਰ ਹੱਦ ਕਾਇਮ ਕਰ ਲਈ।

ਆਪਣੇ ਸ਼ਾਲ ਨੂੰ ਡੰਡੇ ਨਾਲ ਲਾਹੁੰਦਿਆਂ ਤਕ ਕੇ ਦਰਸ਼ਨ ਦੇ ਦਿਲ ਤੇ ਬੜੀ ਸੱਟ ਵੱਜੀ। 'ਬਹਾਲ ਇਸ ਤਰ੍ਹਾਂ ਦਾ ਤਾਂ ਨਹੀਂ ਸੀ। ਇਹ ਪੱਥਰ ਕਦੋਂ ਕੁ ਤੋਂ ਬਣ ਗਿਆ।' ਉਸ ਦਾ ਮਨ ਭਰ ਆਇਆ। ਫਿਰ ਉਸ ਨੂੰ ਬਹਾਲ ਦੀ ਚਾਚੀ ਦਾ ਆਖਿਆ ਯਾਦ ਆਇਆ ਕਿ ਔਰਤ ਨੂੰ ਮਰਦ ਦੇ ਪੈਰੀਂ ਡਿੱਗ ਕੇ ਵੀ ਪਿਆਰ ਦੀ ਜ਼ੰਜੀਰ ਬਣ ਜਾਣਾ ਚਾਹੀਦਾ ਹੈ। ਪਰ ਉਹ ਪੈਰੀਂ ਡਿੱਗਣ ਲਈ ਆਪੇ ਨੂੰ ਤਿਆਰ ਨਾ ਕਰ ਸਕੀ। ਉਸ ਦਾ ਮਨ ਕਹਿ ਰਿਹਾ ਸੀ, 'ਮੈਂ ਕੋਈ ਖੋਟ ਨਹੀਂ ਕੀਤਾ, ਕਿਸੇ ਨੂੰ ਧੋਖਾ ਨਹੀਂ ਦਿਤਾ। ਇਕ ਮਾਮੂਲੀ ਗ਼ਲਤ-ਫ਼ਹਿਮੀ ਪਿਛੇ ਪੈਰੀਂ ਡਿੱਗਾਂ ?' ਉਹ ਭਰ ਆਏ ਮਨ ਨੂੰ ਨਾ ਰੋਕ ਸਕੀ ਅਤੇ ਫਿਸ ਪਈ। ਰੋਣ-ਲਹਿਰਾਂ ਉਸ ਦੇ ਲੱਕ ਤੋਂ ਹਿੱਕ ਵਿਚਕਾਰ ਸੁਲਗਦੀਆਂ ਰਹੀਆਂ। ਉਸ ਆਪਣਾ ਸਿਰ ਕੋਚ ਦੀ ਵਾੜ ਉਤੇ ਸੁੱਟ ਦਿਤਾ।

ਬਹਾਲ ਨੇ ਮਹਿਸੂਸ ਕੀਤਾ, ਦਰਸ਼ਨ ਰੋ ਰਹੀ ਹੈ। ਦਰਸ਼ਨ ਠੀਕ ਰੋ ਰਹੀ ਸੀ, ਬਹਾਲ ਨੂੰ ਦਿਖਾਉਣ ਲਈ ਨਹੀਂ, ਸਗੋਂ ਆਪੇ ਨੂੰ ਕਾਬੂ ਵਿਚ ਨਹੀਂ ਰਖ ਸਕੀ ਸੀ। ਬਹਾਲ ਦੀ ਮੁਸਕਾਣ ਨੇ ਮੂੰਹ ਭਵਾਇਆ। ਫਿਰ ਉਸ ਕੋਟ ਦੀ ਜੇਬ ਵਿਚੋਂ ਰੁਮਾਲ ਕੱਢ ਕੇ ਦਰਸ਼ਨ ਦੀ ਬੁੱਕਲ ਵਿਚ ਵਗਾਹ ਮਾਰਿਆ। ਦਰਸ਼ਨ ਨੂੰ ਹੋਰ ਵੀ ਗ਼ੁੱਸਾ ਚੜ੍ਹ ਆਇਆ, ਉਸ ਓਦੋਂ ਹੀ ਰੁਮਾਲ ਵਗਾਹ ਮੋੜਿਆ। ਰੁਮਾਲ ਬਹਾਲ ਦੇ ਹੱਥ ਵਿਚ ਵਜ ਕੇ ਉਸ ਦੇ ਬੂਟਾਂ ਵਿਚ ਜਾ ਡਿੱਗਾ। ਬਹਾਲ ਨੇ ਤਮਾਸ਼ਾ ਦੇਖਣ ਲਈ ਆਪੇ ਨੂੰ ਇਕ ਮਿੰਟ ਹੋਰ ਰੋਕੀ ਰਖਿਆ। ਦਰਸ਼ਨ ਹੋਰ ਬਰਦਾਸ਼ਤ ਨਾ ਕਰ ਸਕੀ ਅਤੇ ਬਹਾਲ ਦੇ ਰਵੱਈਏ ਕਾਰਨ ਨਫ਼ਰਤ ਨਾਲ ਭਰ ਗਈ। ਉਹ ਉਸੇ ਤਰ੍ਹਾਂ ਹੁਬਕੀਆਂ ਲੈਂਦੀ ਉਠ ਖਲੋਤੀ ਅਤੇ ਬਹਾਲ ਦੇ ਅਗੋਂ ਦੀ ਹੋ ਕੇ ਲੰਘਣ ਲੱਗੀ। ਬਹਾਲ ਹੱਥੋਂ ਬਾਜ਼ੀ ਜਾਂਦੀ ਦੇਖ ਕੇ ਘਬਰਾ ਗਿਆ। ਫਿਰ ਉਸ ਦਰਸ਼ਨ ਨੂੰ ਗੁੱਟੋਂ ਫੜ ਲਿਆ। ਉਸ ਦੇ ਮਜ਼ਬੂਤ ਹੱਥ ਵਿਚ ਦਰਸ਼ਨ ਦੀ ਕਲਾਈ ਕੰਬੀ ਜਾ ਰਹੀ ਸੀ। ਦਰਸ਼ਨ ਨੇ ਇਕ ਕਦਮ ਅਗਾਂਹ ਪੁਟਦਿਆਂ ਬਾਂਹ ਛੁਡਾਣ ਲਈ ਜ਼ੋਰ ਲਾਇਆ। ਪਰ ਕਲਾਈ ਲੋਹੇ ਦੇ ਸ਼ਕੰਜੇ ਵਿਚ ਆਈ ਹੋਈ ਸੀ। ਬਹਾਲ ਨੇ ਇਕ ਹੜੋਕਾ ਮਾਰਿਆ, ਜਿਸ ਨਾਲ ਦਰਸ਼ਨ ਦੇ ਪੈਰ ਉਖੜ ਗਏ ਤੇ ਉਹ ਕੋਚ ਵਿਚ ਡਿੱਗਦੀ ਅੱਧੀ ਬਹਾਲ ਉਤੇ ਆ ਪਈ। ਉਸ ਫਿਰ ਵਿਰੋਧਤਾ ਕੀਤੀ, ਪਰ ਬਹਾਲ ਨੇ ਉਸ ਨੂੰ ਕੋਚ ਵਿਚ ਸੁੱਟ ਕੇ ਇਕ ਲੱਤ ਬੇਦਰਦੀ ਨਾਲ ਉਤੇ ਰਖ ਦਿਤੀ। ਉਹ ਉਸ ਵੇਲ ਵਾਂਗ ਆਪਣੇ ਆਪ ਨੂੰ ਸਮਝ ਰਹੀ ਸੀ, ਜਿਸ ਉਤੇ ਅਚਾਨਕ ਅੰਨ੍ਹੇਰੀ ਤੋੜਿਆ ਟਾਹਣ ਆ ਪਿਆ ਹੋਵੇ। ਉਸ ਲੱਤ ਨੂੰ ਚੁੱਕ ਦੇਣ ਦਾ ਬੜਾ ਯਤਨ ਕੀਤਾ, ਪਰ ਬਹਾਲ ਨੇ ਉਸ ਨੂੰ ਥਾਂਈਂ ਅਕੜਾ ਲਿਆ। ਦਰਸ਼ਨ ਨੇ ਅੱਕ ਕੇ ਝੁਕਦਿਆਂ ਦੰਦੀ ਵੱਢੀ। ਬਹਾਲ ਨੇ ਤੜਪ ਕੇ ਲੱਤ ਚੁੱਕ ਲਈ ਅਤੇ ਉਸ

Sri Satguru Jagjit Singh Ji eLibrary NamdhariElibrary@gmail.com

ਦੀ ਗਰਦਨ ਨੂੰ ਬਾਂਹ ਦਾ ਵਲਾ ਮਾਰ ਲਿਆ। ਮੁੜ ਦੂਜੇ ਪਲ ਜਬ੍ਹਾੜੇ ਘੁੱਟਦਿਆਂ ਕਿਹਾ :

"ਬਘਿਆੜੀ !"

ਦਰਸ਼ਨ ਨੂੰ ਫਿਰ ਰੋਣ ਆ ਗਿਆ ਉਸ ਵਿਰੋਧਤਾ ਤਿਆਗ ਦਿਤੀ। ਔਰਤ ਆਪਣੀ ਬੇਬਸ ਤੇ ਮਜਬੂਰ ਥਾਂ ਆ ਖਲੋਤੀ। ਉਹ ਵਿਦਰੋਹ ਵਿਚ ਆ ਕੇ ਕਹਿਣਾ ਚਾਹੁੰਦੀ ਸੀ : 'ਜ਼ਾਲਮਾ ! ਬਘਿਆੜ ਤਾਂ ਤੂੰ ਏਂ ਜਿਹੜਾ ਮਲੂਕ ਹਰਨੀ ਨੂੰ ਅੰਦਰੋਂ ਬਾਹਰੋਂ ਕੋਹ ਰਿਹਾ ਏਂ।' ਐਨ ਮੌਕੇ ਸਿਰ ਔਰਤ ਨੂੰ ਹੀ ਨਹੀਂ, ਬਹੁਤੀ ਵਾਰ ਮਰਦ ਨੂੰ ਵੀ ਉਸ ਦੇ ਦਿਲ ਦੀ ਸਹੀ ਤਰਜਮਾਨੀ ਕਰਨ ਲਈ ਸ਼ਬਦ ਨਹੀਂ ਮਿਲਦੇ, ਉਹ ਭਬਕ ਕੇ, ਕੰਬ ਕੇ ਜਾਂ ਰੋ ਕੇ ਰਹਿ ਜਾਂਦੇ ਹਨ। ਦਰਸ਼ਨ ਹੋਸ਼ ਹਵਾਸ ਤੋਂ ਆਰੀ ਹਾਲੇ ਵੀ ਡੁਸਕੀ ਜਾ ਰਹੀ ਸੀ।

"ਬਦ-ਕਿਸਮਤੀ ਤਾਂ ਮੇਰੀ, ਜਿਸ ਦਾ ਤੇਰੇ ਨਾਲ ਪਿਆਰ ਹੋ ਗਿਆ।" ਬਹਾਲ ਦੇ ਇਸ ਬੇਦਰਦ ਤਾਹਨੇ ਨਾਲ ਦਰਸ਼ਨ ਦੀ ਜ਼ਮੀਰ ਕੀਮਾ ਕੀਮਾ ਹੋ ਕੇ ਰਹਿ ਗਈ। ਉਹ ਸੋਚ ਰਹੀ ਸੀ, 'ਜ਼ਾਲਮ ਨੂੰ ਭੋਰਾ ਖ਼ਿਆਲ ਨਹੀਂ ਆ ਰਿਹਾ, ਮੈਂ ਕਿਵੇਂ ਆਪਾ ਕੋਹ ਰਹੀ ਹਾਂ।' ਉਹ ਉਸ ਦੇ ਪੱਥਰ ਮੂੰਹ ਵਲ ਦੇਖੀ ਜਾ ਰਹੀ ਸੀ ਅਤੇ ਉਡੀਕ ਰਹੀ ਸੀ, ਉਹ ਕਦੋਂ ਤਸੱਲੀ ਦੇ ਫੁੱਲ ਕੇਰਦਾ ਹੈ। ਉਸ ਦੇ ਹੱਥ ਲੋਹੇ ਦੇ ਸ਼ਕੰਜੇ ਤੋਂ ਕਦੋਂ ਚਿਨਾਰ ਦੇ ਪੱਤੇ ਬਣ ਕੇ ਪਿੱਠ ਸਹਿਲਾਉਂਦੇ ਹਨ, ਹੰਝੂ ਪੂੰਝਦੇ ਹਨ। ਉਹ ਉਡੀਕਦੀ ਹੀ ਰਹੀ, ਪਰ ਉਹ ਸਮਾਂ ਨਾ ਆਇਆ, ਏਥੋਂ ਤਕ ਕਿ ਇੰਟਰਵਲ ਹੋ ਕੇ ਬੱਤੀਆਂ ਜਗ ਪਈਆਂ !

ਦਰਸ਼ਨ ਉਠ ਕੇ ਖੜੀ ਹੋ ਗਈ। ਉਸ ਨੂੰ ਬੌਕਸ ਵਿਚ ਬੈਠਣਾ ਭਾਰ ਜਾਪਿਆ। ਹਮਦਰਦੀਹੀਣ ਪ੍ਰੇਮੀ ਇਕ ਕਰੂਪ ਬੋਝ ਹੈ, ਜਿਸ ਤੋਂ ਵਿਛੋੜਾ ਹਜ਼ਾਰ ਦਰਜੇ ਹੁਸੀਨ ਅਤੇ ਹੌਲਾ ਹੁੰਦਾ ਹੈ। ਉਹ ਬਾਹਰ ਨੂੰ ਤੁਰ ਪਈ। ਬਹਾਲ ਵੀ ਉਸ ਦੇ ਪਿੱਛੇ ਉਠ ਆਇਆ। ਸਿਨਮੇ ਦੀਆਂ ਪੌੜੀਆਂ ਉਤਰ ਕੇ ਉਹ ਭਰੀ ਪੀਤੀ ਇਕ ਰਿਕਸ਼ੇ ਵਿਚ ਆ ਬੈਠੀ। ਬਹਾਲ ਵੀ ਝਟ ਹੀ ਨਾਲ ਬਹਿ ਗਿਆ।

ਰਿਕਸ਼ੇ ਵਾਲੇ ਨੇ ਪੁੱਛਿਆ :

"ਸਰਦਾਰ ਜੀ, ਕਿਥੇ ਚੱਲਣਾ ਏਂ ?"

"ਤਿੰਨ ਨੰਬਰ ਡਵੀਯਨ ਦੇ ਥਾਣੇ।"

ਦਰਸ਼ਨ ਇਕ-ਦਮ ਤ੍ਰਣਕ ਕੇ ਰਹਿ ਗਈ। ਉਸ ਰਿਕਸ਼ੇ ਵਾਲੇ ਨੂੰ ਰੋਕਣ ਲਈ ਬਾਂਹ ਚੁਕੀ ਹੀ ਸੀ ਕਿ ਬਹਾਲ ਨੇ ਉਸ ਦੀ ਬਾਂਹ ਝਟਕ ਕੇ ਨੀਵੀਂ ਪਾ ਦਿਤੀ। ਦਰਸ਼ਨ ਨੇ ਇਕ ਵਾਰ ਸ਼ੀਹਣੀ ਦੀਆਂ ਅੱਖਾਂ ਨਾਲ ਤੱਕਿਆ, ਪਰ ਬਹਾਲ ਨੇ ਮੂੰਹ ਪਾਸੇ ਫੇਰ ਲਿਆ। ਰਿਕਸ਼ੇ ਵਾਲੇ ਮੁੰਡੇ ਨੇ ਪੈਡਲ ਮਾਰਦਿਆਂ ਗੱਡੀ ਨੂੰ ਰੇੜ੍ਹ ਲਿਆ। ਦਰਸ਼ਨ ਨੇ ਖ਼ਿਆਲ ਕੀਤਾ, 'ਮੈਂ ਸ਼ੀਹਣੀ ਹੁੰਦੀ ਹੋਈ ਵੀ ਇਕ ਅਜਿਹੇ ਪਿੰਜਰੇ ਵਿਚ ਬੰਦ ਹਾਂ, ਜਿਸ ਦੀਆਂ ਸੀਖਾਂ ਮੈਂ ਆਪ ਬਣਾਈਆਂ ਹਨ; ਜਿਨ੍ਹਾਂ ਨੂੰ ਤੋੜਨਾ ਮੇਰੇ ਵੱਸ ਨਹੀਂ ਰਿਹਾ।' ਉਸ ਰੋਏ ਰੋਏ ਚਿਹਰੇ ਨੂੰ ਦੋਹਾਂ ਹੱਥਾਂ ਨਾਲ ਢੱਕ ਲਿਆ। ਪਰ ਜਦੋਂ ਉਸ ਹੱਥ ਹੇਠਾਂ ਕੀਤੇ, ਉਸ ਨੂੰ ਮਹਿਸੂਸ ਹੋਇਆ, ਉਹ ਖਿੜਦੀ ਜਾ ਰਹੀ ਹੈ।

Sri Satguru Jagjit Singh Ji eLibrary NamdhariElibrary@gmail.com

21

"ਚਾਚਾ ਰੁਕਨਦੀਨਾ ! ਪਿਔਣ ਨੂੰ ਕੋਈ ਇਨਕਾਰ ਨਹੀਂ, ਤੇਰੇ ਵਾਸਤੇ ਹਮੇਸ਼ਾ ਦਰਵਾਜ਼ੇ ਖੁਲ੍ਹੇ ਰਹਿੰਦੇ ਐ, ਪਰ ਤੂੰ ਏਹਨੂੰ ਚੂਹੜੇ ਨੂੰ ਕਿਉਂ ਨਾਲ ਲਿਆਇਆ ਏਂ ?" ਬਹਾਲ ਨੇ ਪਪੀਹੇ ਨੂੰ ਕਟਾਰ ਤੋਂ ਪਾੜਨ ਦੀ ਨੀਅਤ ਨਾਲ ਕਿਹਾ।

"ਜੇ ਕੋਈ ਮਗਰੋਂ ਨਾ ਲਹੇ, ਫਿਰ ਕੀ ਕੀਤਾ ਜਾਵੇ।"

"ਚਲ ਚਾਚਾ, ਕੁੱਤੇ ਨੂੰ ਬੁਰਕੀ ਪਾ ਈ ਦੇਈਦੀ ਏ।" ਬਹਾਲ ਕਟਾਰ ਵਲ ਵੇਖਦਾ ਕੁਰਸੀ ਪਿਛਾਂਹ ਹਟਾ ਰਿਹਾ ਸੀ।

"ਬਹਾਲ, ਤੂੰ ਭੁੱਲ ਗਿਆ ਏਂ, ਤੇਰੀ ਮਾਂ ਨਾਲ ਮੇਰੀ ਕੀ ਰਿਸ਼ਤੇਦਾਰੀ ਐ।" ਕਟਾਰ ਸ਼ਰਮਿੰਦਾ ਹੋਣ ਦੀ ਥਾਂ ਛਾਤੀ ਫੁਲਾ ਰਿਹਾ ਸੀ।

"ਇਹਦੇ ਕੋਲ ਇਕੋ ਗੱਲ ਏ ਸੌ ਵਰ੍ਹੇ ਪੁਰਾਣੀ।"

"ਹੱਛਾ ਤੇਰੀ ਖ਼ਾਹਸ਼ ਐ, ਗਾਲ੍ਹਾਂ ਈਜਾਦ ਕੀਤੀਆਂ ਜਾਣ। ਤੂੰ ਰਾਮ ਨਾਥ ਨੂੰ ਠੇਕੇ ਤੋਰ, ਅਸੀਂ ਰੀਜ਼ਰਵ ਗਾਲ੍ਹਾਂ ਦਾ ਸਵਿੱਚ ਔਨ ਕਰਦੇ ਆਂ।" ਕਟਾਰ ਨੇ ਦਾੜ੍ਹੀ ਵਿਚ ਉਂਗਲਾਂ ਫੇਰੀਆਂ।

"ਅਜ ਬੋਤਲ ਤੁਸੀਂ ਦੋਵੇਂ ਮੰਗਵਾਓ, ਮੈਂ ਕੁਮਾਰੀ ਦੇ ਲੈ ਕੇ ਚਲਾਂਗਾ।" ਬਹਾਲ ਨੇ ਚੁਟਕੀ ਮਾਰਦਿਆਂ ਹੱਥ ਖੋਲ੍ਹ ਦਿਤਾ।

"ਅਸੀਂ ਨਹੀਂ ਤੁਆਇਫ਼ ਦੇ ਜਾਣਾ, ਤੇ ਉਤੋਂ ਸੂਰਜ ਡੁੱਬਣ ਲਗਾ ਏ।" ਸ਼ਾਮ ਵਧਦੀ ਵੇਖ ਕੇ ਪਪੀਹੇ ਦਾ ਦਿਲ ਡੁੱਬ ਰਿਹਾ ਸੀ।

"ਕਟਾਰ, ਤੂੰ ਇਕ ਦਸਾਂ ਦਾ ਨੋਟ ਕਢ, ਬਾਕੀ ਮੈਂ ਪਾਉਂਦਾ ਹਾਂ। ਗੁਰਾਂ ਦੀ ਸੌਂ ਪਿਛਲੇ ਮਹੀਨੇ ਸੌ ਰੁਪਈਆ ਘਰੋਂ ਮੰਗਵਾ ਚੁਕਾ ਹਾਂ।" ਬਹਾਲ ਨੇ ਪੈਸਿਆਂ ਦੀ ਤਰੋਟ ਦਾ ਉਸ ਨੂੰ ਯਕੀਨ ਕਰਵਾਇਆ।

"ਜਿਹੜਾ ਪਿਓ ਲਗਦਾ ਏ ਉਸ ਨੂੰ ਮਾਫ਼ ਤੇ ਮੈਨੂੰ......।"

"ਪਿਓ ਤਾਂ ਮੈਂ ਤੇਰਾ ਵੀ ਲਗਦਾ ਆਂ।" ਪਪੀਹੇ ਨੇ ਕਟਾਰ ਦੀ ਗੱਲ ਕੱਟ ਕੇ ਆਪਣੇ ਮੋਟੇ ਬੁੱਲ੍ਹਾਂ ਨੂੰ ਜੋੜ ਲਿਆ।

"ਸਾਲੇ ਪਿਓ ਦਾ ਮੂੰਹ ਵੇਖ ਓਇ ਬਹਾਲਿਆ, ਜਿਵੇਂ ਬਲਦ ਦੇ ਕੰਨ੍ਹਾ ਮੁਤਾੜਿਆ ਹੁੰਦਾ ਏ।" ਕਟਾਰ ਤੇ ਬਹਾਲ ਦੇ ਹਾਸੇ ਨੇ ਮਹਿਫ਼ਲ ਦੇ ਸਾਰੇ ਗਲਾਸ ਤੋੜ ਸੁੱਟੇ। ਪਪੀਹੇ ਦੀ ਹਾਲਤ ਸੀ, ਜਿਵੇਂ ਕੱਕਰੀ ਰਾਤ ਨੂੰ ਬਿੱਲੀ ਠਰੇ ਪਾਣੀ ਵਿਚ ਭਿੱਜ ਜਾਵੇ। ਕੋਈ ਵਾਹ ਨਾ ਜਾਂਦੀ ਵੇਖ ਪਪੀਹੇ ਨੇ ਆਪਣੀ ਨਵੀਂ ਗੁਰਗਾਬੀ ਵਲ ਤੱਕਿਆ।

"ਖ਼ੈਰ, ਅਜੇ ਤੇਰੇ ਵਿਚ ਜਾਨ ਹੈਗੀ।" ਬਹਾਲ ਨੇ ਕਟਾਰ ਨੂੰ ਥਾਪੀ ਦਿਤੀ।

"ਤੂੰ ਚਾਚਾ ਕਹਿ ਇਕ ਵਾਰ, ਤੈਨੂੰ ਹੱਠਾ ਤੱਤਾ ਕਰ ਕੇ ਦਿਖਾਵਾਂ।"

"ਹੱਛਾ, ਚਾਚਾ ਇਕ ਨੋਟ ਦਸਾਂ ਦਾ ਅਨਾਇਤ ਹੋ ਜਾਵੇ।"

"ਦੂਜੀ ਵਾਰ ਚਾਚਾ ਆਖਣ ਤੇ ਤਾਂ ਨਹੀਂ ਦਸਾਂ ਦਾ ਦੇਣਾ ਪਵੇਗਾ।" ਕਟਾਰ ਨੇ

Sri Satguru Jagjit Singh Ji eLibrary NamdhariElibrary@gmail.com

ਫਿਰ ਲਫ਼ਾਫ਼ੇ ਵਿਚੋਂ ਦਸਾਂ ਦਾ ਨੋਟ ਕਢ ਕੇ ਦੇਂਦਿਆਂ ਆਖਿਆ।

"ਜਦੋਂ ਮੁਕ ਗਿਆ, ਫੇਰ ਸਹੀ।"

ਪਪੀਹਾ ਇਕ ਚੋਟ ਨਾਲ ਹੀ ਸੁਰ ਹੋ ਗਿਆ ਸੀ। ਵਾਰੀ ਲਾਹੁਣ ਲਈ ਉਹ ਮੌਕਾ ਤਾੜ ਰਿਹਾ ਸੀ। ਬਹਾਲ ਅੰਦਰੋਂ ਅਲਮਾਰੀ ਵਿਚੋਂ ਬੋਤਲ ਕਢ ਲਿਆਇਆ। ਬੋਤਲ ਵੇਖਦਿਆਂ ਹੀ ਕਟਾਰ ਪਿੱਟ ਉੱਠਿਆ :

"ਤੇਰੀ ਮਾਂ ਦੀ ਜ਼ਿਗਜ਼ੈਗ ! ਕਰ ਗਿਆ ਏਂ ਹੱਥ।"

"ਜੇਹੀ ਰੂਹ ਓਹੋ ਫ਼ਰਿਸ਼ਤੇ !" ਪਪੀਹੇ ਨੇ ਚੋਟ ਮਾਰਨ ਲਈ ਥਾਂ ਮੱਲੀ।

ਬਹਾਲ ਨੇ ਟਹਿਲਦਿਆਂ ਰਾਮ ਨਾਥ ਨੂੰ ਆਵਾਜ਼ ਮਾਰੀ। ਉਸ ਦੇ ਕੋਲ ਆ ਜਾਣ ਤੇ ਸਮਝਾਇਆ :

"ਬਸ ਤੂੰ ਸਮਝਦਾਰ ਏਂ, ਬਾਗ ਖਿੜ ਜਾਵੇ।"

"ਬਹੁਤ ਹੱਛਾ, ਜਨਾਬ !"

ਰਾਮ ਨਾਥ ਨੇ ਬਰਾਂਡੇ ਵਿਚ ਮੇਜ਼ ਦੁਆਲੇ ਕੁਰਸੀਆਂ ਸਜਾ ਦਿਤੀਆਂ। ਫੁੱਲਾਂ ਕਢੇ ਮੇਜ਼-ਪੋਸ਼ ਵਿਚਕਾਰ ਤੀਰ-ਖਾਧਾ ਦਿਲ ਕਢਿਆ ਹੋਇਆ ਸੀ। ਗਲਾਸਾਂ ਦੀ ਟੁਣਕਾਰ ਪੈਦਾ ਹੋਈ ਤੇ ਸੋਡੇ ਦੀਆਂ ਬੋਤਲਾਂ ਦੇ ਕਾਕ ਉੱਡਣ ਲਗੇ।

ਪੈੱਗ ਚੁੱਕਦਿਆਂ ਬਹਾਲ ਨੇ ਕਟਾਰ ਨੂੰ ਕਿਹਾ :

"ਅਜ ਪਪੀਹੇ ਦੀ ਹਾਲਤ ਬਹੁਤ ਕਾਬਿਲੇ ਰਹਿਮ ਹੈ, ਤੂੰ ਸਾਲਿਆ ਮਾਰਨ ਲਗਾ, ਪਿਉ ਦੇ ਗੰਜੇ ਸਿਰ ਦਾ ਵੀ ਲਿਹਾਜ਼ ਨਹੀਂ ਕਰਦਾ।"

"ਬਹਾਲ, ਇਸ ਦਾ ਦੂਜਾ ਭਰਾ ਕਿਉਂ ਗੋਰਾ ਏ ?" ਪਪੀਹੇ ਨੇ ਏਨੀ ਕਹਿ ਕੇ ਮੂੰਹ ਪੀਡਾ ਬਣਾ ਲਿਆ।

"ਤੇਰਾ ਮਤਲਬ ਹੈ ਕਟਾਰ....।"

"ਹੱਥ ਜੰਮੀ ਸਰ੍ਹੋਂ ਦੀ ਵੀ ਤਸ਼ਰੀਹ ਚਾਹੀਦੀ ਹੈ।" ਪਪੀਹੇ ਨੇ ਤੱਕਿਆ ਕਟਾਰ ਥੋੜਾ ਝੰਜੋੜਿਆ ਗਿਆ ਹੈ।

ਬਹਾਲ ਅਜ ਬਹੁਤ ਖ਼ੁਸ਼ ਸੀ। ਉਹ ਅੱਜ ਉਨ੍ਹਾਂ ਨੂੰ ਪਾੜਨ ਵਿਚ ਕਾਮਯਾਬ ਰਿਹਾ ਸੀ ਤੇ ਗਾਲ੍ਹਾਂ ਤੇ ਚੋਟਾਂ ਦੀ ਬੰਬਾਰੀ ਤੋਂ ਬਚਿਆ ਰਿਹਾ ਸੀ। ਉਸ਼ ਰਾਮ ਨਾਥ ਨੂੰ ਪੈੱਗ ਦੇਂਦਿਆਂ ਕਿਹਾ :

"ਆਪਣਾ ਸੁਨੇਹਾ ਦੇ ਆ, ਆਖੀਂ ਇੰਤਜ਼ਾਰ ਕਰੇ, ਆਵਾਂਗਾ ਜ਼ਰੂਰ ਭਾਵੇਂ ਕਿਸੇ ਵੇਲੇ ਆਵਾਂ।"

"ਬਹੁਤ ਹੱਛਾ ਜਨਾਬ !" ਰਾਮ ਨਾਥ ਨੇ ਖ਼ਾਲੀ ਗਲਾਸ ਧੋ ਕੇ ਮੇਜ਼ ਉਤੇ ਰਖ ਦਿਤਾ ਅਤੇ ਬਾਹਰ ਨਿਕਲ ਗਿਆ।

"ਇਹ ਸੁਨੇਹਾ ਕਿਹਨੂੰ ਭੇਜਿਆ ਏ ?" ਪਪੀਹੇ ਨੇ ਪੈਗ ਪਾਂਦਿਆਂ ਪੁੱਛਿਆ।

"ਜਿਹੜੀ ਗੱਲ ਨਾਲ ਤੁਹਾਡਾ ਮਤਲਬ ਨਾ ਹੋਵੇ, ਉਹਦੇ ਪੁੱਛਣ ਦਾ ਕੀ ਫ਼ਾਇਦਾ ?"

"ਤੇਰੀ ਮਾਂ ਦੀ......।" ਪਪੀਹੇ ਨੇ ਬੋਤਲ ਰਖ ਕੇ ਗੁਰਗਾਬੀ ਚੁੱਕ ਲਈ। ਜਦੋਂ ਪਤੰਦਰਾਂ ਨੂੰ ਸੰਨ੍ਹ 'ਚ ਲੈ ਲੈ ਕੰਮ ਕਢਦਾ ਹੁੰਦਾ ਏਂ , ਓਦੋਂ ਸਾਡਾ ਮਤਲਬ ਹੁੰਦਾ ਏ।"

"ਚਾਚਾ ਹੁਣੇ ਦਸਦਾ ਆਂ, ਆਹ ਜ਼ਰਾ ਗੁਰਗਾਬੀ ਥੱਲੇ ਰਖ ਦੇ।"ਬਹਾਲ ਨੇ ਕਟਾਰ

Sri Satguru Jagjit Singh Ji eLibrary NamdhariElibrary@gmail.com

ਤੋਂ ਥੋੜਾ ਝਿਜਕਦਿਆਂ ਆਖਿਆ, "ਆਤਮਜੀਤ ਨੂੰ।"

"ਪੁੱਤਰਾ, ਕਿਸੇ ਦਿਨ ਤੇਰੀ ਲਾਸ਼ ਨਿਕਲੂ ਕਿਸੇ ਦੇ ਅੰਦਰੋਂ।" ਕਟਾਰ ਬਹਾਲ ਤੇ ਰਸ਼ਕ ਖਾਂਦਾ ਕਹਿ ਗਿਆ।

"ਜਦੋਂ ਉਹ ਸਮਾਂ ਆਇਆ, ਦੁਸ਼ਮਨ ਨੂੰ ਆਖਾਂਗਾ, ਮਨ-ਮਰਜ਼ੀ ਦੇ ਟੁਕੜੇ ਕਰ ਲੈ; ਪਰ ਤੈਨੂੰ ਦੀਹਦਾ ਏ, ਆਹ ਗਲ ਵਿਚ ਕਾਹਦੇ ਲਈ ਪਾਇਆ ਏ। ਠਾਣੇਦਾਰ ਆਂ, ਦੋ ਘੜੀ ਰੱਬ ਨੂੰ ਵੀ ਗੱਦੀਓਂ ਲਾਹ ਸਕਦਾ ਆਂ।" ਬਹਾਲ ਨੇ ਮੁੱਛਾਂ ਨੂੰ ਮਰੋੜਾ ਚਾੜ੍ਹਿਆ, "ਤੂੰ ਲੈ ਦੇ ਕੇ ਇਕ ਜਾਂਗਲਿਆਣੀ ਨਾਲ ਰੋਮਾਂਸ ਲੜਾਇਆ। ਮੈਨੂੰ ਤਾਂ ਉਸ ਤੇ ਵੀ ਸ਼ੱਕ ਐ। ਪਰ ਸਰਦਾਰ ਬਹਾਲ ਸਿੰਘ ਨੇ ਜਲੰਧਰ ਤੇ ਲੁਧਿਆਣੇ ਪਤਾ ਨਹੀਂ ਕਿੰਨੇ ਫੁੱਲ ਕਲੀਆਂ ਤੋੜ ਤੋੜ ਮਿੱਧ ਸੁੱਟੇ। ਗਲਾਸ ਖ਼ਾਲੀ ਕਰੋ ਓਏ ਚਵਲੋ, ਕੁਮਾਰੀ ਦੇ ਸਰਹਾਣੇ ਮਿੱਧੀਏ, ਫਿਰ ਕਿਤੇ ਹੋਰ ਵੀ ਡਿਊਟੀ ਦੇਣੀ ਏ।" ਬਹਾਲ ਨੇ ਮੁਗ਼ਲਈ ਠਾਠ ਦੀ ਤੜ੍ਹ ਮਾਰੀ।

"ਤੇਰੀ ਮਾਂ ਦੀਆਂ ਡਿਊਟੀਆਂ ਵੰਡੀਆਂ, ਅੱਜ ਤੂੰ 'ਕੱਲਾ ਜਾਵੇਂਗਾ ?" ਕਟਾਰ ਨੇ ਵੀ ਮੁੱਛਾਂ ਤਿੱਖੀਆਂ ਕਰ ਲਈਆਂ।

"ਰਾਤ ਏਥੇ ਕੱਟਣੀ ਏਂ, ਮੁਸਾਫ਼ਰਖ਼ਾਨੇ ਜਾਂ ਹਵਾਲਾਤੇ ?"

"ਬਹਾਲ, ਇਹਨੂੰ ਸ਼ੀਸ਼ਾ ਲਿਆ ਕੇ ਵਿਖਾ; ਆਤਮਜੀਤ ਕੋਲ ਜਾਣ ਵਾਲਾ ਮੂੰਹ ਵੇਖ ਲਵੇ।" ਪਪੀਹੇ ਨੇ ਖ਼ਾਲੀ ਗਲਾਸ ਠੱਕ ਕਰ ਕੇ ਮੇਜ਼ ਤੇ ਰਖ ਦਿਤਾ।

ਬਹਾਲ ਤੁਰਨ ਲਈ ਉਠ ਖਲੋਤਾ। ਬਾਹਰੋਂ ਆ ਕੇ ਉਨ੍ਹਾਂ ਟਾਂਗਾ ਲੈ ਲਿਆ। ਬਹਾਲ ਨਾਲ ਫਸ ਕੇ ਬੈਠਦਿਆਂ ਪਪੀਹੇ ਨੇ ਪੁੱਛਿਆ :

"ਕਿਉਂ ਦਿੱਲੀ ਕਾਮਯਾਬ ਰਹੇ ?"

"ਤੇਰੀ ਦਿੱਲੀ ਨੇ ਤਾਂ ਕੰਮ ਈ ਘੜ੍ਹੋਂਚ ਕਰ ਦਿਤਾ ਸੀ, ਮਸਾਂ ਗੰਢ-ਤਰੁੱਪ ਕੀਤੀ।" ਬਹਾਲ ਗੱਲ ਕਹਿ ਕੇ ਚੁੱਪ ਜਿਹਾ ਹੋ ਗਿਆ।

"ਸਾਡਾ ਯਾਰ ਭੂਸ਼ਨ ਚੰਗਾ ਰਿਹਾ ?" ਪਪੀਹੇ ਨੇ ਯਾਰੀ ਦਾ ਮਾਣ ਜਤਾਇਆ।

"ਜੇ ਤੂੰ ਸੱਚ ਪੁੱਛੇਂ, ਉਹ ਤੇਰਾ ਵੀ ਪਿਉ ਨਿਕਲਿਆ।"

"ਮੈਨੂੰ ਬਹੁਤ ਸੁਆਦ ਆਇਆ।" ਕਟਾਰ ਨੇ ਪਪੀਹੇ ਦੇ ਸਿਰ ਪਈ ਗੱਲ ਨੂੰ ਚੁਕ ਦਿਤੀ।

"ਸਾਲੇ ਛੋਟੇ ਨੇ ਮਸ਼ਰਕ ਮਗ਼ਰਬ ਦੇ ਸਿਰੇ ਐਨੇ 'ਚ ਮਿਲਾ ਦਿਤੇ।" ਬਹਾਲ ਨੇ ਚੁਟਕੀ ਮਾਰ ਦਿਤੀ।

"ਹੋਰ ਗੱਲਾਂ ਸੁਟ ਖੂਹ 'ਚ।" ਪਪੀਹੇ ਨੇ ਸਿਗਰਟ ਸੁਲਗਾ ਲਈ। "ਇਹ ਦੱਸ, ਤੇਰਾ ਤਿੰਨਾਂ ਵਿਚੋਂ ਪਿਆਰ ਕੀਹਦੇ ਨਾਲ ਜ਼ਿਆਦਾ ਹੈ ?" ਸੂਟਾ ਖਿੱਚ ਕੇ ਪਪੀਹੇ ਨੇ ਧੂੰਆਂ ਕਟਾਰ ਦੇ ਮੂੰਹ ਤੇ ਮਾਰਿਆ। ਕਟਾਰ ਨੇ ਇਕ ਸਿਰ ਵਿਚ ਧਰ ਦਿਤੀ। ਪਪੀਹੇ ਦੀ ਪੋਲੀ ਜਿਹੀ ਪੱਗ ਲਹਿ ਕੇ ਗਲ ਵਿਚ ਪੈ ਗਈ ਅਤੇ ਕਟਾਰ ਨੇ ਹੱਥ ਪਾ ਕੇ ਖਿੱਚ ਲਈ। ਪਪੀਹੇ ਨੂੰ ਗਲੂ ਹੱਥੂ ਆ ਗਿਆ।

"ਮਰ ਜਾਊ, ਬੁੱਢਾ, ਛੱਡ ਦੇ ਓਏ।" ਬਹਾਲ ਨੇ ਕਟਾਰ ਦਾ ਹੱਥ ਉਸ ਦੀ ਪੱਗ ਵਿਚੋਂ ਕਢਿਆ।

"ਇਹਨੇ ਮਰ ਕੇ ਵੀ ਮੇਰੇ ਈ ਜੰਮ ਪੈਣਾ ਏਂ ਤੇ ਮਗਰੋਂ ਨਹੀਂ ਲਹਿਣਾ।"

ਪਪੀਹੇ ਦਾ ਦਿਮਾਗ਼ ਸਾਫ਼ ਹੋ ਗਿਆ। ਉਸ ਨਾਲ ਈ ਹੱਸਦਿਆਂ ਆਖਿਆ

Sri Satguru Jagjit Singh Ji eLibrary NamdhariElibrary@gmail.com

"ਗੱਲਾਂ ਕਰੋ, ਮਾਰਨਾ ਹਾਰ ਮੰਨਣ ਵਾਲੀ ਗੱਲ ਹੈ !" ਉਹ ਮੁੜ ਬਹਾਲ ਨੂੰ ਸੰਬੋਧਨ ਹੋਇਆ, "ਮੇਰੇ ਸਵਾਲ ਦਾ ਜਵਾਬ ਦੇਹ ਬਈ ?"

"ਤੈਨੂੰ ਰੁਕਨਦੀਨਾ, ਅੱਜ ਕਿਧਰੋਂ ਮੁਸਮੁਸੀਆਂ ਉਠਣ ਡਹੀਆਂ ਏ।"

"ਅੱਜ ਜਵਾਨੀ ਦਾ ਇਕ ਬੀਤਿਆ ਟੁਕੜਾ ਯਾਦ ਆ ਰਿਹਾ ਹੈ।" ਪਪੀਹੇ ਨੇ ਨਸ਼ਾ ਖਰਾ ਕਰਦਿਆਂ ਸਿਰ ਹਲੂਣਿਆ। ਘੋੜੇ ਦੇ ਪੈਰਾਂ ਦੀ 'ਟਕ ਟਕ' ਆਵਾਜ਼ ਉਨ੍ਹਾਂ ਦੀਆਂ ਗੱਲਾਂ ਨੂੰ ਹੁਲਾਰਦੀ ਜਾ ਰਹੀ ਸੀ।

"ਸੱਚ ਪੁਛੌਂ ਤਾਂ ਪਿਆਰ ਕਿਸੇ ਨਾਲ ਨਹੀਂ, ਛੱਡਣ ਲਈ ਕਿਸੇ ਨੂੰ ਵੀ ਤਿਆਰ ਨਹੀਂ, ਤਰਜੀਹ ਬਹੁਤੀ ਆਤਮਜੀਤ ਨੂੰ ਦੇਂਦਾ ਹਾਂ।" ਬਹਾਲ ਜਵਾਬ ਦੇ ਕੇ ਇਕ ਤਰ੍ਹਾਂ ਹੌਲਾ ਹੋ ਗਿਆ।

"ਕਿਉਂ ?"

"ਉਸ ਦਾ ਦਿਲਕਸ਼ ਹੁਸਨ, ਬਹੁਤ ਹੀ ਪਿਆਰੀ ਸੀਰਤ, ਉਸ ਦੇ ਨਕਸ਼ ਦੇਖੋ, ਬਸ ਗੱਲਾਂ ਕਰੀ ਜਾ ਰਹੇ ਹਨ। ਆਤਮਜੀਤ ਦੀਆਂ ਅੱਖਾਂ ਨੂੰ ਦੇਖ ਕੇ ਪੀਣ ਦੀ ਲੋੜ ਨਹੀਂ ਰਹਿ ਜਾਂਦੀ। ਸਭ ਤੋਂ ਸਿਫ਼ਤ ਵਾਲੀ ਗੱਲ, ਕਿਸੇ ਨੂੰ ਬੰਦਾ ਬਣਾ ਦੇਣ ਵਾਲੀ ਅਣਖ ਹੈ ਉਸ ਵਿਚ।" ਉਸ ਸੁਆਦ ਵਿਚ ਆ ਕੇ ਬਾਹਾਂ ਫੈਲਾ ਦਿਤੀਆਂ। ਉਸ ਦਾ ਖੱਬਾ ਹੱਥ ਪਪੀਹੇ ਦੇ ਮੂੰਹ ਤੇ ਆ ਵੱਜਾ।

"ਤੂੰ ਓਥੋਂ ਜਿਉਂਦਾ ਕਿਵੇਂ ਵਾਪਸ ਆ ਜਾਂਦਾ ਏਂ ?" ਕਟਾਰ ਦੇ ਦਿਲ ਵਿਚ ਹਿਲਜੁਲ ਉਠ ਖਲੋਤੀ।

"ਜ਼ਖ਼ਮਾਂ ਨਾਲ ਸਾਰੀ ਰਾਤ ਤੜਪਦਾ ਰਹਿੰਦਾ ਆਂ। ਪੁੱਤਰਾ, ਉਹ ਨਰਸ ਹੈ, ਸਵੇਰ ਨੂੰ ਪੱਟੀ ਕਰ ਕੇ ਨੌ-ਬਰ-ਨੌ, ਵਾਧਾ ਤਾਂ ਏਸੇ ਗੱਲ ਦਾ ਏ।" ਬਹਾਲ ਨੂੰ ਆਤਮਜੀਤ ਦੀਆਂ ਗੱਲਾਂ ਕਰ ਕਰ ਨਸ਼ਾ ਚੜ੍ਹਦਾ ਜਾ ਰਿਹਾ ਸੀ।

"ਊਂ ਚਾਚਾ ਰੁਕਨਦੀਨਾ !" ਕਟਾਰ ਨੇ ਪਪੀਹੇ ਦਾ ਮੋਢਾ ਹਿਲਾਉਂਦਿਆਂ ਕਿਹਾ, "ਜੇ ਇਨਸਾਫ਼ ਦੀ ਰੂਹ ਨਾਲ ਦੇਖਿਆ ਜਾਵੇ, ਆਪਾਂ ਤਿੰਨਾਂ ਨੂੰ ਇਕ ਇਕ ਆਉਂਦੀ ਏ।"

"ਬਕਵਾਸ ਬੰਦ ਕਰ ਓਏ ਹਰਾਮਦਿਆ।" ਪਪੀਹੇ ਨੇ ਕਟਾਰ ਨੂੰ ਬਜ਼ੁਰਗੀ ਸ਼ਾਨ ਨਾਲ ਥੋੜਾ ਘੂਰਿਆ।

"ਬਸ ਬਈ, ਆਹ ਪਾਣੀ ਵਾਲੀ ਟੈਂਕੀ ਕੋਲ ਰੋਕ ਦੇ।" ਬਹਾਲ ਨੇ ਟਾਂਗੇ ਵਾਲੇ ਨੂੰ ਇਸ਼ਾਰਾ ਦਿਤਾ। ਜਦ ਟਾਂਗਾ ਰੁਕ ਗਿਆ, ਬਹਾਲ ਨੇ ਉਸ ਨੂੰ ਫਿਰ ਕਿਹਾ, "ਪੰਦਰਾਂ ਵੀਹ ਮਿੰਟ ਤਕ ਆਉਂਦੇ ਆਂ।"

ਟਾਂਗੇ ਵਾਲੇ ਨੇ ਗੱਡੀ ਸੜਕ ਦੇ ਪਾਸੇ ਲਾ ਲਈ। ਉਹ ਤਿੰਨੇ ਗਲੀ ਮੁੜ ਕੇ ਚੁਬਾਰੇ ਚੜ੍ਹ ਆਏ। ਕੁਮਾਰੀ ਘਰ ਹੀ ਸੀ। ਉਸ ਸਾਰਿਆਂ ਨੂੰ ਖਿੜੇ ਮੱਥੇ ਨਮੱਸਤੇ ਕੀਤੀ ਅਤੇ ਪੈਂਦੀ ਸੱਟੇ ਈ ਪਪੀਹੇ ਕੋਲ ਗਿਲਾ ਪਰਗਟ ਕੀਤਾ :

"ਬਹਾਲ ਦਿਲ ਦਾ ਖੋਟਾ ਏ, ਏਨ੍ਹੇ ਅੱਜ ਤੱਕ ਗੀਤ ਦਾ ਹੱਕ ਨਹੀਂ ਲਿਖ ਕੇ ਦਿਤਾ।"

"ਕੀ ਗੱਲ ਪੁੱਤਰਾ !" ਪਪੀਹੇ ਨੇ ਸਿਰਹਾਣਾ ਸੰਭਾਲਦਿਆਂ ਬਹਾਲ ਵਲ ਨਜ਼ਰਾਂ ਗੁਸੀਲੀਆਂ ਕੀਤੀਆਂ।

"ਜਦੋਂ ਸੌਂਹ ਦੇ ਦਿਤੀ, ਫਿਰ ਲਿਖਣਾ ਗੁਰੂ ਜੀ ਬਾਕੀ ਰਹਿ ਗਿਆ।"

Sri Satguru Jagjit Singh Ji eLibrary NamdhariElibrary@gmail.com

"ਰੀਕਾਰਡ ਮਾਰਕੀਟ ਵਿਚ ਆਉਣ ਵਾਲਾ ਏ, ਛੇ ਮਹੀਨੇ ਦੀ ਮਿਆਦ ਪੂਰੀ ਹੋਣ ਵਾਲੀ ਏ; ਜੇ ਇਸ ਦਿਲ ਦੇ ਖੋਟੇ ਨੇ 'ਚੂੰ ਚਰਾਂ ਕੀਤੀ, ਪਪੀਹਾ ਸਾਹਿਬ ਤੁਸੀਂ ਜ਼ੁੰਮੇਵਾਰ ਹੋ, ਇਕ ਤਰ੍ਹਾਂ ਜ਼ਾਮਨ ਵੀ!" ਕੁਮਾਰੀ ਨੇ ਹੱਸਦਿਆਂ ਹੱਸਦਿਆਂ ਖਰੀਆਂ ਖਰੀਆਂ ਕਹਿ ਸੁਣਾਈਆਂ।

"ਜ਼ਾਮਨ, ਇਕ ਛੱਡ ਦੋ।" ਕਟਾਰ ਨੇ ਪਪੀਹੇ ਦੇ ਬੋਲਣ ਤੋਂ ਪਹਿਲਾਂ ਕਹਿ ਦਿਤਾ।

"ਦੋਹਾਂ ਦੀਆਂ ਸੂਰਤਾਂ ਫ਼ਰੇਮ ਕਰਾ ਕੇ ਡਰੈਸਿੰਗ-ਟੇਬਲ ਤੇ ਰਖ ਲੈ।" ਬਹਾਲ ਨੇ ਉੱਤੋਂ ਦੀ ਹੋ ਹੋ ਪੈਂਦਿਆਂ ਨੂੰ ਬੁਕ ਕਰ ਦਿਤਾ।

ਕੁਮਾਰੀ ਨੂੰ ਹਾਸੇ ਦਾ ਲੋੜ੍ਹ ਆ ਗਿਆ। ਉਹ ਦੋਵੇਂ ਕੁਮਾਰੀ ਤੋਂ ਚੋਰੀ ਬਹਾਲ ਨੂੰ ਦੰਦੀਆਂ ਕਰੀਚ ਰਹੇ ਸਨ। ਬਹਾਲ ਨੇ ਕੁਮਾਰੀ ਨੂੰ ਆਖਿਆ :

"ਬੇਨਤੀ ਹੈ ਸ੍ਰੀਮਤੀ ਜੀ! ਜ਼ਿਆਰਤ ਕਰਨ ਆਏਂ ਆਂ, ਅੰਨ੍ਹੇਰਾ ਤੇ ਪਾਲਾ ਕਟਾਰ ਤੇ ਪਪੀਹਾ ਬਣ ਕੇ ਵਧਦੇ ਆ ਰਹੇ ਐ।" ਕੁਮਾਰੀ ਫਿਰ ਹਾਸੇ ਵਿਚ ਲੁੜ੍ਹ ਗਈ। "ਟਾਂਗਾ ਥੱਲੇ ਜੁਤਿਆ ਖਲੋਤਾ ਏ, ਸਿਰਫ਼ ਇਕ ਗੀਤ ਸੁਣਨਾ ਏਂ, ਉਹ ਵੀ ਦਸਾਂ ਮਿੰਟਾਂ 'ਚ। ਤਿੱਖੇ ਨਕਸ਼, ਮਿੱਠੀਆਂ ਨੁਹਾਰਾਂ, ਮਸਾਲੇਦਾਰ ਸ਼ਿਕਵੇ ਤੇਰੇ ਗੀਤ ਵਿਚ ਰੂਪ ਰੂਪ ਹੋ ਜਾਣ।"

"ਪਪੀਹਾ ਸਾਅਬ!" ਕੁਮਾਰੀ ਨੇ ਰੁਕਨਦੀਨ ਨੂੰ ਹੁੰਗਾਰੇ ਲਈ ਪ੍ਰੇਰਿਆ, "ਮੈਂ ਸੁਣਿਆ ਏ, ਆਗਰੇ ਮੈਂਟਲ ਹਸਪਤਾਲ ਖੁਲ੍ਹਿਆ ਏ।" ਕੁਮਾਰੀ ਨੇ ਏਨੀ ਕਹਿ ਕੇ ਬੁੱਲ੍ਹ ਵਟ ਲਏ। ਉਸ ਏਨੀ ਗੁੱਝੀ ਚੋਟ ਮਾਰੀ ਕਿ ਤਿੰਨੇ ਆਗਰੇ ਜਾਣ ਵਾਲੇ ਹੋ ਗਏ।

"ਹਾਂ, ਹਸਪਤਾਲ ਤਾਂ ਬੜਾ ਵਧੀਆ ਹੈ, ਪਰ ਆਪਾਂ ਸਾਰਿਆਂ ਨੂੰ ਇਹਦੇ ਪਿਛੇ ਜਾਣਾ ਪਵੇਗਾ।" ਪਪੀਹੇ ਨੇ ਮੋੜਾ ਦੇਣ ਦਾ ਯਤਨ ਕੀਤਾ।

ਕੁਮਾਰੀ ਨੇ ਸਤਾਰ ਪੱਟਾਂ ਤੇ ਰੱਖ ਲਈ ਅਤੇ ਗਾਉਣ ਦਾ ਮੂਡ ਬਣਾਂਦਿਆਂ ਤਾਰਾਂ ਨੂੰ ਛੇੜਿਆ, ਉਨ੍ਹਾਂ ਦੀਆਂ ਅੱਖਾਂ ਤਾੜੇ ਲੱਗ ਗਈਆਂ। ਨਗ਼ਮੇ ਦੀ ਧੜਕਣ ਨਾਲ ਹੀ ਤਿੰਨਾਂ ਦੇ ਸਾਹ ਰੁਕ ਗਏ.....ਗੀਤ ਦੇ ਪਹਿਲੇ ਬੋਲ ਸਨ :

"ਮੋੜਾ ਘੱਤ ਨਾ, ਹੋ ਦਰਦੀਆ! ਮੋੜਾ ਘੱਤ ਨਾ।
ਫੁੱਲਾਂ ਬਹਾਰ ਦਿਨ ਥੋਹੜੇ ਰੇ, ਜੋਬਨਾ ਵੱਤ ਨਾ।
ਹੋ ਦਰਦੀਆ!....................."

"ਵਾਹਵਾ! ਕਿਆ ਬਾਤ ਹੈ!" ਉਹ ਤਿੰਨੇ ਪੁਕਾਰ ਉਠੇ। ਕੁਮਾਰੀ ਨੇ ਅੰਤਰਾ ਚੁਕਿਆ :

ਰੋਂਦੜੇ ਨੈਣ ਤੇ, ਬਾਂਵਰੇ ਕੇਸ ਰੇ,
ਛੈਲਿਆ ਖਟਿਆ ਕੀ ਵੰਞ ਪ੍ਰਦੇਸ ਰੇ,
ਰੰਗ ਸੂਹੇ ਗੁਲਾਬ ਦਾ ਦੁੱਧ ਰੇ, ਰਹਿਓ ਈ ਰੱਤ ਨਾ।
ਹੋ ਦਰਦੀਆ! ਮੋੜਾ ਘੱਤ ਨਾ।
....
... .

"ਆਹ! ਕਿਆ ਬਾਤ ਹੈ!" ਪਪੀਹਾ ਉਚਾ ਉਠ ਖਲੋਤਾ, "ਸੰਗੀਤ ਨਾਲ

Sri Satguru Jagjit Singh Ji eLibrary NamdhariElibrary@gmail.com

ਸ਼ਾਇਰੀ ਵੀ ਖ਼ਤਮ, 'ਰੰਗ ਸੂਹੇ ਗੁਲਾਬ ਦਾ ਦੁੱਧ ਰੇ, ਰਹਿਓ ਈ ਰੱਤ ਨਾ।'।" ਉਹ ਤਿੰਨੇ ਝੂਮੀ ਜਾ ਰਹੇ ਸਨ।

ਕੁਮਾਰੀ ਨੂੰ ਵੀ ਅੱਜ ਗੀਤ ਗਾਉਣ ਦਾ ਸੁਆਦ ਆ ਗਿਆ, ਉਸ ਤਿੰਨਾਂ ਦੇ ਅੰਦਰ ਬੰਸੀ ਵਾਂਗ ਛੇਕ ਪਾ ਦਿਤੇ।

22

ਪ੍ਰਕਾਸ਼ ਦੀ ਹਮਦਰਦੀ ਗਰੇਵਾਲ ਫ਼ੈਮਲੀ ਨਾਲ ਦਿਨੋਂ ਦਿਨ ਘਟਦੀ ਜਾ ਰਹੀ ਸੀ। ਹੁਣ ਉਹ ਬਿਨਾਂ ਖ਼ਾਸ ਕੰਮ ਦੇ ਉੱਕਾ ਈ ਨਹੀਂ ਜਾਂਦਾ ਸੀ। ਖ਼ਰਚਾ ਭਾਵੇਂ ਉਹ ਆਪਣਾ ਹੀ ਲੈਣ ਜਾਂਦਾ ਹੁੰਦਾ ਸੀ, ਪਰ ਇਸ ਨੂੰ ਜ਼ਮੀਰ ਤੇ ਇਕ ਅਣਹੋਇਆ ਭਾਰ ਸਮਝਦਾ ਸੀ। ਜਦੋਂ ਕਿਸੇ ਹਾਲਤ ਵਿਚ ਜਾਣਾ ਵੀ ਪੈ ਜਾਂਦਾ, ਉਹ ਵਧ ਤੋਂ ਵਧ ਕੋਸ਼ਸ਼ ਕਰਦਾ, ਦਰਸ਼ਨ ਨੂੰ ਨਾ ਮਿਲੇ। ਉਹ ਆਪਣੇ ਯਤਨਾਂ ਵਿਚ ਕਿਸੇ ਹੱਦ ਤਕ ਸਫ਼ਲ ਰਿਹਾ ਸੀ।

ਅੱਜ ਉਹ ਸਵੇਰੇ ਸਵੇਰੇ ਗਰੇਵਾਲ ਤੋਂ ਖ਼ਰਚਾ ਲੈਣ ਲਈ ਜਾ ਰਿਹਾ ਸੀ। ਦਿਲ ਭਾਵੇਂ ਉਸ ਦਾ ਕੱਚਾ ਕੱਚਾ ਹੋ ਰਿਹਾ ਸੀ, ਪਰ ਖ਼ਰਚਾ ਲਏ ਬਿਨਾਂ ਚਾਰਾ ਵੀ ਨਹੀਂ ਸੀ। ਜਦ ਉਸ ਸਾਈਕਲ ਗੇਟ ਤੋਂ ਮੋੜੀ, ਸਾਹਮਣੇ ਬਰਾਂਡੇ ਵਿਚ ਦਰਸ਼ਨ ਨੂੰ ਬੁਰਸ਼ ਕਰਦੀ ਤੱਕਿਆ। ਉਸ ਨੂੰ ਇਕ ਧੱਕਾ ਜਿਹਾ ਲਗਾ, ਜਿਵੇਂ ਬਰੇਕ ਖਾ ਗਈ ਹੋਵੇ। ਸਾਈਕਲ ਚਲ ਰਹੀ ਸੀ, ਪਰ ਪੈਡਲਾਂ ਉਤੇ ਉਸ ਦੇ ਪੈਰ ਰੁਕ ਗਏ ਸਨ। 'ਸਮੇਂ ਤੇ ਹਾਲਾਤ ਹਨ, ਕਦੇ ਇਸ ਕੁੜੀ ਨੂੰ ਦੇਖ ਕੇ ਲਹੂ ਵਿਚ ਪੁਲਕਾਵਲੀਆਂ ਫੁਟ ਪੈਂਦੀਆਂ ਸਨ।' ਉਸ ਜਿਉਂ ਹੀ ਨਿਗਾਹ ਉਤਾਂਹ ਕੀਤੀ, ਦਰਸ਼ਨ ਬਾਥ-ਰੂਮ ਨੂੰ ਚਲੀ ਗਈ ਸੀ। ਉਹ ਮੁਸਕਾਇਆ ਤੇ ਸੋਚਣ ਲਗਾ, 'ਦਰਸ਼ਨ ! ਤੂੰ ਬਹੁਤ ਚੰਗਾ ਕੀਤਾ। ਹਾਂ ਹੁਣ ਤੈਨੂੰ ਅਜਿਹਾ ਕਰਨਾ ਹੀ ਚਾਹੀਦਾ ਹੈ।'

ਉਹ ਸਾਈਕਲ ਖੜੀ ਕਰ ਕੇ ਅੰਦਰ ਚਲਿਆ ਗਿਆ। ਅੰਦਰ ਉਸ ਗਰੇਵਾਲ ਨੂੰ ਚੌਕੜੀ ਮਾਰੀ ਗੁਟਕਾ ਫੜੀ ਤੱਕਿਆ। ਗਰੇਵਾਲ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸੀ। ਪ੍ਰਕਾਸ਼ ਦੋ ਕੁ ਮਿੰਟ ਪਿਛੇ ਖਲੋਤਾ ਦੇਖਦਾ ਰਿਹਾ। ਫਿਰ ਉਸ ਪਾਠ ਭੰਗ ਕਰਨਾ ਠੀਕ ਨਾ ਸਮਝਿਆ। ਇਕ ਸ਼ਰਾਰਤੀ ਮੁਸਕਾਣ ਨਾਲ ਉਹ ਬਾਹਰ ਆ ਗਿਆ। ਉਹ ਡਰਾਇੰਗ ਰੂਮ ਦਾ ਢੋਇਆ ਹੋਇਆ ਬਾਰ ਖੋਲ੍ਹ ਕੇ ਅੰਦਰ ਚਲਿਆ ਗਿਆ। ਦਰਸ਼ਨ ਨੇ ਸ਼ਾਲ ਠੀਕ ਕਰਦਿਆਂ ਉਤਸ਼ਾਹ-ਹੀਣ ਸਤਿ ਸ੍ਰੀ ਅਕਾਲ ਆਖੀ। ਪ੍ਰਕਾਸ਼ ਨੇ ਅਨੁਭਵ ਕੀਤਾ, 'ਸਤਿ ਸ੍ਰੀ ਅਕਾਲ' ਵਿਚ ਭੋਰਾ ਜਿੰਨਾ ਵੀ ਨਿੱਘ ਨਹੀਂ ਸੀ। ਦਰਸ਼ਨ ਉਥੇ ਬੈਠਣਾ ਨਹੀਂ ਚਾਹੁੰਦੀ ਸੀ, ਪਰ ਸਭਿੱਅਤਾ ਦੀ ਜ਼ੰਜੀਰ ਨਾਲ ਬਝ ਕੇ ਰਹਿ ਗਈ।

ਪ੍ਰਕਾਸ਼ ਨੇ ਨਵੇਂ ਫ਼ਰਨੀਚਰ ਵਲ ਝਾਤ ਪਾਈ, ਤਦ ਉਸ ਦੀ ਹੈਰਾਨੀ ਵਿਚ ਨਵੀ ਮੁਸਕਾਣ ਫਿਰ ਗਈ।

"ਤੁਹਾਡਾ ਡਰੈਸਿੰਗ-ਟੇਬਲ ਆਫ਼ ਕੋਰਸ ; ਵੈਰੀ ਨਾਈਸ", ਪ੍ਰਕਾਸ਼ ਨੇ ਤਾਰੀਫ਼ ਕਰਨੀ ਹੀ ਮੁਨਾਸਬ ਸਮਝੀ।

Sri Satguru Jagjit Singh Ji eLibrary NamdhariElibrary@gmail.com

"ਜੀ, ਗੁਜ਼ਾਰੇ ਮਾਫ਼ਕ ਹੈ।" ਦਰਸ਼ਨ ਨੇ ਹਲਕੀ ਮੁਸਕਾਣ ਨਾਲ ਉੱਤਰ ਦਿਤਾ। ਪ੍ਰਕਾਸ਼ ਨੂੰ ਹਰ ਦੂਜੇ ਮਿੰਟ ਪਿਛੋਂ ਨਵੀਂ ਹੈਰਾਨੀ ਘੇਰ ਲੈਂਦੀ ਸੀ। ਦਰਸ਼ਨ ਨੇ ਉਸ ਨੂੰ ਕਦੇ ਜੀ ਨਹੀਂ ਆਖਿਆ ਸੀ।

ਡਰਾਇੰਗ-ਰੂਮ ਅੱਛਾ ਖ਼ਾਸਾ ਸ਼ਿੰਗਾਰਿਆ ਹੋਇਆ ਸੀ, ਜਿਸ ਦੇ ਸ਼ਿੰਗਾਰੇ ਜਾਣ ਦੀ ਉਸ ਨੂੰ ਆਸ ਘਟ ਸੀ। ਉਸ ਨੂੰ ਕੋਠੀ ਦੀ ਹਰ ਚੀਜ਼ ਬਦਲੀ ਬਦਲੀ ਤੇ ਓਪਰੀ ਓਪਰੀ ਜਾਪੀ। ਉਹ ਹੋਰ ਵੀ ਸੰਜੀਦਾ ਹੋ ਗਿਆ।

ਸ਼ਾਇਦ ਹੁਣ ਡਰਾਇੰਗ-ਰੂਮ ਤੁਹਾਡੀਆਂ ਰੁਚੀਆਂ ਦੀ ਤਰਜਮਾਨੀ ਕਰ ਰਿਹਾ ਏ।" ਪ੍ਰਕਾਸ਼ ਨੇ ਪ੍ਰਸੰਸਾ ਕਰਦਿਆਂ ਇਕ ਅਜਿਹੀ ਫ਼ਰੇਮ ਹੋਈ ਤਸਵੀਰ ਨੂੰ ਦੇਖਿਆ, ਜਿਸ ਵਿਚ ਇਕ ਮੁਸਾਫ਼ਰ ਆਪਣੀ ਬੇੜੀ ਨੂੰ ਪਾਰ ਲੈ ਜਾਣ ਲਈ ਪੂਰੇ ਜ਼ੋਰ ਨਾਲ ਚੱਪੂ ਲਾ ਰਿਹਾ ਸੀ, ਪਰ ਹਵਾ ਦਾ ਉਲਟਾ ਰੁਖ਼ ਚਲ ਪੈਣ ਨਾਲ ਭਾਰੀ ਲਹਿਰਾਂ ਉਠ ਖਲੋਤੀਆਂ ਸਨ। ਬੇੜੀ ਛੱਲਾਂ ਨਾਲ ਪਿਛਾਂਹ ਹੀ ਹਟਦੀ ਆ ਰਹੀ ਸੀ, ਪਰ ਮੁਸਾਫ਼ਰ ਹਾਲੇ ਵੀ ਚੱਪੂ ਮਾਰੀ ਜਾ ਰਿਹਾ ਸੀ।

"ਗੁੱਡ ਆਈਡੀਆ ! ਬਹੁਤ ਹੀ ਪਿਆਰੀ ਤਸਵੀਰ ਹੈ।"

ਪ੍ਰਕਾਸ਼ ਦਿਲੋਂ ਪ੍ਰਭਾਵਤ ਹੋ ਗਿਆ ਸੀ। ਬਹਾਲ ਦੀ ਤਸਵੀਰ ਅੰਗੀਠੀ ਤੇ ਜਵਾਨ ਨਜ਼ਰਾਂ ਨਾਲ ਮੁਸਕਾਈ ਜਾ ਰਹੀ ਸੀ। ਇਸ ਗੱਲ ਦੀ ਦਰਸ਼ਨ ਨੇ ਹੁਣ ਕੱਖ ਪਰਵਾਹ ਨਾ ਕੀਤੀ। ਉਹ ਉਸ ਦੀਆਂ ਗੱਲਾਂ ਨਾਲ ਖ਼ੁਸ਼ ਜ਼ਰੂਰ ਹੋ ਰਹੀ ਸੀ, ਪਰ ਉਠ ਕੇ ਚਲੀ ਜਾਣ ਦਾ ਬਹਾਨਾ ਵੀ ਲਭਦੀ ਰਹੀ।

ਦਰਸ਼ਨ ਆਪਣੇ ਆਪ, ਨੂੰ ਪ੍ਰਕਾਸ਼ ਦੀ ਚੋਰ ਸਮਝਦੀ ਸੀ। ਇਸ ਕਮਜ਼ੋਰੀ ਨੂੰ ਅਜਿਹੀ ਹਾਲਤ ਵਿਚ ਕੋਈ ਕੁੜੀ ਵੀ ਜਿੱਤ ਨਹੀਂ ਸਕਦੀ। ਉਸ ਨੇ ਕਦੇ ਪ੍ਰਕਾਸ਼ ਨੂੰ ਜਜ਼ਬਾਤ ਭਰ ਕੇ ਪਿਆਰ ਕੀਤਾ ਸੀ। ਹੁਣ ਉਸ ਨੂੰ ਪ੍ਰਕਾਸ਼ ਸਾਹਵੇਂ ਆਪਣਾ ਆਪ ਜ਼ਖ਼ਮੀ ਜ਼ਖ਼ਮੀ ਜਾਪਦਾ। ਉਹ ਇਸ ਤਰ੍ਹਾਂ ਮਾਨਸਕ ਕਮਜ਼ੋਰੀ ਕਾਰਨ ਹੋਲੀ ਪਈ ਨਹੀਂ ਦਿਸਣਾ ਚਾਹੁੰਦੀ ਸੀ। ਇਸ ਦੇ ਉਲਟ ਪ੍ਰਕਾਸ਼ ਦੀ ਮਜ਼ਬੂਤੀ ਵਿਚ ਇਕ ਦਿਲਚਸਪੀ ਆ ਗਈ। ਉਹ ਚਾਹੁੰਦਾ ਸੀ, ਇਸ ਕਾਗ਼ਜ਼ੀ ਗੁਲਦਸਤੇ ਨੂੰ ਹੋਰ ਨੇੜਿਓਂ ਹੋ ਕੇ ਦੇਖ ਲਵਾਂ, ਇਸ ਦਾ ਕੋਈ ਪਹਿਲੂ ਲੁਕਿਆ ਨਾ ਰਹਿ ਜਾਵੇ। ਉਸ ਅਜਿਹਾ ਮੌਕਾ ਪੈਦਾ ਕਰਨਾ ਚਾਹਿਆ ਜਿਸ ਨਾਲ ਚੋਟ ਮਾਰ ਕੇ ਉਸ ਬਨਾਉਟੀ ਪਿਆਰ ਨੂੰ ਮੁਬਾਰਕਬਾਦ ਦਿਤੀ ਜਾ ਸਕੇ। ਫਿਰ ਉਸ ਖ਼ਿਆਲ ਕੀਤਾ, 'ਇਹ ਬਕਵਾਸ ਹੈ, ਮੈਂ ਕਿਸ ਤਰ੍ਹਾਂ ਕਹਿ ਸਕਦਾ ਹਾਂ ਉਸ ਦਾ ਰਾਹ ਗ਼ਲਤ ਹੈ। ਜੇ ਹਾਲਾਤ ਮੇਰੇ ਫ਼ਿਟ ਨਹੀਂ ਬੈਠੇ, ਇਸ ਦਾ ਇਹ ਮਤਲਬ ਕਦੇ ਵੀ ਨਹੀਂ ਹੋ ਸਕਦਾ, ਉਹ ਹੋਰ ਕਿਸੇ ਨੂੰ ਵੀ ਵਫ਼ਾ ਨਹੀਂ ਕਰ ਸਕਦੇ। ਸਭ ਤੋਂ ਚੰਗੀ ਗੱਲ ਇਹ ਹੋਈ ਕਿ ਮੇਰਾ ਇਕ ਜਜ਼ਬਾਤੀ ਕੁੜੀ ਵਲੋਂ ਖਹਿੜਾ ਛੁਟ ਗਿਆ। ਹਾਂ, ਇਹ ਵੀ ਠੀਕ ਹੈ, ਜੇਕਰ ਮੈਂ ਪਿਆਰ ਕੀਤਾ ਹੈ, ਤਦ ਇਸ ਕੁੜੀ ਨੂੰ ਕੀਤਾ ਹੈ। ਪਰ ਇਸ ਪਾਊਡਰ-ਸ਼ਿੰਗਾਰੇ ਸਮਾਜ ਵਿਚ ਪਿਆਰ ਦੀ ਕੀ ਅਹਿਮੀਅਤ ? ਭੁਲੇਖਾ ਸਿਰਫ਼ ਮੈਨੂੰ ਹੀ ਲੱਗਾ ਏ, ਜਿਸ ਪਿਆਰ ਨੂੰ ਸਿਰਫ਼ ਮਨ-ਪਰਚਾਵਾ ਨਹੀਂ ਸਮਝਿਆ।'

ਮੈਂ ਆਪ ਲਈ ਚਾਹ ਲੈ ਕੇ ਆਉਂਦੀ ਹਾਂ।" ਦਰਸ਼ਨ ਨੇ ਉਠਦਿਆਂ ਕਿਹਾ।

"ਵੈਸੇ ਚਾਹ ਮੈਂ ਪੀ ਆਇਆ ਹਾਂ, ਉਂਜ ਤੂੰ ਜਾ ਸਕਦੀ ਏਂ।" ਪ੍ਰਕਾਸ਼ ਆਪਣੇ

Sri Satguru Jagjit Singh Ji eLibrary NamdhariElibrary@gmail.com

ਮੂਡ ਵਿਚੋਂ ਸੁਭਾਵਕ ਕਹਿ ਗਿਆ।

"ਜੀ !......।" ਦਰਸ਼ਨ ਦੇ ਮੂੰਹੋਂ ਅਚਾਨਕ ਨਿਕਲ ਗਿਆ, ਜਿਵੇਂ ਉਸ ਨੂੰ ਪ੍ਰਕਾਸ਼ ਤੋਂ ਏਨੀ ਆਸ ਨਹੀਂ ਸੀ।

ਦੋਹਾਂ ਵਿਚਕਾਰ ਇਕ ਅਜੀਬ ਅਵਸਥਾ ਪੈਦਾ ਹੋ ਗਈ। ਪਤਾ ਨਹੀਂ ਦੋਵੇਂ ਇਕ ਦੂਜੇ ਨੂੰ ਹੋਰ ਕੀ ਕਹਿ ਜਾਂਦੇ ਜਾਂ ਚੁੱਪ ਚੁੱਪ ਹੀ ਵਖ ਵਖ ਹੋ ਜਾਂਦੇ ਕਿ ਬੇ ਜੀ ਚਾਹ ਦਾ ਗਲਾਸ ਲੈ ਕੇ ਅੰਦਰ ਆ ਗਈ। ਪ੍ਰਕਾਸ਼ ਨੇ ਉਠ ਕੇ ਹੱਥ ਜੋੜੇ ਅਤੇ ਬੇ ਜੀ ਨੇ ਗਲਾਸ ਮੇਜ਼ ਤੇ ਰਖ ਕੇ ਪਿਆਰ ਦਿਤਾ।

"ਬੇ ਜੀ ! ਤੂੰ ਕਿੰਨੀ ਚੰਗੀ ਮਾਂ ਏਂ, ਤੈਨੂੰ ਕੋਈ ਸਮਝ ਸਕਦਾ।" ਪ੍ਰਕਾਸ਼ ਦਾ ਰੋ ਪੈਣ ਨੂੰ ਜੀਅ ਕਰਦਾ ਸੀ।

ਦਰਸ਼ਨ ਨੂੰ ਇਹ ਗੱਲ ਕੰਡੇ ਵਾਂਗ ਚੁਭ ਗਈ। ਉਸ ਸਮਝਿਆ ਪ੍ਰਕਾਸ਼ ਨੇ ਇਹ ਗੱਲ ਲਾ ਕੇ ਆਖੀ ਏ ਕਿ ਅਸੀਂ ਬੇ ਜੀ ਦੀ ਕਦਰ ਨਹੀਂ ਕਰਦੇ। ਉਸ ਨੂੰ ਇਹ ਵੀ ਭਾਸ ਗਿਆ ਸੀ, ਮੰਗਣੀ ਬਾਰੇ ਪ੍ਰਕਾਸ਼ ਤੇ ਬੇ ਜੀ ਦਾ ਇਕ ਮੁਹਾਜ਼ ਹੈ।

"ਸ਼ੁਕਰ ਐ, ਤੁਸੀਂ ਤਾਂ ਬੇ ਜੀ ਨੂੰ ਚੰਗਾ ਸਮਝਦੇ ਹੋ।" ਦਰਸ਼ਨ ਨੇ ਵੱਟਾ ਲਾਹੁਣ ਲਈ ਮੋੜ ਦਿਤਾ।

"ਹੋਰ ਕਿਸੇ ਬਾਰੇ ਤਾਂ ਮੈਂ ਕੁਝ ਨਹੀਂ ਕਹਿ ਸਕਦਾ, ਪਰ ਤੇਰੇ ਨਾਲੋਂ ਜ਼ਰੂਰ ਜ਼ਿਆਦਾ ਸਮਝਦਾ ਹਾਂ।" ਪ੍ਰਕਾਸ਼ ਆਪੇ ਨੂੰ ਆਖਣੋਂ ਨਾ ਰੋਕ ਸਕਿਆ।

"ਇਸ ਗੱਲ ਦਾ ਮੈਨੂੰ ਬਹੁਤ ਚਿਰ ਤੋਂ ਪਤਾ ਹੈ।" ਦਰਸ਼ਨ ਨੇ ਪਰਤੱਖ ਨਫ਼ਰਤ ਨਾਲ ਆਖਿਆ।

"ਦਰਸ਼ਨ !" ਬੇ ਜੀ ਨੇ ਇਸ ਤਰ੍ਹਾਂ ਘੂਰਿਆ, ਜਿਵੇਂ ਜੇ ਉਹ ਅਗਾਂਹ ਇਕ ਸ਼ਬਦ ਵੀ ਕੂਈ, ਉਹ ਉਸ ਦਾ ਗਲ ਘੁਟ ਦੇਵੇਗੀ। "ਤੈਨੂੰ ਸ਼ਰਮ ਨਹੀਂ ਆਉਂਦੀ।"

"ਨਹੀਂ ਬੇ ਜੀ ! ਦਰਸ਼ਨ ਨੂੰ ਆਖਣ ਦਿਉ, ਜੋ ਉਹ ਕਹਿਣਾ ਚਾਹੁੰਦੀ ਹੈ।" ਪ੍ਰਕਾਸ਼ ਬੇਹੱਦ ਨਿਰਮਾਣ ਹੋ ਗਿਆ।

ਦਰਸ਼ਨ ਰੋਣਾ ਮੂੰਹ ਬਣਾਈ ਡਰਾਇੰਗ-ਰੂਮ ਵਿਚੋਂ ਨਿਕਲ ਗਈ। ਪ੍ਰਕਾਸ਼ ਦੇ ਇਕ ਤਰ੍ਹਾਂ ਦਿਲ ਦੀ ਹੋ ਗਈ। ਜੋ ਕੁਝ ਉਹ ਦਿਲ ਵਿਚ ਚਿਰ ਤੋਂ ਰਖੀ ਬੈਠਾ ਸੀ, ਸਿਆਣੀ ਤਰ੍ਹਾਂ ਰੜਕਾਇਆ ਜਾ ਚੁੱਕਾ ਸੀ। ਬੇ ਜੀ ਦੇ ਜਜ਼ਬਾਤ ਦਾ ਇਸ ਵੇਲੇ ਸੌ ਪ੍ਰਕਾਸ਼ ਵੀ ਅੰਦਾਜ਼ਾ ਨਹੀਂ ਲਾ ਸਕਦੇ ਸਨ। ਉਸ ਪਾਣੀ ਨੂੰ ਅੱਖਾਂ ਵਿਚ ਲਿਆਉਣ ਤੋਂ ਪਹਿਲਾਂ ਹੀ ਪੀ ਲਿਆ। ਉਸ ਪ੍ਰਕਾਸ਼ ਦੇ ਸਾਹਮਣੇ ਫਿਸਣਾ ਠੀਕ ਨਾ ਸਮਝਿਆ ਤੇ ਆਪਾ ਸੰਭਾਲਦੀ ਬਾਹਰ ਚਲੀ ਗਈ। ਬੇ ਜੀ ਦੇ ਚਲੇ ਜਾਣ ਤੇ ਪ੍ਰਕਾਸ਼ ਦਾ ਦਿਲ ਵੀ ਭੈੜਾ ਭੈੜਾ ਹੋਣਾ ਸ਼ੁਰੂ ਹੋ ਗਿਆ। ਚਾਹ ਦੀਆਂ ਘੁੱਟਾਂ ਉਸ ਦੇ ਲਈ ਜ਼ਹਿਰ ਹੋ ਕੇ ਰਹਿ ਗਈਆਂ।

ਚਾਹ ਪੀਣ ਪਿਛੋਂ ਉਸ ਮੱਥੇ ਦੇ ਵਿਚਕਾਰੋਂ ਮਾਸ ਹੱਥ ਨਾ ਆਉਣ ਤੇ ਵੀ ਚੂੰਢੀ ਭਰ ਲਈ। ਸੋਚ ਉਸ ਦੇ ਦਿਲ ਦਿਮਾਗ਼ ਨੂੰ ਸੁਰਖ਼ ਹੋਏ ਤੱਕਲੇ ਨਾਲ ਚੋਭਾਂ ਦੇ ਰਹੀ ਸੀ।

'ਕੁਝ ਨਾ ਹੋਣ ਨਾਲੋਂ ਇਸ ਇਨਸੀਡੈਂਟ ਦਾ ਹੋਣਾ ਹੀ ਚੰਗਾ ਹੋਇਆ। ਦਰਸ਼ਨ ਇਹ ਤਾਂ ਨਾ ਖ਼ਿਆਲ ਕਰੇਗੀ, ਪ੍ਰਕਾਸ਼ ਇਕ ਘੁੱਗੂ ਹੈ, ਜਦੋਂ ਫੂਕ ਮਾਰੋ ਬੋਲ

Sri Satguru Jagjit Singh Ji eLibrary NamdhariElibrary@gmail.com

ਪਵੇਗਾ। ਫਿਰ ਉਹ ਮੱਥਾ ਢਿੱਲਾ ਛਡ ਕੇ ਮੁਸਕਾਇਆ। 'ਜ਼ਿੰਦਗੀ ਵਿਚ ਕੁਝ ਗੜਬੜ ਰਹੇ, ਹਮੇਸ਼ਾ ਕੁਝ ਨਾ ਕੁਝ ਨਵਾਂ ਸਾਹਮਣੇ ਆਉਂਦਾ ਹੈ। ਮਨੁੱਖ ਨੂੰ ਹਮੇਸ਼ਾ ਉਤਸ਼ਾਹੀ ਰਹਿਣਾ ਚਾਹੀਦਾ ਹੈ। ਡਾਲਡਾ ਮਾਰਕਾ ਸਮਾਜ ਧੋਖਾ ਦੇ ਸਕਦਾ ਹੈ, ਜ਼ਿੰਦਗੀ ਬੇਵਫ਼ਾ ਨਹੀਂ ਹੋ ਸਕਦੀ।' ਬੇ ਜੀ ਦੇ ਪਿਆਰ ਅਤੇ ਦਰਸ਼ਨ ਦੀ ਨਫ਼ਰਤ ਨਾਲ ਉਹ ਭਰਪੂਰ ਤੇ ਚੂਰ ਹੋਇਆ ਪਿਆ ਸੀ। ਉਹ ਉਠ ਕੇ ਤੁਰ ਪਿਆ।

ਪਾਠ ਖ਼ਤਮ ਹੋ ਜਾਣ ਤੇ ਪ੍ਰਕਾਸ਼ ਗਰੇਵਾਲ ਕੋਲ ਗਿਆ। 'ਸਤਿ ਸ੍ਰੀ ਅਕਾਲ' ਆਖਦਿਆਂ ਉਹ ਮਾਮੂਲੀ ਝੁਕ ਗਿਆ। ਗਰੇਵਾਲ ਨੇ ਸਿਰ ਝੁਕਾਂਦਿਆਂ ਬੈਠਣ ਲਈ ਇਸ਼ਾਰਾ ਕੀਤਾ। ਉਹ ਗਰੇਵਾਲ ਦੀ ਪੁਆਂਦੀ ਬਹਿ ਗਿਆ ਅਤੇ ਹਾਲ ਕਮਰੇ ਵਿਚ ਵੀ ਆਈ ਤਬਦੀਲੀ ਨੂੰ ਭਾਵਕ ਨਜ਼ਰਾਂ ਨਾਲ ਤੱਕਣ ਲਗ ਪਿਆ। ਮੁੰਡੂ ਨੇ ਗਰੇਵਾਲ ਅਗੇ ਚਾਹ ਵਾਲੀ ਟ੍ਰੇ ਲਿਆ ਰਖੀ ! ਪ੍ਰਕਾਸ਼ ਨੌਕਰ ਨੂੰ ਘਰ ਪਹਿਲੀ ਵਾਰ ਵੇਖ ਕੇ ਹੈਰਾਨ ਹੋਇਆ। ਫਿਰ ਉਸ ਮਨ ਵਿਚ ਵਿਚਾਰਿਆ, 'ਇਹ ਵੀ ਕੁਦਰਤੀ ਹੈ, ਹੈਰਾਨੀ ਵਾਲੀ ਇਸ ਵਿਚ ਕਿਹੜੀ ਗੱਲ ਹੈ ?"

"ਇਕ ਪਿਆਲਾ ਹੋਰ ਲਿਆ ਜੀਤੇ।" ਗਰੇਵਾਲ ਨੇ ਮੁੰਡੂ ਨੂੰ ਹੁਕਮ ਕੀਤਾ।

"ਮੈਂ ਹੁਣੇ ਪੀ ਚੁੱਕਾ ਹਾਂ, ਇਕ ਮਿੰਟ ਹੋਇਆ।" ਪ੍ਰਕਾਸ਼ ਨੇ ਮਾਫ਼ੀ ਚਾਹੀ।

"ਹੋਰ ਪੀ ਲੈ ਬਰਖ਼ੁਰਦਾਰ।"

"ਜੀ, ਸ਼ੁਕਰੀਆ।"

ਇਕ ਚੁੱਪ ਵਰਤ ਗਈ। ਪ੍ਰਕਾਸ਼ ਨੂੰ ਇਹ ਚੁੱਪ ਜ਼ਿਬਾਹ ਕਰਦੀ ਪਰਤੀਤ ਹੋਈ। ਉਸ ਦੇ ਮੁਕਾਬਲੇ ਵਿਚ ਗਰੇਵਾਲ ਸੋਚ ਰਿਹਾ ਸੀ, 'ਇਹ ਚੰਗਾ ਹੀ ਹੋਇਆ, ਪ੍ਰਕਾਸ਼ ਨੇ ਆਉਣਾ ਜਾਣਾ ਘਟ ਕਰ ਦਿਤਾ। ਨਹੀਂ ਤਾਂ.....।' ਉਹ ਨਤੀਜੇ ਬਾਰੇ ਕੁਝ ਨਾ ਜਾਣ ਸਕਿਆ। ਉਸ ਦਿਲ ਵਿਚ ਪ੍ਰਕਾਸ਼ ਤੇ ਬਹਾਲ ਨੂੰ ਪ੍ਰਤਾਪ ਕੌਰ ਦੇ ਬਾਰ ਬਾਰ ਗਿਲਾ ਕਰਨ ਤੇ ਤੋਲਿਆ ਸੀ ਅਤੇ ਉਸ ਨੂੰ ਹਰ ਵਾਰ ਬਹਾਲ ਭਾਰਾ ਜਾਪਿਆ ਸੀ। ਉਸ ਨੂੰ ਕੁਝ ਇਉਂ ਵੀ ਮਹਿਸੂਸ ਹੋਇਆ ਸੀ, ਜਿਵੇਂ ਲੁਧਿਆਣੇ ਵਿਚ ਬਹਾਲ ਹੋਰਾਂ ਨਾਲ ਉਹ ਆਪ ਵੀ ਹਕੂਮਤ ਕਰ ਰਿਹਾ ਹੈ। ਉਸ ਦਾ ਸਰੂ ਵਰਗਾ ਸਰੀਰ ਸਿਵਲ ਲਾਈਨਜ਼ ਦੀਆਂ ਸੜਕਾਂ ਤੇ ਪਾਰਕਾਂ ਵਿਚ ਟਹਿਲਦਾ ਮਾਣ ਤੇ ਗੁਮਾਨ ਨਾਲ ਭਰਿਆ ਰਹਿੰਦਾ ਸੀ। ਉਸ ਚਾਹ ਵਾਲੀ ਟ੍ਰੇ ਪਿਛੇ ਸਰਕਾਂਦਿਆਂ ਪ੍ਰਕਾਸ਼ ਤੋਂ ਪੁਛਿਆ :

"ਬਰਖ਼ੁਰਦਾਰ, ਖ਼ਰਚਾ ਚਾਹੀਦਾ ਹੈ ?"

"ਜੀ, ਪਿਤਾ ਜੀ !" ਪ੍ਰਕਾਸ਼ ਨੇ ਅੱਖਾਂ ਵਿਚ ਲਿਸ਼ਕ ਪੈਦਾ ਕੀਤੀ।

"ਪ੍ਰਕਾਸ਼ ! ਮੈਂ ਤੇਰੇ ਨਾਲ ਥੋੜੇ ਸਮੇਂ ਤੋਂ ਗੱਲ ਕਰਨ ਲਈ ਸੋਚ ਰਿਹਾ ਹਾਂ।"

ਗਰੇਵਾਲ ਦੀ ਏਨੀ ਗੱਲ ਸੁਣ ਕੇ ਪ੍ਰਕਾਸ਼ ਅੰਦਰੋਂ ਘਬਰਾ ਗਿਆ। ਉਸ ਨੂੰ ਡਰ ਸੀ, ਕਿਤੇ ਗਰੇਵਾਲ ਦਰਸ਼ਨ ਦੀ ਗੱਲ ਨਾ ਤੋਰ ਦਵੇ। 'ਜੇ ਉਸ ਇਹੀ ਗੱਲ ਤੋਰੀ ? ਮੈਂ ਜ਼ਰੂਰ ਜਵਾਬ ਦੇ ਦਿਆਂਗਾ। ਮੈਂ ਦਰਸ਼ਨ ਦੇ ਚੱਜ ਅੱਖੀਂ ਵੇਖ ਚੁੱਕਾ ਹਾਂ, ਦੂਜੇ ਦਰਸ਼ਨ ਦੀ ਮੇਰੇ ਨਾਲ ਕੋਈ ਸਾਂਝ ਨਹੀਂ ਰਹੀ। ਇਸ ਹਾਲਤ ਵਿਚ ਮੰਗਣੀ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।' ਪਰ ਉਹ ਆਪਣੇ ਆਪ ਨੂੰ ਗੱਲ ਦਾ ਹੁੰਗਾਰਾ ਭਰਨੋਂ ਨਾ ਰੋਕ ਸਕਿਆ।

Sri Satguru Jagjit Singh Ji eLibrary NamdhariElibrary@gmail.com

"ਜੀ !" ਪ੍ਰਕਾਸ਼ ਦਾ ਚਿਹਰਾ ਅੰਗੂਰ ਵੇਲ ਦਾ ਪੀਲਾ ਪੱਤਾ ਬਣਿਆ ਹੋਇਆ ਸੀ।

ਗਰੇਵਾਲ ਨੇ ਸਿਰਹਾਣੇ ਹੇਠੋਂ ਨੋਟ ਬੁੱਕ ਚੁੱਕਦਿਆਂ ਕਿਹਾ :

"ਮੈਂ ਤੁਹਾਡੇ ਪਿਤਾ ਜੀ ਦੀ ਰਕਮ ਦਾ ਅਗਲਾ ਪਿਛਲਾ ਤੇ ਸਾਰੇ ਖ਼ਰਚਿਆਂ ਦਾ ਵੇਰਵੇ ਨਾਲ ਜੋੜ ਕੀਤਾ ਸੀ।" ਉਹ ਸ਼ਬਦਾਂ ਨੂੰ ਤੋਲ ਤੋਲ ਕਹਿ ਰਿਹਾ ਸੀ।

ਏਨੀ ਸੁਣਦਿਆਂ ਹੀ ਪ੍ਰਕਾਸ਼ ਦੀ ਜਾਨ ਵਿਚ ਜਾਨ ਆਈ। ਉਹ ਖੱਡ ਵਿਚ ਡਿਗਦਾ ਡਿਗਦਾ ਮਸੀਂ ਬਚਿਆ ਸੀ। ਉਸ ਗੱਲ ਅਗਾਂਹ ਸੁਣਨ ਲਈ ਧਿਆਨ ਦਿਤਾ।

"ਉਹ ਰਕਮ ਤਕਰੀਬਨ ਪੂਰੀ ਹੋ ਜਾਂਦੀ ਹੈ ਅਤੇ ਬਕਾਇਆ ਚਾਲ੍ਹੀ ਰੁਪਏ ਹੈ।" ਗਰੇਵਾਲ ਨੇ ਮੁੰਡੇ ਦਾ ਬਦਲਿਆ ਰੰਗ ਤਾੜਦਿਆਂ ਫਿਰ ਕਿਹਾ, "ਹੁਣ ਇਕ ਨਵਾਂ ਹਿਸਾਬ ਸ਼ੁਰੂ ਕਰਨਾ ਪੈਣਾ ਏਂ।"

ਪ੍ਰਕਾਸ਼ ਕੁਝ ਨਾ ਬੋਲ ਸਕਿਆ, ਉਸ ਦੀਆਂ ਖ਼ਾਨਿਓਂ ਨਿਕਲ ਗਈਆਂ। ਉਹ ਇਹ ਵੀ ਨਾ ਸੋਚ ਸਕਿਆ, ਇਹ ਕਿਵੇਂ ਹੋ ਸਕਦਾ ਏ। ਗਰੇਵਾਲ ਨੇ ਸਿਆਣਪ ਨਾਲ ਗੱਲ ਅਗਾਂਹ ਤੋਰੀ :

"ਉਂਜ ਤੂੰ ਮੇਰਾ ਆਪਣਾ ਈ ਪੁੱਤਰ ਏਂ, ਮੈਂ ਦੂਜਾ ਕਦੇ ਸਮਝਿਆ ਈ ਨਹੀਂ। ਮੈਂ ਚਾਹੁੰਦਾ ਹਾਂ, ਤੈਨੂੰ ਜ਼ਿੰਦਗੀ ਵਿਚ ਹਿਸਾਬ ਰੱਖਣ ਦੀ ਆਦਤ ਪੈ ਜਾਵੇ। ਹੁਣ ਨਵਾਂ ਖ਼ਰਚਾ ਤੇਰੇ ਸਿਰ ਇਕ ਤਰ੍ਹਾਂ ਅਮਾਨਤੀ ਕਰਜ਼ਾ ਹੋਵੇਗਾ, ਜਿਹੜਾ ਤੇਰੇ ਕੋਲੋਂ ਕਦੇ ਲੈਣਾ ਨਹੀਂ।" ਗਰੇਵਾਲ ਏਨੀ ਕਹਿ ਕੇ ਹੱਸ ਪਿਆ, ਤਾਕਿ ਪ੍ਰਕਾਸ਼ ਨੂੰ ਉਸ ਦੀਆਂ ਗੱਲਾਂ ਦਾ ਬੋਝ ਨਾ ਪਰਤੀਤ ਹੋਵੇ। "ਸਮਝ ਗਿਆ ਏਂ ਨਾ ? ਇਸ ਵਾਰ ਤੇਰੇ ਨਾਂ ਤੀਹ ਰੁਪਏ ਦਰਜ ਕੀਤੇ ਜਾਂਦੇ ਹਨ।" ਗਰੇਵਾਲ ਨੇ ਅਲਮਾਰੀ ਵਿਚੋਂ ਕੱਢ ਕੇ ਦਸਾਂ ਦਸਾਂ ਦੇ ਸਤ ਨੋਟ ਪ੍ਰਕਾਸ਼ ਦੇ ਹੱਥ ਦੇ ਦਿਤੇ।

ਨੋਟਾਂ ਦੀ ਖੜ ਖੜ ਨਾਲ ਪ੍ਰਕਾਸ਼ ਦੀ ਹੋਸ਼ ਪਰਤ ਆਈ। ਉਸ ਆਪਣੇ ਹਿਸਾਬ ਵਿਚ ਚਾਲ੍ਹੀ ਰੁਪਏ ਰਹਿ ਗਏ ਤੋਂ ਬਿਨਾਂ, ਧਿਆਨ ਵਲ ਕਰਨ ਤੇ ਵੀ, ਕੁਝ ਨਹੀਂ ਸੁਣਿਆ ਸੀ। ਉਹ ਕੇਵਲ ਬਿਟ ਬਿਟ ਦੇਖਦਾ ਹੀ ਰਿਹਾ ਸੀ। ਉਸ ਨੋਟਾਂ ਨੂੰ ਮੁੱਠੀ ਵਿਚ ਘੁੱਟਦਿਆਂ ਜ਼ਿਹਨ ਤੇ ਜ਼ੋਰ ਪਾਇਆ। ਉਹ ਸਾਰੇ ਖ਼ਰਚੇ ਦਾ ਹਿਸਾਬ ਰਖਦਾ ਆਇਆ ਸੀ ਅਤੇ ਪਾਈ ਪਾਈ ਤਕ ਦਰਜ ਕਰਦਾ ਰਿਹਾ ਸੀ। ਬੀ. ਏ. ਵਿਚ ਉਹ ਸੱਠਾਂ ਅਤੇ ਐਮ. ਏ. ਵਿਚ ਸਤਰਾਂ ਰੁਪਿਆਂ ਨਾਲ ਗੁਜ਼ਾਰਾ ਕਰਦਾ ਸੀ। ਉਸ ਨੂੰ ਉਜਾੜੇ ਸਮੇਂ ਪਿਤਾ ਦੀ ਬੀਮਾਰੀ ਵੇਲੇ ਅਤੇ ਉਸ ਤੋਂ ਪਿਛੋਂ ਆਈਆਂ ਔਕੜਾਂ ਦਾ ਚੰਗੀ ਤਰ੍ਹਾਂ ਗਿਆਨ ਸੀ, ਜਿਹੜੀਆਂ ਤਕਰੀਬਨ ਘਰ ਦੇ ਸਰਮਾਏ ਨਾਲ ਹੀ ਕਿਉਂਟੀਆਂ ਗਈਆਂ ਸਨ। ਉਸ ਦੇ ਆਪਣੇ ਹਿਸਾਬ ਨਾਲ ਹਾਲੇ ਅਠਾਰ੍ਹਾਂ ਸੌ ਦੀ ਰਕਮ ਬਾਕੀ ਬਚਦੀ ਸੀ। ਉਸ ਕਸੀਸ ਵਟਦਿਆਂ ਦੁੱਖ ਦੀ ਅੰਦਰੇ ਅੰਦਰ ਗੰਢ ਪਾ ਲਈ।

ਪ੍ਰਕਾਸ਼ ਨੂੰ ਸਰਮਾਏ ਦੇ ਖ਼ਤਮ ਜਾਂ ਹੜੱਪੇ ਜਾਣ ਦਾ ਦੁੱਖ ਨਹੀਂ ਹੋਇਆ ਸੀ, ਸਗੋਂ ਉਸ ਅੱਖਾਂ ਮੀਟਦਿਆਂ ਮਹਿਸੂਸ ਕੀਤਾ, 'ਮਨੁੱਖਤਾ ਦਾ ਆਪਣਾ ਤੇ ਉਸ ਦੀ ਸੱਚੀ ਮਿੱਤਰਤਾ ਦਾ ਮਿਆਰ ਕਿੰਨਾ ਨੀਵਾਂ ਹੋ ਗਿਆ ਹੈ, ਗਿਰ ਗਿਆ ਹੈ। ਪ੍ਰਕਾਸ਼ !' ਉਹ ਆਪਣੇ ਆਪ ਵਿਚ ਹੁੰਗਾਰ ਪਿਆ, 'ਇਸ ਸਮਾਜ ਵਿਚ ਸਭ ਕੁਝ ਮੁਮਕਨ ਹੈ, ਕੁਝ ਵੀ ਨਾਮੁਮਕਨ

Sri Satguru Jagjit Singh Ji eLibrary NamdhariElibrary@gmail.com

ਨਹੀਂ।' ਉਹ ਉਠ ਕੇ ਖਲੋ ਗਿਆ ਅਤੇ ਇਕ ਜ਼ਿਮੇਵਾਰੀ ਵਿਚ ਅਕੜੇਵਾਂ ਅਨੁਭਵ ਕਰਦਿਆਂ ਗਰੇਵਾਲ ਨੂੰ ਤੀਹ ਰੁਪਏ ਵਾਪਸ ਕਰ ਦਿਤੇ ਅਤੇ ਬੇਪਰਵਾਹ ਗ਼ਮ ਨਾਲ ਭਰਿਆ ਬੋਲਿਆ :

"ਪਿਤਾ ਜੀ ! ਮੈਂ ਤੁਹਾਡੇ ਅਹਿਸਾਨਾਂ ਦਾ ਬਦਲਾ ਸ਼ਾਇਦ ਸਾਰੀ ਉਮਰ ਈ ਨਾ ਮੋੜ ਸਕਾਂ, ਪਰ ਯਤਨ ਜ਼ਰੂਰ ਕਰਾਂਗਾ, ਤੁਹਾਡੇ ਅਹਿਸਾਨਾਂ ਦਾ ਕਰਜ਼ਾ ਲਾਹ ਸਕਾਂ।" ਉਹ ਛੇਤੀ ਨਾਲ ਮੁੜ ਪਿਆ, ਮਤਾਂ ਉਸ ਦੇ ਨਿਕਲ ਰਹੇ ਹੰਝੂ ਗਰੇਵਾਲ ਦੇਖ ਲਵੇ।

"ਕਾਕਾ, ਗੱਲ ਤਾਂ ਸੁਣੇਂ ?" ਗਰੇਵਾਲ ਨੇ ਉਠਦਿਆਂ ਉਸ ਨੂੰ ਰੋਕਣ ਦਾ ਯਤਨ ਕੀਤਾ।

ਪ੍ਰਕਾਸ਼ ਸਮਝਦਾ ਸੀ, ਹੁਣ ਸੁਣਨ ਵਾਲੀ ਕੋਈ ਗੱਲ ਬਾਕੀ ਨਹੀਂ ਰਹਿ ਗਈ। ਉਹ ਕੋਠੀ ਵਿਚੋਂ ਨੱਠ ਕੇ ਬਾਹਰ ਨਿਕਲ ਜਾਣਾ ਚਾਹੁੰਦਾ ਸੀ, ਜਿਵੇਂ ਉਸ ਦੇ ਕੁਝ ਸਮਾਂ ਠਹਿਰਣ ਨਾਲ ਕੋਠੀ ਉਸ ਨੂੰ ਨਿਗਲ ਜਾਵੇਗੀ।

ਓਸੇ ਸ਼ਾਮ ਉਸ ਆਪਣਾ ਸਾਈਕਲ ਇਕ ਸੌ ਪੰਜ ਰੁਪਏ ਤੋਂ ਵੇਚ ਦਿਤਾ, ਜਿਹੜਾ ਪਿਛਲੇ ਸਾਲ ਦੋ ਸੌ ਦਾ ਖ਼ਰੀਦਿਆ ਸੀ।

23

ਦਰਸ਼ਨ ਦੇ ਕੁਲੀ ਨੇ ਜਦੋਂ ਇੰਟਰ ਕਲਾਸ ਦੇ ਡੱਬੇ ਵਿਚ ਉਸ ਦਾ ਬਿਸਤਰਾ ਤੇ ਅਟੈਚੀਕੇਸ ਉਤਲੀ ਬਰਥ ਤੇ ਰਖੇ, ਤਦ ਪਲੈਟਫ਼ਾਰਮ ਤੇ ਖਲੋਤਿਆਂ ਹੀ ਉਸ ਬਾਰੀ ਵਿਚ ਦੀ ਕੁਸ਼ਲ ਕੁਮਾਰੀ ਨੂੰ ਬੈਠੀ ਦੇਖਿਆ। ਉਸ ਕੁਲੀ ਨੂੰ ਪੈਸੇ ਦੇਂਦਿਆਂ ਸਮਝਿਆ, 'ਏਹ ਵੀ ਮੇਰੇ ਨਾਲ ਕਸ਼ਮੀਰ-ਡੇ ਤੇ ਫ਼ੀਰੋਜ਼ਪੁਰ ਜਾ ਰਹੀ ਹੈ।' ਉਸ ਨੂੰ ਕੱਲ੍ਹ ਸ਼ਾਮ ਅਰਜੈਂਟ ਤਾਰ ਮਿਲੀ ਸੀ ਕਿ ਉਹ ਕਸ਼ਮੀਰ-ਡੇ ਲਈ ਦੁਪਹਿਰ ਤਕ ਪਹੁੰਚ ਜਾਵੇ। ਸਫ਼ਰ ਥੋੜਾ ਲੰਮਾ ਹੋਣ ਕਾਰਨ ਉਸ ਰੇਲ ਨੂੰ ਤਰਜੀਹ ਦਿਤੀ ਅਤੇ ਸਵਾ ਦਸ ਵਜੇ ਵਾਲੀ ਗੱਡੀ ਫੜਨੀ ਹੀ ਮੁਨਾਸਬ ਸਮਝੀ। ਉਸ ਨੂੰ ਖ਼ਿਆਲ ਨਹੀਂ ਸੀ, ਕਸ਼ਮੀਰ-ਡੇ ਲਈ ਕੁਮਾਰੀ ਨੂੰ ਵੀ ਬੁੱਕ ਕਰ ਲਿਆ ਗਿਆ ਹੈ। ਹੁਣ ਪਿਛਲੇ ਡੱਬੇ ਵਿਚ ਜਾਣਾ ਵੀ ਠੀਕ ਨਹੀਂ ਸੀ। ਉਸ ਮੱਥੇ ਵਿਚ ਤਿਊੜੀ ਪਾਉਣ ਪਿਛੋਂ ਆਪੇ ਨੂੰ ਚੰਗਾ ਦਿਸ ਆਉਣ ਦਾ ਯਤਨ ਕੀਤਾ। ਕੰਪਾਰਟਮੈਂਟ ਵਿਚ ਵੜਦਿਆਂ ਹੀ ਮੁਸਕਾ ਕੇ ਹੱਥ ਜੋੜੇ :

"ਤੁਸੀਂ ਵੀ ਕਸ਼ਮੀਰ-ਡੇ ਤੇ ?"

"ਜੇ ਲੈ ਚਲੋ ਤਾਂ।" ਕੁਮਾਰੀ ਨੇ ਪੈਂਦਿਆਂ ਹੀ ਚੋਟ ਕਰ ਦਿਤੀ।

"ਤੁਸੀਂ ਜਾਣ ਵਾਲੇ, ਗੱਡੀ ਲਿਜਾਣ ਵਾਲੀ, ਹਮਾਤੜ ਨੂੰ ਮੁਫ਼ਤ ਦਾ ਗਾਰਡ ਨਾ ਬਣਾਓ।" ਦਰਸ਼ਨ ਨੇ ਉਸ ਦਾ ਵਾਰ ਹੌਲਾ ਪਾਣ ਦਾ ਯਤਨ ਕੀਤਾ।

"ਦਰਸ਼ਨ, ਤੇਰੀ ਮਰਜ਼ੀ ਬਿਨਾਂ ਗੱਡੀ ਇਕ ਇੰਚ ਨਈਂ ਤੁਰ ਸਕਦੀ।" ਕੁਮਾਰੀ ਚੋਟ ਦੇ ਪੱਖ ਤੋਂ ਹੋਰ ਗੰਭੀਰ ਹੋ ਗਈ, ਜਿਸ ਨੂੰ ਦਰਸ਼ਨ ਨਹੀਂ ਸਮਝ ਸਕਦੀ ਸੀ।

Sri Satguru Jagjit Singh Ji eLibrary NamdhariElibrary@gmail.com

"ਵੇਖਾਂਗੇ, ਪੰਜ ਮਿੰਟ ਹੀ ਬਾਕੀ ਰਹਿ ਗਏ ਨੇ।" ਦਰਸ਼ਨ ਨੇ ਕਲਾਈ ਨੰਗੀ ਕਰਦਿਆਂ ਘੜੀ ਵੇਖੀ।

ਅੱਜ ਦਰਸ਼ਨ ਨੇ ਹਲਕੇ ਨਸਵਾਰੀ ਰੰਗ ਦਾ ਸੂਟ ਪਾਇਆ ਹੋਇਆ ਸੀ ਅਤੇ ਇਕ ਵੇਲਾਂ-ਕਢੀ ਜਾਕਟ ਨਾਲ ਹਿੱਕ ਨੂੰ ਘੁਟਿਆ ਹੋਇਆ ਸੀ। ਉਹ ਬਹੁਤ ਹੀ ਚੁਸਤ ਚੁਸਤ ਜਾਪਦੀ ਸੀ। ਕੁਮਾਰੀ ਦੀ ਸ਼ਾਨ ਦਰਸ਼ਨ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ, ਪਰ ਦਰਸ਼ਨ ਦੇ ਕਪੜੇ ਉਸ ਨਾਲੋਂ ਕਿਤੇ ਕੀਮਤੀ ਸਨ। ਉਸ ਦਾ ਚਿਹਰਾ ਸੋਨੇ ਦੀਆਂ ਵਾਲੀਆਂ ਨਾਲ ਭਰਿਆ ਅਤੇ ਪਰਵਾਰਿਆ ਦਿਸਦਾ ਸੀ। ਉਸ ਦੇ ਖੱਬੇ ਹੱਥ ਦੋਹਾਂ ਮੁੰਦਰੀਆਂ ਦੇ ਹੀਰੇ ਹਰ ਜਵਾਨ ਵਲਵਲੇ ਲਈ ਭਟਕਣਾ ਦਾ ਕਾਰਨ ਬਣੇ ਹੋਏ ਸਨ। ਕੁਮਾਰੀ ਵਿਚ ਜਿਹੜੀਆਂ ਸਿਫ਼ਤਾਂ ਸਨ, ਉਹ ਦਰਸ਼ਨ ਨੂੰ ਛੋਹ ਕੇ ਵੀ ਨਹੀਂ ਗਈਆਂ ਸਨ। ਉਸ ਦਾ ਗੋਰਾ ਨਛੋਹ ਰੰਗ, ਸੁਰੀਲੇ ਗਲੇ ਦਾ ਮਾਣ, ਤਜਰਬਿਆਂ ਦਿਤਾ ਜ਼ਬਤ, ਗੱਲਬਾਤ ਵਿਚ ਨਖ਼ਰੇਲੋ ਤੇ ਹਰ ਤਰ੍ਹਾਂ ਕਾਂਟੀ ਸੀ। ਦਰਸ਼ਨ ਨੂੰ ਦੇਖ ਕੇ ਕੁਮਾਰੀ ਨੂੰ ਇਉਂ ਜਾਪਿਆ, ਜਿਵੇਂ ਉਹ ਉਠਦੇ ਤੂਫ਼ਾਨ ਦੀ ਅਜਿਹੀ ਤੇਜ਼ ਕਾਂਗ ਹੈ ਜਿਹੜੀ ਕਿਨਾਰਾ ਤਾਂ ਕੀ, ਚੱਟਾਨਾਂ ਤਕ ਨੂੰ ਵੱਢ ਕੇ ਲੈ ਜਾਵੇਗੀ। ਉਸ ਦੀ ਘਿਰਨਾ ਨੇ ਇਕ ਪਹਿਲੂ ਬਦਲਿਆ। ਉਸ ਦਰਸ਼ਨ ਦਾ ਘੰਟਾ ਭਰ ਸ਼ੀਸ਼ੇ ਅਗੇ ਬਹਿ ਕੇ ਵਾਹਿਆ, ਸਵਾਰਿਆ ਤੇ ਖਿੜਾਇਆ ਮੂੰਹ ਬਰਸਾਤ ਦੇ ਪੀਲੇ ਡੱਡੂ ਵਰਗਾ ਬਣਾ ਦੇਣ ਦੀ ਮਿੱਥ ਲਈ। ਦਰਸ਼ਨ ਨੇ ਫਿਰ ਘੜੀ ਦੇਖੀ।

ਗੱਡੀ ਚਲਣ ਤੋਂ ਇਕ ਮਿੰਟ ਪਹਿਲਾਂ ਚਾਰ ਸਵਾਰੀਆਂ ਦੇ ਕਪਾਰਟਮੈਂਟ ਵਿਚ ਇਕ ਗੱਭਰੂ ਤੇ ਉਸ ਦੀ ਜ਼ਨਾਨੀ ਆ ਚੜ੍ਹੇ। ਬਹਿਣ-ਸਾਰ ਹੀ ਉਹ ਬਾਹਰ ਨੂੰ ਦੇਖਦੇ ਆਪਣੀਆ ਗੱਲਾਂ ਵਿਚ ਰੁਝ ਗਏ। ਕੁਮਾਰੀ ਨੇ ਆਪਣੇ ਨਿਸ਼ਾਨੇ ਵਲ ਵਧਣ ਲਈ ਗੱਲ ਤੋਰੀ :

"ਦਰਸ਼ਨ, ਤੂੰ ਦਿੱਲੀ ਗਈ ਸੀ ਰੀਕਾਰਡਿੰਗ ਵਾਸਤੇ ?"

"ਗਈ ਤਾਂ ਸੀ ਭੈਣੇ, ਉਨ੍ਹਾਂ ਗਲਾ ਟੈਸਟ ਕਰ ਕੇ ਨਾਂ ਅਗਲੀ ਲਿਸਟ ਵਿਚ ਰਖ ਲਿਆ।" ਦਰਸ਼ਨ ਨੇ ਆਪਣਾ ਪਰਭਾਵ ਕਾਇਮ ਰਖਿਆ।

ਕੁਮਾਰੀ ਨੂੰ ਵਿੜਕ ਭਾਵੇਂ ਦੂੱਖੀ ਰਾਹੀਂ ਸਾਰੀ ਗੱਲ ਦੀ ਲਗ ਗਈ ਸੀ, ਪਰ ਦਰਸ਼ਨ ਦੇ ਮੂੰਹੋਂ ਉਸ ਦਾ ਲਿਸਟ ਵਿਚ ਆ ਜਾਣਾ ਸੁਣ ਕੇ ਬੇਹੱਦ ਹੈਰਾਨ ਹੋਈ। ਉਸ ਨੂੰ ਸੌ ਫ਼ੀ ਸਦੀ ਯਕੀਨ ਸੀ, ਦਰਸ਼ਨ ਕਦੇ ਵੀ ਗੀਤ ਰੀਕਾਰਡ ਨਹੀਂ ਕਰਵਾ ਸਕਦੀ। ਉਸ ਦਰਸ਼ਨ ਨੂੰ ਹੋਰ ਫਰੋਲਣ ਲਈ ਪੁਛਿਆ:

"ਗੀਤ ਚੁਣ ਲਿਆ ਏ ਕੋਈ ?"

"ਹਾਲੇ ਤਾਂ ਨਹੀਂ।" ਦਰਸ਼ਨ ਹੁਣ ਥੋੜੀ ਹੁਸ਼ਿਆਰ ਹੋ ਗਈ ਸੀ।

ਕੁਮਾਰੀ ਨੂੰ ਦਰਸ਼ਨ ਦੇ ਬਹਾਲ ਨਾਲ ਮੇਲ-ਮਿਲਾਪ ਦਾ ਚੰਗੀ ਤਰ੍ਹਾਂ ਪਤਾ ਸੀ। ਉਹ ਬਹਾਲ ਨਾਲੋਂ ਦਰਸ਼ਨ ਨੂੰ ਆਪਣੇ ਰਾਹ ਦਾ ਕੰਡਾ ਵਧੇਰੇ ਸਮਝਦੀ ਸੀ ਅਤੇ ਹਰ ਸੰਭਵ ਤਰੀਕੇ ਨਾਲ ਇਸ ਕੰਡੇ ਨੂੰ ਤੋੜ, ਕੱਟ ਤੇ ਜਲਾ ਦੇਣ ਦਾ ਖ਼ਤਰਨਾਕ ਇਰਾਦਾ ਬਣਾਈ ਬੈਠੀ ਸੀ। ਬਹਾਲ ਨਾਲ ਹੁਣ ਉਹ ਆਪਣੇ ਤੁਅੱਲਕਾਤ ਹੋਰ ਗੂੜ੍ਹੇ ਕਰ ਲੈਣਾ ਚਾਹੁੰਦੀ ਸੀ। ਉਹ ਉਸ ਨੂੰ ਕਦੇ ਮਹਿੰਗਾ ਨਹੀ ਪਿਆ ਸੀ, ਸਗੋਂ ਉਸ ਨੂੰ ਕਈ ਕੀਮਤੀ ਤੋਹਫ਼ੇ ਦਿਤੇ ਸਨ। ਦੂਜੇ ਉਹ ਆਪਣਾ ਪਿਆਰ ਦਰਸ਼ਨ ਨੂੰ ਜਤਾ ਕੇ ਉਸ ਦੇ ਦਿਮਾਗ਼ ਤੇ ਕਰਾਰੀ ਸੱਟ ਮਾਰ ਦੇਣਾ ਚਾਹੁੰਦੀ ਸੀ। ਇਸ ਤੋਂ ਬਿਨਾਂ ਉਸ ਬਹਾਲ ਤੋਂ ਵਜ੍ਹਾ ਵਜ੍ਹਾ

Sri Satguru Jagjit Singh Ji eLibrary NamdhariElibrary@gmail.com

ਨਾਲ ਇਹ ਗੱਲ ਵੀ ਕੱਢ ਲਈ। ਦਰਸ਼ਨ ਗੀਤ ਦਾ ਹੱਕ ਲਿਖ ਕੇ ਦੇਣ ਨਹੀਂ ਦੇਂਦੀ, ਸਗੋਂ ਦਾਅਵੇ ਲਈ ਪ੍ਰੇਰਦੀ ਹੈ। ਏਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਉਹ ਉਸ ਦੀ ਆਮਦਨੀ ਤੇ ਸੱਟ ਮਾਰਦੀ ਸੀ। ਕੁਮਾਰੀ ਮਹਿੰਗਾ ਗਾਉਂਦੀ ਸੀ ਤੇ ਦਰਸ਼ਨ ਸ਼ੁਹਰਤ ਦੀ ਖ਼ਾਤਰ ਆਮ ਫ਼ੰਕਸ਼ਨਾਂ ਤੇ ਸਸਤੀ ਪੈਂਦੀ ਸੀ।

ਕੁਮਾਰੀ ਜ਼ਿਹਨ ਤੇ ਭਾਰ ਪਾਂਦੀ ਇਕ ਵਾਰ ਹੀ ਖਿੜ ਪਈ—

"ਮੇਰੇ ਕੋਲ ਕੁਝ ਗੀਤ ਹਨ। ਸ਼ਾਇਰ ਤਾਂ ਉਹ ਨਵਾਂ ਹੀ ਹੈ, ਪਰ ਉਸ ਦੇ ਗੀਤਾਂ ਦੀ ਲਿਰਕ ਤੇ ਰਵਾਨੀ ਦੀ ਗੱਲ ਨਾ ਪੁੱਛ। ਅਜਿਹੀ ਜਾਨ ਹੈ ਉਨ੍ਹਾਂ ਵਿਚ ਕਿ ਗਾਉਂਦਿਆਂ ਸਰੋਤੇ ਉੱਲੂ ਬਣਾ ਦਿਤੇ ਜਾਂਦੇ ਹਨ। ਤੂੰ ਉਨ੍ਹਾਂ ਵਿਚੋਂ ਕੋਈ ਗੀਤ ਚੁਣ ਲੈ।"

"ਦੇਖ ਲਵਾਂਗੀ।" ਦਰਸ਼ਨ ਨੇ ਸਰਸਰੀ ਆਖਿਆ। ਉਂਜ ਉਹ ਸਮਝਦੀ ਸੀ, ਛਨਾਲੋ, ਤੂੰ ਮੈਨੂੰ ਚੰਗਾ ਗੀਤ ਕਿਵੇਂ ਦੇਵੇਂਗੀ !

"ਕਾਪੀ ਮੇਰੇ ਕੋਲ ਹੁਣ ਵੀ ਹੈ, ਮੈਂ ਸੂਟਕੇਸ 'ਚੋਂ ਦੇਂਦੀ ਆਂ।" ਕੁਮਾਰੀ ਨੇ ਉਠ ਕੇ ਸੂਟਕੇਸ ਖੋਲ੍ਹ ਲਿਆ।

ਗੱਭਰੂ ਆਪਣੀ ਵਹੁਟੀ ਨਾਲ ਪਰਚਿਆ ਹੋਇਆ ਸੀ। ਗੱਡੀ ਦਾ ਮਿੱਠਾ ਜਿਹਾ ਸ਼ੋਰ ਦੋਹਾਂ ਧਿਰਾਂ ਦੀਆਂ ਗੱਲਾਂ ਇਕ ਦੂਜੇ ਨੂੰ ਸੁਣਨ ਨਹੀਂ ਦੇਂਦਾ ਸੀ। ਕੁਮਾਰੀ ਨੇ ਕਾਪੀ ਦਰਸ਼ਨ ਦੇ ਪੱਟਾਂ ਤੇ ਲਿਆ ਰਖੀ ਅਤੇ ਉਸ ਨੂੰ ਕਾਂਟੀਆਂ ਨਜ਼ਰਾਂ ਨਾਲ ਵੇਖਣਾ ਸ਼ੁਰੂ ਕਰ ਦਿਤਾ।

ਕਾਪੀ ਦਾ ਰੰਗ ਵੇਖਦਿਆਂ ਹੀ ਦਰਸ਼ਨ ਦਾ ਦਿਲ ਧੜਕਿਆ ਤੇ ਜਦ ਉਸ ਜਿਲਦ ਵਾਲਾ ਪੰਨਾ ਉਲਟਿਆ, ਉਸ ਦੇ ਦਿਲ ਦੀ ਧੜਕਣ ਬੰਦ ਹੋ ਕੇ ਰਹਿ ਗਈ। 'ਇਹ ਕਾਪੀ ਇਸ ਕੋਲ ਕਿਵੇਂ ਆ ਗਈ ? ਬਹਾਲ ਨੇ ਮੇਰੇ ਮੁੜ ਮੁੜ ਜ਼ੋਰ ਦੇਣ ਤੇ ਇਸ ਨੂੰ ਨੋਟਿਸ ਕਿਉਂ ਨਹੀਂ ਦਿਤਾ ?' ਉਸ ਨੂੰ ਇਉਂ ਜਾਪਿਆ, ਜਿਵੇਂ ਉਹ ਗੱਡੀ ਹੇਠ ਲਿਤਾੜੀ ਜਾ ਰਹੀ ਹੋਵੇ। ਉਸ ਦਾ ਅੰਗ ਅੰਗ ਕਟਿਆ ਗਿਆ, ਪਰ ਉਹ ਆਪਣਾ ਵਗਦਾ ਲਹੂ ਵੇਖਣ ਤੇ ਦਿਲ ਦਾ ਦਰਦ ਸਹਿਣ ਲਈ ਜ਼ਿੰਦਾ ਸੀ। ਫਿਰ ਉਸ ਮੀਟੀਂਦੀਆਂ ਜਾ ਰਹੀਆਂ ਅੱਖਾਂ ਵਿਚ ਹੁਸ਼ਿਆਰੀ ਨਾਲ ਮੁਸਕਾਇਆ। 'ਬਹਾਲ ਜ਼ਰੂਰ ਇਸ ਕੰਜਰੀ ਕੋਲ ਜਾਂਦਾ ਏ, ਨਹੀਂ ਤਾਂ ਕਾਪੀ ਇਸ ਦੇ ਕੋਲ ਕਿਵੇਂ ਆ ਗਈ ?' ਮੁੜ ਮੁੜ ਉਹ ਇਹੀ ਸੋਚ ਰਹੀ ਸੀ। ਉਸ ਆਪੇ ਨੂੰ ਹਰ ਸੰਭਵ ਸੰਭਾਲਿਆ, 'ਕੀ ਮੈਂ ਕੁਮਾਰੀ ਦੇ ਸਾਹਮਣੇ ਰੋ ਪਵਾਂ ? ਇਹ ਕੀ ਖ਼ਿਆਲ ਕਰੇਗੀ, ਬਹਾਲ ਮੇਰਾ ਕੀ ਲੱਗਦਾ ਏ ?'

ਉਸ ਦੋ ਤਿੰਨ ਵਰਕੇ ਉਲਟ ਦਿਤੇ, ਪ੍ਰਸੰਨਤਾ ਪੈਦਾ ਕਰ ਕੇ ਪੜ੍ਹਨਾ ਸ਼ੁਰੂ ਕੀਤਾ। ਇਹ ਉਹ ਕਾਪੀ ਸੀ, ਜਿਹੜੀ ਮਹੀਨਿਆਂ ਬਧੀ ਉਸ ਦੇ ਹੱਥਾਂ ਵਿਚ ਮੈਲੀ ਹੋਈ ਸੀ। ਕਾਪੀ ਵਿਚ ਉਸ ਦੇ ਆਪਣੇ ਲਾਏ ਨਿਸ਼ਾਨ ਦਿਲ ਵਿਚ ਸੂਈਆਂ ਵਾਂਗ ਚੁਭ ਰਹੇ ਸਨ ਅਤੇ ਉਹ ਆਪਣੇ ਜ਼ਬਤ ਵਿਚ ਇਕ ਤਪੱਸਿਆ ਦਾ ਰੂਪ ਧਾਰੀ ਬੈਠੀ ਸੀ। ਦੋ ਵਰਕੇ ਹੋਰ ਪਲਟ ਦਿਤੇ, ਉਸ ਆਪਣੇ ਸਵੈਨ ਪੈੱਨ ਨਾਲ ਬਹਾਲ ਦਾ ਮਖ਼ੌਲ ਵਜੋਂ 'ਬੇਹਾਲ' ਨਾਂ ਲਿਖਿਆ ਪੜ੍ਹਿਆ। ਪਰ ਕੁਮਾਰੀ ਜਾਣਦੀ ਸੀ, ਇਸ ਵੇਲੇ ਕੌਣ ਬੇਹਾਲ ਹੈ।

"ਕਈ ਗੀਤ ਤਾਂ ਬਹੁਤ ਹੀ ਮਾਅਰਕੇ ਦੇ ਐ।" ਦਸ ਮਿੰਟ ਪਿਛੋਂ ਦਰਸ਼ਨ ਨੇ

Sri Satguru Jagjit Singh Ji eLibrary NamdhariElibrary@gmail.com

ਧੰਨਵਾਦ ਭਰੀਆਂ ਨਜ਼ਰਾਂ ਨਾਲ ਕਾਪੀ ਵਾਪਸ ਕਰ ਦਿਤੀ। ਕਾਪੀ ਦਰਸ਼ਨ ਦੇ ਪੱਟਾਂ ਤੇ ਚੁੱਲ੍ਹੇ-ਚੜ੍ਹਿਆ ਤਵਾ ਬਣੀ ਜਾ ਰਹੀ ਸੀ।

ਕੁਮਾਰੀ ਖ਼ੁਸ਼ ਸੀ, ਉਸ ਦਾ ਤੀਰ ਟਿਕਾਣੇ ਜਾ ਲਗਾ ਹੈ। ਉਸ ਦੋਹਾਂ ਵਿਚਕਾਰ ਤਰੇੜ ਦੇਣੀ ਸੀ। ਸੋਚੀਂ ਪਈ ਦਰਸ਼ਨ ਦੇ ਚਿਹਰੇ ਨੂੰ ਤਕ ਤਕ ਉਹ ਅਨੁਭਵ ਕਰ ਰਹੀ ਸੀ, ਤਰੇੜ ਹੌਲੀ ਹੌਲੀ ਏਨੀ ਚੌੜੀ ਹੋ ਰਹੀ ਹੈ ਜਿਹੜੀ ਕਦੇ ਵੀ ਮਿਲ ਨਹੀਂ ਸਕੇਗੀ। ਉਸ ਮਨ ਵਿਚ ਗਾਲ੍ਹ ਦਿਤੀ, 'ਹਾਲੇ ਬਦਜ਼ਾਤੇ ਅਗਾਂਹ ਵੇਖੇਂਗੀ, ਕੀ ਹੁੰਦਾ ਹੈ।'

ਮੋਗੇ ਤਕ ਕੁਮਾਰੀ ਕਾਪੀ ਦੇ ਗੀਤਾਂ .ਦੀਆਂ ਲਿਰਕਾਂ ਗੁਣਗੁਣਾਂਦੀ ਰਹੀ ਤੇ ਦਰਸ਼ਨ ਅੰਦਰੇ ਅੰਦਰ ਸੜਦੀ ਰਹੀ। ਕੁਮਾਰੀ ਇਸ ਅੱਗ ਨੂੰ ਲਾਟੀਂ ਮਚਾ ਦੇਣਾ ਚਾਹੁੰਦੀ ਸੀ। ਮੋਗੇ ਦੇ ਪਲੈਟਫ਼ਾਰਮ ਤੇ ਗੱਡੀ ਹੌਲੀ ਹੁੰਦਿਆਂ ਹੀ ਕੁਮਾਰੀ ਨੇ ਬਾਰੀ ਰਾਹੀਂ ਸਿਰ ਕਢ ਕੇ ਬਾਹਰ ਵੇਖਣਾ ਸ਼ੁਰੂ ਕਰ ਦਿਤਾ, ਜਿਵੇਂ ਉਹ ਕਿਸੇ ਨੂੰ ਭੀੜ ਵਿਚੋਂ ਲੱਭਣਾ ਚਾਹੁੰਦੀ ਸੀ। ਗੱਡੀ ਖਲੋ ਜਾਣ ਤੇ ਉਹ ਇਕ ਤਰ੍ਹਾਂ ਨਿਰਾਸ ਜਹੀ ਹੋ ਗਈ। ਗੱਭਰੂ ਆਪਣੀ ਜ਼ਨਾਨੀ ਨਾਲ ਉਤਰ ਗਿਆ। ਕੁਮਾਰੀ ਨੇ ਵੀ ਉਤਰ ਕੇ ਪਲੈਟਫ਼ਾਰਮ ਦਾ ਪੂਰਾ ਚੱਕਰ ਲਾਇਆ। ਦਰਸ਼ਨ ਉਸ ਨੂੰ ਕਾਹਲੀ ਵਿਚ ਆਈ ਨੂੰ ਬਾਰੀ ਰਾਹੀਂ ਵੇਖ ਰਹੀ ਸੀ। ਜਦ ਗੱਡੀ ਨੇ ਵਿਸਲ ਦਿਤੀ, ਕੁਮਾਰੀ ਮੁੜ ਕੰਪਾਰਟਮੈਂਟ ਵਿਚ ਆ ਗਈ।

"ਇਹ ਮਰਦ ਵੀ ਕਿੰਨੇ ਧੋਖੇਬਾਜ਼ ਹੁੰਦੇ ਨੇ, ਓਹ ਹੋ !"

"ਕਿਸੇ ਨੇ ਆਉਣਾ ਸੀ ਭੈਣ ?" ਦਰਸ਼ਨ ਨੇ ਸ਼ੋਖ ਹਮਦਰਦੀ ਨਾਲ ਪੁੱਛਿਆ।

"ਏਸੇ ਬਹਾਲ ਦਾ ਏਥੇ ਮਿਲਣ ਦਾ ਇਕਰਾਰ ਸੀ।" ਕੁਮਾਰੀ ਨੇ ਆਪਣੇ ਜਜ਼ਬਾਤ ਨੂੰ ਦਬਾਂਦਿਆਂ ਜਾਣ ਕੇ ਇਕ ਹਉਕਾ ਲਿਆ। "ਮਰਦ ਦਾ ਦੂਜਾ ਨਾਂ ਧੋਖਾ ਹੈ ਧੋਖਾ।" ਕੁਮਾਰੀ ਦਾ ਸਾਫ਼ ਮਤਲਬ ਸੀ, 'ਦਰਸ਼ਨ ਦੀ ਬੱਚੀ, ਤੈਨੂੰ ਕਿਸੇ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ।'

ਦਰਸ਼ਨ ਦਾ ਉਤਲਾ ਸਾਹ ਉਤਾਂਹ ਤੇ ਹੇਠਲਾ ਹਿਠਾਂਹ ਰਹਿ ਗਿਆ। ਉਸ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਕਿਸੇ ਮਰਦ ਜ਼ਾਲਮ ਨੇ ਖੁਰੀ ਵਾਲਾ ਫ਼ੌਜੀ ਬੂਟ ਉਸ ਦੀ ਹਿੱਕ ਵਿਚ ਖਿੱਚ ਮਾਰਿਆ ਹੋਵੇ ਤੇ ਉਹ ਓਥੇ ਹੀ ਆਨੇ ਡਬੇਰ ਗਈ ਹੋਵੇ। ਉਸ ਨੂੰ ਦਿੱਲੀਓਂ ਮੁੜਨ ਵਾਲਾ ਸਫ਼ਰ ਯਾਦ ਆ ਗਿਆ। ਉਹ ਤੋੜ ਫ਼ੀਰੋਜ਼ਪੁਰ ਛਾਉਣੀ ਤਕ ਕੁਮਾਰੀ ਦੇ ਬੁਲਾਉਣ ਤੇ 'ਹੂੰ ਹਾਂ' ਤਾਂ ਕਰਦੀ ਰਹੀ, ਪਰ ਉਸ ਨੂੰ ਜਾਪਦਾ ਇਉਂ ਸੀ, ਜਿਵੇਂ ਉਹ ਬਿਜਲੀ ਦੀਆਂ ਕਰੰਟਾਂ ਵਿਚਕਾਰ ਆ ਗਈ ਹੈ।

24

ਹੋਰ ਬਦਕਿਸਮਤੀ, ਦਰਸ਼ਨ ਤੇ ਕੁਸ਼ਲ ਕੁਮਾਰੀ ਨੂੰ ਫ਼ਿਰੋਜ਼ਪੁਰ ਰਹਿਣ ਲਈ ਕਮਰਾ ਵੀ ਇਕ ਹੀ ਮਿਲਿਆ। ਕਸ਼ਮੀਰ-ਡੇ ਵਾਲੰਟੀਅਰ ਉਨ੍ਹਾਂ ਦੋਹਾਂ ਨੂੰ ਸਟੇਸ਼ਨ ਤੋਂ ਸਿਧੇ ਇਕ ਧਰਮਸਾਲਾ ਲੈ ਆਏ। ਕਮੇਟੀ ਨੇ ਬਾਹਰੋਂ ਆਉਣ ਵਾਲੇ ਕਲਾਕਾਰਾਂ ਤੇ

Sri Satguru Jagjit Singh Ji eLibrary NamdhariElibrary@gmail.com

ਸ਼ਾਇਰਾਂ ਲਈ ਇਕ ਧਰਮਸਾਲਾ ਸਾਫ਼ ਕਰਵਾ ਲਈ ਸੀ। ਦਰਸ਼ਨ ਇਕੋ ਕਮਰੇ ਵਿਚ ਰਿਹਾਇਸ਼ ਦੇਖ ਕੁੜ੍ਹ ਕੇ ਰਹਿ ਗਈ। ਗੱਡੀਓਂ ਲਹਿ ਕੇ ਉਹ ਇਕ ਮਿੰਟ ਵੀ ਕੁਮਾਰੀ ਨਾਲ ਇਕੱਠਿਆਂ ਬਰਦਾਸ਼ਤ ਨਹੀਂ ਕਰ ਸਕਦੀ ਸੀ, ਪਰ ਹੁਣ ਉਸ ਨੂੰ ਪੂਰੀ ਰਾਤ ਰਹਿਣਾ ਪੈ ਗਿਆ।

ਸਿਵਾਏ ਅੰਦਰੇ ਅੰਦਰ ਰਿਝਣ ਦੇ ਉਹ ਕੁਝ ਵੀ ਨਾ ਕਰ ਸਕੀ। ਪ੍ਰਬੰਧਕਾਂ ਨੂੰ ਮੂੰਹ ਪਾੜ ਕੇ ਆਖ ਵੀ ਨਹੀਂ ਸਕਦੀ ਸੀ। ਇਸ ਤਰ੍ਹਾਂ ਪ੍ਰਬੰਧਕਾਂ ਦੀ ਹੈਰਾਨੀ ਦੇ ਨਾਲ ਹੀ ਕੁਮਾਰੀ ਨੇ ਸਾਰੀ ਉਮਰ ਮਹਿਸੂਸ ਕਰਨਾ ਸੀ। ਅੰਦਰੋਂ ਭਾਵੇਂ ਉਹ ਕਿੰਨਾ ਸਾੜਾ ਕਰਦੀਆਂ ਸਨ, ਪਰ ਲੋਕਾਚਾਰੀ ਵਿਚ ਆਪਣੇ ਆਪ ਨੂੰ ਬਾਂਸਾਂ ਵਾਂਗ ਖਹਿੰਦੀਆਂ ਨਹੀਂ ਦਰਸਾ ਸਕਦੀਆਂ ਸਨ। ਅਜਿਹੇ ਵਿਚਾਰਾਂ ਵਿਚ ਆ ਕੇ ਉਹ ਹੋਰ ਵੀ ਉਦਾਸ ਹੋ ਗਈ।

ਫੰਕਸ਼ਨ ਸਤ ਵਜੇ ਸ਼ੁਰੂ ਹੋਣਾ ਸੀ। ਦਿਨ ਛਿਪ ਚੁਕਾ ਸੀ। ਉਹ ਦੋਵੇਂ ਚਾਹ ਪੀ ਕੇ ਤਿਆਰ ਹੋ ਚੁਕੀਆਂ ਸਨ ਅਤੇ ਕਮੇਟੀ ਦੀ ਗੱਡੀ ਨੂੰ ਉਡੀਕ ਰਹੀਆਂ ਸਨ। ਬਾਹਰੋਂ ਇਕ ਵਾਲੰਟੀਅਰ ਨੇ ਆ ਕੇ ਦਸਿਆ।

"ਬੀਬੀ ਕੁਸ਼ਲ ਕੁਮਾਰੀ ਨੂੰ ਇਕ ਸਰਦਾਰ ਮਿਲਣਾ ਚਾਹੁੰਦਾ ਹੈ, ਜੀਪ ਬਾਹਰ ਖਲੋਤੀ ਹੈ।"

"ਉਸ ਨੂੰ ਅੰਦਰ ਭੇਜ ਦਿਓ, ਮੈਂ ਉਨ੍ਹਾਂ ਨੂੰ ਹੀ ਉਡੀਕ ਰਹੀ ਹਾਂ।" ਕੁਮਾਰੀ ਨੇ ਬਾਹਰ ਬਰਾਂਡੇ ਵਿਚ ਨਿਕਲਦਿਆਂ ਕਿਹਾ।

ਵਲੰਟੀਅਰ ਬਾਹਰ ਚਲਿਆ ਗਿਆ। ਕੁਮਾਰੀ ਨੇ ਉਡੀਕ ਵਿਚ ਬੇਕਰਾਰੀ ਤੇ ਉਤਸ਼ਾਹ ਪਰਗਟ ਕਰ ਕੇ ਅਚੰਭੇ ਵਿਚ ਆਈ ਦਰਸ਼ਨ ਵਲ ਤੱਕਿਆ। ਦਰਸ਼ਨ ਨੇ ਪਲ ਦੀ ਪਲ ਸ਼ੱਕ ਕੀਤੀ, 'ਓਹੀ ਹੋਣਗੇ ?' ਉਹ ਏਥੇ ਕਿਸ ਤਰ੍ਹਾਂ ਆ ਸਕਦੇ ਹਨ ? ਪਰ ਇਸ ਕੰਜਰੀ ਨੂੰ ਤਾਂ ਦੇਖੋ.....।'

ਦੂਜੇ ਪਲ ਉਸ ਬਹਾਲ ਨੂੰ ਬਾਰੀ ਵਿਚੋਂ ਦੀ ਲੰਮੀਆਂ ਕਦਮਾਂ ਪੁਟੀ ਆਉਂਦਿਆਂ ਨੂੰ ਤੱਕਿਆ।

ਬਾਹਰ ਹਾਲੇ ਚਾਨਣ ਸੀ। ਬਰਾਂਡੇ ਵਿਚ ਵੀ ਖ਼ਾਸ ਅੰਨ੍ਹੇਰਾ ਨਹੀਂ ਸੀ, ਪਰ ਕਮਰੇ ਵਿਚ ਅੰਨ੍ਹੇਰੇ ਦੀਆਂ ਕੁਝ ਪਰਛਾਈਆਂ ਜ਼ਰੂਰ ਆ ਗਈਆਂ ਸਨ, ਜਿਹੜੀਆਂ ਦਰਸ਼ਨ ਲਈ ਬੇਹੱਦ ਵਫ਼ਾਦਾਰ ਸਾਬਤ ਹੋਈਆਂ। ਉਹ ਦੋਹਾਂ ਦੀਆਂ ਗੱਲਾਂ ਸੁਣਨ ਲਈ ਤਖ਼ਤੇ ਦੇ ਨਾਲ ਪਿਛਾਂਹ ਹਟ ਕੇ ਖਲੋ ਗਈ। ਉਸ ਦਾ ਦਿਲ ਬੁਰੀ ਤਰ੍ਹਾ ਧੜਕ ਰਿਹਾ ਸੀ। ਉਹ ਆਪੇ ਨੂੰ ਥੱਰਾਉਣੋਂ ਨਾ ਰੋਕ ਸਕੀ। ਉਹ ਦਿਲ ਨੂੰ ਘੁੱਟੀ ਖਲੋਤੀ ਸੀ, ਜਿਵੇਂ ਖ਼ਾਲੀ ਹੁੰਦਾ ਗ਼ੋਤਾ ਮਾਰ ਜਾਵੇਗਾ।

"ਤੁਸੀਂ ਚੰਗੀ ਕੀਤੀ ਏ।" ਕੁਮਾਰੀ ਨੇ ਬਹਾਲ ਨੂੰ ਮਿਲਦਿਆਂ ਹੀ ਕੋਸਣਾ ਅਰੰਭ ਦਿਤਾ। "ਉਡੀਕ ਉਡੀਕ ਥਕਾ ਮਾਰਿਆ। ਪਹਿਲੋਂ ਮੈਂ ਮੋਗੇ ਬਾਵਰਿਆਂ ਵਾਂਗ ਸਾਰਾ ਸਟੇਸ਼ਨ ਗਾਹਿਆ, ਝੂਠੇ ਕਿਤੋਂ ਦੇ, ਤੁਹਾਡੇ ਨਾਲ ਤਾਂ ਬੋਲਣਾ ਨਹੀਂ ਚਾਹੀਦਾ।"

"ਜਿੰਦੜੀ ! ਪਹਿਲਾਂ ਮੇਰਾ ਹਾਲ ਤਾਂ ਵੇਖ ਲੈ, ਮੂੰਹ ਨਹੀਂ ਧੋਤਾ, ਤੇਰੀ ਸੌਂਹ ਏ ਜੇ ਕੁਝ ਖਾਧਾ ਹੋਵੇ। ਇਕ ਮੁਲਜ਼ਮ ਬਾਘੇ ਪੁਰਾਣੇ ਦੇ ਥਾਣੇ 'ਚੋਂ ਫੜਨਾ ਸੀ, ਨਹੀਂ ਫੜ ਸਕੇ।" ਬਹਾਲ ਨੇ ਮੂੰਹ ਤੇ ਰੁਮਾਲ ਫੇਰਿਆ ਅਤੇ ਅੱਖਾਂ ਵਿਚ ਨਸ਼ਾ ਲਿਆ ਕੇ ਬੋਲਿਆ, "ਤੇਰੀ ਖ਼ਾਤਰ ਇਕ ਅਜਿਹਾ ਦੋਸਤ ਥਾਣੇਦਾਰ ਗੁੱਸੇ ਕਰ ਕੇ ਆਇਆ ਹਾਂ

Sri Satguru Jagjit Singh Ji eLibrary NamdhariElibrary@gmail.com

ਜਿਸ ਨਾਲ ਫ਼ਲੌਰ ਪਾਸ ਕੀਤਾ ਸੀ। ਉਸ ਪਿਆਲੇ ਦੇ ਸਾਂਝੀ ਨੂੰ ਮਿਲਿਆਂ ਦੋ ਸਾਲ ਹੋ ਗਏ ਸਨ। ਏਥੇ ਦੋ ਤਿੰਨ ਥਾਵਾਂ ਤੋਂ ਖ਼ਵਾਰ ਹੋ ਕੇ ਤੈਨੂੰ ਲਭਿਆ ਏ। ਦੇਖ ਲੈ, ਤੇਰੀ ਖ਼ਾਤਰ ਕਿੰਨੀ ਕੁਰਬਾਨੀ ਕੀਤੀ ਹੈ, ਮੁੱਲ ਪੈਣਾ ਚਾਹੀਦਾ ਹੈ।"

"ਇਸ ਤਰ੍ਹਾਂ ਦੇ ਬਹਾਨੇ ਤਾਂ ਮੈਂ ਸੁਣਦੀ ਰਹਿੰਦੀ ਆਂ, ਕੋਈ ਹੋਰ ਗੱਲ ਕਰੋ।" ਕੁਮਾਰੀ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡ ਰਹੀ ਸੀ। ਦਰਸ਼ਨ ਦਾ ਅੰਦਰ ਇਹ ਹਾਲ ਸੀ ਕਿ ਉਸ ਲਈ ਖਲੋਣਾ ਔਖਾ ਹੋ ਰਿਹਾ ਸੀ।

"ਗੁਰਾਂ ਦੀ ਸੌਂਹ ਖਾ ਕੇ ਆਖਦਾ ਹਾਂ, ਮੇਰਾ ਕੋਈ ਹਾਲ ਨਹੀਂ। ਜੀਪ ਨੇ ਅੰਗ ਅੰਗ ਤੋੜ ਸੁਟਿਆ ਏ ਕੱਚੇ ਰਾਹਾਂ 'ਚ।"

"ਫੇਰ ?"

"ਘੁਟ ਪੀਂਦੇ ਆਂ, ਸ਼ਾਇਦ ਫ਼ੰਕਸ਼ਨ 'ਚ ਤੈਨੂੰ ਸੁਣਨ ਨਾ ਆ ਸਕਾਂ। ਪੋਲੀਸ ਅਫ਼ਸਰਾਂ ਨਾਲ ਮਹਿਫ਼ਲ ਜੰਮੇਗੀ, ਪਰ ਰਾਤੀਂ ਤੇਰੇ ਕੋਲ ਜ਼ਰੂਰ ਆਵਾਂਗਾ।" ਬਹਾਲ ਇਕ ਵਾਰ ਹੀ ਮੁਸਕਾ ਪਿਆ।

"ਤੁਸੀਂ ਏਥੇ ਨਹੀਂ ਆ ਸਕੋਗੇ।" ਕੁਮਾਰੀ ਖਚਰਿਆਂ ਵਾਂਗ ਮੁਸਕਾ ਪਈ।

"ਕਿਉਂ ? ਮੈਂ ਏਨ੍ਹਾਂ ਪੜੇ-ਪ੍ਰਬੰਧਕਾਂ ਦੀ ਐਸੀ ਤੈਸੀ ਫੇਰ ਦਿਆਂਗਾ।" ਉਸ ਮੂੰਹ ਭਰ ਕੇ ਗਾਲ੍ਹ ਕਢ ਦਿਤੀ।

"ਮੈਂ ਜੋ ਆਖਦੀ ਹਾਂ, ਤੁਸੀਂ ਨਹੀਂ ਆ ਸਕਦੇ, ਮੈਨੂੰ ਪੰਡਾਲ ਵਿਚ ਹੀ ਸੁਣ ਲੈਣਾ।"

"ਤੈਨੂੰ ਸੰਗ ਈ ਨਹੀਂ ਆਉਂਦੀ ਨਾ ! ਕਿਥੇ ਬਾਘਾ ਪੁਰਾਣਾ ਤੇ ਕਿਥੇ ਫ਼ੀਰੋਜ਼ਪੁਰ, ਮੈਂ ਕਿਵੇਂ ਖੁਆਰ ਹੁੰਦਾ ਆਇਆ ਹਾਂ, ਕੀਹਦੀ ਖ਼ਾਤਰ ?" ਬਹਾਲ ਕੁਮਾਰੀ ਦੇ ਗਲ ਪੈਣ ਵਾਲਾ ਹੋਇਆ ਹੋਇਆ ਸੀ।

"ਤੁਸੀਂ ਜੇ ਮੋਗੇ ਨਹੀਂ ਆਉਣਾ ਸੀ, ਇਕਰਾਰ ਕਿਉਂ ਕੀਤਾ ਸੀ ?" ਕੁਮਾਰੀ ਅੱਲ੍ਹੜ ਬਣਨ ਦਾ ਵੀ ਯਤਨ ਕਰ ਰਹੀ ਸੀ।

"ਬੱਕਰੇ ਦੀ ਜਾਨ ਗਈ, ਖਾਣ ਵਾਲੇ ਸੁਆਦ ਨਾ ਪਾਇਆ, ਤੇਰੇ ਲਈ ਅਜੇ ਇਕਰਾਰ ਪੂਰਾ ਵੀ ਨਹੀਂ ਹੋਇਆ। ਹੱਛਾ, ਜੀਪ ਬਾਹਰ ਖਲੋਤੀ ਏ, ਮੈਂ ਫ਼ੰਕਸ਼ਨ ਖ਼ਤਮ ਹੋਣ ਤੋਂ ਕੁਝ ਸਮਾਂ ਪਹਿਲਾਂ ਆਵਾਂਗਾ, ਤੇ ਤੇਰੀ ਕੋਈ ਮਜਬੂਰੀ ਨਹੀਂ ਸੁਣਨੀ। ਸੁਣ ਲਿਆ ਕੰਨ ਖੋਲ੍ਹ ਕੇ ?" ਬਹਾਲ ਨੇ ਅਟੱਲ ਫ਼ੈਸਲਾ ਸੁਣਾ ਦਿਤਾ।

"ਹੱਛਾ ਜਨਾਬ !" ਅੰਦਰ ਖਲੋਤੀ ਰੂਹ ਨੂੰ ਕਤਲ ਕਰ ਦੇਣ ਦੀ ਨੀਅਤ ਨਾਲ ਕੁਮਾਰੀ ਨੇ ਹਾਂ ਆਖ ਦਿਤੀ।

ਦਰਸ਼ਨ ਹਜ਼ਾਰਾਂ ਤੀਰ ਤਲਵਾਰਾਂ ਦੇ ਜ਼ਖ਼ਮਾਂ ਨਾਲ ਲਹੂ-ਲੁਹਾਨ ਕੰਬੀ ਜਾ ਰਹੀ ਸੀ। ਉਹ ਬੁਰੀ ਤਰ੍ਹਾਂ ਪੀੜ ਸਾਂਭੀ ਗਵਾਚ ਗਵਾਚ ਜਾਂਦੀ ਹੋਸ਼ ਨੂੰ ਫੜ ਫੜ ਗੱਲਾਂ ਸੁਣਦੀ ਰਹੀ ਸੀ। ਪੀੜ ਦੇ ਨਾਲ ਨਾਲ ਗ਼ੁੱਸਾ ਵਟਣੇ ਖਾ ਖਾ ਲਹੂ ਗਰਮਾਂਦਾ ਰਿਹਾ ਸੀ। ਗੱਲ ਦੇ ਅਖ਼ੀਰ ਤੇ ਉਸ ਵਿਚ ਐਨੀ ਕੁ ਅਣਖ ਜਾਗ ਪਈ ਕਿ ਘਟ ਤੋਂ ਘਟ ਇਸ ਬੰਦੇ ਦੇ ਪੁੱਤਰ ਨੂੰ ਜਣਾ ਤਾਂ ਦਿਆਂ, ਮੈਂ ਏਥੇ ਹਾਂ, ਤੈਨੂੰ ਲਚਰਵਾਦ ਕਰਦੇ ਨੂੰ ਸੁਣ ਲਿਆ ਹੈ। ਉਸ ਦੋ ਕਦਮਾਂ ਪੁਟ ਕੇ ਬਿਜਲੀ ਦਾ ਸਵਿੱਚ ਔਨ ਕਰਦਿਆਂ ਖੰਘੂਰਾ ਮਾਰਿਆ।

"ਅੰਦਰ ਕੌਣ ਹੈ ?" ਪਿਛੇ ਪਰਤਣ ਲਗੇ ਬਹਾਲ ਨੇ ਹੈਰਾਨੀ ਨਾਲ ਪੁੱਛ ਲਿਆ।

Sri Satguru Jagjit Singh Ji eLibrary NamdhariElibrary@gmail.com

"ਦਰਸ਼ਨ ਹੈ।" ਕੁਮਾਰੀ ਨੇ ਸੁਆਦ ਉਤੇ ਇਕ ਤਰ੍ਹਾਂ ਸਵਾਰ ਹੁੰਦਿਆਂ ਉੱਤਰ ਦਿਤਾ। "ਦਰਸ਼ਨ ਮੇਰੇ ਨਾਲ ਈ ਲੁਧਿਆਣਿਉਂ ਆਈ ਹੈ।"

ਬਹਾਲ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਭਾਫ਼ ਦਾ ਬੋਆਇਲਰ ਉਸ ਦੇ ਮੂੰਹ ਤੇ ਫਟ ਗਿਆ ਹੋਵੇ। ਉਸ ਕੈਲੀਆਂ ਅੱਖਾਂ ਨਾਲ ਕੁਮਾਰੀ ਨੂੰ ਘੂਰਿਆ।

ਕੁਮਾਰੀ ਦਾ ਜਵਾਬ ਸੁਣੇ ਬਿਨਾਂ ਉਹ ਅੰਦਰ ਚਲਿਆ ਗਿਆ। ਬਿਜਲੀ ਦੇ ਚਾਨਣ ਵਿਚ ਦਰਸ਼ਨ, ਦਰਸ਼ਨ ਹੀ ਸੀ। ਕੁਮਾਰੀ ਜਾਣ ਕੇ ਤਮਾਸ਼ਾ ਦੇਖਣ ਲਈ ਬਾਹਰ ਖਲੋਤੀ ਰਹੀ। ਬਹਾਲ ਨੇ ਚੋਰ ਹੁੰਦਿਆਂ ਹਲਕੇ ਜਿਹੇ ਪਛਤਾਵੇ ਤੇ ਨਰਮੀ ਨਾਲ ਕਿਹਾ :

"ਮੈਨੂੰ ਨਹੀਂ ਪਤਾ ਸੀ ਤੁਸੀਂ ਵੀ ਆਏ ਹੋ। ਕੁਮਾਰੀ ਨੇ ਗੱਲ ਈ ਨਹੀਂ ਕੀਤੀ।"

"ਜੀ ! ਦਰਸ਼ਨ ਨੇ ਬਹੁਤ ਹੀ ਜ਼ਬਤ ਨਾਲ ਬਿਲਕੁਲ ਓਪਰਿਆਂ ਵਾਂਗ ਜਵਾਬ ਦਿਤਾ। ਉਹ ਕੁਮਾਰੀ ਦੀਆਂ ਨਿਗਾਹਾਂ ਵਿਚ ਕਿਸੇ ਕੀਮਤ ਤੇ ਹੌਲੀ ਪੈਣ ਲਈ ਤਿਆਰ ਨਹੀਂ ਸੀ। ਉਸ ਇਕ-ਦਮ ਪਾਸਾ ਫੇਰ ਲਿਆ।

ਬਹਾਲ ਵੀ ਤਾੜ ਗਿਆ ਤੇ ਦਰਸ਼ਨ ਦੇ ਕੁਝ ਮੂੰਹ ਆਇਆ ਕਹਿ ਦੇਣ ਤੋਂ ਡਰ ਗਿਆ। ਉਸ ਖ਼ਲਾਸੀ ਪਾਉਣੀ ਹੀ ਚੰਗੀ ਸਮਝੀ :

"ਏਥੇ ਕੋਈ ਤਕਲੀਫ਼ ?"

"ਬਸ...।" ਉਸ ਅਗੇ ਕੁਝ ਨਾ ਆਖਿਆ ਤੇ ਜ਼ੋਰ ਨਾਲ ਅੱਖਾਂ ਮੀਟ ਲਈਆਂ।

ਬਹਾਲ ਦੇ ਚਲੇ ਜਾਣ ਤਕ ਉਸ ਪਾਸਾ ਨਾ ਪਰਤਿਆ। ਜਾਂਦਿਆ ਬਹਾਲ ਦੀਆਂ ਲੱਤਾਂ ਲੜਖੜਾ ਰਹੀਆਂ ਸਨ। 'ਜ਼ਾਲਮਾ ! ਤੂੰ ਕਿਉਂ ਲੱਤਾਂ ਘਸੀਟ ਘਸੀਟ ਕੇ ਤੁਰਦਾ ਏਂ, ਗੋਲੀ ਤਾਂ ਮੇਰੇ ਲਗੀ ਹੈ।' ਉਸ ਕੁਮਾਰੀ ਦੇ ਅੰਦਰ ਆਉਣ ਤੋਂ ਪਹਿਲਾਂ ਪਹਿਲਾਂ ਆਪਣੇ ਕੱਟੇ ਤੇ ਟੁੱਟੇ ਅੰਗਾਂ ਨੂੰ ਬਹਾਦਰੀ ਨਾਲ ਜੋੜ ਲਿਆ, ਜਿਵੇਂ ਕੁਝ ਵੀ ਨਹੀਂ ਵਾਪਰਿਆ ਸੀ। ਪਰ ਉਹ ਅਜਿਹੀ ਬਾਰੂਦ ਭਰੀ ਖ਼ੂਬਸੂਰਤ ਮੂਰਤੀ ਸੀ, ਜਿਹੜੀ ਭਵਕ ਕੇ ਫਟ ਜਾਣ ਲਈ ਇਕ ਚਿਣਗ ਦਾ ਬਹਾਨਾ ਲੋੜਦੀ ਹੈ।

25

ਕੱਲ੍ਹ ਦੀ ਗੱਲਬਾਤ ਕਾਰਨ ਬਹਾਲ ਨੂੰ ਪੱਕੀ ਆਸ ਸੀ, ਦਰਸ਼ਨ ਛੇਤੀ ਤੋਂ ਛੇਤੀ ਫ਼ੀਰੋਜ਼ਪੁਰੋਂ ਭੱਜ ਜਾਣ ਦੀ ਕੋਸ਼ਿਸ਼ ਕਰੇਗੀ। ਉਸ ਨੱਠ ਜਾਣ ਦੇ ਸਾਰੇ ਵਸੀਲਿਆਂ ਤੇ ਧਿਆਨ ਮਾਰਿਆ। ਸਵੇਰੇ ਸਵੇਰੇ ਰੇਲ ਗੱਡੀ ਦੇ ਛੇ ਵਜੇ ਜਾਣ ਤੋਂ ਪਹਿਲਾਂ ਹੋਰ ਕੋਈ ਜ਼ਰੀਆ ਨਹੀਂ ਸੀ, ਜਿਸ ਨਾਲ ਲੁਧਿਆਣੇ ਪਹੁੰਚਿਆ ਜਾ ਸਕਦਾ।

ਉਹ ਸ਼ਰਾਬੀ ਸਾਥੀਆਂ ਨੂੰ ਸੁੱਤਿਆਂ ਛਡ ਕੇ ਸਟੇਸ਼ਨ ਨੂੰ ਤੁਰ ਪਿਆ। ਰਾਤੀਂ ਉਹ ਇਕੱਲਾ ਸ਼ਰਾਬ ਦਾ ਅਧੀਆ ਡਕਾਰ ਗਿਆ ਸੀ, ਪਰ ਉਸ ਨੂੰ ਨਸ਼ਾ ਨਹੀਂ ਚੜ੍ਹਿਆ ਸੀ ਤੇ ਨਾ ਹੀ ਨੀਂਦ ਆਈ ਸੀ। ਉਸ ਦਾ ਸਾਰਾ ਸਰੀਰ ਸ਼ਰਾਬ ਤੇ ਨੀਂਦ ਦੇ ਖ਼ੁਮਾਰ ਵਿਚ ਥਾਂ ਥਾਂ ਤੋਂ ਟੁੱਟਿਆ ਪਿਆ ਸੀ। ਉਸ ਦੇ ਨਾਲ ਹੀ ਉਸ ਦਾ ਦਿਮਾਗ਼ ਚੁਸਤੀਆਂ

Sri Satguru Jagjit Singh Ji eLibrary NamdhariElibrary@gmail.com

ਸੋਚਦਾ ਸੋਚਦਾ ਇਕ ਤਰ੍ਹਾਂ ਧੂੰਆਂ ਦੇ ਉਠਿਆ। ਉਸ ਨੂੰ ਛੁਟਕਾਰੇ ਦਾ ਰਾਹ ਕੋਈ ਨਹੀਂ ਲਭਾ। ਉਹ ਸਿਰਤੋੜ ਯਤਨ ਨਾਲ ਸੋਚ ਰਿਹਾ ਸੀ, 'ਕਰਾਂ ਤਾਂ ਕੀ ਕਰਾਂ ? ਇਸ ਕੁੜੀ ਦਾ ਰਸਤਾ ਹੀ ਕੱਟ ਜਾਵਾਂ ? ਏਨੀ ਈਮਾਨਦਾਰ ਤੇ ਵਫ਼ਾਦਾਰ ਕੁੜੀ ਮਿਲਣੀ ਵੀ ਮੁਸ਼ਕਲ ਹੈ। ਚਲੋ ਬਚ ਨਿਕਲਣ ਲਈ ਹੱਥ ਪੈਰ ਤਾਂ ਮਾਰਾਂ। ਬਈ ਚੋਰ ਪਾੜ ਵਿਚੋਂ ਫੜਿਆ ਜਾਵੇ ਤੇ ਫਿਰ ਕਹੇ, ਮੈਂ ਪਹਿਰਾ ਦੇਣ ਵਾਲਾ ਸੀ, ਗੱਲ ਦਿਲ ਨਹੀਂ ਲਗਦੀ। ਪੁੱਤਰਾ, ਜੇ ਤੂੰ ਇਸ ਕੁੜਿੱਕੀ ਵਿਚੋਂ ਨਿਕਲ ਗਿਆ, ਫਿਰ ਤੂੰ ਸਾਰੀ ਜੁੰਡੀ ਦਾ ਗੁਰੂ ਹੀ ਨਹੀਂ, ਪਿਉ ਬਣਨ ਦਾ ਵੀ ਹੱਕਦਾਰ ਏਂ।' ਉਹ ਆਪ ਹੀ ਹੱਸ ਪਿਆ। ਉਹ ਗਰਮ ਕਪੜਿਆਂ ਨਾਲ ਕੱਸਿਆ ਪਿਆ ਸੀ, ਪਰ ਠੰਢ ਦੀਆਂ ਸੁਲਾਟਾਂ ਪੁਲਕਾਵਲੀਆਂ ਪਾਉਂਦੀਆਂ ਤੇ ਅੰਗ ਨਾਲੋਂ ਝੜਦੇ ਜਾਪ ਰਹੇ ਸਨ।

ਉਹ ਰੇਲਵੇ ਸਟੇਸ਼ਨ ਤੇ ਠੀਕ ਸਵਾ ਪੰਜ ਵਜੇ ਪਹੁੰਚ ਗਿਆ। ਉਸ ਵੇਟਿੰਗ ਰੂਮ ਤੋਂ ਲੈ ਕੇ ਪਲੈਟਫ਼ਾਰਮ ਤੇ ਗੱਡੀ ਤੱਕ ਨੂੰ ਗਾਹ ਸੁਟਿਆ, ਪਰ ਦਰਸ਼ਨ ਕਿਤੇ ਨਹੀਂ ਸੀ। 'ਖ਼ਿਆਲ ਹੈ, ਅਜੇ ਆਈ ਨਹੀਂ।' ਉਸ ਨੂੰ ਪੂਰੀ ਤਸੱਲੀ ਸੀ ਕਿ ਦਰਸ਼ਨ ਨੱਠਣ ਲਈ ਕਾਹਲੀ ਕਰੇਗੀ ਤੇ ਕਾਹਲੀ ਨੂੰ ਵਫ਼ਾ ਦੇਣ ਵਾਲੀ ਸਿਰਫ਼ ਛੇ ਵਜੇ ਦੀ ਟਰੇਨ ਹੀ ਸੀ। 'ਉਹ ਨਾ ਆਈ, ਤਦ ਵੀ ਗੱਡੀ ਲੰਘਾ ਕੇ ਹੀ ਜਾਣਾ ਚਾਹੀਦਾ ਹੈ, ਫਿਰ ਮੋਟਰਾਂ ਦਾ ਅੱਡਾ ਸਹੀ।'

ਉਸ ਨੀਂਦ ਦੀਆਂ ਝੋਕਾਂ ਖਾ ਰਹੇ ਸਟਾਲ ਵਾਲੇ ਲਾਲੇ ਤੋਂ ਇਕ ਕੱਪ ਗਰਮ ਪਾਣੀ ਦਾ ਮੰਗਿਆ। ਲਾਲੇ ਨੇ ਅੱਖਾਂ ਪਾੜ ਕੇ ਪਹਿਲੋਂ ਘੂਰਿਆ, ਫਿਰ ਥਾਣੇਦਾਰੀ ਦੇ ਦੋ ਸਟਾਰ ਦੇਖ ਕੇ ਹੱਥਾਂ ਪੈਰਾਂ ਵਿਚ ਆਉਂਦਾ ਮਸੀਂ ਸੰਭਲਿਆ।

"ਲਉ ਸਰਦਾਰ ਜੀ !" ਉਸ ਇਕ ਕੱਪ ਦੀ ਥਾਂ ਪੂਰੀ ਗੜਵੀ ਭਰ ਕੇ ਦੇ ਦਿਤੀ।

ਬਹਾਲ ਗੜਵੀ ਫੜ ਨਲਕੇ ਕੋਲ ਆ ਕੇ ਮੂੰਹ ਧੋਣ ਲੱਗ ਪਿਆ, 'ਸਾਲਾ ਇਸ਼ਕ ਵੀ ਬੁਰੀ ਬਲਾ ਏ, ਓਧਰ ਮੰਜਾ ਖ਼ਾਲੀ ਵੇਖ ਕੇ ਯਾਰਾਂ ਗਾਲ੍ਹਾਂ ਦੇਣੀਆਂ ਏਂ, ਏਧਰ ਪਾਲੇ ਵਿਚ ਆਕੜੇ ਅੰਗ ਨਹੀਂ ਜੁੜਦੇ। ਪੁੱਤਰਾ ਅੱਜ ਪੁਰਸਲਾਤ ਵਾਲਾ ਇਮਤਿਹਾਨ ਏਂ ਤੇਰੀਆਂ ਪੁਰਾਣੇ ਆਸ਼ਕਾਂ ਵਾਂਗ ਬਣੀਆਂ ਵੇਖਣ ਵਾਲੀਆਂ ਏਂ।' ਉਹ ਆਪਣੇ ਤੇ ਇਕ ਤਰ੍ਹਾਂ ਕਰੜੀ ਪੜਚੋਲ ਵੀ ਕਰ ਰਿਹਾ ਸੀ ਤੇ ਸੰਗਰਾਮ ਵਿਚ ਜੂਝਣ ਲਈ ਦਿਲ ਨੂੰ ਹੌਸਲਾ ਵੀ ਦੇ ਰਿਹਾ ਸੀ, 'ਚਲੋ ਹੋਰ ਨਾ ਸਹੀ, ਜ਼ਿੰਦਗੀ ਵਿਚ ਆਪਣੀ ਤਰ੍ਹਾਂ ਦਾ ਤਜਰਬਾ ਹੀ ਸਹੀ। ਦਿਲ ਨਾ ਕਮਜ਼ੋਰ ਪਵੇ, ਮਨੁੱਖ ਜ਼ਿੰਦਗੀ ਵਿਚ ਹਾਰ ਜਾਣਾ ਭੁੱਲ ਸਕਦਾ ਹੈ।' ਬੱਤੀਆਂ ਦੇ ਚਾਨਣ ਵਿਚ ਵੀ ਉਸ ਦੀਆਂ ਨਜ਼ਰਾਂ ਸਰਚ-ਲਾਈਟਾਂ ਵਾਂਗ ਆਲਾ-ਦੁਆਲਾ ਛਾਣ ਰਹੀਆਂ ਸਨ।

"ਓ ਲਾਲਾ ! ਚਾਹ ਦਾ ਪਿਆਲਾ ਤਾਂ ਬਣਾ।" ਉਸ ਖ਼ਾਲੀ ਗੜਵੀ ਰਖ ਕੇ ਰੁਮਾਲ ਨਾਲ ਮੂੰਹ ਪੂੰਝਿਆ। ਫਿਰ ਠਰਦੇ ਹੱਥਾਂ ਨੂੰ ਅੰਗੀਠੀ ਦੇ ਸੇਕ ਲਾਗੇ ਕਰ ਦਿਤਾ। ਰੇਲ ਦੀ ਘੜੀ ਤੇ ਉਸ ਦੀ ਆਪਣੀ ਘੜੀ ਵਿਚ ਪੰਜ ਮਿੰਟ ਦਾ ਫ਼ਰਕ ਸੀ। ਟਰੇਨ ਚਲਣ ਵਿਚ ਪੱਚੀ ਮਿੰਟ ਰਹਿ ਗਏ ਸਨ। ਚਾਹ ਪੀਂਦੇ ਤੇ ਕੇਕ ਖਾਂਦੇ ਨੂੰ ਦਸ ਮਿੰਟ ਹੋਰ ਬੀਤ ਗਏ। ਚਾਹ ਦੇ ਦੂਜੇ ਪਿਆਲੇ ਵਿਚੋਂ ਹਾਲੇ ਆਖ਼ਰੀ ਘੁੱਟ ਭਰਨੀ ਬਾਕੀ ਸੀ, ਜਦ ਉਸ ਦਰਸ਼ਨ ਨੂੰ ਜਾਣਿਆਂ-ਪਛਾਣਿਆਂ ਸੂਟਕੇਸ ਫੜੀ ਪੁਲ ਦੀਆਂ ਪੌੜੀਆਂ ਉਤਰਦਿਆਂ ਦੇਖਿਆ। ਉਸ ਪਿਆਲਾ ਉਥੇ ਈ ਰਖ ਦਿਤਾ ਅਤੇ ਛੇਤੀ ਨਾਲ ਲਾਲੇ ਨੂੰ ਰੁਪਿਆ ਦੇ ਕੇ ਸਟਾਲ ਦੇ ਪਿਛਲੇ ਪਾਸੇ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਅੱਧੀ ਗੱਡੀ ਲੰਘ ਗਈ। ਉਹ ਡੱਬਿਆਂ ਦੇ ਦਰਜੇ ਵੇਖ ਰਹੀ ਸੀ। ਫਿਰ ਉਹ ਪੂਰੀ ਬੋਗੀ ਛਡ ਕੇ ਅਗਲੇ ਇੰਟਰ ਕਲਾਸ ਵਿਚ ਬਹਿ ਗਈ। ਉਸ ਨੂੰ ਬੈਠੀ ਦੇਖ ਕੇ ਬਹਾਲ ਪਿਛਾਂਹ ਨੂੰ ਵਗ ਤੁਰਿਆ। ਉਸ ਵੀ ਇੰਟਰ ਕਲਾਸ ਦੀ ਟਿਕਟ ਲੈ ਲਈ ਅਤੇ ਮਟਕ ਮਟਕ ਪੁਲ ਦੀਆਂ ਪੌੜੀਆਂ ਉਤਰਿਆ। ਉਸ ਦੀ ਕਾਹਲ ਤੇ ਘਬਰਾਹਟ ਦੂਰ ਹੋ ਗਈਆਂ। ਉਹ ਡੱਬਿਆਂ ਨਾਲ ਖਹਿ ਖਹਿ ਅਗੇ ਵਧ ਰਿਹਾ ਸੀ। ਦਰਸ਼ਨ ਦੇ ਡੱਬੇ ਤੋਂ ਪਿਛਾਂਹ ਹੀ ਉਸ ਘੜੀ ਵੇਖੀ, ਹਾਲੇ ਦਸ ਮਿੰਟ ਬਾਕੀ ਸਨ। ਡੱਬੇ ਵਿਚ ਚੜ੍ਹਨ ਤੋਂ ਪਹਿਲਾਂ ਉਸ ਦਾ ਦਿਲ ਜ਼ਰੂਰ ਧੜਕਿਆ, ਪਰ ਉਸ ਦੇ ਕਦਮ ਕਾਫ਼ੀ ਮਜ਼ਬੂਤ ਸਨ, ਜਿਵੇਂ ਪਹਿਲੇ ਘੋਲ ਵਿਚ ਹੀ ਨਹੀਂ ਉਤਰ ਰਹੇ ਸਨ।

ਡੱਬੇ ਵਿਚ ਦਰਸ਼ਨ ਕੁਦਰਤੀ ਇੱਕਲੀ ਸੀ। ਜਿਉਂ ਹੀ ਉਸ ਬਹਾਲ ਨੂੰ ਡੱਬੇ ਵਿਚ ਦੇਖਿਆ, ਸੁਤੇ ਸਿਧ ਉਠ ਕੇ ਖਲੋ ਗਈ। ਉਸ ਨੂੰ ਅਜਿਹਾ ਹੋਣ ਦੀ ਕੋਈ ਆਸ ਨਹੀਂ ਸੀ।

"ਡਾਕੂ ਜ਼ਰੂਰ ਹਾਂ, ਪਰ ਪਿਸਤੌਲ ਨਹੀਂ ਵਖਾਵਾਂਗਾ।" ਬਹਾਲ ਨੇ ਇਕ ਢੀਠ ਮੁਸਕਣੀ ਨਾਲ ਕੁੜੀ ਦਾ ਦਿਲ ਜਿੱਤਣ ਦੀ ਕੋਸ਼ਸ਼ ਕੀਤੀ।

ਦਰਸ਼ਨ ਦਾ ਆਪਣਾ ਆਪ ਬਿਫਰਿਆ ਹੋਇਆ ਸੀ। ਉਸ ਸ਼ਾਲ ਨੂੰ ਉਚਿਆਂ ਢੁੱਕਦਿਆਂ ਬਰਥ ਤੋਂ ਅਟੈਚੀਕੇਸ ਖਿੱਚ ਲਿਆ। ਜਿਉਂ ਹੀ ਉਹ ਕੰਪਾਰਟਮੈਂਟ ਵਿਚੋਂ ਜਾਣ ਲਗੀ, ਬਹਾਲ ਨੇ ਸ਼ਾਲ ਫੜ ਲਈ। ਦਰਸ਼ਨ ਰੋਹ ਤੇ ਜੋਸ਼ ਵਿਚ ਪਲਟੀ ਅਤੇ ਝਟਕਾ ਮਾਰ ਕੇ ਸ਼ਾਲ ਉਸ ਦੇ ਹੱਥੋਂ ਛੁੜਾ ਲਿਆ। ਅਸਲ ਵਿਚ ਬਹਾਲ ਚੋਰ ਹੋਣ ਕਰ ਕੇ ਵਧੇਰੇ ਜ਼ਬਰਦਸਤੀ ਦੀ ਹਿੰਮਤ ਨਹੀਂ ਰਖਦਾ ਸੀ। ਉਹ ਬੂਹੇ ਵਿਚ ਖਲੋਕੇ ਪਿਛਾਂਹ ਜਾਂਦੀ ਦਰਸ਼ਨ ਨੂੰ ਦੇਖਦਾ ਰਿਹਾ। ਦਰਸ਼ਨ ਆਖ਼ਰੀ ਬੋਗੀ ਦੇ ਕਿਸੇ ਡੱਬੇ ਵਿਚ ਚੜ੍ਹ ਗਈ। ਬਹਾਲ ਦਾ ਆਪਣਾ ਵੀ ਅਨੁਮਾਨ ਸੀ ਕਿ ਉਹ ਪਿਛਲੇ ਇੰਟਰ ਕਲਾਸ ਵਿਚ ਹੀ ਚੜ੍ਹੇਗੀ।

ਉਸ ਡੱਬੇ ਵਿਚੋਂ ਉਤਰ ਕੇ ਪਿਛਾਂਹ ਨੂੰ ਮਲਕ ਮਲਕ ਕਦਮਾਂ ਪੁਟੀਆਂ। ਇੰਟਰ ਕਲਾਸ ਦੇ ਡੱਬੇ ਤੋਂ ਥੋੜਾ ਹਟਵਾਂ ਉਸ ਆਪਣੀ ਤਸੱਲੀ ਲਈ ਇਕ ਖੰਭੇ ਦੀ ਆੜ ਵਿਚੋਂ ਤੀਰ-ਕਾਣੀ ਨਜ਼ਰ ਨਾਲ ਦਰਸ਼ਨ ਨੂੰ ਬੈਠੀ ਦੇਖ ਲਿਆ। ਉਹ ਪਿੱਛੇ ਹੱਟ ਗਿਆ ਅਤੇ ਏਧਰ ਓਧਰ ਫਿਰਨ ਲਗਾ। ਫਿਰ ਭਾਵੇਂ ਉਹ ਕਿਧਰੇ ਰਿਹਾ ਸੀ, ਪਰ ਨਿਸ਼ਾਨਾ ਉਸ ਦੀਆਂ ਨਿਗਾਹਾਂ ਹੇਠ ਸੀ। ਇੰਜਣ ਗੱਡੀ ਨਾਲ ਆ ਠਹਿਕਿਆ। ਉਸ ਸਾਰੀ ਗੱਡੀ ਦੇ ਡੱਬਿਆਂ ਨੂੰ ਹਲੂਣ ਸੁਟਿਆ। ਵਿਸਲ ਵੱਜੀ, ਝੰਡੀ ਹਿੱਲੀ ਅਤੇ ਪਲੈਟਫ਼ਾਰਮ ਉਤੇ ਫਿਰਦੀਆਂ ਸਵਾਰੀਆਂ ਹੁਸ਼ਿਆਰ ਹੋ ਗਈਆਂ। ਬਹਾਲ ਇਕ ਖੰਭੇ ਨਾਲ ਖੰਭਾ ਹੋਇਆ ਖਲੋਤਾ ਸੀ। ਦੂਜੀ ਵਾਰ ਵਿਸਲ ਵੱਜਣ ਤੇ ਝੰਡੀ ਹਿੱਲਣ ਨਾਲ ਹੀ ਗੱਡੀ ਨੇ ਧੀਰੇ ਧੀਰੇ ਤੁਰਨਾ ਸ਼ੁਰੂ ਕਰ ਦਿਤਾ। ਜਦ ਦਰਸ਼ਨ ਦਾ ਡੱਬਾ ਉਸ ਦੇ ਬਰਾਬਰ ਆਇਆ, ਉਹ ਡੰਡੇ ਨੂੰ ਹੱਥ ਪਾ ਕੇ ਚੜ੍ਹ ਗਿਆ। ਦਰਸ਼ਨ ਨੇ ਉਸ ਨੂੰ ਬਾਰੀ ਵਿਚੋਂ ਚੜ੍ਹਦਿਆਂ ਤੱਕ ਲਿਆ। ਉਸ ਨੂੰ ਪੂਰੀ ਆਸ ਸੀ ਅੱਜ ਬਹਾਲ ਇਕੱਲਾ ਸਫ਼ਰ ਨਹੀਂ ਕਰੇਗਾ। ਪਰ ਉਸ ਨੂੰ ਨਾਲ ਬੈਠੀ ਸਵਾਰੀ ਦਾ ਰੱਬ ਵਰਗਾ ਆਸਰਾ ਸੀ। ਉਸ ਦਾ ਜੀਅ ਕੀਤਾ, ਉਹ ਉਠ ਕੇ ਬਹਾਲ ਨੂੰ ਡੰਡੇ ਨਾਲੋਂ ਤੋੜ ਕੇ ਪਲੈਟਫ਼ਾਰਮ ਤੇ ਵਗਾਹ ਮਾਰੇ। ਕਾਸ਼ ! ਜਿੰਨੀ ਦਲੇਰੀ ਨਾਲ ਔਰਤ ਆਪਣੇ ਨਿਰਦਈ ਤੇ ਜ਼ਾਲਮ ਸਮਾਜ ਬਾਰੇ ਸੋਚਦੀ ਰਹੀ ਹੈ, ਕਿਤੇ ਉਸ ਦਾ ਹਿੱਸਾ ਵੀ ਅਮਲ ਵਿਚ ਲਿਆ ਸਕਦੀ।

Sri Satguru Jagjit Singh Ji eLibrary NamdhariElibrary@gmail.com

ਬਹਾਲ ਦੀਆਂ ਪਹਿਲੀਆਂ ਨਜ਼ਰਾਂ ਨੇ ਕੰਪਾਰਟਮੈਂਟ ਵਿਚ ਇਕ ਹੋਰ ਮੁਸਾਫ਼ਰ ਨੂੰ ਤੱਕਿਆ। ਉਸ ਦੀ ਮਨ-ਪਸੰਦ ਆਜ਼ਾਦੀ ਨੂੰ ਸਭਿੱਅਤਾ ਦੀ ਲਗਾਮ ਪੈ ਗਈ। ਉਹ ਮੂੰਹ ਮਸੋਸ ਕੇ ਰਹਿ ਗਿਆ। ਫਿਰ ਵੀ ਉਹ ਰੋਹਬ-ਭਰਪੂਰ ਦਰਸ਼ਨ ਦੇ ਨਾਲ ਬਹਿ ਗਿਆ। ਦੂਜੀ ਸਵਾਰੀ ਨੇ ਮਹਿਸੂਸ ਕੀਤਾ, ਕੁੜੀ ਉਸ ਦੀ ਪਤਨੀ ਹੈ ਜਾਂ ਰਿਸ਼ਤੇਦਾਰ, ਨਹੀਂ ਤਾਂ ਜਾਣ ਪਛਾਣ ਬਿਨਾਂ ਕੋਈ ਮਰਦ ਓਪਰੀ ਜ਼ਨਾਨੀ ਨਾਲ ਇਸ ਤਰ੍ਹਾਂ ਨਹੀਂ ਬਹਿ ਸਕਦਾ। ਉਨ੍ਹਾਂ ਦੇ ਵਿਚਕਾਰਲੀ ਸੀਟ ਤੇ ਬੈਠੇ ਹੋਣ ਕਾਰਨ ਸਵਾਰੀ ਵਲ ਪਿੱਠ ਸੀ। ਦਰਸ਼ਨ ਬਹਾਲ ਵਲੋਂ ਹਰ ਤਰ੍ਹਾਂ ਬੇਪਰਵਾਹ ਅਲੱਸਟ੍ਰੇਟਿਡ ਵੀਕਲੀ ਦੀਆਂ ਤਸਵੀਰਾਂ ਨਾ ਵੇਖਣ ਤੇ ਵੀ ਵੇਖ ਰਹੀ ਸੀ। ਦਰਸ਼ਨ ਤਸਵੀਰਾਂ ਵਿਚ ਕੁਝ ਅਜਿਹੀ ਮਗਨ ਸੀ, ਜਿਵੇਂ ਉਸ ਬਹਾਲ ਦੀ ਹੋਂਦ ਨੂੰ ਕੱਖ ਜਿੰਨੀ ਅਹਿਮੀਅਤ ਨਾ ਦਿਤੀ ਹੋਵੇ। ਬਹਾਲ ਖ਼ਿਆਲ ਕਰ ਰਿਹਾ ਸੀ, 'ਹੋ ਸਕਦਾ ਹੈ, ਦਰਸ਼ਨ ਦਾ ਸਾਰਾ ਸਫ਼ਰ ਹੀ ਇਹੋ ਹਾਲਤ ਰਹੇ। ਜਾਂ ਘਟੋ ਘਟ ਉਨਾ ਚਿਰ, ਜਦ ਤਕ ਮੈਂ ਨੀਵਾਂ ਹੋ ਕੇ ਮਾਫ਼ੀ ਨਹੀਂ ਮੰਗ ਲੈਂਦਾ ਤੇ ਉਹ ਖੁਲ੍ਹ ਕੇ ਰੋ ਨਹੀਂ ਲੈਂਦੀ।' ਗੱਡੀ ਦਾ ਖਟੜਾ ਖੜਿੱਚ ਸ਼ੋਰ ਆਪਣੀ ਰਫ਼ਤਾਰ ਨਾਲ ਦਰੱਖਤਾਂ, ਕਾਨਿਆਂ ਤੇ ਝਾੜਾਂ ਨੂੰ ਪਿਛੇ ਛੱਡ ਰਿਹਾ ਸੀ।

ਦਰਸ਼ਨ ਨੇ ਤਸਵੀਰਾਂ ਦੇਖਣੀਆਂ ਛਡ ਕੇ ਬਾਰੀ ਦੇ ਸ਼ੀਸ਼ਿਆਂ ਵਿਚ ਦੀ ਹਾੜ੍ਹੀ ਭਰੇ ਖੇਤਾਂ ਵਲ ਦੇਖਣਾ ਸ਼ੁਰੂ ਕਰ ਦਿਤਾ। ਉਸ ਕਿਸੇ ਚੋਰ-ਝਾਤੀ ਨਾਲ ਵੀ ਬਹਾਲ ਨੂੰ ਨਹੀਂ ਤੱਕਿਆ। ਬਹਾਲ ਲਈ ਐਨਾ ਚਿਰ ਸਬਰ ਕਰ ਕੇ ਬੈਠਣਾ ਬਹੁਤ ਮੁਸ਼ਕਲ ਸੀ। ਹੁਣ ਉਹ ਦਰਸ਼ਨ ਦੇ ਪੱਟਾਂ ਤੋਂ ਰਸਾਲਾ ਚੁੱਕ ਕੇ ਤਸਵੀਰਾਂ ਵੇਖਣ ਲਗ ਪਿਆ। ਬਹਾਲ ਉਸ ਨੂੰ ਮਨਾਣ ਦੇ ਬਹਾਨੇ ਲੋੜਦਾ ਸੀ। ਉਸ ਨੂੰ ਰਸਾਲਾ ਚੁੱਕਦਿਆਂ ਦਰਸ਼ਨ ਨੇ ਬਹੁਤ ਹੀ ਕ੍ਰੋਧ ਭਰੀਆਂ ਅੱਖਾਂ ਨਾਲ ਤੱਕਿਆ। ਉਸ ਦੀਆਂ ਨਿਗਾਹਾਂ ਦੇ ਅੰਗਿਆਰ ਬਹਾਲ ਦੇ ਬਰਫ਼ ਹੋਏ ਚਿਹਰੇ ਤੇ ਵਰ੍ਹ ਰਹੇ ਸਨ। ਉਹ ਮਨ ਵਿਚ ਕਹਿ ਰਿਹਾ ਸੀ : 'ਛੋਕਰੀਏ, ਮੈਂ ਅਜਿਹੀਆਂ ਅੱਖਾਂ ਪਹਿਲੀ ਵਾਰ ਨਹੀਂ ਵੇਖੀਆਂ ਤੇ ਮੈਂ ਏਨ੍ਹਾਂ ਅੱਖਾਂ ਨੂੰ ਰੁਆਣ ਤੇ ਹਸਾਣ ਵੀ ਜਾਣਦਾ ਹਾਂ।' ਬਹਾਲ ਨੇ ਬੇਪਰਵਾਹੀ ਨਾਲ ਬੂਟਾਂ ਸਮੇਤ ਦੂਜੀ ਬਰਥ ਤਕ ਲੱਤਾਂ ਪਸਾਰ ਲਈਆਂ। ਉਹ ਕਹਿਣਾ ਚਾਹੁੰਦਾ ਸੀ, 'ਤੂੰ ਹੁਣ ਵੀ ਮੇਰੀ ਹਿਰਾਸਤ ਵਿਚ ਏਂ।' ਪਰ ਦਰਸ਼ਨ ਦੇ ਚੜ੍ਹੇ ਗ਼ੁੱਸੇ ਦੀ ਢਾਲ ਵੇਖ ਕੇ ਚੁੱਪ ਹੀ ਰਿਹਾ।

ਤਲਵੰਡੀ ਦੇ ਸਟੇਸ਼ਨ 'ਤੇ ਦੂਜੀ ਸਵਾਰੀ ਉਤਰ ਗਈ। ਬਹਾਲ ਨੇ ਰਸਾਲਾ ਦੂਜੀ ਬਰਥ 'ਤੇ ਚਲਾ ਕੇ ਮਾਰਿਆ ਅਤੇ ਦਰਸ਼ਨ ਦਾ ਸ਼ਾਲ ਖਿੱਚ ਕੇ ਉਸ ਦਾ ਧਿਆਨ ਆਪਣੀ ਵਲ ਫੇਰਿਆ। ਦਰਸ਼ਨ ਦਾ ਮੂੰਹ ਇਕ ਘੂਰੀ ਵਿਚ ਪੀਡਾ ਹੋਇਆ ਹੋਇਆ ਸੀ। ਭਾਵੇਂ ਉਸ ਦੇ ਦਿਲ ਵਿਚ ਲੱਖਾਂ ਆਰੇ ਚਲ ਰਹੇ ਸਨ, ਪਰ ਪੀੜ ਦੀ ਇਕ ਇਕ ਰੇਖਾ ਤਕ ਨੂੰ ਆਪਣੇ ਜ਼ਬਤ ਦੇ ਪਿਛਵਾੜੇ ਫਾਹੇ ਲਾ ਲਿਆ ਸੀ ਅਤੇ ਬਹਾਲ ਨੂੰ ਆਪਣੀ ਅਲਪ ਕਮਜ਼ੋਰੀ ਦਾ ਇਕ ਪਲ ਵੀ ਮੌਕਾ ਨਹੀਂ ਦਿਤਾ ਸੀ। ਦਰਸ਼ਨ ਆਪਣਾ ਸ਼ਾਲ ਖਿੱਚ ਕੇ ਦੂਜੀ ਬਰਥ 'ਤੇ ਜਾ ਬੈਠੀ। ਉਹ ਆਪਣੇ ਕੰਟਰੋਲ ਤੇ ਖ਼ੁਦ ਹੈਰਾਨ ਸੀ।

"ਮੈਂ ਚੂਹੜਾ ਤਾਂ ਨਹੀਂ, ਸਰਦਾਰਾਂ ਦਾ ਮੁੰਡਾ ਹਾਂ। ਆਖ਼ਰ ਸਾਰੇ ਰਾਹ ਹੀ ਇਹ ਤੂਫ਼ਾਨ ਚੜ੍ਹਿਆ ਰਹੇਗਾ।" ਉਹ ਉਠ ਕੇ ਉਸ ਦੇ ਕੋਲ ਬੈਠਣ ਹੀ ਵਾਲਾ ਸੀ ਕਿ

Sri Satguru Jagjit Singh Ji eLibrary NamdhariElibrary@gmail.com

ਦੋ ਸਵਾਰੀਆਂ ਉਸ ਡੱਬੇ ਵਿਚ ਚੜ੍ਹ ਆਈਆਂ। ਏਨ੍ਹਾਂ ਹਰਾਮਜ਼ਾਦਿਆਂ ਵੀ ਹੁਣੇ ਮਰਨਾ ਸੀ।' ਉਹ ਓਥੋਂ ਜੋਗਾ ਹੀ ਰਹਿ ਗਿਆ ਤੇ ਕੁਝ ਦਰਸ਼ਨ ਦੀ ਅਵੱਗਿਆ ਤੋਂ ਵੀ ਡਰ ਗਿਆ।

ਦਰਸ਼ਨ ਦੇ ਦਿਲ ਵਿਚ ਕਿਸਮ ਕਿਸਮ ਦੇ ਵਿਰੋਧ ਉਠ ਰਹੇ ਸਨ। 'ਬਹਾਲ ਮੇਰੇ ਲਈ ਮਰ ਚੁੱਕਾ ਏ, ਭਾਵੇਂ ਇਹ ਸੋਨੇ ਦਾ ਬਣ ਕੇ ਲੱਖ ਮਿੰਨਤਾਂ ਕਰੇ, ਮੈਂ ਇਸ ਨੂੰ ਕਦੇ ਮੂੰਹ ਨਹੀਂ ਲਾਵਾਂਗੀ।'

ਬਹਾਲ ਇਸ ਇੰਤਜ਼ਾਰ ਵਿਚ ਸੀ, ਇਹ ਸਵਾਰੀਆਂ ਕਦੋਂ ਲਹਿੰਦੀਆਂ ਹਨ ਤੇ ਮੈਂ ਦਰਸ਼ਨ ਨੂੰ ਆਪਣੀਆਂ ਬਾਹਾਂ ਵਿਚ ਖਿਚ ਕੇ ਹਰ ਤਰ੍ਹਾਂ ਨੀਵਾਂ ਪੈ ਕੇ ਮਨਾਂ ਲਵਾਂਗਾ। ਉਸ ਪੱਕੀ ਧਾਰ ਲਈ ਸੀ ਕਿ ਲੁਧਿਆਣਾ ਆਉਣ ਤੋਂ ਪਹਿਲਾਂ ਪਹਿਲਾਂ ਦਰਸ਼ਨ ਨੂੰ ਜ਼ਰੂਰ ਰਾਜ਼ੀ ਕਰ ਲੈਣਾ ਹੈ। ਪਰ ਉਹ ਦੋਵੇਂ ਸਾਥੀ-ਸਵਾਰੀਆਂ ਆਪਣੀਆਂ ਗੱਲਾਂ ਵਿਚ ਇਸ ਤਰ੍ਹਾਂ ਰੁਝੀਆਂ ਹੋਈਆਂ ਸਨ, ਜਿਵੇਂ ਉਨ੍ਹਾਂ ਕਿਤੇ ਉਤਰਨਾ ਈ ਨਹੀਂ ਸੀ।

ਗੱਡੀ ਸਟੇਸ਼ਨ ਤੇ ਸਟੇਸ਼ਨ ਛੱਡੀ ਜਾ ਰਹੀ ਸੀ। ਖੇਤਾਂ ਦਾ ਹਰੀਆਂ ਭਰੀਆਂ ਪੈਲੀਆਂ ਦਾ ਨਜ਼ਾਰਾ ਮੁੱਕਣ ਵਿਚ ਨਹੀਂ ਆ ਰਿਹਾ ਸੀ। ਗੱਡੀ ਦੀ 'ਖੜਚ ਖੜਚ' ਬਹਾਲ ਦੇ ਵਦਾਣਾਂ ਮਾਰ ਰਹੀ ਸੀ। ਸਮੇਂ ਦੇ ਪਰ ਸ਼ੂਕ ਰਹੇ ਸਨ। ਖ਼ਾਮੋਸ਼ੀ ਦੀ ਸਾਣ ਹਥਿਆਰ ਦੀ ਛੋਹ ਬਿਨਾਂ ਚਲੀ ਜਾ ਰਹੀ ਸੀ। ਸਫ਼ਰ ਮੁੱਕਣ 'ਤੇ ਆ ਗਿਆ, ਪਰ ਉਹ ਸਵਾਰੀਆਂ ਕਿਤੇ ਨਾ ਉਤਰੀਆਂ ਤੇ ਬਹਾਲ ਦਾ ਇਰਾਦਾ ਨਾਕਾਮੀ ਦੀ ਜ਼ਰਬ ਖਾ ਗਿਆ। ਉਸ ਆਪਣਾ ਆਪ ਤੋੜਦਿਆਂ ਬੁੱਲ੍ਹਾਂ ਨੂੰ ਚਿੱਥਣਾ ਸ਼ੁਰੂ ਕਰ ਦਿਤਾ। ਪਰ ਦਰਸ਼ਨ ਟੱਸ ਤੋਂ ਮੱਸ ਨਾ ਹੋਈ। ਉਹ ਉਸ ਲਈ ਓਨਾ ਹੀ ਓਪਰਾ ਮਰਦ ਸੀ, ਜਿਸ ਨਾਲ ਸਫ਼ਰ ਵਿਚ ਕੋਈ ਸ਼ਰੀਫ਼ ਔਰਤ ਕਿਸੇ ਤਰ੍ਹਾਂ ਦੀ ਗੱਲਬਾਤ ਨਹੀਂ ਕਰਦੀ। ਦਰਸ਼ਨ ਦਾ ਮਨ ਸ੍ਵੈਮਾਨ ਵਿਚ ਉਚਾ ਹੁੰਦਾ ਜਾ ਰਿਹਾ ਸੀ। ਬਹਾਲ ਨੇ ਮੋੜ ਮੁੜ ਚੁੱਕੀ ਗੱਡੀ ਦੀ ਬਾਰੀ ਵਿਚੋਂ ਘੰਟਾ ਘਰ ਦੀ ਘੜੀ ਨੂੰ ਤੱਕਿਆ, ਫਿਰ ਆਪਣੀ ਘੜੀ ਵਲ ਨਜ਼ਰ ਮਾਰੀ, ਉਹ ਰਾਤੀਂ ਚਾਬੀ ਨਾ ਦੇਣ ਕਾਰਨ ਨੌਆਂ ਤੇ ਹੀ ਖਲੋ ਗਈ ਸੀ।

ਹੌਲੀ ਹੁੰਦੀ ਗਡੀ ਪਲੈਟਫ਼ਾਰਮ ਨਾਲ ਆ ਲਗੀ। ਦੋਵੇਂ ਸਵਾਰੀਆਂ ਥਲੇ ਲਹਿ ਗਈਆਂ। ਦਰਸ਼ਨ ਵੀ ਉਠ ਖਲੋਤੀ। ਬਹਾਲ ਨੇ ਉਠ ਕੇ ਉਸ ਦਾ ਰਾਹ ਰੋਕ ਲਿਆ। ਦਰਸ਼ਨ ਨੇ ਤੁਣਕ ਕੇ ਉਸ ਨੂੰ ਦੇਖਿਆ ਤੇ ਜ਼ੋਰ ਨਾਲ ਆਵਾਜ਼ ਮਾਰੀ :

"ਕੁਲੀ !"

ਬਹਾਲ ਢਿੱਲਾ ਜਿਹਾ ਹੋ ਗਿਆ।

"ਜੀ ਬੀਬੀ ਜੀ !" ਕੁਲੀ ਕੰਪਾਰਟਮੈਂਟ ਵਿਚ ਆ ਗਿਆ। ਬਹਾਲ ਪਾਸੇ ਹੋਣ ਲਈ ਮਜਬੂਰ ਹੋ ਗਿਆ। ਦਰਸ਼ਨ ਲੰਘ ਗਈ। ਉਸ ਕੁਲੀ ਨੂੰ ਅਟੈਚੀਕੇਸ ਚੁੱਕਣ ਲਈ ਇਸ਼ਾਰਾ ਕੀਤਾ। ਬਹਾਲ ਸਿਵਾਏ ਦਰਸ਼ਨ ਦੇ ਮੂੰਹ ਵਲ ਦੇਖਣ ਦੇ ਕੁਝ ਵੀ ਨਾ ਕਰ ਸਕਿਆ।

Sri Satguru Jagjit Singh Ji eLibrary NamdhariElibrary@gmail.com

26

ਬਹਾਲ ਨੇ ਆਪਣੇ ਕਵਾਟਰ ਨਹਾ ਧੋ ਕੇ ਸੁਰਤ ਵੀ ਨਹੀਂ ਫੜੀ ਸੀ ਕਿ ਗਰੇਵਾਲ ਦਾ ਨੌਕਰ ਆ ਗਿਆ। ਉਸ ਦਸਿਆ, ਦਰਸ਼ਨ ਰੋਈ ਜਾ ਰਹੀ ਹੈ, ਕੁਝ ਵੀ ਨਹੀਂ ਦੱਸਦੀ ਤੇ ਸਰਦਾਰ ਜੀ ਨੇ ਤੁਹਾਨੂੰ ਬੁਲਾਇਆ ਹੈ। ਬਹਾਲ ਨੇ ਸੁਣਦਿਆਂ ਹੀ ਪਾਣੀ ਦਾ ਘੜਾ ਸਿਰ ਪੈ ਗਿਆ ਅਨੁਭਵ ਕੀਤਾ। 'ਅੱਜ ਉਹ ਕੁਝ ਨੰਗਾ ਹੋ ਗਿਆ, ਜਿਹੜਾ ਗਰੇਵਾਲ ਫ਼ੈਮਲੀ ਤੋਂ ਹਰ ਤਰ੍ਹਾਂ ਲੁਕਾ ਕੇ ਰਖਿਆ ਸੀ।' ਉਸ ਨੂੰ ਦਰਸ਼ਨ ਤੇ ਇੰਤਹਾ ਗ਼ੁਸਾ ਆਇਆ। 'ਉਹ ਮੇਰੇ ਭਾਵੇਂ ਜੁੱਤੀਆਂ ਮਾਰ ਲੈਂਦੀ, ਪਰ ਉਸ ਘਰ ਕਿਉਂ ਭਾਂਡਾ ਭੰਨਿਆ।' ਉਸ ਨੂੰ ਭਰੋਸਾ ਸੀ, ਦਰਸ਼ਨ ਘਰ ਬਿਲਕੁਲ ਨਹੀਂ ਦਸੇਗੀ ਤੇ ਜਿਵੇਂ ਕਿਵੇਂ ਉਸ ਨੂੰ ਬਿੱਤਰੀ ਮਾਰ ਕੇ ਮਨਾ ਲਵਾਂਗਾ। ਉਹ ਔਰਤ ਨੂੰ ਇਕ ਬਿੱਲੀ ਖ਼ਿਆਲ ਕਰਦਾ ਸੀ, ਜਿਹੜੀ ਗ਼ੁੱਸੇ ਵਿਚ ਕਿੰਨੀ ਗ਼ੁਰੱਾ ਪਵੇ, ਪਿਆਰ ਦੀ ਇਕ ਹੀ ਸੈਂਖੀ ਨਾਲ ਲਾਡ ਕਰਨ ਲੱਗ ਪੈਂਦੀ ਹੈ।

ਉਸ ਨੌਕਰ ਨੂੰ ਏਨਾ ਕਹਿ ਕੇ ਤੋਰ ਦਿਤਾ ਕਿ ਮੈਂ ਆਉਂਦਾ ਹਾਂ। ਪਰ ਆਪ ਜਾਣ ਕੇ ਥੋੜਾ ਲੇਟ ਹੋ ਗਿਆ, ਤਾਂ ਕਿ ਦਰਸ਼ਨ ਦਾ ਗ਼ੁੱਸਾ ਚੜ੍ਹਾਈ ਦੀ ਮੰਜ਼ਲ ਵਿਚੋਂ ਉਤਰਾਈ ਵਿਚ ਆ ਜਾਵੇ। ਉਸ ਰਾਮ ਨਾਥ ਤੋਂ ਚਾਹ ਮੰਗਵਾ ਕੇ ਪੀਤੀ ਤੇ ਇਸ ਤਰ੍ਹਾਂ ਅੱਧਾ ਘੰਟਾ ਹੋਰ ਲਾ ਦਿਤਾ। ਦਫ਼ਤਰ ਦੇ ਹੈਂਡ ਕਲਰਕ ਨੂੰ ਬੁਲਾ ਕੇ ਕਿਸੇ ਵਾਰਦਾਤ ਬਾਰੇ ਪੁੱਛਿਆ।

"ਹਾਲੇ ਮੇਰੀ ਆਮਦ ਰੋਜ਼ਨਾਮਚੇ ਵਿਚ ਦਰਜ ਨਾ ਕਰਨੀ।" ਉਸ ਹੈਂਡ ਕਲਰਕ ਨੂੰ ਚਿਤਾਵਨੀ ਦਿਤੀ।

"ਬਹੁਤ ਹੱਛਾ ਜਨਾਬ ! ਹੋਰ ਹੁਕਮ।"

"ਬੱਸ ਜਾਓ।" ਉਸ ਦੇ ਏਨੀ ਆਖਣ ਤੇ ਹੈਂਡ ਕਲਰਕ ਉਠ ਗਿਆ।

ਫਿਰ ਉਸ ਹੌਲੀ ਹੌਲੀ ਤੁਰਦਿਆਂ ਬਾਹਰ ਸੜਕ ਤੇ ਇਕ ਟਾਂਗਾ ਰੋਕ ਲਿਆ। ਟਾਂਗੇ ਵਿਚ ਆਪਣੇ ਆਪ ਨੂੰ ਸੁੱਟਦਿਆਂ ਮਨ ਵਿਚ ਆਖਿਆ, 'ਅੱਜ ਬੱਚੂ ਐਕਸਪਲੇਨੇਸ਼ਨ ਕਾਲ ਹੋਈ ਏ, ਜਵਾਬ ਦੇ ਖਾਂ ਚਲ ਕੇ, ਬਥੇਰਾ ਚਿਰ ਹਰਾਮ ਦੀਆਂ ਖਾਧੀਆਂ ਏਂ।'

"ਸਿਵਲ ਲਾਈਨ !" ਉਸ ਟਾਂਗੇ ਵਾਲੇ ਦੀਆਂ ਸਵਾਲ ਪੁੱਛਦੀਆਂ ਨਜ਼ਰਾਂ ਦੇਖ ਕੇ ਆਖਿਆ।

ਉਸ ਗਰੇਵਾਲ ਦੇ ਸਾਹਮਣੇ ਇਸ ਹਾਲਤ ਵਿਚ ਆਉਣ ਨੂੰ ਬੜੀ ਹੱਤਕ ਸਮਝਿਆ। 'ਜੇ ਨਾ ਜਾਵਾਂ ? ਫਿਰ ਓਥੋਂ ਹਮੇਸ਼ਾ ਲਈ ਜਵਾਬ। ਕਿਉਂਕਿ ਚੋਰ ਹੋਣ ਨਾਲ ਹਰ ਤਰ੍ਹਾਂ ਝੂਠਾ, ਧੋਖੇਬਾਜ ਤੇ ਬਦਮਾਸ਼ ਵੀ ਸਮਝਿਆ ਜਾਵਾਂਗਾ।' ਉਸ ਦੀ ਸੋਚ ਨੂੰ ਕੜਵੱਲ ਪਏ ਹੋਏ ਸਨ। ਪਰ ਉਸ ਨੂੰ ਕੁਝ ਵੀ ਨਹੀਂ ਸੁਝ ਰਿਹਾ ਸੀ। 'ਕੀ ਦੋਸ਼ ਮੰਨ ਲਵਾਂ ? ਜੁੱਤੀਆਂ ਤਾਂ ਨਹੀਂ ਖਾਣੀਆਂ ? ਇਹ ਤਾਂ ਬਹਾਲ ਇਕ ਦਿਨ ਪੈ ਕੇ ਹੀ ਰਹਿਣਗੀਆਂ। ਪਹਿਲੀ ਗੱਲ ਤਾਂ ਅੱਜ ਬਚਦਾ ਨਹੀ, ਜੇ ਬਚ ਗਿਆ, ਆਥਣ

Sri Satguru Jagjit Singh Ji eLibrary NamdhariElibrary@gmail.com

ਸਵੇਰ ਆਹਲੇ ਨਹੀਂ ਜਾਂਦੇ। ਇਹ ਕੁੱਤੀ ਕੁਮਾਰੀ ਨੇ ਬਦਲਾ ਲੈਣ ਲਈ ਜਾਣ ਕੇ ਕੀਤਾ ਏ, ਹੱਛਾ ! ਓਹਦੇ ਵਾਲੇ ਵੀ ਵੱਟ ਕੱਢਾਂਗਾ ਮੌਕਾ ਪਏ ਤੋਂ।' ਉਹ ਏਧਰ ਓਧਰ ਦਾ ਊਟ-ਪਟਾਂਗ ਤਾਂ ਸੋਚਦਾ ਰਿਹਾ, ਪਰ ਕੰਮ ਦੀ ਗੱਲ ਉਸ ਨੂੰ ਇਕ ਨਾ ਸੁਝੀ।

ਟਾਂਗੇ ਵਿਚੋਂ ਉਤਰਕੇ ਉਸ ਬੀਮਾਰਾਂ ਵਾਂਗ ਗਰੇਵਾਲ-ਕਾਟੇਜ ਵਲ ਪੈਰ ਵਧਾਏ। ਉਸ ਦੇ ਸਾਹਮਣੇ ਕਿੰਨੇ ਦੋਸ਼ੀ ਦੀਨਤਾ ਦੀ ਭੈੜੀ ਹਾਲਤ ਵਿਚ ਪੇਸ਼ ਹੁੰਦੇ ਸਨ, ਜਿਨ੍ਹਾਂ ਨੂੰ ਉਹ ਨੰਗੀਆਂ ਗਾਲ੍ਹਾਂ ਦਿਆ ਕਰਦਾ ਤੇ ਬੈਂਤ ਦੇ ਡੰਡੇ ਨਾਲ ਪੋਰੀ ਪੋਰੀ ਭੰਨ ਸੁਟਦਾ ਹੁੰਦਾ ਸੀ। ਦੋਸ਼ ਦੇ ਪਛਤਾਵੇ ਦੀ ਹਾਲਤ ਨੂੰ ਨੱਕ ਬੁੱਲ੍ਹ ਮਾਰਦਿਆਂ ਅਖ਼ੀਰ ਉਸ ਮਨ ਬਣਾਇਆ, 'ਇਕ ਕੁੜੀ ਹੀ ਹੈ, ਜੇ ਹੱਥ ਵਿਚ ਨਾ ਰਹੇਗੀ; ਫਿਰ ਕਿਹੜੀ ਆਖਰ ਆ ਜਾਵੇਗੀ। ਐਨਾ ਤਾਂ ਕੋਈ ਕਤਲ ਕਰ ਕੇ ਨਹੀਂ ਮਹਿਸੂਸ ਕਰਦਾ।' ਫਿਰ ਉਸ ਦੇ ਕੰਨਾਂ ਨੇ ਗਰੇਵਾਲ-ਫ਼ੈਮਲੀ ਨੂੰ ਅੰਦਰ ਗੱਲਾਂ ਕਰਦਿਆਂ ਸੁਣਿਆ। ਪ੍ਰਤਾਪ ਕੌਰ ਕਹਿ ਰਹੀ ਸੀ :

"ਤੁਸੀਂ ਮੇਰੀ ਇਕ ਨਾ ਮੰਨੀ ਪਿਓ ਧੀ ਨੇ......ਇਹ ਮੁੰਡਾ ਸ਼ਰੀਫ਼ ਕਦੇ ਨਹੀਂ ਹੋ ਸਕਦਾ.......।"

ਉਹ ਇਕ ਵਾਰ ਹੀ ਧੰਦਕ ਕੇ ਖਲੋ ਗਿਆ। ਉਸ ਨੂੰ ਇਉਂ ਪਰਤੀਤ ਹੋਇਆ, ਜਿਵੇਂ ਬੂਹੇ ਵੜਨ ਤੋਂ ਪਹਿਲਾਂ ਹੀ ਕਿਸੇ ਉਸ ਦਾ ਬੁਥਾੜ ਭੰਨ ਦਿੱਤਾ ਹੈ। 'ਇਹ ਬੁੜ੍ਹੀ ਚੁੜੇਲ ਮੈਨੂੰ ਮੁੱਢ ਤੋਂ ਹੀ ਕੈਲੀਆਂ ਨਜ਼ਰਾਂ ਨਾਲ ਵੇਖਦੀ ਰਹੀ ਏ।' ਬਹਾਲ ਇਕ ਮਿੰਟ ਅਟਕ ਕੇ ਖੰਘੂਰਿਆ, ਫਿਰ ਅੰਦਰ ਚਲਿਆ ਗਿਆ। ਇਕ ਚੁੱਪ ਵਰਤ ਗਈ। ਦਰਸ਼ਨ ਹੁਬਕੀਂ ਹੁਬਕੀਂ ਰੋਈ ਜਾ ਰਹੀ ਸੀ, ਉਸ ਦੀ ਬੇ ਜੀ ਲੋਹੀ ਲਾਖੀ ਹੋਈ ਬੈਠੀ ਸੀ ਤੇ ਗਰੇਵਾਲ ਕੁਝ ਗੰਭੀਰ ਸੋਚ ਰਿਹਾ ਸੀ। ਬਹਾਲ ਨੇ ਅਨੁਮਾਨ ਲਾਇਆ, ਅੱਜ ਖ਼ੈਰ ਨਹੀਂ। ਉਸ 'ਸਤਿ ਸ੍ਰੀ ਅਕਾਲ' ਆਖਦਿਆਂ ਹੱਥ ਜੋੜੇ। ਦਰਸ਼ਨ ਦੀ ਬੇ ਜੀ ਉਠ ਕੇ ਬਾਹਰ ਚਲੀ ਗਈ। ਬਹਾਲ ਇਕ ਕੁਰਸੀ ਤੇ ਬਹਿ ਗਿਆ, ਗੱਲ ਕਰਨੀ ਤਾਂ ਕਿਤੇ, ਉਸ ਵਿਚ ਹੁੰਗਾਰਾ ਭਰਨ ਦੀ ਹਿੰਮਤ ਨਹੀਂ ਸੀ। ਪਰ ਉਸ ਆਪਣੇ ਵਿਚ ਹੌਸਲਾ ਤੇ ਮਜ਼ਬੂਤੀ ਲਿਆਉਣ ਦਾ ਪੂਰਾ ਯਤਨ ਕੀਤਾ।

ਗਰੇਵਾਲ ਨੇ ਚਿਹਰੇ ਤੇ ਮੁਸਕਾਣ ਪੈਦਾ ਕਰਦਿਆਂ ਆਖਿਆ :

"ਬੁਰਖ਼ੁਰਦਾਰ ! ਦਰਸ਼ਨ ਤੇਰੀ ਸ਼ਕਾਇਤ ਲਾਂਦੀ ਏ।"

ਗਰੇਵਾਲ ਦਾ ਚਿਹਰਾ ਤੱਕਦਿਆਂ ਹੀ ਬਹਾਲ ਇਕ-ਦਮ ਖੜਾ ਹੋ ਗਿਆ। ਉਸ ਮਹਿਸੂਸ ਕੀਤਾ, ਮੈਦਾਨ ਮੇਰੇ ਹੱਥ ਹੈ।

"ਇਸ ਗੱਲ ਦਾ ਮੈਨੂੰ ਵੀ ਪਤਾ ਹੈ ਬਾਊ ਜੀ ! ਪਰ ਕੋਈ ਫ਼ੈਸਲਾ ਦੇਣ ਤੋਂ ਪਹਿਲਾਂ ਮੁਲਜ਼ਮ ਨੂੰ ਸਫ਼ਾਈ ਦਾ ਜ਼ਰੂਰ ਮੌਕਾ ਦਿੱਤਾ ਜਾਵੇ।" ਬਹਾਲ ਆਪਣੀ ਕਿਸਮ ਦੀ ਦਿਲਚਸਪੀ ਪੈਦਾ ਕਰਨ ਵਿਚ ਕਾਮਯਾਬ ਹੋ ਗਿਆ।

"ਹਾਂ, ਤੂੰ ਹੀ ਦੱਸ ਕੀ ਗੱਲ ਹੋਈ ?"

"ਪਹਿਲੋਂ ਮੈਨੂੰ ਮੇਰਾ ਦੋਸ਼ ਦਸਿਆ ਜਾਵੇ।" ਬਹਾਲ ਨੇ ਦਰਸ਼ਨ ਵਲ ਗੱਲ ਨਰਮ ਪਾਉਣ ਲਈ ਅਪੀਲ ਕਰਦੀਆਂ ਨਜ਼ਰਾਂ ਨਾਲ ਵੇਖਿਆ।

ਦਰਸ਼ਨ ਚਿੜ੍ਹ ਕੇ ਹੋਰ ਰੋ ਉਠੀ ਅਤੇ ਓਸੇ ਤਰ੍ਹਾਂ ਲੰਮੀਆਂ ਹੁੱਬਕੀਆਂ 'ਚੋਂ ਕਿਹਾ :

Sri Satguru Jagjit Singh Ji eLibrary NamdhariElibrary@gmail.com

"ਅਜੇ ਕੁਝ ਦੱਸਣ ਦੀ ਵੀ ਲੋੜ ਹੈ ?"

"ਬੱਸ ਐਨੀ ਗੱਲ ਕਿ ਕੁਮਾਰੀ ਕੋਲ ਕਿਉਂ ਗਿਆ ?" ਉਹ ਦਰਸ਼ਨ ਵਲੋਂ ਅੱਖਾਂ ਫੇਰ ਕੇ ਗਰੇਵਾਲ ਨੂੰ ਸੰਬੋਧਿਨ ਹੋਇਆ। "ਲੋ ਬਾਊ ਜੀ, ਤੁਸੀਂ ਸਾਰੀ ਗੱਲ ਸੁਣ ਲਓ। ਮੈਨੂੰ ਬਿਲਕੁਲ ਹੀ ਪਤਾ ਨਹੀਂ ਸੀ, ਦਰਸ਼ਨ ਕਸ਼ਮੀਰ-ਡੇ ਤੇ ਜਾ ਰਹੀ ਏ। ਨਾ ਹੀ ਇਸ ਦਸਿਆ ਸੀ। ਉਥੇ ਪੋਲੀਸ-ਅਫ਼ਸਰਾਂ ਦੀ ਜੁੰਡੀ ਰਲ ਗਈ। ਉਨ੍ਹਾਂ ਨਾਲ ਸਮੇਂ ਸਮੇਂ ਪੀਣੀ ਵੀ ਪੈ ਜਾਂਦੀ ਹੈ।"

ਬਹਾਲ ਗਰੇਵਾਲ ਤੋਂ ਹੁੰਗਾਰਾ ਲੈਣ ਲਈ ਇਕ ਪਲ ਅਟਕਿਆ।

"ਹਾਂ, ਹਾਂ, ਇਹ ਤਾਂ ਮਾਮੂਲੀ ਗੱਲ ਹੈ।" ਗਰੇਵਾਲ ਨੇ ਆਪਣੇ ਜੀਵਨ-ਤਜਰਬੇ ਵਿਚੋਂ ਹਾਮੀਂ ਭਰੀ।

"ਉਨ੍ਹਾਂ ਕੰਜਰਾਂ ਇਹ ਸਿਆਪਾ ਪਾਇਆ ਕਿ ਤੇਰੇ ਲੁਧਿਆਣੇ ਦੀ ਰੇਡੀਓ-ਆਰਟਿਸਟ ਕੁਮਾਰੀ ਕਸ਼ਮੀਰ-ਡੇ ਤੇ ਆਈ ਏ, ਅੱਜ ਰਾਤ ਨੂੰ ਮਹਿਫ਼ਲ ਜੰਮ ਜਾਵੇ। ਨਹੀਂ ਗੱਲ ਏਥੋਂ ਤੱਕ ਕਦੋਂ ਵਧਣੀ ਸੀ। ਕੁਮਾਰੀ ਪੈਸਿਆਂ ਦੇ ਲਾਲਚ ਕਾਰਨ ਅਜਿਹੀਆਂ ਮਹਿਫ਼ਲਾਂ ਅਟੈਂਡ ਕਰ ਲੈਂਦੀ ਹੈ। ਹੁਣ ਤੁਸੀਂ ਆਪ ਅੰਦਾਜ਼ਾ ਲਾ ਕੇ ਦਸੋ, ਅਜਿਹੀ ਲੁੱਚੀ-ਮੰਡਲੀ ਵਿਚ ਮੈਂ ਕੁਮਾਰੀ ਨੂੰ ਛਡ ਕੇ ਦਰਸ਼ਨ ਨੂੰ ਲੈ ਜਾਂਦਾ ?"

ਗਰੇਵਾਲ ਨੂੰ ਪਹਿਲੀ ਵਾਰ ਅਨੁਭਵ ਹੋਇਆ, ਗਾਉਣਾ ਕਿੰਨਾ ਜ਼ਲੀਲ ਪੇਸ਼ਾ ਹੈ। ਉਹ ਇਕ ਮਿੰਟ ਵੀ ਅਜਿਹੀ ਥਾਂ ਦਰਸ਼ਨ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਸੀ। ਉਸ ਨੂੰ ਦਰਸ਼ਨ ਦਾ ਰੋਣਾ ਧੋਣਾ ਬਿਲਕੁਲ ਫ਼ਜ਼ੂਲ ਜਾਪਿਆ ਅਤੇ ਖ਼ਿਆਲ ਕੀਤਾ, ਬਹਾਲ ਨੇ ਬੜੀ ਸਿਆਣਪ ਤੋਂ ਕੰਮ ਲਿਆ ਹੈ।

"ਬਸ ਏਨੀ ਗੱਲ ਹੀ ਸੀ ?" ਗਰੇਵਾਲ ਦਰਸ਼ਨ ਨੂੰ ਥੋੜਾ ਗੁੱਸੇ ਨਾਲ ਬੋਲਿਆ।

"ਏਨੀ ਕਿਉਂ ?" ਦਰਸ਼ਨ ਇਕ ਤਰ੍ਹਾਂ ਬੁੜ੍ਹਕ ਉੱਠੀ। "ਉਸ ਨਾਲ ਇਹਦਾ ਮੋਗੇ ਮਿਲਣ ਦਾ ਇਕਰਾਰ ਸੀ ਤੇ ਉਸ ਸਾਰਾ ਪਲੇਟਫ਼ਾਰਮ ਗੱਡੀ ਉਤਰ ਕੇ ਤੱਕਿਆ।" ਉਸ ਪਾਸੇ ਮੂੰਹ ਕਰ ਕੇ ਨੱਕ ਸੁਣਕ ਦਿਤਾ। ਰੋ ਰੋ ਕੇ ਉਸ ਦੀਆਂ ਅੱਖਾਂ ਰੱਤੀਆਂ ਹੋਈਆਂ ਪਈਆਂ ਸਨ।

"ਮੇਰਾ ਇਕਰਾਰ ਸੀ ਤਾਂ ਮੈਂ ਪਹੁੰਚਿਆ ਨਾ ਫਿਰ ?" ਬਹਾਲ ਨੇ ਗਰੇਵਾਲ ਵਲ ਫਿਰ ਮੂੰਹ ਭਵਾਇਆ। "ਕੁਮਾਰੀ ਇਸ ਨਾਲ ਹਦੋਂ ਵਧ ਲਗਦੀ ਹੈ ਤੇ ਉਸ ਇਹਦੇ ਭਾਂਡੇ ਵਿਹੁ ਪਾਉਣ ਵਾਲੀ ਕੋਈ ਕਸਰ ਨਹੀਂ ਛੱਡੀ। ਮੇਰੀਆਂ ਸੌ ਸੌ ਝੂਠੀਆਂ ਸੱਚੀਆਂ ਗੰਢੀਆਂ ਹੋਣਗੀਆਂ। ਮੈਂ ਉਸ ਦੀ ਕੀ ਪਰਵਾਹ ਕਰਦਾ ਹਾਂ।"

"ਤੁਹਾਡੇ ਗੀਤਾਂ ਵਾਲੀ ਕਾਪੀ ਓਹਦੇ ਘਰ ਮੈਂ ਦੇ ਆਈ ਸੀ ਜਾ ਕੇ ?" ਦਰਸ਼ਨ ਅੱਥਰੂ ਪੂੰਝਦੀ ਸਤ ਗਈ, "ਉਹ ਸਾਰੇ ਰਾਹ ਮੈਨੂੰ ਵਖਾ ਵਖਾ ਸਾੜਦੀ ਰਹੀ ਏ।"

ਬਹਾਲ ਨੂੰ ਇਉਂ ਜਾਪਿਆ, ਜਿਵੇਂ ਦਰਸ਼ਨ ਨੇ ਜਿਉਂਦਾ ਸੱਪ ਉਸ ਦੇ ਗਲ ਵਗਾਹ ਮਾਰਿਆ ਹੋਵੇ। ਪਰ ਉਸ ਹੈਰਾਨੀ ਪਰਗਟ ਕਰਦਿਆਂ ਕਿਹਾ :

"ਉਸ ਕੋਲ ਮੇਰੀ ਕਾਪੀ ?" ਉਹ ਕਿਵੇਂ ਚਲੀ ਗਈ ! ਉਹ ਤਾਂ ਦੁੱਖੀ ਕੋਲ ਸੀ।" ਬਹਾਲ ਨੇ ਜਾਣ ਕੇ ਇਸ ਗੱਲ ਨੂੰ ਮੋੜਾ ਦੇ ਦਿਤਾ, ਤਾਕਿ ਗਰੇਵਾਲ ਨੂੰ ਯਕੀਨ ਹੋ ਜਾਵੇ ਕਿ ਇਹ ਕਾਪੀ ਠੀਕ ਦੁਖੀ ਨੇ ਹੀ ਕੁਮਾਰੀ ਨੂੰ ਦਿੱਤੀ ਹੋਵੇਗੀ। ਕਿਉਂਕਿ ਦੁਖੀ

Sri Satguru Jagjit Singh Ji eLibrary NamdhariElibrary@gmail.com

ਨੂੰ ਉਹ ਸਾਰੇ ਕੁਮਾਰੀ ਦਾ ਟਾਊਟ ਸਮਝਦੇ ਸਨ। ਗਰੇਵਾਲ ਨੇ ਮੁੜ ਗੁਸੈਲੀਆਂ ਅੱਖਾਂ ਨਾਲ ਦਰਸ਼ਨ ਨੂੰ ਤੱਕਿਆ।

ਬਹਾਲ ਗਰੇਵਾਲ ਦੀ ਏਨੀ ਗੱਲ ਸੁਣ ਕੇ ਕੁਰਸੀ ਦੀਆਂ ਬਾਹਾਂ ਤਕ ਚੌੜਾ ਹੋ ਗਿਆ।

"ਇਹ ਨਿਰਾ ਝੂਠ ਹੈ। ਇਸ ਰਿਕਾਰਡ ਹੋਇਆ ਗੀਤ ਵੀ ਆਪਣੀ ਮਰਜ਼ੀ ਨਾਲ ਦਿੱਤਾ ਸੀ ਤੇ ਕਾਪੀ ਵੀ।" ਦਰਸ਼ਨ ਨੇ ਸੁਜਾਇਆ ਹੋਇਆ ਮੂੰਹ ਫੇਰ ਲਿਆ।

ਬਹਾਲ ਨੇ ਐਤਕੀਂ ਜਵਾਬ ਦੇਣਾ ਹੀ ਮੁਨਾਸਿਬ ਨਾ ਸਮਝਿਆ। ਉਹ ਖ਼ਿਆਲ ਕਰ ਰਿਹਾ ਸੀ, ਜਦ ਮੇਰੀ ਥਾਂ ਮੇਰਾ ਵਕੀਲ ਝਗੜ ਰਿਹਾ ਹੈ, ਮੈਨੂੰ ਕੇਵਲ ਚੁਪ-ਚਾਪ ਤਮਾਸ਼ਾ ਵੇਖਣਾ ਚਾਹੀਦਾ ਹੈ।

"ਮੈਨੂੰ ਪਤਾ ਲਗ ਗਿਆ ਸਾਰਾ, ਤੈਨੂੰ ਵੀ ਸੁਣ ਲਿਆ ਤੇ ਇਸ ਨੂੰ ਵੀ। ਹੁਣ ਤੂੰ ਡਰਾਇੰਗ-ਰੂਮ ਜਾ ਕੇ ਬੈਠ।" ਗਰੇਵਾਲ ਨੇ ਉਸ ਨੂੰ ਚਿਤਾਵਨੀ-ਭਰੇ ਰਵੱਈਏ ਨਾਲ ਆਖਿਆ।

ਦਰਸ਼ਨ ਓਸੇ ਤਰ੍ਹਾਂ ਗੁੱਸੇ ਨਾਲ ਭਰਿਆ ਤੇ ਰੋਇਆ ਹੋਇਆ ਮੂੰਹ ਲੈ ਕੇ ਹਾਲ ਕਮਰੇ ਵਿਚੋਂ ਨਿਕਲ ਗਈ। ਗਰੇਵਾਲ ਨੂੰ ਬਹਾਲ ਬਾਰੇ ਖੁੜਕ ਗਈ ਕਿ ਕੁਮਾਰੀ ਨਾਲ ਦਾਲ ਵਿਚ ਕਾਲਾ ਜ਼ਰੂਰ ਹੋ ਸਕਦਾ ਹੈ। ਫਿਰ ਉਸ ਬਹਾਲ ਦੀ ਉਮਰ ਤੇ ਭਰੀ ਸਿਹਤ ਨੂੰ ਵੀ ਥੋੜਾ ਕਸੂਰਵਾਰ ਸਮਝਿਆ। 'ਅਜਿਹੀ ਹਾਲਤ ਵਿਚ ਸਭ ਕੁਝ ਹੋ ਸਕਦਾ ਹੈ।'

ਦਰਸ਼ਨ ਦੇ ਚਲੀ ਜਾਣ ਪਿਛੋਂ ਬਹਾਲ ਦੀ ਜਾਨ ਨੂੰ ਬਣ ਗਈ। ਉਹ ਗਰੇਵਾਲ ਨੂੰ ਆਪਣੇ ਨਾਲ ਇਕੱਲਿਆਂ ਬਹੁਤ ਘਟ ਮੌਕਾ ਦਿੰਦਾ ਸੀ। ਕਿਉਂਕਿ ਉਹ ਹਮੇਸ਼ਾ ਦਰਸ਼ਨ ਦੇ ਮੰਗਣੇ ਦੀ ਗੱਲ ਛੇੜਿਆ ਕਰਦਾ ਸੀ, ਜਿਹੜੀ ਬਹਾਲ ਲਈ ਗਲ੍ਹ-ਹੱਥੂ ਸਾਬਤ ਹੁੰਦੀ ਸੀ। ਹੁਣ ਵੀ ਉਸ ਸਮਝਿਆ, ਆਨੇ ਬਾਹਰ ਆਏ ਕਿ ਆਏ।

ਜਿਹੜੀ ਗੱਲ ਤੋਂ ਬਹਾਲ ਅੰਦਰ ਅੰਦਰ ਡਰ ਰਿਹਾ ਸੀ, ਆਖ਼ਰ ਉਹ ਹੋ ਕੇ ਹੀ ਰਹੀ। ਗਰੇਵਾਲ ਨੇ ਲੰਮਾ ਖੰਘੂਰਾ ਮਾਰਿਆ।

"ਦੇਖ ਕਾਕਾ ! ਜੇ ਤੂੰ ਆਪਣੇ ਪਿਤਾ ਅਗੇ ਗੱਲ ਕਰਦਾ ਝਿਜਕਦਾ ਏਂ, ਤਦ ਮੈਂ ਸਵੇਰੇ ਆਪ ਜਾਂਦਾ ਹਾਂ ਅਤੇ ਗੱਲ ਨੂੰ ਸਾਫ਼ ਕਰ ਆਉਂਦਾ ਹਾਂ।"

"ਨਾ ਨਾ ਤੁਸੀਂ ਨਾ ਜਾਣਾ। ਮੇਰਾ ਕੂੰਡਾ ਹੋ ਜਾਵੇਗਾ।" ਬਹਾਲ ਨੇ ਬਹੁਤ ਹੀ ਭੈ ਪਰਗਟ ਕੀਤਾ। "ਉਹਨਾਂ ਦੇ ਸੁਭਾਅ ਤੋਂ ਤੁਸੀਂ ਨਹੀਂ ਜਾਣੂ।"

"ਫਿਰ ਮੈਂ ਤੈਨੂੰ ਇਸ ਤਰ੍ਹਾਂ ਅਵਾਰਾ ਨਹੀਂ ਫਿਰਨ ਦੇ ਸਕਦਾ।" ਗਰੇਵਾਲ ਨੇ ਇਸ ਤਰ੍ਹਾਂ ਰੋਹਬ ਦਿਤਾ, ਜਿਵੇਂ ਉਹ ਉਸਦਾ ਅਸਲੀ ਬਾਪ ਹੋਵੇ। "ਮੈਂ ਇਹਨਾਂ ਦੋ ਹਫ਼ਤਿਆਂ ਵਿਚ ਮੰਗਣੀ ਕਰ ਦੇਣੀ ਚਾਹੁੰਦਾ ਹਾਂ ਅਤੇ ਅਗਲੇ ਮਹੀਨੇ ਫ਼ਰਵਰੀ ਵਿਚ ਵਿਆਹ ਕਰ ਕੇ ਫ਼ਾਰਗ਼ ਹੋ ਜਾਣਾ ਚਾਹੁੰਦਾ ਹਾਂ।" ਗਰੇਵਾਲ ਨੇ ਇਸ ਤਰ੍ਹਾਂ ਗੱਲਾਂ ਕੀਤੀਆਂ ਸਨ, ਜਿਵੇਂ ਇਹਨਾਂ ਦੇ ਨਾ ਹੋਣ ਬਾਰੇ ਕੋਈ ਸੰਦੇਹ ਹੀ ਨ ਹੋਵੇ।

ਬਹਾਲ ਦਾ ਰਵੱਈਆ ਇਸ ਘਰ ਨਾਲ ਕੁਝ ਇਸ ਤਰ੍ਹਾਂ ਦਾ ਹੋ ਗਿਆ ਸੀ ਕਿ ਗਰੇਵਾਲ ਕੁਝ ਵੀ ਅਸੰਭਵ ਨਹੀਂ ਸਮਝਦਾ ਸੀ। ਪ੍ਰਤਾਪ ਕੌਰ ਮੁੱਢ ਤੋਂ ਸ਼ੱਕੀ ਸੀ ਤੇ ਦਰਸ਼ਨ ਦੀ ਮੰਗਣੀ ਨਾਲ ਇਕ ਵਚਨ ਪਾਲਣਾ ਜ਼ਿਆਦਾ ਜ਼ਰੂਰੀ ਖ਼ਿਆਲ ਕਰਦੀ

Sri Satguru Jagjit Singh Ji eLibrary NamdhariElibrary@gmail.com

ਸੀ। ਇਸ ਵਿਰੋਧ ਨੂੰ ਦਿਲ ਵਿਚ ਥਾਂ ਨਾ ਦੇਂਦਿਆਂ ਗਰੇਵਾਲ ਦਰਸ਼ਨ ਦਾ ਰਿਸ਼ਤਾ ਬਹਾਲ ਨੂੰ ਦੇਣ ਦੀ ਮਿਥ ਚੁੱਕਾ ਸੀ।

ਬਹਾਲ ਦੇ ਨਿਕਲਣ ਲਈ ਸਾਰੇ ਨਾਕੇ ਬੰਦ ਹੋ ਗਏ। ਟੋਏ ਵਿਚੋਂ ਨਿਕਲ ਕੇ ਖੂਹ ਵਿਚ ਆ ਡਿੱਗਾ। ਉਸ ਇਕ ਹੰਭਲਾ ਮਾਰਿਆ।

"ਮੈਂ ਡੀ. ਐਸ. ਪੀ. ਸਾਅਬ ਨਾਲ ਆਪਣੇ ਬਾਰੇ ਗੱਲ ਤੋਰੀ ਸੀ। ਉਸ ਵੀ ਰਾਇ ਦਿੱਤੀ ਕਿ ਜੇ ਬਜ਼ੁਰਗ ਨੂੰ ਮਨਾ ਕੇ ਕੀਤਾ ਜਾਵੇ, ਠੀਕ ਤਾਂ ਹੀ ਹੈ। ਮੈਂ ਛੁੱਟੀ ਲੈ ਕੇ ਪਿੰਡ ਜਾਂਦਾ ਹਾਂ ਤੇ ਜੇ ਪਿਤਾ ਜੀ ਨਾ ਮੰਨੇ, ਮੈਂ ਆਪਣੀ ਵਲੋਂ ਉਨ੍ਹਾਂ ਨੂੰ ਤੋੜ ਕੇ ਜਵਾਬ ਦੇ ਆਵਾਂਗਾ। ਭਾਵੇਂ ਸੂਰਜ ਓਧਰੋਂ ਏਧਰ ਚੜ੍ਹ ਪਵੇ, ਮੈਂ ਉਥੇ ਵਿਆਹ ਨਹੀਂ ਕਰਾਉਣਾ। ਫਿਰ ਉਨ੍ਹਾਂ ਦਾ ਰੀਐਕਸ਼ਨ ਦੇਖਾਂਗੇ ਇਕ ਹਫ਼ਤਾ, ਜੇ ਫਿਰ ਵੀ ਉਨ੍ਹਾਂ ਅੜੀ ਨਾ ਛੱਡੀ, ਏਥੇ ਲੁਧਿਆਣੇ ਹੀ ਵਿਆਹ ਕਰ ਲਵਾਂਗੇ। ਇਸ ਤਰ੍ਹਾਂ ਮੈਂ ਵੀ ਖ਼ਰਚ ਤੋਂ ਬਚ ਜਾਵਾਂਗਾ।" ਬਹਾਲ ਨੇ ਸਾਹ ਭਰਦਿਆਂ ਕਿਹਾ, 'ਖ਼ਬਰੇ ਤੁਸੀਂ ਮੇਰੇ ਘਰ ਦਿਆਂ ਬਿਨਾਂ ਵਿਆਹ ਦੇਣਾ ਹੀ ਨਾ ਮੰਨੋ।" ਏਨੀ ਗੱਲ ਕਹਿ ਕੇ ਬਹਾਲ ਹੱਸ ਪਿਆ।

ਬਹਾਲ ਨੇ ਬਹੁਤ ਹੀ ਚੁਸਤੀ ਨਾਲ ਗਰੇਵਾਲ ਦੇ ਪੈਰ ਉਖੇੜ ਦੇਣੇ ਚਾਹੇ। ਗਰੇਵਾਲ ਵੀ ਮੁਸਕਾ ਪਿਆ।

"ਸਾਨੂੰ ਹਰ ਤਰ੍ਹਾਂ ਮਨਜ਼ੂਰ ਹੈ। ਪਰ.......ਚੰਗਾ ਤਾਂ ਹੀ ਸੀ ਜੇ ਸਰਦਾਰ ਹੋਰੀਂ ਮੰਨ ਜਾਣ। ਤੂੰ ਆਪਣਾ ਸਾਰਾ ਜ਼ੋਰ ਲਾ ਦੇ, ਮੈਨੂੰ ਭਰੋਸਾ ਹੈ, ਉਨ੍ਹਾਂ ਨੂੰ ਮਨਾ ਸਕਦਾ ਏਂ।" ਗਰੇਵਾਲ ਨੇ ਸਮਝਿਆ, ਜਿਵੇਂ ਮੈਨੂੰ ਕਾਇਲ ਕਰ ਸਕਦਾ ਏਂ, ਉਸ ਨੂੰ ਜ਼ਰੂਰ ਝੁਕਾ ਲਵੇਂਗਾ। "ਫਿਰ ਮੈਂ ਕਦੋਂ ਤਕ ਤੇਰੀ ਇੰਤਜ਼ਾਰ ਕਰਾਂ ?"

"ਇਕ ਹਫ਼ਤਾ ਤਾਂ ਲਗ ਹੀ ਜਾਵੇਗਾ।" ਬਹਾਲ ਨੇ ਥੋੜਾ ਸੋਚਦਿਆਂ ਕਿਹਾ।

"ਦੇਖੋ ਕਾਕਾ ! ਹਫ਼ਤੇ ਦੇ ਨਸ਼ੰਗ ਦਸ ਦਿਨ ਲਾ ਆਵੀਂ, ਪਰ ਸੋਲ੍ਹਾਂ ਆਨੇ ਕਾਮਯਾਬੀ ਲੈ ਕੇ ਆਉਣੀ। ਮੇਰੀ ਕਾਹਲੀ ਇਕ ਬਾਪ ਦੀ ਕਾਹਲੀ ਹੈ। ਹਰ ਬਾਪ ਜਵਾਨ ਧੀ ਨੂੰ ਵਿਆਹ ਦੇਣ ਲਈ ਕਾਹਲਾ ਹੁੰਦਾ ਹੈ। ਤੈਨੂੰ ਮੈਂ ਬਹੁਤਾ ਕੁਝ ਨਹੀਂ ਕਹਿ ਸਕਦਾ, ਕਿਉਂਕਿ ਇਕ ਜ਼ੁੰਮੇਵਾਰ ਆਦਮੀ ਕਿਸੇ ਦੇ ਕੁਝ ਆਖਣ ਤੋਂ ਪਹਿਲਾਂ ਹੀ ਹਾਲਾਤ ਨੂੰ ਆਪਣੇ ਹੱਕ ਵਿਚ ਕਰ ਲੈਂਦਾ ਹੈ।" ਗਰੇਵਾਲ ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ, ਪਰ ਬਹਾਲ ਕਿਸੇ ਬਹਾਨੇ ਛੁਟਕਾਰਾ ਪਾਉਣ ਲਈ ਕਾਹਲਾ ਸੀ।

"ਚੰਗਾ ਹੁਣ ਮੈਨੂੰ ਛੁਟੀ ਦਿਓ, ਥਾਣੇ ਦਾ ਕਿੰਨਾ ਹੀ ਕੰਮ ਗਲ ਪਿਆ ਹੋਇਆ ਏ।" ਬਹਾਲ ਨੇ ਉਠ ਕੇ ਖਲੋਂਦਿਆਂ ਜ਼ਿੰਮੇਵਾਰੀ ਜਿਤਾਈ।

"ਹੱਛਾ, ਮੇਰੀਆਂ ਗੱਲਾਂ ਨੂੰ ਦਿਲ ਵਿਚ ਥਾਂ ਦੇਣੀ।"

"ਜ਼ਰੂਰ ਜੀ।"

ਉਹ ਬਾਹਰ ਆ ਗਿਆ। ਉਸ ਨੂੰ ਇਉਂ ਪ੍ਰਤੀਤ ਹੋਇਆ, ਜਿਵੇਂ ਹਾਜ਼ਰ ਜ਼ਮਾਨਤ ਤੇ ਹਵਾਲਾਤੋਂ ਛੁਟ ਗਿਆ ਹੋਵੇ, ਪਰ ਚਾਰ ਸੌ ਵੀਹ ਦਾ ਮੁਕੱਦਮਾ ਸਿਰ ਬਾਕੀ ਹੋਵੇ। ਉਸ ਇਸ ਵੇਲੇ ਦਰਸ਼ਨ ਨੂੰ ਮਿਲਣਾ ਅਯੋਗ ਖ਼ਿਆਲ ਕੀਤਾ। ਉਹ ਝਨਾਂ ਵਿਚ ਛਾਲ ਮਾਰਨ ਤੋਂ ਪਹਿਲਾਂ ਹੜ੍ਹ ਦਾ ਜ਼ੋਰ ਘਟ ਜਾਣ ਦੇਣਾ ਜ਼ਰੂਰੀ ਸਮਝਦਾ ਸੀ।

Sri Satguru Jagjit Singh Ji eLibrary NamdhariElibrary@gmail.com

ਉਹ ਇਕ ਚੋਰ ਦੀ ਤਰ੍ਹਾਂ ਆਪਣਾ ਆਪ ਬਚਾ ਕੇ ਉਥੋਂ ਨੱਠ ਹੀ ਜਾਣਾ ਚਾਹੁੰਦਾ ਸੀ।

27

ਪ੍ਰਕਾਸ਼ ਦੀ ਮਾਂ ਜਦੋਂ ਵੀ ਉਸ ਨਾਲ ਗਰੇਵਾਲਾਂ ਬਾਰੇ ਗੱਲ ਕਰਦੀ, ਉਹ ਖਿੱਝ ਕੇ ਰਹਿ ਜਾਂਦਾ। ਮਾਂ ਨੂੰ ਅਸਲੀਅਤ ਦਾ ਕੋਈ ਵੀ ਪਤਾ ਨਹੀਂ ਸੀ ਅਤੇ ਨਾ ਹੀ ਪ੍ਰਕਾਸ਼ ਨੇ ਕੁਝ ਦਸਿਆ ਸੀ। ਉਸ ਨੂੰ ਪੂਰਨ ਆਸ ਸੀ ਕਿ ਪ੍ਰਕਾਸ਼ ਤੇ ਦਰਸ਼ਨ ਦੀ ਜੋੜੀ ਨੂੰ ਕਦੇ ਤੇਲ ਚੋਅ ਕੇ ਘਰ ਲਿਆਵੇਗੀ। ਮਾਂ ਲਈ ਗਰੇਵਾਲ ਪਹਿਲਾਂ ਵਰਗੇ ਹੀ ਆਪਣੇ ਸਨ। ਪਰ ਰੁਪਈਆਂ ਦੇ ਜਵਾਬ ਪਿੱਛੋਂ ਪ੍ਰਕਾਸ਼ ਕਦੇ ਉਨ੍ਹਾਂ ਦੀ ਕੋਠੀ ਗਿਆ ਨਹੀਂ ਸੀ।

ਅੱਜ ਪ੍ਰਕਾਸ਼ ਦੀ ਮਾਂ ਹਰਪਾਲ ਦੇ ਵਿਆਹ ਬਾਰੇ ਪ੍ਰਕਾਸ਼ ਨਾਲ ਸਲਾਹ ਕਰਨ ਆਈ ਸੀ। ਹਰਪਾਲ ਨੂੰ ਉਨ੍ਹਾਂ ਦੀ ਇਕ ਰਿਸ਼ਤੇਦਾਰੀ ਵਿਚੋਂ ਹੀ ਸਾਕ ਹੋ ਗਿਆ ਸੀ, ਜਿਹੜੇ ਉਨ੍ਹਾਂ ਨਾਲ ਹੀ ਸਿਆਲਕੋਟ ਵਿਚੋਂ ਉਜੜ ਕੇ ਆਏ ਸਨ। ਪ੍ਰਕਾਸ਼ ਲੁਧਿਆਣੇ ਤੇ ਹਰਪਾਲ ਮਿਲਟਰੀ ਵਿਚ ਹੋਣ ਕਰ ਕੇ ਉਨ੍ਹਾਂ ਦੀ ਮਾਂ ਨੂੰ ਖੁਲ੍ਹਾ ਘਰ ਵੱਢ ਵੱਢ ਖਾਂਦਾ ਸੀ। ਪ੍ਰਕਾਸ਼ ਐਮ. ਏ. ਕਰਨ ਬਿਨਾਂ ਵਿਆਹ ਲਈ ਤਿਆਰ ਨਹੀਂ ਸੀ। ਮਾਂ ਨੇ ਛੋਟੇ ਦਾ ਵਿਆਹ ਰਿਸ਼ਤੇਦਾਰਾਂ ਨੂੰ ਕਹਿ ਕਹਾ ਕੇ ਲੈ ਲਿਆ।

ਵਿਆਹ ਵਿਚ ਭਾਵੇਂ ਪੂਰਾ ਮਹੀਨਾ ਪਿਆ ਸੀ, ਪਰ ਚਾਆਂ-ਭਰੀ ਨੂੰ ਉਹ ਬੂਹੇ ਤੇ ਹੀ ਆਇਆ ਲੱਗਦਾ ਸੀ। ਗਹਿਣੇ ਉਨ੍ਹਾਂ ਕੋਲ ਬਹੁਤ ਪੁਰਾਣੇ ਨਮੂਨੇ ਦੇ ਸਨ, ਜਿਨ੍ਹਾਂ ਨੂੰ ਭੰਨਾ ਕੇ ਨਵੇਂ ਫ਼ੈਸ਼ਨਾਂ ਮੁਤਾਬਕ ਬਣਵਾ ਲੈਣਾ ਚਾਹੁੰਦੀ ਸੀ। ਵਿਆਹ ਲਈ ਰਾਸ਼ਨ ਵਗ਼ੈਰਾ ਦੀ ਹਾਲੇ ਕਾਹਲ ਨਹੀਂ ਸੀ। ਅਗਲੇ ਦੋ ਹਫ਼ਤਿਆਂ ਤਕ ਹਰਪਾਲ ਛੁਟੀ ਆ ਰਿਹਾ ਸੀ। ਮਾਂ ਦਾ ਖ਼ਿਆਲ ਸੀ ਕਿ ਰਾਸ਼ਨ ਵਗੈਰਾ ਦਾ ਬੰਦੋਬਸਤ ਹਰਪਾਲ ਆਪ ਆ ਕੇ ਕਰ ਲਵੇਗਾ, ਪਰ ਗਹਿਣਿਆਂ ਤੇ ਵਰੀ ਵਲੋਂ ਉਹ ਛੇਤੀ ਸੁਰਖ਼ਰੂ ਹੋਣਾ ਚਾਹੁੰਦੀ ਸੀ।

ਮਾਂ ਪ੍ਰਕਾਸ਼ ਨੂੰ ਗਰੇਵਾਲ ਦੇ ਚਲਣ ਲਈ ਕਹਿ ਰਹੀ ਸੀ।

"ਤੂੰ ਜਾਂਦਾ ਕਿਉਂ ਨਹੀਂ, ਕੀ ਗੱਲ ਹੋਈ, ਲੜ ਪਿਆ ਏਂ ?" ਮਾਂ ਬੜਾ ਫ਼ਿਕਰ ਕਰ ਰਹੀ ਸੀ।

"ਨਹੀਂ ਮਾਂ ਜੀ ! ਤੁਸੀਂ ਆਪ ਜਾ ਕੇ ਉਨ੍ਹਾਂ ਨਾਲ ਗੱਲ ਕਰ ਆਓ, ਮੈਂ ਨਹੀਂ ਜਾਣਾ।" ਪ੍ਰਕਾਸ਼ ਨੇ ਇਕੋ ਜ਼ਿੱਦ ਫੜੀ ਹੋਈ ਸੀ।

"ਆਖ਼ਰ ਪੁੱਤਰ, ਪਤਾ ਵੀ ਲਗੇ ਕੁਝ ?"

"ਮਾਂ ਜੀ ਗਰੇਵਾਲ ਉਹ ਨਹੀਂ ਰਿਹਾ, ਉਸ ਦੀਆਂ ਅੱਖਾਂ ਤੇ ਚਰਬੀ ਚੜ੍ਹ ਗਈ ਏ !" ਪ੍ਰਕਾਸ਼ ਨੇ ਦਿਲ ਦੀ ਗੱਲ ਕਹਿ ਦਿੱਤੀ।

"ਪ੍ਰਕਾਸ਼, ਤੈਨੂੰ ਕੁਝ ਹੋ ਤਾਂ ਨਹੀਂ ਗਿਆ ?" ਮਾਂ ਦੇ ਵਿਸ਼ਵਾਸ ਵਿਚ ਸੂਰਜ ਚੜ੍ਹਨੋਂ ਰੁਕ ਸਕਦਾ ਸੀ, ਪਰ ਗਰੇਵਾਲ ਨਹੀਂ ਬਦਲ ਸਕਦੇ ਸੀ। ਗਰੇਵਾਲਾਂ ਬਾਰੇ ਉਹ ਕਦੇ

Sri Satguru Jagjit Singh Ji eLibrary NamdhariElibrary@gmail.com

ਬੁਰਾ ਖ਼ਿਆਲ ਵੀ ਦਿਲ ਵਿਚ ਨਹੀਂ ਲਿਆ ਸਕਦੀ ਸੀ। ਉਸ ਖ਼ਿਆਲ ਕੀਤਾ, ਗਰੇਵਾਲ ਨੇ ਮੁੰਡੇ ਨੂੰ ਕਿਸੇ ਐਸੇ ਵੈਸੇ ਕੰਮੋਂ ਘੂਰਿਆ ਹੋਵੇਗਾ, ਤਦ ਹੀ ਗਿਲਾ ਕਰ ਰਿਹਾ ਏ।

"ਮਾਂ ਜੀ ! ਮੈਂ ਪੂਰੀ ਹੋਸ਼ ਵਿਚ ਹਾਂ, ਮੈਨੂੰ ਕੁਝ ਨਹੀਂ ਹੋਇਆ, ਪਰ ਹੋਣ ਵਾਲਿਆਂ ਨੂੰ ਹੋ ਗਿਆ, ਜਿਹੜਾ ਨਹੀਂ ਹੋਣਾ ਚਾਹੀਦਾ ਸੀ।"

"ਕੀ ਹੋ ਗਿਆ ?" ਹੈਰਾਨੀ ਵਿਚ ਡੌਰ-ਭੌਰ ਹੋਈ ਮਾਂ ਨੇ ਪੁਛਿਆ।

"ਸਰਦਾਰ ਨੇ ਅਠਾਰ੍ਹਾਂ ਸੌ ਰੁਪਏ ਤੋਂ ਜਵਾਬ ਦੇ ਦਿਤਾ, ਜਿਹੜਾ ਹਾਲੇ ਬਾਕੀ ਬਚਦਾ ਸੀ।" ਪ੍ਰਕਾਸ਼ ਨੇ ਏਨੀ ਗੱਲ ਕਹਿ ਕੇ ਮਾਂ ਦੇ ਮੂੰਹ ਤੋਂ ਇਕ ਵਾਰ ਹੀ ਹਵਾਈਆਂ ਉਡਾ ਦਿੱਤੀਆਂ। "ਮੈਂ ਤਾਂ ਹੈਰਾਨ ਇਸ ਗੱਲ ਤੇ ਹੀ ਹਾਂ ਕਿ ਬੇਈਮਾਨੀ ਪੰਜ ਹਜ਼ਾਰ ਤੇ ਕਿਉਂ ਨਾ ਕੀਤੀ।

"ਪ੍ਰਕਾਸ਼ !" ਤੂੰ ਕੀ ਬਕਦਾ ਏਂ।" ਮਾਂ ਅਜਿਹਾ ਇਕ ਬੋਲ ਵੀ ਸੁਣਨ ਲਈ ਤਿਆਰ ਨਹੀਂ ਸੀ, ਜਿਹੜਾ ਪ੍ਰਕਾਸ਼ ਦੇ ਪਿਤਾ ਦੀ ਰੂਹ ਨੂੰ ਕਿਸੇ ਤਰ੍ਹਾਂ ਪੀੜ ਪੁਚਾ ਸਕੇ।

"ਮਾਂ ਜੀ, ਮੈਂ ਠੀਕ ਆਖਦਾ ਹਾਂ, ਤੁਹਾਨੂੰ ਥੋੜ੍ਹੇ ਚਿਰ ਤਕ ਸਭ ਪਤਾ ਲਗ ਜਾਵੇਗਾ।"

"ਤੂੰ ਹੁਣੇ ਉਠ ਕੇ ਤੁਰ ਮੇਰੇ ਨਾਲ।" ਮਾਂ ਨੇ ਅਜਿਹੇ ਹੁਕਮ ਵਿਚ ਆਖਿਆ, ਜਿਸ ਨੂੰ ਪ੍ਰਕਾਸ਼ ਕਦੇ ਵੀ ਨਹੀਂ ਟਾਲ ਸਕਦਾ ਸੀ। ਉਹ ਉਠ ਕੇ ਤੁਰ ਪਿਆ। ਮਾਂ ਮੂੰਹ ਵਿਚ 'ਬੁੜ ਬੁੜ' ਕਰ ਰਹੀ ਸੀ। ਅਸਲ ਵਿਚ ਉਸ ਨੂੰ ਆਪੇ ਤੇ ਕਾਬੂ ਨਹੀਂ ਰਿਹਾ ਸੀ ਅਤੇ ਹਾਲੇ ਵੀ ਉਸ ਨੂੰ ਨੱਵੇ ਫ਼ੀ ਸਦੀ ਭਰੋਸਾ ਸੀ ਕਿ ਪ੍ਰਕਾਸ਼ ਦਾ ਲਫ਼ਜ਼ ਲਫ਼ਜ਼ ਗ਼ਲਤ ਹੋਵੇਗਾ। ਉਸ ਦੇ ਖਿਆਲ ਵਿਚ ਬਿਨਾਂ ਥੰਮ੍ਹਾਂ ਤੋਂ ਅਸਮਾਨ ਕਿਸੇ ਸਿਦਕ ਆਸਰੇ ਹੀ ਖਲੋਤਾ ਏ। ਐਨਾ ਅੰਨ੍ਹੇਰ ਨਹੀਂ ਹੋ ਸਕਦਾ। ਉਸ ਦਿਨ ਧਰਤੀ ਨਿਘਰ ਜਾਵੇਗੀ, ਜਦੋਂ ਗਰੇਵਾਲ ਵਰਗੇ ਬੰਦੇ ਬੇਈਮਾਨ ਹੋ ਗਏ। ਪ੍ਰਕਾਸ਼ ਦੀ ਮਾਂ ਵਿਚਾਰਾਂ ਵਿਚ ਉਲਝੀ ਹੋਈ ਸੀ। ਭਾਵੇਂ ਉਹ ਆਪਣੇ ਸਰਦਾਰ ਨਾਲ ਬਾਹਰ ਕਈ ਛਾਉਣੀਆਂ ਵਿਚ ਰਹਿ ਚੁੱਕੀ ਸੀ, ਪਰ ਉਸ ਦਾ ਸੁਭਾ ਤੇ ਵਿਸ਼ਵਾਸ ਮਧਵਰਗੀ ਸੀ, ਜਿਹੜਾ ਆਮ ਕਰ ਕੇ ਜਜ਼ਬਾਤੀ, ਸਾਦਾ ਤੇ ਖੁੱਲ੍ਹਾ-ਡੁੱਲ੍ਹਾ ਹੁੰਦਾ ਹੈ।

ਪ੍ਰਕਾਸ਼ ਗੇਟ ਲੰਘਦਾ ਝਿਜਕਿਆ। ਨਫ਼ਰਤ ਕਾਂਗਾਂ ਬਣ ਬਣ ਉਸ ਦੇ ਦਿਮਾਗ ਨੂੰ ਚੜ੍ਹ ਰਹੀ ਸੀ। ਉਨ੍ਹਾਂ ਦੋਹਾਂ ਨੂੰ ਪ੍ਰਤਾਪ ਕੌਰ ਨੇ ਇਕ ਬਾਰੀ ਵਿਚੋਂ ਦੇਖ ਲਿਆ। ਉਹ ਪ੍ਰਕਾਸ਼ ਨਾਲ ਉਸ ਦੀ ਮਾਂ ਜੀ ਨੂੰ ਤੱਕ ਕੇ ਹਰੀ ਹੋ ਗਈ। ਉਸ ਬਰਾਂਡੇ ਦੀਆਂ ਪੌੜੀਆਂ ਉਤਰ ਕੇ ਸੁਖਦੇਈ ਨੂੰ ਜੱਫੀ ਪਾ ਲਈ ਅਤੇ ਨਹੋਰੇ ਨਾਲ ਆਖਿਆ :

"ਸਾਡੇ ਭਾ ਦੀ ਭੈਣੇ ਅਜੇ ਵੀ ਸਿਆਲਕੋਟ ਵਸਦੀ ਏਂ ।"

"ਬੇਬੇ ਜੀ, ਘਰ ਕਿਹਨੂੰ ਛੱਡ ਕੇ ਆਵਾਂ, ਅੱਜ ਵੀ ਗਵਾਂਢਣ ਦੇ ਤਰਲੇ ਕਰ ਕੇ ਉਸ ਨੂੰ ਸੰਭਾਲ ਕੇ ਆਈ ਆਂ। ਹੋਰ ਦਸੋ, ਬੱਚੇ ਰਾਜ਼ੀ ਹਨ ?" ਸੁਖਦੇਈ ਨੇ ਖ਼ੈਰ ਮਿਹਰ ਪੁੱਛੀ।

"ਦਰਸ਼ਨ !" ਪ੍ਰਤਾਪ ਕੌਰ ਨੇ ਦਰਸ਼ਨ ਨੂੰ ਆਵਾਜ਼ ਮਾਰੀ।

ਦਰਸ਼ਨ ਨੇ ਚਾਚੀ ਸੁਖਦੇਈ ਨੂੰ ਪ੍ਰਕਾਸ਼ ਨਾਲ ਆਉਂਦਿਆਂ ਦੇਖ ਲਿਆ ਸੀ, ਪਰ

Sri Satguru Jagjit Singh Ji eLibrary NamdhariElibrary@gmail.com

ਜਾਣ ਕੇ ਉਸ ਕਮਰੇ ਵਿਚ ਆਪਣੇ ਆਪ ਨੂੰ ਇਕ ਫ਼ਿਲਮੀ ਰਸਾਲਾ ਪੜ੍ਹਨ ਵਿਚ ਮਗਨ ਕਰ ਲਿਆ। ਬੇ ਜੀ ਦੀ ਆਵਾਜ਼ ਸੁਣ ਕੇ ਉਹ ਬਾਹਰ ਨਿਕਲੀ ਅਤੇ ਸੁਖਦੇਈ ਵਲ ਹੱਸਦਿਆਂ ਸਤਿ ਸ੍ਰੀ ਅਕਾਲ ਬੁਲਾਂਦਿਆਂ ਵਧੀ।

"ਮਾਂ ਸਦਕੇ ਧੀ ਰਾਣੀ ਦੇ !" ਸੁਖਦੇਈ ਨੇ ਬੁੱਕਲ 'ਚ ਲੈ ਕੇ ਪਿਆਰ ਦਿਤਾ ਤੇ ਫਿਰ ਲੰਮੀ ਤਸੱਲੀ ਨਾਲ ਪ੍ਰਕਾਸ਼ ਵਲ ਤੱਕਿਆ। ਪ੍ਰਕਾਸ਼ ਪਹਿਲੋਂ ਹੀ ਨੀਵੀਂ ਪਾਈ ਬੇਧਿਆਨ ਹੋਇਆ ਖਲੋਤਾ ਸੀ। "ਮੈਨੂੰ ਗੁਰਦਰਸ਼ਨ ਨਹੀਂ ਦਿਸਦਾ ਤੇ ਨਾ ਹੀ ਸਰਦਾਰ ਜੀ ?"

"ਗੁਰਦਰਸ਼ਨ ਤਾਂ ਚਾਚੀ ਜੀ, ਸਿਨਮਾ ਦੇਖਣ ਗਿਆ ਏ, ਦੁਪਹਿਰ ਦਾ ਸ਼ੋਅ, ਤੇ ਪਿਤਾ ਜੀ ਵੀ ਪਤਾ ਨਹੀਂ ਕਿਥੇ ਗਏ ਹਨ।" ਦਰਸ਼ਨ ਨੇ ਉਤਰ ਦਿੱਤਾ।

ਉਹ ਸਾਰੇ ਡਰਾਇੰਗ-ਰੂਮ ਵਿਚ ਆ ਗਏ। ਸੁਖਦੇਈ ਨੂੰ ਉਨ੍ਹਾਂ ਦੇ ਪਿਆਰ ਵਿਚ ਵਾਲ ਜਿੰਨਾ ਵੀ ਫ਼ਰਕ ਨਹੀਂ ਮਹਿਸੂਸ ਹੋਇਆ ਸੀ। ਪ੍ਰਤਾਪ ਕੌਰ ਨੇ ਨੌਕਰ ਨੂੰ ਆਵਾਜ਼ ਮਾਰਦਿਆਂ ਬੁਲਾਇਆ ਅਤੇ ਸੁਖਦੇਈ ਤੋਂ ਪੁੱਛਿਆ :

"ਹੱਛਾ, ਭੈਣ ਜੀ, ਰੋਟੀ ਤਾਂ ਹਾਲੇ ਨਹੀਂ ਖਾਧੀ ?"

"ਨਹੀਂ, ਮੈਂ ਰੋਟੀ ਖਾ ਪੀ ਕੇ ਆਈ ਆਂ।" ਸੁਖਦੇਈ ਨੇ ਦੋਵੇਂ ਹੱਥ ਉਚੇ ਕਰਦਿਆਂ ਤਸੱਲੀ ਵਿਚ ਕਿਹਾ।

"ਮੁੰਡੂ ! ਚਾਹ ਤਿਆਰ ਕਰ ਛੇਤੀ।" ਪ੍ਰਤਾਪ ਕੌਰ ਇਉਂ ਅਨੁਭਵ ਕਰ ਰਹੀ ਸੀ ਜਿਵੇਂ ਅੱਜ ਘਰ ਵਿਚ ਉਸ ਦੀ ਰਾਇ ਪਿਛੇ ਬਹੁ-ਸੰਮਤੀ ਹੈ।

ਸੁਖਦੇਈ ਪ੍ਰਕਾਸ਼ ਦੀਆਂ ਗੱਲਾਂ ਨੂੰ ਨਿਰਮੂਲ ਸਮਝਦੀ ਬਹੁਤ ਹੀ ਪ੍ਰਸੰਨ ਸੀ। ਪ੍ਰਕਾਸ਼ ਬਿਲਕੁਲ ਖ਼ਾਮੋਸ਼ ਸੀ ਤੇ ਖ਼ਾਮੋਸ਼ ਹੀ ਰਹਿਣਾ ਚਾਹੁੰਦਾ ਸੀ। ਉਸ ਲਈ ਇਹ ਚਾਅ ਇਕ ਦਿਖਾਵਾ ਸੀ, ਭਾਵੇਂ ਉਸ ਨੂੰ ਪ੍ਰਤਾਪ ਕੌਰ ਦੇ ਸਨੇਹ ਵਿਚ ਕਿਸੇ ਤਰ੍ਹਾਂ ਦੀ ਸ਼ੱਕ ਨਹੀਂ ਜਾਪੀ ਸੀ, ਪਰ ਉਸ ਨੂੰ ਘਰ ਵਿਚ ਪੁੱਛਦਾ ਹੀ ਕੌਣ ਸੀ। ਦਰਸ਼ਨ ਦੀਆਂ ਮੂੰਹ-ਚੋਪੜੀਆਂ ਗੱਲਾਂ ਉਸ ਨੂੰ ਜ਼ਹਿਰ-ਭਿੱਜੀਆਂ ਛੁਰੀਆਂ ਜਾਪ ਰਹੀਆਂ ਸਨ। ਦਰਸ਼ਨ ਤੇ ਪ੍ਰਕਾਸ਼ ਇਕ ਦੂਜੇ ਨੂੰ ਦੇਖਣ ਤੋਂ ਕੰਨੀ ਕਤਰਾਂਦੇ ਸਨ। ਪ੍ਰਤਾਪ ਕੌਰ ਨੇ ਪੁਰਾਣੇ ਹੇਜ ਦੀਆਂ ਗੱਲਾਂ ਛੇੜ ਦਿਤੀਆਂ। ਸੁਖਦੇਈ ਨੂੰ ਉਨ੍ਹਾਂ ਗੱਲਾਂ ਵਿਚ ਆਪੂ ਲੋਹੜੇ ਦਾ ਸੁਆਦ ਆ ਰਿਹਾ ਸੀ। ਉਸ ਗੱਲਾਂ ਗੱਲਾਂ ਵਿਚ ਹਰਪਾਲ ਦੇ ਵਿਆਹ ਦਾ ਜ਼ਿਕਰ ਵੀ ਛੇੜ ਦਿੱਤਾ ਕਿ ਮੇਰੇ ਕੰਮਾਂ ਵਿਚ ਹੱਥ ਵਟਾਉਣਾ ਤੇ ਵਿਆਹ ਤੋਂ ਇਕ ਹਫ਼ਤਾ ਪਹਿਲਾਂ ਆਉਣਾ। ਪ੍ਰਤਾਪ ਕੌਰ ਨੇ ਹਰ ਤਰ੍ਹਾਂ ਦਿਲ ਨਾਲ ਸਹਾਇਤਾ ਦੇਣ ਦਾ ਯਕੀਨ ਦਿਵਾਇਆ।

ਉਨ੍ਹਾਂ ਦੇ ਚਾਹ ਪੀਂਦਿਆਂ ਕਰਦਿਆਂ ਨੂੰ ਗਰੇਵਾਲ ਵੀ ਆ ਗਿਆ। ਪ੍ਰਤਾਪ ਕੌਰ ਨੇ ਹਲਕੇ ਜਿਹੇ ਗਿਲੇ ਨਾਲ ਕਿਹਾ :

"ਘਰ ਪਰਾਹੁਣੇ ਆਏ ਬੈਠੇ ਨੇ, ਤੁਸੀਂ ਪਤਾ ਨਹੀਂ ਕਿਥੇ ਰਾਈਂ ਬਾਗੀਂ ਵੜੇ ਹੋਏ ਓ ?"

ਗਰੇਵਾਲ ਬੜੇ ਚਾਅ ਤੇ ਪ੍ਰਸੰਨਤਾ ਨਾਲ ਮਿਲਿਆ।

"ਮੈਨੂੰ ਹਾਲੇ ਘਰੋਂ ਗਏ ਨੂੰ ਘੰਟਾ ਵੀ ਨਹੀਂ ਹੋਇਆ, ਕਿਤੇ ਉਦੋਂ ਈ ਆ ਗਏ।" ਗਰੇਵਾਲ ਨੇ ਵੀ ਚਾਹ ਦਾ ਪਿਆਲਾ ਫੜ ਲਿਆ। ਪ੍ਰਕਾਸ਼ ਉਸ ਨੂੰ ਨਾ ਦੇਖਦਾ ਹੋਇਆ ਵੀ ਮੀਸਣੀਆਂ ਨਜ਼ਰਾਂ ਨਾਲ ਤੱਕ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

"ਬੱਸ ਜੀ, ਥੋੜਾ ਚਿਰ ਈ ਹੋਇਆ ਏ ਪੰਦਰ੍ਹਾਂ ਵੀਹ ਮਿੰਟ।" ਸੁਖਦੇਈ ਨੇ ਮੁਸਕਾਂਦਿਆਂ ਸੁਖ ਅਨੁਭਵ ਕੀਤਾ।

ਪ੍ਰਕਾਸ਼ ਤੋਂ ਬਿਨਾਂ ਸਾਰਿਆਂ ਚਾਹ ਤੇ ਖੁਲ੍ਹ ਕੇ ਗੱਪ ਸ਼ੱਪ ਕੀਤੀ। ਸੁਖਦੇਈ ਨੂੰ ਪ੍ਰਕਾਸ਼ ਦਾ ਚੁੱਪ ਚੁੱਪ ਰਵੱਈਆ ਚੁਭ ਰਿਹਾ ਸੀ। ਉਹ ਚਾਹੁੰਦੀ ਸੀ, ਪ੍ਰਕਾਸ਼ ਵੀ ਸਾਰਿਆਂ ਦੀ ਖ਼ੁਸ਼ੀ ਵਿਚ ਸਾਂਝੀਵਾਲ ਹੋ ਕੇ ਤਾੜੀ ਮਾਰੇ। ਪਰ ਉਹ ਆਪਣੇ ਆਪ ਨੂੰ ਦਰਸ਼ਨ ਦੇ ਫ਼ਿਲਮੀ ਰਸਾਲੇ ਵਿਚ ਛੁਪਾ ਕੇ ਉਨ੍ਹਾਂ ਤੋਂ ਵੱਖਰਿਆਂ ਹੋਣ ਵਿਚ ਕਾਮਯਾਬ ਹੋ ਗਿਆ।

"ਜੀ, ਏਨ੍ਹਾਂ ਤਾਂ ਹਰਪਾਲ ਦਾ ਵਿਆਹ ਵੀ ਰੱਖ ਲਿਆ ਏ ।" ਪ੍ਰਤਾਪ ਕੌਰ ਨੇ ਆਪਣੀ ਵਲੋਂ ਇਕ ਖ਼ੁਸ਼ਖ਼ਬਰੀ ਸੁਣਾਈ ।

"ਸਚੀਂ ਕਦੋਂ ਦਾ ?" ਗਰੇਵਾਲ ਇਕ ਨੀਂਦ ਤੋੜ ਕੇ ਜਾਗਿਆ। ਉਸ ਖ਼ਿਆਲ ਕੀਤਾ ਮੇਰੇ ਨਾਲੋਂ ਸੁਖਦੇਈ ਚੰਗੀ ਏ, ਜਿਹੜੀ ਇਕ ਭਾਰ ਵਲੋਂ ਹੌਲੀ ਹੋ ਰਹੀ ਏ।

"ਜੀ, ਤੁਹਾਡੀ ਦਿਆ ਨਾਲ ਛੱਬੀ ਫ਼ਰਵਰੀ ਦੇ ਅਨੰਦ ਹਨ। ਕਪੜੇ ਤਾਂ ਅਸੀਂ ਦੋਵੇਂ ਭੈਣਾਂ ਖ਼ਰੀਦ ਲਵਾਂਗੀਆਂ, ਤੁਹਾਨੂੰ ਸਿਰਫ਼ ਗਹਿਣੇ ਬਣਾਉਣ ਵਿਚ ਹੀ ਖੇਚਲ ਦਿਤੀ ਜਾਵੇਗੀ।" ਸੁਖਦੇਈ ਨੇ ਗਰੇਵਾਲ ਦੀ ਮਦਦ ਲੈਣ ਲਈ ਮਾਣ ਨਾਲ ਆਖਿਆ, "ਲਿਆਓ ਤਾਂ ਪੁਰਾਣੇ ਗਹਿਣਿਆਂ 'ਚੋਂ ਦੇਖੀਏ ਕੋਈ ਕੰਮ ਆ ਸਕੇਗਾ, ਜਾਂ ਸਾਰੇ ਹੀ ਤੁੜਵਾ ਕੇ ਨਵੇਂ ਹੀ ਬਣਾਉਣੇ ਪੈਣਗੇ।"

"ਸਾਡੇ ਕੋਲ ਤਾਂ ਪੁਰਾਣਾ ਗਹਿਣਾ ਕੋਈ ਨਹੀਂ। ਗਰੇਵਾਲ ਹੁਸ਼ਿਆਰ ਹੋ ਗਿਆ। "ਜਦੋਂ ਸੋਨਾ ਮਹਿੰਗਾ ਹੋਇਆ ਸੀ, ਓਦੋਂ ਹੀ ਸਾਰਾ ਵੇਚ ਦਿਤਾ ਸੀ। ਬਸ ਦੋ ਤਿੰਨ ਛਾਪਾਂ ਹੀ ਹਨ। ਗਹਿਣੇ ਤਾਂ ਸਾਰੇ ਨਵੇਂ ਹੀ ਬਣਾਉਣੇ ਪੈਣਗੇ।" ਗਰੇਵਾਲ ਨੇ ਹੱਸਦਿਆਂ ਅਸਲੋਂ ਗੱਲ ਨੂੰ ਟਾਲਿਆ।

ਪ੍ਰਕਾਸ਼ ਨੇ ਰਸਾਲਾ ਵੇਖਦਿਆਂ ਹੀ ਕੰਨ ਖੜੇ ਕਰ ਲਏ ਸਨ। ਸੁਖਦੇਈ ਵੀ ਥੋੜ੍ਹੀ ਢਿੱਲੀ ਪੈ ਗਈ। ਸਭ ਤੋਂ ਭੈੜੀ ਹਾਲਤ ਪ੍ਰਤਾਪ ਕੌਰ ਦੀ ਸੀ। ਜਿਵੇਂ ਉਹ ਕੁਝ ਕਹਿਣਾ ਚਾਹੁੰਦੀ ਸੀ, ਪਰ ਕਹਿ ਨਹੀਂ ਸਕਦੀ। ਸੁਖਦੇਈ ਨੂੰ ਸ਼ੱਕ ਸੀ ਕਿ ਗਰੇਵਾਲ ਮੇਰੀ ਗੱਲ ਨੂੰ ਸਮਝ ਨਹੀਂ ਸਕੇ।

"ਮੈਂ ਤੁਹਾਡੇ ਗਹਿਣਿਆਂ ਬਾਬਤ ਨਹੀਂ ਕਿਹਾ, ਸਗੋਂ ਜਿਹੜੇ ਸਰਦਾਰ ਹੋਰੀਂ ਤੁਹਾਡੇ ਕੋਲ ਰਖ ਗਏ ਸਨ।" ਸੁਖਦੇਈ ਨੇ ਗੱਲ ਸਪੱਸ਼ਟ ਕਰ ਦਿੱਤੀ।

"ਮੇਰੇ ਕੋਲ ਉਨ੍ਹਾਂ ਕੋਈ ਗਹਿਣਾ ਨਹੀਂ ਰੱਖਿਆ।" ਗਰੇਵਾਲ ਨੇ ਬੇ-ਹੱਦ ਪਰੇਸ਼ਾਨੀ ਪੈਦਾ ਕਰਦਿਆਂ ਕਿਹਾ, "ਕੀ, ਉਹ ਮਰਨ ਲਗੇ ਦਸ ਕੇ ਨਹੀਂ ਗਏ ?"

"ਉਹ ਸਿਰਫ਼ ਮੈਨੂੰ ਇਕੱਲੇ ਨੂੰ ਦੱਸ ਕੇ ਗਏ ਸਨ।" ਪ੍ਰਕਾਸ਼ ਨੇ ਆਪਣੀ ਚੁੱਪ ਤੋੜ ਦਿੱਤੀ। ਉਹ ਜ਼ਖ਼ਮ ਖਾ ਕੇ ਰਾਜ਼ੀ ਹੋ ਚੁੱਕਾ ਸੀ। "ਮਾਂ ਜੀ, ਤੁਹਾਨੂੰ ਭੁਲੇਖਾ ਲੱਗਾ ਹੈ, ਪਿਤਾ ਜੀ ਗਹਿਣਾ ਏਨ੍ਹਾਂ ਕੋਲ ਨਹੀਂ ਰਖ ਕੇ ਗਏ। ਸਾਰਾ ਗਹਿਣਾ ਇਮਪੀਰੀਅਲ ਬੈਂਕ ਵਿਚ ਹੈ।"

ਇਹ ਹੈਰਾਨੀ ਦਾ ਇਕ ਹੋਰ ਬੰਬ ਫਟਿਆ ਸੀ, ਜਿਸ ਗਰੇਵਾਲ ਨੂੰ ਝੰਜੋੜ ਸੁੱਟਿਆ ਸੀ। ਤਕਰੀਬਨ ਸਾਰਿਆਂ ਦੇ ਮੂੰਹਾਂ ਤੇ ਹਵਾਈਆਂ ਉਡ ਰਹੀਆਂ ਸਨ। ਸੁਖਦੇਈ ਨੂੰ ਆਪਣੇ ਨਾਲ ਸੰਸਾਰ ਭਉਂਦਾ ਪਰਤੀਤ ਹੋ ਰਿਹਾ ਸੀ। ਉਸ ਦੇ ਯਕੀਨ ਤੇ ਭਰੋਸੇ ਦਾ

Sri Satguru Jagjit Singh Ji eLibrary NamdhariElibrary@gmail.com

ਕਰਿਆਟਾ ਹੋ ਗਿਆ, ਕੁਝ ਹੋਰ ਪੁੱਛਣ ਦੀ ਗੁੰਜ਼ਾਇਸ਼ ਹੀ ਨਹੀਂ ਰਹਿ ਗਈ ਸੀ। ਗਰੇਵਾਲ ਨੂੰ ਸੋਚ ਫੁਰੀ, ਸ਼ਾਇਦ ਉਸ ਦਾ ਦੋਸਤ ਚੋਰੀ ਇਮਪੀਰੀਅਲ ਬੈਂਕ ਵਿਚ ਹੋਰ ਗਹਿਣਾ ਰਖ ਗਿਆ ਹੋਵੇ। ਪਰਤਾਪ ਕੌਰ ਬਰਤਨ ਚੁੱਕ ਕੇ ਬਾਹਰ ਚਲੀ ਗਈ। ਉਹ ਉਥੇ ਬਹਿ ਨਹੀਂ ਸਕੀ ਸੀ। ਉਹ ਚਾਹੁੰਦੀ ਸੀ, ਗਰੇਵਾਲ ਬਾਹਰ ਆ ਕੇ ਉਸ ਦੀ ਗੱਲ ਸੁਣ ਲਵੇ, ਉਹ ਐਨਾ ਪਾਪ ਨਹੀਂ ਹੋਣ ਦੇਵੇਗੀ। ਉਹ ਇਸ ਤਰ੍ਹਾਂ ਆਪ ਵੀ ਬੇਈਮਾਨ ਬਣਦੀ ਸੀ। ਖ਼ਰਚ ਵਾਲੀ ਰਕਮ ਦਾ ਉਸ ਨੂੰ ਕੋਈ ਹਿਸਾਬ ਕਿਤਾਬ ਨਹੀਂ ਸੀ।

ਡਰਾਇੰਗ-ਰੂਮ ਦੀ ਸੰਗੀਨ ਚੁੱਪ ਨੂੰ ਪ੍ਰਕਾਸ਼ ਨੇ ਇਕ ਵਾਰ ਫਿਰ ਤੋੜਿਆ।

"ਮਾਂ ਜੀ ! ਆਪਾਂ ਨੂੰ ਚਲਣਾ ਚਾਹੀਦਾ ਹੈ, ਉਹ ਆਪਣਾ ਇੰਤਜ਼ਾਰ ਕਰਦੇ ਹੋਣਗੇ !" ਪ੍ਰਕਾਸ਼ ਨੇ ਇਕ ਬਹਾਨਾ ਬਣਾ ਕੇ ਉਗਾੜੀ ਭੰਨੀ, ਬਿਲਕੁਲ ਸਧਾਰਨ, ਜਿਵੇਂ ਕੁਝ ਵੀ ਨਹੀਂ ਵਾਪਰਿਆ ਸੀ। ਉਹ ਬਹੁਤ ਦਿਨਾਂ ਤੋਂ ਸੰਭਲਿਆ ਹੋਇਆ ਸੀ ਤੇ ਉਸ ਨੂੰ ਇਸ ਵਾਰਤਾ ਦੀ ਪਹਿਲੋਂ ਹੀ ਆਸ ਸੀ। ਪਰ ਸੁਖਦੇਈ ਲਈ ਆਰਥਕ ਸੱਟ ਨਾਲ ਆਤਮ ਵਿਸ਼ਵਾਸ ਵੀ ਕਤਲ ਹੋ ਕੇ ਰਹਿ ਗਿਆ ਸੀ।

"ਕੌਣ ਉਡੀਕਦੇ ਹੋਣਗੀ ?" ਗਰੇਵਾਲ ਨੇ ਮੂੰਹ ਉਚਾ ਚੁੱਕਦਿਆਂ ਪੁਛਿਆ।

"ਮੇਰੇ ਦੋਸਤ ਦੇ ਘਰ ਵਾਲੇ।" ਪ੍ਰਕਾਸ਼ ਨੇ ਆਪਣੇ ਬਹਾਨੇ ਨੂੰ ਮੁਕੰਮਲ ਕਰ ਲਿਆ।

ਸੁਖਦੇਈ ਵੀ ਜੀ-ਭਿਆਣੀ ਆਪਣੇ ਅਠਾਰ੍ਹਾਂ ਵਰ੍ਹਿਆਂ ਦੇ ਪਿਆਰ ਦਾ ਕੁਤਰਾ ਝੋਲੀ ਪਾਈ ਉਠ ਖਲੋਤੀ। ਉਸ ਪ੍ਰਕਾਸ਼ ਨੂੰ ਤੱਕਿਆ, 'ਪੁੱਤਰ, ਤੂੰ ਸੱਚਾ ਸੀ, ਮੈਨੂੰ ਨਹੀਂ ਸੀ ਪਤਾ ਦੁਨੀਆਂ ਵਿਚੋਂ ਇਮਾਨ ਨਾਲ ਭਗਵਾਨ ਵੀ ਮਰ ਗਿਆ।' ਉਸ ਹੱਥ ਜੋੜੇ, ਪਰ ਸਤਿ ਸ੍ਰੀ ਅਕਾਲ ਆਖਣ ਲਈ ਬੁੱਲ ਵੀ ਨਾ ਫਰਕਾ ਸਕੀ। ਜਦੋਂ ਉਹ ਆਈ ਸੀ, ਖ਼ੁਸ਼ੀ ਦੀਆਂ ਧਾਰਾਂ ਉਸ ਦੇ ਅਧੋਗਾਣੇ ਚਿਹਰੇ ਤੋਂ ਰਿਸ਼ਮਾਂ ਬਣ ਬਣ ਉਠ ਰਹੀਆਂ ਸਨ। ਹੁਣ ਉਹ ਦਰਸ਼ਨ ਨੂੰ ਪਿਆਰ ਦੇਣਾ ਵੀ ਭੁੱਲ ਗਈ। ਉਸ ਬਾਹਰ ਨਿਕਲਣ ਦੀ ਕੀਤੀ, ਮਤਾਂ ਉਸ ਦਾ ਮਨ ਉਨ੍ਹਾਂ ਦੇ ਸਾਹਮਣੇ ਭਰ ਆਵੇ। ਉਸ ਨੂੰ ਆਪਣਾ ਸਰਦਾਰ ਯਾਦ ਆ ਰਿਹਾ ਸੀ, ਜਿਹੜਾ ਮਰਦਿਆਂ ਵੀ ਏਹੀ ਸਿੱਖਿਆ ਦੇ ਕੇ ਗਿਆ ਸੀ – 'ਮੇਰਾ ਸਭ ਕੁਝ ਗਰੇਵਾਲ ਹੈ, ਮੈਂ ਤੁਹਾਨੂੰ ਉਸ ਆਸਰੇ ਛੱਡ ਚਲਿਆ ਹਾਂ, ਉਹ ਤੁਹਾਨੂੰ ਤੱਤੀ ਵਾ ਨਹੀਂ ਲੱਗਣ ਦੇਣਗੇ।' ਸੁਖਦੇਈ ਦੀਆਂ ਜਲ ਭਰ ਆਈਆਂ ਅੱਖਾਂ ਅਗੋਂ ਦੀ ਬਹੁਤ ਕੁਝ ਲੰਘ ਗਿਆ।

ਉਨ੍ਹਾਂ ਦੋਹਾਂ ਨੂੰ ਗੇਟ ਲੰਘਦਿਆਂ ਪਿਛੋਂ ਪ੍ਰਤਾਪ ਕੌਰ ਆ ਮਿਲੀ।

"ਮੈਂ ਕਿਹਾ ਭੈਣ ਜੀ, ਤੁਸੀਂ ਚਲੇ ਜਾਣ ਵਾਲੀ ਹੱਦ ਕੀਤੀ।"

ਪ੍ਰਕਾਸ਼ ਤੇ ਸੁਖਦੇਈ ਨੂੰ ਖਲੋਣਾ ਪੈ ਗਿਆ। ਪ੍ਰਤਾਪ ਕੌਰ ਨੇ ਲਕੋਇਆ ਗਹਿਣਿਆਂ ਦਾ ਡੱਬਾ ਪ੍ਰਕਾਸ਼ ਨੂੰ ਫੜਾ ਦਿੱਤਾ।

"ਭੈਣ ਤੂੰ ਮਾਫ਼ ਕਰੀਂ।" ਪ੍ਰਤਾਪ ਕੌਰ ਨੇ ਸੁਖਦੇਈ ਦੇ ਹੱਥ ਫੜ ਲਏ। ਉਸ ਦੀਆਂ ਅੱਖਾਂ ਵਿੱਚ ਪਿਆਰ ਹੰਝੂ ਲੈ ਆਇਆ। "ਸਾਡੇ ਘਰ ਪਤਾ ਨਹੀਂ ਕਿਹੋ ਜਿਹੀ ਸਾਅੜ-ਸਤੀ ਵੜ ਗਈ ਏ ਕਿ ਮੱਤ ਈ ਮਾਰ ਦਿਤੀ ਏਨ੍ਹਾਂ ਦੀ। ਕੋਈ ਆਪਣਿਆਂ ਨਾਲ ਐਨੀ ਬੇਈਮਾਨੀ ਵੀ ਕਰਦਾ ਏ। ਇਸ਼ ਇਸ਼ !" ਉਸ ਹੱਦੋਂ ਵੱਧ ਘਿਰਨਾ ਪ੍ਰਗਟ ਕੀਤੀ।

"ਬੇ ਜੀ ! ਤੁਸੀਂ ਇਹ ਗਹਿਣੇ ਲੈ ਜਾਵੋ, ਤੁਹਾਡੀ ਪੋਜ਼ੀਸ਼ਨ ਘਰ ਵਿਚ ਖ਼ਰਾਬ

Sri Satguru Jagjit Singh Ji eLibrary NamdhariElibrary@gmail.com

ਹੋ ਜਾਵੇਗੀ। ਅਸੀਂ ਏਨ੍ਹਾਂ ਨੂੰ ਆਪਣੇ ਘਰ ਈ ਸਮਝਦੇ ਆਂ।" ਪ੍ਰਕਾਸ਼ ਨੇ ਡੱਬਾ ਮੋੜ ਦਿਤਾ।

ਸੁਖਦੇਈ ਕੰਬੀ ਜਾ ਰਹੀ ਸੀ। ਉਸ ਤੋਂ ਕੋਈ ਗੱਲ ਨਹੀਂ ਹੁੰਦੀ ਸੀ। ਪ੍ਰਤਾਪ ਕੌਰ ਨੇ ਜ਼ਿੱਦ ਕੀਤੀ।

"ਨਹੀਂ, ਤੁਹਾਨੂੰ ਵਿਆਹ ਤੇ ਏਨ੍ਹਾਂ ਦੀ ਲੋੜ ਏ ਤੇ ਲਿਜਾ ਕੇ ਆਪਣਾ ਕੰਮ ਸਾਰੋ।"

"ਬੇ ਜੀ ! ਮੈਂ ਏਨ੍ਹਾਂ ਗਹਿਣਿਆਂ ਨਾਲੋਂ ਤੁਹਾਨੂੰ ਲੱਖ ਦਰਜੇ ਕੀਮਤੀ ਸਮਝਦਾ ਹਾਂ। ਤੇ ਤੁਹਾਨੂੰ ਘਰ ਝਾੜ ਖਾਂਦਿਆਂ ਨਹੀਂ ਵੇਖ ਸਕਦਾ। ਤੁਹਾਨੂੰ ਮੇਰੇ ਪਿਆਰ ਦੀ ਸੌਂਹ, ਤੁਸੀਂ ਡੱਬਾ ਵਾਪਸ ਲੈ ਜਾਵੋ। ਗਹਿਣਿਆਂ ਨਾਲੋਂ ਤੁਸੀਂ ਸਾਡੇ ਬਹੁਤੇ ਹੋ।" ਪ੍ਰਕਾਸ਼ ਨੇ ਬੜੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਤੇ ਆਪਣੀ ਮਾਂ ਜੀ ਨੂੰ ਸੰਬੋਧਨ ਹੋਇਆ :

"ਚਲੋ ਮਾਂ ਜੀ !"

ਪ੍ਰਕਾਸ਼ ਮਾਂ ਨੂੰ ਸਹਾਰਾ ਦੇਈ ਤੋਰ ਰਿਹਾ ਸੀ ਅਤੇ ਭਰੀਆਂ ਅੱਖਾਂ ਨਾਲ ਪ੍ਰਤਾਪ ਕੌਰ ਇਕ ਪਾਪ ਨੂੰ ਲੋਈ ਹੇਠ ਲੁਕਾਈ ਖਲੋਤੀ ਰਹੀ, ਉਨ੍ਹਾਂ ਨੂੰ ਦੇਖਦੀ ਰਹੀ। ਜਦੋਂ ਉਹ ਬਹੁਤ ਦੂਰ ਚਲੇ ਗਏ, ਉਸ ਦਾ ਜੀਅ ਕੀਤਾ, ਗਹਿਣਿਆਂ ਵਾਲਾ ਡੱਬਾ ਸੜਕ ਵਿਚਕਾਰ ਪਟਕਾ ਮਾਰੇ।

28

"ਮੈਂ ਤਾਂ ਹੈਰਾਨ ਇਸ ਗੱਲ ਤੋਂ ਆਂ, ਤੇਰਾ ਐਨੀ ਛੇਤੀ ਤਬਾਦਲਾ ਕਿਵੇਂ ਕਰ ਦਿਤਾ।" ਪਪੀਹਾ ਤੀਜਾ ਪੈਗ ਪੀ ਰਿਹਾ ਸੀ। ਅਸਲ ਵਿਚ ਉਸ ਨੂੰ ਬਹਾਲ ਦੇ ਲੁਧਿਆਣਿਓਂ ਬਦਲ ਜਾਣ ਦਾ ਬਹੁਤ ਅਫ਼ਸੋਸ ਸੀ, ਕਿਉਂਕਿ ਖਾਣ ਪੀਣ ਅਤੇ ਚੌੜੇ ਹੋ ਕੇ ਰਹਿਣ ਲਈ ਏਨਾ ਚੰਗਾ ਅੱਡਾ ਖੁੱਸ ਰਿਹਾ ਸੀ।

"ਖ਼ਿਦਮਤਾਂ ਕੀਤੀਆਂ ਏਂ ਚਾਚਾ। ਅਗਲੇ ਜਵਾਈਆਂ ਵਾਂਗ ਮੰਨਦੇ ਐਂ", ਬਹਾਲ ਦੇ ਮੂੰਹ ਤੇ ਇਕ ਕਾਮਯਾਬ ਖ਼ੁਸ਼ੀ ਨਸ਼ੇ ਨਾਲੋਂ ਵਧੇਰੇ ਝਪਕਾਂ ਮਾਰ ਰਹੀ ਸੀ।

"ਖ਼ਿਦਮਤਾਂ ਕੀਤੀਆਂ ਏ ਕਿ ਝੋਲੀ ਚੁੱਕੀ ਏ।" ਪਪੀਹੇ ਨੇ ਜਾਣ ਕੇ ਇਕ ਅੱਖ ਟੀਰੀ ਕਰ ਲਈ।

"ਸਾਡੀ ਡਿਕਸ਼ਨਰੀ ਵਿਚ ਲੋਕਾਂ ਨਾਲੋਂ ਵੱਖਰੇ ਮਾਅਨੇ ਹੁੰਦੇ ਐ। ਤਿੰਨ ਕੇਸ ਚਲ ਸਕਦੇ ਸੀ ਮੇਰੇ ਤੇ, ਜੇ ਗੌਰਮਿੰਟ ਨੇ ਚਲਾਉਣੇ ਹੁੰਦੇ। ਉਸ ਵਿਚ ਵਡੇ ਅਫਸਰਾਂ ਵੀ ਫਸ ਜਾਣਾ ਸੀ। ਡੀ. ਐਸ. ਪੀ. ਸਾਹਿਬ ਨੇ ਵਡੇ ਸਾਹਿਬ ਨੂੰ ਜਾ ਕੇ ਆਖਿਆ, 'ਮੁੰਡਾ ਆਪਣਾ ਅਜ਼ੀਜ਼ ਹੈਂ', ਬਸ ਉਸ ਇਨਕੁਆਰੀ ਵਾਲੀ ਫ਼ਾਈਲ ਈ ਪਾਸੇ ਚੁੱਕ ਕੇ ਮਾਰੀ ਅਤੇ ਮੂੰਹ-ਮੰਗੇ ਥਾਂ ਤਬਾਦਲਾ ਕਰ ਦਿਤਾ।" ਬਹਾਲ ਬਹੁਤ ਪ੍ਰਸੰਨ ਸੀ, ਉਸ ਦੇ ਕਈ ਕੰਮ ਰੱਬ-ਤਵੱਕੋ ਹੀ ਰਾਸ ਹੋ ਗਏ ਸਨ। ਏਸੇ ਖ਼ੁਸ਼ੀ ਵਿਚ ਉਹ ਪਪੀਹੇ ਨੂੰ ਹੈਵਰਡ ਦੀ ਵਿਸਕੀ ਪਿਆ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

"ਹੁਣ ਕਿਥੇ ਮਰਿਆ ਏਂ, ਕੋਈ ਠੇਕਾ ਵੇਕਾ ਹੈ ਨੇੜੇ ?" ਪਪੀਹੇ ਨੂੰ ਆਪਣੇ ਭਵਿੱਸ਼ ਦੀ ਫ਼ਿਕਰ ਪਈ ਹੋਈ ਸੀ।

"ਹੁਣ ਸਿੱਧਾ ਪੋਲੀਸ ਲਾਈਨ ਫ਼ੀਰੋਜ਼ਪੁਰ, ਤੇ ਓਥੋਂ ਮੇਰਾ ਖ਼ਿਆਲ ਹੈ ਐਸ. ਪੀ. ਸਾਅਬ ਧਰਮ ਕੋਟ ਲਾਵੇਗਾ।" ਬਹਾਲ ਨੇ ਦੁਚਿੱਤਾ ਜਿਹਾ ਹੁੰਦਿਆ ਆਖਿਆ, "ਪੀਣ ਨੂੰ ਪੁੱਤਰਾ ਦੇਸੀ, ਆਮ।" ਆਮ ਕਹਿ ਕੇ ਉਸ ਪਪੀਹੇ ਨੂੰ ਸ਼ਰਾਬ ਦੇ ਦਰਿਆ ਵਿਚ ਗ਼ੋਤਾ ਦੇ ਦਿਤਾ।

"ਪੀਣ ਨੂੰ ਹੋਵੇ, ਭਾਵੇਂ ਖੇਹ ਸੁਆਹ ਹੋਵੇ, ਝਟ ਕਮਲੇ ਈ ਹੋਣਾ ਏਂ।" ਉਸ ਨਾਲ ਪਪੀਹਾ ਵੀ ਮੁਸਕਾ ਪਿਆ।

"ਤੂੰ ਏਥੇ ਪੀ।" ਬਹਾਲ ਦੀ ਨੀਅਤ ਬਦਲ ਗਈ ਸੀ।" ਤੈਨੂੰ ਹਰ ਚੀਜ਼ ਰਾਮ ਨਾਥ ਲਿਆ ਦੇਵੇਗਾ।"

"ਤੂੰ ਕਿਥੇ ਉਜੜਨਾ ਏਂ ?" ਬਿਜਲੀ ਦੇ ਚਾਨਣ ਵਿਚ ਪਪੀਹੇ ਦੀਆਂ ਮੋਟੀਆਂ ਗੰਨੀਆਂ ਵਿਚੋਂ ਡਰ ਉਭਰ ਆਇਆ ਸੀ।

"ਤੈਨੂੰ ਸੌ ਵਾਰ ਆਖਿਆ ਏ ਭਬੂੜ੍ਹੀ ਵਹਿੜ ਵਾਗੂੰ ਝਾਕਣਾ ਛਡ ਦੇ, ਜੇ ਸਿੱਧਾ ਝਾਕ ਲਿਆ ਕਰੇਂ ?"

"ਤੂੰ ਪਿਉ ਨੂੰ ਇਕੱਲਾ ਛੱਡ ਕੇ ਉਠ ਚਲਿਆ ਏਂ।"

ਦਰਸ਼ਨ ਸ਼ਾਮੀਂ ਬਜ਼ਾਰ ਮਿਲੀ, ਉਸ ਤਾਕੀਦ ਕੀਤੀ ਸੀ ਰਾਤੀ ਰੋਟੀ ਘਰੋਂ ਖਾਵਾਂ ਤੇ ਕੋਈ ਖ਼ਾਸ ਗੱਲ ਕਰਨੀ ਏਂ। ਮੈਂ ਛੇੜਨ ਦੇ ਮਾਰੇ ਹੱਸਦਿਆਂ ਕਿਹਾ, ਕੰਮ ਬਹੁਤ ਹੈ, ਆਇਆ ਨਹੀਂ ਜਾਣਾ। ਬਸ, ਓਥੇ ਈ ਅੱਖਾਂ ਭਰ ਲਈਆਂ। ਤੂੰ ਹੀ ਦਸ ਰੁਕਨਦੀਨਾ ! ਕੋਈ ਇਸ ਤਰ੍ਹਾਂ ਤਰਲੇ ਨਾਲ ਸੱਦੇ ਤੇ ਆਦਮੀ ਨਾ ਜਾਵੇ। ਹੈ ਨਾ ਰੱਬ ਨੂੰ ਸੂਲੀ ਟੰਗਣ ਵਾਲੀ ਗੱਲ।" ਬਹਾਲ ਉਠ ਕੇ ਖਲੋ ਗਿਆ।

"ਉਸ ਖੋਤੜੀ ਨੂੰ ਹਾਲੇ ਤੱਕ ਨਹੀਂ ਪਤਾ, ਤੂੰ ਵਿਆਹਿਆਂ ਏਂ ?" ਪਪੀਹੇ ਨੇ ਜਵਾਬ ਸੁਣਨ ਲਈ ਉਤਾਂਹ ਮੂੰਹ ਚੁੱਕ ਲਿਆ। "ਸਾਲਿਆ ਤੂੰ ਰੰਨਾਂ ਨੂੰ ਕਾਬੂ ਰੱਖਣ ਵਿਚ ਬੜਾ ਮਾਹਰ ਏਂ।"

"ਹਮਲੇ ਤਾਂ ਚਾਚਾ ਬੜੇ ਹੋਏ ਸੀ, ਪਰ ਹਾਲੇ ਤੱਕ ਤੇਰੀ ਦਇਆ ਨਾਲ ਵਾਲ ਵਿੰਗਾ ਨਹੀਂ ਹੋਇਆ।"

"ਕਿਤੇ ਮੇਰੇ ਅੜਿੱਕੇ ਚੜ੍ਹ ਗਈ ਤਾਂ ਸਾਰਾ ਭਾਂਡਾ ਭੰਨ ਦਿਆਂਗਾ।" ਪਪੀਹੇ ਨੇ ਰੋਹਬ ਦੇਣ ਲਈ ਕਿਹਾ।

"ਚਾਚਾ ਜੇ ਵਜ੍ਹਾ ਵਜ੍ਹਾ ਨਾਲ ਸਮਝਾ ਦੇਵੇਂ, ਮੇਰੇ ਸਿਰ ਹੋਰ ਅਹਿਸਾਨ ਕਰੇਂ। ਸੱਪ ਵੀ ਮਰੇ ਤੇ ਸੋਟਾ ਵੀ ਹੱਥ ਰਹੇ। ਉਹ ਹੱਥੋਂ ਵੀ ਨਾ ਨਿਕਲੇ ਤੇ ਉਸ ਨੂੰ ਵਿਆਹ ਦਾ ਪਤਾ ਵੀ ਲੱਗ ਜਾਵੇ।" ਉਸ ਇਕੋ ਚੁਟਕੀ ਮਾਰੀ, "ਹਾਂ, ਤੂੰ ਆਖੀਂ ਵਿਆਹ ਕੇ ਛੱਡੀ ਹੋਈ ਏ। ਇਸ ਤਰ੍ਹਾਂ ਜ਼ਖ਼ਮ ਤਾਂ ਲਗੇਗਾ, ਪਰ ਖ਼ਤਰਨਾਕ ਨਹੀਂ ਹੋਵੇਗਾ।"

"ਤੇਰੀ ਮਾਂ ਦੀ.....।" ਪਪੀਹੇ ਨੇ ਫਾਅੜ ਕਰਦੀ ਗਾਲ੍ਹ ਕੱਢ ਮਾਰੀ।

"ਬਹਾਲ ਨੇ ਝੁਕ ਕੇ ਗੋਡੇ ਨੱਪਦਿਆਂ ਆਖਿਆ :

"ਚਾਚਾ ! ਅਸੀਂ ਤੇਰੇ ਬੱਚਿਆ ਵਰਗੇ ਆਂ। ਤੂੰ ਅਗੇ ਵੀ ਤਾਰਦਾ ਆਇਆ ਏਂ ਹੁਣ ਵੀ ਤਾਰ ਦੇ। ਤੂੰ ਹੀ ਇਸ ਰਾਹ ਪਾਇਆ ਏ।" ਬਹਾਲ ਨੇ ਵਿਚੇ ਵਿਚ ਟਿਕਾ ਦਿਤੀ।

Sri Satguru Jagjit Singh Ji eLibrary NamdhariElibrary@gmail.com

"ਹਰਾਮੀਆ ! ਓਏ ਹਰਾਮੀਆ !! ਕਿਉਂ ਇਕ ਸ਼ਰੀਫ਼ ਆਦਮੀ ਨੂੰ ਆਪਣੇ ਗੁਨਾਹਾਂ ਨਾਲ ਲਬੇੜ ਰਿਹਾ ਏਂ। ਮੈਂ ਤੇਰੀ ਮਾਂ ਨੂੰ ਸਾਫ਼ ਸਾਫ਼ ਕਹਿ ਦੇਵਾਂਗਾ, ਉਹ ਹਰਾਮੀ ਹੈ, ਖੋਟਾ ਹੈ।" ਉਸ ਬਹਾਲ ਦੇ ਹੱਥ ਪਾਸੇ ਕਰ ਦਿਤੇ।

"ਜਦੋਂ ਤੂੰ ਜੰਮਿਆ ਪੁਠੇ ਦਿਨ ਏਂ, ਸਾਫ਼ ਗੱਲ ਤਾਂ ਜ਼ਰੂਰ ਕਰੇਂਗਾ।" ਬਹਾਲ ਨੇ ਚੈਸਟਰ ਚੜ੍ਹਾ ਲਿਆ। "ਮੈਂ ਇਕ ਘੰਟੇ ਤੱਕ ਆ ਜਾਵਾਂਗਾ।"

"ਜਾ ਦਫ਼ਾ ਹੋ।" ਉਸ ਹੋਰ ਪੈਗ ਪਾ ਲਿਆ।

ਬਹਾਲ ਨੇ ਚੌਕੀ ਵਿਚੋਂ ਨਿਕਲਦਿਆਂ ਹੀ ਟਾਂਗਾ ਘੇਰ ਲਿਆ ਅਤੇ ਉਸ ਵਿਚ ਬਹਿੰਦਿਆਂ ਹੀ ਪੁਕਾਰਿਆ :

"ਸਿਵਲ ਲਾਈਨ।"

ਟਾਂਗੇ ਵਾਲੇ ਨੇ ਤਿੱਖੀ ਤੇ ਗਰਮ ਆਵਾਜ਼ ਨੂੰ ਸਮਝਦਿਆਂ ਘੋੜੀ ਦੀਆਂ ਵਾਗਾਂ ਚੁਕ ਦਿਤੀਆਂ।

ਬਹਾਲ ਆਪਣੀਆਂ ਮੁਸਕਾਣਾਂ ਵਿਚ ਪਰਚ ਗਿਆ। 'ਦਰਸ਼ਨ ਮੇਰਾ ਤਬਾਦਲਾ ਸੁਣਦਿਆਂ ਹੀ ਧਾਹ ਮਾਰ ਉਠੇਗੀ। ਅੱਜ ਉਹ ਬਹੁਤ ਰੋਏਗੀ। ਮੈਨੂੰ ਉਸ ਨਾਲ ਬੇਹੱਦ ਪਿਆਰ ਕਰਨਾ ਚਾਹੀਦਾ ਹੈ। ਕੁੜੀ ਬਲੈਕ ਐਂਡ ਵਾਈਟ ਦੀ ਵਿਸਕੀ ਦਾ ਲੱਕ ਤੋੜਦੀ ਹੈ। ਜਦੋਂ ਹੱਸਦੀ ਹੈ, ਓਦੋਂ ਵੀ ਮਾਰਦੀ ਹੈ ਤੇ ਜਦੋਂ ਰੋਂਦੀ ਹੈ, ਕਤਲ ਕਰਦੀ ਹੈ। ਹਾਇ ਰੱਬਾ ! ਜਦੋਂ ਪਿਆਰ ਕਰਦੀ ਹੈ, ਬਹਿਸ਼ਤਾਂ ਵਿਚ ਬੰਬਾਰੀ ਸ਼ੁਰੂ ਹੋ ਜਾਂਦੀ ਹੈ। ਉਸ ਦਾ ਰੋਹ-ਗ਼ੁੱਸੇ ਵਿਚ ਲੜਨਾ ਕਿਆਮਤ ਦੀ ਧਾਰ ਹੋ ਜਾਂਦਾ ਏ। ਪਰ ਹਾਲਾਤ ਵੀ ਕੁਝ ਅਜਿਹੇ ਹਨ, ਮੈਂ ਮਜਬੂਰ ਹਾਂ। ਗਰੇਵਾਲ ਵਿਆਹ ਮੰਗਣੀ ਬਾਰੇ ਕਿਉਂ ਜ਼ੋਰ ਦੇ ਰਿਹਾ ਹੈ ? ਮੈਂ ਨੱਠ ਜਾਣ ਤੋਂ ਬਿਨਾਂ ਕਰ ਹੀ ਕੀ ਸਕਦਾ ਹਾਂ।' ਟਾਂਗਾ ਦੌੜ ਰਿਹਾ ਸੀ। ਕਾਲੀ ਸੜਕ ਉਤੇ ਬਿਜਲੀ ਦਾ ਚਾਨਣ ਕਦੇ ਵਧ ਜਾਂਦਾ, ਕਦੇ ਅਸਲੋਂ ਘਟ ਜਾਂਦਾ। ਨਸ਼ੇ, ਟਾਂਗੇ ਤੇ ਪਿਆਰ ਦੇ ਤੀਹਰੇ ਹਲੋਰਿਆਂ ਨਾਲ ਬਹਾਲ ਬੇਹਾਲ ਹੋਇਆ ਪਿਆ ਸੀ। ਟਾਂਗੇ ਵਾਲੇ ਨੇ ਬਹਾਲ ਦੀ ਆਸ ਤੋਂ ਪਹਿਲਾਂ ਉਸ ਨੂੰ ਮੰਜ਼ਿਲ ਤੇ ਲੈ ਆਂਦਾ।

"ਇਹ ਲੈ ਰੁਪਿਆ, ਇਕ ਘੰਟੇ ਤੱਕ ਚੱਕਰ ਲਾ ਕੇ ਏਸੇ ਬਿੰਬੜ ਹੇਠ ਆ ਜਾਵੀਂ, ਸਮਝਿਆ ?" ਬਹਾਲ ਨੇ ਇਕ ਤਰ੍ਹਾਂ ਟਾਂਗੇ ਵਾਲੇ ਨੂੰ ਵਾਰਨਿੰਗ ਦਿਤੀ।

"ਜਨਾਬ, ਬੰਦਾ ਜਾਂਦਾ ਈ ਨਹੀਂ।" ਟਾਂਗੇ ਵਾਲੇ ਨੇ ਲੋੜ ਤੋਂ ਵੱਧ ਤਾਬੇਦਾਰੀ ਵਿਖਾਈ।

"ਨਹੀਂ, ਇਕ ਘੰਟੇ ਤੱਕ ਆ ਜਾਵੀਂ।" ਬਹਾਲ ਗੇਟ ਕੋਲ ਚਲਾ ਗਿਆ ਸੀ।

ਡਰਾਇੰਗ-ਰੂਮ ਚਾਨਣ ਨਾਲ ਭਰਿਆ ਪਿਆ ਸੀ, ਜਿਵੇਂ ਉਸ ਨੂੰ ਕਿਸੇ ਦੀ ਉਡੀਕ ਸੀ। ਬਹਾਲ ਦਾ ਅੰਗ ਅੰਗ ਨਸ਼ੇ ਤੇ ਪਿਆਰ ਨਾਲ ਮਚਲ ਉਠਿਆ। ਉਸ ਦੇ 'ਜਰਕ ਖੜਕ' ਕਰਦੇ ਬੂਟ ਉਸ ਨੂੰ ਡਰਾਇੰਗ-ਰੂਮ ਵਿਚ ਲੈ ਆਏ। ਉਸ ਨੂੰ ਦੇਖਦੇ ਸਾਰ ਦਰਸ਼ਨ ਉਠ ਖਲੋਤੀ। ਬਹਾਲ ਨੇ ਤੱਕਿਆ, ਜਿਵੇਂ ਉਹ ਬਹੁਤ ਹੀ ਰੋਂਦੀ ਰਹੀ ਹੈ ਤੇ ਉਸ ਦਾ ਚਿਹਰਾ ਹੁਣ ਵੀ ਉਦਾਸ ਤੇ ਵੀਰਾਨ ਪਿਆ ਹੋਇਆ ਸੀ। 'ਕੀ ਇਸ ਨੂੰ ਮੇਰੇ ਜਾਣ ਦੀ ਖ਼ਬਰ ਪਹਿਲਾਂ ਹੀ ਲੱਗ ਗਈ ? ਇਹ ਕਿਸ ਤਰ੍ਹਾ ਹੋ ਸਕਦਾ ਏ ?'

"ਏਥੇ ਮੇਰੇ ਸਾਹਮਣੇ ਬਹਿ ਜਾਵੋ।" ਦਰਸ਼ਨ ਦੇ ਸੰਘ ਵਿਚਕਾਰ ਸ਼ਬਦ ਰੁਕ ਰੁਕ ਜਾਂਦੇ ਸਨ। ਬਹਾਲ ਨੇ ਅਗੇ ਦਰਸ਼ਨ ਨੂੰ ਇਸ ਤਰ੍ਹਾਂ ਕਦੇ ਮਹਿਸੂਸ ਨਹੀਂ ਕੀਤਾ

Sri Satguru Jagjit Singh Ji eLibrary NamdhariElibrary@gmail.com

ਸੀ ਤੇ ਨਾ ਹੀ ਕਦੇ ਦਰਸ਼ਨ ਨੇ ਉਸ ਦਾ ਇਸ ਤਰ੍ਹਾਂ ਸਵਾਗਤ ਕੀਤਾ ਸੀ।

"ਵਾਹ ਕਿਸਮਤ ! ਤੈਨੂੰ ਹੋਇਆ ਕੀ ਏ ?" ਬਹਾਲ ਦਾ ਮੂੰਹ ਸੁਕਿਆ ਪਿਆ ਸੀ।

"ਬਹਿ ਜਾਵੋ, ਸਭ ਕੁਝ ਦਸਦੀ ਆਂ।" ਦਰਸ਼ਨ ਨੇ ਬੈਠਦਿਆਂ ਪਹਿਲਾਂ ਬੁੱਲ੍ਹ ਨੂੰ ਦੰਦਾਂ 'ਚ ਲਿਆ, ਫਿਰ ਹੱਥਾਂ ਨੂੰ ਮਰੋੜਦਿਆਂ ਆਖਣਾ ਸ਼ੁਰੂ ਕੀਤਾ, "ਅੱਜ ਬੇ ਜੀ ਤੇ ਪਿਤਾ ਜੀ ਪਿੰਡ ਗਏ ਹੋਏ ਹਨ, ਮੈਂ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਹੀ ਤੁਹਾਡੇ ਨਾਲ ਦੋ-ਟੂਕ ਫ਼ੈਸਲਾ ਕਰ ਸਕਦੀ ਸੀ।" ਦਰਸ਼ਨ ਨੇ ਮੱਥਾ ਵੱਟਾਂ ਨਾਲ ਭਰ ਲਿਆ।

"ਐਵੇਂ ਸਾਹ ਕਿਉਂ ਸੁਕਾਏ ਐ, ਕਹਿ ਜਿਹੜੀ ਗੱਲ ਏ।"

ਬਹਾਲ ਇਸ ਤਰ੍ਹਾਂ ਦੀ ਹਾਲਤ ਹੋਰ ਬਹੁਤਾ ਸਮਾਂ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸੀ।

"ਬੱਸ ਦੋ ਗੱਲਾਂ ਵਿਚੋਂ ਇਕ ਚੁਣ ਲਵੋ, ਮੇਰੀ ਜ਼ਿੰਦਗੀ ਜਾਂ ਮੌਤ।" ਦਰਸ਼ਨ ਦੀਆਂ ਅੱਖਾਂ ਵਿਚ ਪਾਣੀ ਕੁੱਦ ਆਇਆ।

"ਮੈਨੂੰ ਕੁਝ ਪਤਾ ਵੀ ਲਗੇ ?" ਬਹਾਲ ਨੇ ਦਰਸ਼ਨ ਨੂੰ ਮੋਢਿਆਂ ਤੋਂ ਫੜ ਕੇ ਝੰਜੋੜਿਆ।

"ਪਤਾ ਲੱਗਣ ਵਿਚ ਹੁਣ ਕੀ ਬਾਕੀ ਰਹਿ ਗਿਆ ਏ। ਤੁਸੀ ਦਸੋ, ਫ਼ੈਸਲਾ ਕਰੋ, ਮੇਰੀ ਮੌਤ ਚਾਹੁੰਦੇ ਹੋ ਜਾਂ ਜ਼ਿੰਦਗੀ ?" ਦਰਸ਼ਨ ਨੇ ਉਸ ਦੇ ਹੱਥ ਮੋਢਿਆਂ ਤੋਂ ਲਾਹ ਕੇ ਫ਼ੈਸਲਾ ਮੰਗਿਆ।

"ਤੇਰਾ ਕੀ ਖ਼ਿਆਲ ਏ, ਮੈਂ ਤੇਰੀ ਮੌਤ ਦਾ ਸੁਪਨਾ ਵੀ ਲੈ ਸਕਦਾ ਹਾਂ ?" ਬਹਾਲ ਦੇ ਚਿਹਰੇ ਤੇ ਦ੍ਰਿੜ੍ਹ ਇਰਾਦਾ ਉਕਰਿਆ ਹੋਇਆ ਸੀ।

"ਬੱਸ ਫਿਰ ਤੁਹਾਨੂੰ ਮੇਰੇ ਨਾਲ ਕੱਲ੍ਹ ਹੀ ਸਿਵਲ ਮੈਰਿਜ ਕਰਾਉਣੀ ਹੋਵੇਗੀ ਤੇ ਏਥੋਂ ਕਿਤੇ ਦੂਰ ਲੈ ਜਾਣਾ ਹੋਵੇਗਾ।" ਦਰਸ਼ਨ ਦੀ ਵੇਦਨਾ ਨੇ ਸਧਰਾਂ ਦਾ ਰੂਪ ਧਾਰ ਲਿਆ।

ਬਹਾਲ ਇਕ ਪਲ ਉਖੇੜਾ ਖਾ ਕੇ ਰਹਿ ਗਿਆ।

"ਏਨੀ ਛੇਤੀ ਕਿਉਂ ? ਆਖ਼ਰ ਹੋਇਆ ਕੀ ?"

"ਹੁਣ ਮੈਂ ਤੁਹਾਨੂੰ ਕੀ ਦੱਸਾਂ। ਚੰਨੇ, ਮੈਂ ਕਿਤੋਂ ਦੀ ਨਹੀਂ ਰਹੀ।" ਦਰਸ਼ਨ ਨੇ ਚੈਸਟਰ ਦੇ ਦੋਵੇਂ ਕਾਲਰ ਖਿੱਚ ਲਏ। ਉਸ ਦੀ ਹਿੱਕ 'ਚ ਮੂੰਹ ਦੇ ਕੇ ਹੁੱਬਕੀਆਂ ਲੈਣੀਆਂ ਸ਼ੁਰੂ ਕਰ ਦਿਤੀਆਂ। ਉਸ ਨੂੰ ਕਾਂਬਾ ਚੜ੍ਹ ਆਇਆ। "ਤੁਸੀ ਮੈਨੂੰ ਮਾਰ ਦਿਤਾ, ਤਬਾਹ ਕਰ ਦਿਤਾ।" ਉਸ ਰੋਂਦਿਆਂ ਰੋਂਦਿਆਂ ਸਿਰ ਪਿਛਾਂਹ ਹਟਾ ਕੇ ਬਹਾਲ ਦੀ ਹਿੱਕ ਵਿਚ ਮਾਰਿਆ ਤੇ ਭੁੱਬਾਂ ਮਾਰ ਕੇ ਰੋਣ ਲਗ ਪਈ।

ਬਹਾਲ ਗੜ੍ਹਿਆਂ ਦੀ ਮਾਰ ਨਾਲ ਲਤਾੜਿਆ ਗਿਆ। ਉਸ ਦੇ ਅੰਗ ਅੰਗ ਵਿਚ ਅਕੜੇਵੇਂ ਦੀਆਂ ਸੁਲਾਟਾਂ ਫਿਰ ਗਈਆਂ। ਉਸ ਦੀਆਂ ਪੁਤਲੀਆਂ ਵਿਚੋਂ ਝਮਕਣ-ਸੱਤਾ ਨਿਕਲ ਗਈ ਅਤੇ ਉਸ ਦੇ ਦੰਦ ਇਕ ਦੂਜੇ ਵਿਚ ਖੁਭ ਜਾਣ ਲਈ ਅੜ ਗਏ। ਚਾਨਣ ਭਰੇ ਡਰਾਇੰਗ-ਰੂਮ ਵਿਚ ਉਸ ਨੂੰ ਆਪਣਾ ਆਪ ਮੈਲਾ ਤੇ ਛੋਟਾ ਹੁੰਦਾ ਜਾਪਿਆ। ਏਥੋਂ ਤਕ ਕਿ ਉਹ ਕਾਲੇ ਦਾਗ ਵਾਂਗ ਸੀਮਤ ਹੋ ਗਿਆ।

ਹੁਣ ਬੋਲਦੇ ਕਿਉਂ ਨਹੀ ? ਬੁੱਤ ਕਿਉਂ ਬਣ ਗਏ ? "ਪਾਣੀ ਦੀਆਂ ਬੇਪਰਵਾਹ

Sri Satguru Jagjit Singh Ji eLibrary NamdhariElibrary@gmail.com

ਘਰਾਲਾਂ ਦਰਸ਼ਨ ਨੂੰ ਆਪਣੇ ਅਥਾਹ ਗ਼ਮ ਵਿਚ ਡੁਬੋਈ ਜਾ ਰਹੀਆਂ ਸਨ। ਉਹ ਬਹਾਲ ਦੇ ਗੱਲ ਨੂੰ ਚੰਬੜ ਗਈ। "ਹੋਰ ਨਹੀਂ, ਤੁਸੀ ਮੈਨੂੰ ਮਾਰ ਤਾਂ ਸਕਦੇ ਹੋ। ਰੱਬ ਦੇ ਵਾਸਤੇ ਮੇਰੇ ਹਾਲ ਤੇ ਰਹਿਮ ਕਰੋ, ਮੈਂ ਲੋਕਾਂ ਦੀਆਂ ਉਂਗਲਾਂ ਤੇ ਤੱਕਾਂ ਤੋਂ ਕਤਲ ਹੋਣਾ ਨਹੀਂ ਚਾਹੁੰਦੀ। ਚੰਨੇ ! ਮੇਰੇ ਪਿਆਰੇ !! ਤੁਸੀਂ ਕੁਝ ਤਾਂ ਬੋਲੋ ! ਜ਼ਾਲਮਾਂ ! ਤੂੰ ਏਨਾ ਵੀ ਨਹੀਂ ਮਹਿਸੂਸ ਕਰਦਾ, ਮੇਰੇ ਦਿਲ ਤੇ ਕੀ ਬੀਤ ਰਹੀ ਹੈ। ਜ਼ਿੰਦਗੀ ਨਹੀਂ ਦੇ ਸਕਦਾ, ਤਦ ਮੌਤ ਤਾਂ ਤੇਰੇ ਵਸ ਹੈ।" ਉਹ ਉਸ ਦੀ ਛਾਤੀ ਤੇ ਸਿਰ ਮਾਰ ਮਾਰ ਫਿਰ ਹੁਬਕੀਆਂ ਲੈਣ ਲਗ ਪਈ।

ਬਹਾਲ ਨੂੰ ਦਰਸ਼ਨ ਦੀਆਂ ਦੋਵੇਂ ਗਲ ਪਈਆਂ ਬਾਹਾਂ ਕੈਂਚੀ ਦੇ ਫਲਾਂ ਵਾਂਗ ਕਾਟ ਕਰਦੀਆਂ ਜਾਪੀਆਂ। ਫਿਰ ਉਸ ਜਾਸੂਸੀ-ਭਰੀ ਕਾਣੀ ਅੱਖ ਨਾਲ ਦਰਸ਼ਨ ਨੂੰ ਤਾੜਿਆ, ਪਰ ਕੋਈ ਚਾਲ ਨਹੀਂ ਸੀ, ਤੇ ਨਾ ਕੋਈ ਪਖੰਡ ; ਦਰਸ਼ਨ ਦੇ ਭੋਲੇ ਮੂੰਹ ਤੋਂ ਐਨੀ ਚੁਸਤੀ ਦੀ ਆਸ ਨਹੀਂ ਸੀ। ਉਹ ਪੀੜ ਦੇ ਪਰਵਾਹ ਨਾਲ ਸੰਗਤਰੇ ਵਾਂਗ ਪੀੜੀ ਜਾ ਰਹੀ ਸੀ। ਬਹਾਲ ਦਾ ਅੱਧਾ ਮੂੰਹ ਖੁਲ੍ਹਾ ਸੀ, ਜਿਵੇਂ ਉਸ ਦੇ ਹੀ ਕਾਰਨਾਮਿਆਂ ਥੱਪੜ ਮਾਰ ਦਿਤਾ ਹੋਵੇ। ਉਹ ਬੇਹੱਦ ਘਬਰਾ ਗਿਆ। 'ਮੈਂ ਕੀ ਕਰਾਂ, ਕੀ ਨਾ ਕਰਾਂ ? ਮੈਂ ਬਹੁਤ ਹੀ ਭੈੜਾ ਕਰ ਬੈਠਾ ਹਾਂ।' ਉਸ ਇਕ ਲੰਮਾ ਹਉਕਾ ਲਿਆ। ਦਰਸ਼ਨ ਨੂੰ ਜਾਪਿਆ, ਪੱਥਰ ਵਿਚ ਜਾਨ ਆ ਪਈ ਹੈ।

"ਦਰਸ਼ਨ ! ਜੇ ਐਨੀ ਛੇਤੀ ਵਿਆਹ ਕੀਤਾ, ਲੋਕ ਫੇਰ ਵੀ ਚਰਚਾ ਕਰਨਗੇ।" ਬਹਾਲ ਦੀ ਹਾਲਤ ਤਰਸ-ਯੋਗ ਸੀ।

"ਮੇਰਿਆ ਰੱਬਾ ! ਚਰਚਾ ਈ ਕਰਨਗੇ, ਬਦਨਾਮੀ ਤਾਂ ਨਾ ਹੋਵੇਗੀ।" ਦਰਸ਼ਨ ਵਲ ਦੇਖਿਆ ਨਹੀਂ ਸੀ ਜਾਂਦਾ। "ਪਰ ਤੁਹਾਨੂੰ ਕੀ, ਤੁਹਾਨੂੰ ਕਿਸੇ ਕੁਝ ਕਹਿਣਾ ਥੋੜਾ ਏ।"

"ਤੂੰ ਸਮਝਦੀ ਏਂ, ਮੈਂ ਮਹਿਸੂਸ ਨਹੀਂ ਕਰਦਾ ?"

"ਜੇ ਕਰਦਾ ਹੋਵੇਂ, ਤੇਰੀ ਜਾਨ ਨੂੰ ਬਣੀ ਹੋਵੇ, ਮੈਂ ਹਲਾਲ ਹੋਣ ਡਹੀ ਆਂ, ਤੂੰ ਬਿਟ ਬਿਟ ਵੇਖੀ ਜਾਨਾ ਏਂ।" ਦਰਸ਼ਨ ਨੂੰ ਬਹਾਲ ਤੇ ਲੋਹੜੇ ਦਾ ਗੁੱਸਾ ਆ ਰਿਹਾ ਸੀ।

"ਇਸ ਗੱਲ ਨੂੰ ਤਾਂ ਠੀਕ ਕੀਤਾ ਜਾ ਸਕਦਾ ਹੈ, ਪਰ ਮੁਸ਼ਕਲ ਹੋਰ ਆ ਪਈ ਏ, ਮੇਰੀ ਬਦਲੀ ਹੋ ਗਈ ਤੇ ਮੈਂ ਪਰਸੋਂ ਜਾ ਰਿਹਾ ਹਾਂ, ਪਰ.......।"

"ਬਦਲੀ ਹੋ ਗਈ ਏ ।" ਦਰਸ਼ਨ ਨੇ ਕਾਹਲੀ ਨਾਲ ਆਖਿਆ, 'ਇਹ ਹੋਰ ਚੰਗਾ ਹੋਇਆ, ਵਿਆਹ ਕਰਾ ਕੇ ਕਿਸੇ ਨਵੀਂ ਥਾਂ ਜਾ ਕੇ ਰਹਾਂਗੇ।" ਡੁੱਬਦੀ ਸੋਹਣੀ ਨੂੰ ਮਸਾਂ ਕਿਨਾਰਾ ਹੱਥ ਆਇਆ ਸੀ। ਸਮਝਦੀ ਸੀ, ਇਸ ਤਰ੍ਹਾਂ ਕਿਸੇ ਨੂੰ ਕੁਝ ਪਤਾ ਨਾ ਲਗੇਗਾ।

ਬਹਾਲ ਦਾ ਖ਼ਿਆਲ ਸੀ, ਦਰਸ਼ਨ ਬਦਲੀ ਸੁਣ ਕੇ ਘਬਰਾਵੇਗੀ ਤੇ ਦੂਣਾ ਚੌਣਾ ਰੋਵੇਗੀ। ਉਸ ਨੂੰ ਸੌ ਸੌ ਕਸਣੇਂ ਦੇਵੇਗੀ। ਉਸ ਕੁਝ ਸੋਚਦਿਆਂ ਦਰਸ਼ਨ ਦੇ ਪੇਟ ਨੂੰ ਪੜਤਾਲਦੀਆਂ ਨਜ਼ਰਾਂ ਨਾਲ ਮੁੜ ਜਾਚਿਆ।

"ਕਿੰਨੇ ਚਿਰ ਤੋਂ ਏਂ ?"

"ਕੋਈ ਪੌਣੇ ਦੋ ਮਹੀਨੇ ਤੋਂ।" ਦਰਸ਼ਨ ਨੇ ਪਲਕਾਂ ਨੂੰ ਜੋੜਦਿਆਂ ਪਾਣੀ ਭਰੀਆਂ ਅੱਖਾਂ ਦੇ ਬੂਹੇ ਬੰਦ ਕਰ ਲਏ।

Sri Satguru Jagjit Singh Ji eLibrary NamdhariElibrary@gmail.com

"ਤੂੰ ਫ਼ਿਕਰ ਨਾ ਕਰ, ਮੈਂ ਕੱਲ੍ਹ ਹੀ ਕਿਸੇ ਡਾਕਟਰ ਨੂੰ ਕਨਸਲਟ ਕਰਦਾ ਹਾਂ।" ਬਹਾਲ ਨੇ ਦਰਸ਼ਨ ਦੀ ਧੀਰ ਬੰਨ੍ਹਾਈ।

"ਬਹਾਲ !" ਦਰਸ਼ਨ ਸੂਈ ਚੁੱਭ ਜਾਣ ਵਾਂਗ ਉਸ ਤੋਂ ਵੱਖ ਹੋ ਗਈ। "ਮੈਂ ਉਸ ਤਰ੍ਹਾਂ ਦੀ ਮੌਤ ਨਾਲੋਂ ਆਪ ਮਰ ਸਕਦੀ ਹਾਂ। ਕਿਸੇ ਡਾਕਟਰ ਅਗੇ ਸੁੱਟ ਪਾਉਣ ਨਾਲੋਂ ਤੂੰ ਕਿਉਂ ਨਹੀਂ ਆਪ ਗੋਲੀ ਮਾਰ ਦੇਂਦਾ।" ਦਰਸ਼ਨ ਨੇ ਪਸਤੌਲ ਦੇ ਕੇਸ ਨੂੰ ਹੱਥ ਪਾ ਲਿਆ, "ਜੇ ਤੂੰ ਬੁਜ਼ਦਿਲ ਏਂ, ਤਾਂ ਆਪ ਗੋਲੀ ਮਾਰ ਲੈਨੀ ਆਂ।" ਦਰਸ਼ਨ ਫਿਰ ਕੰਬਣ ਲਗ ਪਈ।

"ਹਟ ਪਰਾਂਹ, ਕਮਲੀ ਨਾ ਹੋਵੇ।" ਬਹਾਲ ਨੇ ਉਸ ਦੀ ਗੱਲ੍ਹ ਤੇ ਪੋਲੀ ਜਿਹੀ ਚਪੇੜ ਮਾਰ ਦਿਤੀ। "ਮੈਂ ਕਿਸ ਮਰਜ਼ ਦੀ ਦਵਾ ਹਾਂ, ਸਭ ਕੁਝ ਠੀਕ ਹੋ ਜਾਵੇਗਾ।"

"ਕਦੋਂ ਠੀਕ ਹੋ ਜਾਵੇਗਾ, ਮੈਂ ਕੁਝ ਨਹੀਂ ਜਾਣਦੀ, ਵਿਆਹ ਲਈ ਤਿਆਰ ਹੋ ਜਾਂ ਨਹੀਂ ? ਬਸ ! ਮੈਂ ਹੋਰ ਕੋਈ ਲਾਰਾ ਨਹੀਂ ਸੁਣ ਸਕਦੀ। ਤੁਹਾਡੇ ਲਾਰੇ ਨਾਲੋਂ ਖ਼ੁਦਕਸ਼ੀ ਹਜ਼ਾਰ ਦਰਜੇ ਚੰਗੀ ਹੈ।" ਦਰਸ਼ਨ ਫਿਰ ਫਿਸ ਪਈ। "ਹਾਏ ਰੱਬਾ ! ਹਾਏ ਰੱਬਾ ! ਮੈਨੂੰ ਮੌਤ ਕਿਉਂ ਨਹੀਂ ਆ ਗਈ। ਮੈਂ ਇਸ ਜ਼ਾਲਮ ਦਾ ਮੂੰਹ ਕਿਉਂ ਦੇਖਿਆ।" ਉਸ ਦੋਹਾਂ ਹੱਥਾਂ ਨਾਲ ਮੂੰਹ ਘੁਟ ਕੇ ਕੌਚ ਦੀ ਬਾਹੀ ਤੇ ਸੁੱਟ ਲਿਆ।

"ਹੱਛਾ ਬਾਬਾ, ਹੁਣ ਮਾਫ਼ ਵੀ ਕਰ ਰੋਣੋਂ। ਮੈਂ ਵਿਆਹ ਕਰਵਾਵਾਂਗਾ, ਪਰ ਤੈਨੂੰ ਮੇਰੀ ਇਕ ਸ਼ਰਤ ਮੰਨਣੀ ਪਵੇਗੀ।" ਬਹਾਲ ਨੇ ਮੂਧੀ ਪਈ ਦਰਸ਼ਨ ਨੂੰ ਉਠਾਇਆ।

"ਕੀ ਸ਼ਰਤ, ਛੇਤੀ ਦੱਸੋ ?" ਦਰਸ਼ਨ ਦਾ ਇਕ-ਦਮ ਰੋਣ ਥੰਮ੍ਹ ਗਿਆ।

"ਏਥੇ ਇਕ ਨਰਸ ਆਤਮਜੀਤ ਹੈ ਸਿਵਲ ਹਸਪਤਾਲ, ਤੂੰ ਉਸ ਨੂੰ ਪ੍ਰਾਈਵੇਟਲੀ ਜ਼ਰੂਰ ਦਿਖਾਈਂ, ਉਹ ਕਿਸੇ ਕੋਲ ਗੱਲ ਨਹੀਂ ਕਰਦੀ।" ਬਹਾਲ ਨੇ ਤਰਲੇ ਭਾਵਨਾ ਨਾਲ ਆਖਿਆ।

"ਜਦੋਂ ਵਿਆਹ ਹੋ ਜਾਣਾ ਏਂ, ਫੇਰ ਦਿਖਾਉਣ ਦਾ ਮਤਲਬ ?" ਦਰਸ਼ਨ ਦਾ ਗ਼ੁੱਸਾ ਭਭਕ ਪਿਆ। "ਮੈਂ ਕਿਸੇ ਨੂੰ ਆਪਣਾ ਆਪ ਨਹੀਂ ਦਿਖਾਉਣਾ, ਮਰ ਭਾਵੇਂ ਜਾਵਾਂ ਮੈਨੂੰ ਤੁਹਾਡੀ ਕੋਈ ਸ਼ਰਤ ਮਨਜ਼ੂਰ ਨਹੀਂ।"

"ਦਰਸ਼ਨ, ਤੂੰ ਮੇਰੀ ਪੋਜ਼ੀਸ਼ਨ ਦਾ ਥੋੜਾ ਜਿੰਨਾ ਤਾਂ ਖ਼ਿਆਲ ਕਰ।" ਬਹਾਲ ਬਹੁਤ ਹੀ ਨਰਮ ਹੋਇਆ ਹੋਇਆ ਸੀ।

"ਮੈਂ ਕੋਈ ਬਕਵਾਸ ਸੁਣਨ ਲਈ ਤਿਆਰ ਨਹੀਂ। ਤੁਹਾਨੂੰ ਆਪਣੀ ਪੋਜ਼ੀਸ਼ਨ ਦੀ ਪਈ ਹੋਈ ਏ, ਮੈਨੂੰ ਆਪਣੀ ਜ਼ਿੰਦਗੀ ਦੀ ਪਰਵਾਹ ਨਹੀਂ। ਮਰਦ ਇਕ ਬੇਈਮਾਨ ਜ਼ਾਤ ਹੈ, ਇਸ ਦੇ ਝੂਠ, ਧੋਖੇ ਤੇ ਪਾਖੰਡ, ਪੈਦਾ ਕਰਨ ਵਾਲੇ ਨੂੰ ਵੀ ਸ਼ਰਮਿੰਦਾ ਕਰਦੇ ਹਨ। ਅਜਿਹੇ ਰੱਬ ਦੇ ਵੀ ਲੱਖ ਲਾਹਨਤ।" ਉਹ ਬੇਅਖ਼ਤਿਆਰ ਆਪਣਾ ਆਪ ਤੋੜਦੀ ਅਤੇ ਰੋਂਦੀ ਦੂਜੀ ਕੁਰਸੀ ਵਿਚ ਜਾ ਡਿੱਗੀ।

"ਮੈਂ ਕਿਹਾ, ਪਾਗਲ ਤਾਂ ਨਹੀਂ ਹੋ ਗਈ।" ਬਹਾਲ ਨੇ ਉਸ ਨੂੰ ਉਠਾਉਣ ਦਾ ਮੁੜ ਯਤਨ ਕੀਤਾ।

"ਮਿਹਰਬਾਨੀ ਕਰ ਕੇ ਮੈਨੂੰ ਮੇਰੇ ਹਾਲ ਤੇ ਛੱਡ ਜਾਵੋ, ਜੇ ਮੇਰਾ ਸਾਥ ਨਹੀਂ ਦੇ ਸਕਦੇ। ਏਥੋਂ ਚਲੇ ਜਾਵੋ ਤੇ ਜਾਂਦੇ ਜਾਂਦੇ ਸਿਰਫ਼ ਇਕ ਗੋਲੀ ਦਿਲ 'ਚ ਮਾਰ ਕੇ

Sri Satguru Jagjit Singh Ji eLibrary NamdhariElibrary@gmail.com

ਆਖ਼ਰੀ ਅਹਿਸਾਨ ਕਰਦੇ ਜਾਵੋ। ਮੈਂ ਲਾਈਟ ਔਫ਼ ਕਰ ਦੇਂਦੀ ਆਂ।" ਦਰਸ਼ਨ ਨੇ ਉਠ ਕੇ ਸਵਿੱਚ ਚੜ੍ਹਾ ਦਿਤੀ। ਕਮਰਾ ਅੰਨ੍ਹੇਰੇ ਨਾਲ ਭਰ ਗਿਆ। "ਤੁਹਾਨੂੰ ਕੋਈ ਨਹੀਂ ਦੇਖੇਗਾ, ਬਹਾਲ ! ਤੈਨੂੰ ਕੋਈ ਨਹੀਂ ਦੇਖੇਗਾ।" ਉਸ ਅਨ੍ਹੇਰੇ ਵਿਚ ਬਹਾਲ ਨੂੰ ਜੱਫੀ ਪਾ ਲਈ। ਉਹ ਇਕ ਭੁਚਾਲ-ਝੰਜੋੜੀ ਪਹਾੜੀ ਵਾਂਗ ਕੰਬੀ ਜਾ ਰਹੀ ਸੀ।

ਬਹਾਲ ਨੇ ਉਸ ਦੀ ਕੰਡ ਤੇ ਹੱਥ ਫੇਰਦਿਆਂ ਖ਼ਿਆਲ ਕੀਤਾ, 'ਏਨੀ ਵਫ਼ਾਦਾਰ ਸਾਥਣ ਨਹੀਂ ਮਿਲ ਸਕੇਗੀ। ਮੈਂ ਕਿਉਂ ਨਾ ਵਿਆਹ ਦੀ ਜੁਰਅੱਤ ਕਰ ਲਵਾਂ। ਦੋ ਵਿਆਹ ਕਿਹੜਾ ਹੁੰਦੇ ਨਹੀਂ।' ਬਹਾਲ ਨੇ ਅੰਨ੍ਹੇਰੇ ਵਿਚ ਡੁਸਕਾਰਾ ਲਿਆ ਤੇ ਨੱਕ ਦਾ ਸੁੜਾਕਾ ਮਾਰਿਆ, ਜਿਵੇਂ ਰੋ ਰਿਹਾ ਸੀ।

"ਦਰਸ਼ਨ, ਜੇ ਤੂੰ ਮੇਰੇ ਲਈ ਏਨਾ ਵੀ ਨਹੀਂ ਕਰ ਸਕਦੀ ਤਦ ਮੈਨੂੰ ਤੇਰੇ ਤੋਂ ਪਹਿਲਾਂ ਮਰਨਾ ਚਾਹੀਦਾ ਹੈ।"

ਦਰਸ਼ਨ ਦੇ ਪੈਰਾਂ ਦੀਆਂ ਤਲੀਆਂ ਤੱਕ ਕੰਬ ਗਈਆਂ। ਉਸ ਦੇ ਲਹੂ ਦੀ ਹਰ ਬੂੰਦ ਪੰਘਰ ਪਈ।

"ਮੌਤ ਮੇਰੇ ਲਈ ਹੈ ਪਿਆਰੇ, ਤੁਹਾਡੇ ਲਈ ਨਹੀਂ। ਤੁਸੀਂ ਰਹੋ, ਜਿਊਂਦੇ ਹੀ ਰਹੋ।"

"ਇਸ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ।" ਬਹਾਲ ਦਾ ਗਲਾ ਭਰਿਆ ਹੋਇਆ ਸੀ।

"ਬਹਾਲ, ਇਉਂ ਨਾ ਆਖੋ, ਮੈਂ ਨਹੀਂ ਸਹਾਰ ਸਕਦੀ। ਸ਼ਾਇਦ ਕੋਈ ਵੀ ਔਰਤ ਨਹੀਂ ਸਹਾਰ ਸਕਦੀ।" ਉਹ ਬਹਾਲ ਦੇ ਮੋਢੇ 'ਤੇ ਆਪਣਾ ਸਿਰ ਰੱਖੀ ਫਰਕਦੇ ਬੁੱਲ੍ਹਾਂ ਨਾਲ ਰੋਈ ਜਾ ਰਹੀ ਸੀ। ਬਹਾਲ ਉਸ ਦੇ ਗ਼ਮ ਦੀ ਸਿਰ-ਤਲਵਾਈ ਧਾਰਾ ਵਿਚ ਲੁਟਕ ਗਿਆ।

29

ਜ਼ਮੀਰ ਦੀਆਂ ਹਜ਼ਾਰਾਂ ਲਾਹਨਤਾਂ ਦੇ ਬਾਵਜੂਦ ਦਰਸ਼ਨ ਆਪਣੇ ਆਪ ਨੂੰ ਆਤਮਜੀਤ ਕੋਲ ਜਾਣੋਂ ਨਾ ਰੋਕ ਸਕੀ। ਬਹਾਲ ਚਲਿਆ ਗਿਆ ਸੀ ਤੇ ਉਸ ਨੂੰ ਸੌਂਹਾਂ ਸੁਗੰਧਾਂ ਨਾਲ ਯਕੀਨ ਦੁਆ ਗਿਆ ਸੀ ਕਿ ਉਹ ਹਰ ਸੂਰਤ ਨਾਲ ਸ਼ਾਦੀ ਕਰੇਗਾ, ਸਿਰਫ਼ ਉਸ ਦੇ ਨਵੇਂ ਥਾਂ ਸੈਂਟ ਹੋਣ ਦੀ ਢਿੱਲ ਹੈ। ਦੂਜੇ ਉਸ ਪਿਆਰ ਤਰਲੇ ਵਿਚ ਇਕ ਤਰ੍ਹਾਂ ਚਿਤਾਵਨੀ ਵੀ ਦਿਤੀ ਸੀ ਕਿ ਉਹ ਆਤਮਜੀਤ ਕੋਲ ਜ਼ਰੂਰ ਜਾਵੇ। ਬਹਾਲ ਦੀ ਚਿਤਾਵਨੀ ਦੀ ਉਸ ਨੂੰ ਕੱਖ ਪਰਵਾਹ ਨਹੀਂ ਸੀ, ਬਹੁਤਾ ਡਰ ਉਸ ਨੂੰ ਬੇ ਜੀ ਦਾ ਸੀ। ਕਿਉਂਕਿ ਬੇ ਜੀ ਦੇ ਰੋਕਣ ਅਤੇ ਕੁੜ੍ਹਨ ਤੋਂ ਪਰਵਾਹਰੀ ਹੋ ਕੇ ਬਹਾਲ ਨਾਲ ਪਿਆਰ ਪਾਣੋਂ ਆਪੇ ਨੂੰ ਨਹੀਂ ਰੋਕ ਸਕੀ ਸੀ। ਹੁਣ ਉਹ ਏਸੇ ਗ਼ਮ ਵਿਚ ਘੁਲਦੀ ਜਾ ਰਹੀ ਸੀ, ਜੇ ਬੇਜੀ ਨੂੰ ਪਤਾ ਲੱਗ ਗਿਆ, ਉਹ ਸਾਰੀ ਉਮਰ ਉਸ ਦੀਆਂ ਨਜ਼ਰਾਂ ਵਿਚ ਮਰ ਜਾਵੇਗੀ।

ਮਰ ਜਾਣ ਦਾ ਖ਼ਿਆਲ ਉਸ ਦੇ ਦਿਮਾਗ਼ ਵਿਚ ਆਤਸ਼ਬਾਜੀ ਵਾਂਗ ਚੜ੍ਹਿਆ, ਤੇ

Sri Satguru Jagjit Singh Ji eLibrary NamdhariElibrary@gmail.com

ਕੱਟੀ ਹੋਈ ਪਤੰਗ ਵਾਂਗ ਝੋਲੇ ਖਾਂਦਾ ਧਰਤੀ 'ਤੇ ਆ ਪਿਆ। ਉਹ ਕਿਸ ਤਰ੍ਹਾਂ ਮਰੇ, ਉਹ ਇਹ ਵੀ ਚੋਣ ਨਹੀਂ ਕਰ ਸਕੀ। ਉਸ ਘੜੀ ਦੀ ਘੜੀ ਸੋਚਾਂ ਨਾਲ ਮਰ ਕੇ ਤੱਕਿਆ। ਇਕ ਭੈ-ਭੀਤ ਨਜ਼ਾਰਾ, ਮੁਰਦਾਰਾਂ ਦੁਆਲੇ ਗਿਰਝਾਂ ਦੀ ਝੱਪਟਾ-ਝੱਪਟੀ ਅਤੇ ਨਰਕਾਂ ਦੀਆਂ ਰੂਹ-ਕੰਬਾਊ ਘਟਨਾਵਾਂ ਨਾਲ ਉਸ ਦੀਆਂ ਅੱਖਾਂ ਮੀਟੀਆਂ ਗਈਆਂ। ਉਸ ਨੂੰ ਕੁਝ ਇਉਂ ਮਹਿਸੂਸ ਹੋਇਆ, ਜਿਵੇਂ ਮਰ ਜਾਣ ਨਾਲ ਵੀ ਦੁੱਖਾਂ ਤੋਂ ਛੁਟਕਾਰਾ ਨਹੀਂ ਹੋਣਾ। ਉਹ ਆਪਣਾ ਸੈਂਟ-ਸਹਿਲਾਇਆ ਕੂਲਾ ਸਰੀਰ ਨੋਚੀਦਾ ਨਹੀਂ ਸਹਾਰ ਸਕਦੀ ਸੀ। ਉਸ ਆਪਣੇ ਆਪ ਨੂੰ ਤੱਕਿਆ, ਪਰ ਉਸ ਨੂੰ ਮੁਸਕਾਂਦਾ ਬਹਾਲ ਦਿੱਸਿਆ, ਉਹ ਕਿੰਨਾ ਖ਼ੂਬਸੂਰਤ ਹੈ। ਸਾਡੀ ਕੋਠੀ ਵਿਚ ਕਿੰਨੇ ਫੁੱਲ ਹਨ। ਜ਼ਿੰਦਗੀ ਜਿਹੜੀ ਸਿਰਫ਼ ਇਕ ਹੀ ਵਾਰ ਮਿਲਦੀ ਹੈ, ਕਿੰਨੀ ਪਿਆਰੀ ਹੈ। ਲੋਕਾਂ ਦੀਆਂ ਉਂਗਲਾਂ ਉਸ ਨੂੰ ਇਕ ਲਾਹਨਤ ਸਮਝਣਗੀਆਂ ? ਇਕ ਨਿਜੱਸ ਧੀ ਨੇ ਕਪਤਾਨ ਗਰੇਵਾਲ ਦਾ ਨੱਕ ਵੱਢ ਸੁੱਟਿਆ। ਹਰ ਸੜਕ, ਹਰ ਮੋੜ ਅਤੇ ਸਿਵਲ ਲਾਈਨਜ਼ ਦੀ ਹਰ ਕੋਠੀ ਦੇ ਗੇਟ ਅਗੇ ਮੇਰੇ ਲਈ 'ਫਿਟਕਾਰ' ਸ਼ਬਦ ਉਕਰਿਆ ਮਿਲੇਗਾ। ਜੇ ਮਰ ਕੇ ਅਹਿਸਾਸ ਜਿਉਂਦਾ ਨਾ ਰਹੇ, ਤਦ ਜਿਊਣ ਨਾਲੋਂ ਮਰਨਾ ਚੰਗਾ ਹੈ।' ਉਹ ਜ਼ਿੰਦਗੀ ਮੌਤ ਦੇ ਗੋਲਾਂ ਵਿਚਕਾਰ ਠੁੱਡੇ ਖਾ ਰਹੀ ਫੁਟਬਾਲ ਸੀ। ਉਸ ਦੀ ਬੇ ਜੀ ਦਾ ਚਿਹਰਾ ਹਮੇਸ਼ਾ ਨੰਗੇ ਹਥਿਆਰ ਵਾਂਗ ਉਸ ਦੇ ਸਾਹਮਣੇ ਸੀ। ਹੌਲੀ ਹੌਲੀ ਉਸ ਦਾ ਦਿਮਾਗ਼ੀ ਬੁਖ਼ਾਰ ਲਹਿ ਗਿਆ ਅਤੇ ਉਸ ਆਤਮਜੀਤ ਕੋਲ ਜਾਣਾ ਬੁਰਾ ਨਾ ਸਮਝਿਆ।

ਦਰਸ਼ਨ ਨੇ ਸਿਵਲ ਹਸਪਤਾਲ ਜਾ ਕੇ ਇਕ ਨਵੇਕਲੀ ਖਲੋਤੀ ਨਰਸ ਤੋਂ ਆਤਮਜੀਤ ਬਾਰੇ ਪੁੱਛਿਆ। ਨਰਸ ਨੇ ਖ਼ਿਆਲ ਕੀਤਾ, ਆਤਮਜੀਤ ਦੀ ਕੋਈ ਸਹੇਲੀ ਹੈ। ਉਹ ਉਸ ਨੂੰ ਵੇਟਿੰਗ-ਰੂਮ ਵਿਚ ਲੈ ਗਈ।

"ਤੁਸੀਂ ਥੋੜਾ ਸਮਾਂ ਏਥੇ ਇੰਤਜ਼ਾਰ ਕਰੋ, ਮੈਂ ਉਸ ਨੂੰ ਹੁਣੇ ਭੇਜਦੀ ਹਾਂ।" ਨਰਸ ਨੇ ਉਸ ਨੂੰ ਬੈਂਚ ਤੇ ਬੈਠਣ ਲਈ ਇਸ਼ਾਰਾ ਕੀਤਾ।

"ਮਿਹਰਬਾਨੀ ਭੈਣ ਜੀ !" ਦਰਸ਼ਨ ਨੇ ਧੰਨਵਾਦੀ ਨਜ਼ਰਾਂ ਨਾਲ ਜਾਂਦੀ ਨਰਸ ਨੂੰ ਦੇਖਿਆ।

ਜਦੋਂ ਤੋਂ ਉਸ ਨੂੰ ਅਹਿਸਾਸ ਹੋਇਆ ਸੀ, ਉਦੋਂ ਤੋਂ ਹੀ ਕੋਈ ਪਲ ਅਜਿਹਾ ਨਹੀਂ ਬੀਤਿਆ ਸੀ, ਜਿਸ ਵਿਚ ਉਸ ਆਪਣੇ ਆਪ ਤੇ ਬਹਾਲ ਨੂੰ ਲਾਹਨਤਾਂ ਨਾ ਪਾਈਆਂ ਹੋਣ। ਉਸ ਦੀ ਚੁੱਪ ਵਿਚ ਸੰਜੀਦਗੀ ਵਿਚ ਕਰੰਟ ਪੈਦਾ ਹੋ ਚੁੱਕੀ ਸੀ। ਪੰਜ ਮਿੰਟ ਪਿਛੋਂ ਹੀ ਨਰਸ-ਕੁੜੀ ਨੇ ਅੰਦਰ ਵੜਦਿਆਂ ਉਸ ਦੀ ਮਗਨਤਾ ਤੋੜ ਦਿਤੀ। ਜਿਉਂ ਹੀ ਉਸ ਉਤਾਂਹ ਤੱਕਿਆ, ਉਸ ਦੀ ਯਾਦ-ਸ਼ਕਤੀ ਵਿਚ ਦੀ ਇਕ ਤੀਰ ਨਿਕਲ ਗਿਆ 'ਇਸ ਖ਼ੂਬਸੂਰਤ ਕੁੜੀ ਨੂੰ ਮੈਂ ਕਿਥੇ ਦੇਖਿਆ ਹੈ ?'

ਆਤਮਜੀਤ ਨੇ ਮੁਸਕਾਂਦਿਆਂ ਉਸ ਨੂੰ 'ਸਤਿ ਸ੍ਰੀ ਅਕਾਲ' ਬੁਲਾਈ ਅਤੇ ਕੋਲ ਬੈਠਦਿਆਂ ਆਖਿਆ –

"ਜੇ ਮੈਂ ਭੁਲਦੀ ਨਹੀਂ, ਤਾਂ ਤੂੰ ਦਰਸ਼ਨ ਏਂ।" ਆਤਮਜੀਤ ਨੇ ਪੈਂਦੀ-ਸੱਟੇ ਹੀ ਦਰਸ਼ਨ ਵਿਚ ਅਪਣੱਤ ਦੇ ਭਾਵਾਂ ਨੂੰ ਜਗਾਉਣਾ ਚਾਹਿਆ।

ਦਰਸ਼ਨ ਦਿਲ ਦਾ ਜ਼ਖ਼ਮ ਦੁਖ ਜਾਣ ਵਾਂਗ ਇਕ ਵਾਰ ਹੀ ਪੀੜ ਵਿਚ ਕੰਬ ਗਈ। ਉਸ ਨੂੰ ਖ਼ਿਆਲ ਆਇਆ, ਇਹੋ ਆਤਮਜੀਤ ਬਹਾਲ ਨਾਲ ਉਸ ਦਿਨ ਸਿਨਮੇ ਵਿਚ

Sri Satguru Jagjit Singh Ji eLibrary NamdhariElibrary@gmail.com

ਹੱਸ ਹੱਸ ਗੱਲਾਂ ਕਰ ਰਹੀ ਸੀ। ਇਸ ਨੂੰ ਬਹਾਲ ਨੇ ਆਪਣੀ ਮਸੇਰ ਭੈਣ ਕਿਹਾ ਸੀ। ਕੀ ਇਹ ਬਹਾਲ ਦੀ ਮਸੇਰ ਭੈਣ ਹੀ ਹੈ ? ਇਕ ਸ਼ੱਕ ਦੀ ਗੰਢ ਉਸ ਦੇ ਦਿਲ ਪੀਚੀ ਗਈ।

ਬਹਾਲ ਨੇ ਆਤਮਜੀਤ ਨੂੰ ਤਰਲਾ ਕੀਤਾ ਸੀ ਕਿ ਦਰਸ਼ਨ ਨੂੰ ਪ੍ਰੇਰ ਕੇ ਅਬਾਰਸ਼ਨ ਕਰ ਦੇਵੇ। ਉਦੋਂ ਬਹਾਲ ਆਤਮਜੀਤ ਨੂੰ ਮਹਾਂ ਨੀਚ ਤੇ ਵਿਭਚਾਰੀ ਦਿੱਸਿਆ ਸੀ। 'ਮੈਂ ਹਾਲਾਤ ਵੇਖਾਂਗੀ' ਮੌਕੇ ਤੇ, ਏਨੀ ਕਹਿ ਕੇ ਉਸ ਬਹਾਲ ਨੂੰ ਤੋਰ ਦਿਤਾ ਸੀ। ਹੁਣ ਆਤਮਜੀਤ ਨੇ ਦਰਸ਼ਨ ਦੀ ਉਦਾਸੀ ਤੇ ਅੰਤਰ-ਪੀੜਾ ਨੂੰ ਉਸ ਦੇ ਖ਼ਾਮੋਸ਼ ਤੇ ਭਾਵਕ ਚਿਹਰੇ ਤੋਂ ਪੜ੍ਹ ਲਿਆ। ਉਹ ਰਸ਼ਕ ਤੇ ਹਸਦ ਦੀਆਂ ਹੱਦਾਂ ਕਦੋਂ ਦੀ ਲੰਘ ਆਈ ਸੀ। ਉਸ ਨੂੰ ਦਰਸ਼ਨ ਵੀ ਆਪਣੇ ਵਾਂਗ ਮਜ਼ਲੂਮ ਕੁੜੀ ਜਾਪੀ, ਜਿਸ ਨੂੰ ਬੇਵਫ਼ਾ ਮਰਦ ਨੇ ਲਿਤਾੜ ਸੁੱਟਿਆ ਸੀ। ਉਸ ਸੋਚਿਆ, 'ਜੇ ਇਸ ਸਮਾਜ ਵਿਚ ਕੁੜੀ ਮਰਦ ਦਾ ਹੱਥ ਨਾ ਈਂ ਫੜੇ ਤਾਂ ਚੰਗਾ ਹੈ, ਨਹੀਂ ਤਾਂ ਹਰ ਸੂਰਤ ਹੀ ਦਰਸ਼ਨ ਅਥਵਾ ਆਤਮਜੀਤ ਬਣਨਾ ਪਵੇਗਾ। ਪਰ.....ਮੈਂ ਦੂਜੀ ਵਾਰ ਮੂੰਹ ਦੀ ਕਿਉਂ ਖਾਧੀ ?' ਉਸ ਇਕ ਹਉਕੇ ਨੂੰ ਖਿੱਚ ਕੇ ਅੰਦਰ ਜਜ਼ਬ ਕਰ ਲਿਆ ਸੀ। ਫਿਰ ਉਸ ਆਪਾ ਤੋੜਦੀ ਤੇ ਨੋਚਦੀ ਦਰਸ਼ਨ ਨੂੰ ਤੱਕਿਆ, ਉਸ ਦੇ ਖ਼ਿਆਲ ਵਿਚ ਕੁੜੀ ਦੀ ਹਾਲਤ ਬੇਹੱਦ ਤਰਸ-ਯੋਗ ਸੀ।

"ਭੈਣ ! ਮੈਨੂੰ ਤੇਰੇ ਨਾਲ ਹਮਦਰਦੀ ਹੈ।" ਆਤਮਜੀਤ ਨੇ ਆਪਣੀ ਗੰਭੀਰਤਾ ਨੂੰ ਤੋੜਿਆ, "ਮੈਂ ਤੈਨੂੰ ਠੀਕ ਕਰ ਦਿਆਂਗੀ, ਪਰ ਇਕ ਸ਼ਰਤ।"

ਦਰਸ਼ਨ ਦੇ ਸ਼ੱਕ ਨੇ ਵਿਰੋਧ ਤੇ ਨਫ਼ਰਤ ਦਾ ਰੂਪ ਧਾਰ ਲਿਆ, ਉਸ ਆਪੇ ਤੇ ਕਾਬੂ ਪਾਉਂਦਿਆਂ ਪੁੱਛਿਆ :

"ਕੀ ?"

"ਤੂੰ ਮੁੜ ਕੇ ਬਹਾਲ ਨਾਲ ਗੱਲ ਵੀ ਨਹੀਂ ਕਰੇਂਗੀ।"

"ਮੈਂ ਪੁੱਛ ਸਕਦੀ ਹਾਂ, ਤੁਹਾਡਾ ਬਹਾਲ ਨਾਲ ਕੀ ਰਿਸ਼ਤਾ ਹੈ ?" ਦਰਸ਼ਨ ਦੀ ਕਾਟਵੀਂ ਚੋਟ ਨੂੰ ਆਤਮਜੀਤ ਸਮਝ ਗਈ।

"ਅਜਿਹੀ ਪੁੱਛ ਮੈਨੂੰ ਕਰਨੀ ਚਾਹੀਦੀ ਹੈ।" ਆਤਮਜੀਤ ਦਰਸ਼ਨ ਦੇ ਭੋਲੇ ਸਵਾਲ ਤੇ ਹੱਸ ਪਈ। ਉਹ ਚਾਹੁੰਦੀ ਸੀ, ਮੈਨੂੰ ਅੰਦਰੋਂ ਜਾਣ ਲਿਆ ਜਾਵੇ। 'ਸੱਚ ਮੁੱਚ ਤੂੰ ਬਹੁਤ ਭੋਲੀ ਕੁੜੀ ਏਂ। ਮਿਧੇ ਜਾਣ ਤੋਂ ਪਹਿਲਾਂ ਹਰ ਕੁੜੀ ਭੋਲੀ ਹੁੰਦੀ ਹੈ।'

ਓਦੋਂ ਹੀ ਇਕ ਨਰਸ ਕੁੜੀ ਅੰਦਰ ਆ ਗਈ। ਆਤਮਜੀਤ ਨੇ ਉਸ ਨੂੰ ਸਹੇਲੀ ਮਾਣ ਨਾਲ ਆਖਿਆ :

"ਵੇਟ ਪਲੀਜ਼ !"

ਆਉਣ ਵਾਲੀ ਕੁੜੀ ਓਹਨੀਂ ਪੈਰੀਂ ਵਾਪਸ ਹੋ ਗਈ।

"ਫਿਰ ਵੀ ?" ਦਰਸ਼ਨ ਨੇ ਤਣੇ ਨਕਸ਼ਾਂ ਨਾਲ ਆਪਣਾ ਸਵਾਲ ਦੋਹਰਾਇਆ।

"ਰਿਸ਼ਤਾ ?" ਆਤਮਜੀਤ ਇਸ ਤਰ੍ਹਾਂ ਅੱਖਾਂ ਚੌੜੀਆਂ ਕਰ ਕੇ ਮੁਸਕਾਈ, ਜਿਵੇਂ ਉਹ ਉਸ ਨੂੰ ਆਪਣੀਆਂ ਪਲਕਾਂ ਵਿਚ ਛੁਪਾ ਲਵੇਗੀ। ਉਸ ਪਿਆਰ ਦੀ ਮਾਣ-ਭਰੀ ਸਾਂਝ ਵਿਚੋਂ ਆਖਿਆ, "ਜੋ ਤੁਹਾਡਾ ਸੀ।" ਜੀਤ ਨੇ ਮੁਸਕਾਂਦਿਆਂ ਦਰਸ਼ਨ ਦੇ ਦੋਵੇਂ ਹੱਥ ਘੁਟ ਲਏ।

"ਕੀ ਕਿਹਾ ?" ਦਰਸ਼ਨ ਨੇ ਘਬਰਾ ਕੇ ਆਪਣੇ ਦੋਵੇਂ ਹੱਥ ਉਸ ਦੇ ਹੱਥਾਂ ਵਿਚੋਂ

Sri Satguru Jagjit Singh Ji eLibrary NamdhariElibrary@gmail.com

ਖਿੱਚ ਲਏ। ਉਸ ਦਾ ਇਕ ਪਲ ਸਾਹ ਰੁਕ ਗਿਆ।

ਆਤਮਜੀਤ ਨੂੰ ਇਸ ਲਈ ਹੈਰਾਨੀ ਹੋਈ ਕਿ ਦਰਸ਼ਨ ਮੈਨੂੰ ਸਹੀ ਨਹੀਂ ਸਮਝ ਸਕੀ। ਉਸ ਦਰਸ਼ਨ ਦੀ ਘਬਰਾਹਟ ਦੂਰ ਕਰਨ ਲਈ ਕਿਹਾ :

"ਅਸੀਂ ਦੋ ਜ਼ਖ਼ਮੀ ਦਿਲ ਹਾਂ, ਮਜ਼ਲੂਮ ਰੂਹਾਂ, ਪਰ ਹੁਣ ਸਾਨੂੰ ਚੰਗੀਆਂ ਭੈਣਾਂ ਤੇ ਸਹੇਲੀਆਂ ਤੇ ਸਾਥਣਾਂ ਬਣਨਾ ਚਾਹੀਦਾ ਹੈ। ਅਸੀਂ ਇਕ ਦੂਜੀ ਦੇ ਦੁੱਖ ਨੂੰ ਇਸ ਤਰ੍ਹਾਂ ਹੀ ਦੂਰ ਕਰ ਸਕਦੀਆਂ ਹਾਂ। ਅਸੀਂ ਗ਼ਲਤ ਰਾਹ ਚੱਲ ਕੇ ਠੋਕਰ ਖਾਧੀ ਤੇ ਮੂੰਹ ਭੰਨਾ ਕੇ ਇਸ ਚੰਦਰੇ ਸਮਾਜ ਦੀ ਨਜ਼ਰ ਵਿਚ ਦਾਗ਼ੀ ਹੋ ਚੁੱਕੀਆਂ ਹਾਂ।"

ਦਰਸ਼ਨ ਦੇ ਦਿਲ-ਦਿਮਾਗ ਦੇ ਪਹਿਲੇ ਜ਼ਖ਼ਮ ਮੁੜ ਹਿੱਲ ਗਏ। ਉਹ ਸ਼ੂਟ ਮਾਰ ਕੇ ਕਮਰੇ ਵਿਚੋਂ ਨਿਕਲ ਜਾਣਾ ਚਾਹੁੰਦੀ ਸੀ, ਪਰ ਉਸ ਨੂੰ ਆਤਮਜੀਤ ਦੀਆਂ ਗੱਲਾਂ ਨੇ ਹਲੂਣ ਸੁਟਿਆ। ਉਹ ਚਾਹੁੰਦੀ ਸੀ, ਜੀਤ ਅਜਿਹੀਆਂ ਗੱਲਾਂ ਕਰੀ ਜਾਵੇ ਤੇ ਉਸ ਦੇ ਜ਼ਖ਼ਮ ਰਾਧ ਵਹਾ ਕੇ ਪਾਕ ਸਾਫ਼ ਹੋ ਜਾਣ। ਮੋਟੇ ਮੋਟੇ ਅੱਥਰੂ ਉਸ ਦੀਆਂ ਗੱਲ੍ਹਾਂ ਤੋਂ ਦੀ ਵਹਿ ਤੁਰੇ।

"ਓ ਕਮਲੀ ਭੈਣ ! ਤੈਨੂੰ ਰੋਣ ਦੀ ਆਦਤ ਕਦੋਂ ਕੁ ਦੀ ਪਈ ਏ।" ਜੀਤ ਨੇ ਰੁਮਾਲ ਕੱਢ ਕੇ ਉਸ ਦੇ ਹੰਝੂ ਪੂੰਝ ਸੁੱਟੇ। "ਇਸ ਖੋਟੇ ਸਮਾਜ ਦੇ ਖੋਟੇ ਬੰਦਿਆਂ ਲਈ ਤੂੰ ਰੋਨੀ ਏਂ ਸ਼ੁਦਾਇਣੇ ! ਇਨ੍ਹਾਂ ਨੂੰ ਤਾਂ ਸੈਂਡਲ ਦਾ ਤਲਾ ਬਣਾ ਕੇ ਰਗੜਨਾ ਚਾਹੀਦਾ ਹੈ। ਮੈਂ ਤੈਨੂੰ ਕੁੰਦਨ ਬਣਾ ਦਿਆਂਗੀ।"

ਦਰਸ਼ਨ ਨੇ ਹਉਕਾ ਭਰ ਕੇ ਆਪਣੇ ਆਪ ਨੂੰ ਸੰਭਾਲਿਆ ਤੇ ਪੁੱਛਿਆ :

"ਉਹ ਤੁਹਾਡੇ ਕਦੋਂ ਕੁ ਦੇ ਵਾਕਫ਼ਕਾਰ ਨੇ ?"

"ਕਦੇ ਸੀ, ਪਰ ਜਿਸ ਦਿਨ ਤੋਂ ਤੇਰੇ ਬਾਰੇ ਦਸਿਆ, ਉਸ ਦਿਨ ਤੋਂ ਉਹਨੂੰ ਮੈਂ ਬੇਵਫ਼ਾ ਹੋਣ ਦੇ ਨਾਲ ਕਮੀਨਾ ਵੀ ਸਮਝਦੀ ਹਾਂ। ਜ਼ਿੰਦਗੀ ਦੀ ਦੋਹਰੀ ਰਾਹ ਨੇ ਮੈਨੂੰ ਵਿਸ਼ਵਾਸ ਦਿਤਾ ਹੈ ਕਿ ਅਮੀਰ ਘਰਾਂ ਦੇ ਮੁੰਡੇ ਪਿਆਰ ਇਕ ਫ਼ੀ ਸਦੀ ਤੇ ਵਿਭਚਾਰ ਨੜਿੰਨਵੇਂ ਫ਼ੀ ਸਦੀ ਕਰਦੇ ਹਨ। ਖਾਂਦੇ ਪੀਂਦੇ ਘਰਾਂ ਦੇ ਨੌਜਵਾਨ ਕਿਸੇ ਤਰ੍ਹਾਂ ਦੀ ਵੀ ਸਿਦਕਵਾਨ ਔਰਤ ਦੇ ਵਫ਼ਾਦਾਰ ਨਹੀਂ ਹੋ ਸਕਦੇ। ਅਜਿਹੇ ਮਰਦ ਦੀ ਦੁਨੀਆਂ ਇਕ ਬਹੁਤ ਹੀ ਰੰਗੀਨ ਧੋਖਾ ਹੈ। ਇਸ ਰੰਗੀਨ ਧੋਖੇ ਵਿਚ ਭੋਲੀ ਔਰਤ ਦਾ ਮਰਨ ਨੂੰ ਬਾਰ ਬਾਰ ਜੀਅ ਕਰਦਾ ਹੈ।" ਆਤਮਜੀਤ ਦੇ ਧੁਰ ਅੰਦਰ ਦਾ ਜ਼ਖ਼ਮ ਰਿਸ ਪਿਆ, ਉਸ ਨੂੰ ਇਕ ਪਲ ਆਪੇ ਤੇ ਕਾਬੂ ਜਾਂਦਾ ਰਿਹਾ। "ਇਸ ਦੇ ਪਹਿਲੇ ਬੋਲ ਸ਼ਹਿਦ ਦੀਆਂ ਘੁੱਟਾਂ ਹੁੰਦੇ ਹਨ। ਇਸ ਦੀਆਂ ਫ਼ੋਕੀਆਂ ਤਾਰੀਫ਼ਾਂ ਨਾਲ ਔਰਤ ਦੇ ਹੁਸਨ ਨੂੰ ਨੀਂਦ ਆ ਜਾਂਦੀ ਹੈ ਮੁੜ ਜਦੋਂ ਉਹ ਅੱਖਾਂ ਖੋਲ੍ਹਦੀ ਹੈ, ਲੁੱਟੀ-ਪੁੱਟੀ ਤੇ ਬਰਬਾਦ ਹੋ ਚੁਕੀ ਹੁੰਦੀ ਹੈ।"

ਰੋਂਦੀ ਦਰਸ਼ਨ ਨੂੰ ਇਉਂ ਜਾਪਿਆ, ਜਿਵੇਂ ਉਸ ਦੀ ਆਪ-ਬੀਤੀ ਕਹੀ ਜਾ ਰਹੀ ਹੋਵੇ। ਉਹ ਸੁਣਦੀ ਹੀ ਗਈ।

"ਔਰਤ ਦਾ ਪ੍ਰੇਮੀ ਉਸ ਦੀ ਬਰਬਾਦੀ ਤੇ ਚੰਗੇਜ਼ ਬਣ ਕੇ ਹੱਸਦਾ ਏ। ਇਸ ਨਿਮ੍ਹਾਣੇ ਸਮਾਜ ਦੀ ਬੋਟੀ ਬੋਟੀ ਟੋਹ ਲਵੋ, ਤੁਹਾਨੂੰ ਇਕ ਜ਼ਰਾ ਜਿੰਨੀ ਨਸ ਵੀ ਵਫ਼ਾਦਾਰ ਨਹੀਂ ਮਿਲੇਗੀ। ਸ਼ੁਦਾਇਣ ਕੁੜੀਏ ! ਤੂੰ ਇਨ੍ਹਾਂ ਬਦਜ਼ਾਤਾਂ ਤੇ ਹਰਾਮਜ਼ਾਦਿਆਂ ਲਈ ਰੋਂਦੀ ਏਂ।" ਜੀਤ ਦੇ ਗੋਰੇ ਚਿਹਰੇ 'ਚ ਲਹੂ ਚੜ੍ਹ ਆਇਆ, ਉਹ ਆਪਣੀ ਪੁਰਾਣੀ ਤੇ ਸੱਜਰੀ ਪੀੜ ਦੀ ਘੁਟ ਭਰ ਕੇ ਫਿਰ ਬੋਲੀ : "ਸਾਨੂੰ ਇਨ੍ਹਾਂ ਬਾਜ਼ਾਰੀ ਤੇ ਲੀਚੜ

Sri Satguru Jagjit Singh Ji eLibrary NamdhariElibrary@gmail.com

ਕਿਸਮ ਦੇ ਮਰਦਾਂ ਤੇ ਥੁੱਕਣਾ ਚਾਹੀਦਾ ਹੈ, ਇਹ ਸਾਡਾ ਥੁੱਕਿਆ ਕੁੱਤਿਆਂ ਵਾਂਗ ਚੱਟਣਗੇ। ਇਨ੍ਹਾਂ ਨੂੰ ਕੁੱਤਿਆਂ ਤੋਂ ਵਧ ਕਦੇ ਅਹਿਮੀਅਤ ਨਹੀਂ ਦੇਣੀ ਚਾਹੀਦੀ। ਤੂੰ ਹਜ਼ਾਰ ਬਰਸ਼ ਰੋਈ ਜਾਹ, ਤੇਰੇ ਲਈ ਇਕ ਪਲ ਵੀ ਮਿਹਰਬਾਨ ਹੋ ਕੇ ਨਹੀਂ ਆਵੇਗਾ। ਹੁਣ ਮੈਂ ਹਰ ਕੁੜੀ ਦੇ ਦਿਮਾਗ਼ ਨੂੰ ਅਜਿਹਾ ਇੰਜੈਕਸ਼ਨ ਦੇਵਾਂਗੀ, ਜਿਸ ਨਾਲ ਖੋਟੇ ਮਰਦ ਦੀ ਮੱਕਾਰ ਦੁਨੀਆਂ, ਜਿਹੜੀ ਬੁਲਬੁਲਾਂ ਲਈ ਪਿੰਜਰੇ ਤੋਂ ਵਧ ਕੁਝ ਨਹੀਂ, ਤੀਲਾ ਤੀਲਾ ਕਰ ਕੇ ਖਿਲਾਰ ਦਿਤੀ ਜਾਵੇ।" ਜੀਤ ਨੇ ਰੋਹ ਤੇ ਜੋਸ਼ ਨਾਲ ਆਪਣੇ ਹੱਥਾਂ ਨੂੰ ਇਕ ਦੂਜੇ 'ਚੋਂ ਖਿੱਚ ਦੇ ਖਿਲਾਰਿਆ।

ਹੁਣ ਜਿਹੜੇ ਹੱਥ ਦਰਸ਼ਨ ਨੇ ਨਫ਼ਰਤ ਭਾਵ ਨਾਲ ਛੱਡ ਦਿਤੇ ਸਨ, ਲੰਮਾ ਹਉਕਾ ਭਰਦਿਆਂ ਮੁੜ ਘੁਟ ਕੇ ਪਿਆਰ ਨਾਲ ਫੜ ਲਏ। ਉਸ ਸੋਚਿਆ, 'ਜੇ ਮੈਂ ਬਹਾਲ ਦੇ ਨੱਥ ਪਾ ਕੇ ਰਖਦੀ, ਉਹ ਕਦੇ ਜੀਤ ਤੇ ਕੁਮਾਰੀ ਕੋਲ ਨਾ ਜਾਂਦਾ। ਸੱਚ ਮੁੱਚ ਉਹ ਬੜਾ ਖੋਟਾ ਤੇ ਦਿਲ ਦਾ ਬੇਈਮਾਨ ਏ। ਕੀ ਮੈਂ ਉਸ ਨੂੰ ਭੁਲਾ ਦਿਆਂ ? ......ਨਹੀਂ, ਉਸ ਮੇਰੇ ਨਾਲ ਵਿਆਹ ਦਾ ਇਕਰਾਰ ਕੀਤਾ ਏ।' ਉਸ ਆਤਮਜੀਤ ਨੂੰ ਭਰੀਆਂ ਅੱਖਾਂ ਨਾਲ ਆਖਿਆ :

"ਨਹੀਂ ਜੀਤ ! ਮੈਂ ਉਸ ਨੂੰ ਭੁੱਲ ਨਹੀਂ ਸਕਦੀ, ਉਸ ਮੇਰੇ ਨਾਲ ਵਿਆਹ ਦਾ ਪੱਕ ਕੀਤਾ ਏ।"

"ਫਿਰ ਅਬਾਰਸ਼ਨ ਲਈ ਮੈਨੂੰ ਕਿਉਂ ਜ਼ੋਰ ਦਿਤਾ ? ਖ਼ੈਰ ਦਰਸ਼ਨ ! ਤੂੰ ਵਿਆਹ ਕਰਾ ਕੇ ਦੇਖ ਲੈ, ਪਰ ਮੈਂ ਕਿਸੇ ਤਰ੍ਹਾਂ ਵੀ ਭਰੋਸਾ ਕਰਨ ਲਈ ਤਿਆਰ ਨਹੀਂ।" ਆਤਮਜੀਤ ਦੀ ਸੋਚ ਕਈ ਤਰ੍ਹਾਂ ਦੇ ਨਾਗ-ਵਲੇਵੇਂ ਖਾ ਰਹੀ ਸੀ। ਭਾਵੇਂ ਉਸ ਆਪ ਵੀ ਪੁਜ ਕੇ ਗ਼ਲਤੀ ਕੀਤੀ ਸੀ, ਪਰ ਅੱਜ ਉਸ ਦੇ ਅੰਦਰੋਂ ਸਹੀ ਔਰਤ ਬੋਲ ਪਈ ਸੀ।

"ਪਰ ਉਨ੍ਹਾਂ ਵਿਆਹ ਲਈ ਬੜੀਆਂ ਸੌਂਹਾਂ ਚੁੱਕੀਆਂ ਨੇ।"

ਦਰਸ਼ਨ ਲਈ ਆਪਣੇ ਹੱਥੀਂ ਪਿਆਰ ਕਤਲ ਕਰਨਾ ਔਖਾ ਹੀ ਨਹੀਂ, ਅਸੰਭਵ ਵੀ ਸੀ।ਸ਼ਾਇਦ ਇਸ ਤਰ੍ਹਾਂ ਕੋਈ ਕੁੜੀ ਵੀ ਨਾ ਕਰ ਸਕੇ।

"ਦੇਖੋ ਭੈਣ ! ਜੇ ਉਹ ਵਿਆਹ ਲਈ ਤਿਆਰ ਹਨ, ਤਦ ਮੈਂ ਖ਼ੂਨ ਕਰਨ ਲਈ ਬਿਲਕੁਲ ਤਿਆਰ ਨਹੀਂ। ਉਸ ਨੂੰ ਆਪਣੀ ਪਿਆਰ-ਅਮਾਨਤ ਤੋਂ ਡਰਨਾ ਨਹੀਂ ਚਾਹੀਦਾ।" ਆਤਮਜੀਤ ਦੇ ਚਿਹਰੇ ਤੇ ਇਕ ਦ੍ਰਿੜ੍ਹ ਇਰਾਦਾ ਉਕਰਿਆ ਹੋਇਆ ਸੀ। "ਜੇ ਉਸ ਅਜਿਹਾ ਨਾ ਕੀਤਾ, ਫਿਰ ਮੈਂ ਤੈਨੂੰ ਆਪਣੀ ਸੱਕੀ ਭੈਣ ਸਮਝ ਕੇ ਗੰਦੇ ਸਮਾਜ ਦੀਆਂ ਨਜ਼ਰਾਂ ਤੋਂ ਬਚਾਵਾਂਗੀ।" ਉਹ ਦਰਸ਼ਨ ਨੂੰ ਗਲਵਕੜੀ ਵਿਚ ਲੈ ਕੇ ਉਠ ਖਲੋਤੀ।

"ਜੀਤ ! ਤੂੰ ਮੈਨੂੰ ਬੜੀਆਂ ਨਵੀਆਂ ਗੱਲਾਂ ਦੱਸੀਆਂ ਹਨ, ਮੈਂ ਹਰ ਤਰ੍ਹਾਂ ਚੰਗੀ ਭੈਣ ਤੇ ਸਹੇਲੀ ਬਣਨ ਦਾ ਯਤਨ ਕਰਾਂਗੀ।"

ਮੁਸਕਾਂਦੀ ਆਤਮਜੀਤ ਦਰਸ਼ਨ ਨੂੰ ਕਲਾਵੇ ਵਿਚ ਘੁਟੀ ਵੇਟਿੰਗ-ਰੂਮ ਵਿਚੋਂ ਬਾਹਰ ਆ ਗਈ।

Sri Satguru Jagjit Singh Ji eLibrary NamdhariElibrary@gmail.com

30

ਮੋਗੇ ਦੇ ਕਾਲਜ ਵਿਚ ਹਰ ਸਾਲ ਵਾਰਤਾ-ਉਚਾਰਨ ਦਾ ਸੰਮੇਲਨ ਹੋਇਆ ਕਰਦਾ ਸੀ। ਵਾਰਤਾ-ਉਚਾਰਨ ਪਿਛੋਂ ਕਵੀ ਦਰਬਾਰ ਤੇ ਸੰਗੀਤ-ਪ੍ਰੋਗਰਾਮ ਰਖੇ ਜਾਂਦੇ ਸਨ। ਅੱਜ ਵੀ ਕਾਲਜ-ਹਾਲ ਵਿਚ ਹਰ ਸਾਲ ਵਾਂਗ ਰੌਣਕਾਂ ਲੱਗੀਆਂ ਹੋਈਆਂ ਸਨ। ਇਕ ਪਾਸੇ ਬੈਂਚਾਂ ਤੇ ਕੁੜੀਆਂ ਬੈਠੀਆਂ ਸਨ, ਬਾਕੀ ਹਾਲ ਸਟੂਡੈਂਟਸ ਤੇ ਬਾਹਰੋਂ ਆਏ ਮਹਿਮਾਨਾਂ ਨਾਲ ਭਰਿਆ ਪਿਆ ਸੀ। ਟਰਾਫ਼ੀ ਜਿੱਤਣ ਲਈ ਬਾਹਰਲੇ ਕਾਲਜਾਂ ਵਿਚੋਂ ਵੀ ਉਮੀਦਵਾਰ ਹਿੱਸਾ ਲੈ ਰਹੇ ਸਨ। ਬੈਠੇ ਜੱਜ ਉਚਾਰਕਾਂ ਨੂੰ ਨੰਬਰ ਦੇ ਰਹੇ ਸਨ ਉਚਾਰਕ ਸਤ ਮਿੰਟ ਦੇ ਸਮੇਂ ਵਿਚ ਆਪਣੇ ਖ਼ਿਆਲ ਦਸ ਕੇ ਸਟੇਜ ਖ਼ਾਲੀ ਕਰ ਜਾਂਦੇ। ਵਾਰਤਾ-ਉਚਾਰਨ ਦਾ ਵਿਸ਼ਾ ਸੀ, 'ਪਿਆਰ ਦੀ ਸਮਾਜ ਵਿਚ ਥਾਂ।'

ਪਿਛੇ ਕੇਵਲ ਤਿੰਨ ਬੋਲਣ ਵਾਲੇ ਹੀ ਰਹਿ ਗਏ ਸਨ। ਸਟੇਜ-ਸੈਕਟਰੀ ਨੇ ਨਵਾਂ ਨਾਂ ਬੋਲਿਆ :

"ਸਰਦਾਰ ਮਨੋਹਰ ਸਿੰਘ, ਮਹਿੰਦਰਾ ਕਾਲਜ ਪਟਿਆਲਾ।"

ਮਨੋਹਰ ਛਾਲ ਮਾਰ ਕੇ ਸਟੇਜ ਤੇ ਆ ਚੜ੍ਹਿਆ ਤੇ ਆਉਂਦਿਆਂ ਹੀ ਬੋਲਿਆ :

"ਸਾਡੇ ਧਾਰਮਕ ਗ੍ਰੰਥਾਂ ਦੇ ਕਥਨ ਅਨੁਸਾਰ ਮਨੁੱਖਾ-ਜੀਵਨ ਚੌਰਾਸੀ ਲੱਖ ਜੂਨ ਪਿਛੋਂ ਮਿਲਦਾ ਹੈ। ਉਂਜ ਅਗਲੇ ਜਹਾਨ 'ਚੋਂ ਜਨਮ ਤੋਂ ਪਹਿਲਾਂ ਕੋਈ ਟੈਲੀਗਰਾਮ ਤੇ ਮਰ ਜਾਣ ਪਿਛੋਂ ਕੋਈ ਚਿੱਠੀ ਤੱਕ ਨਹੀਂ ਮਿਲਦੀ।"

ਉਸ ਦੀ ਏਨੀ ਗੱਲ ਤੇ ਹੀ ਮੁੰਡਿਆਂ ਤਾੜੀ ਮਾਰ ਦਿਤੀ।

"......ਕੋਈ ਹੋਰ ਜਹਾਨ ਹੁੰਦਾ ਫਿਰੇ, ਜਨਮ ਹੋਵੇ ਜਿਸ ਦਾ ਸਾਡੇ ਕੋਲ ਕੋਈ ਠੋਸ ਸਬੂਤ ਨਹੀਂ, ਉਸ ਲਈ ਜਾਂ ਅਨਜਾਣੀ ਕਲਪਨਾ ਲਈ ਜ਼ਿੰਦਗੀ ਦੀ ਅਹੂਤੀ, ਮੈਂ ਬੇਵਕੂਫ਼ੀ ਸਮਝਦਾ ਹਾਂ। ਇਹ ਵਿਚਾਰ ਇਕ ਜੰਗਲੀ ਮਨੁੱਖ ਦੇ ਵਿਚਾਰ ਹਨ। ਅੱਜ ਜਦੋਂ ਸਭਿਅਤਾ ਤੇ ਸਾਇੰਸ ਏਨੀ ਤਰੱਕੀ ਕਰ ਚੁਕੀਆਂ ਹਨ, ਉਹਨਾਂ ਦੇ ਹੁਸੀਨ ਜੁਗ ਵਿਚ ਜਵਾਨ ਅਵਸਥਾ ਨੂੰ ਜਪਾਂ ਤਪਾਂ ਤੇ ਹੋਰ ਸਾਧਨਾਂ ਨਾਲ ਗਾਲਣਾ ਜ਼ਿੰਦਗੀ ਤੇ ਉਹਦੇ ਪਿਆਰ ਦੀ ਹੱਤਕ ਨਹੀਂ ਤਾਂ ਹੋਰ ਕੀ ਹੈ।" ਏਥੇ ਆ ਕੇ ਉਸ ਦੇ ਵਿਚਾਰਾਂ ਨਾਲ ਸਹਿਮਤ ਸਾਥੀਆਂ ਫਿਰ ਤਾੜੀਆਂ ਮਾਰੀਆਂ।

".....ਸਾਡਾ ਸਮਾਜ ਕਿਵੇਂ ਵਜੂਦ 'ਚ ਆਇਆ, ਕਿਵੇਂ ਬਦਲ ਰਿਹਾ ਹੈ ? ਇਸ ਦੀ ਨਹੁੰ-ਚੋਣੀ ਕਰਨ ਵਾਲਾ ਪਲੈਟੋ ਤੇ ਮਾਰਕਸ ਤਾਂ ਸੌ ਵਾਰ ਹੋ ਜਾਵੇ, ਪਰ ਰੋਮਿਓ ਜੂਲੀਅੱਟ ਤੇ ਹੀਰ ਰਾਂਝਾ, ਇਕ ਵਾਰ ਵੀ ਨਹੀਂ ਬਣ ਸਕਦਾ। ਮੇਰੇ ਦਾਦੇ ਦਾਦੀ ਨੂੰ ਕੋਈ ਨਹੀਂ ਜਾਣਦਾ, ਪਰ ਹੀਰ ਰਾਂਝੇ ਨੂੰ ਹਰ ਕੋਈ ਗਾ ਰਿਹਾ ਹੈ। ਯਾਦ ਰੱਖੋ, ਪਿਆਰ ਜ਼ਿੰਦਗੀ ਦਾ ਖ਼ਾਲਕ ਹੈ ਤੇ ਜ਼ਿੰਦਗੀ ਪਿਆਰ ਦੀ; ਇਸ ਲਈ ਸਮਾਜ ਨੂੰ ਪਿਆਰ ਨਾਲ ਵਿਆਹ ਦੇਣਾ ਚਾਹੀਦਾ ਹੈ। ਇਹ ਜਹਾਨ ਤੇ ਇਹ ਜਨਮ ਸਿਰਫ਼ ਵਰਤਮਾਨ ਦਾ ਦੂਜਾ ਨਾਂ ਹੈ। ਜਿਊਣ ਦੀ ਕੋਈ ਰੀਝ ਬਾਕੀ ਨਹੀਂ ਰਹਿ ਜਾਣੀ ਚਾਹੀਦੀ, ਕੋਈ ਵੀ ਹਸਰਤ। ਇਸ ਸਮਾਜ ਵਿਚ ਜ਼ਿੰਦਗੀ ਦੇਣ ਕੋਈ ਨਹੀਂ ਆਵੇਗਾ, ਤੁਹਾਡਾ

Sri Satguru Jagjit Singh Ji eLibrary NamdhariElibrary@gmail.com

ਆਪਣਾ ਯਤਨ ਹੈ। ਦੇਖੋ ਦੁਨੀਆਂ ਕਿੰਨੀ ਹੁਸੀਨ ਹੈ।" ਮਨੋਹਰ ਨੇ ਆਪਣੇ ਹੱਥ ਫੈਲਾ ਦਿਤੇ, ਵਿਦਿਆਰਥੀਆਂ ਇਸ਼ਾਰਾ ਕੁੜੀਆਂ ਵੱਲ ਸਮਝ ਕੇ ਤਾੜੀ ਚੁਕ ਲਈ। ਕੁੜੀਆਂ ਝੇਪਰ ਕੇ ਰਹਿ ਗਈਆਂ।

"......ਤੁਹਾਡੇ ਜਵਾਨ ਜਜ਼ਬਿਆਂ ਦੇ ਰੰਗਲੇ ਹੁਸਨ ਨਾਲ ਅੱਜ ਹੀ ਤੇ ਹੁਣ ਹੀ ਵਿਆਹ ਹੋਣਾ ਜ਼ਿੰਦਗੀ ਹੈ, ਬਾਕੀ ਸਭ ਬਕਵਾਸ।" ਏਨੀ ਕਹਿ ਕੇ ਮਨੋਹਰ ਮਾਈਕ ਤੋਂ ਪਿਛੇ ਹੱਟ ਗਿਆ ਤੇ ਮੁੰਡਿਆਂ ਕੁੜੀਆਂ ਤਾੜੀਆਂ ਦਾ ਮੀਂਹ ਵਰ੍ਹਾ ਦਿਤਾ।

ਸੈਕਟਰੀ ਨੇ ਅਗਲਾ ਨਾਂ ਪੁਕਾਰਿਆ।

"ਸ੍ਰੀ ਚੰਦੂ ਲਾਲ, ਡੀ. ਐਨ. ਕਾਲਜ ਮੋਗਾ।"

ਚੰਦੂ ਲਾਲ ਕਦਮਾਂ ਮਚਕੋੜਦਾ ਸਟੇਜ 'ਤੇ ਆਇਆ ਤੇ ਆਪਣਾ ਵਖਿਆਨ ਸ਼ੁਰੂ ਕੀਤਾ :

"ਪ੍ਰਧਾਨ ਜੀ, ਜੱਜ ਸਾਹਿਬਾਨ, ਭੈਣੋਂ ਤੇ ਭਰਾਵੋ ! ਮੇਰੇ ਕੋਲੋਂ ਪਹਿਲੇ ਵੀਰ ਨੇ ਪਿਆਰ ਨੂੰ ਇਸ ਜਨਮ ਵਿਚ ਹਰ ਤਰ੍ਹਾਂ ਡੰਝ ਲਾਹ ਕੇ ਮਾਨਣ ਦੇ ਵਿਚਾਰ ਤੁਹਾਡੇ ਅੱਗੇ ਰੱਖੇ ਹਨ। ਸਾਡੇ ਧਾਰਮਕ ਗ੍ਰੰਥ ਇਸ ਜਨਮ ਨੂੰ ਮੁਕਤੀ ਪ੍ਰਾਪਤ ਕਰਨ ਦਾ ਇਕ ਸੁਭਾਗ ਦਸਦੇ ਹਨ।

".....ਸਾਡੀ ਸਭਿਅਤਾ ਭਿਖਸ਼ੂਆਂ ਤੇ ਸੰਨਿਆਸੀਆਂ ਦੀ ਪੁਰਾਣੀ ਸਭਿਅਤਾ ਹੈ, ਜਿਸ ਦੁਨੀਆਂ ਭਰ ਦੇ ਲੋਕਾਂ ਨੂੰ ਮੁਕਤੀ ਮਾਰਗ ਦਿਖਾਇਆ। ਮੁਕਤੀ ਦੋ ਤਰ੍ਹਾਂ ਦੱਸੀ ਹੈ, ਭਗਤੀ ਅਤੇ ਬ੍ਰਹਮ-ਗਿਆਨ ਰਾਹੀਂ। ਭਗਤੀ ਅਤੇ ਬ੍ਰਹਮ-ਗਿਆਨ ਦੀ ਵਿਚਕਾਰਲੀ ਅਵਸਥਾ ਨੂੰ ਸਾਡੇ ਅਚਾਰੀਆਂ ਨੇ ਸਹਿਜ ਵਿਸਮਾਦ ਕਹਿ ਕੇ ਪੁਕਾਰਿਆ ਹੈ। ਇਹ ਮਨੁੱਖ ਦੇ ਗਿਆਨ ਵਿਕਾਸ ਵਿਚ ਨਿਰਮਲ ਪਿਆਰ ਦੀ ਆਖ਼ਰੀ ਟੇਕ ਹੈ, ਜਿਹੜੀ ਜੀਵ ਤੇ ਬ੍ਰਹਮ ਵਿਚੋਂ ਹਰ ਤਰ੍ਹਾਂ ਦੇ ਭਰਮ-ਭੇਦ ਮਿਟਾ ਦੇਂਦੀ ਹੈ।" ਪ੍ਰਿੰਸੀਪਲ ਤੇ ਕੁਝ ਪ੍ਰੋਫ਼ੈਸਰਾਂ ਨੇ ਚੰਦੂ ਲਾਲ ਦੇ ਹੱਕ ਵਿਚ ਤਾੜੀ ਵਜਾਈ।

".....ਮਨੋਹਰ ਵੀਰੇ ਦੀ ਸਿਫ਼ਾਰਸ਼ ਹਿੰਦੁਸਤਾਨ ਦੇ ਚਾਰਵਾਕੀ ਪੰਥ ਵਰਗੀ ਹੋਵੇਗੀ, ਜਿਸ ਵਿਚ ਭੈਣ, ਪਤਨੀ ਤੇ ਸੱਜਣੀ ਇਕੋ ਥਾਂ ਖਲੋਤੀਆਂ ਦਿਸਦੀਆਂ ਹਨ। ਮੈਂ ਸਾਰੇ ਪੱਖ ਰੱਦ ਕੇ ਪਿਆਰ ਰਾਹੀਂ ਮੁਕਤੀ ਹਾਸਲ ਕਰਨ ਵਾਲੇ ਸਹਿਜ ਦੀ ਸਿਫ਼ਾਰਸ਼ ਕਰਦਾ ਹਾਂ, ਜਿਸ ਨੂੰ ਸਾਡੇ ਰਿਸ਼ੀ, ਗੁਰੂ ਨਾਨਕ ਦੇਵ, ਸੂਰਦਾਸ, ਮੀਰਾਂ ਬਾਈ ਤੇ ਬੁੱਲ੍ਹੇ ਸ਼ਾਹ ਨੇ ਪਰਚਾਰਿਆ ਹੈ। ਕੋਈ ਸਮਾਜ ਆਤਮ-ਅਧਿਐਨ ਨੂੰ ਛੱਡ ਕੇ ਬਲਵਾਨ ਨਹੀਂ ਹੋ ਸਕਦਾ। ਇਹ ਸੰਸਾਰ ਸੁਪਨਾ ਹੈ, ਮਨੁੱਖ ਦਾ ਆਪਣਾ ਜਨਮ ਇਕ ਭੁਲੇਖਾ ਹੈ, ਤੇ ਭੁਲੇਖੇ ਦੇ ਵਿਸ਼ਿਆਂ ਨਾਲ ਕਿੰਨੀ ਕੁ ਤ੍ਰਿਪਤੀ ਹੋ ਸਕੇਗੀ। ਹੁਣ ਜਦੋਂ ਕਿ ਭਾਰਤ ਆਜ਼ਾਦ ਹੋ ਚੁੱਕਾ ਹੈ, ਇਸ ਦੀ ਪੁਰਾਣੀ ਸੰਸਕ੍ਰਿਤੀ ਤੇ ਉਸ ਦੇ ਸਹਿਜ ਨੂੰ ਮੁੜ ਬਾਹਰਲੇ ਦੇਸ਼ਾਂ ਵਿਚ ਪਰਚਾਰ ਕੇ ਮੁਕਤੀ ਚੱਕਰ ਚਲਾਇਆ ਜਾਵੇ।"

ਚੰਦੂ ਲਾਲ ਦੀ ਸਪੀਚ ਦਾ ਵਿਦਿਆਰਥੀਆਂ ਤੇ ਖ਼ਾਸ ਅਸਰ ਨਾ ਹੋਇਆ। ਪ੍ਰਿੰਸੀਪਲ ਤੇ ਕੁਝ ਪ੍ਰੋਫ਼ੈਸਰਾਂ ਦਾ ਮਨ ਰੱਖਣ ਲਈ ਕੁਝ ਇਕ ਨੇ ਨਾਲ ਤਾੜੀ ਦੇ ਦਿਤੀ।

ਸੈਕਟਰੀ ਸਾਹਿਬ ਨੇ ਪੁਕਾਰਿਆ :

"ਸ: ਪ੍ਰਕਾਸ਼ ਸਿੰਘ, ਗੌਰਮਿੰਟ ਕਾਲਜ ਲੁਧਿਆਣਾ !"

ਪ੍ਰਕਾਸ਼ ਰਮਤੇ ਰਮਤੇ ਮਾਈਕ ਅੱਗੇ ਆ ਗਿਆ।

Sri Satguru Jagjit Singh Ji eLibrary NamdhariElibrary@gmail.com

"ਸਾਥੀਓ ! ਚੰਦੂ ਲਾਲ ਦਾ ਸਹਿਜ ਤੇ ਬ੍ਰਹਮ ਗਿਆਨ ਕਾਲਪਨਿਕ ਸੱਚ ਹੈ, ਜਿਹੜਾ ਅਮਲੀ ਤਜਰਬੇ ਵਿਚ ਨਹੀਂ ਆ ਸਕਦਾ। ਇਹ ਸਿਧਾਂਤ ਕਦੇ ਅਗਰਗਾਮੀ ਸੀ ਤੇ ਮਨੁੱਖ ਨੂੰ ਦੁੱਖਾਂ ਤੋਂ ਛੁਟਕਾਰਾ ਦਿਵਾਉਣ ਲਈ ਹੋਰ ਸੁਖ-ਦਾਤੀ ਅਥਵਾ ਮੁਕਤੀ ਦਾ ਲਾਰਾ ਦੇ ਕੇ ਜੀਵਨ-ਸੰਗਰਾਮ ਜਾਰੀ ਰਖਣ ਲਈ ਪ੍ਰੇਰਦਾ ਸੀ। ਸਾਇੰਸ ਦਾ ਰੂਪ ਓਦੋਂ ਏਨਾ ਗੋਰਾ ਨਹੀਂ ਸੀ, ਜਿੰਨਾ ਅੱਜ ਹੈ। ਲੋਧੀ ਤੇ ਬਾਬਰ ਦੇ ਜ਼ੁਲਮਾਂ ਦੇ ਮੁਕਾਬਲੇ ਵਿਚ ਗੁਰੂ ਨਾਨਕ ਦੇਵ ਜੀ ਨੇ ਹੱਥੀਂ ਮਿਹਨਤ ਨੂੰ ਸਮਾਜ ਵਿਚ ਨਿੱਗਰ ਥਾਂ ਦਿਤੀ। ਜਿੰਨਾ ਇਨਸਾਨ ਦਸਾਂ ਨਹੁੰਆਂ ਦੀ ਕਿਰਤ ਲੁੱਟੇ ਜਾਣ ਦੇ ਖ਼ਿਲਾਫ਼ ਲੜ ਸਕਦਾ ਹੈ, ਓਨਾ ਇਕ ਲੁੱਟ ਦੇ ਲੁੱਟੇ ਜਾਣ ਤੇ ਨਹੀਂ।" ਸਾਹਮਣੇ ਬੈਠੇ ਸਟੂਡੈਂਟਸ ਨੇ ਬੜੇ ਰੋਹ ਨਾਲ ਤਾੜੀ ਵਜਾਈ।

"......ਇਹ ਇਨਸਾਨ ਤੇ ਇਸ ਦਾ ਸਮਾਜ ਕਿਵੇਂ ਵਜੂਦ 'ਚ ਆਏ, ਧਾਰਮਿਕ ਰਵਾਇਤਾਂ ਤੇ ਪੈਗ਼ੰਬਰਾਂ ਦੇ ਅਲਹਾਮਾਂ ਨਾਲੋਂ ਡਾਰਵਨ ਤੇ ਉਸ ਦੇ ਸਾਥੀਆਂ ਦਾ ਹੱਥ ਤੇ ਸਰ੍ਹੋਂ ਜਮਾਂ ਕੇ ਦਸਣਾ ਹਰ ਤਰ੍ਹਾਂ ਪ੍ਰਮਾਣੀਕ ਹੈ। ਅੱਜ ਇਨਸਾਨ ਨੇ ਦਰੱਖ਼ਤਾਂ, ਖੋਲਾਂ, ਖੱਡਾਂ ਅਤੇ ਘੁਰਨਿਆਂ 'ਚੋਂ ਨਿਕਲ ਕੇ ਐਟਮਕ ਅਨਰਜੀ ਦੇ ਜੁੱਗ ਵਿਚ ਅੰਗੜਾਈ ਭਰ ਲਈ ਹੈ। ਉਸ ਕੁਦਰਤ ਦੇ ਅੱਧਿਓਂ ਬਹੁਤੇ ਭੇਤਾਂ ਨੂੰ, ਜਿਹੜੇ ਅਲੱਖ ਕਹੇ ਜਾਂਦੇ ਸਨ, ਜਾਣ ਲਿਆ ਹੈ ਤੇ ਬਾਕੀ ਚੰਦਾਂ ਸੂਰਜਾਂ ਵਲ ਉਸ ਦੀਆਂ ਬਾਹਾਂ ਅੱਡੀਆਂ ਹੋਈਆਂ ਹਨ।

".....ਕੁਦਰਤ ਵਿਚ ਸੁੱਤੇ ਤਬਦੀਲੀ ਦੇ ਭੇਤ ਨੂੰ ਮਨੁੱਖ ਨੇ ਜਾਣ ਲਿਆ ਹੈ। ਉਹ ਦਿਨੋ ਦਿਨ ਸਚਿਆਰਾ ਤੇ ਹੁਸੀਨ ਹੋ ਰਿਹਾ ਹੈ। ਉਸ ਜ਼ਿੰਦਗੀ ਦੀ ਆਰਥਕਤਾ ਤੇ ਉਸ ਦੇ ਪਿਆਰ 'ਚੋਂ ਲੱਭ ਲਿਆ ਹੈ। ਜਿਹੜੀ ਲੁੱਟ ਚੰਗੇਜ਼ਾਂ, ਨਾਰਦਾਂ ਤੇ ਹਿਟਲਰਾਂ ਨੇ ਅਜ ਤਕ ਆਰਥਕਤਾ ਦੀ ਮਚਾ ਰਖੀ ਸੀ, ਇਸ ਸਮਾਜੀ ਬੀਮਾਰੀ ਨੂੰ ਮਿਹਨਤੀ ਮਨੁੱਖ ਨੇ ਆਪਣੇ ਹੱਥ ਵਿਚ ਲੈ ਕੇ ਸੰਸਾਰ-ਅੰਦੋਲਨ ਅਰੰਭ ਕਰ ਦਿਤਾ ਹੈ, ਤਾਕਿ ਜ਼ਿੰਦਗੀ ਆਰਥਕਤਾ ਦੀ ਲੁੱਟ ਤੋਂ ਆਜ਼ਾਦ ਹੋ ਕੇ ਆਪਣੇ ਹਾਣੀ-ਪਿਆਰ ਦਾ ਸੁਹਾਗ ਭਾਗ ਮਾਣ ਸਕੇ।" ਇਕੋ ਵਾਰ ਹੀ ਤਾੜੀਆਂ ਸਮੁੰਦਰੀ ਲਹਿਰਾਂ ਵਾਂਗ ਉਚੀਆਂ ਉਠ ਖਲੋਤੀਆਂ।

".........ਅਸੀਂ ਗੁਜ਼ਰ ਗਏ ਦੇ ਤਜਰਬਿਆਂ ਨਾਲ ਵਰਤਮਾਨ ਨੂੰ ਸੰਵਾਰਿਆ ਹੈ ਤੇ ਵਰਤਮਾਨ ਜਦੋ-ਜਹਿਦ ਸਾਡੇ ਭਵਿਸ਼ ਨੂੰ ਸ਼ਿੰਗਾਰੇਗੀ। ਇਹ ਇਤਿਹਾਸਕ ਸੱਚ ਹੈ, ਜਿਹੜਾ ਲਾਰੇ ਤੇ ਕਲਪਨਾ ਦੇ ਆਧਾਰ ਤੇ ਅੰਧ-ਵਿਸ਼ਵਾਸ ਨਹੀਂ ਦੇਂਦਾ। ਸਗੋਂ ਸਮਾਜੀ ਸਾਇੰਸ ਨੇ ਅਸੂਲ ਬਣਾ ਕੇ ਅਮਲੀ ਤੌਰ ਤੇ ਮਨੁੱਖ ਦੀ ਦੁਨੀਆ ਵਿਚ ਪ੍ਰਚੱਲਤ ਕਰ ਦਿਤਾ।

"ਅੱਜ ਦੇ ਸਮਾਜ ਵਿਚ ਪਿਆਰ ਦੀ ਥਾਂ ਲੱਕ-ਤੋੜਵੀਂ ਟ੍ਰੈਜਿੱਡੀ ਹੈ। ਸਾਥੀਓ ! ਇਕ ਬੁਲਾਰੇ ਨੇ ਤੁਹਾਨੂੰ ਹੀਰ ਰਾਂਝਾ ਤੇ ਰੋਮੀਊ ਜੂਲੀਅਟ ਬਣਨ ਦੀ ਅਪੀਲ ਕੀਤੀ ਹੈ, ਪਰ ਮੈਂ ਸਮਝਦਾ ਹਾਂ, ਇਹ ਅਪੀਲ ਸਮੇਂ ਤੇ ਹਾਲਾਤ ਤੋਂ ਪਹਿਲਾਂ ਕੀਤੀ ਗਈ ਹੈ। ਪ੍ਰਕ੍ਰਿਤੀ ਤੱਤਾਂ ਦੇ ਵੱਤਾਂ ਨੂੰ ਜਾਣੇ ਬਿਨਾਂ ਚੁਕਿਆ ਹਰ ਕਦਮ ਮਨੁੱਖ ਨੂੰ ਹਾਰ ਦੇਂਦਾ ਰਿਹਾ ਹੈ। ਸਮਾਜੀ ਲੁੱਟ ਦੇ ਸ਼ੀਸ਼ੇ ਵਿਚ ਜੇ ਮੈਂ ਤੁਹਾਨੂੰ ਜ਼ਿੰਦਗੀ ਦੀ ਟ੍ਰੈਜਿੱਡੀਆਂ-ਮਾਰੀ ਤਸਵੀਰ ਵਿਖਾਵਾਂ, ਤੁਸੀਂ ਦੇਖ ਨਹੀਂ ਸਕੋਗੇ। ਜ਼ਹਿਰੀਲੀ ਕਟਾਰ ਜੂਲੀਅਟ ਦੀ ਕੂਲੀ ਹਿੱਕ ਚੀਰ ਰਹੀ ਹੈ, ਲੈਲਾ ਤਪਦਿਕ ਵਿਚ ਸੜ ਰਹੀ ਹੈ ਤੇ ਹੀਰ ਜ਼ਹਿਰ ਪੀ

Sri Satguru Jagjit Singh Ji eLibrary NamdhariElibrary@gmail.com

ਰਹੀ ਹੈ। ਮਿਰਜ਼ਾ, ਜਿਹੜਾ ਹਥਿਆਰਬੰਦ ਸੂਰਮਾ ਸੀ, ਜੰਡ ਹੇਠ ਵੱਢਿਆ ਪਿਆ ਹੈ ਤੇ ਧਾਹਾਂ-ਮਾਰਦੀ ਸਾਹਿਬਾਂ ਨੂੰ ਨੰਗੀਆਂ ਤਲਵਾਰਾਂ ਚੀਰ ਰਹੀਆਂ ਹਨ। ਬੋਲੋ ਸਾਥੀਓ! ਇਸ ਤਾਰੀਖ਼ੀ ਸੱਚਾਈ ਤੋਂ ਕਿਵੇਂ ਅੱਖਾਂ ਮੀਟ ਲਵੋਗੇ। ਕਿਸੇ ਵੀ ਸਮਾਜੀ ਲੁੱਟ ਦੇ ਨਜ਼ਾਮ ਵਿਚ ਕਾਮਿਡੀ ਸੰਭਵ ਨਹੀਂ। ਇਸ ਲਈ ਮੈਂ ਚਿਤਾਵਨੀ ਦੇਂਦਾ ਹਾਂ, ਨਾਦਰ-ਸ਼ਾਹੀ ਸਮਾਜ ਵਿਚ ਹੀਰ ਰਾਂਝਾ ਬਣ ਕੇ ਨਾ ਮਰੋ, ਸਗੋਂ ਭਗਤ ਤੇ ਕਰਤਾਰ ਦੀ ਸ਼ਾਨ ਬਣੋ। ਇਸ ਸੰਸਾਰ ਦੇ ਇਕ ਹਿੱਸੇ ਵਿਚ ਕਾਮਿਡੀਆਂ ਦਾ ਸਮਾਜ ਸਿਰਜਿਆ ਜਾ ਚੁਕਾ ਹੈ, ਬਾਕੀਆਂ ਵਿਚ ਵੀ ਸਵੇਰਾ ਹੋਣ ਵਾਲਾ ਹੈ। ਇਨਸਾਨ ਬਿਲਕੁਲ ਮੰਜ਼ਲ ਦੇ ਨੇੜੇ ਆ ਪਹੁੰਚਿਆ ਹੈ ਤੇ ਹੁਣ ਸੋਹਣੀਆਂ ਨੂੰ ਝਨਾਂ ਵਿਚ ਡੁੱਬ ਕੇ ਨਹੀਂ ਮਰਨ ਦਿਤਾ ਜਾਵੇਗਾ।"

ਪ੍ਰਕਾਸ਼ ਬੜੇ ਮਾਣ ਤੇ ਗੌਰਵ ਨਾਲ ਮਾਈਕ ਅਗੋਂ ਭੌਂ ਗਿਆ।

ਉਸ ਦੇ ਉਚਾਰਨ ਦੇ ਖ਼ਾਤਮੇ ਤੇ ਲੋਕ ਜੋਸ਼ ਵਿਚ ਤਾੜੀਆਂ ਮਾਰਦੇ ਮਾਰਦੇ ਉਠ ਕੇ ਖਲੋ ਗਏ। ਸਾਰਿਆਂ ਨੂੰ ਤਸੱਲੀ ਹੋ ਗਈ ਸੀ ਕਿ ਟਰਾਫ਼ੀ ਪ੍ਰਕਾਸ਼ ਜਿੱਤੇਗਾ। ਜੱਜਾਂ ਨੇ ਨੰਬਰਾਂ ਦੀ ਕਟਾ-ਵੱਢ ਕਰ ਕੇ ਆਪਣਾ ਫ਼ੈਸਲਾ ਪ੍ਰਧਾਨ ਸਾਹਿਬ ਨੂੰ ਦੇ ਦਿਤਾ। ਪ੍ਰਧਾਨ ਸਾਹਿਬ ਨੇ ਫ਼ੈਸਲਾ ਚੰਦੂ ਲਾਲ ਦੇ ਹੱਕ ਵਿਚ ਸੁਣਾ ਦਿਤਾ। ਮੁੰਡਿਆਂ ਇਸ ਹੋਈ ਬੇਇਨਸਾਫ਼ੀ ਤੇ ਰੋਸ ਪਰਗਟ ਕੀਤਾ ਤੇ 'ਸ਼ੇਮ ਸ਼ੇਮ' ਦੀਆਂ ਆਵਾਜ਼ਾਂ ਲਾਈਆਂ।

ਟਰਾਫ਼ੀ ਦੇਣ ਵੇਲੇ ਹਾਲ ਵਿਚ ਉੱਲੂ ਬੋਲ ਰਹੇ ਸਨ।

31

ਦਰਸ਼ਨ ਨੇ ਵਾਰਤਾ-ਉਚਾਰਨ ਨੂੰ ਕੁੜੀਆਂ 'ਚ ਬਹਿ ਕੇ ਸੁਣਿਆ ਸੀ। ਹੁਣ ਉਹ ਹੋਰ ਕਲਾਕਾਰਾਂ ਤੇ ਸ਼ਾਇਰਾਂ ਨਾਲ ਚਾਹ ਪੀਣ ਜਾ ਰਹੀ ਸੀ। ਹੋਰ ਅੱਧੇ ਘੰਟੇ ਤਕ ਕਵੀ ਦਰਬਾਰ ਤੇ ਸੰਗੀਤ-ਪ੍ਰੋਗਰਾਮ ਸ਼ੁਰੂ ਹੋਣ ਵਾਲੇ ਸਨ। ਉਸ ਇਹ ਪ੍ਰੋਗਰਾਮ ਬਿਲਕੁਲ ਹੀ ਅਟੈਂਡ ਨਹੀਂ ਕਰਨਾ ਸੀ, ਪਰ ਉਸ ਨੂੰ ਬਹਾਲ ਦਾ ਖ਼ਤ ਮਿਲਿਆ ਸੀ ਕਿ ਤੂੰ ਮੋਗੇ ਆ ਜਾਹ, ਸਾਰੇ ਝੰਜਟ ਮੁਕ ਜਾਣਗੇ। ਆਤਮਜੀਤ ਦੀਆਂ ਗੱਲਾਂ ਸੁਣ ਕੇ ਦਰਸ਼ਨ ਦਾ ਦਿਲ ਤਾਂ ਟੁੱਟ ਹੀ ਚੁਕਾ ਸੀ, ਪਰ ਉਹ ਚਾਹੁੰਦੀ ਸੀ, ਇਕ ਵਾਰ ਬਹਾਲ ਵਿਆਹ ਕਰਵਾ ਲਵੇ, ਫਿਰ ਇਸ ਨੂੰ ਜੁੱਤੀ ਦਾ ਤਲਾ ਬਣਾ ਕੇ ਹੀ ਰਖਾਂਗੀ। ਪਰ ਉਹ ਸੰਮੇਲਨ ਤੇ ਆਇਆ ਨਹੀਂ ਸੀ।

ਚਾਹ ਪੀਣ ਵਾਲੇ ਕਮਰੇ ਵਿਚ ਵੜਦਿਆਂ ਦਰਸ਼ਨ ਨੇ ਪਪੀਹੇ ਨੂੰ ਦੋਹ ਮੁੰਡਿਆਂ ਨਾਲ ਗੱਲਾਂ ਕਰਦਿਆਂ ਦੇਖਿਆ। ਉਸ ਦੇ ਦਿਮਾਗ਼ ਵਿਚੋਂ ਰੀਕਾਰਡਿੰਗ ਦਾ ਖ਼ਿਆਲ ਲੰਘ ਗਿਆ। ਉਹ ਲੋਕ-ਗੀਤ ਹੀ ਚੰਗਾ ਗਾ ਸਕਦੀ ਸੀ। ਲੋਕ-ਗੀਤਾਂ ਦੇ ਤੌਰ ਤੇ ਪੰਜਾਬੀ ਸ਼ਾਇਰਾਂ ਵਿਚੋਂ ਪਪੀਹੇ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ ਸੀ। ਉਸ ਦਾ ਖ਼ਿਆਲ ਸੀ, ਹੋ ਸਕਦਾ ਸੀ, ਅਗਲੇ ਮਹੀਨੇ ਹਿਜ਼ ਮਾਸਟਰ ਵਾਇਸ ਵਾਲਿਆਂ ਦਾ ਸੱਦਾ ਆ ਜਾਵੇ। ਉਹ ਆਪਣੇ ਲਈ ਗੀਤ ਦੀ ਠੀਕ ਚੋਣ ਨਹੀਂ ਕਰ ਸਕੀ ਸੀ।

Sri Satguru Jagjit Singh Ji eLibrary NamdhariElibrary@gmail.com

ਪਹਿਲਾ ਗੀਤ ਉਸ ਆਪ ਹੀ ਅਨਫ਼ਿੱਟ ਕਰ ਦਿਤਾ ਸੀ। ਉਸ ਦੀ ਖ਼ਾਹਸ਼ ਸੀ, ਪਪੀਹੇ ਤੋਂ ਕੋਈ ਹੌਲਾ ਫੁੱਲ ਗੀਤ ਲੈ ਲਿਆ ਜਾਵੇ, ਜਿਹੜਾ ਸੁਖਾਲਿਆਂ ਹੀ ਮੱਧਮ ਸੁਰਾਂ ਤੇ ਗਾਇਆ ਜਾ ਸਕੇ।

ਦਰਸ਼ਨ ਨੇ ਏਧਰ ਓਧਰ ਸਰਕਦਿਆਂ ਪਪੀਹੇ ਦੇ ਨਾਲ ਦੀ ਕੁਰਸੀ ਮੱਲ ਲਈ। ਉਸ ਦੀ ਇਸ ਹੁਸ਼ਿਆਰੀ ਨੂੰ ਕਿਸੇ ਵੀ ਨੋਟ ਨਾ ਕੀਤਾ। ਪਪੀਹਾ ਹਾਲੇ ਵੀ ਗੱਲਾਂ ਮਾਰੀ ਜਾ ਰਿਹਾ ਸੀ। ਦਰਸ਼ਨ ਨੇ ਪਪੀਹੇ ਦੀ ਗੱਲ ਵਲ ਧਿਆਨ ਨਾ ਦਿਤਾ।

"ਜੱਜਾਂ ਨੇ ਖ਼ਾਹ-ਮਖ਼ਾਹ ਆਪਣੀ ਨੀਅਤ ਤੇ ਸ਼ੱਕ ਕਰਵਾਇਆ। ਮੁੰਡੇ ਦੀਆਂ ਦਲੀਲਾਂ ਨੇਜ਼ੇ ਦੀਆਂ ਅਣੀਆਂ ਵਾਂਗ ਗੰਦੇ ਸਮਾਜ ਦੀ ਹਿੱਕ ਵਿਚ ਬੈਠੀਆਂ ਜਾ ਰਹੀਆਂ ਸਨ। ਪ੍ਰਕਾਸ਼ ਨੂੰ ਮੈਨੂੰ ਮਿਲਾਓ।" ਪਪੀਹਾ ਪ੍ਰਕਾਸ਼ ਤੋਂ ਬਹੁਤ ਪ੍ਰਭਾਵਤ ਹੋਇਆ ਸੀ।

"ਉਹ ਚਾਹ ਤੇ ਕਿਉਂ ਨਹੀਂ ਆਇਆ ?" ਇਕ ਵਿਦਿਆਰਥੀ ਨੇ ਹੈਰਾਨੀ ਨਾਲ ਏਧਰ ਓਧਰ ਦੇਖਿਆ।

"ਜੇ ਟਰਾਫ਼ੀ ਕਾਲਜ 'ਚ ਹੀ ਰਖ ਲੈਣੀ ਸੀ, ਸਾਥੋਂ ਚੰਦਾ ਕਿਉਂ ਲਿਆ, ਨਾਲੇ ਆਪਣੇ ਕਮਿਊਨਲ ਹੋਣ ਦਾ ਸਬੂਤ ਦਿਤਾ।" ਦੂਜੇ ਵਿਦਿਆਰਥੀ ਨੇ ਵੀ ਰੋਸ ਪਰਗਟ ਕੀਤਾ।

"ਕਸੂਰ ਸਾਰਾ ਫ਼ੈਡਰੇਸ਼ਨ ਦਾ ਹੈ, ਜਿਸ ਚੰਦਾ ਇਕੱਠਾ ਕਰ ਕੇ ਪ੍ਰਿੰਸੀਪਲ ਨੂੰ ਧਨੇਸੂ ਚੁਣ ਲਿਆ।" ਪਹਿਲੇ ਵਿਦਆਰਥੀ ਨੇ ਇਕ ਤਰ੍ਹਾਂ ਆਪਣੇ ਤੇ ਹੀ ਨੁਕਤਾਚੀਨੀ ਕੀਤੀ। "ਖ਼ੈਰ, ਤੁਸੀਂ ਚਾਹ ਪੀਓ, ਅਸੀਂ ਪ੍ਰਕਾਸ਼ ਨੂੰ ਲੱਭ ਕੇ ਲਿਆਉਂਦੇ ਹਾਂ।" ਦੋਵੇਂ ਸਟੂਡੈਂਟਸ ਚਲੇ ਗਏ।

ਪਪੀਹੇ ਨੇ ਜਦ ਭੌਂ ਕੇ ਦੇਖਿਆ, ਉਸ ਦੀ ਕੁਰਸੀ ਨਾਲ ਦਰਸ਼ਨ ਬੈਠੀ ਸੀ। ਪ੍ਰਕਾਸ਼ ਦੀ ਸਪੀਚ ਦਰਸ਼ਨ ਨੂੰ ਵੀ ਚੰਗੀ ਲਗੀ ਸੀ, ਪਰ ਉਸ ਦੇ ਦਿਮਾਗ਼ ਵਿਚ ਨਹੀਂ ਆਈ ਸੀ, ਲੋਕ ਉਸ ਦੇ ਵਿਚਾਰਾਂ ਤੋਂ ਏਨੇ ਪ੍ਰਭਾਵਤ ਹੋਣਗੇ। ਉਹ ਪਪੀਹੇ ਦੇ ਸਤਿਕਾਰ ਵਿਚ ਉਠ ਕੇ ਖਲੋ ਗਈ। ਉਸ ਦੇ ਹੱਥ ਜੋੜਨ ਵੇਲੇ ਪਪੀਹੇ ਦੇ ਮੋਟੇ ਨਕਸ਼ਾਂ ਵਿਚ ਖ਼ੁਸ਼ੀ ਸ਼ਰਾਬ ਦੀ ਘੁੱਟ ਬਣ ਗਈ। ਦਰਸ਼ਨ ਨੇ ਉਸ ਦੀ ਬਜ਼ੁਰਗੀ ਦਾ ਖ਼ਿਆਲ ਕਰਦਿਆਂ ਉਸ ਲਈ ਚਾਹ ਦਾ ਪਿਆਲਾ ਬਣਾਇਆ।

"ਤੁਸੀਂ ਕਿਹੜੀ ਗੱਡੀ ਆਏ ਓ।" ਪਪੀਹੇ ਨੇ ਬੁਲਾਉਣ ਦੀ ਖ਼ਾਹਸ਼ ਨਾਲ ਪੁਛ ਲਿਆ। ਉਸ ਨੂੰ ਇਹ ਵੀ ਖ਼ਿਆਲ ਆਇਆ, ਜੇ ਇਸ ਸਮੇਂ ਬਹਾਲ ਵੇਖ ਲਵੇ, ਸੜ ਬਲ ਹੀ ਜਾਵੇ।

"ਜੀ ਮੈਂ ਬਸ 'ਤੇ ਆਈ ਆਂ। ਆਉਣ ਦਾ ਖ਼ਿਆਲ ਤਾਂ ਨਹੀਂ ਸੀ ਪਰ........।" ਦਰਸ਼ਨ ਇਕ ਪਲ ਝਿਜਕ ਗਈ। "ਉਨ੍ਹਾਂ ਦੀ ਚਿੱਠੀ ਮਿਲੀ ਸੀ ਕਿ ਜ਼ਰੂਰ ਆਵਾਂ।"

ਪਪੀਹਾ ਉਸ ਦੀ ਝਿਜਕ ਤਾੜ ਗਿਆ। ਉਸ ਨੂੰ ਦਰਸ਼ਨ ਬੇਹੱਦ ਭੋਲੀ ਤੇ ਮਾਸੂਮ ਜਾਪੀ, ਜਿਸ ਬੇਵਫ਼ਾ ਦੀਆਂ ਕਰਤੂਤਾਂ ਤੋਂ ਜਾਣੂ ਹੋਣ ਤੇ ਵੀ ਵਿਸ਼ਵਾਸ ਨਹੀਂ ਤੋੜਿਆ ਸੀ। ਉਸ ਨੂੰ ਬਹਾਲ ਦਾ ਆਖਿਆ ਯਾਦ ਆ ਗਿਆ। ਉਸ ਦਰਸ਼ਨ ਦਾ ਵਹਿਮ ਤੋੜ ਦੇਣ ਦੀ ਮਿੱਥ ਲਈ। ਚਾਹ ਦੀ ਘੁਟ ਭਰਨੋਂ ਰੁਕਦਿਆਂ ਉਸ ਆਲੇ-ਦੁਆਲੇ ਤੱਕਿਆ :

Sri Satguru Jagjit Singh Ji eLibrary NamdhariElibrary@gmail.com

"ਤੁਸੀਂ ਉਸ ਬਾਰੇ ਕੁਝ ਨਹੀਂ ਜਾਣਦੇ ?"

ਦਰਸ਼ਨ ਨੇ ਮਨ ਵਿਚ ਆਖਿਆ, 'ਹੁਣ ਬਹੁਤ ਕੁਝ ਜਾਣਦੀ ਹਾਂ, ਪਰ ਤੂੰ ਆਖ ਕੀ ਆਖਦਾ ਏਂ।' ਦਰਸ਼ਨ ਨੇ ਨਾਂਹ ਵਿਚ ਸਿਰ ਫੇਰਦਿਆਂ ਉੱਤਰ ਦਿਤਾ, "ਨਹੀਂ, ਉਨ੍ਹਾਂ ਏਥੇ ਆਉਣਾ ਸੀ, ਪਤਾ ਨਹੀਂ.....।" ਉਸ ਗੱਲ ਵਿਚਕਾਰ ਛੱਡ ਦਿਤੀ।

"ਉਸ ਬੇਈਮਾਨ ਨੇ ਕੀ ਆਉਣਾ ਏਂ।" ਪਪੀਹੇ ਨੇ ਪਹਿਲਾਂ ਨਾਲੋਂ ਵੀ ਹੌਲੀ ਆਖਿਆ।

"ਕਿਉਂ ?" ਦਰਸ਼ਨ ਨੂੰ ਹਲਕੀ ਜਿਹੀ ਹੈਰਾਨੀ ਆ ਗਈ, ਉਸ ਨੂੰ ਪਪੀਹੇ ਦੇ ਕਰੂਪ ਚਿਹਰੇ ਤੋਂ ਭੈ ਆਉਣ ਲਗ ਪਿਆ।

"ਮੈਂ ਉਸ ਦਾ ਦੋਸਤ ਹਾਂ, ਉਸ ਦਾ ਬੁਰਾ ਨਹੀਂ ਚਿਤਵ ਸਕਦਾ।" ਪਪੀਹੇ ਨੇ ਗੱਲ ਕਹਿਣ ਲਈ ਡਰ ਵਿਚ ਆਈ ਕੁੜੀ ਵਲ ਤੱਕਿਆ,"ਪਰ ਤੁਹਾਨੂੰ ਇਕ ਨੇਕ ਰਾਇ ਦੇਂਦਾ ਹਾਂ, ਤੁਸੀਂ ਉਸ ਦਾ ਖ਼ਿਆਲ ਘਟ ਕਰ ਦੇਵੋ।"

ਦਰਸ਼ਨ ਸਾਹ ਰੋਕ ਕੇ ਰਹਿ ਗਈ। ਉਸ ਦੇ ਚਿਹਰੇ ਦੇ ਰੰਗ ਬਦਲ ਬਦਲ ਜਾਂਦੇ ਸਨ।

"ਮੈਂ ਆਪ ਦਾ ਮਤਲਬ ਨਹੀਂ ਸਮਝੀ ?" ਦਰਸ਼ਨ ਘਬਰਾਈ ਹੋਈ ਸੀ ਕਿ ਪਤਾ ਨਹੀਂ ਅੱਗੇ ਬੁੱਢਾ ਕੀ ਬਕੇਗਾ।

"ਉਹ ਵਿਆਹਿਆ ਹੋਇਆ ਹੈ ਤੇ ਇਕ ਬੱਚੀ ਦਾ ਬਾਪ ਵੀ ਹੈ।" ਪਪੀਹੇ ਨੇ ਆਪਣੀ ਤਾਕਤ ਤੋਂ ਕਿਤੇ ਭਾਰਾ ਪੱਥਰ ਚੁੱਕ ਕੇ ਦਰਸ਼ਨ ਦੇ ਸਿਰ ਮਾਰ ਦਿਤਾ।

ਦਰਸ਼ਨ ਦੇ ਹੱਥ ਵਿਚ ਪਿਰਚ ਤੇ ਪਿਆਲੀ ਕੰਬੀ ਜਾ ਰਹੀਆਂ ਸਨ। ਉਸ ਝਟ ਹੀ ਉਨ੍ਹਾਂ ਨੂੰ ਮੇਜ਼ ਤੇ ਰਖ ਦਿਤਾ। ਆਪਣੀ ਡੌਰ-ਭੌਰ ਹਾਲਤ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਬਚਾਣ ਦਾ ਯਤਨ ਕੀਤਾ। ਅੱਖਾਂ ਵਿਚ ਹੰਝੂ ਲਿਆਉਣ ਦੀ ਥਾਂ ਉਸ ਲਹੂ ਭਰ ਲਿਆ ਤੇ ਪਪੀਹੇ ਵੱਲ ਇਸ ਤਰ੍ਹਾਂ ਤੱਕਿਆ, ਜਿਵੇਂ ਕਹਿ ਰਹੀ ਹੋਵੇ, 'ਜ਼ਾਲਮਾ ! ਤੂੰ ਵੀ ਹੁਣ ਈ ਦੱਸਣਾ ਸੀ।' ਉਸ ਨੂੰ ਚਾਹ ਪੀਣੀ ਭੁੱਲ ਗਈ। ਗੀਤ ਦੀ ਖ਼ਾਹਸ਼ ਖੂਹ 'ਚ ਜਾ ਪਈ। ਉਸ ਦੀਆਂ ਮੋਟੀਆਂ ਅੱਖਾਂ ਛੋਟੀਆਂ ਹੋ ਗਈਆਂ।

"ਤੁਸੀਂ ਉਸ ਦੀ ਵਾਈਫ਼ ਨੂੰ ਜਾਣਦੇ ਹੋ ?" ਦਰਸ਼ਨ ਦੇ ਬੁੱਲਾਂ ਦੇ ਕੋਏ ਦਿਲ ਦੀ ਕਮਜ਼ੋਰੀ ਨੂੰ ਧੜਕਣ ਦਾ ਰੂਪ ਦੇਈ ਬੈਠੇ ਸਨ। ਪਰ ਫੇਰ ਵੀ ਉਹ ਇਸ ਬਾਰੇ ਹਰ ਸ਼ੱਕ ਨੂੰ ਮਿਟਾ ਲੈਣਾ ਚਾਹੁੰਦੀ ਸੀ।

"ਹਾਂ, ਮੈਂ ਪ੍ਰੀਤਮ ਕੌਰ ਨੂੰ ਦੇਖਿਆ ਹੈ। ਉਸ ਦੇ ਹੱਥਾਂ ਦੀਆਂ ਵੀਹ ਵਾਰੀ ਰੋਟੀਆਂ ਖਾਧੀਆਂ ਹਨ। ਉਹ ਵਾੜਿਆਂ ਦੇ ਜ਼ੈਲਦਾਰ ਇਕਬਾਲ ਸਿੰਘ ਦੀ ਧੀ ਹੈ। ਮੈਂ ਦੋਹਾਂ ਖ਼ਾਨਦਾਨਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ।" ਪਪੀਹਾ ਇਸ ਤਰ੍ਹਾਂ ਦਸ ਰਿਹਾ ਸੀ, ਜਿਵੇਂ ਉਨ੍ਹਾਂ ਦਾ ਮਰਾਸੀ ਵੀ ਰਿਹਾ ਹੁੰਦਾ ਹੈ।

ਦਰਸ਼ਨ ਕੁਰਸੀ ਵਿਚ ਹੀ ਕਤਲ ਹੋ ਗਈ, ਕਿਉਂਕਿ ਸਾਰੇ ਝੂਠ ਇਕ ਇਕ ਕਰ ਕੇ ਸੱਚ ਹੋ ਗਏ ਸਨ। ਉਸ ਨੂੰ ਦੇਖਣ ਦੇ ਬਾਵਜੂਦ ਸ਼ੱਕ ਦੀ ਨਜ਼ਰ ਨਾਲ ਕੋਈ ਨਹੀਂ ਸੀ ਦੇਖ ਰਿਹਾ, ਪਰ ਉਸ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਸਾਰੀਆਂ ਅੱਖਾਂ ਸੇਲੇ-ਖਿੱਚੀ ਉਸ ਵੱਲ ਵਧੀਆਂ ਆ ਰਹੀਆਂ ਹਨ। ਉਸ ਅੰਦਰਲੇ ਦਰਦ ਨੂੰ ਘੁਟ ਵੱਟ ਕੇ ਰੋਕਿਆ ਅਤੇ ਆਪਣੇ ਆਪ ਨੂੰ ਇਕ ਮਸ਼ੀਨ ਵਾਂਗ ਕੁਰਸੀ ਵਿਚੋਂ ਖਿੱਚ ਲਿਆ।

Sri Satguru Jagjit Singh Ji eLibrary NamdhariElibrary@gmail.com

ਉਹ ਪਪੀਹੇ ਦੇ ਅਨੁਮਾਨ ਤੋਂ ਵੀ ਪਹਿਲਾਂ ਉਠ ਕੇ ਕਮਰਿਉਂ ਬਾਹਰ ਚਲੀ ਗਈ ਤੇ ਜਾਂਦਿਆਂ ਉਸ ਆਪਣੀ ਨਜ਼ਰ ਧਰਤੀ ਵਿਚੋਂ ਨਹੀਂ ਕੱਢੀ ਸੀ, ਜਿਵੇਂ ਧਰਤੀ ਤੋਂ ਵਿਹਲ ਮੰਗਦੀ ਸੀ। ਪਪੀਹੇ ਨੇ ਤਾੜਿਆ, 'ਦਰਸ਼ਨ ਦਾ ਇਸ ਤਰ੍ਹਾਂ ਉਠ ਕੇ ਚਲੇ ਜਾਣਾ ਚਾਹ ਪੀਣ ਵਾਲੇ ਪ੍ਰਾਹੁਣਿਆਂ ਨੂੰ ਹੈਰਾਨ ਕਰ ਗਿਆ ਹੈ ਜਾਂ ਨਹੀਂ ?'

ਦਰਸ਼ਨ ਨੂੰ ਇਉਂ ਪਰਤੀਤ ਹੋਇਆ, ਜਿਵੇਂ ਕਾਲਜ ਦੀ ਬਿਲਡਿੰਗ ਇਸ ਪਾਸਿਉਂ ਉਸ ਉਤੇ ਆ ਪਵੇਗੀ, ਉਸ ਪਾਸਿਉਂ ਵੀ ਆ ਪਵੇਗੀ, ਉਸ ਦਾ ਕੁਚਲੇ ਜਾਣਾ ਜ਼ਰੂਰੀ ਹੈ। ਉਸ ਦਾ ਸਾਹ ਚੜ੍ਹਿਆ ਹੋਇਆ ਸੀ, ਝਟ ਵਿਚ ਹੀ ਆਪਣਾ ਅਟੈਚੀਕੇਸ ਚੁਕੀ ਉਹ ਕਾਲਜ ਦੇ ਗੇਟ ਅੱਗੇ ਸੀ।

"ਰਿਕਸ਼ਾ !" ਉਸ ਰਿਕਸ਼ੇ ਵਾਲੇ ਨੂੰ ਚੀਕਦਿਆਂ ਵਾਂਗ ਪੁਕਾਰਿਆ। ਉਸ ਨੂੰ ਅਨੁਭਵ ਹੋਇਆ ਮੈਂ ਪਾਗਲ ਹੋ ਗਈ ਹਾਂ।

ਸੜਕੇ ਸੜਕ ਆ ਰਹੇ ਦੁੱਖੀ ਤੇ ਕਟਾਰ ਨੇ ਉਸ ਨੂੰ ਰਿਕਸ਼ੇ ਵਿਚ ਬੈਠਦੀ ਨੂੰ ਦੇਖ ਲਿਆ। ਉਹ ਕਵੀ ਦਰਬਾਰ ਭੁਗਤਾਣ ਆ ਰਹੇ ਸਨ। ਕਟਾਰ ਨੇ ਦੁਖੀ ਦੇ ਬਰਾਬਰੋਂ ਚੂੰਢੀ ਭਰ ਲਈ। ਦੁੱਖੀ ਨੇ ਦਰਸ਼ਨ ਨੂੰ ਆਵਾਜ਼ ਦਿਤੀ :

"ਦਰਸ਼ਨ ਬੇਟੀ ! ਤੂੰ ?" ਉਸ ਦਾ ਮਤਲਬ ਸੀ, ਪ੍ਰੋਗਰਾਮ ਤਾਂ ਸ਼ੁਰੂ ਹੋਣ ਵਾਲਾ ਹੈ।

ਦਰਸ਼ਨ ਨੇ ਫੁੰਕਾਰਦੀ ਨਾਗਣ ਵਾਂਗ ਮੁੜ ਕੇ ਵੇਖਿਆ ਤੇ ਦੁੱਖੀ ਧੌਲੀ ਦਾੜ੍ਹੀ ਫੜੀ ਖਲੋਤਾ ਰਹਿ ਗਿਆ।

32

ਦਰਸ਼ਨ ਨੇ ਰੇਲਵੇ ਸਟੇਸ਼ਨ ਤੇ ਰਿਕਸ਼ੇ ਵਿਚੋਂ ਉਤਰਦਿਆਂ ਹੀ ਗੇਟ ਦੇ ਕੋਲ, ਬਿਜਲੀ ਦੇ ਚਾਨਣ ਵਿਚ ਪ੍ਰਕਾਸ਼ ਨੂੰ ਅਖ਼ਬਾਰ ਪੜ੍ਹਦਿਆਂ ਤੱਕਿਆ। 'ਇਸ ਜ਼ਾਲਮ ਨੇ ਵੀ ਸਾਹਮਣੇ ਈ ਮਰਨਾ ਸੀ।' ਉਸ ਨੂੰ ਇਉਂ ਜਾਪਿਆ, ਜਿਵੇਂ ਪ੍ਰਕਾਸ਼ ਦੋਨਾਲੀ ਬੰਦੂਕ ਭਰੀ ਜ਼ਿੰਦਗੀ ਦੇ ਗੇਟ ਅੱਗੇ ਖਲੋਤਾ ਹੈ। 'ਜੇ ਮੈਂ ਇਕ ਵੀ ਕਦਮ ਅਗਾਂਹ ਵਧਾਇਆ, ਉਹ ਗੋਲੀ ਦਾਗ਼ਣੋਂ ਕਦੇ ਨਹੀਂ ਝਿਜਕੇਗਾ। ਉਹ ਯਕੀਨਨ ਆਪਣਾ ਬਦਲਾ ਲਵੇਗਾ। ਮੈਨੂੰ ਸਾਰੀ ਦੁਨੀਆਂ ਮਾਫ਼ ਕਰ ਸਕਦੀ ਹੈ, ਪਰ ਮੇਰੀ ਬੇ ਜੀ ਤੇ ਪ੍ਰਕਾਸ਼ ਜਿਊਂਦੇ-ਜੀ ਪੱਥਰ ਦੇ ਹੋ ਜਾਣਗੇ।.....ਉਹ ਪੱਥਰ ਦੇ ਹੋਣ ਵੀ ਕਿਉਂ ਨਾ। ਉਨ੍ਹਾਂ ਨੂੰ ਮਨ-ਮਰਜ਼ੀ ਦੀ ਸਜ਼ਾ ਦੇਣੀ ਚਾਹੀਦੀ ਹੈ। ਮੈਂ ਉਨ੍ਹਾਂ ਦੇ ਲਾਡ ਪਿਆਰ ਨੂੰ ਕੁਚਲ ਕੇ ਇਕ ਧੋਖੇਬਾਜ਼, ਝੂਠੇ ਤੇ ਕਮੀਨੇ ਦੀ ਝੋਲੀ ਵਿਚ ਜਾ ਡਿੱਗੀ। ਉਨ੍ਹਾਂ ਨੂੰ ਮਾਰ ਹੀ ਦੇਣਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਮੂੰਹ ਦਿਖਾਉਣ ਜੋਗੀ ਵੀ ਨਹੀਂ ਰਹੀ।....ਮੈਨੂੰ ਆਪ ਮਰ ਜਾਣਾ ਚਾਹੀਦਾ ਹੈ, ਆਤਮਘਾਤ......।'

ਬੀਬੀ ਜੀ ! ਪੈਸੇ ?" ਹੈਰਾਨ ਰਿਕਸ਼ੇ ਵਾਲੇ ਨੇ ਝਿਜਕਦਿਆਂ ਪੁਛਿਆ।

"ਹੈਂ ?" ਉਸ ਨੂੰ ਖ਼ਿਆਲ ਆਇਆ, ਉਹ ਰਿਕਸ਼ੇ ਨਾਲ ਖਲੋਤੀ ਹੈ। ਉਸ ਪੈਸੇ ਦਿਤੇ ਤੇ ਗੇਟ ਵਲ ਜਾਣ ਦੀ ਥਾਂ ਸਟੇਸ਼ਨ ਦੇ ਪਿਛਵਾੜੇ ਤੁਰ ਪਈ। ਡੈੱਡ ਲਾਈਨ

Sri Satguru Jagjit Singh Ji eLibrary NamdhariElibrary@gmail.com

ਕਰਾਸ ਕਰਦਿਆਂ ਉਸ ਮਾਲ ਗੱਡੀ ਦਾ ਐਕਸੀਡੈਂਟ ਭੰਨਿਆ ਡੱਬਾ ਖਲੋਤਾ ਦੇਖਿਆ। ਲੋਹੇ ਦੇ ਜੰਗਲੇ ਦੀ ਵਾੜ ਨਾਲ ਉਹ ਪਲੈਟਫ਼ਾਰਮ 'ਤੇ ਆ ਗਈ। ਹੁਣ ਉਹ ਪ੍ਰਕਾਸ਼ ਤੋਂ ਕਾਫ਼ੀ ਦੂਰ ਸੀ ਤੇ ਉਸ ਦੀ ਸਹਾਇਤਾ ਲਈ ਅੰਨ੍ਹੇਰਾ ਹਰ ਪਲ ਵਧਦਾ ਜਾ ਰਿਹਾ ਸੀ। ਉਸ ਇਕ ਟਾਹਲੀ ਹੇਠ ਬੈਂਚ ਦੇਖੀ ਤੇ ਆਸਰੇ ਵਜੋਂ ਝਟ ਹੀ ਉਸ ਤੇ ਢੇਰੀ ਹੋ ਗਈ।

ਉਸ ਸੋਚਿਆ, 'ਮੈਂ ਚੰਗੀ ਥਾਂ ਚੁਣੀ ਹੈ, ਮੈਨੂੰ ਏਥੇ ਕੋਈ ਵੀ ਨਹੀਂ ਦੇਖੇਗਾ।' ਉਹ ਚਾਹੁੰਦੀ ਸੀ, ਹੁਣ ਉਸ ਨੂੰ ਕੋਈ ਨਾ ਦੇਖੇ, ਉਹ ਕਿਸੇ ਦੇ ਵੀ ਦੇਖਣ ਯੋਗ ਨਹੀਂ ਰਹੀ। ਉਹ ਆਪਣੇ ਪਛਤਾਵੇ ਵਿਚ ਆਏ ਜਜ਼ਬਾਤ ਨੂੰ ਨਾ ਸਾਂਭ ਸਕੀ। ਉਸ ਇਕ ਵਾਰ ਹੀ ਮਨ ਭਰ ਕੇ ਭੁੱਬ ਮਾਰੀ ਅਤੇ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਨੋਚਦੀ ਸੂਟਕੇਸ ਤੇ ਢਹਿ ਪਈ। ਹਉਕੇ ਉਸ ਲਈ ਕਬਰ ਪੁਟ ਰਹੇ ਸਨ ਤੇ ਅਨ੍ਹੇਰਾ ਉਸ ਲਈ ਖ਼ੱਫ਼ਣ ਬਣ ਕੇ ਫੈਲਿਆ ਹੋਇਆ ਸੀ।

ਦਰਸ਼ਨ ਆਪਣੀ ਬਰਬਾਦੀ ਦੀ ਤਸਵੀਰ ਦੇਖਦੀ, ਯਾਦ ਦੀ ਰੱਸੀ ਫੜੀ ਪੁਰਸਲਾਤ ਦੀ ਧਾਰ ਤੋਂ ਦੀ ਤੁਰਦੀ, ਆਪਣੇ ਬਚਪਨ ਵਿਚ ਆ ਗਈ। ਉਹ ਕਦੇ ਆਪਣੇ ਤੋਂ ਚਾਰ ਸਾਲ ਵਡੇ ਪ੍ਰਕਾਸ਼ ਨਾਲ ਹਾਣੀ ਬਣ ਕੇ ਖੇਡੀ ਸੀ। ਉਹ ਪਿਆਰਾ ਹਾਣੀ ਵਿਛੜ ਗਿਆ। ਦਰਸ਼ਨ ਸਕੂਲ ਜਾਣ ਲਗੀ। ਡਰਿੱਲ ਕਰਦਿਆਂ ਉਹ ਨੱਚਣ ਲੱਗ ਪੈਂਦੀ। ਫਿਰ ਕੁੜੀਆਂ ਦੀ ਆਗੂ ਹੋ ਕੇ ਗੀਤ ਗਾਉਂਦੀ ਤੇ ਨਾਟਕ ਵਿਚ ਹੀਰੋਇਨ ਬਣਦੀ। ਉਸ ਦੇ ਗੀਤਾਂ ਵਿਚ ਕਿੰਨੀ ਮਿਠਾਸ ਤੇ ਮਧੁਰਤਾ ਸੀ। ਪਾਕਿਸਤਾਨ ਬਣਨ ਵੇਲੇ ਉਸ ਦਾ ਹਾਣੀ ਪ੍ਰਕਾਸ਼ ਉਸ ਨੂੰ ਫਿਰ ਮਿਲ ਪਿਆ। ਉਹ ਉਸ ਨੂੰ ਘਰ ਰਹਿ ਕੇ ਪੜ੍ਹਾਉਣ ਲੱਗਾ। ਘਰ ਦਿਆਂ ਉਨ੍ਹਾਂ ਨੂੰ ਇਕ ਕਰ ਦੇਣ ਦੀਆਂ ਗੱਲਾਂ ਕੀਤੀਆਂ ਉਨ੍ਹਾਂ ਵਿਚ ਪਿਆਰ-ਖ਼ੁਸ਼ੀ ਵਧਣ ਲੱਗੀ। ਲੋਕੀਂ ਦਰਸ਼ਨ ਦੇ ਗੀਤਾਂ ਦੀ ਤਾਰੀਫ਼ ਕਰਦੇ, ਪਰ ਪ੍ਰਕਾਸ਼ ਦਿਲੋਂ ਖ਼ੁਸ਼ ਹੋਣ ਤੇ ਵੀ ਉਸ ਨੂੰ ਚਿੜਾਉਣ ਲਈ ਪ੍ਰਸੰਸਾ ਨਾ ਕਰਦਾ। ਉਹ ਉਸ ਨਾਲ ਗ਼ੁੱਸੇ ਹੋ ਜਾਂਦੀ। ਪ੍ਰਕਾਸ਼ ਉਸ ਨੂੰ ਮਨਾਂਦਾ ਤੇ ਆਖਦਾ, 'ਤੇਰਾ ਰਾਹ ਗ਼ਲਤ ਹੈ, ਇਸ ਤਰ੍ਹਾਂ ਬਦਨਾਮੀ ਹੋ ਸਕਦੀ ਹੈ।'

ਦਰਸ਼ਨ ਇਕ ਵਾਰ ਹੀ ਭਰ ਆਈ। 'ਪ੍ਰਕਾਸ਼ ! ਤੂੰ ਠੀਕ ਆਖਦਾ ਸੀ।
ਰੱਬਾ ! ਮੈਂ ਲੁੱਟੀ ਗਈ। ਕਿਧਰ ਨੂੰ ਜਾਵਾਂ।' ਉਹ ਉਠ ਕੇ ਖਲੋ ਗਈ। 'ਪ੍ਰਕਾਸ਼
ਦੇ ਪੈਰੀਂ ਜਾ ਡਿੱਗਾਂ ?.......ਮੈਂ ਪ੍ਰਕਾਸ਼ ਨੂੰ ਨਫ਼ਰਤ ਕੀਤੀ ਹੈ। ਉਹ ਮੈਨੂੰ ਕਿਸ
ਤਰ੍ਹਾਂ ਮਾਫ਼ ਕਰ ਸਕਦਾ ਹੈ ! ਨਹੀਂ, ਮੈਨੂੰ ਨਹੀਂ ਜਾਣਾ ਚਾਹੀਦਾ। ਪਰ......ਨਹੀਂ,
ਆਪਣੇ ਪਾਪਾਂ ਦਾ ਫਲ ਦਰਸ਼ਨ ਹੁਣ ਆਪ ਹੀ ਭੁਗਤ।' ਫਿਰ ਉਸ ਬਹਾਲ ਨੂੰ
ਮੁਸਕਾਂਦਿਆਂ ਤੱਕਿਆ। ਹਾਲੇ ਕੋਈ ਹੋਰ ਜ਼ਖ਼ਮ ਲਾਉਣਾ ਰਹਿੰਦਾ ਹੈ।
'ਕਮੀਨੇ ! ਜ਼ਮਾਨੇ ਦੀ ਜੂਠ !! ਉਹ ਰੁਕ ਕੇ ਉਸ ਦੀਆਂ ਹਰਕਤਾਂ ਤੱਕਣ ਲਗ
ਮੇਰੀ ਬਰਬਾਦੀ ਦੇਖਣ ਆਇਆ ਏਂ,
ਪਈ। ਕਿਸ ਤਰ੍ਹਾਂ ਉਸ
ਕਿਵੇਂ ਉਸ ਨੂੰ ਰੇਡੀਓ ਵਾਲਿਆਂ ਬੁਲਾਵੇ ਦੇਣੇ ਸ਼ੁਰੂ ਕਰ ਦਿਤੇ। ਕਿਸ ਤਰ੍ਹਾਂ ਉਸ
ਬਹਾਲ ਨੂੰ ਪਹਿਲੀ ਵਾਰ ਵੇਖਿਆ, ਦੋਹਾਂ ਨੇ ਇਕ ਦੂਜੇ ਨੂੰ ਬੁੱਲ੍ਹ ਕਢੇ, ਪਰ ਬਹਾਰ-
ਕਨਸਰਟ ਤੇ ਅੰਦਰੇ ਅੰਦਰ ਜ਼ਰਬਾਂ ਖਾ ਗਏ। ਕਿਸੇ ਦੇ ਅਨੰਦ, ਮੁਸਕਾਣਾ, ਸੰਗਾਣਾਂ
ਤੇ ਪਿਆਰ ਦਾ ਕੰਵਲ ਖਿੜਨਾ। ਬਹਾਲ ਦਾ ਕੁਮਾਰੀ ਨੂੰ ਗੀਤ ਦੇਣਾ, ਦਰਸ਼ਨ ਦਾ

Sri Satguru Jagjit Singh Ji eLibrary NamdhariElibrary@gmail.com

ਗਿਲਾ ਤੇ ਬਹਾਲ ਦਾ ਬਹਾਨਾ। ਮੁਕਾਬਲੇ ਵਿਚ ਦਿੱਲੀ ਰੀਕਾਰਡਿੰਗ ਵਾਲਿਆਂ ਕੋਲ ਜਾਣਾ। ਬਹਾਲ ਦੀ ਵਾਈਫ਼ ਦਾ ਖ਼ਤ, ਫਿਰ ਬਹਾਨੇ, ਲਾਰੇ। ਸਿਨਮੇ ਵਿਚ ਆਤਮਜੀਤ ਨਾਲ ਹੱਸ ਹੱਸ ਗੱਲਾਂ ਕਰਨਾ, ਪੁੱਛਣ ਤੇ ਮਸੇਰ ਭੈਣ ਕਹਿਣਾ। ਸ਼ਾਦੀ ਤੇ ਮੰਗਣੀ ਬਾਰੇ ਕੰਨੀ ਕਤਰਾਉਣਾ। ਕੁਮਾਰੀ ਨਾਲ ਮੋਗੇ ਮਿਲਣ ਦਾ ਇਕਰਾਰ। ਉਸ ਨੂੰ ਗੀਤਾਂ ਵਾਲੀ ਕਾਪੀ ਦੇਣੀ। ਫ਼ੀਰੋਜ਼ਪੁਰ ਇਕ ਧਰਮਸਾਲਾ ਵਿਚ ਉਸ ਨੂੰ ਪੂਰੀ ਵਫ਼ਾ ਦੇਣ ਦਾ ਭਰੋਸਾ ਦੇਣਾ। ਘਰ ਆ ਕੇ ਪਿਤਾ ਜੀ ਦੇ ਪੁੱਛਣ ਤੇ ਸਾਫ਼ ਮੁੱਕਰ ਜਾਣਾ ਤੇ ਵਿਆਹ ਲਈ ਫਿਰ ਕੋਈ ਪੱਜ ਮਾਰਨਾ। ਦਰਸ਼ਨ ਦੇ ਪਾਪ ਦਾ ਜਾਗਣਾ, ਬਹਾਲ ਦਾ ਆਤਮਜੀਤ ਨੂੰ ਮਿਲਣ ਬਾਰੇ ਕਹਿਣਾ। ਦਰਸ਼ਨ ਦਾ ਮਰਨ ਲਈ ਉਸ ਦੇ ਗਲ ਪੈਣਾ ਤੇ ਬਹਾਲ ਦਾ ਨਾਲ ਮਰਨ ਦਾ ਬਹਾਨਾ। ਤੇ ਅੱਜ ਸਾਰੇ ਬਹਾਨੇ ਜਿਹੜੇ ਦਰਸ਼ਨ ਤੇ ਉਸ ਦੇ ਪਿਤਾ ਜੀ ਨੂੰ ਹੁਣ ਤਕ ਧੋਖਾ ਦੇਂਦੇ ਰਹੇ ਸਨ, ਬੁਰੀ ਤਰ੍ਹਾਂ ਨਿਰਲੱਜ ਹੋ ਕੇ ਰਹਿ ਗਏ ਸਨ। ਬਹਾਲ ਇਕ ਬ੍ਰਿੱਛ ਸੀ, ਜਿਸ ਦੀ ਜੜ੍ਹ ਕਿਤੇ ਨਹੀਂ ਸੀ; ਇਕ ਸੱਚ ਸੀ, ਜਿਹੜਾ ਕਦੇ ਹੋਇਆ ਈ ਨਹੀਂ ਸੀ।

ਸਟੇਸ਼ਨ ਦੀ ਪਹਿਲੀ ਘੰਟੀ ਨੇ ਉਸ ਨੂੰ ਚੌਕੰਨੀ ਕਰ ਦਿਤਾ। ਉਸ ਹੰਝੂਆਂ ਭਰਿਆ ਮੂੰਹ ਉਤਾਂਹ ਚੁਕਿਆ, ਤਾਰੇ ਉਸ ਵਲ ਤੱਕਣੋਂ ਸ਼ਰਮਿੰਦਾ ਸਨ। ਪੂਰਬ ਦੇ ਡੂੰਘੇ ਕਾਲੇ ਅੰਨ੍ਹੇਰੇ ਵਿਚ ਕਦੇ ਕਦੇ ਬਿਜਲੀ ਚਮਕਦੀ ਸੀ। ਇਉਂ ਜਾਪਦਾ ਸੀ, ਜਿਵੇਂ ਰੋਗੀ ਕੋਈ ਕੋਈ ਸਾਹ ਲੈ ਰਿਹਾ ਹੈ, ਪਰ ਘਟਾਟੋਪ ਅੰਨ੍ਹੇਰੇ ਨੇ ਚੌਫੇਰਿਉਂ ਵਹੀਰਾਂ ਘੱਤ ਲਈਆਂ ਸਨ। ਬਿਜਲੀ ਦਾ ਮਿੰਨ੍ਹਾ ਜਿਹਾ ਚਾਨਣ ਖ਼ਤਮ ਹੋਣ ਤੋਂ ਪਹਿਲਾਂ ਕੰਬਦਾ ਤੇ ਤੜਪਦਾ ਪਰਤੀਤ ਹੁੰਦਾ।

ਦਰਸ਼ਨ ਨੇ ਇਕ ਟਾਰਚ ਦੇ ਚਾਨਣ ਨੂੰ ਪਲੈਟਫ਼ਾਰਮ ਦੀ ਤਲਾਸ਼ੀ ਲੈਂਦਿਆਂ ਤੱਕਿਆ। ਉਹ ਸੁੰਗੜੀ ਤੇ ਬੇਬਸੀ ਵਿਚ ਸਹਿਮੀ ਬੈਠੀ ਸੀ। ਉਸ ਨੇ ਚਾਨਣ ਆਪਣੀ ਵਲ ਫਿਰਨ ਤੋਂ ਪਹਿਲਾਂ ਪਿੱਠ ਕਰ ਲਈ। ਜਿਵੇਂ ਉਸ ਹਰ ਤਰ੍ਹਾਂ ਦੇ ਜਿਊਣ-ਯਤਨਾਂ ਤੋਂ ਇਨਕਾਰ ਕਰ ਦਿਤਾ ਹੋਵੇ। ਇਕ ਮਿੰਟ ਬਾਅਦ ਚਾਨਣ ਉਸ ਸੀਖਾਂ ਵਿਚੋਂ ਲੰਘਦਾ ਡੈੱਡ ਲਾਈਨ ਦੇ ਟੁੱਟੇ ਡੱਬੇ 'ਤੇ ਪੈ ਰਿਹਾ ਸੀ। ਚਾਨਣ ਬੁਝ ਗਿਆ, ਪਰ ਬੂਟਾਂ ਦੀ ਆਵਾਜ਼ ਪੈਰੋ ਪੈਰ ਨੇੜੇ ਹੁੰਦੀ ਗਈ। ਦਰਸ਼ਨ ਦਾ ਦਿਲ ਧੜਕਨ ਲਗ ਪਿਆ। ਲਾਈਟ ਫਿਰ ਖੁਲ੍ਹ ਗਈ।

"ਦਰਸ਼ਨ !"

ਉਸ ਆਪਣਾ ਨਾਂ ਸੁਣਿਆ ਤੇ ਆਵਾਜ਼ ਬਹਾਲ ਦੀ ਸੀ। ਉਹ ਉਸ ਨੂੰ ਲਭਦਾ ਲੱਭਦਾ ਏਥੋਂ ਤਕ ਪੁੱਜ ਗਿਆ ਸੀ। ਦਰਸ਼ਨ ਨੇ ਆਪਣਾ ਮੂੰਹ ਦੋਹਾਂ ਹੱਥਾਂ ਨਾਲ ਲੁਕਾ ਲਿਆ। ਬਹਾਲ ਨੇ ਦੂਜੇ ਪਾਸੇ ਹੋ ਕੇ ਲਾਈਟ ਮੂੰਹ ਤੇ ਮਾਰੀ ਤੇ ਉਸ ਦਰਸ਼ਨ ਦਾ ਇਕ ਹੱਥ ਮੂੰਹ ਤੋਂ ਲਾਹ ਦਿਤਾ। ਦਰਸ਼ਨ ਮੁਸਕਾਉਂਦੀ ਖਿੜ ਪਈ। ਲਾਈਟ ਫਿਰ ਬੁਝ ਗਈ। ਪਲੈਟਫ਼ਾਰਮ ਅਸਲੋਂ ਸਖਣਾ ਸੀ। ਅੰਨ੍ਹੇਰੇ ਤੇ ਠੰਢ ਦੇ ਕਾਰਨ ਲੋਕ ਮੁਸਾਫ਼ਰਖ਼ਾਨੇ ਵਿਚ ਹੀ ਬੈਠੇ ਸਨ।

"ਤੂੰ ਉਥੋਂ ਕਿਉਂ ਨੱਠ ਆਈ ?" ਪ੍ਰਸੰਨ ਬਹਾਲ ਨੇ ਉਸ ਨੂੰ ਪੁੱਛਿਆ।

"ਇਸ ਲਈ ਕਿ ਤੁਸੀਂ ਮੈਨੂੰ ਲੱਭਣ ਆਵੋਗੇ।" ਦਰਸ਼ਨ ਨੇ ਦੋਹਾਂ ਗੋਡਿਆਂ ਦੀ ਕੰਘੀ ਪਾ ਕੇ ਆਪਣੇ ਆਪ ਨੂੰ ਹਿਲਾਇਆ।

"ਮੈਂ ਹਾਲੇ ਆਇਆ ਹੀ ਸੀ ਕਿ ਦੁੱਖੀ ਨੇ ਦਸਿਆ, ਤੂੰ ਰਿਕਸ਼ੇ ਵਿਚ ਨਠੀ ਜਾ

Sri Satguru Jagjit Singh Ji eLibrary NamdhariElibrary@gmail.com

ਰਹੀ ਸੀ। ਮੈਂ ਬੜਾ ਹੈਰਾਨ ਹੋਇਆ।" ਉਹ ਇਕ ਪੈਰ ਬੈਂਚ ਤੇ ਰਖ ਕੇ ਖਲੋ ਗਿਆ।

"ਜਿਹੜਾ ਸੁਆਦ ਰੁੱਸਣ ਤੇ ਮੰਨਣ ਤੇ ਭੁਲੇਖੇ ਦੀ ਹੈਰਾਨੀ ਪਿਛੋਂ ਸੱਚ ਲੱਭਣ ਵਿਚ ਆਉਂਦਾ ਹੈ, ਉਹੋ ਜਿਹਾ ਸੁਆਦ ਜ਼ਿੰਦਗੀ ਵਿਚ ਬਹੁਤ ਵਾਰ ਨਹੀਂ ਮਿਲਦਾ।" ਦਰਸ਼ਨ ਨੇ ਇਸ ਤਰ੍ਹਾਂ ਸਿਰ ਮਾਰਿਆ, ਜਿਵੇਂ ਉਸ ਨੂੰ ਸੁਆਦ ਨਾਲ ਨਸ਼ਾ ਵੀ ਆ ਗਿਆ ਸੀ।

"ਸੱਚ ?"

"ਮਿੱਠਾ ਤੇ ਪਿਆਰਾ ਵੀ।"

"ਚੰਗਾ ਚਲ ਉਠ ਚਲੀਏ।"

"ਕਿਥੇ ?"

"ਕਾਲਜ, ਤੈਨੂੰ ਸਟੇਜ 'ਤੇ ਆਵਾਜ਼ਾਂ ਪੈ ਰਹੀਆਂ ਹੋਣਗੀਆਂ।" ਬਹਾਲ ਨੇ ਮਾਮੂਲੀ ਫ਼ਿਕਰ ਅਨੁਭਵ ਕੀਤਾ।

"ਮੈਂ ਸਿਰਫ਼ ਤੁਹਾਡੇ ਸੱਦੇ ਤੇ ਆਈ ਆਂ।" ਦਰਸ਼ਨ ਜਾਣਾ ਨਹੀਂ ਚਾਹੁੰਦੀ ਸੀ।

"ਤੇ ਮੈਂ ਤੈਨੂੰ ਲੈਣ ਆਇਆ ਹਾਂ।"

"ਨਹੀਂ, ਮੈਂ ਤੁਹਾਨੂੰ ਲੈਣ ਆਈ ਆਂ, ਤੇ ਚਲਣਾ ਵੀ ਰਾਤ ਦੀ ਏਸੇ ਗੱਡੀ ਏ।" ਦਰਸ਼ਨ ਨੇ ਇਕ ਅੰਗੜਾਈ ਭਰੀ।

"ਸੱਚੀਂ ?" ਬਹਾਲ ਵੀ ਮੱਚਲ ਗਿਆ।

"ਬਹੁਤ ਹੀ ਪਿਆਰ ਨਾਲ।"

"ਨਹੀਂ ਮੈਂ ਆਪਣੀ ਕਮਲੀ ਨੂੰ ਧਰਮਕੋਟ ਲੈ ਕੇ ਜਾਵਾਂਗਾ।" ਬਹਾਲ ਨੇ ਪਿਆਰ ਨਾਲ ਉਸ ਦੇ ਚੱਪਤ ਮਾਰ ਦਿਤੀ।

"ਧਰਮਕੋਟ ਕਿ ਧਰਮਰਾਜ ਕੋਲ ?" ਦਰਸ਼ਨ ਨੇ ਉਠਦਿਆਂ ਆਖਿਆ। ਉਸ ਨਾਲ ਬਹਾਲ ਵੀ ਹੱਸ ਪਿਆ।

"ਹੱਛਾ, ਫਿਰ ਸੱਚੀ ਨਹੀਂ ਜਾਣਾ।" ਬਹਾਲ ਨੇ ਚੱਲਣ ਲਈ ਇਕ ਵਾਰ ਫਿਰ ਪੁੱਛਿਆ।

"ਜੀ ਗੋਲੀ ਮਾਰੋ ਪ੍ਰੋਗਰਾਮ ਨੂੰ। ਅਜਿਹੀ ਕਾਲੀ ਠੰਢੀ ਰਾਤ, ਮਿੰਨ੍ਹੀ ਮਿੰਨ੍ਹੀ ਬਿਜਲੀ, ਤੁਹਾਡਾ ਸਾਥ ਛੱਡ ਕੇ ਕੌਣ ਜਾਵੇ।" ਦਰਸ਼ਨ ਨੇ ਬਹਾਲ ਦੇ ਲੱਕ ਦੁਆਲੇ ਬਾਹਾਂ ਪਾਂਦਿਆਂ ਪਸਤੌਲ ਦੇ ਕੇਸ ਦਾ ਬਟਨ ਖੋਲ੍ਹ ਦਿਤਾ।

ਬਹਾਲ ਨੇ ਮੁਸਕਾਂਦਿਆਂ ਆਖਿਆ : "ਸੁਖ ਹੋਵੇ !"

"ਦਿਲ-ਲਗੀ ਕਰਨ ਨੂੰ ਜੀਅ ਕਰਦਾ ਹੈ।" ਫਿਰ ਉਹ ਹੋਰ ਵੀ ਮਚਲ ਕੇ ਹੱਸ ਪਈ। "ਬੜਾ ਸੁਆਦ ਆਵੇਗਾ, ਅੰਨ੍ਹੇਰੇ ਨੂੰ ਗੋਲੀ ਮਾਰ ਕੇ।"

"ਏਥੇ ਪਲੇਟਫ਼ਾਰਮ ਤੇ ਗੋਲੀ ਚਲਾਉਣਾ ਖ਼ਤਰਨਾਕ ਹੀ ਨਹੀਂ, ਜੁਰਮ ਵੀ ਹੈ।"

"ਪਰ ਇਹ ਤਾਂ ਹੁਣ ਹੋ ਕੇ ਰਹੇਗਾ।" ਦਰਸ਼ਨ ਦੇ ਪਸਤੌਲ ਬਹਾਲ ਦੀ ਹਿੱਕ ਤੇ ਰੱਖਣ ਨਾਲ, ਉਸ ਦੇ ਗਲ ਦੀ ਰੱਸੀ ਵੀ ਖਿੱਚੀ ਗਈ।

ਬਹਾਲ ਨੇ ਪਸਤੌਲ ਹਿੱਕ ਤੇ ਟਿਕਿਆ ਵੇਖ ਕੇ ਫ਼ਿਲਮੀ ਐਕਟਰਾਂ ਵਾਂਗ ਬਹਾਦਰ ਹੀਰੋ ਬਣਦਿਆਂ ਬਾਹਾਂ ਖੋਲ੍ਹ ਦਿਤੀਆਂ।

"ਦਿਲ ਦਾ ਖਿਆਲ ਰਖਣਾ, ਨਿਸ਼ਾਨਾ ਉੱਕ ਨਾ ਜਾਵੇ।"

Sri Satguru Jagjit Singh Ji eLibrary NamdhariElibrary@gmail.com

"ਮਰਨ ਤੋਂ ਪਹਿਲਾਂ ਪ੍ਰੀਤਮ ਕੌਰ, ਕੁਮਾਰੀ, ਆਤਮਜੀਤ ਤੇ ਹੋਰ ਵੀ ਕਿਸੇ ਨੂੰ ਆਖ਼ਰੀ ਸੁਨੇਹਾ ਪੁਚਾ ਦਿਤਾ ਜਾਵੇਗਾ।" ਦਰਸ਼ਨ ਦੇ ਇੰਤਹਾਈ ਨਫ਼ਰਤ ਦੇ ਜਜ਼ਬੇ ਨਾਲ ਆਖਿਆ।

ਬਹਾਲ ਦੀ ਜੁਰਅੱਤ ਦਰਸ਼ਨ ਦੇ ਜੋਸ਼-ਹੜ੍ਹ ਅਗੇ ਸਿਉਂਕ ਦੀ ਢੇਰੀ ਵਾਂਗ ਬਹਿ ਗਈ। ਦਰਸ਼ਨ ਬੁੱਤ ਬਣੇ ਬਹਾਲ ਨੂੰ ਪਿਸਤੌਲ ਦੀ ਨਾਲੀ ਨਾਲ ਪਿਛਾਂਹ ਧੱਕਦਿਆਂ ਮੁੜ ਹੁੰਗਾਰੀ :

"ਵਾੜੀਆਂ ਵਾਲੇ ਜ਼ੈਲਦਾਰ ਨੂੰ ਕੁਝ ਕਹਿਣਾ ਹੋਵੇ।" ਉਸ ਦਾ ਲਹੂ ਬਦਲਾ ਲੈਣ ਲਈ ਹਰ ਤਰ੍ਹਾਂ ਦੇ ਖ਼ਤਰਿਆਂ ਤੋਂ ਬੇਪਰਵਾਹ ਰੋਹ ਖਾਧੀ ਖਲੋਤਾ ਸੀ।

"ਕੀ ਬਕਵਾਸ ਕਰਨ ਲਗੀ ਏਂ। ਬਹਾਲ ਨੇ ਸਹਿਜ ਨਾਲ ਆਖਿਆ, "ਕੋਈ ਸੁਣੇਗਾ ਤਾਂ ਕੀ ਆਖੇਗਾ।"

"ਕਮੀਨੇ ! ਕੁੱਤੇ !! ਮੈਂ ਬਕਵਾਸ ਕਰਦੀ ਆਂ। ਮੈਨੂੰ ਤਬਾਹ ਕਰ ਕੇ ਤੂੰ ਜਿਊਂਦਾ ਰਹਿਣਾ ਚਾਹੁੰਦਾ ਏਂ, ਬੇਈਮਾਨ! ਤੂੰ ਮੇਰੇ ਨਾਲੋਂ ਪਹਿਲਾਂ ਚਲ।" ਦਰਸ਼ਨ ਨੇ ਘੁਟ ਕੇ ਫੜੇ ਪਸਤੌਲ ਦਾ ਮਜ਼ਬੂਤ ਇਰਾਦੇ ਨਾਲ ਘੋੜਾ ਨੱਪ ਦਿਤਾ। ਫ਼ਾਇਰ ਮਿਸ ਹੋ ਗਿਆ। ਉਸ ਦੀ ਆਸ ਮੁਤਾਬਕ 'ਧੜਕਾ' ਨਾ ਪਿਆ। ਉਸ ਘੋੜਾ ਦੋਬਾਰਾ ਨਪਿਆ। ਫਿਰ ਨਪਿਆ, ਪਰ ਗੋਲੀ ਨਾ ਚੱਲੀ, ਪਸਤੌਲ ਖ਼ਾਲੀ ਸੀ।

"ਹਾਅ ਹਾਅ !" ਬਹਾਲ ਦਾ ਹਾਸਾ ਪਾਟ ਗਿਆ। "ਚਲਿਆ ਨਹੀਂ, ਸ਼ਾਇਦ ਨਰਾਜ਼ ਹੋ ਗਿਆ ਏ।"

"ਦਿਲ-ਲਗੀ ਤਾਂ ਬਹੁਤ ਅੱਛੀ ਸੀ।" ਉਸ ਝਟਕਾ ਮਾਰ ਕੇ ਪਸਤੌਲ ਖੋਹ ਲਿਆ। "ਹਰਾਮਜ਼ਾਦੀ !" ਉਸ ਪੂਰੇ ਜ਼ੋਰ ਨਾਲ ਥੱਪੜ ਮਾਰਿਆ। ਦਰਸ਼ਨ ਦੇ ਹਵਾਸ ਅਤੇ ਉਸ ਦੀ ਦੁਨੀਆ ਭੰਵਰ ਵਿਚ ਆਈ ਬੇੜੀ ਵਾਂਗ ਘੁਮੇਰਾਂ ਖਾਣ ਲਗੇ।

"ਖ਼ੂਬਸੂਰਤ ਨਾਗਣ !" ਬਹਾਲ ਨੇ ਪਸਤੌਲ ਮੁੜ ਕੇਸ ਵਿਚ ਪਾ ਲਿਆ। ਟਾਰਚ ਦੀ ਲਾਈਟ ਉਲਟੀ ਸੰਮਤ ਭੌਂ ਗਈ। ਉਹ ਇਕ ਮਜ਼ਲੂਮ ਕੁੜੀ ਨੂੰ ਬੇਰਹਿਮ ਸਮਾਜ ਦੇ ਜਬਾੜ੍ਹਿਆਂ ਵਿਚ ਸੰਨ੍ਹ ਦੇ ਕੇ ਆਪਣੀ ਰੰਗੀਨ ਦੁਨੀਆਂ ਨੂੰ ਤੁਰ ਪਿਆ।

ਦਰਸ਼ਨ ਨੂੰ ਮੁਕਾਬਲੇ ਵਿਚ ਬੁਰੀ ਤਰ੍ਹਾਂ ਹਾਰ ਹੋਈ, ਜਿਵੇਂ ਸਦੀਆਂ ਤੋਂ ਔਰਤ ਨਾਲ ਹੁੰਦੀ ਆਈ ਹੈ, ਪਰ ਐਤਕੀਂ ਦਰਸ਼ਨ ਨੂੰ ਜਿੱਤ ਜਾਣ ਦੀ ਪੂਰੀ ਆਸ ਸੀ। ਹੁਣ ਉਸ ਵਿਚੋਂ ਮੁਕਾਬਲੇ ਦੀ ਸ਼ਕਤੀ ਨਿੱਸਲ ਤੇ ਅਸਲੋਂ ਨਸ਼ਟ ਹੋ ਗਈ। ਉਸ ਨੂੰ ਇਉਂ ਪਰਤੀਤ ਹੋਇਆ ਜਿਵੇਂ ਉਹ ਅੰਨ੍ਹੇਰੇ ਵਿਚ ਗ਼ੋਤਾ ਖਾ ਰਹੀ ਹੈ। ਉਹ ਉਸੇ ਬੈਂਚ ਉਤੇ ਫਿਰ ਡਿਗ ਪਈ।

33

'ਹੁਣ ਕੀ ਹੋ ਸਕਦਾ ਹੈ ? ਕੁਝ ਵੀ ਨਹੀਂ। ਇਸ ਤੋਂ ਪਹਿਲਾਂ ਕਿ ਦੀਵਾ ਬੁੱਝਣ ਦੀ ਇੰਤਜ਼ਾਰ ਕਰੇ, ਮੈਨੂੰ ਆਪ ਬਹਾਦਰੀ ਨਾਲ ਫੂਕ ਮਾਰ ਦੇਣੀ ਚਾਹੀਦੀ ਹੈ,' ਦਰਸ਼ਨ ਨੇ ਆਪਣੀ ਕੋਠੀ ਅਗੇ ਖਲੋਤੇ ਬਿੰਬੜ ਹੇਠ ਅੰਨ੍ਹੇਰੇ ਦੀ ਠੋਸ ਤਹਿ ਅਨੁਭਵ ਕੀਤੀ।

Sri Satguru Jagjit Singh Ji eLibrary NamdhariElibrary@gmail.com

ਬੱਦਲਾਂ ਸਾਰੇ ਅਸਮਾਨ ਨੂੰ ਢੱਕ ਲਿਆ। ਦਰਸ਼ਨ ਦੀ ਹਾਲਤ ਤੇ ਰੋਣ ਲਈ ਇਕ ਤਾਰਾ ਨਹੀਂ ਚਮਕ ਰਿਹਾ ਸੀ। ਅੱਜ ਉਸ ਨੂੰ ਰਾਹਨੁਮਾਈ ਲਈ ਹੱਥ ਤਾਂ ਕੀ, ਇਕ ਇਸ਼ਾਰਾ ਵੀ ਕਿਧਰੋਂ ਨਹੀਂ ਮਿਲ ਰਿਹਾ ਸੀ। ਸਿਵਲ ਲਾਈਨਜ਼ ਦੀਆਂ ਬਹੁਤ ਘਟ ਕੋਠੀਆਂ ਰੌਸ਼ਨ ਸਨ। ਕਿਸੇ ਵਿਚੋਂ ਚਾਨਣ ਲਹੂ ਵਗਦੇ ਸੱਜਰੇ ਜ਼ਖ਼ਮ ਵਾਂਗ ਨੰਗਾ ਸੀ ਤੇ ਕਿਸੇ ਵਿਚੋਂ ਤਪਦਿਕ ਮਾਰਿਆ ਪੀਲਾ ਚਿਹਰਾ। ਪਰ ਬਹੁਤੀਆਂ ਕੋਠੀਆਂ ਨੂੰ ਅੰਨ੍ਹੇਰਾ ਸੁਪਨਿਆ ਦੇ ਝੂਟੇ ਦੇ ਰਿਹਾ ਸੀ। ਹਵਾ ਰੁਕੀ ਹੋਈ ਸੀ। ਬੱਦਲਵਾਈ ਹੋਣ ਕਾਰਨ ਪਾਲਾ ਘਟ ਪਰਤੀਤ ਹੋ ਰਿਹਾ ਸੀ।

'ਇਹ ਸਾਡੀ ਗਰੇਵਾਲ ਕਾਟੇਜ ਹੈ। ਇਸ ਵਿਚ ਮੇਰਾ ਡਰਾਇੰਗ-ਰੂਮ ਸੁੱਤਾ ਪਿਆ ਹੈ, ਰੂਹ ਬਿਨਾਂ ਸਰੀਰ। ਅੱਜ ਉਸ ਵਿਚ ਮੇਰੇ ਸਾਜ਼ ਖ਼ਾਮੋਸ਼ ਹਨ। ਹੁਣ ਉਹ ਹਮੇਸ਼ਾ ਖ਼ਾਮੋਸ਼ ਰਹਿਣਗੇ, ਉਨ੍ਹਾਂ ਵਿਚੋਂ ਲਰਜ਼ਦੀ ਆਵਾਜ਼ ਨਹੀਂ ਆਵੇਗੀ, ਇਕ ਵੀ ਲਿਰਕ। ਮੈਂ ਲਾਅਨ ਵਿਚ ਫੁੱਲਾਂ ਨੂੰ ਪਾਣੀ ਪਾਇਆ। ਸਬਜ਼ੀਆਂ ਸੌਂ ਰਹੀਆਂ ਹੋਣਗੀਆਂ, ਪਰ ਮੇਰੀ ਰਾਤ-ਰਾਣੀ ਜਾਗ ਰਹੀ ਹੈ, ਸਾਰਿਆਂ ਨੂੰ ਸੁਗੰਧੀ-ਭਰੇ ਸੁਪਨਿਆਂ ਨਾਲ ਮਦਹੋਸ਼ ਕਰ ਰਹੀ। ਇਸ ਕੋਠੀ ਦੇ ਚੱਪੇ ਚੱਪੇ ਤੇ ਮੇਰੇ ਨੱਚਦੇ ਪੈਰਾਂ ਦੇ ਨਿਸ਼ਾਨ ਹਨ। ਹਰ ਕੋਨੇ ਵਿਚ ਮੇਰੇ ਸੰਗੀਤ ਦੀ ਪਿਆਰੀ ਲੈਅ ਸਰਗਮ ਸਰਗਮ ਹੋ ਕੇ ਲੁਕਣ-ਮੀਟੀ ਖੇਡ ਰਹੀ ਹੈ। ਪਰ ਇਸ ਹੁਸਨ ਤੇ ਆਰਟ ਦੇ ਠੋਸ ਰੂਪ ਨੂੰ ਕਾਲੀ ਕੰਬਲੀ ਨੇ ਕਿਉਂ ਢਕਿਆ ਏ ? ਕੋਠੀਆਂ ਵਿਚ ਚਾਨਣ ਕਿਉਂ ਨਹੀਂ ਹੱਸ ਰਿਹਾ ? ਸਤਾਰ ਦੀ ਪਿਆਰੀ ਧੁਨੀ ਕਿਉਂ ਨਹੀਂ ਗੂੰਜਦੀ ? ਕੋਠੀ ਸਮਾਧ ਕਿਉਂ ਬਣੀ ਪਈ ਏ ? ਇਹ ਚੀਕਦੀ ਕਿਉਂ ਨਹੀਂ ? ਹਾਏ ਰੱਬਾ ! ਇਸ ਵਿਚ ਭੂਚਾਲ ਹੀ ਆ ਜਾਵੇ।' ਦਰਸ਼ਨ ਨੇ ਆਪਣਾ ਚੱਕਰ ਖਾਂਦਾ ਸਿਰ ਬਿੰਬੜ ਦੇ ਮੋਟੇ ਪੋਰੇ ਨਾਲ ਦੇ ਮਾਰਿਆ।

ਉਸ ਹੁਬਕੀਆਂ ਭਰਦੀ ਨੇ ਆਪਣਾ ਅਟੈਚੀਕੇਸ ਚੁੱਕਿਆ ਤੇ ਗੇਟ ਨੂੰ ਹੱਥ ਲਾਇਆ, ਉਹ ਨਿੱਤ ਵਾਂਗ ਜਿੰਦਰਾ ਖਾਧੀ ਖਲੋਤਾ ਸੀ। ਉਹ ਆਵਾਜ਼ ਨਾ ਮਾਰ ਸਕੀ, ਬੋਲ ਉਸ ਦੇ ਸੰਘ ਵਿਚਕਾਰ ਆ ਕੇ ਫੁੱਲ ਗਿਆ ਅਤੇ ਉਹ ਮੂੰਹ ਘੁੱਟ ਕੇ ਰਹਿ ਗਈ। ਚੁੱਪ-ਰਾਤ ਨੇ ਗਿਆਰਾਂ ਵਜੇ ਹੀ ਹੌਲਣਾ ਸ਼ੁਰੂ ਕਰ ਦਿਤਾ ਸੀ। ਉਹ ਖ਼ਾਲੀ ਪਲਾਟ ਵਿਚੋਂ ਖਟੀਆਂ ਦੀ ਵਾੜ ਦੇ ਨਾਲ ਨਾਲ ਤੁਰਨ ਲਗੀ। ਇਕ ਦੋ ਥਾਂ ਹੱਥ ਮਾਰ ਕੇ ਉਸ ਮੋਰੀ ਲੱਭਣ ਦੀ ਕੋਸ਼ਿਸ਼ ਕੀਤੀ। ਉਸ ਦਾ ਹੱਥ ਕੰਡਿਆਂ ਨਾਲ ਬੁਰੀ ਤਰ੍ਹਾਂ ਝਰੀਟਿਆ ਗਿਆ। ਪਰ ਉਸ ਦੂਜੀ ਤੀਜੀ ਵਾਰ ਪਤਲੀ ਥਾਂ ਵਿਚੋਂ ਇਕ ਮੋਰੀ ਭੰਨ ਲਈ ਅਤੇ ਅਟੈਚੀਕੇਸ ਅੰਦਰ ਧੱਕ ਦਿਤਾ। ਫਿਰ ਉਹ ਉਠ ਕੇ ਖਲੋ ਗਈ। ਉਸ ਦਾ ਆਪਣਾ ਆਪ ਕੰਬ ਗਿਆ। ਉਸ ਕੰਬਦੀਆਂ ਬਾਹਾਂ ਨੂੰ ਅੱਡਿਆ ਅਤੇ ਫੁਟ ਫੁਟ ਲਰਜ਼ਦੀ ਆਵਾਜ਼ ਵਿਚ ਆਖਿਆ :

'ਬੇ ਜੀ !......ਆਪਣੀ ਲਾਡਾਂ ਪਲੀ ਧੀ ਨੂੰ ਆਵਾਜ਼ ਦੇ ਕੇ ਬੁੱਕਲ ਵਿਚ ਲੈ ਲੈ। ਇਹ ਫਿਰ ਤੇਰੀ ਬੁੱਕਲ ਕਦੇ ਨਹੀਂ ਭਰੇਗੀ। ਬੇ ਜੀ ! ਆਪਣੀ ਬੱਚੀ ਨੂੰ ਉਠ ਕੇ ਇਕ ਵਾਰ ਮਿਲ ਲੈ, ਸਿਰਫ਼ ਆਖ਼ਰੀ ਵਾਰ। ਤੇਰੀਆਂ ਤਾੜਾਂ ਅੱਜ ਲਾਹਨਤਾਂ ਦੇ ਸੇਲੇ ਬਣ ਕੇ ਚੁੱਭ ਰਹੀਆਂ ਹਨ। ਕਾਸ਼ ! ਮੈਂ ਉਨ੍ਹਾਂ ਦੀ ਅਹਿਮੀਅਤ ਸਮਝਦੀ। ਮੈਂ ਆਪਣੇ ਪਾਪਾਂ ਦੀ ਸਜ਼ਾ ਪਾ ਰਹੀ ਹਾਂ। ਬੇ ਜੀ, ਮੈਂ ਤੈਨੂੰ ਮੂੰਹ ਵਿਖਾਉਣ ਜੋਗੀ ਨਹੀਂ। ਤੂੰ ਮਾਫ਼ ਨਾ ਕਰੀਂ, ਕਦੇ ਮਾਫ਼ ਨਾ ਕਰੀ ਚੰਦਰੀ ਧੀ ਨੂੰ। ਅਜਿਹੀ ਧੀ ਦਾ ਮੁੱਕ ਜਾਣਾ ਹੀ ਚੰਗਾ ਹੈ। ਬੇ ਜੀ .....।' ਉਸ ਦੀਆਂ ਭੁੱਬਾਂ ਨਿਕਲ ਗਈਆਂ ਅਤੇ ਉਸ ਦੋਹਾਂ

Sri Satguru Jagjit Singh Ji eLibrary NamdhariElibrary@gmail.com

ਹੱਥਾਂ ਨਾਲ ਮੂੰਹ ਘੁਟ ਲਿਆ। 'ਤੂੰ ਆਪਣੀ ਬੱਚੀ ਨੂੰ ਵਿਦਾ ਕਰ ਸਕਦੀ, ਇਕ ਵਾਰ ਪਿਆਰ-ਚੁੰਮਣ ਦੇ ਸਕਦੀ। ਹਾਂ.....।' ਉਹ ਏਨਾ ਰੋਈ, ਜਿਵੇਂ ਹੜ੍ਹ ਨੇ ਸਤਲੁਜ ਦਾ ਕਿਤੋਂ ਬੰਨਾ ਤੋੜ ਦਿਤਾ ਹੋਵੇ।

'ਮੇਰੇ ਚੰਗੇ ਮਾਤਾ ਜੀ, ਤੁਸੀਂ ਗੂਹੜੀ ਨੀਂਦ ਸੁੱਤੇ ਪਏ ਓ। ਇਕ ਵਾਰ ਤਾਂ ਉਠੋ ਤੇ ਵੇਖੋ, ਕੀ ਹੋਣ ਵਾਲਾ ਹੈ। ਤੁਹਾਡੀ ਪਿਆਰੀ ਬੱਚੀ ਖ਼ੁਦਕਸ਼ੀ ਕਰਨ ਜਾ ਰਹੀ ਹੈ। ਉਸ ਦੀ ਸਤਾਰ ਚੁਕ ਕੇ ਲਿਆਓ, ਉਹ ਆਖ਼ਰੀ ਮਲਹਾਰ ਗਾ ਕੇ ਵੇਖ ਲਵੇ।ਇਹ ਸਤਾਰ ਹੋਰ ਇਕ ਘੰਟੇ ਤੱਕ ਤਾਰ ਤਾਰ ਹੋ ਜਾਵੇਗੀ। ਪਿਤਾ ਜੀ ! ....ਮੈਨੂੰ ਮਾਫ਼ ਕਰ ਦੇਣਾ। ਮੈਂ ਤੁਹਾਡੀਆਂ ਖੁੱਲ੍ਹਾਂ ਨਾਲ ਚੰਗੀ ਧੀ ਨਾ ਬਣ ਸਕੀ। ਪਰ ਮੈਂ ਤੁਹਾਨੂੰ ਸਮਾਜ ਵਿਚ ਨੀਵਾਂ ਨਹੀਂ ਹੋਣ ਦੇਵਾਂਗੀ। ਮੈਂ ਦਲੇਰੀ ਨਾਲ ਮਰਾਂਗੀ, ਪਰ ਮੈਂ......ਤੁਹਾਡੇ ਸਾਰਿਆਂ ਤੋਂ ਵਿਛੜਦੀ ਕਲਾਵੇ ਭਰ ਭਰ ਮਿਲਣਾ ਚਾਹੁੰਦੀ ਸੀ, ਪਰ ਨਹੀਂ ਮਿਲ ਸਕਦੀ, ਨਹੀਂ ਮਿਲ ਸਕਦੀ।' ਉਸ ਆਪਣੇ ਹੱਥਾਂ ਨੂੰ ਖਿੱਚ ਕੇ ਤੋੜਿਆ, ਜਿਵੇਂ ਉਹ ਪਵਿੱਤਰ ਰੂਹਾਂ ਨੂੰ ਛੋਹਣ ਵਾਲੇ ਨਹੀਂ ਰਹੇ ਸਨ।

'ਤੂੰ ਤਾਂ ਉਠ ਮੇਰੇ ਵੀਰ ! ਜਿਸ ਨੂੰ ਕਿਸੇ ਤਰ੍ਹਾਂ ਦਾ ਵੀ ਪਤਾ ਨਹੀਂ। ਆ, ਮੈਂ ਤੈਨੂੰ ਘੁੱਟਦਿਆਂ ਰੱਜ ਕੇ ਰੋ ਲਵਾਂ। ਮੈਂ ਤੈਨੂੰ ਗੋਦੀ ਚੁੱਕ ਕੇ ਲਾਡ ਲਡਾਇਆ ਏ। ਤੇਰੀਆਂ ਬੁੱਲ੍ਹੀਆਂ ਨੂੰ ਕਲੀਆਂ ਵਾਂਗ ਹਸਾਇਆ ਏ। ਤੂੰ ਗ਼ੁੱਸੇ ਹੋ ਹੋ ਸੌ ਸੌ ਵਾਰ ਮੈਨੂੰ ਮਾਰਿਆ ਏ। ਉਠ, ਤੇ ਅੱਜ ਫਿਰ ਮਾਰ, ਆਪਣੀ ਗੁਨਾਹਗਾਰ ਭੈਣ ਨੂੰ ਫਿਰ ਮਾਰ ਤੇ ਏਨਾ ਮਾਰ ਕੇ ਮੇਰੀ ਹੱਡੀ ਪਸਲੀ ਸਬੂਤੀ ਨਾ ਰਹੇ। ਵੀਰਾਂ ਨੇ ਚੰਦਰੀਆਂ ਭੈਣਾਂ ਨੂੰ ਨਦੀਆਂ ਰੁੜ੍ਹਾਇਆ ਏ, ਬੋਲੀਆਂ ਮਾਰੀਆਂ ਹਨ, ਤੂੰ ਇਕ ਵਾਰ ਜਿਵੇਂ ਜੀਅ ਆਵੇ ਮਾਰ। ਗੁਰ-ਦਰਸ਼ਨ ?' ਉਹ ਦਰਦ-ਰਿਝਾਣੀ ਬਹਿ ਗਈ। ਉਸ ਬੈਠਦੀ ਨੇ ਹੀ ਆਪਣਾ, ਆਪ ਘੁਟਿਆ ਤੇ ਕੋਠੀ ਵੱਲ ਬਾਹਾਂ ਉਲਾਰੀਆਂ।

'ਜ਼ਾਲਮੋ ! ਹੁਣ ਸ਼ਭ ਸੁੱਤੇ ਪਏ ਓ, ਸਵੇਰੇ ਉਠੋਗੇ ਤੇ....। ਉਹ ਚੁੱਪ ਹੋ ਗਈ। ਉਸ ਜ਼ੋਰ ਲਾ ਕੇ ਆਪੇ ਨੂੰ ਉਠਾਇਆ। ਉਹ ਟੁੱਟੀਆਂ ਲੱਤਾਂ ਨਾਲ ਤੁਰਦੀ ਸੜਕ 'ਤੇ ਆ ਗਈ। ਉਸ ਫਿਰ ਕੋਠੀ ਨੂੰ ਹਸਰਤ-ਭਰੀਆਂ ਨਜ਼ਰਾਂ ਨਾਲ ਤੱਕਿਆ। ਉਸ ਦੇ ਹੰਝੂਆਂ ਵਿਚ ਗਰੇਵਾਲ-ਕਾਟੇਜ ਡੁੱਬ ਰਹੀ ਸੀ। ਅੰਨ੍ਹੇਰਾ ਹੋਰ ਵਧ ਰਿਹਾ ਸੀ। ਉਸ ਅੱਖਾਂ ਮੀਟੀਆਂ, ਆਪਣੇ ਆਪ ਨੂੰ ਘੁਟਿਆ ਅਤੇ ਦਰੱਖ਼ਤਾਂ ਹੇਠੋਂ ਦੀ ਕਦਮਾਂ ਪੁੱਟਣੀਆਂ ਸ਼ੁਰੂ ਕੀਤੀਆਂ। ਇਕ ਵਾਰ ਪਿਛਾਂਹ ਭਉਂ ਕੇ ਫਿਰ ਤੱਕਿਆ।

'ਸੁਖੀ ਜੀਓ ਮੇਰੇ ਮਾਪਿਓ ! ਭੁੱਲ ਜਾਇਉ ਤੁਹਾਡੀ ਇਕ ਚੰਦਰੀ ਧੀ ਵੀ ਹੁੰਦੀ ਸੀ। ਭਾਗਾਂ ਵਾਲਾ ਹੋਵੀਂ ਮੇਰੇ ਵੀਰ, ਤੇ ਆਪਣੀ ਕਲੰਕਣ ਭੈਣ ਨੂੰ ਇਕ ਵਾਰ ਵੀ ਯਾਦ ਨਾ ਕਰੀਂ, ਬਿਲਕੁਲ ਨਾ ਕਰੀਂ।' ਉਹ ਆਪਣੀਆਂ ਧਾਹਾਂ ਵਿਚ ਫਿਰ ਅਗਾਂਹ ਤੁਰ ਪਈ। ਸਾਰੀ ਸਿਵਲ ਲਾਈਨਜ਼ ਕਬਰਸਤਾਨ ਵਾਂਗ ਖ਼ਾਮੋਸ਼ ਸੀ। ਕੋਈ ਟਾਂਗਾ ਜਾਂ ਮੋਟਰ ਏਧਰੋਂ ਓਧਰੋਂ ਨਹੀਂ ਆ ਰਹੇ ਸਨ। ਬੱਦਲ ਹੋਰ ਘੁਲਦੇ ਜਾ ਰਹੇ ਸਨ ਅਤੇ ਚੁੱਪ-ਸੱਨਾਟੇ ਵਿਚ ਮੌਤ ਸ਼ੂਕ ਰਹੀ ਸਾਫ਼ ਸੁਣਦੀ ਸੀ।

ਉਹ ਸੜਕ ਦੇ ਇਕ ਤਿਰਾਹੇ ਤੇ ਆ ਕੇ ਰੁਕ ਗਈ ਅਤੇ ਸਿਧਿਆਂ ਜਾਣ ਦੀ ਥਾਂ ਮੋੜ ਭਉਂ ਗਈ। ਸੁਸਤ ਪੈਂਦੇ ਜਾ ਰਹੇ ਅੰਗਾਂ ਨਾਲ ਉਸ ਨੂੰ ਦਿਲ ਦੀ ਧੜਕਨ ਵੀ ਦਮ ਤੋੜਦੀ ਪਰਤੀਤ ਹੋਈ। ਉਸ ਦੀ ਕਰੇਪਸੋਲ ਦੀ ਜੁੱਤੀ ਤਾਰਕੋਲ ਦੀ ਸੜਕ ਨੂੰ ਗੂੜ੍ਹੀ ਨੀਂਦ ਸੌਂ ਜਾਣ ਲਈ ਥਾਪੜੀਆਂ ਦੇ ਰਹੀ ਸੀ। ਠੰਢ ਘੱਟ ਸੀ, ਪਰ ਕਾਂਬਾ

Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਇਕ ਪਲ ਵੀ ਨਹੀਂ ਹਟਿਆ ਸੀ। ਉਸ ਸ਼ੌਲ ਨਾਲ ਆਪਣੇ ਆਪ ਨੂੰ ਹੋਰ ਘੁੱਟਣ ਦਾ ਯਤਨ ਕੀਤਾ। ਉਸ ਬਹੁਤ ਨਿੱਕੀਆਂ ਕਦਮਾਂ ਪੁੱਟੀਆਂ ਸਨ, ਪਰ ਉਹ ਆਪਣੀ ਕੋਠੀ ਤੋਂ ਬਹੁਤ ਦੂਰ ਨਿਕਲ ਆਈ ਸੀ। ਹਰ ਚੀਜ਼ ਉਸ ਨੂੰ ਮੌਤ ਦੇ ਖੂਹ ਵਿਚ ਧੱਕਾ ਦੇਂਦੀ ਪਰਤੀਤ ਹੋ ਰਹੀ ਸੀ। ਉਸ ਨੂੰ ਇਉਂ ਜਾਪਿਆ ਜਿਵੇਂ ਅੰਨ੍ਹੇਰੇ ਵਿਚ ਕਿਸੇ ਉਸ ਦਾ ਹੱਥ ਫੜ ਕੇ ਕਾਹਲਿਆਂ ਤੁਰਨਾ ਸ਼ੁਰੂ ਕਰ ਦਿਤਾ ਹੋਵੇ। ਉਸ ਇਕ ਪਲ ਆਪਣੇ ਆਪ ਨੂੰ ਹਿਲਾ ਕੇ ਜੋਹਿਆ, ਹਾਲੇ ਉਹ ਮੋਈ ਨਹੀ ਸੀ, ਜ਼ਿੰਦਾ ਸੀ, ਤੇ ਉਸ ਨਾਲ ਕੋਈ ਨਹੀਂ ਸੀ। ਉਹ ਅੱਗੇ ਵਧਦੀ ਗਈ। ਸਿੱਧੀ ਪੱਧਰੀ ਸੜਕ 'ਤੇ ਵੀ ਉਸ ਦੇ ਪੈਰ ਉਖੜ ਉਖੜ ਪੈ ਰਹੇ ਸਨ।

ਸੜਕ ਦੀ ਸੱਜੀ ਵੱਖੀ ਵਲ ਇਕ ਬਾਰੀ ਦੇ ਉਤਲੇ ਸ਼ੀਸ਼ਿਆਂ ਵਿਚੋਂ ਚਾਨਣ ਫੁਟ ਰਿਹਾ ਸੀ, ਜਿਸ ਨੂੰ ਵੇਖਣ ਲਈ ਉਹ ਇਕ ਪਲ ਖਲੋ ਗਈ। ਉਸ ਚਾਨਣ ਨੂੰ ਬੁੱਲ੍ਹ ਵੱਟ ਕੇ ਘੂਰਿਆ।

'ਸਭ ਸਿਵਲ ਲਾਈਨਜ਼ ਸੁੱਤੀ ਪਈ ਹੈ, ਮੋਈ ਪਈ, ਜ਼ਾਲਮਾ ! ਇਕ ਤੂੰ ਤਾਂ ਜਾਗਦਾ ਏਂ। ਮੈਂ ਨਾ ਸਹੀ, ਜਿਸ ਨੂੰ ਤੂੰ ਕਦੀ ਪਿਆਰ ਕੀਤਾ ਸੀ, ਉਸ ਨੂੰ ਇਕ ਅੱਖ ਤਾਂ ਮਿਹਰ ਦੀ ਭਰ ਕੇ ਤੱਕ ਲੈ। ਪਾਸ਼ੂ, ਤੂੰ ਵੀ ਮਾਫ਼ ਨਾ ਕਰੀਂ।ਮੈਂ ਤੇਰੇ ਪਿਆਰ ਨੂੰ ਠੁਕਰਾ ਦਿਤਾ, ਤੇਰਾ ਦਿਲ ਤੋੜਿਆ ਤੇ ਆਪਣਾ ਵੀ ਸਤਿਆਨਾਸ ਪੁਟ ਲਿਆ। ਪਰ ਹੁਣ ਗਿਲੇ ਸ਼ਿਕਵੇ ਕਰਨ ਦਾ ਸਮਾਂ ਨਹੀਂ ਤੇ ਨਾ ਹੀ ਤਾਹਨੇ ਦੇਣ ਦਾ, ਮਰ ਜਾਣ ਵਾਲੇ ਹਤਿਆਰੇ ਨਾਲ ਵੀ ਲੋਕ ਹਮਦਰਦੀ ਕਰਦੇ ਹਨ। ਮੈਂ ਕਿਸੇ ਦੀ ਝੂਠੀ ਤਾਰੀਫ਼ ਵਿਚ ਵਿਸ਼ਵਾਸ ਕਰ ਗਈ। ਪ੍ਰਕਾਸ਼, ਮੈਂ ਨੀਅੱਤਨ ਕੁਝ ਨਹੀਂ ਕੀਤਾ, ਮੈਨੂੰ ਫੋਕੀ ਪ੍ਰਸੰਸਾ ਦੇ ਹੱਥਾਂ ਨੇ ਅਸਮਾਨੇ ਉਠਾਲ ਦਿਤਾ, ਮੁੜ ਮੇਰਾ ਜ਼ਮੀਨ ਤੇ ਪੈਰ ਹੀ ਨਾ ਲੱਗਾ। ਇਹ ਠੀਕ ਹੈ ਮੈਂ ਤੇਰੀਆਂ ਗੱਲਾਂ ਦੀ ਕੋਈ ਕੀਮਤ ਨਹੀਂ ਸਮਝੀ ਤੇ ਵੱਡਾ ਸੱਚ ਇਹ ਹੈ ਕਿ ਮੈਂ ਤੈਨੂੰ ਪਛਾਣ ਨਹੀਂ ਸਕੀ। ਮੈਂ ਨਿਰਦੋਸ਼ ਸਾਂ, ਮੈਂ ਕੁਝ ਵੀ ਜਾਣ ਕੇ ਨਹੀਂ ਕੀਤਾ। ਇਹ ਹੋ ਗਿਆ, ਅਵੱਸ਼ ਹੋ ਗਿਆ। ਨਿਸ਼ੰਗ ਮੈਨੂੰ ਮਾਫ਼ ਨਾ ਕਰੋ, ਮੈਂ ਜ਼ਿੰਦਗੀ ਦੀ ਭਿੱਖਿਆ ਨਹੀਂ ਮੰਗਦੀ। ਪਰ ਜ਼ਾਲਮੋ ! ਮੈਨੂੰ ਪਾੜ-ਖਾਣੀਆਂ ਅੱਖਾਂ ਨਾਲ ਤਾਂ ਨਾ ਤੱਕੋ। ਹੁਣ ਤਾਹਨੇ-ਮਿਹਣੇ ਦੇ ਕੇ ਤੁਹਾਨੂੰ ਕੀ ਮਿਲ ਜਾਵੇਗਾ। ਤੁਹਾਡੇ ਕਤਲ ਕਰਨ ਦੀ ਤਾਂ ਲੋੜ ਨਹੀਂ, ਜਦੋਂ ਮੈਂ ਆਪ ਆਪਣੇ ਕੀਤੇ ਦੀ ਸਜ਼ਾ ਭੁਗਤਣ ਜਾ ਰਹੀ ਹਾਂ। ਕੀ ਤੁਸੀ ਸੁਖਾਲਿਆਂ ਮੈਨੂੰ ਮਰਨ ਵੀ ਨਹੀਂ ਦੇਵੋਗੇ ? ਆਹ ਬੇ-ਦਰਦੋ !.....ਠੀਕ ਹੈ, ਜਿਵੇਂ ਜੀਅ ਆਵੇ ਤੱਕੋ, ਉਂਗਲੀਆਂ ਦੇ ਸੇਲੇ ਚਲਾਵੋ, ਪੱਥਰ ਮਾਰੋ, ਜੋ ਜ਼ੁਲਮ ਰਹਿੰਦਾ ਹੈ, ਉਹ ਵੀ ਕਰ ਲਵੋ। ਤੁਹਾਡਾ ਕੋਈ ਅਰਮਾਨ ਨਾ ਰਹਿ ਜਾਵੇ, ਮਰਨ ਵਾਲੇ ਅੱਧਾ ਘੰਟਾ ਹੋਰ ਪਿਛੋਂ ਮਰ ਜਾਣ ਵਿਚ ਭਲਾ ਇਸ ਤਰ੍ਹਾਂ ਕੀ ਫ਼ਰਕ ਪੈਂਦਾ ਹੈ ?'

ਦਰਸ਼ਨ ਨੂੰ ਇਕ ਪਲ ਆਪਾ ਹੌਲਾ ਜਾਪਿਆ, ਜਿਵੇਂ ਉਹ ਰੋ ਕੇ, ਪਿਘਲ ਕੇ ਅਸਪਾਤ ਹੋ ਗਈ ਹੋਵੇ। ਉਸ ਖ਼ਿਆਲ ਕੀਤਾ, ਮੌਤ ਤੋਂ ਪਹਿਲਾਂ ਕੋਈ ਦੀਵਾ ਕਿਉਂ ਜਗਦਾ ਹੈ ? ਉਸ ਚਾਨਣ ਵੱਲ ਕਦਮਾਂ ਪੁੱਟੀਆਂ। ਉਹ ਨਲੇਰ ਵਾਂਗ ਉਤੋਂ ਸਖ਼ਤ ਤੇ ਵਿਚੋਂ ਨਰਮ ਤੇ ਕੂਲੀ ਸੀ। ਉਸ ਦੀ ਅਸਪਾਤ ਹੋਈ ਹੋਈ ਛਾਤੀ ਵਿਚ ਹਜ਼ਾਰਾਂ ਜ਼ਖ਼ਮਾਂ ਨਾਲ ਨਿਢਾਲ ਦਿਲ ਕੰਬੀ ਜਾ ਰਿਹਾ ਸੀ। ਉਸ ਦੇ ਦੰਦ ਮਜ਼ਬੂਤੀ ਨਾਲ ਜੁੜੇ ਹੋਏ ਸਨ, ਪਰ ਉਸ ਦੇ ਬੁੱਲ੍ਹਾਂ ਦਾ ਬੁਰਾ ਹਾਲ ਸੀ। ਉਹ ਗੁਨਾਹਾਂ ਦੀ ਪੰਡ-ਬਣੇ ਸਿਰ ਨੂੰ ਬਾਰੀ ਨਾਲ ਮਾਰ ਕੇ ਤੋੜ ਲੈਣਾ ਤੇ ਭਾਰ ਤੋਂ ਹੌਲਾ ਹੋ ਜਾਣਾ ਚਾਹੁੰਦੀ ਸੀ। ਬਾਰੀ ਨੂੰ .ਖ

Sri Satguru Jagjit Singh Ji eLibrary NamdhariElibrary@gmail.com

ਪਾਉਣ ਵਾਲੀ ਉਸ ਦੀ ਬਾਂਹ ਉਠ ਕੇ ਕੰਬ ਗਈ, ਫਿਰ ਥਾਂ ਦੀ ਥਾਂ ਆਕੜ ਗਈ। ਦਰਸ਼ਨ ਦੀਆਂ ਧਾਰੋ ਧਾਰ ਹੰਝੂ ਵਹਾਂਦੀਆਂ ਅੱਖਾਂ ਤਿੰਨ-ਚੌਥਾਈ ਮੀਟੀਆਂ, ਬਾਰੀ ਨੂੰ ਵੇਖੀ ਜਾ ਰਹੀਆਂ ਸਨ, ਜਿਵੇਂ ਕੋਈ ਮਰੀਅਮ ਆਪਣੇ ਪਿਆਰ ਨੂੰ ਸੂਲੀ ਚੜ੍ਹਦਿਆਂ ਦੇਖ ਤਰਲਾ ਬਣੀ ਖਲੋਤੀ ਹੋਵੇ। ਬਾਰ ਬਾਰ ਲੰਮਾ ਆਉਂਦਾ ਹਉਕਾ ਉਸ ਦੇ ਲਰਜ਼ ਰਹੇ ਬੁੱਲ੍ਹਾਂ ਨੂੰ ਹੋਰ ਖੋਲ੍ਹ ਜਾਂਦਾ। ਅਚਾਨਕ ਬਾਰੀ ਖੁਲ੍ਹ ਗਈ ਤੇ ਦਰਸ਼ਨ ਇਕ ਵਾਰ ਹੀ ਚਾਨਣ ਵਿਚ ਧੋਤੀ ਗਈ। ਉਸ ਇਕ-ਦਮ ਹੀ ਮੂੰਹ ਫੇਰ ਲਿਆ ਅਤੇ ਪਿਛਲੇ ਪੈਰੀਂ ਕਾਹਲੀ ਕਾਹਲੀ ਤੁਰ ਪਈ। ਝੱਟ ਹੀ ਬਾਰੀ ਬੰਦ ਹੋ ਗਈ। ਦਰਸ਼ਨ ਨੇ ਸੋਚਿਆ, ਇਹ ਵੀ ਚੰਗਾ ਈ ਹੋਇਆ।

ਪ੍ਰਕਾਸ਼ ਨੇ ਰੋਂਦੀ ਦਰਸ਼ਨ ਨੂੰ ਪਛਾਣ ਲਿਆ ਸੀ। 'ਮੈਂ ਇਸ ਨੂੰ ਮੋਗੇ ਕੁੜੀਆਂ ਵਿਚ ਬੈਠੀ ਤੱਕਿਆ ਸੀ।' ਇਕ ਪਲ ਉਸ ਦੀ ਸਮਝ ਵਿਚ ਕੁਝ ਨਾ ਆਇਆ। 'ਇਹ ਏਨੀ ਰਾਤ ਗਏ, ਏਥੇ ਕਿਉਂ ਆਈ ?' ਉਹ ਇਕ-ਦਮ ਹੀ ਕੰਬਲ ਖਿੱਚ ਕੇ ਬਾਹਰ ਆ ਗਿਆ। ਉਸ ਦੋ ਮਿੰਟਾਂ ਵਿਚ ਹੀ ਨੱਠ ਕੇ ਦਰਸ਼ਨ ਨੂੰ ਜਾ ਲਿਆ। ਉਸ ਦਾ ਦਿਲ ਹੈਰਾਨੀ ਵਿਚ ਆਪਣੀ ਸਾਧਾਰਨ ਧੜਕਣ ਤੋਂ ਹਿੱਲ ਗਿਆ। ਉਹ ਉਸ ਦੇ ਅੱਗੇ ਹੋ ਕੇ ਖਲੋ ਗਿਆ। ਦਰਸ਼ਨ ਵੀ ਰੁਕ ਗਈ। 'ਇਹ ਕੋਠੀ ਤੋਂ ਉਲਟੀ ਸੰਮਤ ਕਿਉਂ ਜਾ ਰਹੀ ਹੈ ?' ਪ੍ਰਕਾਸ਼ ਨੇ ਦਰਸ਼ਨ ਦੀ ਅਸਾਧਾਰਨ ਅਵਸਥਾ ਨੂੰ ਪਛਾਣ ਲਿਆ।

"ਤੂੰ ਤਾਂ ਮੋਗੇ ਸੀ।"

"ਹਾਂ।" ਦਰਸ਼ਨ ਨੂੰ ਇਉਂ ਜਾਪਿਆ, ਜਿਵੇਂ ਉਸ ਦੀ ਜਵਾਬ-ਤਲਬੀ ਹੋ ਰਹੀ ਹੈ।

"ਤੂੰ ਏਸੇ ਗੱਡੀ ਆਈ ਏਂ ?"

"ਮਤਲਬ ?"

"ਆਪਣੀ ਬੇਵਕੂਫ਼ੀ।"

ਦਰਸ਼ਨ ਡਡਿਆ ਕੇ ਪ੍ਰਕਾਸ਼ ਦੇ ਗਲ ਚੰਬੜ ਜਾਣਾ ਚਾਹੁੰਦੀ ਸੀ, ਪਰ ਉਹ ਆਪਣੇ ਜ਼ਬਤ ਤੇ ਹੈਰਾਨ ਸੀ। ਉਸ ਨੂੰ ਇਹ ਯਕੀਨ ਸੀ, ਪ੍ਰਕਾਸ਼ ਉਸ ਨੂੰ ਕਿਸੇ ਕੀਮਤ ਤੇ ਵੀ ਮਾਫ਼ ਨਹੀਂ ਕਰੇਗਾ। ਇਸ ਚੰਦਰੇ ਸਮਾਜ ਦਾ ਕੌਣ ਮਰਦ ਮਜ਼ਲੂਮ ਔਰਤ ਨੂੰ ਮਾਫ਼ ਕਰੇਗਾ, ਜਦੋਂ ਕਿ ਉਸ ਦੀ ਪਵਿੱਤਰਤਾ ਖੀਨ ਹੋ ਚੁਕੀ ਹੋਵੇ। ਤਰਲੇ ਲੈ ਕੇ ਜ਼ਿੰਦਗੀ ਦੇ ਮੰਗੇ ਚਾਰ ਦਿਨਾਂ ਨਾਲੋਂ ਗ਼ੈਰਤ ਦੀ ਮੌਤ ਲੱਖ ਦਰਜੇ ਚੰਗੀ ਹੈ। ਬਹੁਤ ਦੂਰ ਨਿਮਾਣੀ ਜਿਹੀ ਬਿਜਲੀ ਚਮਕੀ ਤੇ ਪਿਛੋਂ ਬੱਦਲ ਵੀ ਗੱਜਿਆ।

ਪ੍ਰਕਾਸ਼ ਦੇ ਸਿਰ ਮਾਰਨ ਤੇ ਵੀ ਉਸ ਦੀ ਸਮਝ ਵਿਚ ਕੁਝ ਨਾ ਆਇਆ। ਉਸ ਬਹਾਲ ਨੂੰ ਮੋਗੇ ਰੇਲਵੇ ਸਟੇਸ਼ਨ ਤੇ ਵੇਖਿਆ ਸੀ। 'ਉਹ ਨਾਲ ਆਇਆ ? ਇਹ ਉਸ ਨੂੰ ਮਿਲਣ ਜਾ ਰਹੀ ਏ ? ਇਹ ਵਿਛੜੇ ਹੀ ਕਿਉਂ ? ਇਹ ਰੋਂਦੀ ਕਿਉਂ ਸੀ ? ਹੋਰ ਸਭ ਕੁਝ ਸਮਝ ਆ ਸਕਦਾ ਹੈ, ਇਹ ਮੇਰੀ ਬਾਰੀ ਕੋਲ ਕਿਉਂ ਆਈ ?' ਪ੍ਰਕਾਸ਼ ਨੇ ਹੌਲਾ ਪੈਣ ਦੇ ਬਾਵਜੂਦ ਪੁੱਛਿਆ :

"ਮੈਂ ਜਾਣ ਸਕਦਾ ਹਾਂ, ਹੁਣ ਕਿਥੇ ਜਾ ਰਹੀ

Sri Satguru Jagjit Singh Ji eLibrary NamdhariElibrary@gmail.com

ਚਾਹੀਦਾ ਹੈ, ਜਿਹੜਾ ਦਰਸ਼ਨ ਕੋਲ ਕਦੇ ਸੁਪਨੇ ਵਿਚ ਵੀ ਨਹੀਂ ਤੱਕਿਆ ਸੀ।

"ਮਰਨ ਦਾ ਖ਼ਿਆਲ ਹੈ ਜਾਂ ਇਰਾਦਾ ?" ਪ੍ਰਕਾਸ਼ ਨੇ ਆਪਣੇ ਪ੍ਰਸ਼ਨ ਨੂੰ ਚੋਟ ਦਾ ਰੂਪ ਦੇ ਦਿਤਾ।

ਦਰਸ਼ਨ ਨੂੰ ਉਸ ਦੀ ਅਣਖ ਨੇ ਵੰਗਾਰਿਆ।

"ਤੁਸੀਂ ਨਾਲ ਚੱਲ ਕੇ ਵੇਖ ਸਕਦੇ ਹੋ।"

"ਜ਼ਰੂਰ !" ਪ੍ਰਕਾਸ਼ ਨੇ ਰਸਤਾ ਛੱਡਦਿਆਂ ਸਾਥ ਦੇਣ ਦਾ ਇਰਾਦਾ ਬਣਾ ਲਿਆ।

ਦਰਸ਼ਨ ਨੇ ਖ਼ਿਆਲ ਕੀਤਾ, ਕਿੰਨਾ ਪੱਥਰ-ਦਿਲ ਏ, ਜ਼ਾਲਮ ! ਜਿਹੜਾ ਇਕ ਕੁੜੀ ਨੂੰ ਮਰਦਿਆਂ ਵੀ ਦੇਖ ਸਕਦਾ ਏ। ਇਸ ਦੁਨੀਆਂ ਵਿਚ ਦਰਸ਼ਨ, ਜ਼ੁਲਮ ਕਰਨ ਤੇ ਸਹਿਣ ਲਈ ਸਭ ਕੁਝ ਹੈ, ਹਮਦਰਦੀ ਨਹੀਂ, ਮੁਹੱਬਤ ਨਹੀਂ, ਤੇ ਜ਼ਿੰਦਗੀ ਨਹੀਂ। ਪੱਥਰ ਹਰ ਕੋਈ ਮਾਰ ਸਕਦਾ ਹੈ, ਬਚਾ ਕੋਈ ਨਹੀਂ ਸਕਦਾ। ਦਰਸ਼ਨ ! ਤੂੰ ਮਰ ਕੇ ਇਸ ਦੁਨੀਆ ਤੇ ਦੁਨੀਆ ਵਾਲੇ ਦੇ ਮੂੰਹ ਤੇ ਥੁਕ ਦੇ। ਜੋ ਤੇਰੇ ਨਾਲ ਹੋਈ ਹੈ, ਹੋ ਸਕਦਾ ਹੈ ਉਹ ਹਰ ਔਰਤ ਨਾਲ ਹੁੰਦੀ ਹੋਵੇ, ਤੇ ਵਿਚਾਰੀ ਮੌਤ ਨੂੰ ਝੋਲੀ ਪਾਈ ਮਜਬੂਰੀ ਦੇ ਸਾਹ ਤੋੜ ਰਹੀ ਹੋਵੇ।'

ਦਰਸ਼ਨ ਨੂੰ ਮਜ਼ਬੂਤ ਕਦਮਾਂ ਪੁਟਦਿਆਂ ਦੇਖ ਪ੍ਰਕਾਸ਼ ਹੋਰ ਵੀ ਹੈਰਾਨ ਹੋਇਆ। ਇਹ ਕੁਝ ਉਸ ਦੇ ਅਨੁਮਾਨ ਦੇ ਖ਼ਿਲਾਫ਼ ਹੋ ਰਿਹਾ ਸੀ।

"ਇਕ ਗੱਲੋਂ ਮੈਂ ਹੈਰਾਨ ਹਾਂ, ਏਨਾ ਸ਼ੁਭ ਇਰਾਦਾ ਕਿਵੇਂ ਬਣ ਗਿਆ।"

ਦਰਸ਼ਨ ਨੇ ਜਾਣਿਆਂ, ਪ੍ਰਕਾਸ਼ ਨੂੰ ਵੀ ਹਿੱਟਾਂ ਮਾਰਨ ਦਾ ਮਸਾਂ ਮੌਕਾ ਮਿਲਿਆ ਹੈ।

"ਜਦੋਂ ਜ਼ਿੰਦਗੀ ਦੇ ਸਭ ਬੂਹੇ ਬਾਰੀਆਂ ਬੰਦ ਹੋ ਜਾਂਦੇ ਹਨ, ਮੌਤ ਦੇ ਚੌਫੇਰੇ ਖੁਲ੍ਹ ਜਾਂਦੇ ਹਨ।"

"ਕੀ ਏਨੀ ਹੁਸੀਨ, ਰੰਗੀਨ ਤੇ ਵਿਸ਼ਾਲ ਦੁਨੀਆਂ 'ਚੋਂ ਤੁਹਾਡਾ ਹੱਥ ਫੜਨ ਲਈ ਕੋਈ ਵੀ ਤਿਆਰ ਨਹੀਂ ਹੋਇਆ ?" ਪ੍ਰਕਾਸ਼ ਨੇ ਪੂਰੇ ਜ਼ੋਰ ਨਾਲ ਕੁੜੀ ਤੇ ਵਾਰ ਕਰ ਦਿਤਾ।

"ਨਹੀਂ, ਮੈਂ ਆਪ ਹੀ ਫੜਨ ਤੋਂ ਨਾਂਹ ਕਰ ਦਿਤੀ।" ਦਰਸ਼ਨ ਦੇ ਦਿਲ ਇਕ ਡਾਂਗ ਗੱਡੀ ਗਈ, ਜਿਹੜੀ ਪੁਟਣੀ ਉਸ ਦੀ ਤਾਕਤ ਤੋਂ ਕਿਤੇ ਬਾਹਰ ਸੀ।

ਇਉਂ ਜਾਪਦਾ ਸੀ, ਜਿਵੇਂ ਉਹ ਤੁਰ ਨਹੀਂ, ਸਗੋਂ ਅਨ੍ਹੇਰੇ ਵਿਚ ਇਕ ਹਰਕਤ ਅਗੇ ਵਧ ਰਹੀ ਹੈ। ਦਰਸ਼ਨ ਪ੍ਰਕਾਸ਼ ਨੂੰ ਵਡੇ ਪੁਲ 'ਤੇ ਲੈ ਆਈ ਅਤੇ ਵਿਚਕਾਰ ਆ ਕੇ ਖਲੋ ਗਈ। ਸੱਜੇ ਸਿਗਨਲਾਂ ਦੀਆਂ ਲਾਲ ਬੱਤੀਆਂ ਬੁਝ ਬੁਝ ਕੇ ਟਿਮਕ ਰਹੀਆਂ ਸਨ। ਖੱਬੇ, ਸਟੇਸ਼ਨ ਰੌਸ਼ਨੀ ਵਿਚ ਨਹਾ ਰਿਹਾ ਸੀ। ਪੁਲ ਤੇ ਖਲੋਤਿਆਂ ਖੱਬੇ ਇੰਜਣਾਂ ਦੀ ਸ਼ੰਟਿੰਗ ਅਤੇ ਬੰਦਿਆਂ ਦੇ ਤੁਰਨ ਫਿਰਨ ਤੋਂ ਦਰਸ਼ਨ ਨੂੰ ਮਹਿਸੂਸ ਹੋਇਆ, ਲੁਧਿਆਣੇ ਦਾ ਕੁਝ ਹਿੱਸਾ ਜ਼ਿੰਦਾ ਹੈ।

ਪ੍ਰਕਾਸ਼ ਨੇ ਖ਼ਿਆਲ ਕੀਤਾ ਦਰਸ਼ਨ ਸ਼ਾਇਦ ਪੁਲ ਤੋਂ ਡਿਗ ਕੇ ਮਰਨ ਦੀ ਨਾਕਾਮ ਕੋਸ਼ਿਸ਼ ਕਰੇਗੀ। ਉਸ ਨੂੰ ਪੂਰਨ ਵਿਸ਼ਵਾਸ ਸੀ, ਦਰਸ਼ਨ ਕਦੇ ਮਰ ਨਹੀਂ ਸਕਦੀ।

"ਮੇਰਾ ਖ਼ਿਆਲ ਹੈ, ਏਥੋਂ ਡਿੱਗ ਕੇ ਤੇਰਾ ਅਰਮਾਨ ਪੂਰਾ ਨਹੀਂ ਹੋਣਾ।"

"ਮੌਤ ਏਧਰੋਂ ਅਨ੍ਹੇਰੀ ਦੀ ਤਰ੍ਹਾਂ ਆਵੇਗੀ ਤੇ ਮੈਂ ਇਕ ਪੱਤੇ ਦੀ ਤਰ੍ਹਾਂ ਉਸ ਵਿਚ ਲਪੇਟੀ ਜਾਵਾਂਗੀ।" ਦਰਸ਼ਨ ਨੇ ਚੜ੍ਹਦੇ ਵਲੋਂ ਆ ਰਹੀ ਮੇਨ ਲਾਈਨ ਵਲ ਹੱਥ ਕੀਤਾ।

Sri Satguru Jagjit Singh Ji eLibrary NamdhariElibrary@gmail.com

ਉਸ ਦਾ ਮਨ ਕਹਿ ਰਿਹਾ ਸੀ, 'ਜ਼ਾਲਮਾ ! ਮੈਂ ਮਰ ਕੇ ਤੇਰੇ ਮੂੰਹ ਤੇ ਵੀ ਥੱਪੜ ਮਾਰ ਦਿਆਂਗੀ।'

"ਦਰਸ਼ਨ, ਤੂੰ ਆਪਣੇ ਲਈ ਮਰ ਰਹੀ ਏਂ ਜਾਂ ਕਿਸੇ ਲਈ ?" ਪ੍ਰਕਾਸ਼ ਇਕ ਪਲ ਸੰਜੀਦਾ ਹੋ ਕੇ ਸਵਾਲ ਕਰ ਗਿਆ।

ਦਰਸ਼ਨ ਥੋੜਾ ਸੋਚਣ ਦੇ ਬਾਵਜੂਦ ਵੀ ਕੋਈ ਜਵਾਬ ਨਾ ਦੇ ਸਕੀ। ਉਸ ਨੂੰ ਚੁੱਪ ਦੇਖ ਪ੍ਰਕਾਸ਼ ਫਿਰ ਬੋਲਿਆ :

"ਮੈਂ ਹਰ ਉਸ ਮਰਨ ਵਾਲੇ ਦੀ ਤਾਰੀਫ਼ ਕਰਦਾ ਹਾਂ, ਜਿਹੜਾ ਕਿਸੇ ਲਈ ਮਰ ਰਿਹਾ ਹੋਵੇ। ਜਿਹੜਾ ਮਰ ਨਹੀਂ ਸਕਦਾ, ਉਸ ਨੂੰ ਜਿਊਣ ਦਾ ਵੀ ਅਧਿਕਾਰ ਨਹੀਂ। ਪਰ ਮੈਂ ਉਸ ਬਹਾਦਰ ਦੀ ਬੇਹੱਦ ਤਾਰੀਫ਼ ਕਰਦਾ ਹਾਂ, ਜਿਹੜਾ ਸਮੁੱਚੀ ਜ਼ਿੰਦਗੀ ਲਈ ਆਪਾ ਵਾਰਦਾ ਹੈ।"

"ਜੇ ਕਿਸੇ ਲਈ ਮਰਨ ਦਾ ਸਵਾਲ ਨਾ ਪੈਦਾ ਹੋਵੇ, ਮੈਂ ਸਮਝਦੀ ਹਾਂ, ਆਪਣੇ ਲਈ ਮਰਨਾ ਵੀ ਬੁਰਾ ਨਹੀਂ।" ਦਰਸ਼ਨ ਨੇ ਫਿਰ ਇਕ ਲਰਜ਼ਾ ਮਹਿਸੂਸ ਕੀਤਾ ਅਤੇ ਆਸਰੇ ਵਜੋਂ ਪੁਲ ਦੇ ਜੰਗਲੇ ਨਾਲ ਢੋਹ ਲਾ ਲਿਆ। ਉਹ ਪੂਰਬ ਵਲੋਂ ਮੌਤ ਦੀ ਇੰਤਜ਼ਾਰ ਕਰਨ ਲਗੀ।

ਉਹ ਦੋਵੇਂ ਕੁਝ ਸਮੇਂ ਲਈ ਚੁੱਪ ਹੋ ਗਏ। ਪ੍ਰਕਾਸ਼ ਨੂੰ ਪਹਿਲੀ ਵਾਰ ਸ਼ੱਕ ਹੋਈ, ਹੋ ਸਕਦਾ ਏ ਅਜਿਹਾ ਹਾਦਸਾ ਹੋਇਆ ਹੋਵੇ, ਜਿਸਦੇ ਨਤੀਜੇ ਦੇ ਡਰੋਂ ਉਹ ਆਤਮਘਾਤ ਕਰਨ ਨੂੰ ਤਰਜੀਹ ਦੇਂਦੀ ਹੋਵੇ। ਉਹ ਅਵਾਕ ਹੀ ਪੁੱਛ ਗਿਆ, "ਕੀ ਤੈਨੂੰ ਬਹਾਲ ਨੇ ਕੁਝ ਆਖਿਆ ਏ ?"

"ਆਖਿਆ ਨਹੀਂ, ਉਸ ਗੋਲੀ ਮਾਰ ਦਿਤੀ ਏ।" ਦਰਸ਼ਨ ਨੇ ਇੰਤਹਾ ਪੀੜ ਵਿਚੋਂ ਕਸੀਸ ਭਰੀ ਅਤੇ ਹਉਕੇ ਨੂੰ ਬੇਮਲੂਮੀ ਢਿੱਲੇ ਸਾਹ ਨਾਲ ਛੱਡਿਆ, "ਗੋਲੀ ਐਨੀ ਡੂੰਘੀ ਲਹਿ ਗਈ ਏ ਕਿ......।" ਉਸ ਵਾਕ ਅਧੂਰਾ ਛੱਡ ਕੇ ਇਕ ਹੱਥ ਨਾਲ ਦੋਵੇਂ ਅੱਖਾਂ ਢੱਕ ਲਈਆਂ, ਪਰ ਪਾਣੀ ਉਸ ਉਂਗਲਾਂ ਦੇ ਸੰਨ੍ਹਾਂ ਵਿਚੋਂ ਦੀ ਵਹਿ ਤੁਰਿਆ।

ਪ੍ਰਕਾਸ਼ ਏਨਾ ਅਨਜਾਣ ਨਹੀਂ ਸੀ ਕਿ ਹੁਣ ਵੀ ਸਾਰੀ ਗੱਲ ਨੂੰ ਨਾ ਸਮਝਦਾ। ਉਸ ਨੂੰ ਇਸ ਟ੍ਰੈਜਿੱਡੀ ਉਤੇ ਪਹਿਲੋਂ ਬੜੀ ਖ਼ੁਸ਼ੀ ਹੋਈ, ਫਿਰ ਦਰਸ਼ਨ ਦੀ ਲਾਚਾਰ ਤੇ ਮਜਬੂਰ ਹਾਲਤ ਨੂੰ ਹਮਦਰਦ ਭਾਵਾਂ ਨਾਲ ਤੱਕਿਆ।

"ਮੈਂ ਤੁਹਾਡੀ ਕੋਈ ਸੇਵਾ ਕਰ ਸਕਾਂ ?"

"ਨਹੀਂ, ਬਹੁਤ ਮਿਹਰਬਾਨੀ !" ਦਰਸ਼ਨ ਦਾ ਗਲਾ ਭਰਿਆ ਹੋਇਆ ਸੀ। "ਮੈਂ ਇਸ ਲਾਇਕ ਰਹੀ ਹੀ ਨਹੀਂ।" ਉਹ ਇਕ ਤਰ੍ਹਾਂ ਫਿਸ ਪਈ।

"ਕੀ ਤੂੰ ਮਰਨ ਦੀ ਪੱਕੀ ਧਾਰ ਲਈ ਹੈ ?"

"ਹਾਂ, ਇਸ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ।" ਦਰਸ਼ਨ ਨੇ ਡੂੰਘਾ ਸਾਹ ਖਿੱਚਿਆ।

ਪ੍ਰਕਾਸ਼ ਨੇ ਮਹਿਸੂਸ ਕੀਤਾ, ਮਰਨਾ ਨਹੀਂ ਚਾਹੁੰਦੀ, ਪਰ ਮਜਬੂਰਨ ਮਰ ਰਹੀ ਏ। ਸਾਰੇ ਆਤਮਘਾਤ ਹੀ ਇਸ ਤਰ੍ਹਾਂ ਹੁੰਦੇ ਹਨ। ਅਸਲ ਵਿਚ ਮਰਨਾ ਕੋਈ ਵੀ ਨਹੀਂ ਚਾਹੁੰਦਾ, ਪਰ ਉਸ ਦੇ ਪਿਛਵਾੜੇ ਕੋਈ ਮਜਬੂਰੀ ਮੌਤ ਦੇ ਵਾਰੰਟ ਲੈ ਕੇ ਪਿੱਛਾ ਕਰਨਾ ਸ਼ੁਰੂ ਕਰ ਦੇਂਦੀ ਹੈ। ਉਹ ਦੋਵੇਂ ਕੁਝ ਸਮੇਂ ਲਈ ਫਿਰ ਗੁੰਗੇ ਹੋ ਗਏ।

Sri Satguru Jagjit Singh Ji eLibrary NamdhariElibrary@gmail.com

ਸਟੇਸ਼ਨ ਵਲ ਝਾਤ ਮਾਰਨ ਤੇ ਮੇਨ ਲਾਈਨ ਦੇ ਸਿਗਨਲ ਦੀ ਬੱਤੀ ਹਰੀ ਹੋ ਗਈ। ਦਰਸ਼ਨ ਨੇ ਜਾਣਿਆ, ਤਿਆਰੀ ਦੀ ਵਾਰਨਿੰਗ ਆ ਗਈ। ਉਸ ਦੇ ਸੁੰਨ ਹੁੰਦੇ ਜਾ ਰਹੇ ਸਰੀਰ ਵਿਚ ਕਾਂਬਾ ਝੋਲੇ ਦੀ ਸ਼ਕਲ ਅਖ਼ਤਿਆਰ ਕਰ ਗਿਆ। ਉਸ ਦੇ ਹੋਸ਼ ਕਾਬੂ ਵਿਚੋਂ ਨਿਕਲੇ ਜਾ ਰਹੇ ਸਨ। ਉਸ ਥੱਰਾਉਂਦੇ ਬੁੱਲ੍ਹਾਂ ਨਾਲ ਪ੍ਰਕਾਸ਼ ਤੋਂ ਹਮਦਰਦੀ ਦੀ ਮੰਗ ਕੀਤੀ :

"ਇਸ ਤਰ੍ਹਾਂ ਮਰਦਿਆਂ ਬਹੁਤੀ ਤਕਲੀਫ਼ ਤਾਂ ਨਹੀਂ ਹੁੰਦੀ ?"

"ਨਹੀਂ, ਇਕ ਸੈਕੰਡ ਵੀ ਨਹੀਂ ਲਗਦਾ।ਇਸ ਤੋਂ ਸੁਖਾਲੀ ਮੌਤ ਹੋਰ ਕੋਈ ਹੋ ਈ ਨਹੀਂ ਸਕਦੀ।" ਪ੍ਰਕਾਸ਼ ਨੇ ਉਸ ਨੂੰ ਹੌਸਲਾ ਦਿਤਾ।

"ਪ੍ਰਕਾਸ਼ ! ਤੂੰ ਮੇਰਾ ਮਰਨਾ ਕਿੰਨਾ ਸੁਖਾਲਾ ਬਣਾ ਰਿਹਾ ਏਂ, ਮੈਂ ਤੇਰਾ ਅਹਿਸਾਨ ਮਰ ਕੇ ਨਹੀਂ ਭੁੱਲਾਂਗੀ।" ਦਰਸ਼ਨ ਦਾ ਮੌਤ ਦੇ ਭੈ ਵਿਚ ਸਾਹ ਤਕ ਰੁਕਿਆ ਹੋਇਆ ਸੀ।

ਇਕ ਰਿਕਸ਼ਾ ਸ਼ਹਿਰ ਨੂੰ ਜਾਣ ਲਈ ਪੁਲ ਦੀ ਚੜ੍ਹਾਈ ਚੜ੍ਹਨ ਲਗਾ। ਹਲੋਰਿਆਂ ਨਾਲ ਉਸ ਦੀ ਨਿਮਾਣੀ ਜਿਹੀ ਬੱਤੀ ਬੁਝਦੀ ਜਾ ਰਹੀ ਸੀ। ਪੁਲ ਦੇ ਸਿਰੇ ਤੇ ਆ ਜਾਣ ਤੇ ਸਵਾਰੀਆਂ ਨੇ ਉਨ੍ਹਾਂ ਨੂੰ ਸ਼ੱਕੀ ਨਜ਼ਰਾਂ ਨਾਲ ਤੱਕਿਆ। ਤੁਰੇ ਆ ਰਹੇ ਇਸਤ੍ਰੀ ਮਰਦ ਫਿਰ ਰਿਕਸ਼ੇ ਵਿਚ ਬਹਿ ਗਏ। ਰਿਕਸ਼ਾ ਨਿਵਾਣ ਵਲ ਪੂਰੀ ਸ਼ੂਟ ਨਾਲ ਰਿੜ੍ਹ ਪਿਆ, ਜਿਵੇਂ ਕਿਸੇ ਖੱਡ ਵਿਚ ਡਿੱਗ ਰਿਹਾ ਹੋਵੇ।

ਓਨ੍ਹਾਂ ਦੇ ਚਲੇ ਜਾਣ ਪਿਛੋਂ ਪ੍ਰਕਾਸ਼ ਨੇ ਦਰਸ਼ਨ ਨੂੰ ਆਖਿਆ :

"ਏਧਰਲੇ ਪਾਸਿਓਂ ਇੰਜਣ ਦੀ ਲਾਈਟ ਪਵੇਗੀ ਤੇ ਹੋ ਸਕਦਾ ਏ, ਡਰਾਈਵਰ ਤੁਹਾਨੂੰ ਦੇਖ ਕੇ ਗੱਡੀ ਹੀ ਰੋਕ ਲਵੇ।ਇਸ ਤਰ੍ਹਾਂ ਨਵੀਂ ਅੜਿੱਚਣ ਪੈਦਾ ਹੋ ਜਾਵੇਗੀ।" ਪ੍ਰਕਾਸ਼ ਬੜੀ ਹੁਸ਼ਿਆਰੀ ਤੋਂ ਕੰਮ ਲੈ ਰਿਹਾ ਸੀ। "ਜੇ ਤੂੰ ਸਟੇਸ਼ਨ ਵਾਲੇ ਪਾਸਿਓਂ ਡਿੱਗੇਂ, ਤਦ ਹੀ ਕਾਮਯਾਬ ਤਰੀਕੇ ਨਾਲ ਖ਼ੁਦਕਸ਼ੀ ਕਰ ਸਕੇਂਗੀ।" ਉਸ ਕੰਬ ਰਹੀ ਦਰਸ਼ਨ ਨੂੰ ਕਲਾਵੇ ਵਿਚ ਤੋਰਦਿਆਂ ਪੁਲ ਪਾਰ ਕੀਤਾ ਅਤੇ ਠੀਕ ਲਾਈਨਾਂ ਵਿਚਕਾਰ ਲਿਆ ਖੜਾ ਕੀਤਾ,। ਦਰਸ਼ਨ ਨੂੰ ਕੋਈ ਪਤਾ ਨਹੀਂ ਸੀ, ਉਹ ਲਗਾਤਾਰ ਕੰਬੀ ਤੇ ਝੱਲਿਆਂ ਵਾਂਗ ਤੱਕੀ ਜਾ ਰਹੀ ਸੀ।

ਗੱਡੀ ਨੇ ਦੂਰੋਂ ਇਕ ਚੀਕ ਮਾਰੀ। ਦਰਸ਼ਨ ਭੂਚਾਲ ਵਾਂਗ ਹਲੂਣੀ ਗਈ ਤੇ ਉਸ ਇਕ ਪਲ ਪਰਤੀ ਹੋਸ਼ ਵਿਚੋਂ ਪੁਕਾਰਿਆ।

"ਪ੍ਰਕਾਸ਼ ! ਮੌਤ ਬੜੀ ਨੇੜੇ ਆ ਰਹੀ ਹੈ, ਮੈਂ ਤਰਲੇ ਨਾਲ ਆਖ ਰਹੀ ਹਾਂ ਮੈਨੂੰ 'ਪਿਆਰੇਂ' ਆਖਣ ਦਾ ਸਿਰਫ਼ ਇਕ ਵਾਰ ਹੱਕ ਦੇ ਦੇਵੇਂ।"

ਪ੍ਰਕਾਸ਼ ਦਾ ਅੰਦਰ ਹੀ ਕੰਬ ਗਿਆ, ਉਹ ਕੁੜੀ ਦੀ ਆਖ਼ਰੀ ਭਾਵਨਾ ਨੂੰ ਰੱਦ ਨਾ ਕਰ ਸਕਿਆ।

"ਤੂੰ ਆਪਣੀ ਆਖ਼ਰੀ ਖ਼ਾਹਸ਼ ਵੀ ਪੂਰੀ ਕਰ ਸਕਦੀ ਏਂ।"

"ਬਸ ਪਿਆਰੇ !" ਦਰਸ਼ਨ ਨੇ ਲੰਮਾ ਹਉਕਾ ਲਿਆ, "ਹੁਣ ਮੈਂ ਬਹੁਤ ਹੀ ਸੁਖਾਲਿਆਂ ਮਰਾਂਗੀ। ਮੈਨੂੰ ਪੁਲ ਦੇ ਜੰਗਲੇ ਉਤੇ ਚੜ੍ਹਾ ਦੇਵੋ।" ਦਰਸ਼ਨ ਦੇ ਕੰਬਦੇ ਹੱਥਾਂ ਨੇ ਪ੍ਰਕਾਸ਼ ਦੇ ਨਿੱਘੇ ਹੱਥਾਂ ਨੂੰ ਘੁਟਿਆ।

ਪ੍ਰਕਾਸ਼ ਨੇ ਦਰਸ਼ਨ ਨੂੰ ਇਕ ਤਰ੍ਹਾਂ ਚੁੱਕ ਕੇ ਜੰਗਲੇ ਤੇ ਚੜ੍ਹਾਇਆ। ਦਰਸ਼ਨ ਨੇ ਲੱਤਾਂ ਥੱਲੇ ਲਮਕਾ ਲਈਆਂ। ਗੱਡੀ ਮੋੜ ਮੁੜ ਪਈ। ਹਾਲੇ ਲਾਈਟ [illegible] ਉਨ੍ਹਾਂ ਉਤੇ ਨਹੀਂ ਪੈ ਰਹੀ ਸੀ। ਮੌਤ ਦਾ ਸ਼ੋਰ ਹਰ ਪਲ ਉੱਚਾ ਹੁੰਦਾ ਜਾ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

"ਦਰਸ਼ਨ ਜੇ ਤੂੰ ਆਗਿਆ ਦੇਵੇਂ, ਤੈਨੂੰ ਆਖ਼ਰੀ ਪਿਆਰ ਕਰ ਲਵਾਂ ?" ਪ੍ਰਕਾਸ਼ ਨੇ ਪਿਛੋਂ ਦੀ ਦਰਸ਼ਨ ਦੇ ਗਲ ਬਾਹਾਂ ਪਾ ਦਿਤੀਆਂ।

"ਜ਼ਰੂਰ ਮੇਰੀ ਪਾਸ਼ੀ !" ਦਰਸ਼ਨ ਹੁਬਕੀਆਂ ਭਰ ਕੇ ਰੋ ਪਈ।

ਮੌਤ ਦਾ ਸ਼ੋਰ ਹੋਰ ਵਧ ਗਿਆ। ਲਾਈਟ ਉਨ੍ਹਾਂ ਦੇ ਸਿਰਾਂ ਤੋਂ ਉੱਚੀ ਪੁਲ ਹੇਠ ਦੀ ਲੰਘ ਰਹੀ ਸੀ। ਗੱਡੀ ਅਸਲੋਂ ਨੇੜੇ ਆ ਗਈ।

"ਬਸ ਮੇਰੇ ਪਿਆਰੇ ! ਬਸ !!" ਦਰਸ਼ਨ ਨੇ ਆਪਣਾ ਆਪ ਛੁਡਾਇਆ। ਉਸ ਵਿਚ ਇਕ ਵਾਰ ਹੀ ਦਲੇਰੀ ਆ ਗਈ ਅਤੇ ਉਸ ਆਪਣੇ ਆਪ ਨੂੰ ਪੁਲ ਤੋਂ ਗਿਰਾ ਦਿਤਾ।

ਇਕ ਇਕ ਕਰ ਕੇ ਗੱਡੀ ਦੇ ਸਾਰੇ ਡੱਬੇ ਲੰਘ ਗਏ। ਦਰਸ਼ਨ ਪ੍ਰਕਾਸ਼ ਦੀਆਂ ਬਾਹਾਂ ਵਿਚ ਬੇਹੋਸ਼ ਪਈ ਸੀ। ਉਸ ਕੋਟ ਦੇ ਬਟਨ ਖੋਲ੍ਹ ਕੇ ਦਰਸ਼ਨ ਦੇ ਦਿਲ ਤੇ ਹੱਥ ਰੱਖਿਆ, ਉਹ ਠੀਕ ਧੜਕ ਰਿਹਾ ਸੀ। ਉਸ ਦਰਸ਼ਨ ਨੂੰ ਬਾਹਾਂ ਤੋਂ ਉਛਾਲ ਕੇ ਮੋਢੇ ਉਤੇ ਸੁੱਟ ਲਿਆ ਅਤੇ ਪੁਲ ਉਤਰਨਾ ਸ਼ੁਰੂ ਕਰ ਦਿਤਾ।

ਪ੍ਰਕਾਸ਼ ਨੂੰ ਅਖ਼ੀਰ ਤਕ ਯਕੀਨ ਨਹੀਂ ਹੋਇਆ ਸੀ ਕਿ ਦਰਸ਼ਨ ਆਪਣੇ ਆਪ ਨੂੰ ਮੌਤ ਦੇ ਇੰਜਨ ਅੱਗੇ ਸੁੱਟ ਦੇਵੇਗੀ। ਪਰ ਉਸ ਦੇ ਖ਼ਿਆਲ ਦੇ ਉਲਟ ਉਹ ਕਾਮਯਾਬ ਹੋ ਗਈ। ਪ੍ਰਕਾਸ਼ ਦੇ ਨਿਸ਼ਚੇ ਦੀਆਂ ਬੁਨਿਆਦਾਂ ਹਿੱਲ ਗਈਆਂ। ਉਸ ਸੋਚਿਆ, 'ਟ੍ਰੈਜਿੱਡੀ ਦੇ ਮੂੰਹ ਆਇਆ ਹਰ ਇਨਸਾਨ ਕੁਰਬਾਨੀ ਕਰ ਸਕਦਾ ਹੈ। ਪਰ ਗ਼ਲਤ ਕੁਰਬਾਨੀਆਂ ਦਾ ਉਸ ਦੇ ਸਮਾਜ ਨੂੰ ਕੋਈ ਫ਼ਾਇਦਾ ਨਹੀਂ, ਜ਼ਾਤੀ ਲਾਭ ਤੋਂ ਉਚਿਆਂ ਉਠ ਕੇ ਕੁਰਬਾਨੀ ਕਰਨਾ ਹੀ ਸਮਾਜੀ ਤਬਦੀਲੀ ਲਿਆ ਸਕਦਾ ਹੈ।' ਫਿਰ ਉਹ ਦਰਸ਼ਨ ਦੇ ਜੇਰੇ ਤੇ ਜੁਰਅੱਤ ਦੀ ਤਾਰੀਫ਼ ਕਰਨ ਲੱਗਾ।

ਉਸ ਨੂੰ ਦਰਸ਼ਨ ਦਾ ਭੋਰਾ ਭਾਰ ਨਹੀਂ ਲਗ ਰਿਹਾ ਸੀ। 'ਮੈਨੂੰ ਇਸ ਤਰ੍ਹਾਂ ਚੁੱਕੀ ਜਾਂਦੇ ਨੂੰ ਕੋਈ ਦੇਖ ਕੇ ਕੀ ਆਖੇਗਾ ?' ਉਸ ਨੂੰ ਅਚਾਨਕ ਹੀ ਮਹਿਸੂਸ ਹੋਇਆ ਤੇ ਝੱਟ ਹੀ ਉਹ ਇਕ ਸੁੰਨਸਾਨ ਸੜਕੇ ਪੈ ਗਿਆ। ਇਕ ਟਾਹਲੀ ਹੇਠ ਉਸ ਦਰਸ਼ਨ ਨੂੰ ਮੋਢਿਉਂ ਲਾਹਿਆ।

"ਦਰਸ਼ਨ ! ਦਰਸ਼ਨ !" ਪ੍ਰਕਾਸ਼ ਨੇ ਉਸ ਨੂੰ ਹੌਲੀ ਹੌਲੀ ਆਵਾਜ਼ਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਉਸ ਦਰਸ਼ਨ ਨੂੰ ਹਿਲਾਇਆ, ਫਿਰ ਝੰਜੋੜਿਆ।ਦਰਸ਼ਨ ਆਪਣੇ ਭਾਰ ਖਲੋ ਗਈ ਸੀ, ਮੁੜ ਉਸ ਅੱਖਾਂ ਚੌੜੀਆਂ ਕਰਦਿਆਂ ਆਲੇ-ਦੁਆਲੇ ਨੂੰ ਘੂਰਿਆ, ਜਿਵੇਂ ਉਹ ਕਿਸੇ ਜਮ-ਪੁਰੀ ਦੇ ਅਨ੍ਹੇਰੇ ਵਿਚ ਸੁੱਟ ਦਿਤੀ ਗਈ ਸੀ।

"ਦਰਸ਼ਨ ! ਤੂੰ ਬੋਲ, ਤੂੰ ਮੋਈ ਨਹੀਂ, ਜਿਊਂਦੀ ਏਂ।" ਪ੍ਰਕਾਸ਼ ਨੇ ਉਸ ਨੂੰ ਡੌਲ੍ਹਿਆਂ ਤੋਂ ਫੜ ਕੇ ਹਲੂਣਿਆ, "ਮੈਂ ਤੈਨੂੰ ਓਥੋਂ ਚੁੱਕ ਲਿਆਇਆ ਹਾਂ।"

ਦਰਸ਼ਨ ਨੂੰ ਕੋਈ ਕਾਂਬਾ ਨਹੀਂ ਸੀ। ਉਸ ਦੀ ਧੜਕਨ ਵੀ ਰਾਸ ਸੀ। ਉਸ ਨੂੰ ਪ੍ਰਕਾਸ਼ ਦੀਆਂ ਆਵਾਜ਼ਾਂ ਸੁਣਦੀਆਂ ਸਨ, ਪਰ ਉਸ ਤੋਂ ਬੋਲਿਆ ਨਹੀਂ ਜਾਂਦਾ ਸੀ। ਉਸ ਆਪਣਾ ਹੱਥ ਹਿਲਾ ਕੇ ਦੇਖਿਆ, ਉਹ ਹਿੱਲ ਰਿਹਾ ਸੀ। ਉਸ ਆਪਣਾ ਸਿਰ ਹਿਲਾਇਆ, ਉਹ ਵੀ ਹਰਕਤ ਕਰ ਰਿਹਾ ਸੀ। ਹੌਲੀ ਹੌਲੀ ਉਸ ਦੀ ਸੁਰਤ ਪਰਤਣੀ ਸ਼ੁਰੂ ਹੋ ਗਈ।

"ਦਰਸ਼ਨ ! ਤੂੰ ਬੋਲਦੀ ਕਿਉਂ ਨਹੀਂ !" ਪ੍ਰਕਾਸ਼ ਨੂੰ ਫ਼ਿਕਰ ਹੋ ਗਿਆ, ਕਿਤੇ ਇਸ ਨੂੰ ਕੋਈ ਸੈਨਸੇਟਿਵ ਬੀਮਾਰੀ ਨਾ ਹੋ ਗਈ ਹੋਵੇ।

ਦਰਸ਼ਨ ਨੇ ਹੱਥ ਦੇ ਇਸ਼ਾਰੇ ਨਾਲ ਆਖਿਆ।

"ਠਹਿਰੋ, ਮੈਂ ਬੋਲਦੀ ਹਾਂ।" ਉਸ ਨੂੰ ਡੂੰਘੇ ਸਾਹ ਆ ਰਹੇ ਸਨ। ਫਿਰ ਉਹ

Sri Satguru Jagjit Singh Ji eLibrary NamdhariElibrary@gmail.com

ਲੱਤਾਂ ਲਮਿਆਰ ਕੇ ਬਹਿ ਗਈ। ਪ੍ਰਕਾਸ਼ ਨੇ ਉਸ ਨੂੰ ਆਸਰਾ ਦੇਈ ਰਖਿਆ ਅਤੇ ਅੱਧਾ ਕੰਬਲ ਉਸ ਦੇ ਉਤੇ ਕਰ ਦਿਤਾ। ਜਦ ਦਰਸ਼ਨ ਦੀ ਹੋਸ਼ ਵਲ ਹੋ ਗਈ, ਉਸ ਪੁੱਛਿਆ, "ਮੈਂ ਮੋਈ ਕਿਉਂ ਨਹੀਂ ?"

"ਮੈਂ ਤੈਨੂੰ ਬਚਾ ਲਿਆਇਆ ਹਾਂ।" ਪ੍ਰਕਾਸ਼ ਨੇ ਮੁਸਕਰਾਂਦਿਆਂ ਉਸ ਨੂੰ ਹੌਸਲਾ ਦਿਤਾ।

"ਕੀ ਮੈਂ ਠੀਕ ਇੰਜਨ ਅੱਗੇ ਨਹੀਂ ਸੀ ਡਿੱਗੀ ?" ਦਰਸ਼ਨ ਹਾਲੇ ਡੌਰ ਭੌਰ ਸੀ।

"ਤੂੰ ਡਿਗ ਪਈ ਸੀ, ਪਰ ਮੈਂ ਤੈਨੂੰ ਬਾਹਾਂ 'ਚੋਂ ਛੱਡਿਆ ਨਹੀਂ।"

"ਕਿਉਂ ?"

"ਕਿਉਂਕਿ ਮੈਂ ਤੈਨੂੰ ਪਿਆਰ ਕੀਤਾ ਹੈ।" ਪ੍ਰਕਾਸ਼ ਨੇ ਉਸ ਨੂੰ ਕੰਬਲ ਵਿਚ ਘੁੱਟਿਆ।

"ਪ੍ਰਕਾਸ਼ ਤੁਸੀਂ ਮੈਨੂੰ ਪਿਆਰ ਕਰਦੇ ਹੋ, ਹਾਲੇ ਤਕ ਵੀ ?" ਦਰਸ਼ਨ ਦੀ ਸੁਰਤ ਨੇ ਫਿਰ ਬੇਹੋਸ਼ੀ ਵਲ ਗ਼ੋਤਾ ਮਾਰਿਆ।

"ਹਾਂ, ਮੈਂ ਤੈਨੂੰ ਏਥੋਂ ਦੂਰ ਲੈ ਚੱਲਾਂਗਾ, ਆਪਣੇ ਪਿੰਡ, ਚੌਥੇ ਹਰਪਾਲ ਦੀ ਸ਼ਾਦੀ ਹੈ। ਮਾਂ ਜੀ ਤੈਨੂੰ ਦੇਖ ਕੇ ਕਿੰਨੀ ਖ਼ੁਸ਼ ਹੋਵੇਗੀ, ਆਪਣੀ ਰਾਣੀ ਧੀ ਨੂੰ।" ਪ੍ਰਕਾਸ਼ ਨੇ ਪਿਆਰ ਵਿਚ ਆ ਕੇ ਭਾਂਤ ਭਾਂਤ ਦੀਆਂ ਗੱਲਾਂ ਕਰ ਦਿਤੀਆਂ।

ਦਰਸ਼ਨ ਕੰਬਲ ਲਾਹ ਕੇ ਉਠ ਖਲੋਤੀ, ਜਿਵੇਂ ਦੇਵ ਦਾਸੀਆਂ ਬੁੱਧ ਭਗਵਾਨ ਦੀ ਡੰਡੌਤ ਤੋਂ ਉਠਦੀਆਂ ਹਨ। ਪ੍ਰਕਾਸ਼ ਵੀ ਉਸ ਨਾਲ ਖਲੋ ਗਿਆ। ਦਰਸ਼ਨ ਆਪਣੇ ਖ਼ੁਸ਼ੀ ਨਾਲ ਭਰ ਆਏ ਜਜ਼ਬਾਤ ਤੇ ਕਾਬੂ ਨਾ ਪਾ ਸਕੀ ਅਤੇ ਫੁੱਟ ਫੁੱਟ ਕੇ ਰੋ ਪਈ।

"ਪਾਸ਼ੀ, ਮੈਨੂੰ ਇਸ ਦੁਨੀਆਂ 'ਚੋਂ ਦੂਰ ਲੈ ਚੱਲੋ। ਮੈਂ ਸਿਵਲ ਲਾਈਨਜ਼ ਦੀ ਜ਼ਿੰਦਗੀ ਤੇ ਥੁਕਣਾ ਵੀ ਗੁਨਾਹ ਸਮਝਦੀ ਹਾਂ, ਇਸ ਗੰਦੀ ਫ਼ਿਜ਼ਾਂ ਵਿਚ ਸਾਹ ਲੈਣਾ ਵੀ ਪਾਪ ਗਿਣਦੀ ਹਾਂ। ਪਿਆਰੇ ! ਤੁਸੀਂ ਮੈਨੂੰ ਮਾਫ਼ ਕਰ ਦਿਉਗੇ ?"

"ਮਾਫ਼ੀਆਂ ਮੰਗਣ ਵਾਲੀ ਦਰਸ਼ਨ ਗੱਡੀ ਹੇਠ ਆ ਗਈ। ਮੈਂ ਨਵੀਂ ਦਰਸ਼ਨ ਨੂੰ ਸਾਥਣ ਬਣਾ ਲਿਆਇਆ ਹਾਂ।" ਪ੍ਰਕਾਸ਼ ਨੇ ਦਰਸ਼ਨ ਨੂੰ ਮੋਢੇ ਲਾ ਕੇ ਥਾਪੜਿਆ।

"ਪ੍ਰਕਾਸ਼ ਜੀ ! ਮੇਰਾ ਵਜੂਦ ਬਦਲ ਸੁੱਟੋ, ਮੈਨੂੰ ਆਪਣੇ ਆਪ ਨਾਲ ਵੀ ਘਿਰਨਾ ਹੈ।......ਮੈਂ......ਮੈਂ ਪਾਪਣ ਹਾਂ। ਨਹੀਂ.....ਮੈਂ ਤੁਹਾਡੀ ਸਾਥਣ ਬਣਨ ਦੇ ਜੋਗ ਨਹੀਂ ਰਹੀ।" ਦਰਸ਼ਨ ਨੂੰ ਮੁੜ ਕੇ ਕੰਬਣੀ ਆ ਗਈ।

"ਇਹ ਤੂੰ ਕੀ ਵਹਿਮ ਕਰ ਰਹੀ ਏਂ," ਪ੍ਰਕਾਸ਼ ਨੇ ਕੰਬਦੀ ਦਰਸ਼ਨ ਨੂੰ ਬੁੱਕਲ ਦਾ ਨਿੱਘ ਦਿਤਾ।

"ਨਹੀਂ, ਮੈਨੂੰ ਯਕੀਨ ਹੈ......ਮੈਨੂੰ ਕੋਈ ਵੀ ਮੂੰਹ ਨਹੀਂ ਲਾ ਸਕਦਾ। ਮੇਰੀ ਥਾਂ ਗੱਡੀ ਹੇਠ ਹੀ ਸੀ।" ਦਰਸ਼ਨ ਇਕ ਤਰ੍ਹਾਂ ਭਬਕ ਪਈ। ਮੈਂ......ਵਿਭਚਾਰਨ ਮੈਂ......ਬਹਾਲ ਦਾ ਪਾਪ ਚੁੱਕੀ ਫਿਰਦੀ ਹਾਂ।" ਦਰਸ਼ਨ ਨੂੰ ਇਕ ਚੱਕਰ ਆ ਗਿਆ।

ਏਨੀ ਸੁਣਦਿਆਂ ਹੀ ਪ੍ਰਕਾਸ਼ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਨੂੰ ਸਾਰੀ ਸਿਵਲ ਲਾਈਨਜ਼, ਰੇਲਵੇ ਸਟੇਸ਼ਨ, ਪੁਲ ਅਤੇ ਆਰ ਪਾਰ ਦਾ ਸਾਰਾ ਲੁਧਿਆਣਾ ਆਪਣੇ ਦੁਆਲੇ ਘੁੰਮਦਾ ਜਾਪਿਆ। ਉਸ ਦੋਵੇਂ ਹੱਥ ਮੱਥੇ 'ਚ ਮਾਰੇ। ਉਸ ਦੀ ਹੋਸ਼ ਚੀਕ ਮਾਰ ਕੇ ਦਿਮਾਗ਼ ਪਾੜ ਜਾਣਾ ਚਾਹੁੰਦੀ ਸੀ। ਉਸ ਜੋੜ ਕੇ ਦੁਹੱਥੜ ਦਰਸ਼ਨ ਦੀ ਹਿੱਕ ਵਿਚ ਮਾਰੀ।

"ਦਰਸ਼ਨ ! ਤੂੰ ਉਥੇ ਈ ਮਰ ਜਾਂਦੀ ਤਾਂ ਚੰਗਾ ਸੀ।"

ਦਰਸ਼ਨ ਪ੍ਰਕਾਸ਼ ਦੀ ਦੁਹੱਥੜ ਖਾ ਕੇ ਪੈਰੋਂ ਉਖੜ ਗਈ ਅਤੇ ਚੱਕਰ ਖਾਂਦੀ ਆਪਣੇ

Sri Satguru Jagjit Singh Ji eLibrary NamdhariElibrary@gmail.com

ਪਿਛੇ ਸੜਕ ਦੀ ਖਾਈ ਵਿਚ ਡਿੱਗ ਕੇ ਮੁੜ ਬੇਹੋਸ਼ ਹੋ ਗਈ।

ਪ੍ਰਕਾਸ਼ ਸੜਕ ਦੀ ਬੰਨੀ ਤੇ ਖਲੋਤਾ ਸਿਰ ਫੜੀ ਸੋਚੀ ਜਾ ਰਿਹਾ ਸੀ।

'ਇਸ ਕੁੜੀ ਨੂੰ ਅਪਣਾਕੇ ਮੈਂ ਕੀ ਕਰਾਂਗਾ ? ਮੈਂ ਇਸ ਨੂੰ ਮਰਨ ਕਿਉਂ ਨਾ ਦਿਤਾ ? ਇਸ ਦੇ ਨਾਲ ਕਿਉਂ ਤੁਰਿਆ ? ਉਸ ਸਿਰ ਉਤਾਂਹ ਚੁਕਿਆ, ਉਸ ਆਪਣੇ ਪਿਤਾ ਨੂੰ ਘੂਰਦਿਆਂ ਤੱਕਿਆ। 'ਪਿਤਾ ਜੀ ! ਕੀਤੇ ਬਚਨਾਂ ਦੀ ਇਸ ਸਮਾਜ ਵਿਚ ਕੋਈ ਅਹਿਮੀਅਤ ਨਹੀਂ। ਤੁਸੀਂ ਸੱਚੇ ਸੀ, ਪਰ ਸਮੇਂ ਦੇ ਹਾਲਾਤ ਤੇ ਸਮਾਜ ਦੀਆਂ ਗੰਦੀਆਂ ਕੀਮਤਾਂ ਨੇ ਉਸ ਨੂੰ ਝੂਠ ਬਣਾ ਕੇ ਰੱਖ ਦਿਤਾ। ਤੁਹਾਡੇ ਬਚਨਾਂ ਤੋਂ ਸਿਆਣੇ ਹੋ ਗਏ ਬੱਚਿਆਂ ਨੂੰ ਕੁਰਬਾਨੀ ਦਾ ਬੱਕਰਾ ਨਾ ਬਣਾਓ।' ਉਸ ਖਾਈ ਵਿਚ ਉਲਟੀ ਪਈ ਦਰਸ਼ਨ ਨੂੰ ਨਫ਼ਰਤ ਨਾਲ ਤੱਕਿਆ। 'ਹੂੰ, ਇਕ ਕੁੜੀ ਨੂੰ ਗੰਦੇ ਸਮਾਜ ਵਿਚੋਂ ਧੂੰਹਦਾ ਮੈਂ ਉਹ ਕੁਝ ਕਦੇ ਨਾ ਬਣ ਸਕਾਂਗਾ, ਜਿੰਸ ਲਈ ਪ੍ਰਤੱਗਿਆ ਕਰੀ ਬੈਠਾ ਹਾਂ। ਜੇ ਮੈਂ ਇਸ ਨੂੰ ਇਸ ਤਰ੍ਹਾਂ ਹੀ ਛੱਡ ਕੇ ਚਲਿਆ ਜਾਵਾਂ ? ਸ਼ਾਇਦ ਇਹ ਫਿਰ ਖ਼ੁਦਕਸ਼ੀ ਦਾ ਯਤਨ ਕਰੇ ਜਾਂ ਘਰ ਨੂੰ ਚਲੀ ਜਾਵੇ। ਇਹ ਵੀ ਸੰਭਵ ਹੈ ਮੁੜ ਕਿਸੇ ਖ਼ੂਬਸੂਰਤ ਜਵਾਨ ਨਾਲ ਫਸ ਜਾਵੇ। ਅਬਾਰਸ਼ਨ ਤਕ ਨੌਬਤ ਆ ਜਾਵੇ, ਇਸ ਦਾ ਪ੍ਰੇਮੀ ਮੁੜ ਧੋਖਾ ਦੇ ਜਾਵੇ ਤੇ ਗੰਦੀ ਛਿੱਟ ਗੰਦੀ ਚੁਲੀ ਬਣ ਜਾਵੇ, ਚੁਲੀ ਨਾਲ ਹੋ ਤੁਰੇ ਤੇ ਨਾਲੀ ਗੰਦੇ ਨਾਲੇ ਵਿਚ ਜਾ ਡਿੱਗੇ, ਜਿਹੜਾ ਸਾਰੀ ਸਿਵਲ ਲਾਈਨਜ਼ ਦੇ ਹੇਠਾਂ ਦੀ ਵਗ ਰਿਹਾ ਹੈ। ਇਹ ਗੰਦੇ ਨਾਲਿਆਂ ਭਰਿਆ ਸਮਾਜ ਕਦੋਂ ਖ਼ਤਮ ਹੋਵੇਗਾ ? ਕੁਝ ਅਮਲੀ ਤੌਰ ਤੇ ਕਰਨ ਦੀ ਲੋੜ ਹੈ ਤੇ ਜਦੋਬੰਦਕ ਜਦੋ-ਜਹਿਦ ਇਨਕਲਾਬ ਦੀ ਮਾਂ ਹੈ।' ਪ੍ਰਕਾਸ਼ ਦੀਆਂ ਨਜ਼ਰਾਂ ਹਰ ਗੰਦਾ ਅੰਗ ਕੱਟ ਦੇਣ ਲਈ ਕਾਹਲੀਆਂ ਸਨ। ਉਸ ਲੱਕ ਤੇ ਹੱਥ ਰਖਦਿਆਂ ਸਾਹ ਸੁਖਾਲਾ ਲਿਆ। ਮੁੜ ਉਸ ਨੂੰ ਵਾਰਤਾ-ਸੰਮੇਲਨ ਦੇ ਵਿਚਾਰ ਯਾਦ ਆ ਗਏ।

"ਹੁਣ ਸੋਹਣੀਆਂ ਨੂੰ ਝਨਾਂ ਵਿਚ ਡੁੱਬ ਕੇ ਮਰਨ ਨਹੀਂ ਦਿਤਾ ਜਾਵੇਗਾ।"

ਉਸ ਸਿਰ ਨੂੰ ਝੰਜੋੜਿਆ। 'ਕੀ ਇਹ ਮੈਂ ਹੀ ਆਖਿਆ ਸੀ ? ਇਸ ਦੀ ਅਹਿਮੀਅਤ ਕੀ ਹੈ ? ਹਰ ਵਿਚਾਰ ਦੀ, ਹਰ ਸਿਧਾਂਤ ਦੀ ਅਮਲ ਬਿਨਾਂ ? ਕੀ ਹਰ ਕੁੜੀ ਸੋਹਣੀ ਨਹੀਂ ? ਇਸ ਤੋਂ ਹਜ਼ਾਰ ਦਰਜੇ ਚੰਗਾ ਸੀ, ਮੈਂ ਗੰਦੇ ਨਾਲੇ ਵਿਚ ਹੱਥ ਹੀ ਨਾ ਪਾਉਂਦਾ। ਮੈਂ ਇਹ ਲਾਈਨ ਨਾ ਅਖ਼ਤਿਆਰ ਕਰਦਾ, ਇਹ ਵਿਚਾਰ ਨਾ ਅਪਣਾਉਂਦਾ, ਜਿਹੜੇ ਤਾਰੀਖ਼ੀ ਸੱਚਾਈ ਦੀ ਮਹਾਨਤਾ ਰੱਖਦੇ ਹਨ। ਕਾਸ਼ ! ਮੈਂ ਪ੍ਰਿੰਸੀਪਲ ਦੀ ਲਾਈਨ ਫੜ ਲੈਂਦਾ, ਚੰਦੂ ਲਾਲ ਵਰਗਾ ਭਗਵਾਨ-ਭਗਤ ਬਣਦਾ ; ਇਨਸਾਨ-ਭਗਤ ਹੋ ਕੇ ਜ਼ਿੰਦਗੀ ਦਾ ਆਸ਼ਕ ਨਾ ਹੁੰਦਾ।'

ਉਸ ਨੂੰ ਇਕ ਪਲ ਝੂਰਦਿਆਂ ਦੇਖ ਉਸ ਦਾ ਜ਼ਿਹਨ ਹੁੰਗਾਰ ਪਿਆ :

'ਹਰ ਗੰਦੇ ਸਮਾਜ ਵਿਚ ਪਿਆਰ ਦੀ ਸ਼ਕਲ ਵਿਭਚਾਰੀ ਹੁੰਦੀ ਹੈ। ਕੋਈ ਵੀ ਸੱਚਾ ਆਸ਼ਕ ਜ਼ਿੰਦਗੀ ਨੂੰ ਧੋਖਾ ਨਹੀਂ ਦੇ ਸਕਦਾ, ਉਹ ਕਦੇ ਕਿਤੇ ਤੇ ਕਿਸੇ ਹਾਲਤ ਵਿਚ ਵੀ ਜ਼ਿੰਦਗੀ ਦਾ ਹੱਥ ਨਹੀਂ ਛੱਡਦਾ ਤੇ ਜ਼ਿੰਦਗੀ ਹਮੇਸ਼ਾ ਨਵੀਂ ਹੈ।'

ਪ੍ਰਕਾਸ਼ ਨੇ ਦਰਸ਼ਨ ਨੂੰ ਤੱਕਿਆ, ਉਹ ਪਾਸਾ ਪਰਤ ਕੇ ਉਠਣ ਦਾ ਯਤਨ ਕਰਨ ਲਗੀ। ਪ੍ਰਕਾਸ਼ ਇਕ ਦ੍ਰਿੜ੍ਹ ਸੰਗਰਾਮੀ ਦੀ ਤਰ੍ਹਾਂ ਖਾਈ ਵਿਚ ਉਤਰ ਗਿਆ ਅਤੇ ਦਰਸ਼ਨ ਦੇ ਦੋਵੇਂ ਹੱਥ ਮਜ਼ਬੂਤੀ ਨਾਲ ਫੜ ਕੇ ਉਸ ਨੂੰ ਖਾਈ ਵਿਚੋਂ ਬਾਹਰ ਲੈ ਆਇਆ।

●

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com